# ਨਿਹੰਗ ਸਿੰਘ ਜਥੇਬੰਦੀ : ਸਿਧਾਂਤ ਅਤੇ ਅਮਲ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ
ਸੋਸ਼ਲ ਸਾਇੰਸਿਜ਼ ਫ਼ੈਕਲਟੀ ਅਧੀਨ
ਪੀਐੱਚ.ਡੀ. ਦੀ ਡਿਗਰੀ ਲਈ ਪੇਸ਼

**ਖੋਜ-ਪ੍ਰਬੰਧ**

**(2021)**


**ਨਿਗਰਾਨ:**

**ਡਾ. ਮੁਹੰਮਦ ਹਬੀਬ**
ਮੁਖੀ,
ਧਰਮ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਸਹਿ ਨਿਗਰਾਨ:**

**ਡਾ. ਗੁਰਨਾਇਬ ਸਿੰਘ**
ਪ੍ਰੋਫ਼ੈਸਰ (ਰਿਟਾ),
ਪੰਜਾਬੀ ਸਾਹਿਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਖੋਜਾਰਥੀ:**

**ਮਨਿੰਦਰ ਸਿੰਘ**



**ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ**

**ਪੰਜਾਬੀ ਯੂਨੀਵਰਸਿਟੀ, ਪਟਿਆਲਾ।**

# ਤਤਕਰਾ


**ਭੂਮਿਕਾ** (i-v)

**ਅਧਿਆਇ ਪਹਿਲਾ** 1-35

**ਨਿਹੰਗ: ਅਰਥ, ਪਰਿਭਾਸ਼ਾ ਅਤੇ ਸਰੂਪ**

0.1 ਭੂਮਿਕਾ

1.1 ਅਰਥ, ਪਰਿਭਾਸ਼ਾ ਅਤੇ ਸਰੂਪ

0.1 ਸਾਰੰਸ਼

**ਅਧਿਆਇ ਦੂਜਾ** 36-173

**ਨਿਹੰਗ ਸਿੰਘ ਜਥੇਬੰਦੀ: ਆਰੰਭ ਅਤੇ ਇਤਿਹਾਸ**

0.2 ਭੂਮਿਕਾ

2.1 ਉਦਾਸੀ ਸੰਪਰਦਾਇ

2.2 ਨਿਰਮਲ ਸੰਪਰਦਾਇ

2.3 ਸੇਵਾ ਪੰਥੀ

2.4 ਸਹਿਜਧਾਰੀ

2.5 ਨਿਹੰਗ ਸਿੰਘਾਂ ਦਾ ਆਰੰਭ

2.6 ਨਿਹੰਗ ਸਿੰਘ ਜਥੇਬੰਦੀ ਦਾ ਇਤਿਹਾਸ

2.7 ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਜਥੇਦਾਰਾਂ ਦਾ ਇਤਿਹਾਸ

2.8 ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਜਥੇਦਾਰਾਂ ਦਾ ਇਤਿਹਾਸ

0.2 ਸਾਰੰਸ਼

**ਅਧਿਆਇ ਤੀਜਾ** 174-253

**ਨਿਹੰਗ ਸਿੰਘ ਜਥੇਬੰਦੀ: ਸਿਧਾਂਤ ਅਤੇ ਅਮਲ**

0.3 ਭੂਮਿਕਾ

3.1 ਸਿਧਾਂਤ: ਅਰਥ ਅਤੇ ਪਰਿਭਾਸ਼ਾ

3.2 ਨਿਹੰਗ ਸਿੰਘ ਜਥੇਬੰਦੀ ਦੇ ਸਿਧਾਂਤ ਅਤੇ ਅਮਲ

0.3 ਸਾਰੰਸ਼

**ਅਧਿਆਇ ਚੌਥਾ** 254-311

**ਨਿਹੰਗ ਸਿੰਘਾਂ ਦੇ ਬੋਲੇ ਅਤੇ ਸ਼ਸਤਰ ਵਿੱਦਿਆ**

0.4 ਭੂਮਿਕਾ

4.1 ਭਾਸ਼ਾ

4.2 ਬੋਲੇ

4.3 ਮਨੋਵਿਗਿਆਨਿਕ ਅਧਿਐਨ

4.4 ਗੁਰੂ ਨਾਨਕ ਦੇਵ ਜੀ ਤੋਂ ਸਿੱਖ ਸ਼ਸਤਰ ਵਿੱਦਿਆ ਦਾ ਮੁੱਢ

4.5 ਬਾਕੀ ਗੁਰੂ ਸਾਹਿਬਾਨ ਦੁਆਰਾ ਸ਼ਸਤਰ ਵਿੱਦਿਆ ਦਾ ਪ੍ਰਸਾਰ

4.6 ਸਿੱਖ ਧਰਮ ਵਿਚ ਸ਼ਸਤਰਾਂ ਦੀ ਮਹੱਤਤਾ

4.7 ਖਾਲਸੇ ਦੀ ਗੁਰੀਲਾ ਰਣ ਨੀਤੀ

4.8 ਜੰਗ ਦੇ ਮੈਦਾਨ ਵਿਚ ਨਿਹੰਗ ਸਿੰਘਾਂ ਦਾ ਆਚਰਣ

4.9 ਘੋੜ ਸਵਾਰੀ

4.10 ਗੱਤਕਾ

4.11 ਸਿੱਖ ਧਰਮ ਵਿਚ ਸ਼ਸਤਰ ਵਿੱਦਿਆ ਦਾ ਮੌਜੂਦਾ ਦੌਰ

0.4 **ਸਾਰੰਸ਼**

**ਅਧਿਆਇ ਪੰਜਵਾਂ** **312-369**

**ਨਿਹੰਗ ਸਿੰਘ ਜਥੇਬੰਦੀ : ਯੋਗਦਾਨ ਅਤੇ ਵਰਤਮਾਨ**

0.5 ਭੂਮਿਕਾ

5.1 ਨਿਹੰਗ ਸਿੰਘਾਂ ਦਾ ਸਾਹਿਤ ਦੇ ਖੇਤਰ ਵਿਚ ਯੋਗਦਾਨ

5.2 ਧਾਰਮਿਕ ਖੇਤਰ ਵਿਚ ਯੋਗਦਾਨ

5.3 ਸਮਾਜਿਕ ਅਤੇ ਵਿੱਦਿਅਕ ਖੇਤਰ ਵਿਚ ਯੋਗਦਾਨ

5.4 ਨਿਹੰਗ ਸਿੰਘਾਂ ਨਾਲ ਸੰਬੰਧਿਤ ਪੁਰਾਤਨ ਧਰਮਸ਼ਾਲਾਵਾਂ ਦਾ ਵੇਰਵਾ

5.5 ਨਿਹੰਗ ਸਿੰਘ ਜਥੇਬੰਦੀ ਦੇ ਪ੍ਰਮੁਖ ਦਲਾਂ ਦਾ ਵੇਰਵਾ

5.6 ਵੱਖ-ਵੱਖ ਦਲਾਂ-ਪੰਥਾਂ ਦਾ ਆਪਸੀ ਪਿਆਰ

5.7 ਨਿਹੰਗ ਸਿੰਘ ਜਥੇਬੰਦੀ ਦੀਆਂ ਉੱਘੀਆਂ ਸ਼ਖਸੀਅਤਾਂ

5.8 ਨਿਹੰਗ ਸਿੰਘ ਜਥੇਬੰਦੀ ਵਿਚ ਆਏ ਨਿਘਾਰ ਦੇ ਕਾਰਨ

5.9 ਵੱਖ-ਵੱਖ ਵਿਦਵਾਨਾਂ ਦੁਆਰਾ ਨਿਹੰਗ ਸਿੰਘ ਜਥੇਬੰਦੀ ਸੰਬੰਧੀ ਸੁਝਾਅ

0.5 ਸਾਰੰਸ਼

**ਸਾਰ ਅਤੇ ਸਥਾਪਨਾਵਾਂ** **370-37 4**

**ਅੰਤਿਕਾਵਾਂ** **375-379**

**ਪੁਸਤਕ ਸੂਚੀ** **380-413**

# ਧੰਨਵਾਦ


ਸਭ ਤੋਂ ਪਹਿਲਾਂ ਮੈਂ ਅਕਾਲ ਪੁਰਖ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਦੀ ਮਿਹਰ ਸਦਕਾ ਹਥਲੇ ਖੋਜ ਕਾਰਜ ਨੂੰ ਸੰਪੂਰਨ ਕਰ ਸਕਿਆ ਹਾਂ। ਮੈਂ ਸ਼ੁਕਰਗੁਜ਼ਾਰ ਹਾਂ ਆਪਣੇ ਸਮੂਹ ਉਸਤਾਦਾਂ ਦਾ ਜਿਨ੍ਹਾਂ ਦੇ ਆਸ਼ੀਰਵਾਦ ਸਦਕਾ ਇਸ ਮੰਜ਼ਿਲ ਤੱਕ ਪਹੁੰਚਣ ਦੇ ਕਾਬਿਲ ਹੋਇਆਂ ਹਾਂ।

ਮੈਂ ਰਿਣੀ ਹਾਂ ਆਪਣੇ ਨਿਗਰਾਨ ਡਾ. ਮੁਹੰਮਦ ਹਬੀਬ ਜੀ ਅਤੇ ਸਹਿ ਨਿਗਰਾਨ ਡਾ. ਗੁਰਨਾਇਬ ਸਿੰਘ ਜੀ ਦਾ ਜਿਨ੍ਹਾਂ ਦੀ ਯੋਗ ਅਗਵਾਈ, ਨਿਗਰਾਨੀ ਅਤੇ ਨਿਰੰਤਰ ਪ੍ਰੇਰਣਾ ਹੇਠ ਇਹ ਕਾਰਜ ਸੰਪੂਰਨ ਹੋ ਸਕਿਆ। ਨਾਲ ਹੀ ਧੰਨਵਾਦੀ ਹਾਂ ਡਾ. ਗੁਰਮੇਲ ਸਿੰਘ ਜੀ ਦਾ ਜਿਨ੍ਹਾਂ ਨੇ ਹਥਲੇ ਖੋਜ ਕਾਰਜ ਨੂੰ ਪੂਰਾ ਕਰਨ ਵਿਚ ਮੇਰੀ ਮਦਦ ਕੀਤੀ।

ਵਿਭਾਗ ਦੇ ਮੁਖੀ ਡਾ. ਸਰਬਜਿੰਦਰ ਸਿੰਘ ਜੀ ਅਤੇ ਡਾ. ਮਲਕਿੰਦਰ ਕੌਰ ਜੀ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਸਮੇਂ-ਸਮੇਂ 'ਤੇ ਹੱਲਾਸ਼ੇਰੀ ਅਤੇ ਵਧੀਆ ਸੁਝਾਅ ਦਿੱਤੇ। ਮੈਂ ਧੰਨਵਾਦ ਕਰਦਾ ਹਾਂ ਲਾਇਬ੍ਰੇਰੀਅਨ, ਵਿਭਾਗੀ ਸਟਾਫ਼ ਅਤੇ ਮਿੱਤਰਾਂ ਦਾ ਜਿਨ੍ਹਾਂ ਨੇ ਇਸ ਕਾਰਜ ਵਿਚ ਮੇਰਾ ਸਾਥ ਦਿੱਤਾ।

ਮੈਂ ਤਹਿ ਦਿਲੋਂ ਧੰਨਵਾਦੀ ਹਾਂ ਡਾ. ਦਿਲਵਰ ਸਿੰਘ ਜੀ ਦਾ ਜਿਨ੍ਹਾਂ ਨੇ ਇਸ ਖੋਜ ਕਾਰਜ ਦੇ ਆਰੰਭ ਤੋਂ ਲੈ ਕੇ ਅਖ਼ੀਰ ਤੱਕ ਹਰ ਕਦਮ 'ਤੇ ਮੇਰੀ ਅਗਵਾਈ ਕੀਤੀ। ਮੈਂ ਧੰਨਵਾਦ ਕਰਦਾ ਹਾਂ ਆਪਣੇ ਛੋਟੇ ਵੀਰਾਂ ਗੁਰਪਾਲ ਸਿੰਘ ਅਤੇ ਹਰਪ੍ਰੀਤ ਸਿੰਘ ਦਾ ਜਿਨ੍ਹਾਂ ਨੇ ਮੇਰੀ ਹਿੰਮਤ ਨਹੀਂ ਟੁੱਟਣ ਦਿੱਤੀ।

ਮਨਿੰਦਰ ਸਿੰਘ
ਮਨਿੰਦਰ ਸਿੰਘ

# ਭੂਮਿਕਾ

ਨਿਹੰਗ ਸਿੰਘ ਜਥੇਬੰਦੀ ਸਿੱਖ ਧਰਮ ਦੀ ਸਿਰਮੌਰ ਅਤੇ ਗੁਰੂ ਸਾਹਿਬਾਨ ਦੇ ਸਮੇਂ ਤੋਂ ਚਲੀ ਆ ਰਹੀ ਜਥੇਬੰਦੀ ਹੈ। ਇਸ ਜਥੇਬੰਦੀ ਦਾ ਆਪਣਾ ਅਨੋਖਾ ਇਤਿਹਾਸ ਹੈ। ਇਸ ਜਥੇਬੰਦੀ ਨੂੰ ਯੋਧਿਆਂ ਅਤੇ ਵਿਦਵਾਨਾਂ ਦੀ ਜਥੇਬੰਦੀ ਕਿਹਾ ਜਾਵੇ ਤਾਂ ਵੀ ਕੋਈ ਅਤਿਕਥਨੀ ਨਹੀਂ ਹੋਵੇਗੀ। ਇਸ ਜਥੇਬੰਦੀ ਨੂੰ ਇਹ ਮਾਣ ਪ੍ਰਾਪਤ ਹੈ ਕਿ ਇਹ ਜਥੇਬੰਦੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਜੀ ਨੂੰ ਦਿੱਤੇ ਵਰਦਾਨ ਦੇ ਨਾਲ ਆਰੰਭ ਹੋਈ। ਸਿੱਖ ਧਰਮ ਦੀ ਜੰਗਜੂ ਕਲਾ ਅਤੇ ਪੁਰਾਤਨ ਰਵਾਇਤਾਂ ਨੂੰ ਨਿਹੰਗ ਸਿੰਘ ਜਥੇਬੰਦੀ ਨੇ ਗੁਰੂ ਕਾਲ ਦੇ ਸਮੇਂ ਤੋਂ ਹੀ ਜਿਉਂ ਦਾ ਤਿਉਂ ਸੰਭਾਲ ਕੇ ਰਖਿਆ ਹੋਇਆ ਹੈ।

ਇਸ ਵਿਸ਼ੇ ਨੂੰ ਖੋਜ ਕਾਰਜ ਦੇ ਅਧਿਐਨ ਦਾ ਆਧਾਰ ਬਣਾਉਣ ਦੀ ਪ੍ਰੇਰਨਾ ਮੈਨੂੰ ਆਪਣੇ ਗੱਤਕਾ ਉਸਤਾਦ ਜਥੇਦਾਰ ਪ੍ਰੀਤਮ ਸਿੰਘ ਜੀ ਨਿਹੰਗ ਸਿੰਘ ਤੋਂ ਮਿਲੀ। ਉਹ ਪੂਰਨ ਗੁਰਸਿੱਖ ਅਤੇ ਬੁੱਢਾ ਦਲ ਦੇ ਗੱਤਕਾ ਮਾਸਟਰ ਹਨ। ਨਗਰ ਕੀਰਤਨਾਂ ਵਿਚ ਨਿਹੰਗ ਬਾਣੇ ਵਿਚ ਗੱਤਕਾ ਖੇਡਦੇ ਸਿੰਘਾਂ ਨੂੰ ਦੇਖ ਕੇ ਇਸ ਅਕਾਲੀ ਬਾਣੇ ਦੇ ਧਾਰਨੀ ਨਿਹੰਗ ਸਿੰਘਾਂ ਬਾਰੇ ਹੋਰ ਜਾਣਨ ਦੀ ਉਤਸੁਕਤਾ ਵਧੀ। ਇਸ ਵਿਸ਼ੇ ਸੰਬੰਧੀ ਬਹੁਤ ਘੱਟ ਸਮੱਗਰੀ ਉਪਲਬਧ ਹੋਣ ਕਰਕੇ ਸ਼ੁਰੂਆਤ ਵਿਚ ਨਿਰਾਸ਼ਾਵਾਦੀ ਰਿਹਾ ਪਰ ਜਦੋਂ ਅਧਿਐਨ ਸ਼ੁਰੂ ਹੋਇਆ ਤਾਂ ਵਿਸ਼ੇ ਖੇਤਰ ਦੀ ਵਿਸ਼ਾਲਤਾ ਸਾਹਮਣੇ ਆਈ। ਇਹ ਵਿਸ਼ਾ ਜਿੱਥੇ ਬਹੁਤ ਵਿਸ਼ਾਲ ਹੈ ਉੱਥੇ ਮਹੱਤਵਪੂਰਨ ਵੀ ਹੈ।

ਇਸ ਖੋਜ ਕਾਰਜ ਦੌਰਾਨ ਨਿਹੰਗ ਸਿੰਘ ਜਥੇਬੰਦੀ ਦੀਆਂ ਉੱਘੀਆਂ ਸ਼ਖਸੀਅਤਾਂ ਦੀ ਇੰਟਰਵਿਊ ਲੈਣ ਅਤੇ ਉਨ੍ਹਾਂ ਦੇ ਬਚਨ ਸੁਣਨ ਦਾ ਸੁਭਾਗ ਵੀ ਪ੍ਰਾਪਤ ਹੋਇਆ। ਬੁੱਢਾ ਦਲ ਵਲੋਂ ਛਾਪੇ ਗਏ ਪੁਰਾਣੇ ਨਿਹੰਗ ਸਿੰਘ ਸੰਦੇਸ਼ ਮਾਸਿਕ ਪੱਤਰ ਖੋਜਣ ਦਾ ਵੀ ਮੌਕਾ ਮਿਲਿਆ ਜੋ ਡਾ. ਗੰਡਾ ਸਿੰਘ ਰੈਫਰੈਂਸ ਲਾਇਬ੍ਰੇਰੀ ਵਿਚੋਂ ਪੂਰਾ ਹੋਇਆ। ਇਸ ਵਿਸ਼ੇ ਦਾ ਖੇਤਰ ਵਿਸ਼ਾਲ ਹੋਣ ਕਾਰਨ ਸਾਨੂੰ ਕਈ ਪੱਖਾਂ ਤੋਂ ਇਸ ਵਿਸ਼ੇ ਨੂੰ ਵਾਚਣਾ ਪਿਆ। ਇਸ ਖੋਜ ਕਾਰਜ ਵਿਚ ਇਤਿਹਾਸ, ਭਾਸ਼ਾ, ਮਨੋਵਿਗਿਆਨ ਆਦਿ ਕਈ ਪੱਖਾਂ ਦਾ ਅਧਿਐਨ ਸ਼ਾਮਿਲ ਹੈ। ਇਸ ਦੇ ਅਧਿਐਨ ਨੂੰ ਅਸੀਂ ਅਕਾਲ ਪੁਰਖ ਦੀ ਬਖਸ਼ੀ ਹੋਈ ਪ੍ਰੇਰਨਾ ਅਤੇ ਸਮਰਥਾ ਸਦਕਾ, ਆਪਣੇ ਵਲੋਂ ਵੱਧ ਤੋਂ ਵੱਧ ਵਿਆਪਕ, ਲਾਭਦਾਇਕ ਅਤੇ ਪ੍ਰੇਰਨਾਜਨਕ ਬਣਾਉਣ ਦੀ ਕੋਸ਼ਿਸ਼ ਕੀਤੀ ਹੈ ਪਰ ਇਹ ਵਿਸ਼ਾ ਅਜੇ ਵੀ ਵਧੇਰੇ ਖੋਜ ਦੀ ਮੰਗ ਕਰਦਾ ਹੈ।

ਧਰਮ ਅਧਿਐਨ ਦੇ ਖੇਤਰ ਵਿਚ ਕਈ ਪ੍ਰਕਾਰ ਦੀਆਂ ਖੋਜ ਵਿਧੀਆਂ ਪ੍ਰਚਲਿਤ ਹਨ ਪਰ ਹਥਲੇ ਖੋਜ ਕਾਰਜ ਵਿਚ ਅਸੀਂ ਨਿਹੰਗ ਸਿੰਘ ਜਥੇਬੰਦੀ ਦੇ ਸਿਧਾਂਤ, ਵਿਵਹਾਰਿਕ ਪੱਖ, ਇਤਿਹਾਸ ਆਦਿ ਪੱਖਾਂ ਉੱਤੇ ਕੇਂਦਰਿਤ ਹੋਏ ਹਾਂ। ਇਸ ਖੋਜ ਕਾਰਜ ਵਿਚ ਮੁਖ ਰੂਪ ਵਿਚ ਧਰਮ ਸ਼ਾਸਤਰੀ ਵਿਧੀ ਦੀ ਵਰਤੋਂ ਕੀਤੀ ਗਈ ਹੈ। ਨਿਹੰਗ ਸਿੰਘ ਜਥੇਬੰਦੀ ਦੇ ਆਰੰਭ ਅਤੇ ਇਤਿਹਾਸ ਨੂੰ ਜਾਣਨ ਲਈ ਇਤਿਹਾਸਕਾਰੀ ਪਹੁੰਚ ਵਿਧੀ ਦਾ ਸਹਾਰਾ ਲਿਆ ਗਿਆ ਹੈ। ਇਸ ਤੋਂ ਇਲਾਵਾ ਖਾਲਸਈ ਬੋਲਿਆਂ ਅਤੇ ਸ਼ਸਤਰ ਵਿੱਦਿਆ ਦੇ ਵਿਸ਼ਲੇਸ਼ਣ ਬਾਰੇ ਮਨੋਵਿਗਿਆਨਿਕ ਅਤੇ ਵਿਸ਼ਲੇਸ਼ਣਾਤਮਕ ਵਿਧੀ ਦੀ ਵਰਤੋਂ ਕੀਤੀ ਗਈ ਹੈ। ਨਿਹੰਗ ਸਿੰਘਾਂ ਦਾ ਇਤਿਹਾਸ ਵਧੇਰੇ ਮੌਖਿਕ ਹੋਣ ਕਰਕੇ ਇਸ ਜਥੇਬੰਦੀ ਦੀਆਂ ਨਾਮਵਰ ਸ਼ਖਸੀਅਤਾਂ ਦੀ ਇੰਟਰਵਿਊ ਲੈ ਕੇ ਜਾਣਕਾਰੀ ਇਕੱਤਰ ਕਰਨ ਦਾ ਯਤਨ ਕੀਤਾ ਗਿਆ ਹੈ।

ਅਠਾਰ੍ਹਵੀਂ ਸਦੀ ਦੇ ਸਿੱਖ ਇਤਿਹਾਸ ਦੀ ਸ਼ਾਇਦ ਹੀ ਕੋਈ ਐਸੀ ਲਿਖਤ ਹੋਵੇ ਜਿਸ ਵਿਚ ਨਿਹੰਗ ਸਿੰਘ ਜਥੇਬੰਦੀ ਦੇ ਕਿਸੇ ਨਾ ਕਿਸੇ ਪੱਖ ਨੂੰ ਨਾ ਛੁਹਿਆ ਗਿਆ ਹੋਵੇ। ਇਸ ਦੇ ਬਾਵਜੂਦ ਇਸ ਮਹਾਨ ਜਥੇਬੰਦੀ ਨੂੰ ਅਕਾਦਮਿਕ ਪੱਧਰ ਉੱਤੇ ਖੋਜਣ ਦਾ ਜਤਨ ਸਾਡੇ ਸਾਹਮਣੇ ਨਹੀਂ ਆਉਂਦਾ। ਹਥਲੇ ਖੋਜ ਕਾਰਜ ਦੇ ਕੁਝ ਵਿਸ਼ੇਸ਼ ਪੱਖਾਂ ਨਾਲ ਸੰਬੰਧਿਤ ਕੁਝ ਕੁ ਲਿਖਤਾਂ ਮਿਲਦੀਆਂ ਹਨ। ਇਸ ਤੋਂ ਬਿਨਾਂ ਕੁਝ ਵਿਸ਼ੇਸ਼ ਸੈਮੀਨਾਰਾਂ ਦੇ ਸੰਗ੍ਰਹਿ ਅਤੇ ਖੋਜ ਪੱਤ੍ਰਿਕਾਵਾਂ ਦੇ ਵਿਸ਼ੇਸ਼ ਅੰਕ ਵੀ ਮਿਲਦੇ ਹਨ।

ਇਸ ਖੇਤਰ ਦੀਆਂ ਚਰਚਿਤ ਪੁਸਤਕਾਂ ਵਿਚੋਂ 'ਸ੍ਰੀ ਗੁਰ ਪੰਥ ਪ੍ਰਕਾਸ਼','ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ (14ਵੀਂ ਜਿਲਦ)', 'ਗੁਰ ਬਿਲਾਸ ਪਾ: ੧੦ ਕ੍ਰਿਤ ਸੁੱਖਾ ਸਿੰਘ', 'ਪੰਥ ਪ੍ਰਕਾਸ਼', 'ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼', 'ਗੁਰਪੁਰ ਪ੍ਰਕਾਸ਼' ਆਦਿ ਹਨ। ਇਹ ਪੁਸਤਕਾਂ ਸਿੱਖ ਧਰਮ ਦੇ ਗੌਣ ਗ੍ਰੰਥ ਵੀ ਹਨ ਅਤੇ ਸੁਭਾਅ ਵਜੋਂ ਪ੍ਰਚਾਰਾਤਮਕ ਹਨ।

1902 ਈ. ਵਿਚ ਸੰਤ ਨਿਹਾਲ ਸਿੰਘ ਵਲੋਂ 'ਨ੍ਰਿਮਲ ਪ੍ਰਭਾਕਰ ਅਤੇ ਸਿਖੀ ਪ੍ਰਭਾਕਰ' ਪੁਸਤਕ ਰਚੀ ਗਈ ਜਿਸਦੇ ਪ੍ਰਕਾਸ਼ਕ ਲਾਲਾ ਸ਼ਾਮ ਦਾਸ ਨਰੂਲਾ ਅਤੇ ਲਾਲਾ ਗੰਗਾ ਬਿਸ਼ਨ ਸਾਹਿਬ ਸੀ। ਇਹ ਪੁਸਤਕ ਖਾਲਸਾ ਪ੍ਰੈਸ ਲਾਹੌਰ ਤੋਂ ਪ੍ਰਕਾਸ਼ਿਤ ਹੋਈ ਸੀ। ਇਸ ਪੁਸਤਕ ਵਿਚ ਨਿਹੰਗ ਸਿੰਘਾਂ ਦੀ ਉਪਮਾ ਬਾਰੇ ਕਬਿੱਤ ਰੂਪ ਵਿਚ ਵਰਨਣ ਮਿਲਦਾ ਹੈ।

ਡਾ. ਗੁਰਮੇਲ ਸਿੰਘ ਅਤੇ ਸ. ਮੁਹੱਬਤ ਸਿੰਘ ਵਲੋਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਛਾਪੇ ਜਾਂਦੇ ਮਾਸਿਕ ਪੱਤਰ 'ਗੁਰਮਤਿ ਪ੍ਰਕਾਸ਼' ਦੇ ਅਪ੍ਰੈਲ 2003 ਦੇ ਨਿਹੰਗ ਸਿੰਘ ਵਿਸ਼ੇਸ਼ ਅੰਕ ਵਿਚ ਆਪਣੇ ਲੇਖ ਰਾਹੀਂ ਨਿਹੰਗ ਸਿੰਘਾਂ ਉੱਤੇ ਹੋਏ ਕੁਝ ਖੋਜ ਕਾਰਜਾਂ ਦਾ ਵਰਨਣ ਕੀਤਾ ਗਿਆ ਹੈ ਪਰ ਉਹ ਖੋਜ ਕਾਰਜ ਅਕਾਦਮਿਕ ਪੱਧਰ ਉੱਤੇ ਨਹੀਂ ਹੋਏ ਸਨ। 1972 ਈ. ਵਿਚ ਬੁੱਢਾ ਦਲ ਵਲੋਂ 'ਨਿਹੰਗ ਸਿੰਘ ਸੰਦੇਸ਼' ਮਾਸਿਕ ਪੱਤਰ ਸ਼ੁਰੂ ਕੀਤਾ ਗਿਆ ਸੀ ਜੋ ਹੁਣ ਤੱਕ ਜਾਰੀ ਹੈ।

ਨਿਹੰਗ ਸਿੰਘਾਂ ਉੱਤੇ ਅਕਾਦਮਿਕ ਖੇਤਰ ਵਿਚ ਭਾਵੇਂ ਹੁਣ ਤੱਕ ਇਕ ਖੋਜ-ਪ੍ਰਬੰਧ ਪ੍ਰਾਪਤ ਹੁੰਦਾ ਹੈ। 2010 ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ ਦੀ ਖੋਜਾਰਥਣ ਰਜਿੰਦਰ ਕੌਰ ਵਲੋਂ ਨਿਗਰਾਨ ਡਾ. ਗੁਰਨੇਕ ਸਿੰਘ ਦੀ ਅਗਵਾਈ ਹੇਠ 'ਨਿਹੰਗ ਸਿੰਘ ਸੰਸਥਾ: ਆਰੰਭ, ਵਿਕਾਸ ਤੇ ਯੋਗਦਾਨ' ਨਾਂ ਦਾ ਖੋਜ ਪ੍ਰਬੰਧ ਕੀਤਾ ਗਿਆ ਸੀ ਪਰ ਇਸ ਖੋਜ ਪ੍ਰਬੰਧ ਵਿਚ ਨਿਹੰਗ ਸਿੰਘਾਂ ਦੀਆਂ ਸਾਰੀਆਂ ਰਵਾਇਤਾਂ, ਸ਼ਸਤਰ ਵਿੱਦਿਆ ਅਤੇ ਬੁੱਢਾ ਦਲ ਦੇ ਸਮੂਹ ਜਥੇਦਾਰਾਂ ਦੇ ਇਤਿਹਾਸ ਨੂੰ ਨਹੀਂ ਲਿਆ ਗਿਆ ਅਤੇ ਨਾ ਹੀ ਇਸ ਖੋਜ ਕਾਰਜ ਵਿਚ ਕਿਧਰੇ ਨਿਹੰਗ ਸਿੰਘਾਂ ਦੁਆਰਾ ਰਚੇ ਗਏ ਸਾਹਿਤ ਦਾ ਜ਼ਿਕਰ ਕੀਤਾ ਗਿਆ ਹੈ।

ਹਥਲਾ ਖੋਜ ਕਾਰਜ '**ਨਿਹੰਗ ਸਿੰਘ ਜਥੇਬੰਦੀ : ਸਿਧਾਂਤ ਅਤੇ ਅਮਲ**' ਹੈ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਵਰੋਸਾਏ ਅਕਾਲ ਪੁਰਖ ਦੀ ਫੌਜ ਨਾਲ ਸੰਬੰਧਿਤ ਹੈ। ਸਮੁੱਚੇ ਖੋਜ ਪ੍ਰਬੰਧ ਨੂੰ ਪੰਜ ਮੁਖ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਅਧਿਆਇ ਵਿਚ ਨਿਹੰਗ ਅਤੇ ਅਕਾਲੀ ਸ਼ਬਦ ਦੇ ਅਰਥ, ਪਰਿਭਾਸ਼ਾ ਅਤੇ ਸਰੂਪ ਦਰਸਾਏ ਗਏ ਹਨ। ਨਿਹੰਗ ਸ਼ਬਦ ਸਿਰਫ ਸਿੱਖ ਧਰਮ ਵਿਚ ਹੀ ਨਹੀਂ ਸਗੋਂ ਕਈ ਮੱਤਾਂ ਵਿਚ ਪ੍ਰਚਲਿਤ ਹੈ। ਕਈ ਭਾਸ਼ਾਵਾਂ ਜਿਵੇਂ ਸੰਸਕ੍ਰਿਤ, ਫ਼ਾਰਸੀ ਅਤੇ ਪੰਜਾਬੀ ਭਾਸ਼ਾ ਵਿਚ ਨਿਹੰਗ ਸ਼ਬਦ ਜਿਨ੍ਹਾਂ ਅਰਥਾਂ ਦਾ ਧਾਰਨੀ ਹੈ ਉਹ ਅਰਥ ਇਸ ਅਧਿਆਇ ਵਿਚ ਦਿੱਤੇ ਗਏ ਹਨ। ਬਾਕੀ ਮਤਾਂ ਵਿਚ ਨਿਹੰਗ ਸ਼ਬਦ ਜਿਸ ਪ੍ਰਥਾਇ ਆਉਂਦਾ ਹੈ, ਉਨ੍ਹਾਂ ਮਤਾਂ ਦਾ ਵੀ ਸੰਖੇਪ ਜ਼ਿਕਰ ਕੀਤਾ ਗਿਆ ਹੈ।

ਦੂਜਾ ਅਧਿਆਇ **ਨਿਹੰਗ ਸਿੰਘ ਜਥੇਬੰਦੀ: ਆਰੰਭ ਅਤੇ ਇਤਿਹਾਸ** ਹੈ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵਰਦਾਨ ਤੋਂ ਸ਼ੁਰੂ ਹੋਏ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਪੂਰਨ ਤੌਰ 'ਤੇ ਉੱਭਰ ਕੇ ਸਾਹਮਣੇ ਆਏ ਨਿਹੰਗ ਸਿੰਘਾਂ ਦੇ ਆਰੰਭ ਸੰਬੰਧੀ ਵਿਚਾਰਾਂ ਦਾ ਵਿਸਥਾਰ ਪੂਰਵਕ ਵਰਨਣ ਕੀਤਾ ਗਿਆ ਹੈ,

ਜਿਸ ਵਿਚ ਬਾਬਾ ਬੁੱਢਾ ਜੀ ਨੂੰ ਛੇਵੇਂ ਸਤਿਗੁਰੂ ਹਰਿਗੋਬਿੰਦ ਜੀ ਦਾ ਵਰਦਾਨ ਅਤੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਜੀ ਨੂੰ ਨਿਹੰਗ ਪੰਥ ਚਲਣ ਦਾ ਵਰ, ਭਾਈ ਮਾਨ ਸਿੰਘ ਜੀ ਨੂੰ ਨਿਹੰਗ ਸਿੰਘਾਂ ਦੀ ਕੜੀ ਨੂੰ ਅੱਗੇ ਤੋਰਨ ਦਾ ਵਰ ਆਦਿ ਬਖਸ਼ਿਸ਼ਾਂ ਦਾ ਜ਼ਿਕਰ ਕੀਤਾ ਗਿਆ ਹੈ। ਨਿਹੰਗ ਸਿੰਘਾਂ ਦੇ ਆਰੰਭ ਬਾਰੇ ਵਿਚਾਰ ਦੇਣ ਤੋਂ ਬਾਅਦ ਗੁਰੂ ਕਾਲ ਤੋਂ ਮਿਸਲਾਂ ਦੇ ਸਮੇਂ ਤੱਕ ਚਲਦੇ ਹੋਏ, ਅੰਗਰੇਜ਼ੀ ਸ਼ਾਸਨ ਕਾਲ ਤੋਂ ਮੌਜੂਦਾ ਸਮੇਂ ਤੱਕ ਦੇ ਨਿਹੰਗ ਸਿੰਘਾਂ ਦੇ ਸੰਘਰਸ਼ਮਈ ਇਤਿਹਾਸ ਨੂੰ ਵਰਨਣ ਕੀਤਾ ਗਿਆ ਹੈ। ਇਸ ਦੇ ਨਾਲ ਹੀ ਬੁੱਢਾ ਦਲ ਅਤੇ ਤਰਨਾ ਦਲ ਦੇ ਸਮੂਹ ਜਥੇਦਾਰਾਂ ਦੇ ਜੀਵਨ ਉੱਪਰ ਵੀ ਝਾਤ ਪਾਈ ਗਈ ਹੈ।

ਤੀਜਾ ਅਧਿਆਇ ਇਸ ਜਥੇਬੰਦੀ ਦੇ **ਸਿਧਾਂਤਾਂ ਅਤੇ ਅਮਲ** ਨਾਲ ਸੰਬੰਧਿਤ ਹੈ। ਨਿਹੰਗ ਸਿੰਘਾਂ ਦੇ ਸਿਧਾਂਤਾਂ ਅਤੇ ਉਨ੍ਹਾਂ ਸਿਧਾਂਤਾਂ ਦੀ ਅਭਿਵਿਅਕਤੀ ਦੇ ਨਾਲ-ਨਾਲ ਇਸ ਜਥੇਬੰਦੀ ਦੀਆਂ ਰਵਾਇਤਾਂ ਬਾਰੇ ਵੀ ਇਸ ਅਧਿਆਇ ਵਿਚ ਵਿਸਥਾਰ ਪੂਰਵਕ ਵਰਨਣ ਕੀਤਾ ਗਿਆ ਹੈ।

ਚੌਥਾ ਅਧਿਆਇ '**ਨਿਹੰਗ ਸਿੰਘ ਜਥੇਬੰਦੀ: ਖਾਲਸਈ ਬੋਲੇ ਅਤੇ ਸ਼ਸਤਰ ਵਿੱਦਿਆ**' ਹੈ। ਨਿਹੰਗ ਸਿੰਘਾਂ ਵਲੋਂ ਅਤਿ ਬਿਪਤਾ ਦੇ ਸਮੇਂ, ਤੰਗੀ-ਤੁਰਸ਼ੀ ਦੀ ਹਾਲਤ ਵਿਚ ਅਤੇ ਜੰਗ ਦੇ ਮਾਹੌਲ ਵੇਲੇ ਜੋ ਗੁਪਤ ਭਾਸ਼ਾ ਬੋਲੀ ਜਾਂਦੀ ਸੀ, ਉਸ ਦਾ ਬਹੁਪੱਖੀ ਅਧਿਐਨ ਕੀਤਾ ਗਿਆ ਹੈ। ਇਸਦੇ ਨਾਲ ਹੀ ਖਾਲਸੇ ਦੀ ਜੰਗਜੂ ਕਲਾ ਅਤੇ ਸ਼ਸਤਰ ਵਿੱਦਿਆ ਦਾ ਵਿਸਥਾਰ ਰੂਪ ਵਿਚ ਵਰਨਣ ਕੀਤਾ ਗਿਆ ਹੈ। ਗੁਰੂ ਸਾਹਿਬਾਨ ਦੇ ਸਮੇਂ ਤੋਂ ਆਪਣੇ ਸਿੱਖਾਂ ਨੂੰ ਸਿਖਾਈ ਜਾਂਦੀ ਸ਼ਸਤਰ ਵਿੱਦਿਆ, ਗੁਰੀਲਾ ਯੁੱਧ ਨੀਤੀ ਦੇ ਪੈਂਤੜੇ, ਘੋੜ ਸਵਾਰੀ ਅਤੇ ਅਜੋਕੇ ਸਮੇਂ ਵਿਚ ਕਰਵਾਏ ਜਾਂਦੇ ਗੱਤਕਾ ਮੁਕਾਬਲਿਆਂ ਅਤੇ ਸ਼ਸਤਰ ਵਿੱਦਿਆ ਦੇ ਅਜੋਕੇ ਰੂਪ ਨੂੰ ਸਪਸ਼ਟ ਕੀਤਾ ਗਿਆ ਹੈ।

ਪੰਜਵੇਂ ਅਧਿਆਇ ਵਿਚ **ਨਿਹੰਗ ਸਿੰਘ ਜਥੇਬੰਦੀ ਦੁਆਰਾ ਪਾਏ ਯੋਗਦਾਨ ਅਤੇ ਵਰਤਮਾਨ ਸਥਿਤੀ** ਬਾਰੇ ਚਾਨਣਾ ਪਾਇਆ ਗਿਆ ਹੈ। ਅੱਜ ਦੇ ਯੁਗ ਵਿਚ ਨਿਹੰਗ ਸਿੰਘ ਜਥੇਬੰਦੀ, ਬਾਕੀ ਸੰਪਰਦਾਵਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਮਿਲ ਕੇ ਸਿੱਖ ਧਰਮ ਦੇ ਸਾਹਿਤਿਕ, ਸਮਾਜਿਕ ਅਤੇ ਧਾਰਮਿਕ ਪ੍ਰਚਾਰ ਵਿਚ ਅਹਿਮ ਯੋਗਦਾਨ ਪਾ ਰਹੀ ਹੈ। ਨਿਹੰਗ ਸਿੰਘ ਜਥੇਬੰਦੀ ਨਾਲ ਸੰਬੰਧਿਤ ਕਈ ਸ਼ਖਸੀਅਤਾਂ ਸਾਹਿਤ ਦੇ ਖੇਤਰ ਵਿਚ ਉੱਭਰ ਕੇ ਸਾਹਮਣੇ ਆਈਆਂ ਹਨ। ਅਕਾਲੀ ਕੌਰ ਸਿੰਘ ਨਿਹੰਗ, ਸੰਤ

ਬਾਬਾ ਤੇਜਾ ਸਿੰਘ ਮਹਿਰੋਂ ਵਾਲੇ, ਲਿਖਾਰੀ ਕ੍ਰਿਪਾਲ ਸਿੰਘ ਵੜੈਚ ਅਤੇ ਜਥੇਦਾਰ ਬਾਬਾ ਸੰਤਾ ਸਿੰਘ ਅਤੇ ਗਿਆਨੀ ਗੁਰਵਿੰਦਰ ਸਿੰਘ ਨੰਗਲੀ ਨੇ ਸਾਹਿਤ ਦੇ ਖੇਤਰ ਵਿਚ ਵਡਮੁੱਲਾ ਯੋਗਦਾਨ ਪਾਇਆ ਹੈ।

ਸਮੁੱਚਾ ਖੋਜ ਕਾਰਜ ਸੰਪੂਰਨ ਕਰਨ ਤੋਂ ਉਪਰੰਤ ਸਾਰ ਅਤੇ ਸਥਾਪਨਾਵਾਂ ਰਾਹੀਂ ਸਮੁੱਚੇ ਖੋਜ ਕਾਰਜ ਦੀਆਂ ਉਪਲਬਧੀਆਂ ਪੇਸ਼ ਕੀਤੀਆਂ ਗਈਆਂ ਹਨ। ਅੰਤ ਵਿਚ ਅੰਤਿਕਾਵਾਂ ਅਤੇ ਪੁਸਤਕ ਸੂਚੀ ਦਰਜ ਕੀਤੀ ਗਈ ਹੈ। ਇਸ ਜਥੇਬੰਦੀ ਨੇ ਕੁਰਬਾਨੀਆਂ ਭਰੇ ਸੰਘਰਸ਼ਮਈ ਇਤਿਹਾਸ ਨਾਲ ਸਿੱਖ ਧਰਮ ਦੀ ਉੱਨਤੀ ਵਿਚ ਅਹਿਮ ਯੋਗਦਾਨ ਪਾਇਆ। ਅਸੀਂ ਉਮੀਦ ਕਰਦੇ ਹਾਂ ਕਿ ਇਹ ਖੋਜ ਕਾਰਜ ਸਿੱਖ ਇਤਿਹਾਸ, ਭਾਸ਼ਾ ਅਤੇ ਸਾਹਿਤ ਦੇ ਖੇਤਰ ਨਾਲ ਜੁੜੇ ਖੋਜਾਰਥੀਆਂ ਅਤੇ ਵਿਦਿਆਰਥੀਆਂ ਲਈ ਲਾਹੇਵੰਦ ਸਿੱਧ ਹੋਵੇਗਾ ਅਤੇ ਅਕਾਦਮਿਕ ਪੱਧਰ ਉੱਤੇ ਇਸ ਤੋਂ ਸੇਧ ਲੈ ਕੇ ਅੱਗੇ ਤੁਰਿਆ ਜਾ ਸਕੇਗਾ।

ਮਨਿੰਦਰ ਸਿੰਘ

ਮਿਤੀ - 04-02-2021

ਮਨਿੰਦਰ ਸਿੰਘ

# ਪ੍ਰਮਾਣ ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਇਹ ਖੋਜ-ਪ੍ਰਬੰਧ "**ਨਿਹੰਗ ਸਿੰਘ ਜਥੇਬੰਦੀ: ਸਿਧਾਂਤ ਅਤੇ ਅਮਲ**" ਖੋਜਾਰਥੀ ਮਨਿੰਦਰ ਸਿੰਘ ਨੇ ਸਾਡੀ ਨਿਗਰਾਨੀ ਅਧੀਨ ਤਿਆਰ ਕੀਤਾ ਹੈ। ਇਹ ਖੋਜਾਰਥੀ ਦੀ ਮੌਲਿਕ ਰਚਨਾ ਹੈ ਅਤੇ ਉਸ ਦੀ ਮਿਹਨਤ ਦਾ ਫਲ ਹੈ। ਇਸ ਖੋਜ-ਪ੍ਰਬੰਧ ਨੂੰ ਇਸ ਤੋਂ ਪਹਿਲਾਂ ਕਿਸੇ ਹੋਰ ਡਿਗਰੀ ਜਾਂ ਡਿਪਲੋਮਾ ਲਈ ਯੂਨੀਵਰਸਿਟੀ ਵਿਚ ਪੇਸ਼ ਨਹੀਂ ਕੀਤਾ ਗਿਆ। ਅਸੀਂ ਇਸ ਖੋਜ-ਪ੍ਰਬੰਧ ਨੂੰ ਪੀਐਚ.ਡੀ. ਦੀ ਉਪਾਧੀ ਦੀ ਪੂਰਤੀ ਵਜੋਂ ਪੇਸ਼ ਕਰਨ ਦੀ ਸਿਫਾਰਿਸ਼ ਕਰਦੇ ਹਾਂ।

ਮਿਤੀ: 01-02.2021

**ਨਿਗਰਾਨ:**

ਡਾ. ਮੁਹੰਮਦ ਹਬੀਬ
ਮੁਖੀ, ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਸਹਿ ਨਿਗਰਾਨ:**

ਡਾ. ਗੁਰਨਾਇਬ ਸਿੰਘ
ਪ੍ਰੋਫੈਸਰ (ਰਿਟਾ),
ਪੰਜਾਬੀ ਸਾਹਿਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ।

## 0.1 ਭੂਮਿਕਾ:

ਇਸ ਅਧਿਆਇ ਵਿਚ ਨਿਹੰਗ ਸ਼ਬਦ ਦੇ ਅਰਥ, ਪਰਿਭਾਸ਼ਾ ਅਤੇ ਸਰੂਪ ਬਾਰੇ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਵੱਖ-ਵੱਖ ਮਤਾਂ ਵਿਚ ਆਏ 'ਨਿਹੰਗ' ਸ਼ਬਦ ਬਾਰੇ ਵੀ ਚਾਨਣਾ ਪਾਇਆ ਗਿਆ ਹੈ। ਇਸਦੇ ਨਾਲ ਹੀ 'ਅਕਾਲੀ' ਸ਼ਬਦ ਦੇ ਅਰਥ ਸਰੂਪ ਅਤੇ ਪਰਿਭਾਸ਼ਾ ਦਰਸਾ ਕੇ ਅੰਤ ਵਿਚ ਤੱਥ ਪੇਸ਼ ਕੀਤੇ ਗਏ ਹਨ।

## 1.1 ਅਰਥ, ਪਰਿਭਾਸ਼ਾ ਅਤੇ ਸਰੂਪ:

'ਨਿਹੰਗ' ਸ਼ਬਦ ਦੇ ਕਈ ਅਰਥ ਹਨ, ਜਿਵੇਂ ਮਗਰਮੱਛ, ਦਲੇਰ, ਬਹਾਦਰ, ਸੰਸਾਰ, ਘੋੜਾ, ਕਲਮ, ਤਲਵਾਰ, ਆਤਮ ਗਿਆਨੀ ਆਦਿ। 'ਨਿਹੰਗ' ਸ਼ਬਦ ਸੰਸਕ੍ਰਿਤ ਅਤੇ ਫ਼ਾਰਸੀ ਦੋਹਾਂ ਭਾਸ਼ਾਵਾਂ ਵਿਚ ਵੱਖ-ਵੱਖ ਅਰਥਾਂ ਦਾ ਧਾਰਨੀ ਹੈ। ਸੰਸਕ੍ਰਿਤ ਵਿਚ ਨਿਹੰਗ ਸ਼ਬਦ 'ਨਿ:ਸੰਗ' ਅਤੇ 'ਨਿ:ਸ਼ੰਕ' ਤੋਂ ਬਣਿਆ ਮੰਨਿਆ ਜਾਂਦਾ ਹੈ। 'ਨਿਹਸੰਗ' ਤੋਂ ਭਾਵ ਨਿਲਿਪਤ ਅਤੇ ਆਤਮ ਗਿਆਨੀ ਹੈ ਅਤੇ 'ਨਿਹਸ਼ੰਕ' ਤੋਂ ਭਾਵ ਜਿਸ ਨੂੰ ਮਰਨ ਦੀ ਕੋਈ ਚਿੰਤਾ ਨਹੀਂ। ਪੰਡਿਤ ਗਿਆਨੀ ਹਜ਼ਾਰਾ ਸਿੰਘ ਨੇ 'ਨਿਹੰਗ' ਸ਼ਬਦ ਨੂੰ ਸੰਸਕ੍ਰਿਤ ਦੇ 'ਨਿਸੰਗ' ਤੋਂ ਲਿਆ ਮੰਨਿਆ ਹੈ, ਜਿਸਦੇ ਅਰਥ ਹਨ: ਅਸੰਗ ਰਹਿਣ ਵਾਲਾ, ਬੇ ਡਰ ਅਤੇ ਬੇ-ਖੌਫ।[1] ਡਾ. ਪ੍ਰੇਮ ਪ੍ਰਕਾਸ਼ ਸਿੰਘ ਦੁਆਰਾ ਸੰਪਾਦਿਤ 'ਪੰਜਾਬੀ ਯੂਨੀਵਰਸਿਟੀ ਸੰਸਕ੍ਰਿਤ ਪੰਜਾਬੀ ਕੋਸ਼' ਅਨੁਸਾਰ 'ਨਿ:ਸੰਗ' ਦੇ ਅਰਥ – ਸੰਸਾ ਰਹਿਤ, ਲਗਾਉ ਜਾਂ ਮੋਹ ਰਹਿਤ; ਨਿਰਲਿਪਤ, ਨਿਰਲੇਪ, ਰਾਗ-ਦ੍ਵੈਖ ਆਦਿ ਵਿਕਾਰਾਂ ਤੋਂ ਰਹਿਤ; ਨਿਸ਼ਕਾਮ, ਕਾਮਨਾ ਰਹਿਤ ਹਨ।[2] ਸੰਸਕ੍ਰਿਤ ਸ਼ਬਦ 'ਨਿਸੰਗ' ਦਾ ਪੰਜਾਬੀ ਸਮਰੂਪ 'ਨਿਹੰਗ' ਹੈ।[3] ਡਾ. ਮਹਿੰਦਰ ਕੌਰ ਗਿਲ ਨੇ 'ਨਿਹਸੰਗ' ਸ਼ਬਦ ਸੰਬੰਧੀ ਲਿਖਿਆ ਹੈ ਕਿ "ਨਿਹਸੰਗ ਤੋਂ ਭਾਵ ਉਹ ਵਿਅਕਤੀ ਜਾਂ ਸਾਧੂ (ਸਾਤਵਿਕ ਪ੍ਰਵਿਰਤੀ ਦਾ ਸੁਆਮੀ), ਜਿਸ ਨੇ ਵਿਆਹ ਨਾ ਕਰਵਾਇਆ ਹੋਵੇ, ਜੋ

---

1 ਹਜ਼ਾਰਾ ਸਿੰਘ (ਗਿਆਨੀ)(ਸ੍ਰੀ ਮਹਿਤ ਪੰਡਿਤ), ਸ੍ਰੀ ਗੁਰੂ ਗ੍ਰੰਥ ਕੋਸ਼, ਦੂਜੀ ਜਿਲਦ, ਡਾ. ਹਰਭਜਨ ਸਿੰਘ (ਸੰਪਾ.), ਡਾ. ਬਲਬੀਰ ਸਿੰਘ ਸਾਹਿਤ ਕੇਂਦਰ ਦੇਹਰਾਦੂਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦਸੰਬਰ 2008, ਪੰਨਾ 74.

2 ਪ੍ਰੇਮ ਪ੍ਰਕਾਸ਼ ਸਿੰਘ (ਡਾ.)(ਸੰਪਾ.), ਪੰਜਾਬੀ ਯੂਨੀਵਰਸਿਟੀ ਸੰਸਕ੍ਰਿਤ ਪੰਜਾਬੀ ਕੋਸ਼, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2001, ਪੰਨਾ 398.

3 ਕੰਵਰ ਅਜੀਤ ਸਿੰਘ (ਸੰਪਾ.), ਸ੍ਰੀ ਦਸਮ ਗ੍ਰੰਥ ਸਾਹਿਬ ਦਾ ਇਤਿਹਾਸਕ ਅਤੇ ਅਧਿਆਤਮਿਕ ਪੱਖ, ਗੁਰਮਤਿ ਵਿਚਾਰ ਕੇਂਦਰ, ਸਿਊਨਾ ਰੋਡ, ਪਟਿਆਲਾ, ਦੂਜੀ ਵਾਰ, ਅਪ੍ਰੈਲ 2008, ਪੰਨਾ 27.

ਇਸਤ੍ਰੀ ਨਾਲ ਸੰਬੰਧ ਨਾ ਰਖੇ, ਨਿਰਲੇਪ ਅਤੇ ਆਤਮ ਗਿਆਨੀ।"[4] ਪਰ ਗੁਰਮਤਿ ਵਿਚ ਵਿਆਹ ਦੀ ਮਨਾਹੀ ਨਹੀਂ ਹੈ। ਗੁਰਮਤਿ *'ਏਕਾ ਨਾਰੀ ਜਤੀ ਹੋਇ ਪਰ ਨਾਰੀ ਧੀ ਭੈਣ ਵਖਾਣੈ'* ਦਾ ਸਿਧਾਂਤ ਦ੍ਰਿੜ ਕਰਵਾਉਂਦੀ ਹੈ। ਸੋ ਨਿਹੰਗ ਗ੍ਰਹਿਸਥੀ ਵੀ ਹੈ। 'ਪੰਜਾਬੀ ਯੂਨੀਵਰਸਿਟੀ ਪੰਜਾਬੀ-ਸੰਸਕ੍ਰਿਤ ਕੋਸ਼' ਅਨੁਸਾਰ ਸੰਸਕ੍ਰਿਤ ਭਾਸ਼ਾ ਦੇ ਸ਼ਬਦ 'ਨਿਹਸ਼ੰਕ' ਤੋਂ ਭਾਵ ਅਭੈ ਅਤੇ ਅਭੀਤ ਹਨ।[5] 'ਨਿਹਸ਼ੰਕ' ਤੋਂ ਭਾਵ ਜਿਸ ਨੂੰ ਮੌਤ ਦਾ ਡਰ ਨਾ ਹੋਵੇ।

ਐਸ. ਜੇ. ਐਸ. ਪਾਲ ਅਨੁਸਾਰ, "The word NIHANG is etymologically linked with the Persion word, which means an alligator i.e. a Crocodile. There is another similar word in Sanskrit, i.e. "**NIHASANKA**" which also means fearless and courageous. Nihang in Sanskrit means an enlightened one or one unattached to the worldly materialistic aspects."[6] ਪਿਆਰਾ ਸਿੰਘ ਪਦਮ ਨੇ ਨਿਹੰਗ ਸ਼ਬਦ ਦੇ ਨਾਲ ਰਲਦੇ ਮਿਲਦੇ ਕਈ ਸ਼ਬਦਾਂ ਨੂੰ ਪਰਿਭਾਸ਼ਿਤ ਕੀਤਾ ਹੈ ਜਿਵੇਂ: ਨਿਸੰਕ, ਨਿਸੰਗ, ਨਿਹਸੰਗਾ, ਨਿਹਸਾਸਨ ਅਤੇ ਨਿਸਲ। ਨਿਸੰਗ ਤੋਂ ਭਾਵ ਬਿਨਾਂ ਸੰਕੋਚ ਵਾਲਾ, ਨਿਹਸੰਗਾ ਤੋਂ ਭਾਵ ਬੇਲਾਗ, ਨਿਹਸਾਸਨ ਤੋਂ ਭਾਵ ਨਿਰਭੈ ਅਤੇ ਨਿਸਲ ਤੋਂ ਭਾਵ ਬੇਫਿਕਰ।[7] ਗੁਰੂ ਗੋਬਿੰਦ ਸਿੰਘ ਜੀ ਵਲੋਂ ਸਾਜਿਆ ਨਿਹੰਗ (ਖਾਲਸਾ) ਨਿਰਸੰਕੋਚ, ਬੇਲਾਗ, ਨਿਰਭੈ ਅਤੇ ਬੇਫਿਕਰ ਹੈ।

ਜੇਕਰ ਫ਼ਾਰਸੀ ਭਾਸ਼ਾ ਵਿਚ ਆਉਂਦੇ 'ਨਿਹੰਗ' ਲਫ਼ਜ਼ ਨੂੰ ਦੇਖੀਏ ਤਾਂ 'ਪੰਜਾਬੀ ਯੂਨੀਵਰਸਿਟੀ ਫ਼ਾਰਸੀ-ਪੰਜਾਬੀ ਕੋਸ਼' ਅਨੁਸਾਰ ਫ਼ਾਰਸੀ ਵਿਚ ਨਿਹੰਗ ਦੇ ਅਰਥ ਮਗਰਮੱਛ, ਸੰਸਾਰ, ਤਲਵਾਰ, ਸ਼ਮਸ਼ੀਰ, ਕਲਮ, ਅਸਮਾਨ, ਸਮਾਂ ਅਤੇ ਦੁਨੀਆ ਹਨ।[8] 'ਅਰਬੀ ਫ਼ਾਰਸੀ ਵਿਚੋਂ ਉਤਪੰਨ ਪੰਜਾਬੀ

4 ਮਹਿੰਦਰ ਕੌਰ ਗਿਲ (ਡਾ.), ਸੂਰਾ ਸੋ ਪਹਿਚਾਨੀਐ, ਸ਼ਿਲਾਲੇਖ, ਦਿੱਲੀ, 2012, ਪੰਨਾ 196.

5 ਇੰਦਰਮੋਹਨ ਸਿੰਘ (ਪ੍ਰੋ.)(ਸੰਪਾ.), ਪੰਜਾਬੀ ਯੂਨੀਵਰਸਿਟੀ ਪੰਜਾਬੀ-ਸੰਸਕ੍ਰਿਤ ਕੋਸ਼, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2017, ਪੰਨਾ 431.

6 S.J.S. 'Pall', The Beloved forces of The Guru, B. Chattar Singh Jiwan Singh, Amritsar, 2004, p. 32.

7 ਪਿਆਰਾ ਸਿੰਘ ਪਦਮ, ਗੁਰਬਾਣੀ ਕੋਸ਼, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਜਨਵਰੀ, 1960, ਪੰਨਾ 108.

8 ਰਾਜਿੰਦਰ ਸਿੰਘ ਲਾਂਬਾ (ਡਾ.)(ਸੰਪਾ.), ਪੰਜਾਬੀ ਯੂਨੀਵਰਸਿਟੀ ਫ਼ਾਰਸੀ-ਪੰਜਾਬੀ ਕੋਸ਼, ਪੰਜਾਬੀ ਸਾਹਿਤ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ, 2016, ਪੰਨਾ 715.

ਸ਼ਬਦਾਵਲੀ' ਅਨੁਸਾਰ 'ਨਿਹੰਗ' ਸ਼ਬਦ ਦੇ ਅਰਥ- ਮਗਰਮੱਛ, ਤਲਵਾਰ, ਕਲਮ, ਅਕਾਸ਼, ਸਿੱਖਾਂ ਦੀ ਇਕ ਸੰਪਰਦਾਇ ਨਾਲ ਸੰਬੰਧਿਤ ਵਿਅਕਤੀ, ਗੁਰੂ ਸਾਹਿਬ ਦੀਆਂ ਲਾਡਲੀਆਂ ਫੌਜਾਂ ਦਾ ਸਿਪਾਹੀ, ਅਕਾਲੀ, ਨਿਰਦੋਸ਼, ਨਿਸ਼ਕਲੰਕ, ਬੇਦਾਗ, ਸਾਫ਼ ਅਤੇ ਖਾਲਿਸ ਹਨ।[9] ਡਾ. ਅਮਰਵੰਤ ਸਿੰਘ ਅਨੁਸਾਰ 'ਨਿਹੰਗਤਾ' ਦਾ ਅਰਥ ਆਚਰਣ ਦੀ ਪਵਿਤਰਤਾ ਹੈ।[10]

ਪੰਡਿਤ ਤਾਰਾ ਹਰਿ ਨਰੋਤਮ ਅਨੁਸਾਰ, 'ਨਿਹੰਗ' ਦੇ ਅਰਥ ਹਨ- "ਮਕਰਮਛ, ਸੰਸਾਰ ਨਾਮ ਵਾਲਾ ਜਲ ਕਾ ਜੀਵ, ਪਰਮੇਸ੍ਵਰ ਕੇ ਭਯ ਸੇ ਰਹਿਤ।"[11] ਪਰ ਨਿਹੰਗ ਸਿੰਘ ਤਾਂ ਹਮੇਸ਼ਾ ਪਰਮੇਸ਼ਰ ਦਾ ਹੀ ਭੈ ਰਖਦਾ ਹੈ। ਭਾਈ ਵੀਰ ਸਿੰਘ ਲਿਖਦੇ ਹਨ ਕਿ ਫ਼ਾਰਸੀ ਵਿਚ 'ਨਿਹੰਗ' ਸ਼ਬਦ ਦਾ ਜੋ ਅਰਥ ਮਗਰਮੱਛ ਕੀਤਾ ਜਾਂਦਾ ਹੈ, ਉਸ ਤੋਂ ਭਾਵ ਨਿਰਭੈ ਤੋਂ ਹੈ, ਕਿਸੇ ਭੈ ਅੱਗੇ ਜਿਸਦੀ ਅੱਖ ਨਾ ਝਮਕੇ, ਉਹ ਨਿਹੰਗ ਹੈ।[12] ਇਸ ਪ੍ਰਕਾਰ ਫ਼ਾਰਸੀ ਵਿਚ 'ਨਿਹੰਗ' ਸ਼ਬਦ ਮਗਰਮੱਛ ਲਈ ਵਰਤਿਆ ਜਾਂਦਾ ਹੈ। ਜਿਸ ਤਰ੍ਹਾਂ ਮਗਰਮੱਛ ਪਾਣੀ ਵਿਚ ਘਾਤ ਲਗਾ ਕੇ ਸ਼ਿਕਾਰ ਕਰਦਾ ਹੈ ਅਤੇ ਪਾਣੀ ਵਿਚ ਬਹੁਤ ਫੁਰਤੀਲਾ ਹੁੰਦਾ ਹੈ, ਉਸੇ ਤਰ੍ਹਾਂ ਨਿਹੰਗ ਸਿੰਘ ਦੁਸ਼ਮਣ ਉੱਤੇ ਘਾਤ ਲਗਾ ਕੇ ਵਾਰ ਕਰਨ (ਗੁਰੀਲਾ ਯੁੱਧ) ਅਤੇ ਆਹਮੋ-ਸਾਹਮਣੇ ਦੀ ਲੜਾਈ ਵਿਚ ਮਾਹਿਰ ਹੁੰਦੇ ਹਨ।

### 1.1.1 ਵੱਖ-ਵੱਖ ਮਤਾਂ ਵਿਚ 'ਨਿਹੰਗ':

ਮਹੰਤ ਗਣੇਸ਼ਾ ਸਿੰਘ ਅਨੁਸਾਰ ਉੜੀਸਾ ਵਿਚ ਕਈ ਸੰਪਰਦਾਵਾਂ ਹਨ ਜਿਵੇਂ: ਬਿੰਦੂ ਧਾਰੀ, ਕਵੀਰਾਜੀ, ਕਲਿੰਦੀ ਆਦਿ। ਬਿੰਦੂਧਾਰੀ ਸੰਪਰਦਾ ਵਿਚੋਂ ਜੋ ਘਰ ਬਾਰ ਅਤੇ ਇਸਤ੍ਰੀ ਵਲੋਂ ਬਿਰੱਕਤ ਹੋ ਜਾਂਦੇ ਹਨ ਉਨ੍ਹਾਂ ਨੂੰ 'ਨਿਹੰਗ' ਕਿਹਾ ਜਾਂਦਾ ਹੈ।[13] ਗੁਲਸ਼ਨ-ਏ-ਪੰਜਾਬ ਦੇ ਕਰਤਾ ਪੰਡਿਤ ਦੇਬੀ ਪ੍ਰਸਾਦ ਅਨੁਸਾਰ, "ਨਿਹੰਗ ਇਕ

---

9 ਅਮਰਵੰਤ ਸਿੰਘ (ਡਾ.)(ਸੰਕਲਨਕਰਤਾ), ਅਰਬੀ ਫ਼ਾਰਸੀ ਵਿਚੋਂ ਉਤਪੰਨ ਪੰਜਾਬੀ ਸ਼ਬਦਾਵਲੀ (ਸਰੋਤ ਤੇ ਵਿਆਖਿਆ ਸਹਿਤ), ਪੰਜਾਬੀ ਭਾਸ਼ਾ ਵਿਕਾਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ, 2016, ਪੰਨਾ 453.

10 ਉਹੀ, ਪੰਨਾ 453.

11 ਤਾਰਾ ਹਰਿ ਨਰੋਤਮ (ਪੰਡਿਤ), ਗ੍ਰੰਥ ਗੁਰ ਗਿਰਾਰਥ ਕੋਸ਼, ਬਲਵੰਤ ਸਿੰਘ ਕੋਠਾਗੁਰੂ (ਸੰਪਾ.), ਸੁਕਦੇਵ ਕੁਟੀਆ, ਰਤਨ ਬਾਗ, ਕਨਖਲ (ਹਰਿਦੁਆਰ), ਦੂਜੀ ਵਾਰ, 2012, ਪੰਨਾ 435.

12 ਵੀਰ ਸਿੰਘ (ਭਾਈ), ਸਤਵੰਤ ਕੌਰ, ਭਾਈ ਵੀਰ ਸਿੰਘ ਸਾਹਿਤ ਸਦਨ, ਗੋਲ ਮਾਰਕਿਟ, ਨਵੀਂ ਦਿੱਲੀ, 27ਵੀਂ ਵਾਰ, ਅਪ੍ਰੈਲ 2015, ਪੰਨਾ 205.

13 ਗਣੇਸ਼ਾ ਸਿੰਘ ਮਹੰਤ, ਭਾਰਤ ਮਤ ਦਰਪਣ, ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਦੂਜੀ ਵਾਰ, ਸਤੰਬਰ 1992, ਪੰਨਾ 20.

ਜਾਤ ਹੈ ਜਿਸਦੇ ਲੋਕ ਨੰਗੇ ਰਹਿੰਦੇ ਹਨ ਅਤੇ ਨਾਂਗਿਆਂ ਦੇ ਨਾਂ ਨਾਲ ਪ੍ਰਸਿੱਧ ਹਨ। ਇਸ ਜਾਤ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਹਨ।"[14]

"ਸਾਧੂ ਹਰਿਦਾਸ ਦਾ ਨਿਰੰਜਨੀ ਪੰਥ ਹੈ, ਉਸਦੇ ਦੋ ਵੱਡੇ ਭਾਗ ਹਨ- ਘਰਬਾਰੀ ਤੇ ਨਿਹੰਗ। ਨਿਹੰਗ ਦਾ ਭਾਵ ਇੱਥੇ ਬਿਰੱਕਤ ਤੋਂ ਹੈ ਜੋ ਕਿ ਖਾਕੀ ਰੰਗ ਦੀ ਗੋਦੜੀ ਗਲ ਵਿਚ ਪਾ ਕੇ ਰਖਦੇ ਹਨ। ਸਿੱਖ ਪੰਥ ਦੇ ਨਿਹੰਗ ਸਿੰਘ, ਬਿਹੰਗਮ ਵਿਚਰਦੇ, ਨੀਲਾ ਬਾਣਾ ਪਹਿਰਦੇ ਤੇ ਸਦਾ ਸ਼ਸਤਰ ਸਜਾ ਕੇ ਰਖਦੇ ਹਨ। ਕਿਸੇ ਸਮੇਂ ਸਾਰੀ ਸਿੱਖ ਕੌਮ ਹੀ ਕੀ ਘਰਬਾਰੀ ਤੇ ਕੀ ਬਿਰੱਕਤ-ਸਭੇ ਲਗਭਗ ਬਨਵਾਸੀ ਸਨ ਤੇ ਸਭ ਦਾ ਬਾਣਾ ਵੀ ਨੀਲਾ ਹੀ ਸੀ।"[15] ਇਹ ਕਥਨ ਬਿਲਕੁਲ ਢੁਕਵਾਂ ਹੈ। ਇਸ ਲਈ ਕਿਹਾ ਜਾ ਸਕਦਾ ਹੈ ਉਸ ਸਮੇਂ ਸਮੂਹ ਖਾਲਸਾ, ਨਿਹੰਗ ਹੀ ਸੀ।

ਸੰਨਿਆਸੀਆਂ ਵਿਚ ਪੂਰਨ ਜਤ-ਸਤ ਰਖਣ ਵਾਲੇ ਨੂੰ 'ਨਿਹੰਗ' ਕਿਹਾ ਜਾਂਦਾ ਹੈ।[16] ਗੁਰਮਤਿ ਵਿਚ ਜਤ-ਸਤ ਦੀ ਵੱਡੀ ਮਹਿਮਾ ਹੈ ਅਤੇ ਹਰ ਗੁਰਸਿੱਖ ਨੂੰ ਹਦਾਇਤ ਹੈ ਕਿ ਉਹ ਚਰਿਤ੍ਰਵਾਨ ਹੋਵੇ।

ਮੁਗਲਾਂ ਵਿਚ ਇਕ ਵਿਸ਼ੇਸ਼ ਫੌਜ ਹੁੰਦੀ ਸੀ, ਜਿਸ ਨੂੰ 'ਨਿਹੰਗ' ਆਖਿਆ ਜਾਂਦਾ ਸੀ। ਇਹ ਗਾਜ਼ੀ ਹੁੰਦੇ ਸਨ, ਜੋ ਨੀਲੇ ਕੱਪੜੇ ਪਹਿਨਦੇ ਸਨ। ਜਿੱਥੇ ਕੋਈ ਮੁਹਿੰਮ ਸਰ ਹੋਣ ਵਿਚ ਨਾ ਆਉਂਦੀ, ਉੱਥੇ ਇਨ੍ਹਾਂ ਨੂੰ ਭੇਜਿਆ ਜਾਂਦਾ ਸੀ। ਇਹ ਆਤਮਘਾਤੀ ਦਸਤਾ ਹੁੰਦਾ ਸੀ, ਜੋ ਜਾਨ ਦੀ ਪ੍ਰਵਾਹ ਕੀਤੇ ਬਿਨਾਂ ਦੁਸ਼ਮਣ ਉੱਤੇ ਟੁੱਟ ਕੇ ਪੈ ਜਾਂਦਾ ਸੀ।[17] ਕ੍ਰਿਪਾਲ ਸਿੰਘ ਅਤੇ ਖੜਕ ਸਿੰਘ ਅਨੁਸਾਰ 'ਨਿਹੰਗ' ਮੁਗਲ ਫੌਜ ਦਾ ਇਕ ਆਤਮਘਾਤੀ ਦਸਤਾ ਸੀ, ਜੋ ਨੀਲੀ ਪੁਸ਼ਾਕ ਪਹਿਨਦੇ ਸਨ।[18] ਖੁਸ਼ਵੰਤ ਸਿੰਘ ਨੇ ਵੀ ਇਹੀ ਅਰਥ ਕੀਤੇ

---

[14] ਦੇਬੀ ਪ੍ਰਸਾਦ (ਪੰਡਿਤ), ਗੁਲਸ਼ਨ-ਏ-ਪੰਜਾਬ ਅਰਥਾਤ ਤਾਰੀਖ਼-ਇ-ਪੰਜਾਬ, ਡਾ. ਫ਼ੌਜਾ ਸਿੰਘ ਅਤੇ ਹਰਮਿੰਦਰ ਸਿੰਘ ਕੋਹਲੀ (ਅਨੁ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003, ਪੰਨਾ 175.

[15] ਵਰਿਆਮ ਸਿੰਘ (ਸੰਪਾ.), ਗੁਰਮਤਿ ਪ੍ਰਕਾਸ਼, ਅੰਕ 4, ਗੁਰਦੁਆਰਾ ਪ੍ਰਿੰਟਿੰਗ ਪ੍ਰੈਸ, ਰਾਮਸਰ ਰੋਡ, ਅੰਮ੍ਰਿਤਸਰ,ਜੁਲਾਈ 1985, ਪੰਨਾ 15.

[16] ਪਿਆਰਾ ਸਿੰਘ ਪਦਮ, ਸਿੱਖ ਸੰਪ੍ਰਦਾਵਲੀ, ਕਲਗੀਧਰ ਕਲਮ ਫਾਊਂਡੇਸ਼ਨ, ਕਲਮ ਮੰਦਿਰ, ਪਟਿਆਲਾ, 2000, ਪੰਨਾ 99.

[17] ਸਰਬਜਿੰਦਰ ਸਿੰਘ (ਡਾ.)(ਸੰਪਾ.), ਨਾਨਕ ਪ੍ਰਕਾਸ਼ ਪੱਤ੍ਰਿਕਾ, ਧਰਮ ਸੰਪ੍ਰਦਾਇ ਵਿਸ਼ੇਸ਼ ਅੰਕ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦਸੰਬਰ 2005, ਪੰਨਾ 195.

[18] Kirpal Singh & Kharak Singh (Ed.), History of The Sikhs & Their Religion, Vol. I, Shiromani Gurdwara Prabandhak Committee, Sri Amritsar, Feb 2004, p. 404.

ਹਨ।[19] ਪਰ ਖਾਲਸਾ ਉਹ ਨਿਹੰਗ ਹੈ ਜੋ ਕਿਸੇ ਮੁਗਲ ਫੌਜ ਦੀ ਨਕਲ ਦੀ ਤਰਜ਼ ਉੱਤੇ ਨਹੀਂ ਸਿਰਜਿਆ ਗਿਆ ਬਲਕਿ ਅਕਾਲ ਪੁਰਖ ਦੀ ਫੌਜ ਦੇ ਰੂਪ ਵਿਚ ਸਾਜਿਆ ਗਿਆ ਜੋ ਆਤਮਘਾਤੀ ਨਾ ਹੋ ਕੇ ਸਰਬੱਤ ਦੇ ਭਲੇ ਦੀ ਕਾਮਨਾ ਕਰਦਾ ਹੈ।

ਇੱਥੇ ਇਹ ਗੱਲ ਵਿਸ਼ੇਸ਼ ਤੌਰ 'ਤੇ ਵਰਨਣ ਯੋਗ ਹੈ ਕਿ 'ਨਿਹੰਗ' ਲਫ਼ਜ਼ ਮੁਸਲਮਾਨਾਂ ਵਿਚ ਵੀ ਵਰਤਿਆ ਜਾਂਦਾ ਸੀ ਜਿਵੇਂ ਉਪਰੋਕਤ ਅਸੀਂ ਦੇਖਿਆ ਹੈ ਕਿ ਨਿਹੰਗ, ਮੁਗਲਾਂ ਦੀ ਫੌਜ ਦਾ ਇਕ ਵਿਸ਼ੇਸ਼ ਦਸਤਾ ਹੁੰਦਾ ਸੀ ਜੋ ਆਤਮਘਾਤੀ ਹੁੰਦਾ ਸੀ। ਇਹ ਗਾਜ਼ੀ ਕਹਿਲਾਉਂਦੇ ਸਨ। ਮੁਸਲਮਾਨਾਂ ਵਿਚ 'ਨਿਹੰਗ' ਸ਼ਬਦ ਪ੍ਰਚਲਿਤ ਸੀ। ਰੋਪੜ ਵਿਖੇ ਕੋਟਲਾ ਨਿਹੰਗ ਖਾਂ ਪਠਾਣ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਅਨੰਦਪੁਰ ਸਾਹਿਬ ਛੱਡਣ ਤੋਂ ਉਪਰੰਤ ਸਹਾਇਤਾ ਕੀਤੀ ਸੀ ਅਤੇ ਜ਼ਖ਼ਮੀ ਹੋਏ ਭਾਈ ਬਚਿੱਤਰ ਸਿੰਘ ਦੀ ਸੇਵਾ ਕੀਤੀ ਸੀ:

ਜ਼ਖ਼ਮੀ ਹੋਇ ਤਹ ਬਚਿਤ੍ਰ ਸਿੰਘ ਵਰਯੋ। ਪਠਾਣ ਨਿਹੰਗ ਉਸ ਚੰਗੋ ਕਰਯੋ।[20]

ਕੋਟਲਾ ਨਗਰ ਜਿਸ ਦਾ ਨਾਮ ਹੁਣ 'ਕੋਟਲਾ ਨਿਹੰਗ ਖਾਂ' ਹੈ, ਵਿਚ ਸੈਣੀ ਬਰਾਦਰੀ ਦੇ ਲੋਕ ਰਹਿੰਦੇ ਸਨ ਅਤੇ ਇਹ ਨਗਰ ਕਾਫੀ ਸਮੇਂ ਤੋਂ ਪਠਾਣਾਂ ਦੇ ਕਬਜ਼ੇ ਵਿਚ ਰਿਹਾ ਸੀ। ਨੌਰੰਗ ਖਾਂ ਜੋ ਕਿ ਸੁਲੇਮਾਨ ਦੇ ਖਾਨਦਾਨ ਵਿਚੋਂ ਸੀ, ਉਹ ਗੁਰੂ ਹਰਿਗੋਬਿੰਦ ਜੀ ਦਾ ਸ਼ਰਧਾਲੂ ਸੀ। ਨੌਰੰਗ ਖਾਂ ਦੇ ਘਰ ਔਲਾਦ ਨਹੀਂ ਸੀ। ਗੁਰੂ ਸਾਹਿਬ ਦੇ ਬਚਨਾਂ ਸਦਕਾ ਉਸਦੇ ਘਰ ਇਕ ਪੁੱਤਰ ਨੇ ਜਨਮ ਲਿਆ ਜਿਸਦਾ ਨਾਮ ਨਿਹੰਗ ਖਾਂ ਰਖਿਆ ਗਿਆ। ਆਪਣੇ ਪੁੱਤਰ ਦੇ ਜਨਮ ਦੀ ਖੁਸ਼ੀ ਵਿਚ ਨੌਰੰਗ ਖਾਂ ਨੇ ਪਿੰਡ ਕੋਟਲਾ ਜਾਂ ਕੋਟ ਪਠਾਣਾਂ ਦਾ ਨਾਮ ਬਦਲ ਕੇ 'ਕੋਟਲਾ ਨਿਹੰਗ' ਰਖ ਦਿੱਤਾ।[21] ਗੁਰੂ ਹਰਿਗੋਬਿੰਦ ਜੀ ਦੇ ਸਮੇਂ ਤੋਂ ਹੀ ਇਹ ਪਰਿਵਾਰ ਗੁਰੂ ਘਰ ਨਾਲ ਜੁੜਿਆ ਰਿਹਾ। ਮਈ 1694 ਈ. ਦੇ ਆਰੰਭ ਵਿਚ ਗੁਰੂ ਗੋਬਿੰਦ ਸਿੰਘ ਜੀ ਪਰਿਵਾਰ ਸਹਿਤ ਰੋਪੜ ਨੇੜੇ ਕੋਟਲਾ ਨਿਹੰਗ ਖਾਂ ਦੇ ਪੁੱਤਰ ਆਲਮ ਖਾਂ ਦੇ ਵਿਆਹ ਵਿਚ ਸ਼ਾਮਿਲ ਹੋਏ ਸਨ।[22]

---

19 Balwant Gargi (Ed.), Nihangs: Knight Errants of the Guru, Punjab Tourism Dept, Chandigarh, Undated, p.3.

20 ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਡਾ. ਬਲਵੰਤ ਸਿੰਘ ਢਿਲੋਂ (ਸੰਪਾ.), ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, ਅਪ੍ਰੈਲ 2004, ਪੰਨਾ ੫੫.

21 ਮੁਖਤਿਆਰ ਸਿੰਘ 'ਸਾਰੰਗ', ਗੁ: ਸ੍ਰੀ ਭੱਠਾ ਸਾਹਿਬ ਦੀ ਬਹੁ ਪੱਖੀ ਇਤਿਹਾਸਕ ਖੋਜ, (ਪ੍ਰਕਾ.) ਭਾਈ ਜਗਸੀਰ ਸਿੰਘ ਗਿਆਨੀ, ਤਹਿਸੀਲ ਮਾਨਸਾ, ਜ਼ਿਲ੍ਹਾ ਬਠਿੰਡਾ, 1989, ਪੰਨੇ 34-35.

22 ਸੰਗਤ ਸਿੰਘ, ਇਤਿਹਾਸ 'ਚ ਸਿੱਖ, ਵਿਸ਼ੇਸ਼ ਪੁਸਤਕਾਂ, ਨਵੀਂ ਦਿੱਲੀ, 1999, ਪੰਨਾ 65.

ਆਲਮ ਖਾਂ, ਚੌਧਰੀ ਰਾਇ ਕੱਲੇ ਦਾ ਜਵਾਈ ਸੀ।[23] ਗਨੀ ਖਾਂ ਅਤੇ ਨਬੀ ਖਾਂ, ਨਿਹੰਗ ਖਾਂ ਦੀ ਭੂਆ ਦੇ ਪੁੱਤਰ ਸਨ।[24] ਸੱਤ ਪੋਹ ਦੀ ਸਵੇਰ ਨੂੰ ਗੁਰੂ ਜੀ ਨੇ ਰੋਪੜ ਦੇ ਨੇੜੇ ਕੋਟਲਾ ਨਿਹੰਗ ਖਾਂ ਪਹੁੰਚ ਕੇ ਵਿਸ਼ਰਾਮ ਕੀਤਾ ਸੀ।[25]

ਗੁਰੂ ਜੀ ਭਾਈ ਬੱਚਿਤਰ ਸਿੰਘ ਨੂੰ ਜ਼ਖ਼ਮੀ ਹਾਲਤ ਵਿਚ ਨਿਹੰਗ ਖਾਂ ਦੀ ਦੇਖ-ਰੇਖ ਵਿਚ ਛੱਡ ਕੇ ਅੱਗੇ ਚਲੇ ਗਏ। ਨਿਹੰਗ ਖਾਂ ਦੀ ਬੇਟੀ ਬੀਬੀ ਮੁਮਤਾਜ਼ ਨੇ ਜਖ਼ਮੀ ਬੱਚਿਤਰ ਸਿੰਘ ਦੀ ਮੱਲਮ ਪੱਟੀ ਕੀਤੀ। ਜਦੋਂ ਮੁਗਲ ਸਿਪਾਹੀ ਨਿਸ਼ਾਨਦੇਹੀ ਕਰਦੇ ਹੋਏ ਨਿਹੰਗ ਖਾਂ ਦੇ ਘਰ ਆ ਗਏ ਤਾਂ ਨਿਹੰਗ ਖਾਂ ਨੇ ਆਖਿਆ ਕਿ ਸਾਰੇ ਘਰ ਦੀ ਤਲਾਸ਼ੀ ਲੈ ਸਕਦੇ ਹੋ ਪਰ ਇਸ ਕਮਰੇ ਵਿਚ ਨਹੀਂ ਜਾ ਸਕਦੇ ਕਿਉਂਕਿ ਇੱਥੇ ਮੇਰੀ ਬੇਟੀ ਅਤੇ ਦਾਮਾਦ ਹਨ। ਮੁਗਲ ਸਿਪਾਹੀ ਵਾਪਿਸ ਚਲੇ ਗਏ। ਬੀਬੀ ਮੁਮਤਾਜ਼ ਨੇ ਸਾਰੀ ਉਮਰ ਪਿਤਾ ਦਾ ਉਹ ਬੋਲ ਪੁਗਾਇਆ ਅਤੇ ਕੁਵਾਰੀ ਰਹਿ ਕੇ ਹੀ ਪਿੰਡ ਨੌਰੰਗਪੁਰ ਝਾਂਡੀਆਂ ਤੋਂ ਪੰਜ ਕਿਲੋਮੀਟਰ ਦੂਰ ਜੰਗਲਾਂ ਵਿਚ ਜਾ ਕੇ ਤਪ ਕਰਦੇ ਹੋਏ ਹੀ ਸਮਾਂ ਗੁਜ਼ਾਰਿਆ।[26] ਇਸ ਅਸਥਾਨ 'ਤੇ ਪਹਿਲਾਂ ਅਕਾਲੀ ਦਰਸ਼ਨ ਸਿੰਘ ਨਿਹੰਗ ਸਿੰਘ ਅਤੇ ਉਨ੍ਹਾਂ ਦੇ ਨਾਲ ਚਾਰ ਹੋਰ ਨਿਹੰਗ ਸਿੰਘ ਸੇਵਾ ਕਰਦੇ ਸਨ।[27]

### 1.1.2 ਸਿੱਖ ਧਰਮ ਵਿਚ 'ਨਿਹੰਗ':

ਸਿੱਖ ਧਰਮ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 'ਆਸਾ ਰਾਗ' ਅੰਦਰ ਇਸ ਲਫ਼ਜ਼ ਦੀ ਵਰਤੋਂ ਕੀਤੀ:

ਨਿਰਭਉ ਹੋਇਓ ਭਇਆ ਨਿਹੰਗਾ॥ [28]

ਫਰੀਦਕੋਟ ਵਾਲੇ ਟੀਕੇ ਅਨੁਸਾਰ ਉਪਰੋਕਤ ਪੰਕਤੀ ਦੇ ਅਰਥ 'ਨਿਧੜਕ' ਹਨ।[29] ਭਾਵ ਕਿ ਜਿਸਨੂੰ ਕਿਸੇ ਦਾ ਭੈਅ ਨਹੀਂ। ਇਸ ਪੰਕਤੀ ਵਿਚ ਨਿਹੰਗ ਸ਼ਬਦ ਦਾ ਪ੍ਰਯੋਗ ਉਸ ਇਨਸਾਨ ਲਈ ਹੈ ਜੋ ਕਿ

---

23 ਉਹੀ, ਪੰਨਾ 73.

24 ਉਹੀ, ਪੰਨਾ 72.

25 ਨਰਿੰਜਨ ਸਿੰਘ ਸਾਥੀ, ਚਰਨ ਚਲਉ ਮਾਰਗਿ ਗੋਬਿੰਦ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2010, ਪੰਨਾ 34.

26 ਜਗਬਾਣੀ, ਜਲੰਧਰ, ਸਮੋਵਾਰ, 17 ਦਸੰਬਰ 2018, ਪੰਨਾ iii.

27 ਗੁਰਮੁਖ ਸਿੰਘ (ਸੰਪਾ.), ਗਿਆਨੀ ਗਰਜਾ ਸਿੰਘ ਦੀ ਇਤਿਹਾਸਕ ਖੋਜ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਜੁਲਾਈ 2010, ਪੰਨਾ 307.

28 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸੈਂਚੀ ਦੂਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਦਸੰਬਰ, 1979, ਪੰਨਾ ੩੯੨.

29 ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ (ਫਰੀਦਕੋਟ ਵਾਲਾ ਟੀਕਾ), ਭਾਸ਼ਾ ਵਿਭਾਗ, ਪੰਜਾਬ 1970, ਪੰਨਾ ੮੪੨.

ਨਿਰਭਉ ਹੈ ਅਤੇ ਮੌਤ ਦੇ ਡਰ ਤੋਂ ਰਹਿਤ ਹੈ।[30] ਇਸੇ ਤਰ੍ਹਾਂ ਦੇ ਅਰਥ ਰਤਨ ਸਿੰਘ ਜੱਗੀ ਨੇ 'ਭਾਵ ਪ੍ਰਬੋਧਨੀ ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਕੀਤੇ ਹਨ: "(ਭਾਂਵੇ ਮਨੁੱਖ ਮੌਤ ਤੋਂ) ਨਿਡਰ ਹੋ ਕੇ ਬੇਪਰਵਾਹ ਜਿਹਾ ਬਣ ਗਿਆ, (ਪਰ) ਅੰਗ ਸੰਗ ਰਹਿਣ ਵਾਲਾ ਪ੍ਰਭੂ (ਉਸ ਦੇ) ਚਿਤ ਵਿਚ ਨ ਆਇਆ।"[31] ਇਸਦਾ ਇਹ ਭਾਵ ਨਹੀਂ ਕਿ ਇਹ ਅਰਥ ਨਿਹੰਗ ਸਿੰਘਾਂ ਬਾਬਤ ਹਨ, ਕਿਉਂਕਿ ਨਿਹੰਗ ਸਿੰਘ ਅਕਾਲ ਪੁਰਖ ਦੇ ਭੈਅ ਹੇਠ ਵਿਚਰਦੇ ਹਨ। ਉਪਰੋਕਤ ਅਰਥ ਸਿਰਫ 'ਨਿਹੰਗ' ਸ਼ਬਦ ਦੇ ਅਰਥ ਪ੍ਰਗਟਾ ਰਿਹਾ ਹੈ ਨਾ ਕਿ ਬਾਣੀ-ਬਾਣੇ ਦੇ ਧਾਰਨੀ 'ਨਿਹੰਗ ਸਿੰਘਾਂ' ਦੇ। ਸ੍ਰੀ ਦਸਮ ਗ੍ਰੰਥ ਸਾਹਿਬ ਵਿਚ 'ਨਿਹੰਗ' ਸ਼ਬਦ ਕਈ ਵਾਰ ਆਇਆ ਹੈ ਜਿਵੇਂ :

ਬੱਜੇ ਨਿਸੰਗ॥ ਗੱਜੇ ਨਿਹੰਗ॥ ਛੁੱਟੈ ਕ੍ਰਿਪਾਨ॥ ਲਿੱਟੈ ਜੁਆਨ॥[32]

ਗੱਜੇ ਸੁ ਬੀਰ॥ ਬੱਜੇ ਗਹੀਰ॥ ਬਿਚਰੇ ਨਿਹੰਗ॥ ਜੈਸੇ ਪਿਲੰਗ॥[33]

ਜੁੱਝੇ ਨਿਹੰਗ॥ ਲਿੱਟੇ ਮਲੰਗ॥ ਖੁੱਲੇ ਕਿਸਾਰ॥ ਜਨੁ ਜਟਾ ਧਾਰ॥[34]

ਨਾਗੜਦੰ ਨਿਸਾਣ॥ ਜਾਗੜਦੰ ਜੁਆਣ॥ ਨਾਗੜਦੀ ਨਿਹੰਗ॥ ਪਾਗੜਦੀ ਪਲੰਗ॥[35]

ਟੀਕਾਕਾਰ ਗਿਆਨੀ ਈਸ਼ਰ ਸਿੰਘ ਰਾਮਗੜੀਆ ਨੇ 'ਨਿਹੰਗ' ਸ਼ਬਦ ਦਾ ਅਰਥ ਇਕ ਸਮੁੰਦਰੀ ਜਾਨਵਰ ਕੀਤਾ ਹੈ ਜੋ ਬਹੁਤ ਬੇ-ਡਰ ਹੁੰਦਾ ਹੈ।[36] ਸ੍ਰੀ ਦਸਮ ਗ੍ਰੰਥ ਵਿਚ ਚੰਡੀ ਦੀ ਵਾਰ (ਵਾਰ ਸ੍ਰੀ ਭਗਉਤੀ ਜੀ ਕੀ, ਵਾਰ ਦੁਰਗਾ ਕੀ) ਦੀ ੪੭ਵੀਂ ਪਉੜੀ ਵਿਚ 'ਨਿਹੰਗ' ਸ਼ਬਦ ਦਾ ਜ਼ਿਕਰ ਆਉਂਦਾ ਹੈ:

ਪਹਲਾਂ ਦਲਾਂ ਮਿਲੰਦਿਆਂ ਭੇੜ ਪਇਆ ਨਿਹੰਗਾ॥[37]

---

30 ਕੰਵਰ ਅਜੀਤ ਸਿੰਘ (ਸੰਪਾ.), ਸ੍ਰੀ ਦਸਮ ਗ੍ਰੰਥ ਸਾਹਿਬ ਦਾ ਇਤਿਹਾਸਕ ਅਤੇ ਅਧਿਆਤਮਿਕ ਪੱਖ, ਪੰਨਾ 27.

31 ਰਤਨ ਸਿੰਘ ਜੱਗੀ (ਡਾ.), ਭਾਵ ਪ੍ਰਬੋਧਨੀ ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ, ਭਾਗ ਤੀਜਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013, ਪੰਨਾ 125.

32 ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ, ਸੈਂਚੀ ਪਹਿਲੀ, ਬੰਦੀਛੋੜ ਕਲਗੀਧਰ ਪ੍ਰਿਟਿੰਗ ਪ੍ਰੈੱਸ, ਪਿੰਡ ਮਹਿਰੋਂ, ਜ਼ਿਲ੍ਹਾ ਮੋਗਾ, ਪੰਜਾਬ, 2011, ਪੰਨਾ ੬੬.

33 ਉਹੀ, ਪੰਨਾ ੬੬.

34 ਉਹੀ, ਪੰਨਾ ੬੬.

35 ਉਹੀ, ਪੰਨਾ ੧੧੧.

36 ਈਸ਼ਰ ਸਿੰਘ ਰਾਮਗੜੀਆ (ਟੀਕਾਕਾਰ), ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਸ਼੍ਰੋਮਣੀ ਸਟੀਕ, ਭਾਗ ਪਹਿਲਾ, ਬਾਬਾ ਤੇਜਾ ਸਿੰਘ ਜੀ ਨਿਹੰਗ ਸਿੰਘ ਮਹਿਰੋਂ ਵਾਲੇ, ਪਿੰਡ ਮਹਿਰੋਂ, ਜਿਲ੍ਹਾ ਮੋਗਾ, ਪੰਜਾਬ, ਅਪ੍ਰੈਲ, ੧੯੯੯, ਪੰਨਾ ੨੨੨.

37 ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ, ਸੈਂਚੀ ਪਹਿਲੀ, ਪੰਨਾ ੧੨੬.

ਜਿਸ ਤੋਂ ਭਾਵ ਹੈ ਕਿ ਸਭ ਤੋਂ ਪਹਿਲਾਂ ਦੋਹਾਂ ਦਲਾਂ ਦੇ ਆਪਸ ਵਿਚ ਮਿਲਦਿਆਂ ਹੀ ਬੇਧੜਕ ਸੂਰਮਿਆਂ ਦਾ ਮੇਲ ਹੋ ਗਿਆ।[38] ਜੰਗ ਦੇ ਮੈਦਾਨ ਵਿਚ ਸਭ ਤੋਂ ਮੂਹਰਲੀ ਕਤਾਰ ਵਿਚ ਅੱਗੇ ਹੋ ਕੇ ਲੜਨ ਵਾਲੇ ਸੂਰਮਿਆਂ ਨੂੰ 'ਨਿਹੰਗ' ਕਿਹਾ ਗਿਆ ਹੈ। ਮੂਹਰਲੀ ਕਤਾਰ ਵਿਚ ਉਨ੍ਹਾਂ ਸੂਰਮਿਆਂ ਨੂੰ ਹੀ ਲਾਇਆ ਜਾਂਦਾ ਹੈ ਜੋ ਦਲੇਰ ਹੋਣ, ਸ਼ਸਤਰ ਵਿੱਦਿਆ ਵਿਚ ਨਿਪੁੰਨ ਹੋਣ ਅਤੇ ਜਿਨ੍ਹਾਂ ਦੇ ਮਨ ਵਿਚ ਮੌਤ ਦਾ ਡਰ ਨਾ ਹੋਵੇ। ਚਰਿਤ੍ਰੋ ਪਾਖਿਆਨ ਦੇ ੨੧੭ਵੇਂ ਚਰਿਤ੍ਰ ਵਿੱਚ ਨਿਹੰਗ ਸ਼ਬਦ ਦਾ ਜ਼ਿਕਰ ਹੈ:

ਜਨੁਕ ਲਹਰਿ ਦਰਿਯਾਵ ਤੇ ਨਿਕਸਯੋ ਬਡੋ ਨਿਹੰਗ॥[39]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਰਚਨਾ 'ਜ਼ਫਰਨਾਮਾ' ਵਿਚ 'ਨਿਹੰਗ' ਲਫ਼ਜ਼ ਦਾ ਕਈ ਵਾਰੀ ਪ੍ਰਯੋਗ ਕੀਤਾ ਹੈ:

ਹਮ ਆਖਰ ਯਕੇ ਰਾਜਹੇ ਸੁਭਟ ਸਿੰਘ॥
ਪਸੰਦ ਆਦਮਸ਼ ਹਮ ਚੁ ਗੁਰਰਾ ਨਿਹੰਗ॥[40]
ਦਿਗਰ ਕਸ ਨਿਆਮਦ ਤਮੰਨਾਇ ਜੰਗ॥
ਕਿ ਪੇਸ਼ੇ ਨਿਯਾਮਦ ਦਿਲਾਵਰ ਨਿਹੰਗ॥[41]
ਬ ਪੋਸ਼ੀਦ ਖ਼ੁਫਤਾਨ ਜੋਸ਼ੀਦ ਜੰਗ॥
ਬ ਕੋਸ਼ੀਦ ਚੂੰ ਸ਼ੇਰ ਮਰਦਾਂ ਨਿਹੰਗ॥[42]
ਦਿਗਰ ਰੋਜ਼ ਬਰਖ਼ਾਸਤ ਹਰ ਦੋ ਜੰਗ॥
ਬ ਆਵਖ਼ੇਤ ਬਾ ਯਕ ਦਿਗਰ ਚੂੰ ਨਿਹੰਗ॥[43]
ਬ ਰਖਸ਼ ਅੰਦਰ ਆਮਦ ਚੁ ਮੁਸ਼ਕੀ ਨਿਹੰਗ॥

---

38 ਈਸ਼ਰ ਸਿੰਘ ਰਾਮਗੜੀਆ (ਟੀਕਾਕਾਰ), ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਸ਼੍ਰੋਮਣੀ ਸਟੀਕ, ਭਾਗ ਪਹਿਲਾ, ਪੰਨਾ ੨੫੩.

39 ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ, ਸੈਂਚੀ ਦੂਜੀ, ਬੰਦੀਛੋੜ ਕਲਗੀਧਰ ਪ੍ਰਿੰਟਿੰਗ ਪ੍ਰੈੱਸ, ਪਿੰਡ ਮਹਿਰੋਂ, ਜਿਲ੍ਹਾ ਮੋਗਾ, ਪੰਜਾਬ, 2011, ਪੰਨਾ ੧੧੨੬.

40 ਉਹੀ, ਪੰਨਾ ੧੪੦੦.

41 ਉਹੀ, ਪੰਨਾ ੧੪੦੨.

42 ਉਹੀ, ਪੰਨਾ ੧੪੦੩.

43 ਉਹੀ, ਪੰਨਾ ੧੪੦੩.

ਬਸੇ ਬੰਗਸੀ ਬੋਜ਼ ਬੰਗੋ ਪਿਲੰਗ॥[44]

ਕਿ ਗੁਸਤਾਖ਼ ਦਸਤ ਅਸਤ ਚਾਲਾਕ ਜੰਗ॥

ਬ ਵਕ਼ਤੇ ਤਰਦਦ ਚੁ ਸ਼ੇਰੋ ਨਿਹੰਗ॥[45]

ਚੁਨਾ ਮਉਜ਼ ਖ਼ੇਜ਼ਦ ਜ਼ਿ ਦਰੀਯਾਬ ਸੰਗ॥

ਬ ਰਖ਼ਸ਼ ਅੰਦਰ ਆਮਦ ਚੁ ਤੇਗੋ ਨਿਹੰਗ॥[46]

ਦਿਹਾ ਦਿਹ ਦਰਆਮਦ ਜ਼ਿ ਤੀਰੋ ਤੁਫੰਗ॥

ਹਯਾ ਹਯ ਦਰਆਮਦ ਨਿਹੰਗੋ ਨਿਹੰਗ॥[47]

ਦਿਗਰ ਕਸ ਨਿਆਮਦ ਤਮੰਨਾਇ ਜੰਗ॥

ਕਿ ਬੇਰੂੰ ਨਿਯਾਮਦ ਦਿਲਾਵਰ ਨਿਹੰਗ॥[48]

ਸ੍ਰੀ ਸਰਬਲੋਹ ਗ੍ਰੰਥ ਵਿਚ 'ਨਿਹੰਗ' ਸ਼ਬਦ ਦਾ ਕਈ ਵਾਰੀ ਜ਼ਿਕਰ ਆਉਂਦਾ ਹੈ:

ਨਿਸਰ ਦਲ ਤੇ ਆਏ ਬ ਮੈਦਾਨਿ ਜੰਗ॥

ਪਰਾਕ੍ਰਮ ਬਲਵੰਡ ਸ਼ੇਰਾਂ ਨਿਹੰਗ॥[49]

ਮਗਰ ਖ਼ਿਰਸ ਰੋਬਾਹ ਸਾਬੇ ਨਿਹੰਗ॥[50]

ਇਸ ਤੋਂ ਇਲਾਵਾ ਸਿੱਖ ਧਰਮ ਦੇ ਅਨੇਕਾਂ ਗੌਣ ਗ੍ਰੰਥਾਂ ਵਿਚ 'ਨਿਹੰਗ' ਸ਼ਬਦ ਦੀ ਵਰਤੋਂ ਕੀਤੀ ਗਈ ਮਿਲਦੀ ਹੈ। ਭਾਈ ਨੰਦ ਲਾਲ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਲਈ 'ਨਿਹੰਗ' ਲਫ਼ਜ਼ ਵਰਤਿਆ ਹੈ। ਆਪਣੀ ਰਚਨਾ 'ਜੋਤਿ ਬਿਗਾਸ' ਵਿਚ ਭਾਈ ਨੰਦ ਲਾਲ ਜੀ ਲਿਖਦੇ ਹਨ:

---

44 ਉਹੀ, ਪੰਨਾ ੧੪੦੩.

45 ਉਹੀ, ਪੰਨਾ ੧੪੧੩.

46 ਉਹੀ, ਪੰਨਾ ੧੪੨੨.

47 ਉਹੀ, ਪੰਨਾ ੧੪੨੨.

48 ਉਹੀ, ਪੰਨਾ ੧੪੨੩.

49 ਸੰਪੂਰਨ ਸ੍ਰੀ ਸਰਬਲੋਹ ਗ੍ਰੰਥ ਸਾਹਿਬ ਜੀ, ਪੋਥੀ ਭਾਗ ਦੂਜਾ, (ਪ੍ਰਕਾ.) ਸਿੰਘ ਸਾਹਿਬ ਸੰਤਾ ਸਿੰਘ ਜੀ ਜਥੇਦਾਰ ਛਿਆਨਵੇਂ ਕ੍ਰੋੜੀ, ਸ਼ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ (ਚਕਰਵਰਤੀ) ਹਿੰਦੁਸਤਾਨ (ਪੰਜਾਬ), ਗੁਰੂ ਕਾ ਬਾਗ, ਸ੍ਰੀ ਅਨੰਦਪੁਰ ਸਾਹਿਬ (ਰੋਪੜ), ਮਿਤੀਹੀਨ, ਪੰਨਾ ੩੯੭.

50 ਉਹੀ, ਪੰਨਾ ੩੯੯.

ਬ ਬਹਿਰਿ ਤਹਾਰਬ ਦਮਿੰਦਾ ਨਿਹੰਗ

ਦਿਲਿ ਖ਼ਸਮ ਦੋਜ਼ਾ ਬ ਤੀਰੋ ਖ਼ਦੰਗ॥[51]

ਭਾਵ ਕਿ ਉਹ (ਗੁਰੂ ਗੋਬਿੰਦ ਸਿੰਘ ਜੀ) ਜੰਗ ਦੇ ਸਮੁੰਦਰ ਦਾ ਫੁੰਕਾਰਦਾ ਹੋਇਆ ਮਗਰਮੱਛ ਹੈ। ਉਹ ਆਪਣੇ ਤੀਰਾਂ ਤੁਫੰਗਾਂ ਨਾਲ ਦੁਸ਼ਮਣ ਦੇ ਦਿਲ ਨੂੰ ਪਰੋ ਦੇਣ ਵਾਲਾ ਹੈ।[52] ਵੀਰ ਸਿੰਘ ਬਲ ਨੇ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਲਈ ਵੀ ਇਹ ਸ਼ਬਦ ਵਰਤਿਆ ਹੈ ਅਤੇ ਉਨ੍ਹਾਂ ਨੂੰ 'ਨਿਹੰਗ ਫਕੀਰ' ਆਖਿਆ ਹੈ:

ਜਾ ਕਾ ਨਾਮ ਲੈ ਕੇ ਤੁਮੈ ਬਾਂਧਤ ਹਥਿਆਰ

ਵਾਰ ਏਕ ਨਾ ਸੰਭਾਰਿਓ ਹਾਰਿਓ ਫਕਰੇ ਨਿਹੰਗ ਪੈ।

ਤੇਰੀ ਸੁਤਾ ਕਹੈ ਰਹੇ ਕੌਨ ਮੈ ਗੁਮਾਨ ਤਬ

ਚੜੇ ਜੋ ਗੁਬਿੰਦ ਸਿੰਘ ਧਨੁਖ ਲੈ ਤੁਰੰਗ ਪੈ॥[53]

ਗੁਰ ਬਿਲਾਸ ਪਾਤਸ਼ਾਹੀ ੧੦ ਦੇ ਕਰਤਾ ਕੋਇਰ ਸਿੰਘ ਨੇ ਆਪਣੀ ਰਚਨਾ ਵਿਚ 'ਨਿਹੰਗ' ਲਫ਼ਜ਼ ਕਈ ਵਾਰੀ ਵਰਤਿਆ ਹੈ:

ਇਤੇ ਆਪ ਕੇ ਰੰਗ ਆਏ ਸੁ ਸਿੰਘੰ। ਹਨੇ ਸੂਰਬੀਰੰ ਉਤੇ ਵੈ ਨਿਹੰਗੰ।[54]

ਨਿਹੰਗਨ ਨਾਮ ਬਤਾਵਹੀ ਮੀਂਡੀ ਕਰ ਲਘੁ ਅੰਗ।

ਪੂਜ ਕਰੈਂ ਅਤਿ ਤੋਪ ਕੀ ਚਲੇ ਅਨੰਦ ਪੁਰ ਸੰਗ।[55]

ਮਾਰੇ ਤੋਪ ਬਖਾਨੇ ਨਾਮ। ਏਹ ਨਿਹੰਗ ਕੋ ਅਤਿ ਕਾਮ।[56]

---

51 ਗੰਡਾ ਸਿੰਘ (ਡਾ.)(ਸੰਪਾ.), ਭਾਈ ਨੰਦ ਲਾਲ ਗ੍ਰੰਥਾਵਲੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪੰਜਵੀ ਐਡੀਸ਼ਨ, 2016, ਪੰਨਾ 176.

52 ਉਹੀ, ਪੰਨਾ 176.

53 ਦੇਵਿੰਦਰ ਸਿੰਘ ਵਿਦਿਆਰਥੀ (ਸੰਪਾ.), ਸ੍ਰੀ ਗੁਰੂ ਗੋਬਿੰਦ ਸਿੰਘ ਅਭਿਨੰਦਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1983, ਪੰਨਾ 153.

54 ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦਸੰਬਰ 1968, ਪੰਨਾ 167.

55 ਉਹੀ, ਪੰਨਾ 188.

56 ਉਹੀ.

ਏਕ ਭਗਤਿ ਤੁਮਰੀ ਯੌ ਕਰੇਈ। ਨਾਮ ਨਿਹੰਗਨ ਜਾਨੋ ਤੇਹੀ।[57]

ਪੰਜ ਸਸਤ੍ਰ ਤਹਿ ਜਾਨ ਨਿਹੰਗਂ। ਜਨੁ ਆਯੋ ਇਕ ਕਾਲ ਭੁਯੰਗਂ।[58]

ਉਪਰੋਕਤ ਪੰਕਤੀਆਂ ਵਿਚ 'ਨਿਹੰਗ' ਸ਼ਬਦ ਤੋਂ ਭਾਵ ਹੈ ਕਿ ਜੋ ਸੂਰਬੀਰ ਹੈ ਅਤੇ ਸ਼ਸਤਰਾਂ ਨੂੰ ਚਲਾਉਣ ਦੀ ਵਿੱਦਿਆ ਬਾਖ਼ੂਬੀ ਜਾਣਦਾ ਹੈ ਅਤੇ ਜੋ ਆਪਣੇ ਤਨ ਉੱਤੇ ਪੰਜ ਸ਼ਸਤਰ ਸਜਾ ਕੇ ਰਖਦਾ ਹੈ ਭਾਵ ਸ਼ਸਤਰਾਂ ਨਾਲ ਲੈਸ ਰਹਿੰਦਾ ਹੈ। ਸਤਾਰ੍ਹਵੀਂ ਸਦੀ ਦੇ ਪਿਛਲੇਰੇ ਅੱਧ ਵਿਚ ਰਚੀ ਮੱਕੇ ਮਦੀਨੇ ਦੀ ਗੋਸ਼ਟਿ ਵਿਚ ਵੀ 'ਨਿਹੰਗ' ਸ਼ਬਦ ਨੂੰ ਅੰਕਿਤ ਕੀਤਾ ਗਿਆ ਹੈ:

ਬਧਾ ਜੁਸੇ ਜਿ ਖੁਲੇ ਫਿਰੇ ਚਉਰਾਸੀ ਅੰਗਿ।

ਮੁਲਾਂ ਬ੍ਰਾਹਮਣ ਨ ਬੁਝੇ ਬੁਝਨਿ ਫਕਰਿ ਨਿਹੰਗਿ॥[59]

ਇੱਥੇ ਮੁੱਲਾਂ-ਬ੍ਰਾਹਮਣਾਂ ਨਾਲੋਂ ਫੱਕਰ ਸੁਭਾਅ ਵਾਲੇ ਨਿਹੰਗ ਦੀ ਉੱਚਤਾ ਦਰਸਾਈ ਗਈ ਹੈ ਜੋ ਕਿਸੇ ਦਾ ਭੈਅ ਨਹੀਂ ਮੰਨਦੇ। ਰਹਿਤਨਾਮਿਆਂ ਵਿਚ 'ਨਿਹੰਗ' ਸ਼ਬਦ ਉਸ ਵਿਅਕਤੀ ਪ੍ਰਥਾਇ ਆਇਆ ਹੈ ਜਿਸ ਨੇ ਸੀਸ ਉੱਤੇ ਉੱਚਾ ਦੁਮਾਲਾ ਸਜਾਇਆ ਹੋਵੇ ਅਤੇ ਅਕਾਲ ਪੁਰਖ ਦਾ ਅਨੁਸਾਰੀ ਹੋਵੇ:

ਊਚਾ ਬੁੰਗਾ ਜੋ ਸਜੈ ਨਾਮ ਨਿਹੰਗ ਸੁਜਾਨ।

ਕਰਮ ਅਕਾਲੀ ਸਮ ਕਰੈ ਸੁਨਹੁ ਸਿੱਖ ਧਰ ਕਾਨ।[60]

ਜਿਸਨੇ ਆਪਣੇ ਸੀਸ ਉੱਤੇ ਉੱਚਾ ਬੁੰਗਾ ਭਾਵ ਦਸਤਾਰ ਸਜਾਈ ਹੋਵੇ, ਉਹ ਨਿਹੰਗ ਹੈ। ਅੱਜ ਵੀ ਨਿਹੰਗ ਸਿੰਘ ਸੀਸ ਉੱਤੇ ਉੱਚੇ ਦੁਮਾਲੇ ਸਜਾ ਕੇ ਰਖਦੇ ਹਨ। ਰਹਿਤਨਾਮਿਆਂ ਵਿਚ ਭਾਈ ਬੁੱਧ ਸਿੰਘ ਦੇ 'ਖਾਲਸਾ ਸ਼ਤਕ' ਵਿਚ ਨਿਹੰਗ ਲਫ਼ਜ਼ ਦਾ ਜ਼ਿਕਰ ਮਿਲਦਾ ਹੈ:

ਗੁਰ ਸਿਰ ਵਾਰਿਓ ਲੋਹ ਲੈ, ਧਾਰੇ ਭੂਖਨ ਅੰਗ।

ਭੋਜਨ ਪਟ ਕਰ ਸੇਵ ਤਿਹ, ਸੋ ਗੁਰ ਪ੍ਰੇਯ ਨਿਹੰਗ।[61]

---

[57] ਉਹੀ.

[58] ਉਹੀ, ਪੰਨਾ 199.

[59] ਕੁਲਵੰਤ ਸਿੰਘ (ਡਾ.)(ਸੰਪਾ.), ਮੱਕੇ ਮਦੀਨੇ ਦੀ ਗੋਸ਼ਟਿ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨਵਰਸਿਟੀ, ਪਟਿਆਲਾ, ਤੀਜੀ ਵਾਰ, 2013, ਪੰਨਾ 115.

[60] ਪਿਆਰਾ ਸਿੰਘ ਪਦਮ (ਸੰਪਾ.), ਰਹਿਤਨਾਮੇ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਦਸਵੀਂ ਵਾਰ, ਅਗਸਤ 2015, ਪੰਨਾ 75.

[61] ਉਹੀ, ਪੰਨਾ 165.

ਜੋ ਸ਼ਸਤਰ ਸਹਾਰਦਾ ਹੋਇਆ ਆਪਣਾ ਸਿਰ ਗੁਰੂ ਦੇ ਲੇਖੇ ਲਗਾ ਦਿੰਦਾ ਹੈ, ਉਹ ਨਿਹੰਗ ਹੈ। ਭਾਈ ਰਤਨ ਸਿੰਘ ਭੰਗੂ ਨੇ 'ਸ੍ਰੀ ਗੁਰ ਪੰਥ ਪ੍ਰਕਾਸ਼' ਵਿਚ 'ਨਿਹੰਗ' ਸ਼ਬਦ ਦੀ ਪਰਿਭਾਸ਼ਾ ਇਸ ਤਰ੍ਹਾਂ ਦੱਸੀ ਹੈ:

ਨਿਹੰਗ ਕਹਾਵੈ ਸੋ ਪੁਰਸ਼ ਦੁਖ ਸੁਖ ਮੰਨੇ ਨ ਅੰਗ।
ਜਿਮ ਦੁਖ ਸੁਖ ਦੇਹੀ ਨਾ ਮੰਨੇ ਉਸ ਕਹੈਂ ਬਿਦੇਹੀ ਚੰਗ।[62]

ਭਾਈ ਰਤਨ ਸਿੰਘ ਭੰਗੂ ਅਨੁਸਾਰ ਨਿਹੰਗ ਉਹ ਹੈ ਜੋ ਦੁੱਖ-ਸੁੱਖ ਨੂੰ ਆਪਣੇ ਸਰੀਰ ਉੱਤੇ ਨਾ ਮੰਨਦਾ ਹੋਇਆ ਬਿਦੇਹੀ (ਦੇਹ ਰਹਿਤ) ਹੋ ਗਿਆ ਹੋਵੇ ਭਾਵ ਕਿ ਜਿਸ ਨੂੰ ਦੁੱਖ-ਸੁੱਖ ਅਤੇ ਸਰੀਰਕ ਪੀੜਾ ਦਾ ਕਸ਼ਟ ਮਹਿਸੂਸ ਨਾ ਹੋਵੇ। ਪੰਡਿਤ ਤਾਰਾ ਹਰਿ ਨਰੋਤਮ ਅਨੁਸਾਰ, "ਨਿਹੰਗ ਬਹੁਤ ਕਰ ਨੀਲੇ ਔਰ ਸੁਰਮਈ ਬਸਤ੍ਰ ਰਖਤੇ ਹੈਂ। ਨਿਯਮ ਸੇ ਸ਼ਸਤ੍ਰ ਪਾਸ ਰਖਤੇ ਹੈਂ।"[63] ਗਿਆਨੀ ਗਿਆਨ ਸਿੰਘ 'ਨਿਹੰਗ' ਸ਼ਬਦ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕਰਦੇ ਹਨ: "ਨਿਹੰਗ ਸਿੰਘ ਨੀਲ ਰੰਗ ਪਹਿਰਤੇ ਹੈਂ ਕਖਾਇ ਨਹੀਂ ਪਹਿਰਤੇ। ਨਿਹੰਗ ਸਿੰਘ ਉਲਟੀ ਪਰਦੱਖਣਾ ਲੇਤੇ ਹੈਂ। ਨਿਰਮਲੇ, ਸੀਧੇ-ਸਾਦੇ ਸਾਫੇ, ਦਸਤਾਰੇ ਪਹਿਰਤੇ ਹੈਂ। ਨਿਹੰਗ ਸਿੰਘ ਚਕ੍ਰ ਖੰਡੇ ਕਰਦਾਂ ਜ਼ੰਜੀਰਾਂ ਸਹਿਤ ਜੰਗ ਕੇ ਸੰਜੋਏ ਉੱਚੇ ਦੁਮਾਲੇ ਰਖਤੇ ਹੈਂ।"[64] ਗਿਆਨੀ ਗਿਆਨ ਸਿੰਘ ਦੀ ਰਚਨਾ 'ਪੰਥ ਪ੍ਰਕਾਸ਼' ਵਿਚ ਵੀ 'ਨਿਹੰਗ' ਸ਼ਬਦ ਆਉਂਦਾ ਹੈ:

ਗੁਰ ਪੰਚਮ ਕਾ ਬਚਨ ਸੰਭਾਲਾ। ਮੇਰਾ ਗੁਰ ਮਿਲ ਊਚ ਦੁਮਾਲਾ।
ਏਸ ਬਚਨ ਅਨੁਸਾਰ ਨਿਹੰਗ। ਸਜਨ ਦੁਮਾਲੇ ਲਗੇ ਨਿਸ਼ੰਗ।[65]

ਇਸੇ ਤਰ੍ਹਾਂ ਭਾਈ ਸੰਤੋਖ ਸਿੰਘ ਦੀ ਰਚਨਾ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚ ਵੀ 'ਨਿਹੰਗ' ਸ਼ਬਦ ਦਾ ਪ੍ਰਯੋਗ ਕੀਤਾ ਮਿਲਦਾ ਹੈ:

ਹੁਇ ਪ੍ਰਸੰਨ ਬਰ ਦੇਵਤਿ ਜੋਵੈ। ਪੰਥ ਖਾਲਸੇ ਮਹਿਂ ਤੁਮ ਹੋਵੈਂ।
ਤੁਝ ਸਮ ਬੇਖ ਸੁਭਾਉ ਬਿਸਾਲੀ। ਨਾਮ ਨਿਹੰਗ ਅਨੇਕ ਅਕਾਲੀ।[66]

---

62 ਰਤਨ ਸਿੰਘ ਭੰਗੂ (ਸ਼ਹੀਦ), ਸ੍ਰੀ ਗੁਰ ਪੰਥ ਪ੍ਰਕਾਸ਼, ਡਾ. ਜੀਤ ਸਿੰਘ ਸੀਤਲ (ਸੰਪਾ.), ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰਜਵੀਂ ਵਾਰ, ਸਤੰਬਰ 2014, ਪੰਨਾ ੫੧੪.

63 ਤਾਰਾ ਹਰਿ ਨਰੋਤਮ, ਸ੍ਰੀ ਗੁਰੁ ਤੀਰਥ ਸੰਗ੍ਰਹਿ, ਸ੍ਰੀ ਨਿਰਮਲ ਪੰਚਾਇਤੀ ਅਖਾੜਾ, ਕਨਖਲ, ਮਈ 1975, ਪੰਨਾ ੨੮੫.

64 ਗਿਆਨ ਸਿੰਘ (ਗਿਆਨੀ), ਨਿਰਮਲ ਪੰਥ ਪ੍ਰਦੀਪਕਾ, ਸੰਤ ਇੰਦਰ ਸਿੰਘ ਚਕ੍ਰਵਰਤੀ (ਸੰਪਾ.), ਨਿਰਮਲ ਪੰਚੈਤੀ ਅਖਾੜਾ, ਕਨਖਲ, ਜ਼ਿਲ੍ਹਾ ਸਹਾਰਨਪੁਰ, 1962, ਪੰਨਾ 9.

65 ਗਿਆਨ ਸਿੰਘ (ਗਿਆਨੀ), ਪੰਥ ਪ੍ਰਕਾਸ਼, ਭਾਸ਼ਾ ਵਿਭਾਗ, ਪੰਜਾਬ, 1987, ਪੰਨਾ 1264.

66 ਸੰਤੋਖ ਸਿੰਘ (ਭਾਈ), ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਿਤੁ ੬, ਅੰਸੂ ੪੪, ਜਿਲਦ ਚੌਦਵੀਂ, ਡਾ. ਭਾਈ ਵੀਰ ਸਿੰਘ (ਸੰਪਾ.), ਭਾਸ਼ਾ ਵਿਭਾਗ, ਪੰਜਾਬ, 1992, ਪੰਨਾ 5920.

ਸ਼ਹੀਦ ਬਿਲਾਸ ਭਾਈ ਮਨੀ ਸਿੰਘ ਜੀ ਵਿਚ ਵੀ ਨਿਹੰਗ ਲਫ਼ਜ਼ ਦਾ ਜ਼ਿਕਰ ਹੈ:

ਡੂਬ ਗਈ ਬੰਦੀਅਨ ਕੇਰੀ। ਤਰੀ ਨਿਹੰਗਨ ਕੀ ਸਬ ਹੇਰੀ।[67]

ਵੀਰ ਸਿੰਘ ਬਲ ਦੀ ਰਚਨਾ 'ਸਿੰਘ ਸਾਗਰ' ਵਿਚ ਜ਼ਿਕਰ ਆਉਂਦਾ ਹੈ ਕਿ ਕੇਸਗੜ੍ਹ ਅਤੇ ਅਨੰਦਗੜ੍ਹ ਦੇ ਕਿਲ੍ਹਿਆਂ 'ਤੇ ਨਿਹੰਗ ਸਿੰਘ ਡਟ ਕੇ ਜੰਗ ਲੜਦੇ ਸਨ:

ਕੇਸਗਢੋ ਗਢ ਆਨੰਦ ਤੇ ਚਢ ਸਿੰਘ ਸਭੈ ਰਣ ਜਾਇ ਲਰੇ ਹੈ।

ਬੀਰ ਨਿਹੰਗ ਮੰਤਰਾਨ ਜਿਉ ਪਗ ਰੋਪ ਨਿਸੰਗ ਹ੍ਵੈ ਜੰਗ ਕਰੇ ਹੈ।[68]

ਗੁਰੂ ਅਮਰਦਾਸ ਜੀ ਦੀ ਬਾਰ੍ਹਵੀਂ ਪੁਸ਼ਤ ਵਿਚੋਂ ਹੋਏ ਸਾਧੂ ਸਿੰਘ ਭੱਲਾ ਦੀ ਰਚਨਾ ਵਿਚ ਵੀ ਨਿਹੰਗ ਲਫ਼ਜ਼ ਦਾ ਜ਼ਿਕਰ ਹੈ:

ਮਾਰੁਕ ਝਕੋਰੈ ਨਾ ਤੁਰੰਗਨ ਤਤਾਈ ਜਾਨ

ਗੁੰਜਤਨ ਮਧੁਖ ਨਿਹੰਗ ਪਾਤਿ ਬਰਨੀ।[69]

'ਪ੍ਰਾਚੀਨ ਵਾਰਾਂ ਤੇ ਜੰਗ-ਨਾਮੇ' ਵਿਚ ਕਈ ਸਿੰਘਾਂ ਦੇ ਨਾਮ ਦੇ ਨਾਲ ਨਿਹੰਗ ਸ਼ਬਦ ਦਾ ਪ੍ਰਯੋਗ ਹੋਇਆ ਮਿਲਦਾ ਹੈ:

ਸੂਬਾ ਸਿੰਘ ਨਿਹੰਗ ਬੀਰ ਲੈ ਫੌਜ ਕਰਾਰੀ।[70]

ਰੁੱਘਾ ਸਿੰਘ ਨਿਹੰਗ ਨੇ ਮੋੜ ਭੇੜੀ ਅਣੀ ਕ੍ਰਿਪਾਨ ਦੀ॥[71]

'ਜੰਗਨਾਮਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ' ਵਿਚ ਲਿਖਿਆ ਹੈ ਕਿ ਨਿਹੰਗਾਂ ਨੇ ਮਿਆਨਾਂ ਵਿਚੋਂ ਤੇਗਾਂ ਕੱਢ ਕੇ ਤੁਰਕਾਂ ਦੀਆਂ ਬੰਦੂਕਾਂ ਦਾ ਸਾਹਮਣਾ ਕੀਤਾ:

---

67 ਸੇਵਾ ਸਿੰਘ (ਕਵੀ), ਸ਼ਹੀਦ ਬਿਲਾਸ ਭਾਈ ਮਨੀ ਸਿੰਘ ਜੀ, ਗਿਆਨੀ ਗਰਜਾ ਸਿਘ (ਸੰਪਾ.), ਪੰਜਾਬੀ ਸਾਹਿਤ ਅਕੈਡਮੀ, ਪੰਜਾਬੀ ਭਵਨ, ਲੁਧਿਆਣਾ, ਦੂਜੀ ਵਾਰ 2007, ਪੰਨਾ 77.

68 ਵੀਰ ਸਿੰਘ ਬਲ (ਭਾਈ), ਸਿੰਘ ਸਾਗਰ, ਡਾ. ਕ੍ਰਿਸ਼ਨਾ ਕੁਮਾਰੀ ਬਾਂਸਲ (ਸੰਪਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ, 1998, ਪੰਨਾ 12.

69 ਦੇਵਿੰਦਰ ਸਿੰਘ ਵਿਦਿਆਰਥੀ (ਸੰਪਾ.), ਸ੍ਰੀ ਗੁਰੂ ਗੋਬਿੰਦ ਸਿੰਘ ਅਭਿਨੰਦਨ, ਪੰਨਾ 271.

70 ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਪ੍ਰਾਚੀਨ ਵਾਰਾਂ ਤੇ ਜੰਗ-ਨਾਮੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਤੀਜੀ ਵਾਰ 1983, ਪੰਨਾ 117.

71 ਉਹੀ, ਪੰਨਾ 117.

ਮਨ ਵਿਚ ਕਰਕਣ ਦਿਲ ਵਿਚ ਸੋਗਾ। ਮਿਆਨੋ ਖਿਚ ਲਈਆਂ ਨਿਹੰਗਾਂ।

ਚੰਦਨ ਰੋਕਿਆ ਜਿਵੇਂ ਭੁਝੰਗਾਂ। ਤਿਸ ਵਿਚ ਬੇਧੇ ਤੁਰਕ ਤੁਫੰਗਾਂ।[72]

ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼ ਵਿਚ 'ਨਿਹੰਗ' ਸ਼ਬਦ ਅਨੇਕਾਂ ਵਾਰ ਆਇਆ ਹੈ:

ਦਿਏ ਸਸਤ੍ਰ ਔ ਬਸਤ੍ਰ ਅਨੂਪਮ ਨਾਥ ਕਿਏ ਸੁ ਪ੍ਰਸੰਨ ਹੈਂ ਸਿੰਘ ਨਿਹੰਗ॥[73]

ਉਦੈ ਸਿੰਘ ਆਗੈ ਭਯੋ ਕਛੁ ਕੁ ਸੂਰ ਲੈ ਸੰਗ॥

ਹੇਰਤ ਸਿੰਘ ਅਜੀਤ ਤਹਿ ਜੰਗ ਅਭੰਗ ਨਿਹੰਗ॥[74]

ਗੋਬਿੰਦ ਸਿੰਘ ਕੇ ਸੰਗ ਕੇ ਜੰਗੀ ਬੜੇ ਨਿਹੰਗ॥[75]

ਸਾਲ ਪਤ੍ਰ ਬੰਧਵਾਇਕੈ ਚੰਗੇ ਕਿਏ ਨਿਹੰਗ॥[76]

ਧਾਇ ਪਰੇ ਨਿਸ ਕੇ ਭਏ ਸਿੰਘ ਨਿਹੰਗ ਬਸੀਠ॥[77]

ਯਾ ਬਿਧਿ ਸੋ ਬਰ ਜੰਗ ਕਰ ਸਿੰਘ ਨਿਹੰਗ ਅਭੰਗ॥[78]

ਇਸ ਤੋਂ ਇਲਾਵਾ 'ਫ਼ਤਿਹਨਾਮਾ ਗੁਰੂ ਖ਼ਾਲਸਾ ਜੀ ਕਾ' ਵਿਚ ਵੀ 'ਨਿਹੰਗ' ਲਫ਼ਜ਼ ਕਈ ਵਾਰੀ ਆਇਆ ਹੈ:

ਮਾਰੇ ਤੀਰ ਨਿਹੰਗ, ਤੁਰਕ ਹਨੇ ਅਰਿ ਜਾਣਕੇ।

ਫੂਲਾ ਸਿੰਘ ਕਰ ਜੰਗ, ਜਸ ਲੀਣੋ ਭਲ ਜਗਤ ਮੇਂ।[79]

ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਤੇਰ੍ਹਵੇਂ ਜਥੇਦਾਰ ਬਾਬਾ ਸੰਤਾ ਸਿੰਘ ਜੀ ਨੇ 'ਨਿਹੰਗ' ਸ਼ਬਦ ਦੇ ਅਰਥ ਮਗਰਮੱਛ, ਘੜਿਆਲ ਤੋਂ ਇਲਾਵਾ 'ਸੰਸਾਰ' ਵੀ ਕੀਤੇ ਹਨ।[80] ਪੁਰਾਤਨ ਸਾਹਿਤ ਸੰਭਾਲ ਵੈੱਲਫੇਅਰ

---

72 ਜੰਗਨਾਮਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਕੰਵਲ ਬੁਕ ਡੀਪੋ, ਚੌਂਕ ਘੰਟਾ ਘਰ, ਅੰਮ੍ਰਿਤਸਰ, ਮਿਤੀਹੀਨ, (GS\Pamph, Q-: 22J, 153 Jo), ਪੰਨਾ 18.

73 ਸੁਮੇਰ ਸਿੰਘ (ਬਾਬਾ), ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼, ਡਾ. ਅੱਛਰ ਸਿੰਘ ਕਾਹਲੋਂ (ਸੰਪਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000, ਪੰਨਾ 155.

74 ਉਹੀ, ਪੰਨਾ 155.

75 ਉਹੀ, ਪੰਨਾ 156.

76 ਉਹੀ, ਪੰਨਾ 159.

77 ਉਹੀ, ਪੰਨਾ 166.

78 ਉਹੀ, ਪੰਨਾ 166.

79 ਗਣੇਸ਼ ਦਾਸ, ਫ਼ਤਿਹਨਾਮਾ ਗੁਰੂ ਖਾਲਸਾ ਜੀ ਕਾ, ਸੀਤਾ ਰਾਮ ਕੋਹਲੀ (ਸੰਪਾ.), ਮਹਿਕਮਾ ਪੰਜਾਬੀ, ਪਟਿਆਲਾ, 1952, ਪੰਨਾ 189.

80 ਸੰਪੂਰਨ ਸਟੀਕ ਸ੍ਰੀ ਸਰਬਲੋਹ ਗ੍ਰੰਥ ਸਾਹਿਬ ਜੀ, ਭਾਗ ਦੂਜਾ, (ਪ੍ਰਕਾ.) ਸਿੰਘ ਸਾਹਿਬ ਬਾਬਾ ਸੰਤਾ ਸਿੰਘ ਜੀ ਜਥੇਦਾਰ ਛਿਆਨਵੇਂ ਕ੍ਰੋੜੀ ਬੁੱਢਾ ਦਲ ਪੰਜਵਾਂ ਤਖ਼ਤ ਪ੍ਰਿਟਿੰਗ ਪ੍ਰੈਸ, ਬਾਬਾ ਬੰਬਾ ਸਿੰਘ ਜੀ ਦੀ ਬਗੀਚੀ, ਲੋਇਰ ਮਾਲ ਰੋਡ, ਪਟਿਆਲਾ, 5 ਜੂਨ 2000, ਪੰਨਾ ੮੮.

ਸੁਸਾਇਟੀ (ਰਜਿ:) ਪਟਿਆਲਾ, ਦੇ ਮੁਖੀ ਗਿਆਨੀ ਗੁਰਜੰਟ ਸਿੰਘ ਦੁਆਰਾ 'ਨਿਹੰਗ' ਸ਼ਬਦ ਨੂੰ ਸੰਧੀ ਛੇਦ ਕਰ ਕੇ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਗਿਆ ਹੈ:

"ਨਿ- ਨਿਮਰਤਾ

ਹੰ- ਹੰਗਤਾ

ਗ- ਗੰਮਤਾ

ਭਾਵ ਕਿ ਨਿਹੰਗ ਸਿੰਘ ਪਹਿਲਾਂ 'ਨਿ' ਨਿਮਰਤਾ ਨਾਲ ਵਿਵਹਾਰ ਕਰਦਾ ਹੈ ਪਰ ਜਦੋਂ ਉਸਦੀ ਨਿਮਰਤਾ ਉੱਤੇ ਜ਼ਾਲਮ ਭਾਰੂ ਪੈਣ ਦੀ ਕੋਸ਼ਿਸ਼ ਕਰਦਾ ਹੈ ਤਾਂ 'ਹੰ' ਹੰਗਤਾ ਭਾਵ ਆਪਣੀ ਬੌਧਿਕਤਾ ਅਤੇ ਬਾਹੂ ਬਲ ਨਾਲ ਡਟ ਕੇ ਮੁਕਾਬਲਾ ਕਰਨ ਦੀ ਸਮਰੱਥਾ ਰਖਦਾ ਹੈ ਅਤੇ ਅਖ਼ੀਰ ਵਿਚ 'ਗ' ਗੰਮਤਾ ਭਾਵ ਸਿਰਫ ਵਾਰ ਕਰਨਾ ਹੀ ਨਹੀਂ ਜਾਣਦਾ ਸਗੋਂ ਜੰਗ ਅੰਦਰ ਅਨੇਕਾਂ ਵਾਰ ਸਰੀਰ ਉੱਤੇ ਸਹਿ ਜਾਣ ਦੀ ਗੰਮਤਾ ਰਖਦਾ ਹੋਇਆ ਦੁਸ਼ਮਣ ਦੀ ਈਨ ਨਹੀਂ ਮੰਨਦਾ।"[81] 'ਸ੍ਰੀ ਅਨੰਦਪੁਰ ਸਾਹਿਬ ਦੇ 350 ਸਾਲਾ ਸਥਾਪਨਾ ਦਿਵਸ ਨੂੰ ਸਮਰਪਿਤ ਸੋਵੀਨਰ' ਵਿਚ ਨਿਹੰਗ ਸ਼ਬਦ ਦੇ ਸੰਧੀ ਛੇਦ ਕਰ ਕੇ ਅਰਥ ਕੀਤੇ ਹਨ ਕਿ (ਨਿ+ਹੰ+ਗ) 'ਨਿ' ਦਾ ਭਾਵ ਨਿਮਰਤਾ, 'ਹੰ ਦਾ ਭਾਵ ਹੰਗਤਾ, 'ਗ' ਦਾ ਭਾਵ ਗੰਮਤਾ ਅਰਥਾਤ ਜਿਸ ਵਿਚ ਭਗਤੀ ਭਾਵਨਾ ਦੁਆਰਾ ਨਿਮਰਤਾ ਆਵੇ ਤੇ ਜੰਗ ਦੇ ਮੈਦਾਨ ਵਿਚ ਸੂਰਮੇ ਵਾਂਗ ਅਹੰਕਾਰ (ਬੀਰ ਰਸ) ਹੋਵੇ ਅਤੇ ਆਤਮਾ ਪਰਮਾਤਮਾ ਦੇ ਰਹੱਸ ਨੂੰ ਜਾਣਨ ਦੀ ਗੰਮਤਾ (ਪਹੁੰਚ) ਹੋਵੇ, ਉਸ ਨੂੰ ਹੀ ਨਿਹੰਗ ਆਖਿਆ ਜਾਂਦਾ ਹੈ।[82]

ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਹੈੱਡਗ੍ਰੰਥੀ ਬਾਬਾ ਮੱਘਰ ਸਿੰਘ ਅਤੇ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਹੈੱਡਗ੍ਰੰਥੀ ਮਹੰਤ ਤ੍ਰਿਲੋਚਨ ਸਿੰਘ ਜੀ ਅਨੁਸਾਰ, "ਜੋ ਹੰਗਤਾ ਤੋਂ ਰਹਿਤ ਹੈ, ਉਹ ਨਿਹੰਗ ਹੈ।"[83] ਬੁੱਢਾ ਦਲ ਦੇ ਮੁਖਤਿਆਰੇ-ਆਮ ਬਾਬਾ ਦਿਆਲ ਸਿੰਘ ਜੀ ਨੇ ਵੀ ਇਹੀ ਅਰਥ ਕਰਦੇ ਹੋਏ ਕਿਹਾ ਹੈ

---

81 ਗੁਰਵਿੰਦਰ ਸਿੰਘ ਨੰਗਲੀ, ਤਵਾਰੀਖ਼ਿ ਨਿਹੰਗ ਸਿੰਘਾਂ, ਭਾਗ ਪਹਿਲਾ, (ਪ੍ਰਕਾ.) ਸਿੰਘ ਸਾਹਿਬ ਜਥੇਦਾਰ ਬਾਬਾ ਗੱਜਣ ਸਿੰਘ ਜੀ, 15ਵੇਂ ਮੁਖੀ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ, ਸ੍ਰੀ ਬਾਬਾ ਬਕਾਲਾ ਸਾਹਿਬ, ਫਰਵਰੀ 2020, ਪੰਨਾ 22.

82 ਦਿਲਜੀਤ ਸਿੰਘ ਬੇਦੀ (ਸੰਪਾ.), ਸ੍ਰੀ ਅਨੰਦਪੁਰ ਸਾਹਿਬ ਦੇ 350 ਸਾਲਾ ਸਥਾਪਨਾ ਦਿਵਸ ਨੂੰ ਸਮਰਪਿਤ ਸੋਵੀਨਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਜੂਨ 2015, ਪੰਨਾ 88.

83 ਇਹ ਜਾਣਕਾਰੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਹੈੱਡ ਗ੍ਰੰਥੀ ਬਾਬਾ ਮੱਘਰ ਸਿੰਘ ਅਤੇ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਹੈੱਡ ਗ੍ਰੰਥੀ ਮਹੰਤ ਤ੍ਰਿਲੋਚਨ ਸਿੰਘ ਜੀ ਪਾਸੋਂ ਬੁੱਢਾ ਦਲ ਦੀ ਛਾਉਣੀ 'ਗੁ: ਸ਼ਹੀਦ ਬਾਬਾ ਮਿੱਤ ਸਿੰਘ ਜੀ ਅਤੇ ਛੇ ਹਜ਼ਾਰ ਨਿਹੰਗ ਸਿੰਘਾਂ' ਸ਼ੰਭੂ, ਵਿਖੇ ਮਿਤੀ 19-5-2018 ਨੂੰ ਵੀਡਿਓ ਰਿਕਾਰਡਿੰਗ ਰਾਹੀਂ ਇੰਟਰਵਿਊ ਵਿਚ ਇੱਕਤਰ ਕੀਤੀ ਗਈ.

ਕਿ ਹੰਗਤਾ ਤੋਂ ਰਹਿਤ ਹੋਇਆ ਮਨੁੱਖ ਨਿਹੰਗ ਹੈ।[84] ਭਾਵ ਕਿ ਬੁੱਢਾ ਦਲ ਵਿਚ ਹੰਗਤਾ ਤੋਂ ਰਹਿਤ ਗੁਰਸਿੱਖ ਨੂੰ 'ਨਿਹੰਗ' ਆਖਿਆ ਜਾਂਦਾ ਹੈ। ਸੰਤ ਸੰਪੂਰਨ ਸਿੰਘ ਨੇ 'ਸੁਧਰਮ ਮਾਰਗ ਗ੍ਰੰਥ' ਵਿਚ 'ਨਿਹੰਗ' ਸ਼ਬਦ ਦੇ ਇਹੀ ਅਰਥ ਕੀਤੇ ਹਨ:

ਨਿਹੰਗ ਹੰਕਾਰ ਤੇ ਰਹਤ ਹ੍ਵੈ ਧਰਮ ਵਿਖੇ ਨਿਸਦਾਯ।

ਸਸਤ੍ਰ ਧਰੇ ਤਨ ਮੈਂ ਸਰਬ ਚੱਕ੍ਰ ਸੀਸ ਧਰਾਯ।[85]

'ਨਿਹੰਗ' ਸ਼ਬਦ ਸੰਬੰਧੀ ਵਿਦਵਾਨਾਂ ਦੀ ਵੱਖਰੀ-ਵੱਖਰੀ ਰਾਇ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ 'ਨਿਹੰਗ' ਸ਼ਬਦ ਦੇ ਕਈ ਅਰਥ ਕੀਤੇ ਹਨ: "ਖੜਗ ਜਾਂ ਤਲਵਾਰ, ਕਲਮ, ਲੇਖਣੀ, ਘੜਿਆਲ, ਮਗਰਮੱਛ, ਘੋੜਾ, ਅਸ੍ਵ, ਤੁਰੰਗ, ਨਿਹਸ਼ੰਕ (ਜਿਸ ਨੂੰ ਮੌਤ ਦੀ ਚਿੰਤਾ ਨਹੀਂ) ਬਹਾਦਰ, ਦਲੇਰ, ਨਿਹਸੰਗ, ਨਿਰਲੇਪ, ਆਤਮਗਯਾਨੀ, ਦ੍ਵੰਦ ਦਾ ਤਿਆਗੀ, ਸਿੰਘਾਂ ਦਾ ਇੱਕ ਫਿਰਕਾ, ਜੋ ਸੀਸ ਪੁਰ ਫਰਹਰੇ ਵਾਲਾ ਉੱਚਾ ਦੁਮਾਲਾ, ਚਕ੍ਰ, ਤੋੜਾ, ਖੰਡਾ, ਕ੍ਰਿਪਾਨ, ਗਜਗਾਹ ਆਦਿਕ ਸ਼ਸਤ੍ਰ ਅਰ ਨੀਲਾ ਬਾਣਾ ਪਹਿਨਦਾ ਹੈ। ਨਿਹੰਗ ਸਿੰਘ ਮਰਣ ਦੀ ਸ਼ੰਕਾ ਤਿਆਗ ਕੇ ਹਰ ਵੇਲੇ ਸ਼ਹੀਦੀ ਪਾਉਣ ਨੂੰ ਤਿਆਰ ਅਤੇ ਮਾਇਆ ਤੋਂ ਨਿਰਲੇਪ ਰਹਿੰਦਾ ਹੈ।"[86] 'ਮਾਲਵਾ ਇਤਿਹਾਸ' ਵਿਚ ਵਿਸਾਖਾ ਸਿੰਘ ਨੇ ਵੀ ਇਹੀ ਅਰਥ ਕੀਤੇ ਹਨ।[87]

ਲਹਿੰਦੀ ਕੋਸ਼ ਅਨੁਸਾਰ ਨਿਹੰਗ ਲਫ਼ਜ਼ ਦੇ ਅਰਥ ਇਸ ਤਰ੍ਹਾਂ ਹਨ: "ਸਿੱਖਾਂ ਦੇ ਇਕ ਸ਼ਸਤਰਧਾਰੀ ਫਿਰਕੇ ਦਾ ਨਾਂ, ਇਸ ਫਿਰਕੇ ਦਾ ਕੋਈ ਆਦਮੀ, ਮਗਰਮੱਛ।"[88] ਭਾਈ ਕਾਨ੍ਹ ਸਿੰਘ ਨਾਭਾ ਨੇ ਨਿਹੰਗ ਸਿੰਘਾਂ

---

84 ਇਹ ਜਾਣਕਾਰੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 'ਮੁਖਤਿਆਰੇ ਆਮ' ਬਾਬਾ ਦਿਆਲ ਸਿੰਘ ਜੀ ਪਾਸੋਂ, ਸ੍ਰੀ ਨਿਰਮਲ ਪੰਚਾਇਤੀ ਅਖਾੜਾ ਡੇਰਾ ਧਰਮਧੱਜਾ, ਪਟਿਆਲਾ ਵਿਖੇ ਮਿਤੀ 9 ਮਾਰਚ 2019 ਨੂੰ ਵੀਡਿਉ ਰਿਕਾਰਡਿੰਗ ਰਾਹੀਂ ਇੰਟਰਵਿਊ ਵਿਚ ਇੱਕਤਰ ਕੀਤੀ ਗਈ.

85 ਸੰਪੂਰਨ ਸਿੰਘ (ਸੰਤ), ਸੁਧਰਮ ਮਾਰਗ ਗ੍ਰੰਥ, ਭਾਈ ਰਲਾ ਸਿੰਘ ਐਂਡ ਸਨਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, ਮਿਤੀਹੀਨ, ਪੰਨੇ 175-176.

86 ਕਾਨ੍ਹ ਸਿੰਘ ਨਾਭਾ (ਭਾਈ), ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1960, ਪੰਨਾ 704.

87 ਵਿਸਾਖਾ ਸਿੰਘ (ਸੰਤ ਸਿਪਾਹੀ ਜਨੇਤ ਪੁਰਾ), ਮਾਲਵਾ ਇਤਿਹਾਸ, ਗੁਰਮਤ ਪ੍ਰਚਾਰਕ ਸਿੰਘ ਸਭਾ, ਇਲਾਕਾ ਤਿਹਾੜਾ, ਫ਼ੀਰੋਜ਼ਪੁਰ, ਪੰਜਾਬ, ਸਤੰਬਰ 1954, ਪੰਨਾ ੪੩੬.

88 ਹਰਦੇਵ ਬਾਹਰੀ (ਡਾ.), ਲਹਿੰਦੀ ਕੋਸ਼, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005, ਪੰਨਾ 417.

ਨੂੰ 'ਫਿਰਕਾ' ਲਿਖ ਕੇ ਸੰਬੋਧਨ ਕੀਤਾ ਹੈ ਜਿਸਦੇ ਅਰਥ ਹਨ: ਗਰੋਹ, ਟੋਲੀ, ਪੰਥ, ਕੌਮ।[89] ਪਰ ਨਿਹੰਗ ਸਿੰਘ ਖਾਲਸਾ ਪੰਥ ਤੋਂ ਵੱਖਰਾ ਪੰਥ ਨਹੀਂ ਹੈ। ਆਪਣੀ ਇਕ ਹੋਰ ਰਚਨਾ 'ਗੁਰਸ਼ਬਦਾਲੰਕਾਰ' ਵਿਚ ਭਾਈ ਕਾਨ੍ਹ ਸਿੰਘ ਨਾਭਾ ਨੇ ਇਕ ਪ੍ਰਸ਼ਨ ਦੇ ਉੱਤਰ ਦੇ ਰੂਪ ਵਿਚ 'ਨਿਹੰਗ' ਸ਼ਬਦ ਨੂੰ ਵਰਤਿਆ ਹੈ:

ਨਿਰਮਲ ਕੇ ਵਹ ਆਦਿ ਮੇ ਰਹਿਤੋ ਬੀਚ ਬਿਹੰਗ,

ਜੰਗ ਅੰਤ ਮੇ ਪੇਖਿਅਤ ਬੂਝੋ ਪ੍ਰਸਨ ਪ੍ਰਸੰਗ।[90]

ਇਸ ਪ੍ਰਸ਼ਨ ਦਾ ਉੱਤਰ ਭਾਈ ਕਾਨ੍ਹ ਸਿੰਘ ਨਾਭਾ ਨੇ 'ਨਿਹੰਗ' ਦਿੱਤਾ ਹੈ।[91] ਖਾਲਸਾ ਧਰਮ ਸ਼ਾਸਤ੍ਰ ਅਨੁਸਾਰ, "ਖੰਡੇ ਪਾਹੁਲੀਆਂ ਸਿੰਘਾਂ, ਬਿਹੰਗਮਾਂ, ਸੰਤ ਬ੍ਰਿਤੀ ਧਾਰਨ ਕਰਨ ਵਾਲਿਆਂ ਵਿਚੋਂ ਸੁਰਮਈ ਬਸਤ੍ਰ ਧਾਰਨ ਕਰਨ ਵਾਲੇ ਨਿਹੰਗ ਸਿੰਘ ਕਹਿਲਾਏ।"[92] ਭਾਈ ਵੀਰ ਸਿੰਘ ਜੀ 'ਨਿਹੰਗ' ਸ਼ਬਦ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕਰਦੇ ਹਨ, "ਜਦ ਸੰਸਕ੍ਰਿਤ ਮੂਲਕ ਸਮਝੀਏ ਤਾਂ ਨਿਸੰਗ ਦੇ ਅਰਥ ਅਸੰਗ, ਵਿਰੱਕਤ ਸਾਧੂ ਹੀ ਠੀਕ ਹੈ। ਇਸ ਦੇ ਅਰਥ ਬੇ-ਡਰ ਤੇ ਬੇ-ਖੌਫ ਜੋ ਮੁਹਾਵਰੇ ਵਿਚ ਹਨ, ਉਸ ਤੋਂ ਮਾਲੂਮ ਹੁੰਦਾ ਹੈ ਕਿ ਇਹ ਫ਼ਾਰਸੀ ਮੂਲਕ ਹੈ, ਫ਼ਾਰਸੀ ਵਿਚ ਨਿਹੰਗ-ਨਾਮ ਮੱਗਰਮੱਛ ਯਾ ਸੰਸਾਰ ਦਾ ਹੈ, ਜੋ ਬੇ-ਡਰ ਅੱਤ ਦਾ ਹੁੰਦਾ ਹੈ। ਸਿੱਖਾਂ ਵਿਚ ਜੋ ਫਿਰਕਾ ਨਿਹੰਗ ਹੈ, ਉਸਦੇ ਲੱਛਣ ਦੋਹਾਂ ਵਾਲੇ ਹਨ, ਉਹ ਸਾਧੂ ਹੁੰਦੇ ਹਨ, ਪਦਾਰਥ ਆਪਣਾ ਕੋਈ ਨਹੀਂ ਸਮਝਦੇ, ਕਿਸੇ ਸ਼ੈ ਦਾ ਕਬਜ਼ਾ ਨਹੀਂ ਕਰਦੇ। ਵਾਹਿਗੁਰੂ ਦਾ ਭਜਨ ਤੇ ਪੰਥ ਦੀ ਸੇਵਾ ਇਹ ਦੋ ਕੰਮ ਕਰਦੇ ਹਨ, ਬੇ-ਖੌਫ ਤੇ ਬੇ-ਡਰ ਅੱਤ ਦੇ ਹੁੰਦੇ ਹਨ, ਮਰਨਾ ਕੁਝ ਸ਼ੈ ਨਹੀਂ ਸਮਝਦੇ, ਸਤਯ ਲਈ ਜਾਨ ਵਾਰਦੇ ਹਨ।"[93]

ਗੁਰਮਤਿ ਮਾਰਤੰਡ ਵਿਚ 'ਨਿਹੰਗ' ਦੀ ਪਰਿਭਾਸ਼ਾ ਇਸ ਤਰ੍ਹਾਂ ਹੈ- "ਪੂਰਣ ਰਹਤਵਾਨ, ਪਰੋਪਕਾਰੀ, ਨਿ: ਸੰਗ, ਉਦਾਰਾਤਮਾ, ਸੂਰਵੀਰ, ਪਰਿਸ਼੍ਰਮੀ ਸਿੰਘਾਂ ਦੀ, ਜੋ ਉੱਚਾ ਦੁਮਾਲਾ ਰਖਦੇ ਤੇ ਨੀਲੇ ਵਸਤ੍ਰ

[89] ਕਾਨ੍ਹ ਸਿੰਘ ਨਾਭਾ (ਭਾਈ), ਗੁਰੁ ਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 815.

[90] ਉਹੀ ਲੇਖਕ, ਗੁਰਸ਼ਬਦਾਲੰਕਾਰ, ਭਾਸ਼ਾ ਵਿਭਾਗ, ਪੰਜਾਬ, 2001, ਪੰਨਾ 131.

[91] ਉਹੀ, ਪੰਨਾ 131.

[92] ਰਾਮਨਰੈਣ ਸਿੰਘ ਸੋਢੀ (ਟਿੱਕਾ ਸਾਹਿਬ), ਸਿੱਖ ਧਰਮ ਖਾਲਸਾ ਪੰਥ ਦੀ ਬਿਵਸਥਾ ਅਰਥਾਤ ਖਾਲਸਾ ਧਰਮ ਸ਼ਾਸਤ੍ਰ ਦੀ ਪੂਰਬ ਮਿਮਾਂਸਾ, 1914, ਪੰਨਾ ੩੬੦.

[93] ਵੀਰ ਸਿੰਘ (ਭਾਈ), ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਸਤਵੀਂ ਐਡੀਸ਼ਨ, ਅਪ੍ਰੈਲ, 2003, ਪੰਨਾ 364.

ਪਹਿਰਦੇ ਤਥਾ ਸ਼ਸਤਰਾਂ ਨਾਲ ਭੂਖਿਤ ਰਹਿੰਦੇ ਹਨ, 'ਨਿਹੰਗ' ਸੰਗਯਾ ਹੈ।"[94] ਸ੍ਰੀ ਗੁਰੂ ਗ੍ਰੰਥ ਕੋਸ਼ ਵਿਚ ਨਿਹੰਗ ਦੇ ਅਰਥ ਨਿਧੜਕ, ਬੇਖੌਫ ਅਤੇ ਬੇਪਰਵਾਹ ਹਨ।[95] ਪੰਜਾਬੀ ਕੋਸ਼ ਅਨੁਸਾਰ ਨਿਹੰਗ ਦੇ ਅਰਥ ਇਸ ਤਰ੍ਹਾਂ ਹਨ:

1. ਸਿੱਖਾਂ ਦੇ ਇਕ ਸ਼ਸਤਰਧਾਰੀ ਫਿਰਕੇ ਦਾ ਨਾਂ, ਇਸ ਫਿਰਕੇ ਦਾ ਕੋਈ ਆਦਮੀ
2. ਮਗਰਮੱਛ
3. ਜਿਸ ਨੂੰ ਮੌਤ ਦੀ ਚਿੰਤਾ ਨਹੀਂ, ਬਹਾਦੁਰ, ਦਲੇਰ
4. ਨਿਹਸੰਗ, ਅਸੰਗ, ਵਿਰਕਤ, ਮਸਤ-ਮਲੰਗ[96]

ਹੰਕਾਰ ਤੋਂ ਰਹਿਤ ਹੋਣ ਦਾ ਭਾਵ ਵੀ 'ਨਿਹੰਗਤਾ' (ਨਿ+ਹੰਗਤਾ) ਅਖਵਾਉਂਦਾ ਹੈ।[97] ਪੰਜਾਬ ਕੋਸ਼ ਅਨੁਸਾਰ ਨਿਹੰਗ ਦੇ ਅਰਥ ਇਸੇ ਤਰ੍ਹਾਂ ਹੀ ਕੀਤੇ ਗਏ ਹਨ: "ਸਿੰਘਾਂ ਦਾ ਇਕ ਫਿਰਕਾ ਜਿਹੜੇ ਸੀਸ ਉੱਤੇ ਫਰਹਰੇ ਵਾਲਾ ਉੱਚਾ ਦੁਮਾਲਾ, ਚੱਕਰ, ਤੋੜਾ, ਖੰਡਾ, ਕਿਰਪਾਨ, ਗਜਗਾਹ ਆਦਿ ਸ਼ਸਤਰ ਅਤੇ ਨੀਲਾ ਬਾਣਾ ਪਹਿਨਦੇ ਹਨ। ਕਈ ਨਿਹੰਗ ਸਿੰਘ ਆਪਣੇ ਕੋਲ ਬਰਛਾ ਜਾਂ ਤੀਰ-ਕਮਾਨ ਆਦਿ ਵੀ ਰਖਦੇ ਹਨ। 'ਗੁਰੂ ਦੀ ਲਾਡਲੀ ਫੌਜ' ਦੇ ਇਹ ਸਿਪਾਹੀ ਮੌਤ ਦੇ ਭੈਅ ਤੋਂ ਮੁਕਤ ਅਤੇ ਮਾਇਆ ਤੋਂ ਨਿਰਲੇਪ ਵਿਚਰਦੇ ਹਨ ਅਤੇ ਦੇਸ਼, ਕੌਮ ਅਤੇ ਧਰਮ ਦੀ ਰੱਖਿਆ ਲਈ ਸ਼ਹੀਦੀਆਂ ਪਾਉਣ ਨੂੰ ਆਪਣੇ ਵੱਡੇ ਭਾਗ ਸਮਝਦੇ ਹਨ।"[98]

ਸਿੱਖ ਪੰਥ ਵਿਸ਼ਵਕੋਸ਼ ਵਿਚ ਡਾ. ਰਤਨ ਸਿੰਘ ਜੱਗੀ, ਨਿਹੰਗ ਸਿੰਘਾਂ ਦੇ ਜੰਗੀ ਸਰੂਪ ਦਾ ਵਰਨਣ ਕਰਦੇ ਹੋਏ ਲਿਖਦੇ ਹਨ: "ਗੁਰੂ ਗੋਬਿੰਦ ਸਿੰਘ ਦੀ ਲਾਡਲੀ ਫ਼ੌਜ ਵਜੋਂ ਪ੍ਰਸਿੱਧ ਨਿਹੰਗ ਸਿੰਘ ਸਿੱਖ ਧਰਮ ਦੇ ਪੁਰਾਤਨ ਜੰਗੀ ਸਰੂਪ ਅਤੇ ਆਚਾਰ ਨੂੰ ਅਪਣਾ ਕੇ ਚਲਣ ਵਾਲਾ ਇੱਕ ਅਜਿਹਾ ਧਰਮ-ਸਾਧਕ ਹੈ ਜੋ ਸੀਸ

---

[94] ਕਾਨ੍ਹ ਸਿੰਘ ਨਾਭਾ (ਭਾਈ), ਗੁਰੁਮਤ ਮਾਰਤੰਡ, ਭਾਗ ਦੂਜਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਜਨਵਰੀ, 2014, ਪੰਨਾ 638.

[95] ਗੁਰਚਰਨ ਸਿੰਘ (ਡਾ.)(ਸੰਪਾ.), ਸ੍ਰੀ ਗੁਰੂ ਗ੍ਰੰਥ ਕੋਸ਼, ਜਿਲਦ ਦੂਜੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ 1371.

[96] ਪੰਜਾਬੀ ਕੋਸ਼, ਜਿਲਦ ਤੀਜੀ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਮਾਰਚ 1967, ਪੰਨਾ 644.

[97] ਉਹੀ, ਦੂਜੀ ਵਾਰ, 2007, ਪੰਨਾ 562.

[98] ਰਛਪਾਲ ਸਿੰਘ ਗਿੱਲ (ਸੰਪਾ.), ਪੰਜਾਬ ਕੋਸ਼, ਜਿਲਦ ਦੂਜੀ, ਭਾਸ਼ਾ ਵਿਭਾਗ, ਪੰਜਾਬ, 2004, ਪੰਨਾ 242.

ਉੱਪਰ ਫਰਹਰੇ ਵਾਲਾ ਉੱਚਾ ਦੁਮਾਲਾ ਸਜਾਉਂਦਾ ਹੈ ਅਤੇ ਕਈ ਪ੍ਰਕਾਰ ਦੇ ਸ਼ਸਤ੍ਰਾਂ (ਚੱਕਰ, ਖੰਡਾ, ਕ੍ਰਿਪਾਨ, ਭਾਲਾ, ਬੰਦੂਕ, ਤੋੜਾ, ਗਜਗਾਹ ਆਦਿ) ਨਾਲ ਸੁਸਜਿਤ ਹਰ ਵਕਤ ਤਿਆਰ-ਬਰ-ਤਿਆਰ ਰਹਿੰਦਾ ਹੈ। ਇਸ ਪਾਸ ਲੋਹੇ ਦਾ ਗੜਵਾ, ਮਾਲਾ ਅਤੇ ਹਰ ਲੋੜੀਂਦਾ ਸਾਮਾਨ ਹਰ ਵਕਤ ਮੌਜੂਦ ਰਹਿੰਦਾ ਹੈ। ਨਿਹੰਗ ਸਿੰਘ ਮਰਨ ਤੋਂ ਸਦਾ ਨਿਸੰਗ ਅਤੇ ਮਾਇਆ ਤੋਂ ਨਿਰਲੇਪ ਰਹਿੰਦੇ ਹਨ।"[99] ਗੁਰਮਤ ਨਿਰਣਯ ਕੋਸ਼ ਅਨੁਸਾਰ ਨਿਹੰਗ, "ਸਿੱਖਾਂ ਦਾ ਇਕ ਸਮੂਹ ਜੋ ਰਵਾਇਤੀ ਬਾਣੇ ਅਤੇ ਹਥਿਆਰਾਂ ਨਾਲ ਸਜਿਆ ਰਹਿੰਦਾ ਹੈ। ਇਹ ਸਮੂਹ ਕਿਸੇ ਹਦ ਤੀਕ ਪੁਰਾਤਨ ਸਿੰਘਾਂ ਦੀ ਯਾਦ ਦਿਵਾਉਂਦਾ ਹੈ।"[100] ਡਾ. ਅਜਮੇਰ ਸਿੰਘ ਨੇ ਨਿਹੰਗ ਸਿੰਘਾਂ ਨੂੰ 'ਸਿੱਖਾਂ ਵਿਚ ਮਰਜੀਵੜਿਆਂ ਦੀ ਸੰਪਰਦਾਇ' ਆਖਿਆ ਹੈ।[101]

ਜਥੇਦਾਰ ਬਾਬਾ ਨਿਹਾਲ ਸਿੰਘ ਜੀ ਹਰੀਆਂ ਵੇਲਾਂ ਅਨੁਸਾਰ, "ਨਿਹੰਗ ਸਿੰਘ ਕੋਈ ਵੱਖਰੀ ਸੰਪਰਦਾ ਨਹੀਂ ਹੈ, ਬਲਕਿ ਗੁਰੂ ਖਾਲਸੇ ਦਾ ਉਹ ਮੂਲ ਰੂਪ ਅਤੇ ਸਰੂਪ ਹੈ, ਜਿਸ ਸਰੂਪ ਅੰਦਰ ਸਤਿਗੁਰੂ ਕਲਗੀਧਰ ਜੀ ਪਾਤਸ਼ਾਹ ਨੇ ਪੰਜ ਪਿਆਰੇ ਸਿੰਘਾਂ ਦੀ ਸਾਜਨਾ ਕੀਤੀ ਸੀ, ਜੋ ਬਾਣੀ-ਬਾਣਾ, ਰਹਿਤ, ਨਿੱਤਨੇਮ, ਮੂਲ ਮੰਤ੍ਰ ਅਤੇ ਗੁਰਮੰਤ੍ਰ, ਸਤਿਗੁਰੂ ਜੀ ਨੇ ਉਨ੍ਹਾਂ ਪੰਜ ਪਿਆਰੇ ਸਿੰਘਾਂ ਨੂੰ ਗੁਰੂ ਖਾਲਸਾ ਦੇ ਰੂਪ ਅੰਦਰ ਬਖ਼ਸ਼ਿਸ਼ ਕੀਤਾ ਸੀ ਅਤੇ ਉਹੋ ਹੀ ਬਾਣੀ-ਬਾਣਾ ਅੰਮ੍ਰਿਤ, ਰਹਿਤ, ਬਾਣੀ-ਬਾਣੇ ਨੂੰ ਉਸੇ ਹੀ ਰੂਪ ਵਿਚ ਜਿਨ੍ਹਾਂ ਸਿੰਘਾਂ ਨੇ ਅੱਜ ਤਕ ਹੂ-ਬ-ਹੂ ਸਾਂਭ ਕੇ ਰਖਿਆ ਹੋਇਆ ਹੈ, ਇਹੋ ਹੀ ਅਸਲ ਨਿਹੰਗ ਸਿੰਘ ਦਾ ਸਰੂਪ ਹੈ।"[102] ਹਰਨਾਮ ਦਾਸ ਸਹਿਰਾਈ ਅਨੁਸਾਰ, ਨਿਹੰਗ ਜੰਗ ਵਿਚ ਸਭ ਤੋਂ ਮੋਹਰੀ ਹੁੰਦਾ ਹੈ। ਯੁੱਧ ਦੀ ਤਲਵਾਰ ਦਾ ਪਹਿਲਾ ਫੱਟ ਨਿਹੰਗ ਹੀ ਜਰਦਾ ਏ, ਬਾਅਦ ਵਿਚ ਫੌਜਾਂ ਜਰਦੀਆਂ ਹਨ। ਨਿਹੰਗ ਸ਼ਕਤੀ ਦਾ

---

[99] ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਦੂਜਾ, ਗੁਰਰਤਨ ਪਬਲਿਸ਼ਰਜ਼, ਪਟਿਆਲਾ, 2005, ਪੰਨਾ 1070.

[100] ਗੁਰਸ਼ਰਨ ਜੀਤ ਸਿੰਘ (ਡਾ.), ਗੁਰਮਤ ਨਿਰਣਯ ਕੋਸ਼, ਦੂਜੀ ਐਡੀਸ਼ਨ, ਗੁਰਨਿਧੀ ਪ੍ਰਕਾਸ਼ਨ, ਅੰਮ੍ਰਿਤਸਰ, ਫਰਵਰੀ 2005, ਪੰਨਾ 121.

[101] ਅਜਮੇਰ ਸਿੰਘ (ਡਾ.)(ਸੰਪਾ.), ਖੋਜ ਪਤ੍ਰਿਕਾ (ਪ੍ਰਗਟਯੋ ਖ਼ਾਲਸਾ ਵਿਸ਼ੇਸ਼ ਅੰਕ), ਸਤੰਬਰ 1998, ਅੰਕ 48, ਸਾਲ 32ਵਾਂ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998, ਪੰਨਾ 134.

[102] ਚਮਕੌਰ ਸਿੰਘ (ਸੰਪਾ.), ਗੁਰਮਤਿ ਪ੍ਰਕਾਸ਼, ਅੰਕ 1, ਜਿਲਦ 47, ਗੁਰਦੁਆਰਾ ਪ੍ਰਿੰਟਿੰਗ ਪ੍ਰੈਸ, ਰਾਮਸਰ ਰੋਡ, ਅੰਮ੍ਰਿਤਸਰ, ਅਪ੍ਰੈਲ 2003, ਪੰਨਾ 19.

ਪ੍ਰਤੀਕ ਹੈ, ਨਿਹੰਗ ਵੀਰਤਾ, ਦਲੇਰੀ ਤੇ ਨਿਡਰਤਾ ਦਾ ਅਲੰਬਦਾਰ ਹੈ।"[103] Encyclopaedia of Sikhism ਵਿਚ ਨਿਹੰਗ ਸ਼ਬਦ ਦੇ ਅਰਥ ਇਸ ਪ੍ਰਕਾਰ ਹਨ:

"Nihangs or Nihang Singhs, originally known as Akalis or Akali Nihangs, are designated the Guru's Knights or the Guru's beloved, for the military ambience they still carry about them and the heroic style they continue to cultivate. They constitute a distinctive order among the Sikhs and are readily recognized by their dark blue loose apparel and their ample, peaked turbans festooned with quoits, insignia of the Khalsa and rosaries, all made of steel. They are always armed, and are usually seen mounted heavily laden with weapons such as swords, daggers, spears, rifles, shot-guns and pistols."[104]

Encyclopaedia of Sikh Religion and Culture ਅਨੁਸਾਰ ਨਿਹੰਗ ਸ਼ਬਦ ਦੀ ਪਰਿਭਾਸ਼ਾ ਇਸ ਤਰ੍ਹਾਂ ਕੀਤ ਗਈ ਹੈ, "It means from care. It is a title of the Akali Sikhs. It also refers to a person without pride or arrogance, a humble and gentle person. Nihang Singhs trace their origins to the creation of the Khalsa by Guru Gobind Singh and consider themselves to be his true Khalsa, the soldiers of the Eternal One (Akal Purkh)".[105]

A Popular Dictionary of Sikhism ਅਨੁਸਾਰ ਨਿਹੰਗ ਦੇ ਅਰਥ ਇਸ ਪ੍ਰਕਾਰ ਹਨ, "Nihang 'Crocodile' or 'carefree' may be found as translations of this term depending on how its etymology is traced. The first interpretation can be linked with their battle formation, the second with their detachment from all things which might hinder their total devotion to the Sikh cause, as well as to their complete disregard of personal

---

[103] ਹਰਨਾਮ ਦਾਸ ਸਹਿਰਾਈ, ਲਾਡਲੀਆਂ ਫੌਜਾਂ, ਸਿਖ ਇਤਿਹਾਸ ਕੇਂਦਰ, ਜਲੰਧਰ, 1992, ਪੰਨਾ 7.

[104] Harbans Singh, Editor-in-Chief, ENCYCLOPAEDIA OF SIKHISM, Vol III, Second edition, Punjabi University, Patiala, 2002, p.226.

[105] Ramesh Chander Dogra & Gobind Singh Mansukhani (Dr.), Encyclopaedia of Sikh Religion and Culture, VIkas Publishing house pvt.Ltd, 1995, p.343.

safety in serving it.[106] Nihangs were men who could be relied upon to defend desperate situations to the death in the army of Guru Gobind Singh. Nihangs are easily recognizable from the uniform of blue robe with a yellow sash, and large blue turbon, often with two or three quoits of steel fastened round it. The weapons they carry may be old fashioned or modern. Nihangs usually live in groups in encampments outside towns. Traditionally they reject the comfort of houses or tents, using only the blankets they carry in their backpacks".[107]

ਬਲਵੰਤ ਗਾਰਗੀ ਦੁਆਰਾ ਸੰਪਾਦਿਤ ਪੁਸਤਕ 'Nihangs: Knight errants of the Guru' ਵਿਚ ਕਈ ਲੇਖਕਾਂ ਨੇ ਨਿਹੰਗ ਸਿੰਘਾਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਹਨ, ਜਿਵੇਂ ਕਿ ਖੁਸ਼ਵੰਤ ਸਿੰਘ ਅਨੁਸਾਰ, "it is believed that the order of Nihangs was founded during the life-time of Guru Gobind Singh (1666-1708) who transformed the Sikhs from a quietist Hindu sect to a militant fraternity of the Khalsa.[108] ਸੰਤ ਸਿੰਘ ਸੇਖੋਂ ਅਨੁਸਾਰ, "The Nihangs are the ever-ready gureilla fighters of the Guru and the Panth. Some trace the term "Nihang" to the Persian word for "alligator". But the more apt derivation would be form the Sanskrit 'nishanka' which means "feraless."[109] ਬਲਵੰਤ ਗਾਰਗੀ ਅਨੁਸਾਰ, "Nihangs are known for their suicidal courage and conviction and for total devotion to the glorious path of the Guru. They fought bravely to save the Punjab from invaders and stood up against the mightest of rulers of their own times for a political or a moral issue. But when political power came they did not care to grab it."[110] ਡਾ. ਗੁਰਮੁਖ ਸਿੰਘ ਲਿਖਦੇ ਹਨ, "ਨਿਹੰਗ ਸ਼ਬਦ ਦੀ ਸਿਰਜਣਾ ਸੰਸਕ੍ਰਿਤ ਸ਼ਬਦ ਨਿਹਸੰਕ ਤੋਂ ਹੋਈ ਮੰਨਣੀ

---

106 W.Owen Cole and Piara Singh Sambhi, A Popular Dictionary of Sikhism, Rupa.co, 1990, p. 119 .
107 Ibid.p.120.
108 Balwant Gargi (Ed.), Nihangs: Knight Errants of the Guru, p.3.
109 ibid, p.9.
110 ibid p.226.

ਜ਼ਿਆਦਾ ਠੀਕ ਅਤੇ ਢੁਕਵੀਂ ਹੈ ਕਿਉਂਕਿ ਅਠਾਰ੍ਹਵੀਂ ਸਦੀ ਵਿਚ ਨਿਹੰਗ ਦਾ ਰੂਪ, ਸੁਭਾਅ ਤੇ ਕਰਤੱਵ ਪਾਲਣ ਦੀ ਬਿਰਤੀ ਇਨ੍ਹਾਂ ਅਰਥਾਂ ਨੂੰ ਸਿੱਧ ਕਰਦੀ ਹੈ।"[111]

ਇਸ ਤਰ੍ਹਾਂ 'ਨਿਹੰਗ' ਸ਼ਬਦ ਸੰਸਕ੍ਰਿਤ ਦੇ ਸ਼ਬਦਾਂ 'ਨਿਹਸੰਗ' ਅਤੇ ਨਿਹਸ਼ੰਕ ਤੋਂ ਬਣਿਆ ਮੰਨਿਆ ਜਾਂਦਾ ਹੈ। 'ਨਿਹੰਗ' ਸ਼ਬਦ ਮੁਸਲਮਾਨਾਂ ਵਿਚ ਗਾਜ਼ੀ, ਸੰਨਿਆਸੀਆਂ ਵਿਚ ਜਤ-ਸਤ ਰਖਣ ਵਾਲੇ ਅਤੇ ਨਿਰੰਜਨੀ ਪੰਥ ਦੇ ਇਕ ਹਿੱਸੇ ਨੂੰ ਵੀ ਆਖਿਆ ਜਾਂਦਾ ਹੈ। ਡਾ. ਭਾਈ ਵੀਰ ਸਿੰਘ ਨੇ ਨਿਹੰਗ ਸਿੰਘਾਂ ਵਿਚ ਦੋਹਾਂ ਭਾਸ਼ਾਵਾਂ (ਸੰਸਕ੍ਰਿਤ ਅਤੇ ਫ਼ਾਰਸੀ) ਦੇ ਲੱਛਣਾਂ ਨੂੰ ਦਰਸਾਇਆ ਹੈ। 'ਨਿਹੰਗ' ਦੇ ਅਰਥ ਦਲੇਰ, ਬੇਪ੍ਰਵਾਹ, ਮਗਰਮੱਛ, ਘੋੜਾ, ਸੰਸਾਰ, ਕਲਮ ਆਦਿ ਹਨ ਪਰ ਸਿੱਖ ਧਰਮ ਵਿਚ 'ਨਿਹੰਗ' ਸ਼ਬਦ ਇਕ ਸਤਿਕਾਰ ਯੋਗ ਸ਼ਬਦ ਹੈ ਕਿਉਂਕਿ 'ਨਿਹੰਗ' ਸ਼ਬਦ ਗੁਰੂ ਗੋਬਿੰਦ ਸਿੰਘ ਜੀ ਦੀ ਲਾਡਲੀ ਫੌਜ ਸ਼ਸਤਰਧਾਰੀ ਸਿੰਘਾਂ ਲਈ ਵਰਤਿਆ ਜਾਂਦਾ ਹੈ, ਜੋ ਆਚਰਣ ਦੇ ਉੱਚੇ-ਸੁੱਚੇ, ਨੀਲਾ ਬਾਣਾ ਪਹਿਨਦੇ, ਉੱਚਾ ਦੁਮਾਲਾ ਸਜਾਉਂਦੇ ਅਤੇ ਸਰਬਲੋਹ ਦੇ ਸ਼ਸਤਰਾਂ ਨਾਲ ਲੈਸ ਅਕਾਲਪੁਰਖ ਦੇ ਭੈਅ ਹੇਠ ਵਿਚਰਦੇ ਹਨ। ਨਿਹੰਗ ਸਿੰਘ ਕੋਈ ਵੱਖਰੀ ਸੰਪਰਦਾ ਜਾਂ ਪੰਥ ਨਹੀਂ, ਸਗੋਂ ਇਹ ਖਾਲਸਾ ਪੰਥ ਦਾ ਮੌਲਿਕ ਸਰੂਪ ਹੈ। ਪੰਜਾਬ ਕੋਸ਼, ਪੰਜਾਬੀ ਕੋਸ਼, ਲਹਿੰਦੀ ਕੋਸ਼ ਅਤੇ ਮਹਾਨ ਕੋਸ਼ ਵਿਚ ਨਿਹੰਗ ਸਿੰਘਾਂ ਨੂੰ 'ਸਿੱਖਾਂ ਦਾ ਇਕ ਫਿਰਕਾ' ਦੱਸਿਆ ਗਿਆ ਹੈ ਜਦਕਿ ਪ੍ਰਿੰਸੀਪਲ ਸਤਿਬੀਰ ਸਿੰਘ ਲਿਖਦੇ ਹਨ ਕਿ ਜਦ ਅਸੀਂ ਅੰਮ੍ਰਿਤ ਛਕਣ ਉਪਰੰਤ ਇਹ ਮੰਨਦੇ ਹਾਂ ਕਿ ਸਭ ਦਾ ਪਿਤਾ ਗੁਰੂ ਗੋਬਿੰਦ ਸਿੰਘ ਜੀ, ਮਾਤਾ ਸਾਹਿਬ ਕੌਰ ਜੀ ਅਤੇ ਵਾਸੀ ਅਨੰਦਪੁਰ ਸਾਹਿਬ ਦੇ ਹਾਂ, ਤਾਂ ਅਸੀਂ ਟੱਬਰ ਹੋਏ ਨਾ ਕਿ ਨਸਲ ਜਾਂ ਫਿਰਕਾ।[112] ਡਾ. ਸੁਖਦਿਆਲ ਸਿੰਘ ਅਨੁਸਾਰ ਅਕਾਲੀ ਜਾਂ ਨਿਹੰਗ, ਖਾਲਸੇ ਦੇ ਮੌਲਿਕ ਰੂਪ ਦਾ ਹੀ ਦੀਦਾਰ ਹਨ।[113] ਪ੍ਰਿੰਸੀਪਲ ਤੇਜਾ ਸਿੰਘ ਅਨੁਸਾਰ ਨਿਹੰਗ ਸਿੰਘ ਉਸ ਸਮੇਂ ਚਲ ਰਹੀ ਘੋਰ ਅੰਧੇਰਗਰਦੀ ਵਿਚ ਧਰਮ ਅਸਥਾਨਾਂ ਦੀ ਰਾਖੀ ਲਈ ਬਣਾਏ ਗਏ ਜੋ ਨਿਰਮਲਿਆਂ ਤੋਂ ਵਧੇਰੇ ਤਕੜੇ ਸਨ, ਜਿਨ੍ਹਾਂ ਦੇ ਅਸੂਲ ਅਤੇ ਰਹਿਤ-ਬਹਿਤ ਆਮ ਸਿੰਘਾਂ ਵਾਲੀ ਸੀ। ਇਹ

---

111 ਸਰਬਜਿੰਦਰ ਸਿੰਘ (ਡਾ.)(ਸੰਪਾ.), ਵਿਸ਼ਵ ਧਰਮ ਬਾਨੀ, ਗ੍ਰੰਥ, ਸੰਪਰਦਾਇ ਅਤੇ ਚਿੰਤਕ, ਭਾਗ ਤੀਜਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007, ਪੰਨਾ 266.

112 ਸਤਿਬੀਰ ਸਿੰਘ (ਪ੍ਰਿੰਸੀਪਲ), ਸੌ ਸਵਾਲ, ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ, ਤੇਰਵੀਂ ਵਾਰ, 2011, ਪੰਨਾ 57.

113 ਸੁਖਦਿਆਲ ਸਿੰਘ (ਡਾ.), ਸਿਰੀ ਅਕਾਲ ਤਖ਼ਤ ਸਾਹਿਬ (1606-1982), ਗੁਰਮੀਤ ਪ੍ਰਕਾਸ਼ਨ, ਨਵੀਨ ਸ਼ਾਹਦਰਾ, ਦਿੱਲੀ, 2002, ਪੰਨਾ 50.

ਕਿਸੇ ਦੀ ਨੌਕਰੀ ਨਹੀਂ ਕਰਦੇ ਅਤੇ ਨਾ ਹੀ ਆਪਣੇ ਡੇਰੇ ਤੋਂ ਵੱਖਰੀ ਕੋਈ ਨਿੱਜੀ ਜਾਇਦਾਦ ਬਣਾਉਂਦੇ ਸਨ।[114]

ਕੁਝ ਵਿਦਵਾਨ ਨਿਹੰਗ ਸ਼ਬਦ ਦੀ ਵਿਆਖਿਆ, ਮਗਰਮੱਛ, ਕਿਰਲੀ ਜਾਂ ਛਿਪਕਲੀ ਦੇ ਰੂਪ ਵਿਚ ਕਰਦੇ ਹਨ। ਛਿਪਕਲੀ ਆਪਣੇ ਸੁਭਾਅ ਅਨੁਸਾਰ ਅੱਖਾਂ ਬੰਦ ਰਖਦੀ ਹੋਈ ਵੀ ਸੁਚੇਤ ਰਹਿੰਦੀ ਹੈ। ਪਹਿਲਾਂ ਆਪ ਕਿਸੇ ਉੱਤੇ ਹਮਲਾ ਨਹੀਂ ਕਰਦੀ, ਪਰ ਜੇਕਰ ਕੋਈ ਹਮਲਾ ਕਰੇ ਤਾਂ ਉਸਨੂੰ ਕੱਟ ਲੈਂਦੀ ਹੈ। ਇਹੀ ਸੁਭਾਅ ਨਿਹੰਗ ਦਾ ਹੈ ਕਿ ਉਹ ਆਪ ਕਿਸੇ ਨੂੰ ਕੁਝ ਨਹੀਂ ਆਖਦਾ, ਪਰ ਜੇਕਰ ਅਗਲਾ ਹਮਲਾ ਕਰੇ ਤਾਂ ਸੋਧਣੋਂ ਗੁਰੇਜ਼ ਨਹੀਂ ਕਰਦਾ।

ਇਹ ਦੋਨੋਂ ਅਰਥ ਵੀ ਠੀਕ ਹੋ ਸਕਦੇ ਹਨ, ਪਰ ਨਿਹੰਗ ਤੇ ਮਗਰਮੱਛ ਅਤੇ ਛਿਪਕਲੀ ਵਿਚ ਕਿਸੇ ਪ੍ਰਕਾਰ ਦੀ ਸਾਂਝ ਨਹੀਂ ਜਾਪਦੀ। ਮਗਰਮੱਛ ਤੇ ਛਿਪਕਲੀ ਦੋਨੋਂ ਹੀ ਗਲੀਜ਼ ਤੇ ਕਰੂਪ ਜਿਹੇ ਜਾਨਵਰ ਹਨ, ਜਦੋਂ ਕਿ ਨਿਹੰਗ ਸਿੰਘ, ਖਾਸ ਕਰਕੇ ਪੁਰਾਤਨ ਸਮਿਆਂ ਦੇ ਦਰਸ਼ਨੀ ਜੁਆਨ ਸਨ, ਜਿਨ੍ਹਾਂ ਦੀ ਸ਼ਖਸੀਅਤ ਸਭ ਨੂੰ ਆਕਰਸ਼ਿਤ ਕਰਦੀ ਸੀ।[115]

ਔਰੰਗਜ਼ੇਬ, ਬਹਾਦਰ ਸ਼ਾਹ, ਫਰੁਖ਼ਸੀਅਰ, ਨਾਦਰਸ਼ਾਹ ਅਤੇ ਅਹਿਮਦ ਸ਼ਾਹ ਅਬਦਾਲੀ ਦੇ ਸਮੇਂ ਪੰਡਿਤਾਂ-ਬ੍ਰਾਹਮਣਾਂ ਉੱਤੇ ਕਿੰਨੇ ਹੀ ਜ਼ੁਲਮ ਹੋਏ ਪਰ ਗੁਰੂ ਸਾਹਿਬ ਦੀ ਇਸ ਫੌਜ ਨੇ ਇਨ੍ਹਾਂ ਜ਼ੁਲਮਾਂ ਦਾ ਸਾਹਮਣਾ ਕੀਤਾ ਅਤੇ ਬਹੂ-ਬੇਟੀਆਂ ਨੂੰ ਬਚਾਉਣ ਲਈ ਕੁਰਬਾਨੀਆਂ ਦਿੰਦੇ ਰਹੇ, ਉਸ ਵੇਲੇ ਸਮਾਜ ਦੇ ਲੋਕ ਇਨ੍ਹਾਂ ਅਕਾਲੀ ਫੌਜਾਂ ਨੂੰ 'ਰਾਜ ਰਿਸ਼ੀ' ਕਹਿ ਕੇ ਸਤਿਕਾਰ ਕਰਦੇ ਸਨ।[116] ਨਿਹੰਗ ਸਿੰਘਾਂ ਦੇ ਕਿਰਦਾਰ ਨੂੰ ਦੇਖਦਿਆਂ ਹੀ ਅਠਾਰ੍ਹਵੀਂ ਸਦੀ ਵਿਚ ਇਹ ਕਹਾਵਤ ਮਸ਼ਹੂਰ ਹੋ ਗਈ ਸੀ:

---

114 ਤੇਜਾ ਸਿੰਘ (ਪ੍ਰਿੰ.), ਸਿੱਖ ਧਰਮ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਜੂਨ 1983, ਪੰਨਾ ੯੭.

115 ਸਰਬਜਿੰਦਰ ਸਿੰਘ (ਡਾ.)(ਸੰਪਾ.), ਨਾਨਕ ਪ੍ਰਕਾਸ਼ ਪੱਤ੍ਰਿਕਾ, ਧਰਮ ਸੰਪ੍ਰਦਾਇ ਵਿਸ਼ੇਸ਼ ਅੰਕ, ਦਸੰਬਰ 2005, ਪੰਨਾ 193.

116 ਸਤਨਾਮ ਸਿੰਘ ਖਾਲਸਾ, ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ ਅਤੇ 500 ਸਾਲਾਂ ਦੀ ਇਤਿਹਾਸਕ ਡਾਇਰੈਕਟਰੀ, ਮਿਤੀਹੀਨ, ਪੰਨਾ 74.

ਮੁਖੋਂ ਉਚਾਰੇ ਆਏ ਨਿਹੰਗ। ਖੋਲ੍ਹ ਸਿੱਖਨੀ ਬੂਹੇ ਨਿਸੰਗ।[117]

ਪਰੰਪਰਾਗਤ ਨਿਹੰਗ ਸਿੰਘ ਆਪਣੇ ਫਿਰਕੇ ਦੀ ਸੱਚੀ-ਸੁੱਚੀ ਭਾਵਨਾ ਦੇ ਨਾਲ ਜਾਣੇ ਜਾਂਦੇ ਹਨ। ਹਰ ਘਰ ਉਨ੍ਹਾਂ ਦਾ ਘਰ ਹੁੰਦਾ ਹੈ ਤੇ ਉਨ੍ਹਾਂ ਦਾ ਘਰ, ਹਰ ਆਉਣ ਜਾਣ ਲਈ।[118] ਨਿਹੰਗ ਸਿੰਘਾਂ ਲਈ ਅਕਾਲੀ, ਭੁਜੰਗ ਸ਼ਬਦ ਵੀ ਵਰਤਿਆ ਜਾਂਦਾ ਹੈ। ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਅੰਦਰ ਨੀਲ ਬਸਤਰ ਧਾਰੀ ਖਾਲਸੇ ਨੂੰ 'ਭੁਜੰਗੀ' ਕਹਿ ਕੇ ਸੰਬੋਧਨ ਕੀਤਾ ਹੈ:

ਇਉਂ ਉਪਜੇ ਸਿੰਘ ਭੁਜੰਗੀਏ ਨੀਲ ਅੰਬਰ ਧਾਰਾ।[119]

ਤਬ ਕੁਦੇ ਸਿੰਘ ਭੁਜੰਗੀਏ ਦਲ ਕਟਕ ਉਡਾਏ।[120]

ਭਾਈ ਰਤਨ ਸਿੰਘ ਭੰਗੂ ਨੇ ਵੀ ਆਪਣੀ ਰਚਨਾ ਵਿਚ ਨਿਹੰਗ ਸਿੰਘਾਂ ਦੇ ਨਾਲ ਕਿਧਰੇ-ਕਿਧਰੇ ਭੁਜੰਗੀ ਸ਼ਬਦ ਵਰਤਿਆ ਹੈ:

ਯੋ ਭੁਜੰਗ ਨਿਹੰਗਨ ਕੌ ਪੰਥ ਬਹੁ ਭਯੋ। ਹਥ ਸੋਟੈਂ ਗਲ ਖੰਡੇ ਪਯੋ।[121]

ਜੋ ਫਰਲੇ ਵਾਲੇ ਸਿੰਘ ਹੁੰਦੇ ਹਨ ਉਨ੍ਹਾਂ ਨੂੰ 'ਮਹਾਂਕਾਲ ਨਿਹੰਗ ਸਿੰਘ' ਆਖਦੇ ਹਨ ਅਤੇ ਜੋ ਗੁਰਮੁਖੀ ਦਸਤਾਰੇ ਵਾਲੇ ਹੁੰਦੇ ਹਨ ਉਨ੍ਹਾਂ ਨੂੰ 'ਭੁਜੰਗੀ ਸਿੰਘ' ਆਖਿਆ ਜਾਂਦਾ ਸੀ।[122] ਸਿਮਰਨ ਸਾਧਨਾ ਦੁਆਰਾ ਆਪਣੇ ਅੰਦਰੋਂ ਹਉਮੈਂ ਨੂੰ ਮਾਰ ਕੇ ਸਹਿਜ ਦੀ ਅਵਸਥਾ ਪ੍ਰਾਪਤ ਕਰਨ ਵਾਲਾ ਹਰ ਪੁਰਖ ਨਿਹੰਗ ਹੈ।[123] ਨਿਹੰਗ ਸਿੰਘ ਉਹ ਗੁਰਸਿੱਖ ਹੈ ਜਿਸਨੇ ਜੰਗੀ ਬਾਣਾ ਅਤੇ ਗੁਰੂ ਦੀ ਰਹਿਤ ਨੂੰ ਧਾਰਨ ਕੀਤਾ ਹੈ ਜਿਵੇਂ ਨਿਰਮਲਿਆਂ ਨੇ ਨਿਰਮਲ ਭੇਖ, ਉਦਾਸੀਆਂ ਨੇ ਉਦਾਸੀ ਭੇਖ, ਸੰਤਾਂ-ਮਹਾਂਪੁਰਖਾਂ ਨੇ ਚਿੱਟੇ ਬਸਤਰ ਅਤੇ ਗ੍ਰਹਿਸਥੀ ਗੁਰਸਿਖਾਂ ਨੇ ਸਮਾਜ ਅਨੁਸਾਰ ਭੇਖ ਧਾਰਿਆ ਹੈ। ਉਂਞ ਸਾਰੇ ਹੀ ਅਕਾਲੀ ਫੌਜ ਦੇ ਸਿਪਾਹੀ ਹਨ। ਇਹ ਫੌਜ ਦੁਨੀਆਵੀ ਫੌਜ ਨਾਲੋਂ ਵੱਖਰੀ ਹੈ। ਇਹ ਅਕਾਲ ਪੁਰਖ ਦੀ ਆਪਣੀ ਫੌਜ ਹੈ।

---

117 ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਡਾ. ਬਲਵੰਤ ਸਿੰਘ ਢਿਲੋਂ (ਸੰਪਾ.), ਪੰਨਾ 39.

118 ਬਸੰਤ ਕੁਮਾਰੀ ਸਿੰਘ, ਪੂਰਨ ਸਿੰਘ ਦੀਆਂ ਯਾਦਾਂ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1984, ਪੰਨਾ 29.

119 ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਵਾਰਾਂ ਗਿਆਨ ਰਤਨਾਵਲੀ ਭਾਈ ਗੁਰਦਾਸ ਜੀ, ਵਾਰ ੪੧, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਤੀਜੀ ਵਾਰ, ਫਰਵਰੀ 1981, ਪੰਨਾ 440.

120 ਉਹੀ, ਪੰਨਾ 444.

121 ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਡਾ. ਬਲਵੰਤ ਸਿੰਘ ਢਿਲੋਂ (ਸੰਪਾ.), ਪੰਨਾ 39.

122 ਸੰਤਾ ਸਿੰਘ ਬਾਬਾ, ਅਕਾਲੀ (ਟੀਕਾਕਾਰ), ਪ੍ਰਾਚੀਨ ਪੰਥ ਪ੍ਰਕਾਸ਼ ਸਟੀਕ, ਭਾਗ ਦੂਜਾ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ, ਚਲਦਾ ਵਹੀਰ, ਪੰਜਾਬ, ਨਵੰਬਰ 2000, ਪੰਨਾ ੩੩੪.

123 ਚਮਕੌਰ ਸਿੰਘ (ਸੰਪਾ.), ਗੁਰਮਤਿ ਪ੍ਰਕਾਸ਼, ਅੰਕ 1, ਜਿਲਦ 47, ਅਪ੍ਰੈਲ 2003, ਪੰਨਾ ੧੯.

ਇਹ ਮਾਤਰ ਸਿੱਖਾਂ ਦੀ ਇਕ ਸੰਪਰਦਾਇ ਨਹੀਂ ਬਲਕਿ ਗੁਰੂ ਗੋਬਿੰਦ ਸਿੰਘ ਜੀ ਦੇ ਬਚਨਾਂ ਨੂੰ ਅਮਲ ਵਿਚ ਲਿਆਉਣ ਵਾਲੇ ਮਰਜੀਵੜਿਆਂ ਦਾ ਸਮੂਹ ਹੈ ਜੋ ਖਾਲਸ (ਸ਼ੁੱਧ) ਹੈ। ਅੰਮ੍ਰਿਤਧਾਰੀ ਖਾਲਸਾ ਭਾਵੇਂ ਉਹ ਨਿਰਮਲਾ, ਨਿਹੰਗ ਸਿੰਘ, ਸੇਵਾਪੰਥੀ ਜਾਂ ਉਦਾਸੀ ਹੈ ਜਾਂ ਪੰਜ ਕਕਾਰੀ ਰਹਿਤ ਦਾ ਧਾਰਨੀ ਕਿਸੇ ਵੀ ਲਿਬਾਸ ਵਿਚ ਵਿਚਰ ਰਿਹਾ ਹੈ, ਉਹ ਖਾਲਸਾ ਹੈ, ਗੁਰਸਿੱਖ, ਸਿਪਾਹੀ, ਸੰਤ ਆਦਿ ਹੈ। ਨਿਹੰਗ ਸਿੰਘਾਂ ਅਤੇ ਗੁਰਸਿੱਖਾਂ ਵਿਚ ਕੋਈ ਫਰਕ ਨਹੀਂ ਹੈ ਕਿਉਂਕਿ ਗੁਰਸਿੱਖ ਵੀ ਗੁਰੂ ਦੀ ਦੱਸੀ ਰਹਿਤ ਅਨੁਸਾਰ ਚਲਦਾ ਹੈ ਅਤੇ ਨਿਹੰਗ ਸਿੰਘ ਵੀ।

ਨਿਹੰਗ ਸਿੰਘਾਂ ਨੂੰ 'ਅਕਾਲੀ' ਕਹਿ ਕੇ ਵੀ ਸੰਬੋਧਨ ਕੀਤਾ ਜਾਂਦਾ ਹੈ। ਜੇਕਰ ਇਹ ਕਿਹਾ ਜਾਵੇ ਕਿ ਖਾਲਸਾ, ਨਿਹੰਗ ਸਿੰਘ ਅਤੇ ਅਕਾਲੀ ਇਕ ਦੂਜੇ ਦੇ ਸਮਾਨਾਰਥਕ ਸ਼ਬਦ ਹਨ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ।

### 1.1.3 ਅਕਾਲੀ ਸ਼ਬਦ ਦੀ ਪਰਿਭਾਸ਼ਾ:

'ਅਕਾਲ' ਦੇ ਉਪਾਸ਼ਕ ਨੂੰ ਆਮ ਤੌਰ 'ਤੇ ਅਕਾਲੀ ਕਿਹਾ ਜਾਂਦਾ ਹੈ। ਡਾ. ਰਤਨ ਸਿੰਘ ਜੱਗੀ ਲਿਖਦੇ ਹਨ ਕਿ ਕਾਲ ਅਥਵਾ ਮੌਤ ਦੇ ਪ੍ਰਭਾਵ ਤੋਂ ਪਰੇ ਜਾਂ ਅਤੀਤ ਸੱਤਾ ਹੀ 'ਅਕਾਲ' ਹੋ ਸਕਦੀ ਹੈ। ਇਸ ਲਈ ਉਨ੍ਹਾਂ ਸਿੱਖਾਂ ਨੂੰ ਸ਼ੁਰੂ ਵਿਚ 'ਅਕਾਲੀ' ਕਿਹਾ ਜਾਣ ਲੱਗਾ ਜੋ ਮੌਤ ਤੋਂ ਨਿਡਰ, ਮਾਇਆ ਤੋਂ ਨਿਰਲੇਪ ਅਤੇ ਧਰਮ ਦੀ ਮਰਯਾਦਾ ਦੀ ਰੱਖਿਆ ਲਈ ਸ਼ਹੀਦੀ ਪਾਉਣ ਲਈ ਹਰ ਸਮੇਂ ਤਿਆਰ ਰਹਿੰਦੇ ਸਨ।[124] ਭਾਵੇਂ ਅਕਾਲ ਉਪਾਸ਼ਕ ਸਾਰੇ ਗੁਰਸਿੱਖ ਅਕਾਲੀ ਹਨ ਪਰ ਇਹ ਨਾਮ ਵਿਸ਼ੇਸ਼ ਕਰਕੇ ਨਿਹੰਗ ਸਿੰਘਾਂ ਪ੍ਰਥਾਇ ਵਰਤਿਆ ਗਿਆ ਹੈ।[125]

ਅਕਾਲੀ ਦਾ ਅਰਥ ਹੈ ਅਮਰ, ਭਾਵ ਜਿਸ ਦੀ ਕਦੇ ਮੌਤ ਨਹੀਂ ਹੁੰਦੀ। ਯੁੱਧ ਦੇ ਮੈਦਾਨ ਵਿਚ ਵਾਰ-ਵਾਰ ਜਿੱਤ ਪ੍ਰਾਪਤ ਕਰ ਕੇ ਜਿਊਂਦੇ ਮੁੜ ਆਉਣ ਕਾਰਨ ਜਾਂ ਯੁੱਧ ਭੂਮੀ ਵਿਚ ਸ਼ਹੀਦੀ ਪਾ ਜਾਣ ਉਪਰੰਤ ਅਮਰ ਕੀਰਤੀ ਛੱਡ ਜਾਣ ਕਾਰਨ ਇਸ ਸਮੂਹ ਦਾ ਨਾਂ 'ਅਕਾਲੀ' ਪੈ ਗਿਆ। ਅਕਾਲੀ ਸਿੰਘਾਂ ਨੂੰ ਗੁਰੂ

---

124 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਪਹਿਲਾ, ਗਰੇਸ਼ੀਅਸ ਬੁਕਸ, ਪਟਿਆਲਾ, 2014, ਪੰਨਾ 33.

125 ਕਾਨ੍ਹ ਸਿੰਘ ਨਾਭਾ (ਭਾਈ), ਗੁਰੁਮਤ ਮਾਰਤੰਡ, ਭਾਗ ਪਹਿਲਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਫਰਵਰੀ 2010, ਪੰਨਾ ੨੯.

ਗੋਬਿੰਦ ਸਿੰਘ ਜੀ ਦੀ ਸੈਨਿਕ ਅਤੇ ਰਾਜਨੀਤਿਕ ਸਿੱਖਿਆ ਦਾ ਪ੍ਰਤੀਕ ਮੰਨਿਆ ਜਾਂਦਾ ਰਿਹਾ ਹੈ।[126] ਭਾਈ ਗੁਰਦਾਸ ਜੀ (ਦੂਜਾ) ਲਿਖਦੇ ਹਨ:

ਇਉਂ ਪ੍ਰਗਟੇ ਸਿੰਘ ਮਹਾਂ ਬਲਬੀਰਾ। ਤਿਨ ਆਗੇ ਕੋ ਧਰੈ ਨ ਧੀਰਾ।

ਫਤੇ ਭਈ ਦੁਖ ਦੁੰਦ ਮਿਟਾਏ। ਤਹ ਹਰਿ ਅਕਾਲ ਕਾ ਜਾਪ ਜਪਾਏ।[127]

ਡਾ. ਸੁਖਦਿਆਲ ਸਿੰਘ ਇਸ ਸ਼ਬਦ ਨੂੰ ਪਰਿਭਾਸ਼ਿਤ ਕਰਦੇ ਹੋਏ ਲਿਖਦੇ ਹਨ ਕਿ ਨਿਹੰਗ ਸਿੰਘ ਆਪਣੀ ਨਿਤ ਬੋਲਚਾਲ ਵਿਚ ਜਾਂ ਨਾਮ ਜਪਣ ਵਿਚ ਅਕਾਲ-ਅਕਾਲ ਦਾ ਉਚਾਰਣ ਵੱਧ ਕਰਨ ਕਰਕੇ ਅਕਾਲੀ ਅਖਵਾਉਣ ਲੱਗ ਪਏ ਸਨ। ਨਿਹੰਗ ਅਤੇ ਅਕਾਲੀ ਦੋਹਾਂ ਸ਼ਬਦਾਂ ਦੇ ਅਰਥ ਇਕ ਹੀ ਹਨ।[128] ਗੁਰੁ ਸ਼ਬਦ ਰਤਨਾਕਰ ਮਹਾਨ ਕੋਸ਼ ਅਨੁਸਾਰ ਅਕਾਲੀ ਸ਼ਬਦ ਦੀ ਪਰਿਭਾਸ਼ਾ ਇਹ ਹੈ ਕਿ ਜਿਸਦਾ ਸੰਬੰਧ ਅਕਾਲ ਨਾਲ ਹੋਵੇ ਜਾਂ ਜੋ ਅਕਾਲ ਦਾ ਉਪਾਸ਼ਕ ਹੋਵੇ।[129] ਗਿਆਨੀ ਜੰਗ ਸਿੰਘ ਨੇ ਆਪਣੀ ਰਚਨਾ 'ਅੰਮ੍ਰਿਤਸਰੁ ਸਿਫਤੀ ਦਾ ਘਰੁ' ਵਿਚ 'ਅਕਾਲੀ' ਸ਼ਬਦ ਨੂੰ ਇਸ ਪ੍ਰਕਾਰ ਰੂਪਮਾਨ ਕੀਤਾ ਹੈ:

ਕਮਲ ਜਿਉਂ ਮਾਇਆ ਵਿਚ ਅਲੇਪ ਸਦਾ, ਸਭ ਦਾ ਸਨੇਹੀ ਚਾਲ ਸਭ ਤੋਂ ਨਿਰਾਲੀ ਹੈ।

ਕਰਕੇ ਕਮਾਈ ਖਾਵੇ, ਮੰਗਣਾ ਹਰਾਮ ਜਾਣੇ, ਭਾਣੇ ਵਿਚ ਬਿਪਤਾ ਨੂੰ ਮੰਨੇ ਖੁਸ਼ਹਾਲੀ ਹੈ।

ਸੁਆਰਥ ਤੋਂ ਬਿਨਾਂ, ਗੁਰਦੁਆਰਿਆਂ ਦਾ ਸੇਵਾਦਾਰ, ਧਰਮ ਦੇ ਜੰਗ ਲਈ ਚੜ੍ਹੇ ਮੁਖ ਲਾਲੀ ਹੈ।

ਪੂਜੇ ਨਾ ਅਕਾਲ ਬਿਨਾਂ ਹੋਰ ਕੋਈ ਦੇਵੀ ਦੇਵ, ਸਿੱਖ ਦਸਮੇਸ਼ ਦਾ ਜੋ ਅਸਲੀ ਅਕਾਲੀ ਹੈ।[130]

ਕਿਰਤ ਕਰ ਕੇ ਖਾਣ, ਕਿਸੇ ਅੱਗੇ ਹੱਥ ਨਾ ਫੈਲਾਉਣ, ਭਾਣੇ ਵਿਚ ਵਿਚਰਣ ਵਾਲਾ, ਆਪਣੇ ਸੁਆਰਥ ਨੂੰ ਪਿੱਛੇ ਛੱਡ ਕੇ ਗੁਰੂ ਘਰਾਂ ਦੀ ਸੇਵਾ ਕਰਨ ਵਾਲਾ, ਜੰਗ ਲਈ ਤਿਆਰ ਰਹਿਣ ਵਾਲਾ ਅਤੇ ਇਕ ਅਕਾਲ ਪੁਰਖ ਤੋਂ ਬਿਨ੍ਹਾਂ ਕਿਸੇ ਹੋਰ ਨੂੰ ਨਾ ਮੰਨਣ ਵਾਲਾ ਸਿੱਖ ਹੀ ਗੁਰੂ ਗੋਬਿੰਦ ਸਿੰਘ ਜੀ ਦਾ ਅਕਾਲੀ ਹੈ। ਮਹੰਤ

126 ਪ੍ਰਿਥੀਪਾਲ ਸਿੰਘ ਕਪੂਰ (ਸੰਪਾ.), ਅਕਾਲੀ ਦਰਸ਼ਨ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਮਈ 2015, ਪੰਨਾ 19.

127 ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਵਾਰਾਂ ਗਿਆਨ ਰਤਨਾਵਲੀ ਭਾਈ ਗੁਰਦਾਸ ਜੀ, ਵਾਰ ੪੧, ਪੰਨਾ 448.

128 ਸੁਖਦਿਆਲ ਸਿੰਘ (ਡਾ.), ਸਿਰੀ ਅਕਾਲ ਤਖ਼ਤ ਸਾਹਿਬ (1606-1982), ਪੰਨਾ 50.

129 ਕਾਨ੍ਹ ਸਿੰਘ ਨਾਭਾ (ਭਾਈ), ਗੁਰੁ ਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 36.

130 ਜੰਗ ਸਿੰਘ (ਗਿਆਨੀ), ਅੰਮ੍ਰਿਤਸਰੁ ਸਿਫਤੀ ਦਾ ਘਰੁ, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1977, ਪੰਨੇ 138-139.

ਗਣੇਸ਼ਾ ਸਿੰਘ ਨੇ ਆਪਣੀ ਰਚਨਾ 'ਭਾਰਤ ਮਤ ਦਰਪਣ' ਵਿਚ ਅਕਾਲੀ ਅਤੇ ਨਿਹੰਗ ਸਿੰਘ ਨੂੰ ਵੱਖੋ-ਵੱਖ ਦਰਸਾਇਆ ਹੈ। ਮਹੰਤ ਗਣੇਸ਼ਾ ਸਿੰਘ ਅਨੁਸਾਰ ਅਕਾਲੀ ਪੰਥ ਹੁਣ ਨਿਹੰਗ ਪੰਥ ਨਾਲ ਜਾ ਰਲਿਆ ਹੈ ਜਦਕਿ ਮਹੰਤ ਗਣੇਸ਼ਾ ਸਿੰਘ ਨੇ ਅਕਾਲੀ ਅਤੇ ਨਿਹੰਗ ਸਿੰਘਾਂ ਦੀ ਜੀਵਨ ਸ਼ੈਲੀ ਵਿਚ ਕੁਝ ਵੀ ਫਰਕ ਨਹੀਂ ਦਰਸਾਇਆ।[131] ਗਿਆਨੀ ਠਾਕੁਰ ਸਿੰਘ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਇਸ ਅਕਾਲੀ ਪੰਥ ਦੀ ਸਿਰਜਣਾ ਕੀਤੀ ਸੀ:

ਪੁਨ ਗੁਰ ਦਸਮ ਪੰਥ ਦੇ ਵਾਲੀ। ਸਾਜ ਨਿਵਾਜਿਆ ਪੰਥ ਅਕਾਲੀ।

ਗੁਰਿਆਈ ਤੇ ਮਾਲਕ ਪੰਥ। ਦਿਤਾ ਥਾਪ ਸ੍ਰੀ ਗੁਰੂ ਗ੍ਰੰਥ।[132]

'ਗੁਲਸ਼ਨ-ਏ-ਪੰਜਾਬ' ਦੇ ਕਰਤਾ ਪੰਡਿਤ ਦੇਬੀ ਪ੍ਰਸਾਦ ਅਨੁਸਾਰ ਅਕਾਲੀ, ਅਕਾਲ ਪੁਰਖ ਦੀ ਪੂਜਾ ਕਰਦੇ ਹਨ ਅਤੇ ਇਹ ਸਿੱਖਾਂ ਦੀ ਇਕ ਪ੍ਰਸਿੱਧ ਜਾਤ ਹੈ।[133] ਗਿਆਨੀ ਗਿਆਨ ਸਿੰਘ ਨੇ ਆਪਣੀ ਰਚਨਾ 'ਪੰਥ ਪ੍ਰਕਾਸ਼' ਦੇ ਇਕ ਕਬਿੱਤ ਵਿਚ 'ਨਿਹੰਗ' ਅਤੇ 'ਅਕਾਲੀ' ਨੂੰ ਇਕ ਸਮਾਨ ਦਰਸਾਇਆ ਹੈ:

ਪੰਥ ਜਯੋ ਨਿਹੰਗਨ ਕਾ ਥੀਓ, ਕਹਿ ਦੀਓ ਤੈਸੇ ਬਖਸ਼ਸ਼ ਗੁਰੂ ਕੀ ਦਿਖਾ ਦਈ ਬਿਸਾਲੀ ਹੈ।

ਖਾਨ ਪਹਿਰਾਨ ਬੋਲ ਚਾਲ ਰੀਤਿ ਇਨਹੂੰ ਕੀ, ਔਰ ਸਬ ਸਿੰਘਨ ਔ ਜਗ ਤੈ ਨਿਰਾਲੀ ਹੈ।

ਲੋਹੇ ਵੀਚ ਖੈਹੈ ਤੇ ਹੰਢੇ ਹੈ ਲੋਹ ਰਹੈਂ ਰੋਹ, ਭਰੇ ਡਰੇ ਕਾਹੂੰ ਤੈ ਨ ਮਰੇ ਮਾਰੈ ਖਿਆਲੀ ਹੈ।

ਚਾਹਿਤ ਨ ਵਿਸ਼ੇ ਸਵਾਦ ਰਹਿਤ ਅਜਾਦ ਸਦਾ, ਕਰਤ ਬਤਿੰਡੇ ਬਾਦ ਸਿੰਘ ਯੇ ਅਕਾਲੀ ਹੈਂ।[134]

ਗੁਰੂ ਸਾਹਿਬ ਦਾ ਅਕਾਲੀ ਉਹ ਹੈ ਜੋ ਸ਼ੁਭ ਕਰਮ ਕਰਦਾ ਹੋਇਆ ਵਰਨ, ਜਾਤ ਆਦਿ ਨੂੰ ਨਾ ਮੰਨੇ। ਦੀਨ, ਮਜ਼ੂਲਮਾਂ ਦੀ ਰੱਖਿਆ ਕਰੇ ਅਤੇ ਜੰਗ ਦੇ ਮੈਦਾਨ ਵਿਚ ਭੀੜ ਦਾ ਸਮਾਂ ਬਣ ਜਾਣ 'ਤੇ ਤੇਗ ਨੂੰ ਹੀ ਪਰਮੇਸਰ ਦੀ ਜੋਤਿ ਜਾਣੇ:

---

131 ਗਣੇਸ਼ਾ ਸਿੰਘ ਮਹੰਤ, ਭਾਰਤ ਮਤ ਦਰਪਣ, ਪੰਨਾ 22.

132 ਠਾਕੁਰ ਸਿੰਘ ਗਯਾਨੀ, ਸ਼ਹੀਦ ਬਿਲਾਸ ਬਾਬਾ ਦੀਪ ਸਿੰਘ ਜੀ ਸ਼ਹੀਦ, ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਮਿਤੀਹੀਨ, ਪੰਨਾ ੩੭.

133 ਦੇਬੀ ਪ੍ਰਸਾਦ (ਪੰਡਿਤ), ਗੁਲਸ਼ਨ-ਏ-ਪੰਜਾਬ ਅਰਥਾਤ ਤਾਰੀਖ਼-ਇ-ਪੰਜਾਬ, ਡਾ. ਫ਼ੌਜਾ ਸਿੰਘ ਅਤੇ ਹਰਮਿੰਦਰ ਸਿੰਘ ਕੋਹਲੀ (ਅਨੁ.), ਪੰਨਾ 175.

134 ਗਿਆਨ ਸਿੰਘ (ਗਿਆਨੀ), ਪੰਥ ਪ੍ਰਕਾਸ਼, ਪੰਨਾ 1265.

ਗੁਰੂ ਗੋਬਿੰਦ ਸਿੰਘ ਕਾ ਸਿੱਖ ਸੋਇ ਜੋਇ ਜੋਤਿ ਅਕਾਲੀ ਸਗਲ ਮਹਿ ਮਾਨੈ।

ਬਰਨ ਔ ਜਾਤ ਕੋ ਮਾਨੈ ਨਹਿੰ ਸੁਭ ਕਰਮਨ ਕਉ ਸਭ ਬਰਨ ਬਖਾਨੈ।

ਦੀਨਨ ਕੀ ਪ੍ਰਿਤਪਾਲ ਕਰਹਿ ਅਘਵੰਤ ਮਲੀਨ ਸਤਰੁ ਸਮ ਜਾਨੈ।

ਜਬ ਅਉਧ ਬਣੇ ਰਣ ਜੂਝਨ ਕੀ ਤਬ ਤੇਗ ਕੋ ਜੋਤਿ ਨਿਰੰਜਨ ਮਾਨੈ।[135]

'ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼' ਵਿਚ ਬਾਬਾ ਸੁਮੇਰ ਸਿੰਘ 'ਅਕਾਲੀ' ਸ਼ਬਦ ਨੂੰ ਇਉਂ ਪਰਿਭਾਸ਼ਿਤ ਕਰਦੇ ਹਨ:

ਨਾਮ ਦਾਨ ਸਾਨ ਤਯੋ ਹੀ ਪ੍ਰੀਤ ਨੀਤ ਪ੍ਰਤੀਤ॥

ਤਾਂਹਿ ਸਿੰਘ ਸੁਮੇਰ ਜਾਨਹੁ ਹੈ ਅਕਾਲੀ ਰੀਤ॥[136]

ਬਾਬਾ ਸੁਮੇਰ ਸਿੰਘ ਨੇ ਨਿਹੰਗ ਸਿੰਘਾਂ ਅਤੇ ਅਕਾਲੀਆਂ ਨੂੰ ਇਕ ਸਮਾਨ ਹੀ ਦਰਸਾਇਆ ਹੈ:

ਸੁਨ ਅਸ ਬਚਨ ਕੋਪ ਉਰ ਜਾਗਾ॥ ਫਿਰੇ ਨਿਹੰਗ ਸਿੰਘ ਬੜ ਭਾਗਾ॥

ਤਹਾਂ ਅਕਾਲੀ ਗਰਜਨ ਲਾਗੇ॥ ਦੁਸਟਨ ਕੇ ਉਰ ਤਰਜਨ ਲਾਗੇ॥[137]

ਭਾਈ ਰਣਧੀਰ ਸਿੰਘ ਨੇ ਆਪਣੀ ਪੁਸਤਕ 'ਦਰਸ਼ਨ ਝਲਕਾਂ' ਵਿਚ 'ਅਕਾਲੀ' ਸਦਵਾਉਣ ਵਾਲੇ ਮਨੁੱਖ ਦੀ ਪਰਿਭਾਸ਼ਾ ਇਸ ਪ੍ਰਕਾਰ ਕੀਤੀ ਹੈ:

ਏਕ ਹੀ ਅਕਾਲ ਕੇ ਉਪਾਸ਼ਕ ਹੈਂ ਸਿੰਘ ਜੋਈ, ਏਕ ਹੀ ਅਕਾਲ ਕਾ ਹੁਕਮ ਮਨਵਾਏ ਹੈਂ।

ਏਕ ਹੀ ਅਕਾਲ ਕੇ ਭਾਣੇ ਕੇ ਅਨੁਸਾਰ ਹੋਹਿੰ, ਏਕ ਹੀ ਅਕਾਲ ਭਾਣਾ ਮਿਠੜਾ ਮਨਾਏ ਹੈਂ।

ਏਕ ਹੀ ਅਕਾਲ ਕਉ ਸਦੀਵ ਅੰਗਿ ਸੰਗਿ ਜਾਨਹਿ, ਏਕ ਹੀ ਅਕਾਲ ਜੀ ਕੀ ਲੱਖਤਾ ਲਖਾਏ ਹੈਂ।

ਅਕਾਲ ਤੋਂ ਬਿਹੂਨ ਕਾਹੂੰ ਕਾਨ ਨਾਹਿੰ ਮਾਨਹਿ ਜੋਇ, ਸੋਈ ਸਿੰਘ ਸੱਚੜੇ ਅਕਾਲੀ ਸਦਵਾਏ ਹੈਂ।[138]

Encyclopedia of Sikh Religion and Culture ਦੇ ਅਨੁਸਾਰ 'ਅਕਾਲੀ' ਸ਼ਬਦ ਦੀ ਪਰਿਭਾਸ਼ਾ ਇਸ ਪ੍ਰਕਾਰ ਹੈ: "The term 'Akali' is said to be derived from Akali Purusha

---

135 Neeti Singh, BHAI JAITA'S SRI GUR KATHA, Singh Brothers, Amritsar, August 2015, p.120.

136 ਸੁਮੇਰ ਸਿੰਘ (ਬਾਬਾ), ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼, ਡਾ. ਅੱਛਰ ਸਿੰਘ ਕਾਹਲੋਂ (ਸੰਪਾ.), ਪੰਨਾ 143.

137 ਉਹੀ, ਪੰਨਾ 156.

138 ਰਣਧੀਰ ਸਿੰਘ (ਭਾਈ ਸਾਹਿਬ), ਦਰਸ਼ਨ ਝਲਕਾਂ, ਗਿਆਨੀ ਨਾਹਰ ਸਿੰਘ (ਸੰਪਾ.), (ਪ੍ਰਕਾ.) ਨਾਹਰ ਸਿੰਘ ਗੁਜਰਵਾਲ, ਚੌਥੀ ਵਾਰ, ਜੁਲਾਈ 1971, ਪੰਨਾ 86.

(worshipper of the eternal), that is God, and Akali is simply 'God's worshipper'."[139] ਡਾ. ਹਰਜਿੰਦਰ ਸਿੰਘ ਦਿਲਗੀਰ ਅਨੁਸਾਰ, "An Akali is that person who is the loyal to none but the Almighty only. Akali and Khalsa and Sikh are synonymous. The term Akali was first used during the time of Guru Sahib."[140] ਸੰਤ ਨਿਹਾਲ ਸਿੰਘ ਜੀ ਦੀ ਰਚਨਾ 'ਨ੍ਰਿਮਲ ਪ੍ਰਭਾਕਰ ਅਤੇ ਸਿਖੀ ਪ੍ਰਭਾਕਰ' ਵਿਚ ਅਕਾਲੀ ਸ਼ਬਦ ਨੂੰ ਇਸ ਤਰ੍ਹਾਂ ਦਰਸਾਇਆ ਹੈ:

ਗਾਲੀ ਹੈ ਗਲੀਚਤਾ ਅਨੀਚਤਾ ਬਹਾਲੀ ਬੇਸ ਰੀਝ ਕੈ ਉਤਾਲੀ ਤੋਹ ਦੀਨੀ ਮੋਖ ਤਾਲੀ ਹੈ।
ਵਾਲੀ ਹੈ ਅਕਾਲੀ ਜੂ ਨਿਰਾਲੀ ਹੈ ਮ੍ਰਯਾਦਾ ਚੋਖ ਕਾਲੀ ਰੱਛ ਵਾਲੀ ਹੈ ਸੁ ਪੰਥ ਏ ਅਕਾਲੀ ਹੈ।[141]

ਡਾ. ਭਾਈ ਵੀਰ ਸਿੰਘ ਲਿਖਦੇ ਹਨ, "'ਅਕਾਲੀ' ਉਹ ਜੋ ਇਕ ਅਕਾਲ ਤੇ ਟੇਕ ਰਖੇ। 'ਅਕਾਲੀ' ਉਹ ਜੋ ਅਕਾਲ ਬੁੰਗੇ ਦੇ ਸੇਵਕ ਜਥੇ ਦਾ ਸਭਾਸਦ ਹੋਵੇ। ਅਕਾਲ ਬੁੰਗਾ ਛੇਵੇਂ ਸਤਿਗੁਰਾਂ ਰਚਿਆ ਤੇ ਉਸ ਵੇਲੇ 'ਅਕਾਲੀ' ਦੀ ਨੀਂਹ ਵੀ ਨਾਲ ਹੀ ਧਰੀ ਗਈ।"[142] ਗੁਰੂ ਹਰਿਗੋਬਿੰਦ ਜੀ ਦੀ ਫੌਜ ਨੂੰ 'ਅਕਾਲ ਸੈਨਾ' ਕਿਹਾ ਜਾਂਦਾ ਸੀ ਅਤੇ ਗੁਰੂ ਸਾਹਿਬ ਨੂੰ ਸਮਰਪਿਤ ਸਿਪਾਹੀਆਂ ਨੂੰ 'ਅਕਾਲੀ' ਆਖਿਆ ਜਾਣ ਲੱਗਾ।[143]

ਗਿਆਨੀ ਜੰਗ ਸਿੰਘ ਨੇ ਲਿਖਿਆ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰੀ ਕਵੀ ਟਹਿਕਣ ਅਨੁਸਾਰ ਅਕਾਲੀ ਸ਼ਬਦ ਦੇ ਅਰਥ "ਇਕ ਅਕਾਲ-ਪੁਰਖ ਨੂੰ ਮੰਨਣ ਵਾਲਾ ਜੋ ਗੁਰਬਾਣੀ ਦੇ ਭਾਵ ਨੂੰ ਆਪਣੇ ਅੰਤਰ-ਆਤਮੇ ਵਸਾ ਕੇ ਨਿਰਭਉ ਤੇ ਨਿਰਵੈਰ ਹੋ ਜਾਂਦਾ ਹੈ ਤੇ ਜਿਸ ਦੇ ਦਿਲ ਤੋਂ ਮੌਤ ਦਾ ਭੈ ਵੀ ਦੂਰ ਹੋ ਜਾਂਦਾ ਹੈ, ਉਹ 'ਅਕਾਲੀ' ਹੈ।"[144] ਸੰਤ ਸੰਪੂਰਨ ਸਿੰਘ ਨੇ ਕਵਿਤਾ ਰੂਪ ਵਿਚ ਭਾਈ ਦਯਾ ਸਿੰਘ ਜੀ ਦਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਅਕਾਲੀ ਸ਼ਬਦ ਬਾਰੇ ਸੰਵਾਦ ਨੂੰ ਇਸ ਪ੍ਰਕਾਰ ਦਰਸਾਇਆ ਹੈ:

---

139 Ramesh Chander Dogra & Gobind Singh Mansukhani (Dr.), Encyclopaedia of Sikh Religion and Culture, p.15.

140 Harjinder Singh Dilgeer (Dr.), The Sikh Reference book, The Sikh educational trust, Canada, 1997, p.87.

141 ਨਿਹਾਲ ਸਿੰਘ (ਸੰਤ), ਨ੍ਰਿਮਲ ਪ੍ਰਭਾਕਰ ਅਤੇ ਸਿਖੀ ਪ੍ਰਭਾਕਰ, (ਪ੍ਰਕਾ.) ਲਾਲਾ ਸ਼ਾਮ ਦਾਸ ਜੀ ਨਰੂਲਾ ਅਤੇ ਲਾਲਾ ਗੰਗਾ ਬਿਸ਼ਨ ਸਾਹਿਬ, ਖਾਲਸਾ ਪ੍ਰੈਸ ਲਾਹੌਰ, 1902, ਪੰਨਾ 325.

142 ਵੀਰ ਸਿੰਘ ਭਾਈ, ਸਤਵੰਤ ਕੌਰ, ਪੰਨਾ 203.

143 S.J.S. 'Pall', The Beloved Forces of the Guru, p.26

144 ਜੰਗ ਸਿੰਘ (ਗਿਆਨੀ), ਅੰਮ੍ਰਿਤਸਰੁ ਸਿਫਤੀ ਦਾ ਘਰੁ, ਪੰਨਾ 136.

ਦਯਾ ਸਿੰਘੋ ਵਾਚ।

ਸਤਿਗੁਰ ਅਕਾਲੀ ਕਉਨ ਹੈ ਯਹਿ ਸੰਸਾ ਮਨ ਮਾਹਿ।

ਕਿਰਪਾ ਕਰਕੈ ਉਤਰ ਕਹੋ ਜਾਕਰ ਸੰਸਾ ਨਸਾਹਿ।

ਤਾਂ ਗੁਰੂ ਸਾਹਿਬ ਜੀ ਨੇ 'ਅਕਾਲੀ' ਸ਼ਬਦ ਨੂੰ ਪਰਿਭਾਸ਼ਿਤ ਕਰਦੇ ਹੋਏ ਇਹ ਉੱਤਰ ਦਿੱਤਾ:

ਗੁਰੋ ਵਾਕ। ਦੋਹਰਾ

ਸੋਊ ਅਕਾਲੀ ਰੂਪ ਹੈ ਨੀਲ ਬਸਤ੍ਰ ਪਹਿਰਾਯ।

ਜਪੈ ਜਾਪ ਗੁਰ ਬਰ ਅਕਾਲ ਸਰਬ ਲੋਹ ਪਹਰਾਯ।

ਮਾਲਾ ਕੰਕਨ ਸਰਬ ਲੋਹ ਚੱਕ੍ਰ ਕਰਦ ਛਲਾਦਿ।

ਬੀਧੈ ਕਾਨ ਨ ਨਾਕ ਕੋ ਸਤਿਗੁਰ ਕਹ ਮ੍ਰਿਜਾਦਿ।

ਪੰਚ ਸਸਤ੍ਰ ਧਾਰੇ ਦੇਹ ਕ੍ਰਿਪਾਨ ਗਾਤ੍ਰੇ ਰਾਖ।

ਕਰਦ ਭੇਦ ਬਿਨ ਪਾਨ ਨਹ ਅਕਾਲ ਭਾਵ ਸਤ ਭਾਖ।

ਪਾਤ੍ਰ ਸਰਬ ਸੁ ਲੋਹ ਕੇ ਭੁਗਤੈ ਅਸਨ ਸੁਆਦ।

ਲਕੜੀ ਭੋਜਨ ਸਿਧ ਭਖ ਨੀਲ ਬਸਤ੍ਰ ਮ੍ਰਿਜਾਦ।

ਕਾਛ ਸ੍ਵੇਤ ਔ ਨੀਲ ਪਟ ਮੁਖ ਜਪ ਜਾਪ ਅਪਾਰ।

ਸ੍ਰੀ ਅਕਾਲ ਉਸਤਤ ਪਠੈ ਚੰਡੀ ਕੰਠ ਸੁਧਾਰ।[145]

ਪ੍ਰੋ. ਪੂਰਨ ਸਿੰਘ ਅਨੁਸਾਰ, "ਅਕਾਲੀ ਸਿੰਘ, ਜਿਨ੍ਹਾਂ ਨੇ ਆਪਣੇ ਆਪ ਨੂੰ ਸੰਸਾਰਕ ਜੀਵਨ ਦੀ ਧੂੜ ਤੋਂ ਉਚੇਰਾ ਕਰਕੇ ਧੋ ਲਿਆ ਸੀ ਤੇ ਉਹ ਸਰੀਰ ਦੇ ਸਾਰੇ ਭਰਮਾਂ ਤੋਂ ਸੁੰਤਤਰ ਹੋ ਗਏ ਸਨ। ਉਹ ਗੁਰੂ ਦੇ ਧਿਆਨ ਵਿਚ ਪੂਰਨ ਰੂਪ ਵਿਚ ਰੰਗੇ ਗਏ ਸਨ।"[146]

ਭਾਈ ਸਾਹਿਬ ਭਾਈ ਵੀਰ ਸਿੰਘ ਅਕਾਲੀਆਂ ਬਾਰੇ ਲਿਖਦੇ ਹਨ ਕਿ, "ਸੱਚੇ ਅਕਾਲੀ ਹੱਦ ਦਰਜੇ ਦੇ ਦਲੇਰ ਤੇ ਅਜ਼ਾਦ ਹੁੰਦੇ ਸਨ, ਸਭ ਕਿਸੇ ਨੂੰ ਪਿਆਰ ਨਾਲ ਮਿਲਦੇ ਸਨ, ਪਰ ਉਨ੍ਹਾਂ ਤੋਂ ਡਾਢੀ ਘ੍ਰਿਣਾ ਕਰਦੇ ਸਨ ਜੋ ਹੈਂਕੜ ਤੇ ਬਲ ਤੇ ਚੜ੍ਹੇ ਹੋਏ ਆਪਣੇ ਆਪ ਨੂੰ ਉੱਚੇ ਤੋਂ ਉੱਚਾ ਸਮਝਦੇ ਸਨ। ਉਨ੍ਹਾਂ ਦੀ ਜਿੰਦਗੀ ਦਾ

145 ਸੰਪੂਰਨ ਸਿਘ (ਸੰਤ), ਸੁਧਰਮ ਮਾਰਗ ਗ੍ਰੰਥ, ਪੰਨੇ 172-175.

146 ਪੂਰਨ ਸਿੰਘ (ਪ੍ਰੋ.), ਦਸ ਗੁਰ ਦਰਸ਼ਨ, ਕਿਰਪਾਲ ਸਿੰਘ ਕਸੇਲ (ਅਨੁ.), ਵਿਉਂਤ ਵਿਕਾਸ ਵਿਭਾਗ, ਪੰਜਾਬ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸਤੰਬਰ 1972, ਪੰਨਾ 118.

ਪ੍ਰਯੋਜਨ ਗੁਰਦੁਆਰਿਆਂ ਦੀ ਕਾਇਮੀ (ਸੁਧਾਈ), ਮਰਯਾਦਾ ਦੀ ਪਵਿਤ੍ਰਤਾ ਦੀ ਕਾਇਮੀ, ਕੌਮੀ ਆਚਰਨ ਦੀ ਰਾਖੀ, ਦੀਨਾਂ ਦੁਖੀਆਂ ਤੇ ਸ਼ਰਨਾਗਤਾਂ ਦੀ ਸਹਾਇਤਾ ਕਰਨੀ ਹੁੰਦੀ ਸੀ। ਉਹ ਇਨ੍ਹਾਂ ਦੇ ਫਰਜ਼ਾਂ ਦੇ ਪੂਰਾ ਕਰਨ ਵਿਚ ਜਾਨ ਤੱਕ ਦੀ ਪ੍ਰਵਾਹ ਨਹੀਂ ਸਨ ਕਰਦੇ। ਜੇ ਅਵਸਰ ਆ ਬਣੇ ਤਾਂ ਇਸ ਦੇ ਪੂਰਾ ਕਰਨ ਵਿਚ ਆਪਣਾ ਸੀਸ ਤੱਕ ਦੇ ਦੇਣ ਲਈ ਹਰ ਵਕਤ ਤਿਆਰ ਰਹਿੰਦੇ ਸਨ। ਉਹ ਪਦਾਰਥ, ਮਕਾਨ ਅਤੇ ਭੋਆਂ ਨੂੰ ਕਿਸੇ ਦੀ ਮਲਕੀਅਤ ਨਹੀਂ ਮੰਨਦੇ ਸਨ, ਕਹਿੰਦੇ ਸਨ ਕਿ ਸਭ ਕੁਝ ਵਾਹਿਗੁਰੂ ਦਾ ਹੈ, ਮਨੁੱਖ ਸਭ ਭਰਾ ਹਨ। ਮਿਲਕੇ ਪਿਆਰ ਨਾਲ ਜੀਵਨ ਨਿਰਬਾਹ ਕਰਨਾ ਸਭ ਦਾ ਧਰਮ ਹੈ। ਉਹ ਨਾ ਆਪਣੇ ਹੱਥ ਆਈ ਮਾਇਆ ਨੂੰ ਆਪਣੀ ਕਰ ਜਾਣਦੇ ਸਨ ਤੇ ਨਾ ਹੀ ਦੂਜੇ ਦੇ ਪਦਾਰਥਾਂ ਨੂੰ ਉਨ੍ਹਾਂ ਦਾ ਸਮਝਦੇ ਸਨ। ਇਸ ਹਾਲਤ ਵਿਚ ਉਨ੍ਹਾਂ ਦਾ ਨਿਰਬਾਹ ਕਠਿਨ ਜਾਪਦਾ ਹੈ, ਪਰ ਉਨ੍ਹਾਂ ਦਾ ਆਚਰਨ ਐਸਾ ਹੀ ਪਵਿਤਰ ਸੀ ਤੇ ਉਹ ਕਹਿਣੀ ਤੇ ਕਰਨੀ ਦੇ ਐਸੇ ਹੀ ਸੂਰਮੇ ਸਨ।"[147]

ਅਕਾਲੀ, ਛੇਵੇਂ ਸਤਿਗੁਰਾਂ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੱਕ ਕੇਵਲ ਗੁਰੂ ਸਾਹਿਬਾਨ ਦੇ ਹੁਕਮ ਦੇ ਤਾਬਿਆ ਹੀ ਕੰਮ ਕਰਦੇ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਚਖੰਡ ਜਾਣ ਤੋਂ ਬਾਅਦ ਅਕਾਲ ਬੁੰਗੇ ਉੱਪਰ ਪੂਰਨ ਤੌਰ 'ਤੇ ਖਾਲਸੇ ਦਾ ਅਧਿਕਾਰ ਜੀਤ ਮੱਲੀਆਂ, ਬੰਦਈਆਂ ਆਦਿਕਾਂ ਦੇ ਹਟ ਜਾਣ ਤੋਂ ਬਾਅਦ ਹੋਇਆ। ਉਸ ਸਮੇਂ ਇਹ 'ਅਕਾਲ ਪੁਰਖੀਏ' ਨਾਮ ਤੋਂ ਵੀ ਪ੍ਰਸਿੱਧ ਰਹੇ ਸਨ।[148] 'ਸ਼ਹੀਦ ਬਿਲਾਸ ਭਾਈ ਮਨੀ ਸਿੰਘ ਜੀ' ਵਿਚ ਇਨ੍ਹਾਂ ਅਕਾਲ ਪੁਰਖੀਆਂ ਬਾਬਤ ਕਲਗੀਧਰ ਜੀ ਦਾ ਬਚਨ ਸੀ:

ਅਕਾਲ ਪੁਰਖੀਆਂ ਇਉਂ ਕਹਿਆ ਸ੍ਰੀ ਸਤਿਗੁਰ ਫੁਰਮਾਨ।
ਗ੍ਰੰਥ ਪੰਥ ਗੁਰ ਮਾਨੀਯੇ ਤਾਰੇ ਸਕਲ ਕੁਲਾਨ।[149]

ਮਹਾਰਾਜਾ ਰਣਜੀਤ ਸਿੰਘ ਦੇ ਸਮਕਾਲੀ ਅਹਮਦ ਸ਼ਾਹ ਬਟਾਲਵੀ ਅਨੁਸਾਰ ਹਰਿਮੰਦਰ ਸਾਹਿਬ ਦੇ ਪੁਜਾਰੀਆਂ ਨੂੰ 'ਅਕਾਲੀ' ਕਿਹਾ ਜਾਂਦਾ ਸੀ।[150] ਵੀਹਵੀਂ ਸਦੀ ਦੇ ਸ਼ੁਰੂ ਵਿਚ 'ਅਕਾਲੀ' ਨਾਂ ਦਾ ਇਕ ਨਵਾਂ ਧਿਰ ਉੱਭਰ ਕੇ ਸਾਹਮਣੇ ਆਇਆ ਜੋ ਕਿ ਪੁਰਾਣੇ 'ਅਕਾਲੀ' ਨਾਲੋਂ ਬਿਲਕੁਲ ਵੱਖਰੇ ਸਨ। ਇਨ੍ਹਾਂ ਵਿਚ

---

147 ਵੀਰ ਸਿੰਘ (ਭਾਈ), ਸਤਵੰਤ ਕੌਰ, ਪੰਨਾ 202 (ਫੁਟਨੋਟ)

148 ਉਹੀ, ਪੰਨੇ 205-206.

149 ਸੇਵਾ ਸਿੰਘ (ਕਵੀ), ਸ਼ਹੀਦ ਬਿਲਾਸ ਭਾਈ ਮਨੀ ਸਿੰਘ ਜੀ, ਗਿਆਨੀ ਗਰਜਾ ਸਿਘ (ਸੰਪਾ.), ਪੰਨਾ 77.

150 ਗੁਰਬਖਸ਼ ਸਿੰਘ (ਅਨੁ.), ਤਾਰੀਖ਼-ਏ-ਪੰਜਾਬ, ਅਹਮਦ ਸ਼ਾਹ ਬਟਾਲਵੀ ਰਚਿਤ 'ਕਿਤਾਬ-ਏ-ਹਿੰਦ' ਵਿਚੋਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969, ਪੰਨਾ 38.

ਸਮਾਨਤਾ ਇਹ ਸੀ ਕਿ ਦੋਵੇਂ ਧਿਰ ਸਿੱਖ ਕੌਮ ਲਈ ਸੰਘਰਸ਼ਸ਼ੀਲ ਸਨ ਅਤੇ ਨਾਮ ਇਕੋ ਜਿਹੇ ਸਨ।[151] ਅਕਾਲੀ ਕੋਈ ਵੱਖਰਾ ਧੜਾ ਨਹੀਂ ਸੀ। ਅਕਾਲੀ ਉਸ ਹੀ ਵਿਚਾਰਧਾਰਾ ਨੂੰ ਮੰਨਦੇ ਸੀ ਜੋ ਕਿ ਆਮ ਅੰਮ੍ਰਿਤਧਾਰੀ ਸਿੱਖ ਮੰਨਦਾ ਹੈ। ਜੋ ਵੀ ਸਿੱਖ ਗੁਰਦੁਆਰਾ ਸੁਧਾਰ ਲਹਿਰ ਲਈ ਆਪਣੀ ਕੁਰਬਾਨੀ ਦੇਣ ਨੂੰ ਤਿਆਰ ਹੁੰਦਾ ਸੀ, ਉਨ੍ਹਾਂ ਲਈ 'ਅਕਾਲੀ' ਸ਼ਬਦ ਵਰਤਿਆ ਜਾਂਦਾ ਸੀ।[152] ਸ਼੍ਰੋਮਣੀ ਅਕਾਲੀ ਦਲ ਦੇ ਕਾਇਮ ਹੋਣ ਤੋਂ ਪਹਿਲਾਂ ਅਕਾਲੀ ਸ਼ਬਦ ਨਿਹੰਗ ਸਿੰਘਾਂ ਦੇ ਪ੍ਰਥਾਇ ਹੀ ਵਰਤਿਆ ਜਾਂਦਾ ਸੀ।[153] ਸੰਨ 1920 ਈ. ਤਕ 'ਨਿਹੰਗ' ਅਤੇ 'ਅਕਾਲੀ' ਇਕ ਦੂਜੇ ਦੇ ਸਮਾਨਾਰਥਕ ਸ਼ਬਦ ਸਨ ਪਰ 1920 ਈ. ਵਿਚ ਅਕਾਲੀ ਦਲ ਬਣਨ ਨਾਲ ਇਨ੍ਹਾਂ ਸ਼ਬਦਾਂ ਨੂੰ ਵੱਖ-ਵੱਖ ਦੇਖਿਆ ਜਾਣ ਲੱਗਾ।[154]

ਡਾ. ਤੇਜਿੰਦਰਪਾਲ ਕੌਰ ਅਨੁਸਾਰ, "ਨਿਹੰਗ ਸਿੰਘਾਂ ਲਈ ਛਾਤੀ ਵਿਚ ਵਾਰ ਖਾ ਕੇ ਮਰਨਾ ਸਭ ਤੋਂ ਗੌਰਵ ਦੀ ਗੱਲ ਸੀ। ਪਿੱਠ ਵਿਚ ਲੱਗਾ ਵਾਰ ਜਿੰਦਾ ਜਾਂ ਮੁਰਦਾ ਨਿਹੰਗ ਸਿੰਘ ਲਈ ਸਭ ਤੋਂ ਵੱਧ ਅਪਮਾਨ ਦੀ ਗੱਲ ਹੁੰਦੀ ਸੀ।"[155] "ਇਹ ਉਦਾਸੀ-ਸੰਨਿਆਸੀ ਨਹੀਂ ਸੀ ਹੁੰਦੇ, ਏਹ ਉੱਚੇ ਮਨ ਵਾਲੇ ਨਾਮ ਰਸੀਏ, ਵੈਰ ਵਿਰੋਧ ਨੂੰ ਜਿੱਤੇ ਸੂਰੇ ਅਤੇ ਅਤਿ ਦੇ ਨਿਰਭੈ ਸੂਰਮੇ ਹੁੰਦੇ ਸੇ। ਜੇ ਇਨ੍ਹਾਂ ਨਾਲ ਪਦਾਰਥ ਦੀ ਗੱਲ ਕਰੋ ਤਾਂ ਪਤੇ ਦਾ ਉੱਤਰ ਦੇਣਗੇ, ਜੇ ਇਨ੍ਹਾਂ ਦਾ ਸਤਿਸੰਗ ਕਰੋ ਤਾਂ ਨਾਮ ਦਾ ਰੰਗ ਚੜ੍ਹੇਗਾ, ਜੇ ਇਨ੍ਹਾਂ ਨਾਲ ਮੋਹ ਪਾਉ ਤਾਂ ਕਾਬੂ ਨਹੀਂ ਆਉਣਗੇ, ਜੇ ਲਾਲਚ ਦਿਓ ਤਾਂ ਠੱਗੇ ਨਹੀਂ ਜਾਣਗੇ, ਜੇ ਇਸਤ੍ਰੀਆਂ ਦੇ ਕਟਾਖਯਾਂ ਦੀ ਤੀਰ-ਬਰਖਾ ਹੇਠ ਖੜੇ ਕਰ ਦਿਓ ਤਾਂ ਕਿਸੇ ਇਕ ਦੀ ਨੋਕ ਦੀ ਚੋਭ ਬੀ ਨਹੀਂ ਖਾਣਗੇ। ਜ਼ੁਬਾਨ ਇਨ੍ਹਾਂ ਦੀ ਨਾਮ ਰਸ ਰੱਤੀ ਚੁੱਪ, ਪਰ ਬੋਲਣ ਤਾਂ ਬ੍ਰਹਮ ਗਿਆਨ, ਜੇ ਜਗਤ ਦੀ ਗੱਲ ਕਰੋ ਤਾਂ ਪੰਥ ਰੱਖਿਆ, ਪੰਥ ਦੀ ਭਲਾਈ, ਪੰਥ ਦੇ ਬਚਾਉ ਦੀ, ਹੋਰ ਮਾਮਲੇ ਛੇੜੋ ਤਾਂ ਇਹ ਮੋਨੀ। ਇਨ੍ਹਾਂ ਦਾ ਵਜੂਦ ਆਪਣੇ-ਆਪ ਵਿਚ ਰੂਹਾਨੀ ਖਿੱਚ ਦਾ ਕੇਂਦਰ ਹੁੰਦਾ ਸੀ।"[156] ਗੁਰੂ ਗੋਬਿੰਦ ਸਿੰਘ ਜੀ ਦੀਆਂ ਫੌਜਾਂ ਜਦੋਂ ਚਲਦੀਆਂ ਸਨ ਤਾਂ ਸਭ

---

151 Teja Singh, The Gurdwara Reform And The Sikh Awakening, Shiromani Gurdwara Parbandhak Committee, Amritsar, January 1984, p.307.

152 ibid, p.309.

153 ਜੰਗ ਸਿੰਘ (ਗਿਆਨੀ), ਅੰਮ੍ਰਿਤਸਰ ਸਿਫਤੀ ਦਾ ਘਰ, ਪੰਨਾ 139.

154 Kirpal Singh & Kharak Singh (Ed.), History of The Sikhs & Their Religion, Vol.I, p. 411.

155 ਮਹਿੰਦਰ ਕੌਰ ਗਿਲ (ਡਾ.), ਸੂਰਾ ਸੋ ਪਹਿਚਾਨੀਐ, ਪੰਨਾ 196.

156 ਵੀਰ ਸਿੰਘ (ਭਾਈ), ਸਤਵੰਤ ਕੌਰ, ਭਾਈ ਵੀਰ ਸਿੰਘ ਸਾਹਿਤ ਸਦਨ, ਗੋਲ ਮਾਰਕਿਟ, ਨਵੀਂ ਦਿੱਲੀ, 26ਵੀਂ ਵਾਰ, ਜਨਵਰੀ 2015, ਪੰਨੇ 202-203.

ਤੋਂ ਅੱਗੇ ਨੀਲੇ ਬਾਣੇ ਵਿਚ ਨਿਹੰਗ ਸਿੰਘ ਚਲਿਆ ਕਰਦੇ ਸਨ।[157] ਸੂਫ਼ੀ ਕਵੀ ਬੁੱਲੇ ਸ਼ਾਹ (1680 ਈ. ਤੋਂ 1758 ਈ.) ਨੇ ਨਿਹੰਗ ਸਿੰਘਾਂ ਪ੍ਰਤੀ ਇਹ ਵਾਕ ਕਹੇ:

ਮੁਗ਼ਲਾਂ ਜ਼ਹਿਰ ਪਿਆਲੇ ਕੀਤੇ। ਭੂਰਿਆਂ ਵਾਲੇ ਰਾਜੇ ਕੀਤੇ।[158]

ਸਿੱਖ ਰਾਜ ਦੀ ਉਸਾਰੀ ਵੇਲੇ ਸਿੱਖ ਫੌਜਾਂ ਆਮ ਨਿਹੰਗ ਸਿੰਘਾਂ ਦੀਆਂ ਹੁੰਦੀਆਂ ਸਨ। ਇਹ ਗੁਰੂ ਕੀਆਂ ਲਾਡਲੀਆਂ ਫੌਜਾਂ ਜਦ ਕਿਸੇ ਨਗਰ ਵਿਚ ਦਾਖਿਲ ਹੁੰਦੀਆਂ ਤਾਂ ਮੁਗਲ ਰਾਜ ਤੋਂ ਦੁਖੀ ਜਨਤਾ ਸੁੱਖ ਦਾ ਸਾਹ ਲੈਂਦੀ ਤੇ ਖੁਸ਼ੀ ਵਿਚ ਆਪ ਮੁਹਾਰੇ ਹੀ "ਆਏ ਨੇ ਨਿਹੰਗ ਬੂਹਾ ਖੋਲ ਦੇ ਨਿਸੰਗ" ਕਹਿ ਉਠਦੀ।[159] ਜਿਨ੍ਹਾਂ ਲੋਕਾਂ ਦੀਆਂ ਬਹੂ-ਬੇਟੀਆਂ ਜਰਵਾਣੇ ਧਾੜਵੀ ਲੈ ਜਾਂਦੇ, ਉਹ ਵੀ 'ਕੱਛਾਂ ਵਾਲੇ' ਜੁਝਾਰੂ ਬਾਬਿਆਂ ਤੋਂ ਹੀ ਆਸਵੰਦ ਸਨ ਕਿ ਇਹੋ ਬਸਰੇ ਦੇ ਬਜ਼ਾਰਾਂ ਵਿਚ ਵਿਕਦੀਆਂ ਸਾਡੀਆਂ ਧੀਆਂ-ਧਿਆਣੀਆਂ ਨੂੰ ਵਾਪਿਸ ਲਿਆਉਣ ਲਈ ਸਮਰਥ ਹਨ।[160] ਉਸ ਸਮੇਂ ਨਿਹੰਗ ਸਿੰਘਾਂ ਦੇ ਇਖ਼ਲਾਕ ਬਾਰੇ ਇਹ ਬੋਲ ਪ੍ਰਚਲਿਤ ਹੋ ਗਏ ਸਨ:

ਛਈ, ਰੰਨ ਬਸਰੇ ਨੂੰ ਗਈ। ਮੋੜੀ ਬਾਬਾ ਕੱਛ ਵਾਲਿਆ
ਮੋੜੀ ਬਾਬਾ ਡਾਂਗ ਵਾਲਿਆ, ਰੰਨ ਬਸਰੇ ਨੂੰ ਗਈ।[161]

ਉਪਰੋਕਤ ਪਰਿਭਾਸ਼ਾਵਾਂ ਅਤੇ ਅਰਥਾਂ ਦੇ ਵਿਸ਼ਲੇਸ਼ਣ ਤੋਂ ਸਮੁੱਚੇ ਰੂਪ ਵਿਚ 'ਨਿਹੰਗ' ਸ਼ਬਦ ਬਾਰੇ ਹੇਠ ਲਿਖੇ ਤੱਥ ਸਪਸ਼ਟ ਹੁੰਦੇ ਹਨ:

1. ਸੰਸਕ੍ਰਿਤ ਵਿਚ 'ਨਿਹੰਗ' ਸ਼ਬਦ ਆਤਮ ਗਿਆਨੀ, ਨਿਰਲੇਪ, ਨਿਸ਼ਕਾਮ, ਵਿਕਾਰਾਂ ਤੋਂ ਰਹਿਤ ਹੈ। ਫ਼ਾਰਸੀ ਵਿਚ 'ਨਿਹੰਗ' ਸ਼ਬਦ ਦੇ ਅਰਥ ਮਗਰਮੱਛ, ਸੰਸਾਰ, ਤਲਵਾਰ, ਸ਼ਮਸ਼ੀਰ, ਕਲਮ, ਅਸਮਾਨ, ਸਮਾਂ ਅਤੇ ਦੁਨੀਆ ਹਨ। ਗੁਰੂ ਸਾਹਿਬਾਨ ਵਲੋਂ ਸਾਜੇ 'ਨਿਹੰਗ ਸਿੰਘ' ਵਿਚ ਸੰਸਕ੍ਰਿਤ

---

157 ਹਰੀ ਸਿੰਘ (ਗਿਆਨੀ) (ਸੰਪਾ.), ਮਾਤਾ ਸਾਹਿਬ ਕੌਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011, ਪੰਨਾ 31.

158 ਦਾਨ ਸਿੰਘ ਕੋਮਲ, ਮਰਜੀਵੜਾ ਖ਼ਾਲਸਾ ਪੰਥ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਅਗਸਤ 2003, ਪੰਨਾ 117.

159 ਮਾਨ ਸਿੰਘ, ਨਿਆਰਾ ਖਾਲਸਾ, ਅੰਮ੍ਰਿਤ ਪਬਲੀਕੇਸ਼ਨਜ਼, ਨਵੀਂ ਦਿੱਲੀ, 1954, ਪੰਨਾ 96.

160 ਪਿਆਰਾ ਸਿੰਘ ਪਦਮ (ਪ੍ਰੋ.), ਪੰਜਾਬ ਦੀ ਗੌਰਵ ਗਾਥਾ, ਕਲਗੀਧਰ ਕਲਮ ਫਾਊਂਡੇਸ਼ਨ, ਕਲਮ ਮੰਦਿਰ, ਲੋਯਰ ਮਾਲ, ਪਟਿਆਲਾ, 2000, ਪੰਨੇ 42-43.

161 ਦਾਨ ਸਿੰਘ ਕੋਮਲ, ਮਰਜੀਵੜਾ ਖ਼ਾਲਸਾ ਪੰਥ, ਪੰਨਾ 123.

ਅਤੇ ਫ਼ਾਰਸੀ ਭਾਸ਼ਾ ਵਿਚ ਆਏ 'ਨਿਹੰਗ' ਸ਼ਬਦ ਦੇ ਗੁਣ ਸਮੋਏ ਹੋਏ ਹਨ। ਨਿਹੰਗ ਸਿੰਘ ਸਾਧੂ ਵੀ ਹੈ ਅਤੇ ਬੇ-ਖੌਫ ਵੀ। ਨਿਹੰਗ ਸਿੰਘ, ਸੰਤ ਵੀ ਹੈ ਅਤੇ ਸਿਪਾਹੀ ਵੀ।

2. ਉੜੀਸਾ ਦੀਆਂ ਸੰਪਰਦਾਵਾਂ ਵਿਚੋਂ, ਬਿੰਦੂਧਾਰੀ ਸੰਪਰਦਾ ਵਿਚੋਂ, ਨਾਂਗੇ ਸਾਧੂਆਂ, ਨਿਰੰਜਨੀ ਪੰਥ, ਸੰਨਿਆਸੀਆਂ ਅਤੇ ਮੁਗਲਾਂ ਵਿਚ ਨਿਹੰਗ ਸ਼ਬਦ ਵਰਤਿਆ ਗਿਆ ਹੈ।
3. ਭਾਈ ਨੰਦ ਲਾਲ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਨਿਹੰਗ ਕਿਹਾ ਹੈ।
4. ਜਿਸਦਾ ਆਚਰਣ ਬੇਦਾਗ, ਪਵਿੱਤਰ ਅਤੇ ਜਿਸਨੂੰ ਮੌਤ ਦਾ ਡਰ ਨਹੀਂ ਉਹ ਨਿਹੰਗ ਹੈ। ਜੋ ਦੁੱਖ-ਸੁੱਖ ਨੂੰ ਆਪਣੇ ਸਰੀਰ ਉੱਤੇ ਨਾ ਮੰਨਦਾ ਹੋਇਆ ਬਿਦੇਹੀ (ਦੇਹ ਰਹਿਤ) ਹੋ ਗਿਆ ਹੋਵੇ।
5. ਜਿਸ ਵਿਚ ਨਿਮਰਤਾ, ਬੌਧਿਕਤਾ, ਕਸ਼ਟ ਸਹਿਣ ਦੀ ਗੰਮਤਾ, ਹੰਕਾਰ ਅਤੇ ਮਾਇਆ ਤੋਂ ਨਿਰਲੇਪਤਾ ਹੋਵੇ।
6. ਜੋ ਦੁਸ਼ਮਣ ਉੱਤੇ ਘਾਤ ਲਗਾ ਕੇ ਅਤੇ ਆਹਮੋ-ਸਾਹਮਣੇ ਦੀ ਲੜਾਈ ਵਿਚ ਮਾਹਿਰ ਹੋਵੇ, ਉਹ ਨਿਹੰਗ ਹੈ। ਜੰਗ ਦੇ ਮੈਦਾਨ ਵਿਚ ਸਭ ਤੋਂ ਅੱਗੇ ਹੋ ਕੇ ਲੜਨ ਵਾਲੇ ਸੂਰਮਿਆਂ ਨੂੰ 'ਨਿਹੰਗ' ਕਿਹਾ ਗਿਆ ਹੈ। ਜੋ ਸ਼ਸਤਰਾਂ ਨੂੰ ਚਲਾਉਣ ਦੀ ਵਿੱਦਿਆ ਬਾਖੂਬੀ ਜਾਣਦਾ ਹੈ ਅਤੇ ਤਨ ਉੱਤੇ ਸ਼ਸਤਰ ਸਹਾਰਦਾ ਹੋਇਆ ਆਪਣਾ ਸਿਰ ਗੁਰੂ ਦੇ ਲੇਖੇ ਲਗਾ ਦਿੰਦਾ ਹੈ, ਉਹ ਨਿਹੰਗ ਹੈ।
7. ਜੋ ਕਿਸੇ ਅੱਗੇ ਹੱਥ ਫੈਲਾਉਣ ਨਾਲੋਂ ਕਿਰਤ ਕਰ ਕੇ ਖਾਣ ਨੂੰ ਭਲਾ ਜਾਣੇ। ਅਕਾਲ ਪੁਰਖ ਦੇ ਭਾਣੇ ਵਿਚ ਰਹਿ ਕੇ ਆਪਣੇ ਸੁਆਰਥ ਅਤੇ ਨਿੱਜੀ ਲਾਭ ਨੂੰ ਪਿੱਛੇ ਛੱਡ ਕੇ ਗੁਰੂ ਘਰਾਂ ਦੀ ਸੇਵਾ ਨੂੰ ਹੀ ਮੁਖ ਜਾਣੇ, ਉਹ ਨਿਹੰਗ ਹੈ।
8. ਨਿਹੰਗ ਗੁਰੂ ਨਾਲ ਪਿਆਰ ਦੇ ਸਿਖਰ ਦੀ ਅਵਸਥਾ ਹੈ। ਜਿਸ ਵਿਚ ਨਿਮਰਤਾ, ਬੌਧਿਕਤਾ ਅਤੇ ਕਸ਼ਟ ਸਹਿਣ ਦੀ ਗੰਮਤਾ ਹੋਵੇ ਉਹ ਨਿਹੰਗ ਹੈ ਕਿਉਂਕਿ ਗੁਰੂ ਲਈ ਸ਼ਹੀਦੀ ਵੀ ਉਹੀ ਪਾ ਸਕਦਾ ਹੈ ਜਿਸ ਦਾ ਆਪਣੇ ਗੁਰੂ ਨਾਲ ਅਥਾਹ ਪਿਆਰ ਹੋਵੇ। ਸੰਸਾਰਿਕ ਜੀਵਨ ਤੋਂ ਉਪਰ ਉੱਠ ਕੇ ਗੁਰੂ ਦੇ ਧਿਆਨ ਵਿਚ ਮਗਨ ਰਹਿਣ ਵਾਲਾ ਇਨਸਾਨ 'ਨਿਹੰਗ' ਹੈ।

9. ਸਿੰਘਾਂ ਦਾ ਇਕ ਫਿਰਕਾ ਜੋ ਸੀਸ ਉੱਤੇ ਉੱਚਾ ਬੁੰਗਾ ਸਜਾਉਂਦਾ ਹੈ ਅਤੇ ਸੁਰਮਈ ਬਸਤ੍ਰ ਧਾਰਨ ਕਰਦਾ ਹੈ, ਉਹ ਨਿਹੰਗ ਹੈ। ਫਰਲੇ ਵਾਲੇ ਸਿੰਘਾਂ ਨੂੰ 'ਮਹਾਂਕਾਲ ਨਿਹੰਗ ਸਿੰਘ' ਅਤੇ ਗੁਰਮੁਖੀ ਦਸਤਾਰੇ ਵਾਲੇ ਸਿੰਘਾਂ ਨੂੰ 'ਭੁਜੰਗ ਸਿੰਘ' ਆਖਿਆ ਜਾਂਦਾ ਹੈ।
10. ਇਕ ਅਕਾਲ ਪੁਰਖ ਤੋਂ ਬਿਨ੍ਹਾਂ ਕਿਸੇ ਹੋਰ ਨੂੰ ਨਾ ਮੰਨਣ ਵਾਲਾ ਅੰਮ੍ਰਿਤਧਾਰੀ ਸਿੱਖ ਗੁਰੂ ਗੋਬਿੰਦ ਸਿੰਘ ਜੀ ਦਾ ਅਕਾਲੀ ਨਿਹੰਗ ਹੈ।
11. ਗੁਰੂ ਹਰਿਗੋਬਿੰਦ ਜੀ ਸਮੇਂ ਸਿੱਖਾਂ ਦੀ ਫੌਜ ਨੂੰ 'ਅਕਾਲ ਸੈਨਾ', ਗੁਰੂ ਗੋਬਿੰਦ ਸਿੰਘ ਜੀ ਵੇਲੇ 'ਨਿਹੰਗ ਸਿੰਘ', ਨਵਾਬ ਕਪੂਰ ਸਿੰਘ ਦੇ ਸਮੇਂ 'ਭੂਰਿਆਂ ਵਾਲੇ', ਮਿਸਲਾਂ ਵੇਲੇ 'ਰਾਜ ਰਿਸ਼ੀ' ਅਤੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਹਰਿਮੰਦਰ ਸਾਹਿਬ ਦੇ ਪੁਜਾਰੀ ਨਿਹੰਗ ਸਿੰਘਾਂ ਨੂੰ 'ਅਕਾਲੀ' ਜਾਂ 'ਅਕਾਲ ਪੁਰਖੀਏ' ਕਿਹਾ ਜਾਂਦਾ ਸੀ।

**0.1 ਸਾਰੰਸ਼:**

ਇਸ ਪ੍ਰਕਾਰ ਪਹਿਲੇ ਅਧਿਆਇ ਵਿਚ ਅਸੀਂ ਨਿਹੰਗ ਸ਼ਬਦ ਦੇ ਅਰਥ ਅਤੇ ਪਰਿਭਾਸ਼ਾ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਾਪਤ ਕੀਤੀ ਹੈ। ਨਿਹੰਗ ਸਿੰਘ ਇਕ ਅਵਸਥਾ ਵੀ ਹੈ ਅਤੇ ਗੁਰੂ ਸਾਹਿਬ ਵਲੋਂ ਸਾਜਿਆ ਸਰੂਪ ਵੀ। ਗੁਰੂ ਦੇ ਪਿਆਰ ਅਤੇ ਨਾਮ ਬਾਣੀ ਦੇ ਰੰਗ ਵਿਚ ਰੰਗਿਆ ਨਿਹੰਗ ਸਿੰਘ ਅਕਾਲ ਪੁਰਖ ਦੇ ਭੈਅ ਤੋਂ ਬਿਨਾਂ ਕਿਸੇ ਹੋਰ ਦੀ ਪ੍ਰਵਾਹ ਨਾ ਕਰਦਾ ਹੋਇਆ ਸਬਰ ਸੰਤੋਖ ਨਾਲ ਜੀਵਨ ਬਤੀਤ ਕਰਦਾ ਹੈ।

## 0.2 ਭੂਮਿਕਾ

ਇਸ ਅਧਿਆਇ ਵਿਚ ਨਿਹੰਗ ਸਿੰਘਾਂ ਦੇ ਆਰੰਭ ਸੰਬੰਧੀ ਮੌਖਿਕ ਅਤੇ ਲਿਖਤੀ ਵਿਚਾਰਾਂ ਦਾ ਵਿਸ਼ਲੇਸ਼ਣ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਨਿਹੰਗ ਸਿੰਘ ਜਥੇਬੰਦੀ ਦਾ ਗੁਰੂ ਕਾਲ ਤੋਂ ਲੈ ਕੇ ਮੌਜੂਦਾ ਸਮੇਂ ਤੱਕ ਦੇ ਇਤਿਹਾਸ ਦੀ ਵਿਚਾਰ ਕੀਤੀ ਗਈ ਹੈ ਅਤੇ ਨਿਹੰਗ ਸਿੰਘਾਂ ਦੇ ਮੁਖ ਦਲ: ਬੁੱਢਾ ਦਲ ਅਤੇ ਤਰਨਾ ਦਲ ਦੇ ਜਥੇਦਾਰਾਂ ਦਾ ਸੰਖੇਪ ਜੀਵਨ ਕਾਲ ਵਰਨਣ ਕਰਨ ਦਾ ਯਤਨ ਕੀਤਾ ਗਿਆ ਹੈ।

ਗੁਰੂ ਕਾਲ ਤੋਂ ਹੀ ਉਦਾਸੀ, ਨਿਰਮਲੇ, ਨਿਹੰਗ ਸਿੰਘ, ਸੇਵਾਪੰਥੀ ਅਤੇ ਹੋਰ ਕਈ ਸੰਪਰਦਾਵਾਂ ਚਲੀਆਂ ਆ ਰਹੀਆਂ ਹਨ। ਵਰਤਮਾਨ ਸਮੇਂ ਸਿੱਖ ਜਗਤ ਵਿਚ ਹੋਰ ਵੀ ਕਈ ਸੰਸਥਾਵਾਂ ਅਤੇ ਸੰਪਰਦਾਵਾਂ ਸੰਗਠਿਤ ਹਨ ਜਿਵੇਂ ਦਮਦਮੀ ਟਕਸਾਲ, ਨਾਮਧਾਰੀ, ਟਕਸਾਲ ਭਾਈ ਮਨੀ ਸਿੰਘ ਜੀ, ਕਾਰਸੇਵਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਖੰਡ ਕੀਰਤਨੀ ਜਥਾ, ਜਵੱਦੀ ਟਕਸਾਲ ਆਦਿ।[1] ਪੰਡਿਤ ਤਾਰਾ ਹਰਿ ਨਰੋਤਮ ਅਨੁਸਾਰ, "ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਾਰਗ ਦੇ ਲੋਕਾਂ ਦੇ ਚਾਰ ਭੇਦ ਪ੍ਰਸਿੱਧ ਹਨ: ਸਿੱਖ, ਨਿਹੰਗ, ਨਿਰਮਲੇ ਅਤੇ ਕੂਕੇ।"[2] ਗੁਰੂ ਗੋਬਿੰਦ ਸਿੰਘ ਜੀ ਨੇ ਜੰਗੀ ਬਿਰਤੀ ਅਤੇ ਸਬਰ-ਸੰਤੋਖ ਵਾਲੇ ਖਾਲਸੇ ਦੀ ਘਾੜਤ ਘੜੀ ਜੋ ਸੰਤ ਬਿਰਤੀ ਦਾ ਧਾਰਨੀ ਵੀ ਹੈ ਅਤੇ ਨਿਰਭਉ (ਨਿਹੰਗ) ਵੀ ਹੈ।

ਪ੍ਰਿਥਮ ਖਾਲਸਾ ਸੰਤ ਬਿਯ ਪੁਨ ਨਿਹੰਗ ਜਗ ਬੀਚ।
ਸਬ ਸ਼ਾਂਤਿਕ ਭਲ ਪੰਥ ਪ੍ਰਭੁ ਭੇਦ ਭਨਤਿ ਜੜ ਨੀਚ।[3]

ਤਵਾਰੀਖ ਗੁਰੂ ਖਾਲਸਾ ਵਿਚ ਗਿਆਨੀ ਗਿਆਨ ਸਿੰਘ ਜੀ ਨੇ ਖਾਲਸੇ ਦੀ ਬਿਰਤੀ ਨੂੰ ਇਕ ਸਾਖੀ ਰਾਹੀਂ ਬਿਆਨ ਕੀਤਾ ਹੈ: "ਗੁਰੂ ਜੀ ਨੇ ਕੜਾਹ ਪ੍ਰਸ਼ਾਦ ਤਿਆਰ ਕਰ ਕਿਹਾ ਲੁੱਟੋ। ਬਹੁਤ ਸ਼ੋਰ ਮਚਿਆ। ਦਸ ਪੰਦਰਾਂ ਸਿੰਘ ਲੁੱਟਣ ਨਾ ਉਠੇ। ਉਨਾਂ ਨੂੰ ਗੁਰੂ ਜੀ ਨੇ ਪੁੱਛਿਆ ਤਾਂ ਆਖਯਾ ਸਾਨੂੰ ਬਰਤਾਰਾ ਹੀ ਬਹੁਤ ਹੈ। ਲੁੱਟ ਦੇ ਲੋਭ ਨੂੰ ਸਾਡਾ ਮਨ ਨਹੀਂ ਚਾਹੁੰਦਾ। ਏਹ ਸੁਣਕੇ ਗੁਰੂ ਜੀ ਬੋਲੇ ਕਿ ਸਿੱਖ ਲੁਟੇਰੇ ਲੜਾਕੇ, ਭੰਗੋਰੇ, ਦਾਨੇ ਮਸਤਾਨੇ, ਸੰਤੋਖੀ, ਸ਼ਾਸਤ੍ਰੀ, ਸ਼ਸਤ੍ਰੀ ਰਜੋ ਤਮੋ ਸਤੋ ਏਨਾਂ ਗੁਣਾਂ ਦੇ ਭੇਦ ਸੇ ਸਿੱਖ, ਨਿਹੰਗ, ਨਿਰਮਲੇ

---

1 ਨਰਾਇਣ ਸਿੰਘ, ਸਰਬੱਤ ਖ਼ਾਲਸਾ, ਅਕਾਲ ਫ਼ੈਡਰੇਸ਼ਨ ਤੇ ਸ਼੍ਰੋਮਣੀ ਸਿੱਖ ਕੌਂਸਲ ਇੰਟਰਨੈਸ਼ਨਲ, 2018, ਪੰਨਾ 27.

2 ਤਾਰਾ ਹਰਿ ਨਰੋਤਮ, ਸ੍ਰੀ ਗੁਰੁ ਤੀਰਥ ਸੰਗ੍ਰਹਿ, ਸ੍ਰੀ ਨਿਰਮਲ ਪੰਚਾਇਤੀ ਅਖਾੜਾ, ਕਨਖਲ, ਮਈ 1975, ਪੰਨਾ ੨੮੫.

3 ਨਿਹਾਲ ਸਿੰਘ (ਸੰਤ), ਨ੍ਰਿਮਲ ਪ੍ਰਭਾਕਰ ਅਤੇ ਸਿਖੀ ਪ੍ਰਭਾਕਰ, (ਪ੍ਰਕਾ.) ਲਾਲਾ ਸ਼ਾਮ ਦਾਸ ਜੀ ਨਰੂਲਾ ਅਤੇ ਲਾਲਾ ਗੰਗਾ ਬਿਸ਼ਨ ਸਾਹਿਬ, ਖਾਲਸਾ ਪ੍ਰੈਸ ਲਾਹੌਰ, 1902, ਪੰਨਾ 204.

ਤਿੰਨ ਪ੍ਰਕਾਰ ਦਾ ਖਾਲਸਾ ਹੋਵੇਗਾ।"[4] ਇਸੇ ਤਰ੍ਹਾਂ ਭਾਈ ਬੁੱਧ ਸਿੰਘ ਦੇ 'ਖਾਲਸਾ ਸ਼ਤਕ' ਵਿਚ ਜ਼ਿਕਰ ਮਿਲਦਾ ਹੈ:

ਸ਼ਾਸਤ੍ਰੀ ਰਾਜੇ ਕਾਵਯ ਕਿਰਤ, ਕਿਤੇ ਲੁਟੇਰੇ ਚੋਰ।
ਸੰਤ ਮਹੰਤ ਅਨੰਤ ਬ੍ਰਿਤਿ, ਹੋਇ ਖਾਲਸਾ ਮੋਰ।[5]

ਧਰਮ ਦੇ ਉਪਦੇਸ਼ਕਾਂ ਨੂੰ ਸ਼ਾਸਤਰ ਵਿੱਦਿਆ ਵਿੱਚ ਨਿਪੁੰਨ ਕੀਤਾ ਅਤੇ ਧਰਮ ਦੇ ਰੱਖਿਅਕਾਂ ਨੂੰ ਸ਼ਸਤਰ ਵਿੱਦਿਆ ਵਿਚ ਪ੍ਰਬੀਨ ਕੀਤਾ।[6] ਗੁਰੂ ਸਾਹਿਬ ਜੀ ਦੇ ਦਰਬਾਰ ਵਿਚ ਸ਼ਸਤਰ ਅਤੇ ਸ਼ਾਸਤਰ ਦੋਹਾਂ ਦੀ ਪ੍ਰਧਾਨਤਾ ਸੀ:

ਨਿਤਪ੍ਰਤਿ ਕਾਬਯ ਕਥਾ ਅਰੁ ਭਜਨਾ॥
ਨਿਤ ਪ੍ਰਤਿ ਹੋਤ ਸ਼ਸਤਰ ਕੀ ਸਜਨਾ॥[7]

ਪੰਡਿਤ ਗੁਲਾਬ ਸਿੰਘ ਨੇ 'ਮੋਕਸ਼ ਪੰਥ ਪ੍ਰਕਾਸ਼' ਵਿਚ ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਪੰਥ ਨੂੰ ਦੋ ਭਾਗਾਂ ਵਿਚ ਸੰਗਠਿਤ ਕੀਤਾ:

ਸ੍ਰੀ ਗੁਰੂ ਗੋਬਿੰਦ ਸਿੰਘ ਸੁ, ਪੂਰਣ ਹਰਿ ਅਵਤਾਰ।
ਰਚਯੋ ਪੰਥ ਭਵ ਮੈ ਪ੍ਰਗਟ, ਦੋ ਬਿਧ ਕੋ ਵਿਸਤਾਰ।
ਏਕਨ ਕੈ ਕਰ ਖੜਗ ਦੈ, ਭੁਜ ਬਲ ਬਹੁ ਬਿਸਤਾਰ।
ਪਾਲਨ ਭੂਮੀ ਕੋ ਕਰਯੋ, ਦੁਸਟਨ ਮੂਲ ਉਖਾਰ।
ਔਰਨ ਕੀ ਪਿਖ ਵਿਮਲ ਮਤਿ, ਦੀਨੇ ਪਰਮ ਵਿਵੇਕ।
ਨਿਰਮਲ ਭਾਖੇ ਜਗਤ ਤਿਹ, ਹੇਰੇਂ ਬ੍ਰਹਮ ਸੁ ਏਕ।

---

4 ਗਿਆਨ ਸਿੰਘ (ਗਿਆਨੀ), ਤਵਾਰੀਖ ਗੁਰੂ ਖਾਲਸਾ, ਭਾਗ ਪਹਿਲਾ, ਭਾਸ਼ਾ ਵਿਭਾਗ, ਪੰਜਾਬ, ਪੰਜਵੀਂ ਵਾਰ, 2011, ਪੰਨਾ 1080.

5 ਪਿਆਰਾ ਸਿੰਘ ਪਦਮ (ਸੰਪਾ.), ਰਹਿਤਨਾਮੇ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਦਸਵੀਂ ਵਾਰ, ਅਗਸਤ 2015, ਪੰਨਾ 163.

6 ਸਰਬਜਿੰਦਰ ਸਿੰਘ (ਡਾ.)(ਸੰਪਾ.), ਨਾਨਕ ਪ੍ਰਕਾਸ਼ ਪੱਤ੍ਰਿਕਾ, ਧਰਮ ਸੰਪ੍ਰਦਾਇ ਵਿਸ਼ੇਸ਼ ਅੰਕ, ਅੰਕ ਦੂਜਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦਸੰਬਰ 2005, ਪੰਨੇ 122-123.

7 ਸੁਮੇਰ ਸਿੰਘ (ਬਾਬਾ), ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼, ਡਾ. ਅੱਛਰ ਸਿੰਘ ਕਾਹਲੋਂ (ਸੰਪਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000, ਪੰਨਾ 80.

ਤਿਨ ਪਦ ਪੰਕਜ ਨਰ ਲਹਿ, ਪਾਯੋ ਮੋਹਿ ਵਿਚਾਰ।

ਤਿਨ ਅਨੁਯਾਈ ਬਾਲ ਮੇਂ, ਕੀਨੇ ਗ੍ਰੰਥ ਉਚਾਰ।[8]

ਖਾਲਸਾ ਸੰਤ ਵੀ ਹੈ ਅਤੇ ਸਿਪਾਹੀ ਵੀ। ਸਮੁੱਚੇ ਖਾਲਸਾ ਪੰਥ ਨੂੰ ਇਕ ਜਥੇਬੰਦਕ ਰੂਪ ਦਿੱਤਾ ਗਿਆ ਜੋ ਹਰ ਪੱਖ ਤੋਂ ਸਮਰਥ ਸੀ। ਖਾਲਸੇ ਰੂਪੀ ਬਾਗ ਵਿੱਚ ਉਦਾਸੀ ਮਹਾਤਮਾ, ਨਿਰਮਲੇ ਮਹਾਂਪੁਰਸ਼, ਨਿਹੰਗ ਸਿੰਘ ਸਭ ਮਹਿਕਦੇ ਫੁੱਲਾਂ ਦੀ ਨਿਆਂਈ ਹਨ। ਅਠਾਰ੍ਹਵੀਂ ਸਦੀ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵਿਚ ਗੁਰਦੁਆਰਿਆਂ ਦੀ ਸੇਵਾ-ਸੰਭਾਲ ਉਦਾਸੀ ਅਤੇ ਨਿਰਮਲੇ ਸਾਧੂਆਂ ਦੇ ਹੱਥ ਵਿਚ ਸੀ।[9] ਹੁਣ ਅਸੀਂ ਸੰਖੇਪ ਰੂਪ ਵਿਚ ਇਨ੍ਹਾਂ ਸੰਪਰਦਾਵਾਂ ਦਾ ਜ਼ਿਕਰ ਕਰਦੇ ਹਾਂ।

## 2.1 ਉਦਾਸੀ ਸੰਪਰਦਾਇ:

ਸਿੱਖ ਧਰਮ ਵਿਚ ਉਦਾਸੀ ਮਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਤੋਂ ਸ਼ੁਰੂ ਹੁੰਦਾ ਹੈ। 'ਉਦਾਸੀ' ਸ਼ਬਦ ਸੰਸਕ੍ਰਿਤ ਦੇ ਸ਼ਬਦ 'ਉਦਾਸ' ਤੋਂ ਬਣਿਆ ਹੈ। ਉਦਾਸੀ ਤੋਂ ਭਾਵ ਹੈ ਉਦਾਸੀਨਤਾ, ਉਪਰਾਮਤਾ, ਵਿਰੱਕਤਤਾ, ਨਿਰਾਸਤਾ ਅਤੇ ਸਿੱਖ ਕੌਮ ਦਾ ਇਕ ਅੰਗ, ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਤੋਂ ਚਲਿਆ ਹੈ।[10] ਪਰ ਉਨ੍ਹਾਂ ਦੇ ਜੀਵਨ ਵਿਚ ਨਿਰਾਸਤਾ ਨਹੀਂ ਸੀ। ਉਦਾਸੀ ਦਾ ਭਾਵ ਹੈ ਮਾਇਆ ਤੋਂ ਉਪਰਾਮਤਾ, ਉਦਾਸੀਨਤਾ, ਵਿਰੱਕਤਤਾ ਧਾਰਨ ਕਰਨਾ।

ਜੋ ਵਿਅਕਤੀ ਨਾ ਕ੍ਰੋਧ ਕਰਦਾ ਹੈ ਨਾ ਖੁਸ਼ ਹੁੰਦਾ ਹੈ। ਜੋ ਨਾ ਸੰਸਾਰ ਵਿਚ ਲਿਪਤ ਹੁੰਦਾ, ਨਾ ਸੰਸਾਰ ਤੋਂ ਅਲੱਗ ਹੁੰਦਾ ਹੈ, ਉਹ ਜਲ ਵਿਚ ਰਹਿਣ ਵਾਲੇ ਕਮਲ ਪਤ੍ਰ ਵਾਂਗ ਉਦਾਸੀਨ ਅਖਵਾਉਂਦਾ ਹੈ।[11]

---

8 तारा हरि नरोत्तम, श्री मोक्ष पंथ प्रकाश कृत पंडित श्री गुलाब सिंह जी, श्री निर्मल पंचायती अखाडा, कनखल, हरिद्वार, 19 जनवरी 1977, पृष्ठ 609-610; ਉਧਰਿਤ, ਬਲਵੰਤ ਸਿੰਘ ਕੋਠਾਗੁਰੂ (ਗਿਆਨੀ), ਨਿਰਮਲ ਪੰਥ ਦੀ ਗੌਰਵ ਗਾਥਾ, (ਪ੍ਰਕਾ.) ਸ੍ਰੀਮਾਨ ਮਹੰਤ ਬਲਵੰਤ ਸਿੰਘ ਸੈਕਟਰੀ, ਸੁਕਦੇਵ ਕੁਟੀ-ਰਤਨ ਬਾਗ ਕਨਖਲ, ਹਰਿਦੁਆਰ, ਉਤਰਾਂਚਲ, 2009, ਪੰਨਾ 64.

9 ਨਰੈਣ ਸਿੰਘ, ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ (੧੯੨੦-੧੯੨੫), ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਮਈ 2007, ਪੰਨੇ ੯-੧੧.

10 ਕਾਨ੍ਹ ਸਿੰਘ ਨਾਭਾ (ਭਾਈ), ਗੁਰੁ ਸ਼ਬਦ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, ਛੇਵੀਂ ਵਾਰ, 1999, ਪੰਨਾ 9

11 ਬਲਬੀਰ ਸਿੰਘ ਨੰਦਾ, ਪੁਰਾਤਨ ਸਿਖ ਸੰਪ੍ਰਦਾਇ, ਜਸਲੀਨ ਪ੍ਰਕਾਸ਼ਨ, ਚੰਡੀਗੜ੍ਹ, ਦਸੰਬਰ 1984, ਪੰਨਾ 1.

ਉਦਾਸੀ ਰੀਤ ਇਹ ਹੈ ਕਿ ਚਾਹੇ ਕੋਈ ਗ੍ਰਿਹਸਥੀ ਹੋਵੇ ਯਾ ਸਾਧੂ ਭੇਖ ਵਿਚ ਪਰ ਸੰਸਾਰ ਕੁਟੰਬ ਤੋਂ ਨਿਰਮੋਹ ਹੋ ਕੇ ਲੋੜ ਸਮੇਂ ਦੇਸ਼ ਅਤੇ ਕੌਮ ਦੇ ਕੰਮ ਆਵੇ, ਉਹ ਉਦਾਸੀ ਹੈ।[12]

ਬਾਬਾ ਸ੍ਰੀ ਚੰਦ ਜੀ ਤੋਂ ਬਾਅਦ ਉਦਾਸੀ ਮਤ ਦੀ ਗੱਦੀ ਉੱਤੇ ਗੁਰੂ ਹਰਿਗੋਬਿੰਦ ਜੀ ਦੇ ਸਪੁੱਤਰ ਬਾਬਾ ਗੁਰਦਿੱਤਾ ਜੀ ਬਿਰਾਜਮਾਨ ਹੋਏ, ਜਿਨ੍ਹਾਂ ਨੂੰ ਗੁਰੂ ਹਰਿਗੋਬਿੰਦ ਜੀ ਨੇ ਆਪ ਬਾਬਾ ਸ੍ਰੀ ਚੰਦ ਜੀ ਦੇ ਸਪੁਰਦ ਕੀਤਾ ਸੀ। ਉਦਾਸੀਆਂ ਦੇ ਚਾਰ ਧੂਣੇ ਪ੍ਰਸਿੱਧ ਹਨ।[13] ਉਦਾਸੀਆਂ ਦਾ ਪਹਿਲਾ ਬਾਣਾ ਕੇਸ ਦਾੜ੍ਹਾ, ਸੇਲੀ ਟੋਪੀ ਅਤੇ ਲੰਮਾ ਚੋਲਾ ਤੂੰਬੇ ਰੰਗ ਜਾਂ ਮਜੀਠੀ ਰੰਗ ਦਾ ਹੁੰਦਾ ਸੀ।[14] ਉਦਾਸੀਆਂ ਵਿਚ ਅਖਾੜੇ ਸਥਾਪਿਤ ਕਰਨ ਦੀ ਪਰਪਾਟੀ ਬਾਬਾ ਪ੍ਰੀਤਮ ਦਾਸ ਜੀ ਉਦਾਸੀਨ ਤੋਂ ਸ਼ੁਰੂ ਹੋਈ।[15]

ਸਿੱਖ ਧਰਮ ਦੇ ਸ਼ੁਰੂਆਤੀ ਦੌਰ ਵਿਚ ਉਦਾਸੀ ਹੀ ਦੂਰ-ਦੁਰਾਡੇ ਜਾ ਕੇ ਸਿੱਖੀ ਦਾ ਪ੍ਰਚਾਰ ਕਰਦੇ ਸਨ। ਸੰਨਿਆਸੀ ਹੋਣ ਦੇ ਬਾਵਜੂਦ ਵੀ ਉਦਾਸੀ ਕਦੇ ਗ੍ਰਹਿਸਥ ਖੰਡਨ ਦਾ ਪ੍ਰਚਾਰ ਨਹੀਂ ਕਰਦੇ।[16] ਅਠਾਰ੍ਹਵੀਂ ਸਦੀ ਵਿਚ ਜਦੋਂ ਗੁਰਦੁਆਰਿਆਂ ਦੀ ਸੇਵਾ-ਸੰਭਾਲ ਦੀ ਪੰਜਾਬ ਵਿਚ ਲੋੜ ਪਈ ਤਾਂ ਉਦਾਸੀ ਸੰਤਾਂ ਨੇ ਮੁੱਖ ਭੂਮਿਕਾ ਨਿਭਾਈ। ਉਦਾਸੀ ਇਕ ਪਾਸੇ ਸਿੱਖ ਧਰਮ ਦੇ ਪ੍ਰਚਾਰ ਦਾ ਕੰਮ ਕਰਦੇ ਰਹੇ ਅਤੇ ਦੂਜੇ ਪਾਸੇ ਭਾਰਤ ਦੀ ਰਿਸ਼ੀ ਪਰੰਪਰਾ ਅਤੇ ਸਿੱਖ ਧਰਮ ਵਿਚਕਾਰ ਪੁਲ ਦਾ ਕੰਮ ਕਰਦੇ ਹੋਏ ਸੰਭਾਵਤ ਟਕਰਾਓ ਨੂੰ ਘਟਾਉਂਦੇ ਰਹੇ।[17] ਡਾ. ਗੰਡਾ ਸਿੰਘ ਅਨੁਸਾਰ, ਸਿੰਘਾਂ ਦੇ ਜੰਗਾਂ-ਯੁੱਧਾਂ ਵਿਚ ਰਹਿਣ ਸਮੇਂ ਇਨ੍ਹਾਂ ਉਦਾਸੀਆਂ ਨੇ ਹੀ ਸਿੱਖੀ ਦੀ ਜੋਤ ਨੂੰ ਜਗਦੇ ਰਖਿਆ ਸੀ।[18] ਸੰਤ ਗੋਪਾਲ ਦਾਸ ਜੋ ਕਿ ਗੋਧਰ ਫਕੀਰ ਦੇ ਨਾਂ ਤੋਂ ਵੀ

---

12 ਉਹੀ, ਪੰਨਾ 2.

13 ਦਿਲਜੀਤ ਸਿੰਘ ਬੇਦੀ, ਬਾਬਾ, ਬਾਬਾ ਸ੍ਰੀਚੰਦ, ਭਾਸ਼ਾ ਵਿਭਾਗ, ਪੰਜਾਬ, 2013. ਪੰਨਾ 116.

14 ਰਾਮਨਰੈਣ ਸਿੰਘ ਸੋਢੀ (ਟਿੱਕਾ ਸਾਹਿਬ), ਸਿੱਖ ਧਰਮ ਖਾਲਸਾ ਪੰਥ ਦੀ ਬਿਵਸਥਾ ਅਰਥਾਤ ਖਾਲਸਾ ਧਰਮ ਸ਼ਾਸਤ੍ਰ ਦੀ ਪੂਰਬ ਮਿਮਾਂਸਾ, 1914, ਪੰਨਾ ੩੬੦.

15 ਲਾਲ ਸਿੰਘ 'ਸੰਗਰੂਰ' (ਗਿਆਨੀ), ਗੁਰੂ ਬੰਸਾਵਲੀ ਤੇ ਪੰਥਕ ਪ੍ਰਸਿੱਧ ਹਸਤੀਆਂ, ਮਾਲਵਾ ਧਾਰਮਕ ਸਭਾ, ਸਿੰਘਾਪੁਰ, ਜੂਨ 1939, ਪੰਨਾ ੨੪੧.

16 Kirpal Singh & Kharak Singh (Editor), History of The Sikhs & Their Religion, Vol. I, Shiromani Gurdwara Prabandhak Committee, Sri Amritsar, Feb 2004, p.375 .

17 ਗੁਰਨਾਮ ਕੌਰ (ਡਾ.) (ਸੰਪਾ.), ਉਦਾਸੀ ਸੰਪਰਦਾ ਦਾ ਅਕਾਦਮਿਕ ਪਰਿਪੇਖ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995, ਪੰਨਾ 24.

18 ਤੇਜਾ ਸਿੰਘ (ਪ੍ਰਿੰ.) ਅਤੇ ਗੰਡਾ ਸਿੰਘ (ਡਾ.), ਸਿੱਖ ਇਤਿਹਾਸ (1469-1765), ਡਾ. ਭਗਤ ਸਿੰਘ (ਅਨੁ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013, ਪੰਨਾ 111.

ਜਾਣਿਆ ਜਾਂਦਾ ਸੀ, ਉਨ੍ਹਾਂ ਨੂੰ ਭਾਈ ਮਨੀ ਸਿੰਘ ਨੇ ਹਰਿਮੰਦਰ ਸਾਹਿਬ ਦਾ ਗ੍ਰੰਥੀ ਥਾਪਿਆ। ਉਨ੍ਹਾਂ ਤੋਂ ਬਾਅਦ ਗੋਪਾਲ ਦਾਸ ਦੀ ਥਾਂ ਉਦਾਸੀ ਚੰਚਲ ਸਿੰਘ ਨੇ ਇਹ ਸੇਵਾ ਨਿਭਾਈ।[19]

## 2.2 ਨਿਰਮਲ ਸੰਪਰਦਾਇ:

'ਨਿਰਮਲ' ਸ਼ਬਦ ਫ਼ਾਰਸੀ ਭਾਸ਼ਾ ਦੇ 'ਖਾਲਸ' ਸ਼ਬਦ ਦਾ ਪ੍ਰਯਾਯਵਾਚੀ ਹੈ। ਇਸਦੇ ਅਰਥ ਹਨ- ਸ਼ੁਧ, ਮੈਲ ਰਹਿਤ, ਸਵੱਛ। ਭਾਰਤੀ ਚਿੰਤਨ ਵਿਚ ਆਤਮਾ ਦੀ ਵਿਸ਼ੇਸ਼ ਸ਼ੁੱਧੀ ਦਾ ਮਹੱਤਵ ਇਸ ਸ਼ਬਦ ਦੀ ਅਨੇਕ ਵਾਰ ਵਰਤੋਂ ਦਾ ਕਾਰਨ ਬਣਿਆ ਹੈ।[20] ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਸਿੰਘਾਂ (ਰਾਮ ਸਿੰਘ, ਕਰਮ ਸਿੰਘ, ਗੰਡਾ ਸਿੰਘ, ਵੀਰ ਸਿੰਘ, ਸੋਭਾ ਸਿੰਘ) ਨੂੰ ਬ੍ਰਹਮਚਾਰੀ ਦੇ ਭੇਸ ਵਿਚ ਸੰਸਕ੍ਰਿਤ ਦੀ ਵਿਦਯਾ ਪੜ੍ਹਨ ਲਈ ਕਾਸ਼ੀ ਭੇਜਿਆ ਸੀ। ਉਨ੍ਹਾਂ ਦੀ 'ਨਿਰਮਲ ਸੰਗਯਾ' ਹੋਈ, ਇਨ੍ਹਾਂ ਪੰਜਾਂ ਦੇ ਚਾਟੜੇ ਜੋ ਨਿਰਮਲ ਬਸਤ੍ਰ ਪਹਿਰ ਸ਼ਾਂਤ ਚਿੱਤ ਰਹਿਕੇ ਵਿਦਯਾ ਅਰ ਨਾਮ ਦਾ ਅਭਯਾਸ ਅਤੇ ਧਰਮ ਪ੍ਰਚਾਰ ਕਰਦੇ ਰਹੇ ਹਨ, ਉਹ ਸਭ ਨਿਰਮਲੇ ਸਾਧੂ ਵਿਦਯਾ ਦੇ ਪ੍ਰੇਮੀ ਅਰ ਵਿਚਾਰ ਵਾਨ ਹਨ।"[21] ਗੁਰੂ ਗੋਬਿੰਦ ਸਿੰਘ ਜੀ ਵੇਲੇ ਬ੍ਰਾਹਮਣ ਪੰਡਿਤ ਕਿਸੇ ਗ੍ਰਹਿਸਥੀ ਜਾਂ ਸੂਦਰ ਨੂੰ ਗੂੜ੍ਹ ਵਿੱਦਿਆ ਦਾ ਦਾਨ ਨਹੀਂ ਦਿੰਦੇ ਸਨ। ਗੁਰੂ ਜੀ ਨੇ ਪੰਜ ਸਿੱਖਾਂ ਨੂੰ ਭਗਵੇਂ ਬਸਤਰ ਪਹਿਨਾ ਕੇ ਕਾਂਸ਼ੀ ਵਿਚ ਵਿੱਦਿਆ ਪ੍ਰਾਪਤੀ ਲਈ ਭੇਜਿਆ। ਉੱਥੋਂ ਵੇਦ, ਸ਼ਾਸਤਰਾਂ ਦੇ ਪੂਰੇ ਗਿਆਤਾ ਬਣ ਕੇ ਉਹ ਪੰਜ ਸਿੱਖ ਗੁਰੂ ਜੀ ਦੇ ਹਜ਼ੂਰ ਆਏ। ਸਤਿਗੁਰੂ ਜੀ ਨੇ ਉਨ੍ਹਾਂ ਨੂੰ ਨਿਰਮਲੇ (ਮੈਲ ਤੋਂ ਰਹਿਤ) ਦਾ ਖ਼ਿਤਾਬ ਦਿੱਤਾ।[22]

ਇਹ ਮਮ ਸਿੱਖ ਸੁਭ ਸੰਤ ਬਨ ਹ੍ਵੈ ਹਰਿ ਵਿਦਯਾ ਵਾਨ।
ਤੁਮ ਅਧੀਨ ਹ੍ਵੈ ਪਢਉਗੇ ਨਿਰਮਦ ਨਿਜ ਗੁਰੁ ਮਾਨ।[23]

ਅਕਾਲੀ ਕੌਰ ਸਿੰਘ ਜੀ ਅਨੁਸਾਰ, "ਜਿਨ੍ਹਾਂ ਵਿਦਵਾਨ ਗੁਰੂ ਕੇ ਸਿੱਖਾਂ ਦੀ ਅੰਤਰ ਆਤਮੇ ਦੀ ਨਿਰਮਲਤਾ ਕਰਕੇ ਗੁਰੂ ਅਕਾਲ ਪੁਰਖ ਨਾਲ ਅਭੇਦ ਇਕ ਰਸ ਏਕਤਾ ਦੀ ਲਗਾਤਾਰ, ਤਾਰ ਜੁੜ ਗਈ

---

19 Kirpal Singh & Kharak Singh (Editor), History of The Sikhs & Their Religion, p. 384.

20 ਬਲਬੀਰ ਸਿੰਘ ਨੰਦਾ, ਪੁਰਾਤਨ ਸਿਖ ਸੰਪ੍ਰਦਾਇ, ਪੰਨਾ 81.

21 ਕਾਨ੍ਹ ਸਿੰਘ ਨਾਭਾ (ਭਾਈ), ਗੁਰੁ ਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 712.

22 ਸ਼ੇਰ ਸਿੰਘ (ਗਿਆਨੀ) (ਪ੍ਰੋ.), ਗੁਰਮਤਿ ਦਰਸ਼ਨ ਅਰਥਾਤ ਸਿੱਖ ਧਰਮ ਦੇ ਸਿੱਧਾਂਤ ਤੇ ਮਾਰਗ ਦੀ ਦਾਰਸ਼ਨਿਕ ਵਿਚਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰਜਵੀਂ ਵਾਰ, ਫਰਵਰੀ 1986, ਪੰਨਾ ੭.

23 ਨਿਹਾਲ ਸਿੰਘ (ਸੰਤ), ਨ੍ਰਿਮਲ ਪ੍ਰਭਾਕਰ ਅਤੇ ਸਿਖੀ ਪ੍ਰਭਾਕਰ, ਪੰਨਾ 115.

ਅਰਥਾਤ 'ਤੋਰੀ ਨਾ ਤੂਟੈ ਛੋਰੀ ਨ ਛੂਟੈ ਐਸੀ ਮਾਧੋ ਖਿੰਚ ਤਨੀ' ਉਨ੍ਹਾਂ ਨੂੰ ਗੁਰੂ ਪੰਥ ਵਲੋਂ ਨਿਰਮਲੇ ਨਾਮ ਨਾਲ ਸਤਿਕਾਰਿਆ ਗਿਆ ਹੈ। ਸ਼ੁਰੂ ਵਿਚ ਇਨ੍ਹਾਂ ਦੇ ਲਿਬਾਸ ਭੋਜਨ ਤੇ ਹੋਰ ਚਿੰਨ੍ਹ ਆਦਿਕ ਕੋਈ ਵੀ ਅਨ-ਸੰਪਰਦਾਈ ਨਹੀਂ ਸਨ, ਇਸ ਕਰਕੇ ਇਹ ਖਾਲਸਾ ਪੰਥ ਵਿਚ ਪ੍ਰਚਾਰਕ ਹੋਣ ਕਰਕੇ ਪੂਜਨੀਕ ਰਹੇ।"[24] ਡਾ. ਸ਼ਮਸ਼ੇਰ ਸਿੰਘ ਅਨੁਸਾਰ, ਭਾਈ ਭਗੀਰਥ ਦੀ ਵਾਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੇਈਂ ਨਦੀ ਵਿਚੋਂ ਬਾਹਰ ਆਉਣ ਸਮੇਂ ਮਜੀਠ ਰੰਗ ਦੇ ਬਸਤਰਾਂ ਦੇ ਭੇਖ ਦਾ ਜ਼ਿਕਰ ਹੈ।[25]

ਪ੍ਰੋ. ਰਾਏ ਜਸਬੀਰ ਸਿੰਘ ਨੇ ਗੁਰੂ ਸਾਹਿਬਾਨ ਵਲੋਂ ਨਿਰਮਲ ਸੰਪਰਦਾਇ ਨੂੰ ਦਿੱਤੀਆਂ ਕਈ ਬਖ਼ਸ਼ਿਸ਼ਾਂ ਦਾ ਜ਼ਿਕਰ ਕੀਤਾ ਹੈ।[26] ਸਿੱਖਾਂ ਦੇ ਧਾਰਮਿਕ ਅਸਥਾਨਾਂ ਨੂੰ 'ਗੁਰਦੁਆਰਾ' ਨਾਂ ਤੋਂ ਇਲਾਵਾ ਉਦਾਸੀਆਂ ਦੇ ਅਹਿਦ ਵਿਚ 'ਡੇਰਾ' ਅਤੇ ਨਿਰਮਲਿਆਂ ਦੇ ਇੰਤਜ਼ਾਮ ਹੇਠ 'ਅਖਾੜਾ' ਵੀ ਕਿਹਾ ਜਾਂਦਾ ਰਿਹਾ ਸੀ। ਮਗਰੋਂ ਉਦਾਸੀਆਂ ਤੇ ਨਿਰਮਲਿਆਂ ਨੇ ਆਪਣੇ ਡੇਰੇ ਤੇ ਅਖਾੜੇ ਗੁਰਦੁਆਰਿਆਂ ਤੋਂ ਵੱਖਰੇ ਕਰ ਲਏ।[27] ਗਿਆਨੀ ਲਾਲ ਸਿੰਘ 'ਸੰਗਰੂਰ' ਅਨੁਸਾਰ, ਉਦਾਸੀਆਂ ਦੀ ਰੀਸ ਵਿਚ ਨਿਰਮਲਿਆਂ ਨੇ ਵੀ ਆਪਣੇ ਅਖਾੜੇ ਸਥਾਪਿਤ ਕਰ ਲਏ ਸਨ।[28]

### 2.3 ਸੇਵਾ ਪੰਥੀ:

ਇਸ ਸੰਪਰਦਾਇ ਦਾ ਆਰੰਭ ਸੇਵਾ ਕਰਨ ਦੀ ਵਿਸ਼ੇਸ਼ ਰੁਚੀ ਤੋਂ ਹੋਇਆ। ਸੇਵਾ ਪੰਥ ਦੇ ਆਦਿ ਸੰਚਾਲਕ ਭਾਈ ਕਨ੍ਹਈਆ ਜੀ ਸਨ।[29] ਸੇਵਾ ਕਰਨੀ ਸੇਵਾ ਪੰਥੀਆਂ ਦਾ ਪਰਮ ਧਰਮ ਹੈ। ਇਸ ਤੋਂ ਬਿਨਾਂ ਨਾਮ ਬਾਣੀ ਦਾ ਅਭਿਆਸ, ਕਥਾ, ਕੀਰਤਨ, ਦਇਆ, ਨਿਮਰਤਾ, ਅਹਿੰਸਾ, ਕਿਰਤ, ਇਸਤਰੀ ਦਾ ਤਿਆਗ ਆਦਿ ਇਨ੍ਹਾਂ ਦੇ ਹੋਰ ਵਿਸ਼ੇਸ਼ ਲੱਛਣ ਹਨ। ਇਸ ਸੰਪਰਦਾਇ ਵਿਚ ਅਤਿਅੰਤ ਸ਼ਰਧਾ ਰਖਣ ਵਾਲੇ ਗੁਰੂ ਘਰ

---

24 ਕੌਰ ਸਿੰਘ ਨਿਹੰਗ (ਅਕਾਲੀ), ਹਜ਼ੂਰੀ ਸਾਥੀ, ਅਕਾਲੀ ਪਤ੍ਰਕਾ ਪ੍ਰੈਸ, ਲਾਹੌਰ, 1934, ਪੰਨਾ 32.

25 ਬਲਵੰਤ ਸਿੰਘ (ਸੰਤ ਖਾਲਸਾ), ਮਾਲਵਾ ਇਤਿਹਾਸ, ਚੌਥੀ ਜਿਲਦ, (ਪ੍ਰਕਾ.) ਲੇਖਕ ਆਪ, ਸਿੱਧਸਰ ਸਿਹੌੜਾ ਸਾਹਿਬ, ਲੁਧਿਆਣਾ, ਦਸੰਬਰ, 1996, ਪੰਨਾ 79.

26 ਕੁਲਵਿੰਦਰ ਸਿੰਘ (ਡਾ.), ਨਿਰਮਲ ਪੰਥ ਦਾ ਸਮਾਜ ਨੂੰ ਬਹੁਪੱਖੀ ਯੋਗਦਾਨ, (ਪ੍ਰਕਾ.) ਸੰਤ ਜੋਧ ਸਿੰਘ, ਨਿਰਮਲ ਆਸ਼ਰਮ ਰਿਸ਼ੀਕੇਸ਼, ਉੱਤਰਾਖੰਡ, ਜੁਲਾਈ 2013, ਪੰਨਾ 37.

27 ਜਸਵਿੰਦਰ ਸਿੰਘ (ਡਾ.)(ਸਟੇਟ ਅਵਾਰਡੀ), ਸਿੱਖ ਗੁਰਦੁਆਰਾ ਐਕਟ, 1925, ਚਾਵਲਾ ਪਬਲੀਕੇਸ਼ਨਜ਼, ਸੈਕਟਰ 17-ਬੀ, ਚੰਡੀਗੜ੍ਹ, 2009, ਪੰਨਾ 3.

28 ਲਾਲ ਸਿੰਘ 'ਸੰਗਰੂਰ' (ਗਿਆਨੀ), ਗੁਰੂ ਬੰਸਾਵਲੀ ਤੇ ਪੰਥਕ ਪ੍ਰਸਿੱਧ ਹਸਤੀਆਂ, ਪੰਨਾ ੨੩੯.

29 ਗੁਰਮੁਖ ਸਿੰਘ (ਡਾ.), ਸੇਵਾ ਪੰਥੀਆਂ ਦੀ ਪੰਜਾਬੀ ਸਾਹਿਤ ਨੂੰ ਦੇਣ, ਭਾਸ਼ਾ ਵਿਭਾਗ, ਪੰਜਾਬ, 2012, ਪੰਨਾ 3.

ਦੇ ਪ੍ਰੇਮੀ ਤੇ ਲੋਕ ਸੇਵਕ ਹੋਏ। ਗੁਰੂ ਘਰ ਦੀ ਸੇਵਾ ਲਈ ਕਿਵੇਂ ਇਹ ਆਪਣੀ ਜਾਨ ਦੀ ਬਾਜ਼ੀ ਲਗਾ ਸਕਦੇ ਹਨ ਇਸ ਦੀ ਇਕ ਵੱਡੀ ਉਦਾਹਰਣ ਭਾਈ ਪਰਮਾਨੰਦ ਜੀ ਹਨ। ਇਹ ਹਰਿਮੰਦਰ ਸਾਹਿਬ ਦੀ ਧੂਪ ਦੀਪ ਦੀ ਸੇਵਾ, ਦੁਖ ਭੰਜਨੀ ਸਾਹਿਬ ਅਸਥਾਨ ਵਲ ਤੋਂ ਸਰੋਵਰ ਤੈਰ ਕੇ ਉਸ ਸਮੇਂ ਕਰਦੇ ਰਹੇ ਜਦੋਂ ਹਰਿਮੰਦਰ ਸਾਹਿਬ ਦੇ ਦੁਆਲੇ ਸਖ਼ਤ ਪਹਿਰੇ ਸਨ ਅਤੇ ਸਿੱਖ ਦਰਸ਼ਨ ਨਹੀਂ ਕਰ ਸਕਦੇ ਸਨ।[30] ਭਾਈ ਰੰਗ ਸਿੰਘ ਰੋਜ਼ ਗੁਰੂ ਗ੍ਰੰਥ ਸਾਹਿਬ ਜੀ ਦੇ ਚਾਰ ਅੰਗ ਲਿਖਦੇ ਸਨ ਅਤੇ ਉਨ੍ਹਾਂ ਅੰਗਾਂ ਦਾ ਪਾਠ ਤੇ ਪ੍ਰਚਾਰ ਹੁੰਦਾ ਸੀ। ਵਰਤੀ ਜਾਣ ਵਾਲੀ ਸਿਆਹੀ ਨੂੰ ਅੱਡਣਸ਼ਾਹੀ ਸਿਆਹੀ ਕਿਹਾ ਜਾਂਦਾ ਸੀ।[31] ਸੇਵਾ ਪੰਥੀਆਂ ਦੇ ਅਸਥਾਨਾਂ ਦੇ ਸੰਚਾਲਕਾਂ ਨੂੰ 'ਮਹੰਤ' ਕਿਹਾ ਜਾਂਦਾ ਹੈ। ਸੰਸਕ੍ਰਿਤ ਮੂਲ ਦੇ 'ਮਹੰਤ' ਸ਼ਬਦ ਦਾ ਅਰਥ ਹੈ: ਉੱਤਮ, ਮਹਾਨ, ਸ੍ਰੇਸ਼ਠ। ਆਮ ਤੌਰ 'ਤੇ ਇਸ ਨੂੰ ਹਿੰਦੂ ਸਾਧਾਂ, ਸੰਤਾਂ ਦੇ ਡੇਰਿਆਂ, ਅਖਾੜਿਆਂ ਜਾਂ ਮੱਠਾਂ ਦੇ ਮੁਖੀਆਂ ਲਈ ਵਰਤਿਆ ਜਾਂਦਾ ਹੈ।[32]

### 2.4 ਸਹਿਜਧਾਰੀ:

ਸਹਿਜਧਾਰੀ ਸ਼ਬਦ ਉਨ੍ਹਾਂ ਸਿੱਖਾਂ ਲਈ ਵਰਤਿਆ ਗਿਆ ਹੈ ਜੋ ਕੇਸ, ਕ੍ਰਿਪਾਨ ਦੀ ਪੂਰੀ ਰਹਿਤ ਨਹੀਂ ਰਖਦੇ ਪਰ ਸਿੱਖ ਧਰਮ ਦੇ ਬਾਕੀ ਸਾਰੇ ਨਿਯਮ ਦ੍ਰਿੜਤਾ ਨਾਲ ਧਾਰਨ ਕਰਦੇ ਹਨ। ਸਿੰਘਾਂ ਤੋਂ ਛੁੱਟ ਸਹਿਜਧਾਰੀ ਸੰਗਿਆ ਅੰਦਰ ਸਾਰੇ ਗੁਰੂ ਨਾਨਕ ਪੰਥੀ ਆ ਜਾਂਦੇ ਹਨ।[33] 'ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ' ਵਿਚ ਸਹਿਜਧਾਰੀ ਲਈ ਚਰਨਾਮ੍ਰਿਤ ਦੀ ਪਾਹੁਲ ਲੈਣ ਦਾ ਜ਼ਿਕਰ ਮਿਲਦਾ ਹੈ:

ਸਹਿਜਧਾਰੀ ਜੋ ਸਿੱਖ ਹੋਇ। ਲੇ ਚਰਨਾਮ੍ਰਤ ਗੁਰ ਤੇ ਸੋਇ।[34]

ਉਪਰੋਕਤ ਸੰਪਰਦਾਵਾਂ ਤੋਂ ਇਲਾਵਾ ਨਿਹੰਗ ਸਿੰਘ ਵੀ ਗੁਰੂ ਕਾਲ ਵਿਚ ਹੀ ਆਰੰਭ ਹੋਏ। ਨਿਹੰਗ ਸਿੰਘਾਂ ਦੇ ਆਰੰਭ ਬਾਰੇ ਕਈ ਵਿਚਾਰ, ਰਵਾਇਤਾਂ ਅਤੇ ਮਨੌਤਾਂ ਪ੍ਰਚਲਿਤ ਹਨ। ਨਿਹੰਗ ਸਿੰਘਾਂ ਸੰਬੰਧੀ ਇਹ

---

30 ਬਲਬੀਰ ਸਿੰਘ ਨੰਦਾ, ਪੁਰਾਤਨ ਸਿਖ ਸੰਪ੍ਰਦਾਇ, ਪੰਨਾ 60.

31 Kirpal Singh & Kharak Singh (Editor), History of The Sikhs & Their Religion, Vol. I, p. 424.

32 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਚੌਥਾ, ਗਰੇਸ਼ੀਅਸ ਬੁਕਸ, ਪਟਿਆਲਾ, 2014, ਪੰਨੇ 1555-1556.

33 ਕਾਨ੍ਹ ਸਿੰਘ ਨਾਭਾ (ਭਾਈ), ਗੁਰੁਮਤ ਮਾਰਤੰਡ, ਭਾਗ ਪਹਿਲਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਫਰਵਰੀ 2010, ਪੰਨਾ ੧੧੧.

34 ਪ੍ਰੇਮ ਸਿੰਘ (ਕਵੀ) (ਸੰਪਾ.), ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ, ਭਾਗ ਚੌਥਾ, (ਪ੍ਰਕਾ.) ਲੇਖਕ ਆਪ, ਚੌਥੀ ਵਾਰ, ਅੰਮ੍ਰਿਤਸਰ, ਮਿਤੀਹੀਨ, ਪੰਨਾ ੧੬੯੭.

ਵਿਚਾਰ ਲਿਖਤੀ ਅਤੇ ਵਧੇਰੇ ਕਰਕੇ ਮੌਖਿਕ ਤੌਰ 'ਤੇ ਚਲੇ ਆ ਰਹੇ ਹਨ। ਕਈ ਵਿਦਵਾਨ ਅਤੇ ਲੇਖਕ ਨਿਹੰਗ ਸਿੰਘਾਂ ਦਾ ਆਰੰਭ ਬਾਬਾ ਬੁੱਢਾ ਜੀ ਨਾਲ ਜੋੜਦੇ ਹਨ। ਕੁਝ ਵਿਦਵਾਨ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਨਿਹੰਗ ਸਿੰਘਾਂ ਦਾ ਆਰੰਭ ਹੋਇਆ ਮੰਨਦੇ ਹਨ।

## 2.5 ਨਿਹੰਗ ਸਿੰਘਾਂ ਦਾ ਆਰੰਭ:

ਨਿਹੰਗ ਸਿੰਘਾਂ ਦੇ ਆਰੰਭ ਬਾਰੇ ਕਈ ਵਿਚਾਰ (ਅਸਲੀਅਤ ਜਾਣਨ ਦੀ ਕ੍ਰਿਯਾ) ਅਤੇ ਵਾਰਤਾਵਾਂ (ਬ੍ਰਿਤਾਂਤ, ਹਾਲ) ਪ੍ਰਚਲਿਤ ਹਨ। ਗਿਆਨੀ ਗਿਆਨ ਸਿੰਘ ਲਿਖਦੇ ਹਨ:

> ਗੁਰੂ ਪੰਚਮ ਕਾ ਬਚਨ ਸੰਭਾਲਾ। ਮੇਰਾ ਗੁਰ ਮਿਲ ਊਚ ਦੁਮਾਲਾ।
>
> ਏਸ ਬਚਨ ਅਨੁਸਾਰ ਨਿਹੰਗ। ਸਜਨ ਦੁਮਾਲੇ ਲਗੇ ਨਿਸ਼ੰਗ।[35]

ਭਾਵ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਸ਼ਬਦ "*ਹਉ ਗੋਸਾਈ ਦਾ ਪਹਿਲਵਾਨੜਾ॥ ਮੈ ਗੁਰ ਮਿਲਿ ਉਚ ਦੁਮਾਲੜਾ॥*" ਅਨੁਸਾਰ ਸਿੰਘਾਂ ਨੇ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਲਿਖੇ ਇਸ ਸ਼ਬਦ ਅਨੁਸਾਰ ਉੱਚੇ ਦੁਮਾਲੇ ਸਜਾਉਣੇ ਸ਼ੁਰੂ ਕਰ ਦਿੱਤੇ ਸਨ। ਨਿਹੰਗ ਸਿੰਘਾਂ ਦਾ ਆਰੰਭ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਰਦਾਨ ਨਾਲ ਹੋਇਆ। ਗੁਰੂ ਜੀ ਨੇ ਇਹ ਪੰਥ ਆਪਣੇ ਹੱਥੀਂ ਸਾਜਿਆ:

> ਪੰਥ ਖਾਲਸਾ ਬਹੁ ਬਿਧ ਜਾਨੋ। ਜਿਨਕੇ ਭੇਖ ਅਨੇਕ ਵਖਾਨੋ।
>
> ਨਾਨਾ ਬਿਧ ਸਿੱਖਯਾ ਤਿਨ ਦੀਨਾ। ਰਹਿਤ ਮਰਜਾਦਾ ਸਬ ਦਸ ਦੀਨਾ।
>
> ...
>
> ਨੀਲਾ ਵਰਣ ਨਿਹੰਗ ਹੈ ਜੋਈ। ਤਿਨ ਕੋ ਰਚਿਤ ਭਏ ਗੁਰ ਸੋਈ।
>
> ਤਿਨਕੀ ਉਪਮਾ ਔ ਅਲੰਕਾਰਾ। ਤਿਨ ਕਾ ਅੰਤ ਨਹੀਂ ਕੁਛ ਪਾਰਾ।[36]

ਭਾਵ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਹੀ ਨਿਹੰਗ ਸਿੰਘਾਂ ਦੀ ਰਚਨਾ ਕੀਤੀ। ਇਸ ਤਰ੍ਹਾਂ ਦੇ ਹੋਰ ਕਈ ਵਿਚਾਰ ਅਤੇ ਧਾਰਨਾਵਾਂ ਹਨ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:

---

[35] ਗਿਆਨ ਸਿੰਘ (ਗਿਆਨੀ), ਪੰਥ ਪ੍ਰਕਾਸ਼, ਭਾਸ਼ਾ ਵਿਭਾਗ, ਪੰਜਾਬ, 1987, ਪੰਨਾ 1264.

[36] ਨਿਹਾਲ ਸਿੰਘ (ਸੰਤ), ਨ੍ਰਿਮਲ ਪ੍ਰਭਾਕਰ ਅਤੇ ਸਿਖੀ ਪ੍ਰਭਾਕਰ, ਪੰਨਾ 338.

**ਪਹਿਲਾ ਵਿਚਾਰ:**

ਪਹਿਲੇ ਵਿਚਾਰ ਅਨੁਸਾਰ ਨਿਹੰਗ ਸਿੰਘਾਂ ਦਾ ਆਰੰਭ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੁਆਰਾ ਬਾਬਾ ਬੁੱਢਾ ਜੀ ਨੂੰ ਦਿੱਤੇ ਵਰਦਾਨ ਤੋਂ ਆਰੰਭ ਹੋਇਆ ਮੰਨਿਆ ਜਾਂਦਾ ਹੈ। ਬੁੱਢਾ ਦਲ, ਬਾਬਾ ਬੁੱਢਾ ਜੀ ਦੇ ਨਾਮ ਤੋਂ ਆਪਣੇ ਦਲ ਦਾ ਨਾਮ ਪਿਆ ਦਸਦੇ ਹਨ ਕਿ, "ਗਵਾਲੀਅਰ ਦੇ ਕਿਲ੍ਹੇ ਵਿਚ ਬਾਦਸ਼ਾਹ ਜਹਾਂਗੀਰ ਦੇ ਹੁਕਮ ਅਨੁਸਾਰ ਦੀਵਾਨ ਚੰਦੂ ਨੇ ਚਤੁਰਾਈ ਨਾਲ ਚਾਲ੍ਹੀ ਦਿਨ ਦਾ ਬਹਾਨਾ ਕਰਕੇ ਕਿੰਨਾ ਹੀ ਸਮਾਂ ਗੁਰੂ ਹਰਿਗੋਬਿੰਦ ਜੀ ਨੂੰ ਜੇਲ ਵਿਚ ਕੈਦ ਰਖਿਆ ਜਿਸ ਕਰਕੇ ਸਿੱਖ ਸੰਗਤਾਂ ਬਹੁਤ ਦੁਖੀ ਹੋਈਆਂ। ਮਾਤਾ ਗੰਗਾ ਜੀ ਦੇ ਹੁਕਮ ਨਾਲ ਭਾਈ ਜੇਠਾ ਜੀ ਅਤੇ ਬਾਬਾ ਬੁੱਢਾ ਜੀ ਆਦਿ ਮੁਖੀ ਸਿੱਖਾਂ ਨੇ ਗੁਰਮਤਾ ਕੀਤਾ ਕਿ ਜਿਵੇਂ ਵੀ ਹੋਵੇ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿਚੋਂ ਬਾਹਰ ਲਿਆਉਣਾ ਹੈ। ਇਸ ਲਈ ਬਾਬਾ ਬੁੱਢਾ ਜੀ ਨੇ ਤੀਹ ਹਜ਼ਾਰ ਫੌਜ ਇਸ ਢੰਗ ਨਾਲ ਤਿਆਰ ਕੀਤੀ, ਕਿ ਹਕੂਮਤ ਨੂੰ ਇਸ ਗੱਲ ਦਾ ਭੇਤ ਤਕ ਨਾ ਲੱਗਾ। ਇਹ ਫੌਜ ਦਿੱਲੀ ਵਿਚ ਜਿੱਥੇ ਕਿ ਹੁਣ ਤੀਹ ਹਜ਼ਾਰੀ ਬਸਤੀ ਵਸਦੀ ਹੈ, ਉੱਥੇ ਟਿਕਾ ਕੇ ਬਾਬਾ ਬੁੱਢਾ ਜੀ, ਭਾਈ ਬਿਧੀ ਚੰਦ ਅਤੇ ਭਾਈ ਜੇਠਾ ਜੀ ਗੁਰੂ ਜੀ ਦੀ ਰਿਹਾਈ ਲਈ ਬਾਦਸ਼ਾਹ ਕੋਲ ਪਹੁੰਚੇ। ਜ਼ੁਬਾਨੀ ਗੱਲ ਸਿਰੇ ਚੜ੍ਹਦੀ ਨਾ ਦੇਖ ਕੇ ਭਾਈ ਜੇਠਾ ਜੀ ਅਤੇ ਬਿਧੀ ਚੰਦ ਨੇ ਗੁਪਤ ਸ਼ਕਤੀਆਂ ਤੋ ਕੰਮ ਲੈ ਕੇ ਬਾਦਸ਼ਾਹ ਨੂੰ ਭੈਭੀਤ ਕੀਤਾ ਅਤੇ ਬਾਦਸ਼ਾਹ ਨੂੰ ਬਵੰਜਾ ਰਾਜਿਆਂ ਸਮੇਤ ਸਤਿਗੁਰੂ ਜੀ ਦੀ ਰਿਹਾਈ ਦਾ ਹੁਕਮ ਕਰਨਾ ਹੀ ਪਿਆ। ਜਦੋਂ ਸਤਿਗੁਰੂ ਜੀ ਨੂੰ ਬਾਬਾ ਬੁੱਢਾ ਜੀ ਦੀ ਇਸ ਸਰਗਰਮੀ ਦਾ ਪਤਾ ਲੱਗਾ ਤਾਂ ਗੁਰੂ ਜੀ ਬੜੇ ਪ੍ਰਸੰਨ ਹੋਏ, ਅਤੇ ਵਰ ਦਿੱਤਾ ਕਿ ਬਾਬਾ ਬੁੱਢਾ ਜੀ, ਆਪ ਜੀ ਦੇ ਨਾਂ 'ਤੇ ਦਲ ਚਲੇਗਾ ਜੋ ਕਿ ਬੁੱਢਾ ਦਲ ਦੇ ਨਾਂ ਤੇ ਵਿਦੱਤ (ਪ੍ਰਗਟ) ਹੋਵੇਗਾ।"[37] 'ਮਾਲਵਾ ਇਤਿਹਾਸ' ਦੇ ਕਰਤਾ ਵਿਸਾਖਾ ਸਿੰਘ ਅਨੁਸਾਰ, "ਜਦੋਂ ਗੁਰੂ ਹਰਿਗੋਬਿੰਦ ਜੀ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਸਨ ਤਾਂ ਬਾਬਾ ਬੁੱਢਾ ਜੀ ਸੰਗਤਾਂ ਨੂੰ ਨਾਲ ਲੈ ਕੇ ਕਿਲ੍ਹੇ ਵਲ ਪੈਦਲ ਜਾਂਦੇ, ਬਾਬਾ ਜੀ ਸਭ ਤੋਂ ਮੂਹਰੇ ਨਿਸ਼ਾਨ ਸਾਹਿਬ ਲੈ ਕੇ ਚਲਦੇ। ਇਸ ਪ੍ਰਕਾਰ ਕਿਲ੍ਹਾ ਗਵਾਲੀਅਰ ਦੀ ਪਰਕਰਮਾ ਕਰਦੇ। ਜਦੋਂ ਗੁਰੂ ਜੀ ਨੇ ਇਹ ਰਚਨਾ ਦੇਖੀ ਤਾਂ ਅਤਿ ਪ੍ਰਸੰਨ ਹੋ ਕੇ ਬਚਨ ਕੀਤਾ ਕਿ ਬਾਬਾ ਬੁੱਢਾ ਜੀ ਕੁਝ ਸਮਾਂ ਪਾ ਕੇ ਤੇਰਾ ਨਿਸ਼ਾਨਾਂ ਵਾਲਾ ਪੰਥ ਚਲੇਗਾ।"[38]

---

[37] ਦਿਆਲ ਸਿੰਘ ਲਿਖਾਰੀ (ਮੁਖ ਸੰਪਾ.), ਨਿਹੰਗ ਸਿੰਘ ਸੰਦੇਸ਼ ਮਾਸਿਕ (ਦਿਵਾਲੀ ਅੰਕ), ਅੰਕ 10, ਸਾਲ 5, ਬੁੱਢਾ ਦਲ ਪ੍ਰਿੰਟਿੰਗ ਪ੍ਰੈਸ, ਗੁਰੂ ਕਾ ਬਾਗ, ਅਨੰਦਪੁਰ ਸਾਹਿਬ, ਅਕਤੂਬਰ 1976, ਪੰਨਾ 9.

[38] ਵਿਸਾਖਾ ਸਿੰਘ (ਸੰਤ ਸਿਪਾਹੀ ਜਨੇਤ ਪੁਰਾ), ਮਾਲਵਾ ਇਤਿਹਾਸ, ਗੁਰਮਤ ਪ੍ਰਚਾਰਕ ਸਿੰਘ ਸਭਾ, ਇਲਾਕਾ ਤਿਹਾੜਾ, ਫੀਰੋਜ਼ਪੁਰ, ਪੰਜਾਬ, ਸਤੰਬਰ 1954, ਪੰਨਾ ੪੩੬.

ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਹੈੱਡਗ੍ਰੰਥੀ ਬਾਬਾ ਮੱਘਰ ਸਿੰਘ ਅਤੇ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਹੈੱਡਗ੍ਰੰਥੀ ਮਹੰਤ ਤ੍ਰਿਲੋਚਨ ਸਿੰਘ ਜੀ ਅਨੁਸਾਰ, "ਗਵਾਲੀਅਰ ਦੇ ਕਿਲ੍ਹੇ ਵਿਚੋਂ ਰਿਹਾਅ ਹੋਣ ਤੋਂ ਬਾਅਦ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਬਾਬਾ ਬੁੱਢਾ ਜੀ ਨੂੰ ਵਰ ਦਿੱਤਾ ਕਿ ਤੁਹਾਡੇ ਨਾਂ 'ਤੇ ਪੰਥ ਚਲੇਗਾ, ਜਿਸ ਵਿਚ ਪਲੇ-ਪਲਾਏ ਜੁਆਨ ਭਰਤੀ ਹੋਇਆ ਕਰਨਗੇ ਅਤੇ ਜਿਸ ਪ੍ਰਕਾਰ ਤੁਹਾਡੇ ਵਰ-ਸਰਾਪ ਪੂਰੇ ਹੁੰਦੇ ਹਨ, ਉਸੇ ਤਰ੍ਹਾਂ ਪੰਥ ਦੇ ਵਰ-ਸਰਾਪ ਪੂਰੇ ਹੋਇਆ ਕਰਨਗੇ।"[39] ਇਸਦੇ ਨਾਲ ਹੀ ਬਾਬਾ ਬੁੱਢਾ ਜੀ ਨੇ ਸਿੱਖ ਜਗਤ ਵਿਚ ਪਹਿਲੀ ਚੌਂਕੀ ਤੋਰੀ ਜਦੋਂ ਗੁਰੂ ਹਰਿਗੋਬਿੰਦ ਜੀ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਸਨ।[40]

ਇੱਥੇ ਇਹ ਗੱਲ ਵਰਨਣਯੋਗ ਹੈ ਕਿ ਬੁੱਢਾ ਦਲ ਦੁਸਹਿਰੇ ਦਾ ਜੋੜ ਮੇਲ ਸ੍ਰੀ ਚਮਕੌਰ ਸਾਹਿਬ ਵਿਖੇ ਮਨਾਉਂਦਾ ਹੈ ਕਿਉਂਕਿ ਦੁਸਹਿਰੇ ਵਾਲੇ ਦਿਨਾਂ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲ੍ਹੇ ਵਿਚੋਂ ਬਵੰਜਾ ਰਾਜਿਆਂ ਦੀ ਬੰਦ ਖਲਾਸੀ ਕਰਵਾ ਕੇ ਦਿੱਲੀ ਪਹੁੰਚੇ ਸਨ। ਦੁਸਹਿਰੇ ਵਾਲੇ ਦਿਨ ਦਿੱਲੀ ਵਿਖੇ ਹੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਾਬਾ ਬੁੱਢਾ ਜੀ ਨੂੰ ਉਨ੍ਹਾਂ ਦੇ ਨਾਂ 'ਤੇ ਦਲ ਚਲਣ ਦਾ ਵਰ ਦਿੱਤਾ ਸੀ।[41] ਇਹ ਵਿਚਾਰ ਵਧੇਰੇ ਕਰਕੇ ਮੌਖਿਕ ਹੈ ਅਤੇ ਸੀਨੇ-ਬ-ਸੀਨੇ ਨਿਹੰਗ ਸਿੰਘਾਂ ਵਿਚ ਪ੍ਰਚਲਿਤ ਰਿਹਾ ਹੈ। ਬੁੱਢਾ ਦਲ ਦੇ ਲਿਖਾਰੀ ਗਿਆਨੀ ਕ੍ਰਿਪਾਲ ਸਿੰਘ ਵੜੈਚ ਨੇ ਆਪਣੇ ਇਕ ਲੇਖ 'ਨਿਹੰਗ ਸਿੰਘ' ਵਿਚ ਇਸ ਵਿਚਾਰ ਦੀ ਪ੍ਰੋੜਤਾ ਕੀਤੀ ਹੈ।[42]

**ਦੂਜਾ ਵਿਚਾਰ:**

ਦੂਜੇ ਵਿਚਾਰ ਅਨੁਸਾਰ ਨਿਹੰਗ ਸਿੰਘਾਂ ਦਾ ਆਰੰਭ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਭ ਤੋਂ ਛੋਟੇ ਸਾਹਿਬਜ਼ਾਦੇ ਬਾਬਾ ਫ਼ਤਿਹ ਸਿੰਘ ਜੀ ਤੋਂ ਹੋਇਆ ਮੰਨਿਆ ਜਾਂਦਾ ਹੈ। ਪ੍ਰੋ. ਦੀਵਾਨ ਸਿੰਘ ਅਨੁਸਾਰ ਬਾਬਾ

---

39 ਇਹ ਜਾਣਕਾਰੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਹੈਡ ਗ੍ਰੰਥੀ ਬਾਬਾ ਮੱਘਰ ਸਿੰਘ ਅਤੇ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਹੈਡ ਗ੍ਰੰਥੀ ਮਹੰਤ ਤ੍ਰਿਲੋਚਨ ਸਿੰਘ ਜੀ ਪਾਸੋਂ ਬੁੱਢਾ ਦਲ ਦੀ ਛਾਉਣੀ 'ਸ਼ਹੀਦ ਬਾਬਾ ਮਿੱਤ ਸਿੰਘ ਜੀ ਅਤੇ ਛੇ ਹਜ਼ਾਰ ਨਿਹੰਗ ਸਿੰਘਾਂ' ਸ਼ੰਭੂ, ਵਿਖੇ ਮਿਤੀ 19-5-2018 ਨੂੰ ਵੀਡਿਉ ਰਿਕਾਰਡਿੰਗ ਰਾਹੀਂ ਇੰਟਰਵਿਊ ਵਿਚ ਇੱਕਤਰ ਕੀਤੀ ਗਈ.

40 ਕਿਰਪਾਲ ਸਿੰਘ (ਗਿਆਨੀ) (ਸਿੰਘ ਸਾਹਿਬ), ਸ੍ਰੀ ਹਰਿਮੰਦਰ ਸਾਹਿਬ ਦਾ ਸੁਨਿਹਰੀ ਇਤਿਹਾਸ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਅਗਸਤ 2010, ਪੰਨਾ ੩੨੧.

41 ਸਤਵੰਤ ਸਿੰਘ ਢਿਲੋਂ (ਸੰਪਾ.), ਨਿਹੰਗ ਸਿੰਘ ਸੰਦੇਸ਼, ਗੁਰੂ ਕਾ ਬਾਗ, ਅਨੰਦਪੁਰ ਸਾਹਿਬ, ਅੰਕ 7, ਸਾਲ 3, ਅਕਤੂਬਰ 1974, ਪੰਨਾ 12.

42 ਕ੍ਰਿਪਾਲ ਸਿੰਘ ਲਿਖਾਰੀ, ਬੁੱਢਾ ਦਲ, ਲੇਖ- ਨਿਹੰਗ ਸਿੰਘ, ਬਗੀਚੀ ਬੁੱਢਾ ਦਲ ਨਿਹੰਗ ਸਿੰਘਾਂ, ਪਟਿਆਲਾ, ਸਤੰਬਰ 1983, (ਗੰਡਾ ਸਿੰਘ ਰੈਫਰੈਂਸ ਲਾਇਬ੍ਰੇਰੀ, ਪਟਿਆਲਾ, File No. (GS). 677, ਪੰਨਾ 5.

ਫ਼ਤਿਹ ਸਿੰਘ ਜੀ ਦਾ ਜਨਮ 1699 ਈ. ਵਿਚ ਹੋਇਆ।[43] ਬਾਬਾ ਫ਼ਤਿਹ ਸਿੰਘ ਜੀ ਦੇ ਜਨਮ ਸੰਬੰਧੀ ਮੈਕਾਲਿਫ,[44] ਗੁਰਰਤਨਾਵਲੀ ਦੇ ਕਰਤਾ ਬਾਬਾ ਤੋਲਾ ਸਿੰਘ ਭੱਲਾ,[45] ਕਾਨ੍ਹ ਸਿੰਘ ਨਾਭਾ,[46] ਪ੍ਰੋ. ਦੀਵਾਨ ਸਿੰਘ[47] ਅਤੇ ਹੋਰ ਕਈ ਵਿਦਵਾਨਾਂ ਦੀ ਵੀ ਇਹੀ ਰਾਇ ਹੈ। ਪਰ ਪਿਆਰਾ ਸਿੰਘ ਪਦਮ,[48] ਗਿਆਨੀ ਲਾਲ ਸਿੰਘ 'ਸੰਗਰੂਰ'[49] ਅਨੁਸਾਰ ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਜੀ ਦਾ ਜਨਮ 1755 ਬਿ: ਮੁਤਾਬਿਕ 1698 ਈ. ਵਿਚ ਹੋਇਆ। ਨਿਹੰਗ ਸਿੰਘਾਂ ਦੇ ਆਰੰਭ ਸੰਬੰਧੀ ਗਿਆਨੀ ਜੰਗ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਬਵੰਜਾਂ ਕਵੀਆਂ ਵਿਚੋਂ ਕਵੀ ਟਹਿਕਣ ਜੀ ਦੁਆਰਾ ਨਿਹੰਗ ਸਿੰਘਾਂ ਦੇ ਆਰੰਭ ਪ੍ਰਤੀ ਦਿੱਤੀ ਵਾਰਤਾ ਨੂੰ ਲਿਖਿਆ ਹੈ:

"ਇਕ ਵੇਰ ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਜੀ ਖੇਡਦੇ-ਖੇਡਦੇ ਸੀਸ ਪਰ ਉੱਚਾ ਦੁਮਾਲਾ ਸਜਾ ਕੇ ਸ੍ਰੀ ਦਸਮੇਸ਼ ਜੀ ਦੇ ਹਜ਼ੂਰ ਆਏ। ਉਨ੍ਹਾਂ ਦੇ ਇਸ ਵਚਿੱਤਰ ਬਾਣੇ ਨੂੰ ਵੇਖ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਫੁਰਮਾਇਆ- ਇਸ ਬਾਣੇ ਵਾਲਾ ਇਕ ਅਕਾਲੀ(ਨਿਹੰਗ) ਪੰਥ ਚਲੇਗਾ ਜਿਨ੍ਹਾਂ ਦੇ ਸੀਸ ਉੱਤੇ ਫਰਰਾ(ਨਿਸ਼ਾਨ) ਝੂਲੇਗਾ।" ਗੁਰੂ ਜੀ ਨੇ ਮੱਘਰ ਵਦੀ ਪੰਚਮੀ ਸੰਮਤ ੧੭੬੦ ਵਿਚ ਸਾਹਿਬਜ਼ਾਦਾ ਫ਼ਤਿਹ ਸਿੰਘ ਜੀ ਨੂੰ ਆਪਣੀ ਪਵਿੱਤਰ ਗੋਦ ਵਿਚ ਬਿਠਾ ਕੇ ਉਨ੍ਹਾਂ ਦੇ ਸਿਰ ਤੇ ਹੋਰ ਉੱਚਾ ਦੁਮਾਲਾ ਸਜਾਇਆ ਤੇ ਉਨ੍ਹਾਂ ਦੇ ਨਾਲ ਪੰਜ ਸਿੰਘ ਹੋਰ ਇਸ ਬਾਣੇ ਵਾਲੇ ਤਿਆਰ ਕੀਤੇ ਤੇ ਵਰਦਾਨ ਦਿੱਤਾ: "ਇਹ ਬੜਾ ਤਪ ਤੇਜ਼ ਵਾਲਾ, ਸਿਮਰਨ ਭਜਨ ਕਰਨ ਵਾਲਾ, ਮਾਇਆ ਦੇ ਬੰਧਨਾਂ ਤੋਂ ਨਿਰਲੇਪ ਰਹਿਣ ਵਾਲਾ ਪੰਥ ਹੋਵੇਗਾ।"[50] ਡਾ.

---

[43] ਦੀਵਾਨ ਸਿੰਘ (ਪ੍ਰੋ.), ਦਸਮ ਗੁਰੂ ਜੀਵਨ ਤੇ ਸ਼ਖਸੀਅਤ, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਦੂਜੀ ਵਾਰ, ਜੁਲਾਈ 1968, ਪੰਨਾ 48.

[44] ਮੈਕਸ ਆਰਥਰ ਮੈਕਾਲਿਫ, ਸਿੱਖ ਧਰਮ, ਗੁਰੂ ਸਾਹਿਬਾਨ, ਪਵਿੱਤਰ ਰਚਨਾਵਾਂ ਤੇ ਰਚਨਾਕਾਰ, ਜਿਲਦ ਪੰਜਵੀਂ, ਡਾ. ਧਰਮ ਸਿੰਘ (ਸੰਪਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ 57.

[45] ਤੋਲਾ ਸਿੰਘ ਭੱਲਾ (ਬਾਬਾ), ਗੁਰਰਤਨਾਵਲੀ, ਡਾ. ਮਨਵਿੰਦਰ ਸਿੰਘ (ਸੰਪਾ.), ਲਾਕਟ ਪ੍ਰਿੰਟਰਜ਼, ਚੌਕ ਬਾਬਾ ਭੋੜੀ, ਅੰਮ੍ਰਿਤਸਰ, 1995, ਪੰਨਾ 165.

[46] ਕਾਨ੍ਹ ਸਿੰਘ ਨਾਭਾ (ਭਾਈ), ਗੁਰੁ ਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 808.

[47] ਦੀਵਾਨ ਸਿੰਘ (ਪ੍ਰੋ.), ਦਸਮ ਗੁਰੂ ਜੀਵਨ ਤੇ ਸ਼ਖਸੀਅਤ, ਪੰਨਾ 48.

[48] ਪਿਆਰਾ ਸਿੰਘ ਪਦਮ, ਚਾਰ ਸਾਹਿਬਜ਼ਾਦੇ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਦਸਵੀਂ ਵਾਰ, ਅਗਸਤ 2015, ਪੰਨਾ 22.

[49] ਲਾਲ ਸਿੰਘ 'ਸੰਗਰੂਰ' (ਗਿਆਨੀ), ਗੁਰੂ ਬੰਸਾਵਲੀ ਤੇ ਪੰਥਕ ਪ੍ਰਸਿੱਧ ਹਸਤੀਆਂ, ਪੰਨਾ ੧੨੯.

[50] ਜੰਗ ਸਿੰਘ ਗਿਆਨੀ, ਅੰਮ੍ਰਿਤਸਰ ਸਿਫਤੀ ਦਾ ਘਰੁ, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1977, ਪੰਨੇ 136-137.

ਅਜਮੇਰ ਸਿੰਘ ਨੇ ਨਿਹੰਗ ਸਿੰਘਾਂ ਦਾ ਆਰੰਭ ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਜੀ ਤੋਂ ਹੋਇਆ ਦੱਸਿਆ ਹੈ।[51]

ਪਿਆਰਾ ਸਿੰਘ ਪਦਮ ਲਿਖਦੇ ਹਨ ਕਿ ਨਿਹੰਗ ਸਿੰਘਾਂ ਦੇ ਵਿਚ ਬਾਬਾ ਫ਼ਤਿਹ ਸਿੰਘ ਜੀ ਦਾ ਵਿਸ਼ੇਸ਼ ਆਦਰ ਹੈ। ਇਨ੍ਹਾਂ ਦੇ ਨਿੱਕੇ ਦੁਮਾਲੇ ਦੀ ਰੀਸ ਕਾਰਨ ਨਿਹੰਗਾਂ ਵਿਚ ਦੁਮਾਲਾ ਸਜਾਉਣ ਦਾ ਰਿਵਾਜ਼ ਪਿਆ।[52] ਬਾਬਾ ਅਜੀਤ ਸਿੰਘ ਅਤੇ ਬਾਬਾ ਫ਼ਤਿਹ ਸਿੰਘ ਜੀ ਨੇ ਦੁਮਾਲਗੜ੍ਹ ਦੇ ਅਸਥਾਨ 'ਤੇ ਅਰਦਾਸ ਕੀਤੀ ਤਾਂ ਅਕਾਲੀ ਬਾਣਾ ਪ੍ਰਗਟ ਹੋਇਆ ਜਿਸਨੂੰ ਪਹਿਨ ਕੇ ਬਾਬਾ ਫ਼ਤਿਹ ਸਿੰਘ ਜੀ ਦਰਬਾਰ ਵਿਚ ਆਏ।[53] ਅਕਾਲੀ ਕੌਰ ਸਿੰਘ ਨਿਹੰਗ ਨੇ ਆਪਣੀ ਪੁਸਤਕ 'ਹਜ਼ੂਰੀ ਸਾਥੀ' ਵਿਚ ਇਸ ਸੰਬੰਧੀ ਲਿਖਿਆ ਹੈ: "ਸੁਰਮਈ ਬਾਨੇ ਦੇ ਖਾਸ ਲਿਬਾਸ ਵਿਚ ਬਾਬਾ ਫਤਹ ਸਿੰਘ ਜੀ ਗੁਰੂ ਦਸਮੇਸ ਜੀ ਦੇ ਦਰਬਾਰ ਵਿਚ ਭੁਯੰਗੀਆਂ ਦੀ ਫੌਜ ਸਮੇਤ ਜੈਕਾਰੇ "ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ" ਗਜਾਂਦੇ ਪੁਜੇ ਤੇ ਵਰ ਪਾਕੇ ਵਾਪਿਸ ਗਏ ਕਿ "ਤੁਹਾਡੇ ਇਸ ਬਾਣੇ ਵਾਲਾ ਪੰਥ ਵਿਚ ਨਿਹੰਗ ਸਿੰਘ ਪੰਥ ਹੋਵੇਗਾ।"[54] ਪਹਿਲੇ ਅਕਾਲੀ ਬਾਬਾ ਫ਼ਤਿਹ ਸਿੰਘ ਜੀ ਮੰਨੇ ਜਾਂਦੇ ਹਨ।[55] ਇਸ ਵਾਰਤਾ ਦਾ ਜ਼ਿਕਰ ਕਈ ਵਿਦਵਾਨਾਂ ਨੇ ਆਪਣੀਆਂ ਲਿਖਤਾਂ ਵਿਚ ਕੀਤਾ ਹੈ। ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼ ਵਿਚ ਇਹ ਵਾਰਤਾ ਇਉਂ ਦਰਜ ਹੈ:

"ਕਬਹੂੰ ਚਾਰਹੁ ਤਾਤ ਸ੍ਰੀ ਸੁ ਅਜੀਤ ਸਿੰਘ, ਸਿੰਘ ਜੁਝਾਰ ਹੈ॥ ਸ੍ਰੀ ਸਿੰਘ ਜੋਰਾਵਰ ਬਿਮਲ ਸ੍ਰੀਫਤੇ ਸਿੰਘ ਅਘਾਰਹੈ। ਲਘੁ ਸਭਨ ਮਾਹਿ ਪ੍ਰਧਾਨ ਪਯਾਰੇ ਪੂਤ ਸਿੰਘ ਫਤੇ ਸਹੀ॥ ਅਵਤਾਰ ਸੀ ਗੁਰਵਾਹ ਫਤੇ ਉਚਾਰ ਜੋ ਖਾਲਸਾ ਕਹੀ॥2॥ ਮਿਲਤੀਨ ਭੈਯਨੀ ਬੀਨ ਕੀਨ ਨਵੀਨ ਮਤ ਨਿਰਮਾਨ ਹੈ॥ ਊਚੋ ਦੁਮਾਲਾ ਰੰਗ ਕਾਲਾ ਫਤੇ ਸਿੰਘ ਸਜਾਨ ਹੈ॥ ਸਸਤਰਾਦਿ ਸਜਿਤ ਕਰ ਬਿਹਸਿ ਅਤਿ ਲੈ ਗਏ ਪਿਤ ਪਾਸਮੋ॥ ਆਨੰਦ ਪਤਿ ਜਹਹੇ ਬਿਰਾਜਤ ਆਪਨੇ ਸੁ ਬਿਲਾਸਮੋ॥3॥ ਲਖ ਰੂਪ ਲੋਨੇ ਲਾਇ ਉਰ ਹਰਖਾਇ ਕਰ ਸਤਗੁਰੂ

---

51 ਅਜਮੇਰ ਸਿੰਘ (ਡਾ.)(ਸੰਪਾ.), ਖੋਜ ਪਤ੍ਰਿਕਾ (ਪ੍ਰਗਟਯੋ ਖ਼ਾਲਸਾ ਵਿਸ਼ੇਸ਼ ਅੰਕ), ਸਤੰਬਰ 1998, ਅੰਕ 48, ਸਾਲ 32ਵਾਂ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998, ਪੰਨਾ 134.

52 ਪਿਆਰਾ ਸਿੰਘ ਪਦਮ, ਚਾਰ ਸਾਹਿਬਜ਼ਾਦੇ, ਪੰਨਾ 22.

53 ਦਿਆਲ ਸਿੰਘ ਲਿਖਾਰੀ, ਮੁਖਤਿਆਰੇ ਆਮ (ਮੁਖ ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 8-9, ਸਾਲ 4, ਬਗੀਚੀ ਬਾਬਾ ਬੰਬਾ ਸਿੰਘ ਜੀ, ਲੋਇਰ ਮਾਲ ਰੋਡ, ਪਟਿਆਲਾ, ਅਗਸਤ-ਸਤੰਬਰ 1975, ਪੰਨਾ 16.

54 ਕੌਰ ਸਿੰਘ ਨਿਹੰਗ (ਅਕਾਲੀ), ਹਜ਼ੂਰੀ ਸਾਥੀ, ਪੰਨੇ 146-147.

55 Teja Singh, The Gurdwara Reform Movement and The Sikh Awakening, Shiromani Gurdwara Parbandhak Committee, Amritsar, January 1984, p.305.

ਕਹੀ॥ ਯਹ ਅਧਿਕ ਪਯਾਰੋ ਮੋਹਿ ਲਾਗਯੋ ਯਹ ਦੁਮਾਲੋ ਹੈ ਸਹੀ॥ ਜੋ ਜੰਗ ਜੀਤ ਅਭੀਤ ਸੁਰ ਸੁਧਾਰ ਸੀਸ ਨਿਸਾਨ ਹੈ॥ ਯਹ ਅਹਹਿ ਤਮਗਾ ਏਕਅਤਿ ਉਤਯਮ ਨਿਹੰਗ ਮਹਾਨ ਹੈ॥ ਯਹ ਰੂਪ ਹੂ ਮਮ ਰੂਪ ਪਾਛੇ ਪ੍ਰਗਟ ਅਤਿ ਹਿਤ ਹੋਇ ਹੈ॥ ਆਨਨਯ ਸਿੰਘ ਨਿਹੰਗ ਮੁਕਤਨ ਮੈ ਭਰਮ ਭਯ ਖੋਇ॥ ਚੌ:॥ ਇਹਿ ਬਿਧਿ ਦੀਨ ਜਬੈ ਬਰਦਾਨਾ॥ ਤਬ ਹਿੰਮਤ ਸਿੰਘ ਕਿਯ ਸਨਮਾਨਾ॥ ਤਬ ਤੇ ਭੇ ਨਿਹੰਗ ਜਨ ਜੇਤੇ॥ ਦਵੈ ਪ੍ਰਕਾਰ ਸੋ ਪਚੁਰੇ ਤੇਤੇ॥6॥ ਕਾਹੁ ਦੁਮਾਲੋ ਗੁਰੁ ਮੁਖ ਰਾਖਾ॥ ਕਾਹੂੰ ਕਰਯੋ ਊਚ ਅਭਿਲਾਖਾ॥"[56] ਮਹੰਤ ਗਣੇਸ਼ਾ ਸਿੰਘ ਜੀ ਨੇ ਵੀ ਆਪਣੀ ਰਚਨਾ 'ਭਾਰਤ ਮਤ ਦਰਪਣ' ਵਿਚ ਇਸ ਵਾਰਤਾ ਦਾ ਜ਼ਿਕਰ ਕੀਤਾ ਹੈ।[57] ਡਾ. ਗੁਰਸ਼ਰਨ ਜੀਤ ਸਿੰਘ ਨੇ 'ਗੁਰਮਤ ਨਿਰਣਯ ਕੋਸ਼' ਵਿਚ ਇਹੀ ਵਿਚਾਰ ਦਿੱਤਾ ਹੈ।[58] ਗਿਆਨੀ ਹਰੀ ਸਿੰਘ ਨੇ ਵੀ ਆਪਣੀ ਸੰਪਾਦਿਤ ਪੁਸਤਕ 'ਮਾਤਾ ਸਾਹਿਬ ਕੌਰ' ਵਿਚ ਇਸ ਵਿਚਾਰ ਦੀ ਪ੍ਰੋੜਤਾ ਕੀਤੀ ਹੈ।[59] ਬਾਬਾ ਸੁਮੇਰ ਸਿੰਘ ਅਨੁਸਾਰ ਨਿਹੰਗ ਸਿੰਘਾਂ ਦਾ ਆਰੰਭ ਬਾਬਾ ਫ਼ਤਿਹ ਸਿੰਘ ਜੀ ਤੋਂ ਹੋਇਆ ਹੈ:

ਫਾਗਨ ਸੁਦੀ ਇਕਾਦਸ ਭਾਰੀ॥ ਪ੍ਰਗਟੇ ਫਤੇ ਸਿੰਘ ਅਘਰਾਰੀ॥
ਕੀਉ ਨਿਹੰਗ ਪੰਥ ਨਿਰਮਾਣਾ॥ ਸਦਾ ਅਸੰਗ ਅਨਨਯ ਨਿਧਾਨਾ॥[60]

ਨਿਹੰਗ ਸਿੰਘ ਜਥੇਬੰਦੀ ਵਿਚ ਪ੍ਰਸਿੱਧ ਵਿਦਵਾਨ ਬੁੱਢਾ ਦਲ ਦੇ ਗਿਆਨੀ ਸੁਰਜੀਤ ਸਿੰਘ 'ਮਹਿਰੋਂ' ਨੇ ਆਪਣੀ ਪੁਸਤਕ 'ਖਾਲਸੇ ਦੀ ਮਾਤਾ ਸਾਹਿਬ ਦੇਵਾਂ ਜੀ' ਵਿਚ ਵੀ ਇਹ ਵਾਰਤਾ ਲਿਖੀ ਹੈ।[61] ਕਵੀ ਸੰਤ ਰੇਣ ਪ੍ਰੇਮ ਸਿੰਘ ਨੇ 'ਗੁਰਪੁਰ ਪ੍ਰਕਾਸ਼' ਵਿਚ ਇਹ ਵਾਰਤਾ ਇਸ ਪ੍ਰਕਾਰ ਦਰਜ ਕੀਤੀ ਹੈ:

ਇਕ ਬਿਰ ਥਿਰੇ ਦੀਵਾਨ ਮਝਾਰਾ॥ ਲਘ ਸੁਤ ਫਤੇ ਸਿੰਘ ਗੁਰ ਪਿਆਰਾ॥
ਬਾਂਧ ਸੀਸ ਪੈ ਊਚ ਦੁਮਾਰਾ॥ ਚਕ੍ਰ ਸੁ ਲਘ ਖੰਡਾ ਬਿਧ ਧਾਰਾ॥

---

56 ਸੁਮੇਰ ਸਿੰਘ (ਬਾਬਾ), ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼, ਡਾ. ਅੱਛਰ ਸਿੰਘ ਕਾਹਲੋਂ (ਸੰਪਾ.), ਪੰਨਾ 199

57 ਗਣੇਸ਼ਾ ਸਿੰਘ ਮਹੰਤ, ਭਾਰਤ ਮਤ ਦਰਪਣ, ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਦੂਜੀ ਵਾਰ, ਸਤੰਬਰ 1992, ਪੰਨਾ 192

58 ਗੁਰਸ਼ਰਨ ਜੀਤ ਸਿੰਘ (ਡਾ.), ਗੁਰਮਤ ਨਿਰਣਯ ਕੋਸ਼, ਗੁਰਨਿਧੀ ਪ੍ਰਕਾਸ਼ਨ, ਅੰਮ੍ਰਿਤਸਰ, ਦੂਜੀ ਐਡੀਸ਼ਨ, ਫਰਵਰੀ 2005, ਪੰਨਾ 12.

59 ਹਰੀ ਸਿੰਘ (ਗਿਆਨੀ)(ਸੰਪਾ.), ਮਾਤਾ ਸਾਹਿਬ ਕੌਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011, ਪੰਨਾ 31.

60 ਸੁਮੇਰ ਸਿੰਘ (ਬਾਬਾ), ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼, ਡਾ. ਅੱਛਰ ਸਿੰਘ ਕਾਹਲੋਂ (ਸੰਪਾ.), ਪੰਨਾ 80.

61 ਸੁਰਜੀਤ ਸਿੰਘ ਮਹਿਰੋਂ, ਖਾਲਸੇ ਦੀ ਮਾਤਾ, ਮਾਤਾ ਸਾਹਿਬ ਦੇਵਾਂ ਜੀ, ਮੁਖੀ ਅਤੇ ਸਮੂਹ ਪ੍ਰਬੰਧਕ ਜੱਥਾ, ਗੁ: ਮਾਤਾ ਸਾਹਿਬ ਦੇਵਾਂ ਜੀ ਸ੍ਰੀ ਹਜ਼ੂਰ ਸਾਹਿਬ, ਨਾਂਦੇੜ, ਅਕਤੂਬਰ 2014, ਪੰਨਾ 37.

ਸਿਰੀ ਸਾਹਿਬ ਲਘੂ ਗਾਤ੍ਰੇ ਪਾਈ॥ ਕਮਰ ਮਾਹਿੰ ਸੁਭ ਪੇਟੀ ਲਾਈ॥

ਆਇ ਦਿਵਾਨ ਮੱਧ ਮੁਸਕਾਵਤ॥ ਸੱਤਿ ਸ੍ਰੀ ਅਕਾਲ ਗਜਾਵਤ॥

ਪਿਖ ਸ੍ਵਰੂਪ ਕਲਗੀਧਰ ਪਿਆਰਾ॥ ਸ੍ਰੀ ਮੁਖ ਤੇ ਤਬ ਬਾਕ ਉਚਾਰਾ॥

ਪੁਤ੍ਰ ਅਕਾਲੀ ਬੇਖ ਤੁਮਾਰਾ॥ ਚਲੈ ਨਿਹੰਗ ਸਿੰਘ ਪੰਥ ਥਾਰਾ॥

ਸੁਨ ਪਿਤ ਚਰਨਨ ਸੀਸ ਨਿਵਾਯੋ॥ ਸੈ ਆਦਰ ਗੁਰ ਨਿਕਟ ਬਠਾਯੋ॥

ਤਿਹ ਦਿਨ ਤੇ ਕਈ ਸਿੰਘ ਦੁਮਾਲੇ॥ ਉਰਧ ਬਾਂਧ ਹੈ ਭਲੇ ਅਕਾਲੇ॥

ਸਿੰਘ ਨਿਹੰਗ ਪੰਥ ਚਲ ਪਰਯੋ॥ ਅਧਕ ਹਠੀਲੇ ਤਪੀ ਨਿਹਰਯੋ॥[62]

ਦਮਦਮੀ ਟਕਸਾਲ ਦੇ ਬਾਰ੍ਹਵੇਂ ਮੁਖੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਨੇ 'ਸ੍ਰੀ ਗੁਰਮੁਖ ਪ੍ਰਕਾਸ਼' ਗ੍ਰੰਥ ਵਿਚ ਇਸੇ ਗੱਲ ਦੀ ਪ੍ਰੋੜਤਾ ਕੀਤੀ ਹੈ:

"ਬਾਬਾ ਫਤੇ ਸਿੰਘ ਸਾਹਿਬਜ਼ਾਦੇ ਦਸਮੇਸ਼ ਜੀ ਕੇ, ਪਹਿਰ ਅਕਾਲ ਬਾਣਾ ਆਏ ਗੁਰ ਤੀਰ ਹੈ।

ਕੇਸਗੜ੍ਹ ਬੈਠੇ ਗੁਰ ਪੇਖ ਪ੍ਰਸੰਨ ਭਏ, ਪੰਥ ਸੁਤ ਚਲੇ ਤੇਰਾ ਜੰਗੀ ਬਲ ਬੀਰ ਹੈ।

ਫੌਜ ਅਕਾਲੀ ਹੋਹਿ ਨਿਹੰਗ ਸਿੰਘ ਪੰਥ ਸੋਹਿ, ਚੱਕਰ ਦੁਮਾਲੇ ਲੋਹਿ ਗੱਜੈ ਰਣ ਧੀਰ ਹੈ।"[63]

ਗਿਆਨੀ ਗਿਆਨ ਸਿੰਘ ਜੀ ਨੇ 'ਪੰਥ ਪ੍ਰਕਾਸ਼' ਇਸ ਵਾਰਤਾ ਸੰਬੰਧੀ ਲਿਖਿਆ ਹੈ।[64] ਬੁੱਢਾ ਦਲ ਦੇ ਲਿਖਾਰੀ ਗਿਆਨੀ ਕ੍ਰਿਪਾਲ ਸਿੰਘ ਵੜੈਚ ਦੇ 1983 ਈ. ਵਿਚ ਲਿਖੇ ਇਕ ਹੱਥ ਲਿਖਤ ਅਣਪ੍ਰਕਾਸ਼ਿਤ ਲੇਖ ਵਿਚ ਵੀ ਇਹ ਵਿਚਾਰ ਦਰਜ ਹੈ।[65] ਬੁੱਢਾ ਦਲ ਦੇ ਜਥੇਦਾਰ ਬਾਬਾ ਸੰਤਾ ਸਿੰਘ ਨੇ 1996 ਈ. ਦੇ ਸ਼ਹੀਦੀ ਜੋੜ ਮੇਲ ਮੌਕੇ ਸ੍ਰੀ ਫਤਹਿਗੜ ਸਾਹਿਬ ਵਿਖੇ ਆਖਿਆ ਸੀ ਕਿ ਜੋ ਬਾਣਾ ਅਸੀਂ ਨਿਹੰਗ ਸਿੰਘ ਪਹਿਨਦੇ ਹਾਂ, ਇਹ ਬਾਣਾ ਬਾਬਾ ਫ਼ਤਿਹ ਸਿੰਘ ਜੀ ਨੇ ਸਭ ਤੋਂ ਪਹਿਲਾਂ ਪਹਿਨਿਆ ਸੀ।[66] ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ

---

62 ਪ੍ਰੇਮ ਸਿੰਘ (ਕਵੀ) (ਸੰਪਾ.), ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ, ਭਾਗ ਚੌਥਾ, ਪੰਨਾ ੧੨੮੪.

63 ਗੁਰਬਚਨ ਸਿੰਘ ਖਾਲਸਾ, ਸ੍ਰੀ ਗੁਰਮੁਖ ਪ੍ਰਕਾਸ਼, ਅਧਿਆਇ ਤੇਰ੍ਹਵਾਂ, ਦਮਦਮੀ ਟਕਸਾਲ, ਜਥਾ ਭਿੰਡਰਾਂ, ਮਹਿਤਾ, ਦੂਜੀ ਵਾਰ ਸਤੰਬਰ, 1997, ਪੰਨਾ 119.

64 ਗਿਆਨ ਸਿੰਘ (ਗਿਆਨੀ), ਪੰਥ ਪ੍ਰਕਾਸ਼, ਪੰਨਾ 1262.

65 ਕ੍ਰਿਪਾਲ ਸਿੰਘ ਲਿਖਾਰੀ, ਬੁੱਢਾ ਦਲ ਨਿਹੰਗ ਸਿੰਘਾਂ ਪਟਿਆਲਾ, ਲੇਖ- ਨਿਹੰਗ ਸਿੰਘ, ਪੰਨੇ 3-4.

66 ਦਿਆਲ ਸਿੰਘ ਲਿਖਾਰੀ, ਮੁਖਤਿਆਰੇ ਆਮ (ਮੁਖ ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 2, ਸਾਲ 28, ਬਗੀਚੀ ਬਾਬਾ ਬੰਬਾ ਸਿੰਘ ਜੀ, ਲੋਇਰ ਮਾਲ ਰੋਡ, ਪਟਿਆਲਾ, ਫਰਵਰੀ 1997, ਪੰਨਾ 29.

'ਮੁਖਤਿਆਰੇ ਆਮ' ਬਾਬਾ ਦਿਆਲ ਸਿੰਘ ਜੀ ਅਨੁਸਾਰ, "ਨਿਹੰਗ ਸਿੰਘਾਂ ਦੀ ਆਰੰਭਤਾ ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਜੀ ਤੋਂ ਹੁੰਦੀ ਹੈ।"[67] ਨਿਹੰਗ ਸਿੰਘ ਦਸਤਾਰ ਸਜਾਉਣ ਵੇਲੇ ਜੋ 'ਦੁਮਾਲੇ ਦਾ ਸਲੋਕ' ਪੜ੍ਹਦੇ ਹਨ, ਉਸ ਵਿਚ ਵੀ ਸਾਹਿਬਜਾਦਾ ਬਾਬਾ ਫ਼ਤਿਹ ਸਿੰਘ ਜੀ ਨੂੰ ਗੁਰੂ ਜੀ ਦੁਆਰਾ ਪੰਥ ਚਲਣ ਦਾ ਵਰਦਾਨ ਦੇਣ ਦੀ ਗਲ ਕਹੀ ਗਈ ਹੈ:

ਸਜੈ ਜੋ ਦੁਮਾਲਾ ਛੁਟੈ ਖੂਬ ਫਰਰਾ। ਅਜਬ ਸੋਹੇ ਚੱਕਰ ਖੰਡੇ ਤੋੜੇ ਵਾਲਾ।

ਗੁਰੂ ਜੀ ਨੇ ਫ਼ਤਿਹ ਸਿੰਘ ਜੀ ਕੋ ਬੁਲਾਇਆ। ਚਲੈ ਗੋ ਤੋਰ ਜੈਸਾ ਪੰਥ ਐਸਾ ਮੁਖ ਸੇ ਅਲਾਇਆ।[68]

ਅਗਲੇਰੇ ਸਾਰੇ ਵੀਚਾਰ ਗੁਰੂ ਗੋਬਿੰਦ ਸਿੰਘ ਜੀ ਦੇ ਅਨਿੰਨ ਸਿੱਖ ਭਾਈ ਮਾਨ ਸਿੰਘ ਨਾਲ ਸੰਬੰਧਿਤ ਹਨ। ਭਾਈ ਮਾਨ ਸਿੰਘ ਜੀ ਅਨੰਦਪੁਰ ਸਾਹਿਬ ਵਿਖੇ ਬਾਬਾ ਫ਼ਤਿਹ ਸਿੰਘ ਜੀ ਦੇ ਖਿਡਾਵੇ ਮੁਕੱਰਰ ਸਨ।[69]

**ਤੀਜਾ ਵਿਚਾਰ:**

ਤੀਜਾ ਵਿਚਾਰ ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਜੀ ਦੁਆਰਾ ਭਾਈ ਮਾਨ ਸਿੰਘ ਜੀ ਨੂੰ 'ਨਿਹੰਗ' ਕਹਿਕੇ ਆਪਣੇ ਵਰਗਾ ਬਾਣਾ ਦੇਣ ਨਾਲ ਸੰਬੰਧਿਤ ਹੈ। ਅਕਾਲੀ ਕੌਰ ਸਿੰਘ ਨਿਹੰਗ ਨੇ ਆਪਣੀ ਪੁਸਤਕ 'ਹਜ਼ੂਰੀ ਸਾਥੀ' ਵਿਚ ਲਿਖਿਆ ਹੈ: "ਸੁਰਮਈ ਬਾਨੇ ਦੇ ਖਾਸ ਲਿਬਾਸ ਵਿਚ ਬਾਬਾ ਫ਼ਤਿਹ ਸਿੰਘ ਜੀ ਗੁਰੂ ਦਸਮੇਸ਼ ਜੀ ਦੇ ਦਰਬਾਰ ਵਿਚ ਭੁਜੰਗੀਆਂ ਦੀ ਫੌਜ ਸਮੇਤ ਜੈਕਾਰੇ "ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ" ਗਜਾਂਦੇ ਪੁਜੇ ਤੇ ਵਰ ਪਾਕੇ ਵਾਪਸ ਗਏ ਕਿ "ਤੁਹਾਡੇ ਇਸ ਬਾਨੇ ਵਾਲਾ ਪੰਥ ਵਿਚ ਨਿਹੰਗ ਸਿੰਘ ਪੰਥ ਹੋਵੇਗਾ। ਓਹੀ ਬਾਣਾ ਬਾਬਾ ਫ਼ਤਿਹ ਸਿੰਘ ਸਾਹਿਬ ਜੀ ਨੇ ਬਾਬਾ ਮਾਨ ਸਿੰਘ ਜੀ ਨੂੰ ਨਿਹੰਗ ਕਹਿਕੇ "ਬਖਸਿ ਅਪਨੀ ਕਰ ਦੀਨੀ" ਸੀ, ਜਿਸ ਕਰਕੇ ਏਹ ਹਮੇਸ਼ਾਂ ਸੁਰਮਈ ਬਾਨੇ ਦੇ ਉਸ ਫਰਰੇ ਵਾਲੀ ਸ਼ਕਲ ਵਿਚ ਧਾਰਨੀ (ਪਾਬੰਦ) ਰਹਿਕੇ ਹੋਰਾਂ ਨੂੰ ਭੀ ਨਿਹੰਗ ਬਨਾਂਦੇ ਸੀ, ਏਹ ਬਾਬਾ ਜੀ ਬਹੁਤ ਸਮੇਂ ਤੱਕ ਮਹਾਰਾਜ ਜੀ

---

67 ਇਹ ਜਾਣਕਾਰੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 'ਮੁਖਤਿਆਰੇ ਆਮ' ਬਾਬਾ ਦਿਆਲ ਸਿੰਘ ਜੀ ਪਾਸੋਂ, ਸ੍ਰੀ ਨਿਰਮਲ ਪੰਚਾਇਤੀ ਅਖਾੜਾ ਡੇਰਾ ਧਰਮਧੱਜਾ, ਪਟਿਆਲਾ ਵਿਖੇ ਮਿਤੀ 9 ਮਾਰਚ 2019 ਨੂੰ ਵੀਡਿਉ ਰਿਕਾਰਡਿੰਗ ਰਾਹੀਂ ਇੰਟਰਵਿਊ ਵਿਚ ਇੱਕਤਰ ਕੀਤੀ ਗਈ.

68 ਖਾਲਸਾ ਨਿੱਤਨੇਮ, (ਪ੍ਰਕਾ.) ਸਿੰਘ ਸਾਹਿਬ ਜਥੇਦਾਰ ਬਾਬਾ ਸੰਤਾ ਸਿੰਘ ਜੀ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ, ਮਿਤੀਹੀਨ, ਪੰਜਾਬ, ਪੰਨਾ ੩੩੮.

69 ਕੌਰ ਸਿੰਘ ਨਿਹੰਗ (ਅਕਾਲੀ), ਹਜ਼ੂਰੀ ਸਾਥੀ, ਪੰਨਾ 146.

ਦੇ ਹਜ਼ੂਰੀ ਯੁੱਧ-ਜੰਗਾਂ ਵਿਚ ਸ਼ਾਮਲ ਰਹੇ।"[70] ਇਸ ਕਥਨ ਅਨੁਸਾਰ ਬਾਬਾ ਫ਼ਤਿਹ ਸਿੰਘ ਜੀ ਤੋਂ ਹੀ ਅੱਗੇ ਭਾਈ ਮਾਨ ਸਿੰਘ ਜੀ ਨੂੰ ਨਿਹੰਗ ਸਿੰਘ ਬਾਣੇ ਦੀ ਬਖਸ਼ਿਸ਼ ਮਿਲੀ।

**ਚੌਥਾ ਵਿਚਾਰ:**

ਇਹ ਵਿਚਾਰ ਵੀ ਭਾਈ ਮਾਨ ਸਿੰਘ ਜੀ ਨਾਲ ਸੰਬੰਧਿਤ ਹੈ। ਕਈ ਲਿਖ਼ਤਾਂ ਵਿਚ ਭਾਈ ਮਾਨ ਸਿੰਘ ਨੂੰ ਗੁਰੂ ਜੀ ਦੀ ਫੌਜ ਦਾ ਨਿਸ਼ਾਨਚੀ ਦਰਸਾਇਆ ਗਿਆ ਹੈ ਜੋ ਨਿਸ਼ਾਨ ਸਾਹਿਬ ਲੈ ਕੇ ਅੱਗੇ-ਅੱਗੇ ਚਲਦਾ ਹੈ।

ਗੁਰ ਨਿਸ਼ਾਨਚੀ ਮਾਨ ਸਿੰਘ ਬਰ॥[71]

ਮਾਨ ਸਿੰਘ ਕਰ ਲੀਏ ਨਿਸਾਨਾ॥ ਸੁਰਮਈ ਰੰਗ ਅਧਿਕ ਸੁਖ ਸਾਨਾ॥[72]

ਅਨੰਦਪੁਰ ਸਾਹਿਬ ਦੀ ਜੰਗ ਵਿਚ ਭਾਈ ਮਾਨ ਸਿੰਘ ਨਿਸ਼ਾਨ ਸਾਹਿਬ ਲੈ ਕੇ ਲੜ ਰਹੇ ਸਨ ਤਾਂ ਭਾਈ ਮਾਨ ਸਿੰਘ ਨੂੰ ਗੋਲੀ ਲੱਗੀ ਅਤੇ ਜ਼ਖ਼ਮੀ ਹੋ ਕੇ ਡਿੱਗਣ ਨਾਲ ਨਿਸ਼ਾਨ ਸਾਹਿਬ ਵੀ ਡਿੱਗ ਪਿਆ। ਇਸ ਘਟਨਾ ਨੂੰ 'ਗੁਰੂ ਕੀਆਂ ਸਾਖੀਆਂ' ਵਿਚ ਇਸ ਪ੍ਰਕਾਰ ਦਰਸਾਇਆ ਹੈ: "ਸਤਿਗੁਰਾਂ ਕਾ ਹੁਕਮ ਪਾਇ ਮਾਨ ਸਿੰਘ ਨਿਸ਼ਾਨਚੀ ਨੇ ਆਗੇ ਹੋਇ ਭੂਮੀ ਮੇਂ ਝੰਡਾ ਗਾਡ ਕੇ ਜੰਮ ਕੇ ਲੜਾਈ ਲੜੀ। ਮਾਨ ਸਿੰਘ ਨਿਸ਼ਾਨਚੀ ਜ਼ਖ਼ਮੀ ਹੋਇ ਗਿਆ ਤੋ ਨਿਸ਼ਾਨ ਦੁਸ਼ਮਨ ਕੇ ਵਾਰ ਸੇ ਟੂਟ ਕੇ ਭੋਇੰ ਤੇ ਗਿਰ ਪਿਆ। ਇਸ ਘਟਨਾ ਕੀ ਖਬਰ ਕਿਸੇ ਸਿੱਖ ਨੇ ਤਖਤ ਸ੍ਰੀ ਕੇਸਗੜ੍ਹ ਮੇਂ ਆਇ ਦਈ। ਗੁਰੂ ਜੀ ਨੇ ਉਸੀ ਵਕਤ ਬੜੀ ਦਸਤਾਰ ਕੋ ਉਤਾਰ ਨੀਚੇ ਕੇਸਗੀ ਮੇਂ ਸੇ ਨੀਲੇ ਰੰਗ ਕਾ ਫਰਰਾ ਨਿਕਾਲ ਕੇ ਬਚਨ ਕੀਆ, ਇਹ ਖਾਲਸਾਈ ਨਿਸ਼ਾਨ ਕਭੀ ਆਗੇ ਸੇ ਟੂਟੇਗਾ ਨਹੀਂ। ਉਪਰੰਤ ਨਿਕਟ ਬੈਠੇ ਭਾਈ ਉਦੈ ਸਿੰਘ, ਹਿੰਮਤ ਸਿੰਘ, ਸਾਹਿਬ ਸਿੰਘ, ਮੋਹਕਮ ਸਿੰਘ ਤੇ ਆਲਮ ਸਿੰਘ ਕੀਆਂ ਨੀਲੀਆਂ ਕੇਸਕੀਆਂ ਮੇਂ ਸੇ ਫ਼ਰਰਾ ਨਿਕਾਲਾ ਗਿਆ। ਸਾਹਿਬ ਫ਼ਤਿਹ ਸਿੰਘ ਜਿਨ ਕੀ ਆਯੂ ਕੇਵਲ ਛੇ ਕੁ ਸਾਲ ਕੀ ਸੀ, ਇਸ ਨੇ ਪਿਤਾ ਗੁਰੂ ਜੀ ਵਲ ਦੇਖ ਫਰਰਾ ਸਜਾਇ ਲੀਆ। ਗੁਰੂ ਜੀ ਮੁਸਕਰਾਏ, ਬਚਨ ਹੋਆ- ਬੇਟਾ` ਇਹ ਅਕਾਲੀ ਫਰਰਾ ਪੰਥ ਮੇਂ ਸਦੀਵ ਰਹੇਗਾ। ਇਹ ਸਰਗੁਨ ਸਰੂਪ ਸ੍ਰੀ

---

70 ਉਹੀ, ਪੰਨੇ 146-147.

71 ਸੁਮੇਰ ਸਿੰਘ (ਬਾਬਾ), ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼, ਡਾ. ਅੱਛਰ ਸਿੰਘ ਕਾਹਲੋਂ (ਸੰਪਾ.), ਪੰਨਾ 159.

72 ਉਹੀ, ਪੰਨਾ 226.

ਮਹਾਕਾਲ ਕਾ ਬਾਣਾ ਹੈ, ਇਸ ਕਾ ਸਤਿਕਾਰ ਨਿਸ਼ਾਨ ਸਾਹਿਬ ਕੇ ਸਮਾਨ ਕਰਨਾ।"[73] ਜਦੋਂ ਜੰਗ ਦੇ ਮੈਦਾਨ ਵਿਚ ਭਾਈ ਮਾਨ ਸਿੰਘ ਦੇ ਜ਼ਖ਼ਮੀ ਹੋ ਕੇ ਡਿੱਗਣ ਨਾਲ ਨਿਸ਼ਾਨ ਸਾਹਿਬ ਵੀ ਥੱਲੇ ਡਿੱਗ ਗਿਆ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਵੇਲੇ ਜੋ ਬਚਨ ਕਹੇ, ਉਨ੍ਹਾਂ ਬਚਨਾਂ ਨੂੰ ਗੁਰੂ ਜੀ ਦੇ ਬਵੰਜਾਂ ਕਵੀਆਂ ਵਿਚੋਂ ਕਵੀ ਟਹਿਕਣ ਦੀ ਰਚਨਾ ਨੂੰ ਗਿਆਨੀ ਜੰਗ ਸਿੰਘ ਨੇ ਆਪਣੀ ਪੁਸਤਕ 'ਅੰਮ੍ਰਿਤਸਰ ਸਿਫਤੀ ਦਾ ਘਰੁ' ਵਿਚ ਇਸ ਪ੍ਰਕਾਰ ਲਿਖਿਆ ਹੈ:

ਸ੍ਰੀ ਕਲਗੀਧਰ ਸੁਣਤ ਵਖਾਣੀ ਨੀਕੀ ਬਾਤ ਬਤਾਈ।
ਅਬ ਨਿਸ਼ਾਨ ਬਣਾਵੋਂ ਐਸਾ ਜੋ ਕਬੀ ਟੂਟੈ ਨਾਹੀ।
ਨੀਲੰਬਰ ਪੀਤੰਬਰ ਜਾ ਕਾ ਫਰਰਾ ਅਜਬ ਸੁਹਾਵੈ।
ਏਕ ਸਿੰਘ ਕੇ ਕਰ ਮੈਂ ਝੂਲੈ ਏਕ ਸੀਸ ਲਹਿਰਾਵੈ।

ਸਵੈਯਾ

ਨੀਕੋ ਸੋ ਨੀਕ ਸਜਾਇ ਕੈ ਠੀਕ ਛੁਟੈ ਫਰਰਾ ਜਿਹਦੀ ਛਬ ਨਿਰਾਲੀ।
ਪੰਚ ਭੁਜੰਗੀ ਉਠਾਏ ਕੇ ਪਾਸ ਤੇ ਪਾਚੋਂ ਦੀ ਦਸਤਾਰ ਲੁਹਾਲੀ।
ਪਾਚੋਂ ਕੋ ਸੀਸ ਝੁਲੈ ਫਰਰਾ, ਮੁਖੋਂ ਕਿਹਾ ਇਹ ਸਿੰਘ ਅਕਾਲੀ।
ਅਕਾਲ ਅਕਾਲ ਕਿਹਾ ਸਭ ਨੇ ਕਵਿ ਟਹਿਕਣ ਗੂੰਜਿਆ ਗਿਰ ਸ਼ਿਵਾਲੀ।[74]

**ਪੰਜਵਾਂ ਵਿਚਾਰ:**

ਇਸ ਵਾਰਤਾ ਦਾ ਸੰਬੰਧ ਮਾਛੀਵਾੜੇ ਦੀ ਧਰਤੀ ਨਾਲ ਜੁੜਿਆ ਹੈ। ਪੰਡਿਤ ਤਾਰਾ ਹਰਿ ਨਰੋਤਮ ਲਿਖਦੇ ਹਨ: "ਮਾਛੀਵਾੜਾ ਸ਼ਹਿਰ ਜ਼ਿਲਾ ਲੁਧਿਆਣੇ ਪੁਆਤ ਸੇ ਚਾਰ ਕੋਸ ਪੱਛਮ ਹੈ। ਪੁਆਤ ਸੇ ਚਲ ਮਾਛੀਵਾੜੇ ਕੇ ਸਮੀਪ ਪਹੁੰਚੇ। ਤ੍ਰਿਖਾ ਬਹੁਤ ਲਗੀ, ਕੂੰਏਂ ਸੇ ਟਿੰਡ ਉਤਾਰ ਜਲ ਪੀਆ। ਕਮਰ ਸੇ ਕਪੜਾ ਖੋਹਲ ਤਲੇ ਬਿਛਾਇ ਕੇ ਸੌਂ ਗਏ। ਪੀਛੇ ਸੇ ਤੀਨ ਸਿੱਖ ਖੋਜਤੇ ਆਏ। ਦੇਖੇ ਤੋ ਚਰਨੋਂ ਮੇਂ ਛਾਲੇ ਪੜ ਰਹੇ ਹੈਂ। ਚਰਨ ਪਲੋਸ, ਜਗਾਇ ਕੇ ਗੁਲਾਬੇ ਮਸੰਦ ਕੀ ਬਗੀਚੀ ਮੇਂ ਲੇ ਗਏ। ਗੁਰੂ ਜੀ ਕੀ ਖਬਰ ਸੁਣ ਗੁਲਾਬੇ ਨੇ ਸਭ

73 ਸ੍ਵਰੂਪ ਸਿੰਘ ਕੋਸ਼ਿਸ਼, ਗੁਰੂ ਕੀਆਂ ਸਾਖੀਆਂ, ਪ੍ਰੋ. ਪਿਆਰਾ ਸਿੰਘ ਪਦਮ (ਸੰਪਾ.) ਅਤੇ ਗਿਆਨੀ ਗਰਜਾ ਸਿੰਘ (ਸੰਪਾ.), ਕਲਮ ਮੰਦਿਰ, ਲੋਯਰ ਮਾਲ, ਪਟਿਆਲਾ, 1986, ਪੰਨਾ 139.

74 ਜੰਗ ਸਿੰਘ (ਗਿਆਨੀ), ਅੰਮ੍ਰਿਤਸਰ ਸਿਫਤੀ ਦਾ ਘਰੁ, ਪੰਨਾ 137.

ਸੇਵਾ ਕਰੀ। ਪੱਗ ਖੁੱਸ ਉੱਚੀ ਜੈਸੀ ਹੋ ਗਈ ਥੀ। ਖੁਸ਼ ਹੋ ਕੇ ਗੁਰੋਂ ਨੇ ਵਰ ਦੀਆ, ਤੇਰਾ ਪੰਥ ਉੱਚੇ ਦੁਮਾਲੇ ਵਾਲਾ ਹੋਗਾ।"[75] ਗਿਆਨੀ ਗਿਆਨ ਸਿੰਘ ਨੇ ਇਸ ਵਾਰਤਾ ਨੂੰ ਇਸ ਪ੍ਰਕਾਰ ਲਿਖਿਆ ਹੈ:

ਜੈਸੀ ਤੇਰੀ ਦਸਤਾਰ ਊਰੀ ਜੈਸੀ ਖੂਬੀ ਢਾਰ, ਤੈਸੋ ਭੰਗ ਪੀਨ ਹਾਰ ਪੰਥ ਤੇਰੋ ਥਾਇ ਹੈ।

ਤਬ ਤੈ ਅਕਾਲੀ ਥਾਏ ਮਾਨ ਸਿੰਘ ਦ੍ਵਾਰਾ ਭਾਏ, ਸੂਰਜ ਪ੍ਰਕਾਸ਼ ਮਾਂਹਿ ਲਿਖੀ ਏਹੋ ਢਾਲੀ ਹੈ।[76]

ਗੁਰ ਸਾਗਰ ਰਤਨ ਪ੍ਰਕਾਸ਼ ਵਿਚ ਵੀ ਇਸ ਵਾਰਤਾ ਦਾ ਜ਼ਿਕਰ ਹੈ।[77] ਗਿਆਨੀ ਗਿਆਨ ਸਿੰਘ ਇਸੇ ਵਾਰਤਾ ਨੂੰ ਵਾਰਤਕ ਵਿਚ ਲਿਖਦੇ ਹੋਏ ਦਸਦੇ ਹਨ: "ਮਾਛੀਵਾੜੇ ਦੇ ਜੰਗਲਾਂ ਵਿਚੋਂ ਭਾਈ ਮਾਨ ਸਿੰਘ ਨੇ ਆਪਣੇ ਕੰਧੇ ਪੁਰ ਚੁਕ ਕੇ ਗੁਰੂ ਜੀ ਨੂੰ ਖੂਹ ਪੁਰ ਲੈ ਆਂਦਾ, ਜਲ ਛਕਾ ਕੇ ਸੁਚੇਤੇ ਫਿਰਾਉਣ ਲੈ ਗਿਆ, ਓਥੋਂ ਲਯਾ ਕੇ ਖੂਹ ਪੁਰ ਹਥ ਸਾਫ ਕੀਤੇ ਓਸੇ ਵੇਲੇ ਭਾਈ ਮਾਨ ਸਿੰਘ ਵੱਲ ਤੱਕ ਕੇ ਖੁਸ਼ੀ ਨਾਲ ਬਚਨ ਕੀਤਾ ਜੇਹੀ ਕੁ ਐਸ ਵੇਲੇ ਦਸਤਾਰ ਉੱਚੀ ਤੇ ਖੁਥੀ ਜੈਸੀ ਹੈ ਏਹੋ ਜੇਹਾ ਤੇਰੇ ਵਰਗਾ ਤੇਰਾ ਪੰਥ ਚਲੇਗਾ।"[78]

**ਛੇਵਾਂ ਵਿਚਾਰ:**

ਛੇਵਾਂ ਵਿਚਾਰ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਉੱਚ ਦਾ ਪੀਰ ਬਣ ਕੇ ਜਾਣਾ ਅਤੇ ਢਿਲਵੇਂ ਪਿੰਡ ਉੱਚ ਦੇ ਪੀਰ ਵਾਲਾ ਨੀਲਾ ਬਾਣਾ ਸਾੜਨ ਦੀ ਵਾਰਤਾ ਨਾਲ ਸੰਬੰਧਿਤ ਹੈ। 'ਉੱਚ' ਇਕ ਪਿੰਡ ਦਾ ਨਾਂ ਹੈ ਜੋ ਮੁਲਤਾਨ ਤੋਂ ਸੱਤ ਕੋਹ ਪੱਛਮ ਵੱਲ ਹੈ, ਉੱਥੋਂ ਦੇ ਸੱਯਦ, ਮੁਸਲਮਾਨਾਂ ਵਿਚ ਸੋਢੀ-ਬੇਦੀਆਂ ਵਾਂਗ ਸ੍ਰੇਸ਼ਟ ਪੂਜਨੀਕ ਹਨ।[79] ਇੱਥੋਂ ਦੇ ਸੱਯਦ ਪੀਰ ਆਮ ਤੌਰ 'ਤੇ ਨੀਲੇ ਬਸਤ੍ਰ ਪਾਉਂਦੇ ਸਨ ਅਤੇ ਕੇਸ ਪਿੱਛੇ ਨੂੰ ਖੁੱਲ੍ਹੇ ਛਡਦੇ ਸਨ।[80] ਰੋਹੇਲੇ ਪਠਾਣ ਵੀ ਨੀਲੀ ਪੁਸ਼ਾਕ ਪਹਿਨਦੇ ਸਨ।[81] ਹੱਜ ਵੇਲੇ ਮੁਸਲਮਾਨ ਆਪਣੀ ਸ਼ਰ੍ਹਾ

---

75 ਤਾਰਾ ਹਰਿ ਨਰੋਤਮ, ਸ੍ਰੀ ਗੁਰ ਤੀਰਥ ਸੰਗ੍ਰਹਿ, ਪੰਨਾ 165.

76 ਗਿਆਨ ਸਿੰਘ (ਗਿਆਨੀ), ਪੰਥ ਪ੍ਰਕਾਸ਼, ਪੰਨਾ 1263.

77 ਗੁਰਬਖਸ਼ ਸਿੰਘ ਸ਼ਹੀਦ, ਗੁਰ ਸਾਗਰ ਰਤਨ ਪ੍ਰਕਾਸ਼ ਅਰਥਾਤ ਜੇਬੀ ਸੂਰਜ ਪ੍ਰਕਾਸ਼, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਮਾਰਚ 1999, ਪੰਨਾ ੨੭੮.

78 ਗਿਆਨ ਸਿੰਘ (ਗਿਆਨੀ), ਤਵਾਰੀਖ ਗੁਰੂ ਖਾਲਸਾ, ਭਾਗ ਪਹਿਲਾ, ਪੰਨਾ 1020.

79 ਉਹੀ, ਪੰਨਾ 1023(ਫੁਟਨੋਟ).

80 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਪਹਿਲਾ, ਪੰਨੇ 1-2.

81 ਗੰਡਾ ਸਿੰਘ (ਡਾ.), ਸਿੱਖ ਇਤਿਹਾਸ ਦੇ ਕੁਝ ਇਤਿਹਾਸਿਕ ਪੱਤਰੇ, ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ, 1998, ਪੰਨਾ ੫੦.

ਅਨੁਸਾਰ ਨੀਲੇ ਕਪੜੇ ਪਾਉਂਦੇ ਸਨ।[82] ਗੁਰੂ ਗੋਬਿੰਦ ਸਿੰਘ ਜੀ ਨੇ ਇਹੀ ਰੂਪ ਧਾਰਨ ਕਰਕੇ ਗੁਲਾਬੇ, ਪੰਜਾਬੇ ਦੇ ਘਰੋਂ ਨਿਕਲੇ ਸਨ। ਡਾ. ਬਲਬੀਰ ਸਿੰਘ 'ਸ੍ਰੀ ਚਰਣਹਰਿ ਵਿਸਥਾਰ' ਵਿਚ ਲਿਖਦੇ ਹਨ:

ਪਹੁੰਚ ਗੁਲਾਬੇ ਘਰ ਕਰ ਨੀਲੇ ਬਸਤ੍ਰ ਹੂੰ ਪਹਿਰਾਏ ਹੈਂ।

ਬਨੇ ਉੱਚ ਕੇ ਪੀਰ ਸਤਿਗੁਰੂ ਚਾਰ ਮੁਰੀਦ ਬਨਾਏ ਹੈਂ।[83]

ਜਦੋਂ ਗੁਰੂ ਜੀ ਗੁਲਾਬੇ ਦੇ ਘਰੇ ਠਹਿਰੇ ਸਨ ਤਾਂ ਇਕ ਸਿੱਖ ਇਸਤਰੀ ਵੀ ਗੁਰੂ ਜੀ ਦੇ ਦਰਸ਼ਨਾਂ ਲਈ ਆਈ ਸੀ। ਉਸ ਨੇ ਪਹਿਲਾਂ ਵੀ ਗੁਰੂ ਜੀ ਦੇ ਦਰਸ਼ਨ ਕੀਤੇ ਸਨ ਅਤੇ ਉਸ ਨੇ ਸੁੱਖਣਾ ਸੁੱਖੀ ਸੀ ਕਿ ਉਹ ਗੁਰੂ ਜੀ ਲਈ ਆਪਣੇ ਹੱਥਾਂ ਨਾਲ ਸੂਤ ਕੱਤ ਕੇ ਕਪੜਾ ਬੁਣੇਗੀ ਅਤੇ ਜਦੋਂ ਤੱਕ ਗੁਰੂ ਜੀ ਉਸ ਦੇ ਪਿੰਡ ਨਹੀਂ ਆਉਂਦੇ ਉਦੋਂ ਤੱਕ ਇਸ ਕੱਪੜੇ ਨੂੰ ਸੰਭਾਲ ਕੇ ਰਖੇਗੀ। ਗੁਰੂ ਜੀ ਨੇ ਇਸ ਕੱਪੜੇ ਨੂੰ ਨੀਲੇ ਰੰਗ ਵਿਚ ਰੰਗਵਾਇਆ ਅਤੇ ਮੁਸਲਮਾਨ ਪੀਰਾਂ ਦੀ ਤਰ੍ਹਾਂ ਇਸ ਦਾ ਇਕ ਚੋਗਾ ਬਣਵਾ ਕੇ ਪਹਿਨਿਆ।[84] 'ਗ੍ਰੰਥ ਸ੍ਰੀ ਗੁਰਦੁਆਰੇ ਦਰਸ਼ਨ' ਵਿਚ ਇਹ ਸਾਖੀ ਇਸ ਪ੍ਰਕਾਰ ਹੈ:

"ਨਗਰ ਢਿਲਵਾਂ ਵਿਖੇ ਸੋਢੀ ਕੌਲ ਦੇ ਘਰ ਜਦੋਂ ਨੀਲੇ ਬਸਤਰ ਲਾਹ ਕੇ ਅੱਗ ਵਿਚ ਸਾੜਨ ਲੱਗੇ ਤਾਂ ਭਾਈ ਮਾਨ ਸਿੰਘ ਜੀ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਇਕ ਲੀਰ ਯਾਦਗਾਰ ਵਜੋਂ ਮੈਨੂੰ ਬਖਸ਼ੋ। ਗੁਰੂ ਜੀ ਨੇ ਬੇਨਤੀ ਪ੍ਰਵਾਨ ਕਰਦਿਆਂ ਸਵਾ ਗਜ ਦਾ ਪਟਕਾ ਭਾਈ ਮਾਨ ਸਿੰਘ ਜੀ ਨੂੰ ਬਖਸ਼ਿਆ ਅਤੇ ਇਨ੍ਹਾਂ ਦਾ ਆਪਣੇ ਹੱਥੀਂ ਉੱਚਾ ਦੁਮਾਲਾ ਸਜਾ ਕੇ ਨੀਲਾ ਬਸਤਰ ਤੁਰਰੇ ਦੀ ਜਗਾ ਸੀਸ ਦਸਤਾਰੇ ਉੱਤੇ ਝੁਲਾ ਕੇ ਨਿਹੰਗ ਸਿੰਘ ਸਜਾਇਆ। ਇਹ ਨਿਹੰਗ ਪੰਥ ਦੇ ਆਦਿ ਪੁਰਖ ਹੋਏ ਹਨ। ਇਨ੍ਹਾਂ ਦੀ ਸੰਪਰਦਾਇ ਦੇ ਨਿਹੰਗ ਸਿੰਘ ਬੁੱਢਾ ਦਲ ਵਿਚ ਹਨ ਅਤੇ ਇਨ੍ਹਾਂ ਦਾ ਚਲਦਾ ਵਹੀਰ ਪ੍ਰਸਿੱਧ ਹੈ।"[85] ਗੁਰੂ ਜੀ ਕੋਟ ਕਪੂਰੇ ਤੋਂ ਪੰਜ ਕਿਲੋਮੀਟਰ ਦੀ ਦੂਰੀ 'ਤੇ ਪਿੰਡ ਢਿਲਵਾਂ ਕਲਾਂ ਪਹੁੰਚੇ ਜਿੱਥੇ ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾ ਪ੍ਰਿਥੀ

---

82 ਲਾਲ ਸਿੰਘ ਸੰਗਰੂਰ (ਗਿਆਨੀ), ਗੁਰਦਾਸ ਦਰਸ਼ਨ, (ਪ੍ਰਕਾ.) ਲੇਖਕ ਆਪ, ਭਦੌੜ ਹਾਊਸ, ਲੁਧਿਆਣਾ, ਅਕਤੂਬਰ, 1950, ਪੰਨਾ ੫੩.

83 ਬਲਬੀਰ ਸਿੰਘ (ਡਾ.)(ਸੰਪਾ.), ਸ੍ਰੀ ਚਰਣਹਰਿ ਵਿਸਥਾਰ ਜਿਲਦ ਦੂਜੀ, ਮੈਨੇਜਰ ਖਾਲਸਾ ਸਮਾਚਾਰ, ਹਾਲ ਬਾਜ਼ਾਰ, ਅੰਮ੍ਰਿਤਸਰ, ਅਪ੍ਰੈਲ 1941, ਪੰਨਾ 131.

84 ਧਰਮ ਸਿੰਘ (ਡਾ.)(ਅਨੁ.), ਸਿੱਖ ਧਰਮ, ਗੁਰੂ ਸਾਹਿਬਾਨ, ਪਵਿੱਤਰ ਰਚਨਾਵਾਂ ਤੇ ਰਚਨਾਕਰ ਕ੍ਰਿਤ ਮੈਕਸ ਆਰਥਰ ਮੈਕਾਲਿਫ, ਜਿਲਦ ਪੰਜਵੀਂ, ਪੰਨਾ 183.

85 ਠਾਕੁਰ ਸਿੰਘ (ਗਿਆਨੀ), ਗ੍ਰੰਥ ਸ੍ਰੀ ਗੁਰਦੁਆਰੇ ਦਰਸ਼ਨ, ਭਾਈ ਲਾਭ ਸਿੰਘ ਐਂਡ ਸਨਜ਼ ਪੁਸਤਕਾਂ ਵਾਲੇ, ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ, 1923, ਪੰਨੇ 543-546.

ਚੰਦ ਦੇ ਪੜਪੋਤੇ ਸੋਢ ਕੰਵਲ (ਕੌਲ) ਨੇ ਗੁਰੂ ਜੀ ਦੇ ਦਰਸ਼ਨ ਕੀਤੇ।[86] ਗਿਆਨੀ ਬਿਸ਼ਨ ਸਿੰਘ ਨੇ ਆਪਣੀ ਪੁਸਤਕ 'ਦਸਮ ਗੁਰੂ ਖਾਲਸਾ ਪ੍ਰਕਾਸ਼' ਵਿਚ ਇਸ ਵਾਰਤਾ ਦਾ ਜ਼ਿਕਰ ਕੀਤਾ ਹੈ:

ਜਦੋਂ ਨੀਲੀ ਪੁਸ਼ਾਕ ਗੁਰ ਜੀ ਬੈਠ ਅੱਗ ਦੇ ਸਾਮ੍ਹਨੇ ਸਾੜ ਰਹੇ।
ਇਕ ਲੀਰ ਜਦੋਂ ਹੱਥ ਰਹੀ ਗੁਰ ਦੇ ਮਾਨ ਸਿੰਘ ਜੀ ਅਰਜ ਗੁਜਾਰ ਰਹੇ।
ਓਹੋ ਲੀਰ ਲੈ ਸੀਸ ਤੇ ਬੰਨ੍ਹ ਲੀਤੀ ਗੁਰਾਂ ਖੁਸ਼ੀ ਹੋ ਬਚਨ ਉਚਾਰ ਲਏ।
ਮਾਨ ਸਿੰਘ ਜੀ ਚਲੇਗਾ ਪੰਥ ਤੇਰਾ ਨੀਲੇ ਬਸਤ੍ਰਾਂ ਵਾਲਾ ਵਿਚਾਰ ਲਏ।
ਇਸ ਪ੍ਰਸੰਗ ਤੋਂ ਸਿੰਘ ਨਿਹੰਗ ਸਾਰੇ ਆਪਣੇ ਪੰਥ ਦਾ ਕਰ ਵਿਸਤਾਰ ਪਏ।
ਪੰਥ ਸ਼ੁਰੂ ਦਾ ਕਾਰਨ ਇਹ ਬਿਸ਼ਨ ਸਿੰਘਾਂ ਤੂੰ ਸੋਚਕੇ ਆਪ ਨਿਹਾਰ ਲਏ।[87]

'ਨਿਰਮਲ ਪੰਥ ਦਾ ਇਤਿਹਾਸ' ਪੁਸਤਕ ਵਿਚ ਵੀ ਇਹ ਵਾਰਤਾ ਦਰਜ ਹੈ।[88] ਇਸ ਸਾਖੀ ਦੀ ਪ੍ਰੋੜਤਾ ਨਰਿੰਜਨ ਸਿੰਘ ਸਾਥੀ ਨੇ ਆਪਣੀ ਪੁਸਤਕ 'ਚਰਨ ਚਲਉ ਮਾਰਗਿ ਗੋਬਿੰਦ' ਵਿਚ ਕੀਤੀ ਹੈ।[89] ਪੰਥ ਪ੍ਰਕਾਸ਼ ਵਿਚ ਇਸ ਵਾਰਤਾ ਦਾ ਜ਼ਿਕਰ ਹੈ।[90] 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚ ਇਹ ਵਾਰਤਾ ਦਰਜ ਹੈ ਕਿ ਭਾਈ ਮਾਨ ਸਿੰਘ ਨੇ ਨੀਲੇ ਬਸਤਰਾਂ ਵਿਚੋਂ ਇਕ ਲੀਰ ਚੁੱਕ ਕੇ ਕਟਾਰ ਨਾਲ ਬੰਨ੍ਹ ਲਈ ਜਿਸ ਤੋਂ 'ਨਿਹੰਗ' ਪੰਥ ਸ਼ੁਰੂ ਹੋਇਆ:

ਸਗਲੋਂ ਫੂਕ ਚੁਕੇ ਨੀਲਾਂਬਰ ਤਨਕ ਤਿਸੀ ਤੇ ਰਾਖ ਲਇਆ।
ਜਮਧਰ ਸੰਗ ਬੰਧਿ ਕਰਿ ਸੋਊ ਪੰਥ ਬੇਖ ਹਿਤ ਸਭਿ ਨ ਛਇਆ।[91]

---

86 ਨਰਿੰਜਨ ਸਿੰਘ ਸਾਥੀ, ਚਰਨ ਚਲਉ ਮਾਰਗਿ ਗੋਬਿੰਦ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2010, ਪੰਨਾ 111.

87 ਬਿਸ਼ਨ ਸਿੰਘ (ਗਿਆਨੀ), ਦਸਮ ਗੁਰੂ ਖਾਲਸਾ ਪ੍ਰਕਾਸ਼, ਦੂਸਰਾ ਹਿੱਸਾ, (ਪ੍ਰਕਾ.) ਸ੍ਰੀ ਮਾਨ ਖਾਲਸਾ ਕਾਲਜ ਦੇ ਪ੍ਰੋਫੈਸਰ ਸਾਹਿਬਾਨ, 11 ਮਈ 1928, ਪੰਨਾ 267.

88 ਪਰਮਜੀਤ ਸਿੰਘ ਮਾਨਸਾ(ਡਾ.)(ਸੰਪਾ.), ਨਿਰਮਲ ਪੰਥ ਦਾ ਇਤਿਹਾਸ, ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਮਾਰਚ 2009, ਪੰਨੇ 149-150.

89 ਨਰਿੰਜਨ ਸਿੰਘ ਸਾਥੀ, ਚਰਨ ਚਲਉ ਮਾਰਗਿ ਗੋਬਿੰਦ, ਪੰਨਾ 112.

90 ਗਿਆਨ ਸਿੰਘ (ਗਿਆਨੀ), ਪੰਥ ਪ੍ਰਕਾਸ਼, ਪੰਨਾ 1263.

91 ਸੰਤੋਖ ਸਿੰਘ (ਭਾਈ), ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਐਨ ੧, ਅੰਸੂ ੫, ਜਿਲਦ ਚੌਦਵੀਂ, ਡਾ. ਭਾਈ ਵੀਰ ਸਿੰਘ (ਸੰਪਾ.) ਭਾਸ਼ਾ ਵਿਭਾਗ, ਪੰਜਾਬ, 2011, ਪੰਨਾ ੬੦੧੩.

ਇਸ ਵਾਰਤਾ ਵਿਚ ਇਹ ਵੀ ਲਿਖਿਆ ਮਿਲਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਸਾ ਦੀ ਵਾਰ ਦੀ ਇਕ ਤੁਕ ਨੂੰ ਆਪਣੇ ਢੰਗ ਨਾਲ ਉਚਾਰਿਆ ਸੀ। ਗਿਆਨੀ ਗੁਰਬਚਨ ਸਿੰਘ ਖਾਲਸਾ ਭਿੰਡਰਾਵਾਲਿਆਂ ਨੇ ਇਸ ਵਾਰਤਾ ਸੰਬੰਧੀ ਲਿਖਿਆ ਹੈ:

ਨੀਲ ਬਸਤਰ ਫਾਰੇ ਅਗਨ ਮੈ ਜਲਾਇ ਡਾਰੇ, ਤੁਰਕ ਪਠਾਣੀ ਅਮਲ ਰਾਜ ਕੋ ਹਟਾਏ ਹੈਂ।

ਨੀਲੀ ਦਸਤਾਰ ਰਖੀ ਮਾਨ ਸਿੰਘ ਜਾਚ ਲੀਨ, ਕੌਤਕ ਅਨੇਕ ਕਰੈ ਸੋਢੀ ਮੁਰਝਾਏ ਹੈਂ।[92]

ਤਵਾਰੀਖ਼ ਗੁਰੂ ਖਾਲਸਾ ਵਿਚ ਇਹ ਸਾਖੀ ਇਸ ਪ੍ਰਕਾਰ ਹੈ: "ਗੁਰੂ ਜੀ ਕੇਸੀ ਇਸ਼ਨਾਨ ਕਰਨ ਲੱਗੇ ਤਾਂ ਸੋਢੀ ਕੌਲ ਗੁਰੂ ਜੀ ਦੀ ਨੀਲੀ ਪੋਸ਼ਾਕ ਵੇਖਕੇ ਛੇਤੀ ਨਾਲ ਜਾ ਕੇ ਘਰੋਂ ਚਿੱਟੀ ਪੁਸ਼ਾਕ ਲੈ ਆਯਾ ਅਤੇ ਨਿੰਮ੍ਰ ਹੋ ਕੇ ਆਖਯਾ ਏਹ ਨੀਲੀ ਪੁਸ਼ਾਕ ਤੁਰਕੀ ਪਹਿਰਾਵਾ ਤੁਸਾਨੂੰ ਨਹੀਂ ਸੋਭਦਾ, ਤੁਸੀਂ ਚਿੱਟੀ ਪੁਸ਼ਾਕ ਪਹਿਨੋ, ਓਸ ਦਾ ਬਚਨ ਮੰਨਕੇ ਗੁਰੂ ਜੀ ਸਫੈਦ ਪੁਸ਼ਾਕੀ ਪਹਿਨ ਕਰ ਅੰਗੀਠੇ ਪਾਸ ਬੈਠੇ, ਨਾਲੇ ਕੇਸ ਹਰੇ ਕਰਦੇ ਰਹੇ, ਨਾਲੇ ਓਸ ਨੀਲੀ ਪੁਸ਼ਾਕ ਦੀਆਂ ਲੀਰਾਂ ਕਰ-ਕਰ ਅੱਗ ਵਿਚ ਸਾੜਦੇ ਗਏ ਤੇ ਏਹ ਬਚਨ ਉਚਾਰਦੇ ਗਏ। "ਨੀਲ ਬਸਤ੍ਰ ਲੇ ਕਪੜੇ ਫਾੜੇ ਤੁਰਕ ਪਠਾਣੀ ਅਮਲ ਗਿਆ।" ਏਹ ਬਚਨ ਸੁਣ ਕੌਲ ਜੀ ਨੇ ਆਖਯਾ ਕਿ ਰਾਮ ਰਾਇ ਨੇ "ਮਿਟੀ ਮੁਸਲਮਾਨ" ਦੀ ਜਗ੍ਹਾ ਦੋ ਅਖਰ ਬਦਲੇ ਸੇ 'ਮੁਸਲ' ਦੀ ਜਗ੍ਹਾ 'ਬੇਈ' ਪੜ੍ਹਿਆ ਸੀ, ਏਸੇ ਗੁਨਾਹ ਬਦਲੇ ਓਹ ਗੁਰੂ ਘਰ ਤੋਂ ਖਾਰਜ ਕੀਤਾ ਗਿਆ, ਹੁਣ ਤੁਸੀਂ ਕਈ ਅੱਖਰ ਉਲਟਾ ਦਿੱਤੇ। ਮਹਾਰਾਜ ਬੋਲੇ ਅਸੀਂ ਆਪਣਾ ਸਰਬੰਸ ਧਰਮ ਯੁੱਧ ਵਿਚ ਪਹਿਲੇ ਕੁਰਬਾਨ ਕਰ ਕੇ ਪਿਛੋਂ ਬਚਨ ਪਲਟਿਆ ਹੈ, ਕਿਉਂਕਿ ਉਨ੍ਹਾਂ ਤੁਰਕਾਂ ਪਠਾਣਾਂ ਦਾ ਅਮਲ ਥਾਪਿਆ ਸੀ, ਤੇ ਅਸੀਂ ਉਨ੍ਹਾਂ ਦਾ ਅਮਲ ਖਾਲਸੇ ਜੀ ਤੋਂ ਉਠਵਾਣਾ ਹੈ। ਸੋ ਆਦਿ ਗੁਰੂ ਜੀ ਦਾ ਬਚਨ ਬਦਲੇ ਬਿਨਾਂ ਤੁਰਕਾਂ ਦਾ ਅਮਲ ਉਠਦਾ ਨਹੀਂ ਸੀ, ਤਾਂ ਬਦਲਾਯਾ ਹੈ। ਏਹ ਉੱਤਰ ਸੁਣਕੇ ਕੌਲ ਜੀ ਗੁਰੂ ਜੀ ਨੂੰ ਸਚਾ ਜਾਣਕੇ ਚੁੱਪ ਕਰ ਗਏ। ਤਦੋਂ ਨੂੰ ਗੁਰੂ ਜੀ ਪਾਸ ਓਸ ਨੀਲੇ ਕੱਪੜੇ ਦੀ ਇਕ ਲੀਰ ਰਹਿ ਗਈ, ਉਸ ਨੂੰ ਭੀ ਸਾੜਨ ਲੱਗੇ ਤਾਂ ਭਾਈ ਮਾਨ ਸਿੰਘ ਨੇ ਓਹ ਲੀਰ ਗੁਰੂ ਸਾਹਿਬਾਂ ਪਾਸੋਂ ਮੰਗ ਕੇ ਆਪਣੇ ਸੀਸ ਪੁਰ ਬੰਨ੍ਹ ਲਈ। ਸਜੀ ਹੋਈ ਲੀਰ ਵੇਖਕੇ ਗੁਰੂ ਜੀ ਨੇ ਬਚਨ ਕੀਤਾ ਕਿ ਏਹੋ ਜੇਹੇ ਨੀਲੇ ਬਸਤ੍ਰ ਧਾਰਨ ਕਰਨ ਵਾਲਾ ਤੇਰਾ ਪੰਥ ਚਲੇਗਾ। ਸੋ ਨਿਹੰਗ ਸਿੰਘ ਉੱਥੋਂ ਆਪਣੇ ਪੰਥ ਦਾ ਪ੍ਰਵਿਰਤ ਹੋਣਾ ਦਸਦੇ ਹਨ।"[93] ਗੁਰਬਾਣੀ ਦੀ ਤੁਕ ਸੰਬੰਧੀ 'ਸ੍ਰੀ ਚਰਣਹਾਰਿ ਵਿਸਥਾਰ' ਪੁਸਤਕ

---

92 ਗੁਰਬਚਨ ਸਿੰਘ ਖਾਲਸਾ, ਸ੍ਰੀ ਗੁਰਮੁਖ ਪ੍ਰਕਾਸ਼, ਪੰਨਾ 89.

93 ਗਿਆਨ ਸਿੰਘ (ਗਿਆਨੀ), ਤਵਾਰੀਖ ਗੁਰੂ ਖਾਲਸਾ, ਭਾਗ ਪਹਿਲਾ, ਪੰਨੇ 1042-1043.

ਵਿਚ ਇਸ ਪ੍ਰਕਾਰ ਲਿਖਿਆ ਹੈ: "ਨੀਲੇ ਕਪੜੇ ਫਾੜ ਜਲਾਏ ਸ੍ਰੀ ਮੁਖ ਤੇ ਇਮ ਬਚਨ ਕਹਿਆ। 'ਨੀਲ ਬਸਤ੍ਰ ਲੇ ਕਪੜੇ ਫਾੜੇ ਤੁਰਕ ਪਠਾਣੀ ਅਮਲ ਗਇਆ' ਸ੍ਰੀ ਗੁਰ ਨਾਨਕ ਦੇਵ ਭਵਿੱਖਤ ਬਚਨ ਕਹਾ ਹੋ ਪੂਰ ਭਇਆ। ਲੈ ਪਹਿਰੇ ਪਰ ਅਮਲ ਕੀਆ ਥਾ ਅਬ ਫਾੜੇ ਜਬ ਅਮਲ ਗਇਆ।"[94] ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਵੀ ਗੁਰੂ ਸਾਹਿਬ ਵਲੋਂ ਤੁਕ ਬਦਲਾਉਣ ਸੰਬੰਧੀ ਜ਼ਿਕਰ ਹੈ।[95] ਮੈਥਲੀ ਸ਼ਰਣ ਗੁਪਤ ਨੇ ਗੁਰਬਾਣੀ ਦੀ ਤੁਕ ਬਦਲਾਉਣ ਬਾਰੇ ਇਸ ਪ੍ਰਕਾਰ ਲਿਖਿਆ ਹੈ:

ਰਾਮ ਰਾਯ ਨੇ ਗੁਰੁ ਵਾਣੀ ਕਾ ਭਯ ਸੇ ਪਾਠ ਕਿਯਾ ਥਾ ਅਨਯ।
ਗੁਰੁ ਗੋਵਿੰਦ ਵਹੀ ਕਰ ਨਿਰਭਯ ਬਨੇ ਸ੍ਵਯੰ ਸੰਸ਼ੋਧਕ ਧਨਯ।
ਜੋ ਥਾ ਨੀਲੇ ਕਪੜੇ ਪਹਨੇ ਤੁਰਕ ਪਠਾਨੀ ਅਮਲ ਭਯਾ।
ਹੁਆ ਕਿ- ਨੀਲ ਕਪੜੇ ਫਾੜੇ ਤੁਰਕ ਪਠਾਨੀ ਅਮਲ ਗਯਾ।[96]

ਮੈਕਾਲਿਫ ਅਨੁਸਾਰ, "ਗੁਰੂ ਜੀ ਨੇ ਨੀਲੇ ਚੋਲੇ ਦਾ ਇਕ ਟੁਕੜਾ ਮੁਸੀਬਤ ਦੇ ਦਿਨਾਂ ਦੀ ਯਾਦ ਵਜੋਂ ਸਾਂਭ ਲਿਆ। ਬਾਅਦ ਵਿਚ ਅਕਾਲੀਆਂ (ਨਿਹੰਗਾਂ) ਦਾ ਨੀਲਾ ਪਹਿਰਾਵਾ ਵੀ ਇਸੇ ਯਾਦ ਦੀ ਨਿਸ਼ਾਨੀ ਵਜੋਂ ਹੀ ਹੈ।"[97] ਗੁਰ ਸਾਗਰ ਰਤਨ ਪ੍ਰਕਾਸ਼ ਵਿਚ ਜ਼ਿਕਰ ਹੈ ਕਿ ਭਾਈ ਮਾਨ ਸਿੰਘ ਜੀ ਨੇ ਉਸ ਨੀਲੀ ਚਾਦਰ ਵਿਚੋਂ ਇਕ ਲੀਰ ਗੁਰੂ ਸਾਹਿਬ ਤੋਂ ਮੰਗ ਕੇ ਦਸਤਾਰ 'ਤੇ ਸਜਾ ਲਈ ਜਿਸ ਤੋਂ ਨੀਲੇ ਦਸਤਾਰਿਆਂ ਵਾਲੇ ਨਿਹੰਗਾਂ ਦਾ ਪ੍ਰਾਰੰਭ ਹੋਇਆ।[98]

**ਸੱਤਵਾਂ ਵਿਚਾਰ:**

ਇਹ ਵਿਚਾਰ ਬੁੱਢਾ ਦਲ ਦੇ ਪੰਜਵੇਂ ਜਥੇਦਾਰ ਬਾਬਾ ਨੈਣਾ ਸਿੰਘ ਜੀ ਨਾਲ ਸੰਬੰਧਿਤ ਹੈ। ਬਾਬਾ ਨੈਣਾ ਸਿੰਘ ਬੁੱਢਾ ਦਲ ਦੇ ਪੰਜਵੇਂ ਜਥੇਦਾਰ ਸਨ। ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼ ਵਿਚ ਨੈਣਾ ਸਿੰਘ ਦੁਆਰਾ ਫਰਲੇ ਵਾਲਾ ਦੁਮਾਲਾ ਸਜਾਉਣ ਦਾ ਜ਼ਿਕਰ ਮਿਲਦਾ ਹੈ:

---

94 ਬਲਬੀਰ ਸਿੰਘ (ਡਾ.)(ਸੰਪਾ.), ਸ੍ਰੀ 'ਚਰਣਹਰਿ' ਵਿਸਥਾਰ, ਜਿਲਦ ੨, ਪੰਨਾ 133.

95 ਸੰਤੋਖ ਸਿੰਘ (ਭਾਈ), ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਐਨ ੧, ਅੰਸੂ ੫, ਜਿਲਦ ਚੌਦਵੀਂ, ਡਾ. ਭਾਈ ਵੀਰ ਸਿੰਘ (ਸੰਪਾ.), ਪੰਨਾ ੬੦੧੫.

96 ਮੈਥਲੀ ਸ਼ਰਨ ਗੁਪਤ, ਗੁਰੂਕੁਲ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਮਾਰਚ 1962, ਪੰਨਾ ੭੮.

97 ਮੈਕਸ ਆਰਥਰ ਮੈਕਾਲਿਫ, ਸਿੱਖ ਧਰਮ,ਗੁਰੂ ਸਾਹਿਬਾਨ, ਪਵਿੱਤਰ ਰਚਨਾਵਾਂ ਤੇ ਰਚਨਾਕਰ, ਜਿਲਦ ਪੰਜਵੀਂ, ਡਾ. ਧਰਮ ਸਿੰਘ (ਅਨੁ.), ਪੰਨਾ 196.

98 ਗੁਰਬਖਸ਼ ਸਿੰਘ ਸ਼ਹੀਦ, ਗੁਰ ਸਾਗਰ ਰਤਨ ਪ੍ਰਕਾਸ਼ ਅਰਥਾਤ ਜੇਬੀ ਸੂਰਜ ਪ੍ਰਕਾਸ਼, ਪੰਨਾ ੨੭੯.

"ਛਪਯੋ ਪੰਥ ਕੁਊ ਚਲਾ ਨ ਆਗੇ॥ ਨੈਨਾ ਸਿੰਘ ਜਬੈ ਜਗ ਜਾਗੇ॥

ਦੀਪ ਸਿੰਘ ਕੇ ਸਾਧਕ ਭਏ॥ ਬੜੇ ਸੂਰਬੀਰ ਅਰਿ ਗੁਨ ਭਏ॥

ਸੁਨਯਹ ਕਥਾ ਜਬ ਮਤਿ ਜਾਨੀ॥ ਸ੍ਰੀ ਅੰਮ੍ਰਿਤਸਰ ਮਹਿ ਸੁਰ ਗਯਾਨੀ॥

ਤਖਤ ਅਕਾਲ ਬੈਠ ਸੁਖ ਪਾਈ॥ ਕਰ ਅਰਦਾਸ ਸੁ ਪਾਗ ਸਜਾਈ॥

ਊਚ ਨਿਕਾਸਯੋ ਫਰਰਾ ਸਿਰਪਰ॥ ਸੀਸ ਨਿਸਾਨ ਨਿਸਾਨ ਜਾਂਚ ਧਰ॥"[99]

ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼ ਅਨੁਸਾਰ ਨੈਣਾ ਸਿੰਘ ਨੇ ਸਰਬਲੋਹ ਦੀ ਰਹਿਤ ਚਲਾਈ ਅਤੇ ਉਨ੍ਹਾਂ ਤੋਂ ਬਾਅਦ ਅਕਾਲੀ ਫੂਲਾ ਸਿੰਘ ਆਦਿਕ ਸਿੰਘਾਂ ਨੇ ਬਾਬਾ ਨੈਣਾ ਸਿੰਘ ਵਰਗੇ ਹੀ ਦੁਮਾਲੇ ਸਜਾਉਣੇ ਸ਼ੁਰੂ ਕੀਤੇ:

ਸਰਬ ਲੋਹ ਕੀ ਰਹਿਤ ਚਲਾਈ॥ ਬਸਨ ਸੁਰਮਈ ਸੀਸ ਸਜਾਈ॥

ਤਿਨ ਤੇ ਫੂਲਾ ਸਿੰਘ ਸੁ ਆਦਿ॥ ਪ੍ਰਚੁਰੇ ਸਿੰਘ ਨਿਹੰਗ ਸੁਨਾਦ॥

ਬੜੇ ਸੂਰ ਗੁਰ ਭਗਤ ਅਮਾਨੀ॥ ਦੀਨਨ ਪਰ ਦਾਯਾ ਜਿਨ ਜਾਨੀ॥

ਸਯਾਮ ਬਸਨ ਸਭ ਆਰਤ ਆਏ॥ ਆਦਿਹਿ ਤੇ ਜੇ ਸਿੰਘ ਸੁਹਾਏ॥

ਨੈਨਾ ਸਿੰਘ ਤੇ ਭਏ ਦੁਮਾਲੀ॥ ਪ੍ਰਗਟ ਰੀਤ ਯਹ ਸਭ ਮੈ ਚਾਲੀ॥[100]

ਬਾਬਾ ਨੈਣਾ ਸਿੰਘ ਜੀ ਨੇ ਸਭ ਤੋਂ ਪਹਿਲਾਂ ਫ਼ੌਜ ਦੇ ਨਿਸ਼ਾਨਚੀ ਦੇ ਸਿਰ ਉੱਪਰ ਦੁਮਾਲਾ ਸਜਾ ਕੇ ਨਿਸ਼ਾਨ ਦਾ ਫਰਲਾ ਝੁਲਾਇਆ। ਇਸ ਤਰ੍ਹਾਂ ਉਹ ਸਭ ਤੋਂ ਅੱਗੇ ਹੋ ਕੇ ਨਿਸ਼ਾਨਚੀ ਦੀ ਭੂਮਿਕਾ ਨਿਭਾ ਸਕਦਾ ਸੀ ਅਤੇ ਹੱਥ ਵਿਹਲੇ ਹੋਣ ਕਾਰਨ ਸ਼ਸਤਰ ਵੀ ਚਲਾ ਸਕਦਾ ਸੀ, ਉਸ ਤੋਂ ਇਹ ਬਾਣਾ ਚਲਿਆ, ਸੁ ਇਸ ਤਰ੍ਹਾਂ ਸ੍ਰੀ ਗੁਰੂ ਜੀ ਦੇ ਪੰਥ ਵਿਚੋਂ ਹੀ ਇਕ ਫਿਰਕਾ ਨਿਹੰਗ ਸਿੰਘਾਂ ਦੇ ਨਾਮ ਉੱਤੇ ਪ੍ਰਸਿੱਧ ਹੋਇਆ।[101]

ਉਪਰੋਕਤ ਵਿਚਾਰਾਂ ਤੋਂ ਇਲਾਵਾ ਮਹਿਮਾ ਪ੍ਰਕਾਸ਼ (ਵਾਰਤਕ) ਵਿਚ ਪੰਜਾਂ ਪਿਆਰਿਆਂ ਵਿਚੋਂ ਭਾਈ ਹਿੰਮਤ ਸਿੰਘ ਜੀ ਨੂੰ ਵੀ 'ਨਿਹੰਗ' ਲਿਖਿਆ ਹੈ।[102]

---

[99] ਸੁਮੇਰ ਸਿੰਘ (ਬਾਬਾ), ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼, ਡਾ. ਅੱਛਰ ਸਿੰਘ ਕਾਹਲੋਂ (ਸੰਪਾ.), ਪੰਨਾ 199.

[100] ਉਹੀ, ਪੰਨਾ 199.

[101] ਪਰਮਜੀਤ ਸਿੰਘ ਮਾਨਸਾ (ਡਾ.) (ਸੰਪਾ.), ਨਿਰਮਲ ਪੰਥ ਦਾ ਇਤਿਹਾਸ, ਪੰਨੇ 149-150.

[102] ਕੁਲਵਿੰਦਰ ਸਿੰਘ ਬਾਜਵਾ (ਡਾ.) (ਸੰਪਾ.), ਮਹਿਮਾ ਪ੍ਰਕਾਸ਼ (ਵਾਰਤਕ), ਸਿੰਘ ਬ੍ਰਦਰਜ਼, ਅੰਮ੍ਰਿਤਸਰ, ਜਨਵਰੀ 2004, ਪੰਨਾ 213.

ਜੇਕਰ ਪਹਿਲੇ ਵਿਚਾਰ ਨੂੰ ਵਾਚੀਏ ਤਾਂ ਇਹ ਗੱਲ ਪਤਾ ਲਗਦੀ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਾਬਾ ਬੁੱਢਾ ਜੀ ਨੂੰ ਉਨ੍ਹਾਂ ਦੇ ਨਾਂ ਤੇ ਦਲ ਚਲਣ ਦਾ ਵਰਦਾਨ ਦਿੱਤਾ ਸੀ। ਇਸ ਲਈ ਇਹ ਬਖ਼ਸ਼ਿਸ਼ ਬੁੱਢਾ ਦਲ ਦੇ ਉੱਥਾਨ ਲਈ ਕਹੀ ਜਾ ਸਕਦੀ ਹੈ। ਇਹ ਬਖ਼ਸ਼ਿਸ਼ ਅੱਗੇ ਚਲ ਕੇ ਨਵਾਬ ਕਪੂਰ ਸਿੰਘ ਦੇ ਸਮੇਂ ਬੁੱਢਾ ਦਲ ਅਤੇ ਤਰਨਾ ਦਲ ਬਣਾਏ ਜਾਣ ਸਮੇਂ ਪੂਰਨ ਹੋਈ।

ਦੂਜਾ ਵਿਚਾਰ ਜੋ ਕਿ ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਜੀ ਨਾਲ ਜੁੜਦਾ ਹੈ, ਬਹੁਤ ਹੱਦ ਤਕ ਸਹੀ ਮੰਨਿਆ ਜਾਂਦਾ ਹੈ। ਨਿਹੰਗ ਸਿੰਘ ਆਪਣਾ ਦੁਮਾਲਾ ਸਜਾਉਣ ਲੱਗਿਆਂ 'ਦੁਮਾਲੇ ਦਾ ਸਲੋਕ' ਪੜ੍ਹਦੇ ਹਨ ਜਿਸ ਵਿਚ ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਜੀ ਦੀ ਦੁਆਰਾ ਉੱਚਾ ਦੁਮਾਲਾ ਸਜਾ ਕੇ ਆਉਣ ਅਤੇ ਗੁਰੂ ਜੀ ਦੁਆਰਾ ਪੰਥ ਚਲਣ ਦਾ ਵਰ ਦੇਣ ਦਾ ਹਵਾਲਾ ਪ੍ਰਾਪਤ ਹੁੰਦਾ ਹੈ।

ਜਿੱਥੋਂ ਤੱਕ ਭਾਈ ਮਾਨ ਸਿੰਘ ਜੀ ਨੂੰ ਨਿਹੰਗ ਵਰ ਦੇਣ ਦੀ ਗੱਲ ਹੈ, ਉਹ ਤੀਜੇ ਕਥਨ ਅਨੁਸਾਰ ਹੀ ਸਹੀ ਜਾਪਦਾ ਹੈ ਜਿਸ ਵਿਚ ਬਾਬਾ ਫ਼ਤਿਹ ਸਿੰਘ ਜੀ, ਭਾਈ ਮਾਨ ਸਿੰਘ ਜੀ ਨੂੰ ਆਪਣੇ ਵਰਗਾ ਬਾਣਾ ਅਤੇ ਸਰੂਪ ਬਖਸ਼ਦੇ ਹਨ। ਉੱਥੋਂ ਹੀ ਭਾਈ ਮਾਨ ਸਿੰਘ ਜੀ ਨਾਲ ਵਾਰਤਾਵਾਂ ਜੁੜੀਆਂ।

ਚੌਥਾ ਵਿਚਾਰ ਵੀ ਜੋ ਭਾਈ ਮਾਨ ਸਿੰਘ ਨਾਲ ਸੰਬੰਧਿਤ ਹੈ ਜੋ ਕਿ ਗੁਰੂ ਸਾਹਿਬ ਦੇ ਨਿਸ਼ਾਨਚੀ ਸਨ। ਜਿੱਥੋਂ ਤੱਕ ਨਿਸ਼ਾਨ ਸਾਹਿਬ ਡਿੱਗ ਜਾਣ ਅਤੇ ਦਸਤਾਰ ਤੇ 'ਫਰਲਾ' ਲਗਾ ਕੇ ਨਿਸ਼ਾਨ ਸਾਹਿਬ ਦੇ ਚਿੰਨ੍ਹ ਵਜੋਂ ਵਰਤੋਂ ਦੀ ਵਾਰਤਾ ਹੈ, ਉਹ ਸਹੀ ਜਾਪਦੀ ਹੈ ਕਿਉਂਕਿ ਹੁਣ ਤੱਕ ਨਿਹੰਗ ਸਿੰਘਾਂ ਵਿਚ ਫਰਲੇ ਦੀ ਰਵਾਇਤ ਤੁਰੀ ਆਉਂਦੀ ਹੈ ਪਰ ਇਸ ਨੂੰ ਨਿਹੰਗ ਸਿੰਘਾਂ ਦੇ ਆਰੰਭ ਨਾਲ ਜੋੜਨਾ ਸਹੀ ਨਹੀਂ ਸਗੋਂ ਇਸਨੂੰ 'ਫਰਲੇ ਦੇ ਆਰੰਭ ਦੀ ਗਾਥਾ' ਕਿਹਾ ਜਾ ਸਕਦਾ ਹੈ।

ਜਿੱਥੋਂ ਤੱਕ ਅਕਾਲੀ ਨੈਣਾ ਸਿੰਘ ਦੁਆਰਾ ਨਿਹੰਗ ਪੰਥ ਚਲਣ ਦਾ ਵਿਚਾਰ ਹੈ ਉਹ ਸਹੀ ਨਹੀਂ ਜਾਪਦਾ ਕਿਉਂਕਿ ਉਨ੍ਹਾਂ ਤੋਂ ਪਹਿਲਾਂ ਕਈ ਨਿਹੰਗ ਸਿੰਘ ਹੋ ਚੁੱਕੇ ਸਨ ਜਿਵੇਂ ਬਾਬਾ ਦੀਪ ਸਿੰਘ ਜੀ ਸ਼ਹੀਦ, ਅਕਾਲੀ ਗੁਰਬਖਸ਼ ਸਿੰਘ ਜੀ ਸ਼ਹੀਦ, ਨਵਾਬ ਕਪੂਰ ਸਿੰਘ ਆਦਿ।

ਇਸ ਪ੍ਰਕਾਰ ਨਿਹੰਗ ਸਿੰਘਾਂ ਦਾ ਆਰੰਭ ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਜੀ ਤੋਂ ਹੋਇਆ ਹੀ ਸਹੀ ਮੰਨਿਆ ਜਾ ਸਕਦਾ ਹੈ। ਬਾਕੀ ਵਾਰਤਾਵਾਂ ਬੁੱਢਾ ਦਲ ਸੰਬੰਧੀ, ਫਰਲੇ ਦੇ ਰੂਪ ਵਿਚ ਦਸਤਾਰ ਉੱਤੇ ਨਿਸ਼ਾਨ ਸਾਹਿਬ ਸਜਾਉਣ ਸੰਬੰਧੀ ਆਦਿ ਘਟਨਾਵਾਂ ਨਾਲ ਸੰਬੰਧਿਤ ਹੈ। ਨਿਹੰਗ ਸਿੰਘ ਜਥੇਬੰਦੀ ਅਤੇ

ਤਖ਼ਤ ਸ੍ਰੀ ਅਬਿਚਲਨਗਰ ਹਜ਼ੂਰ ਸਾਹਿਬ, ਨਾਂਦੇੜ ਵਿਖੇ ਅਰਦਾਸ ਵਿਚ ਚਾਰ ਸਾਹਿਬਜ਼ਾਦਿਆਂ ਦੇ ਨਾਂ ਤੋਂ ਬਾਅਦ 'ਫ਼ਤਿਹ ਸਿੰਘ ਜੀ ਕੇ ਜਥੇ ਸਿੰਘ ਜੀ' ਬੋਲਿਆ ਜਾਂਦਾ ਹੈ ਜੋ ਕਿ ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਜੀ ਤੋਂ ਸ਼ੁਰੂ ਹੋਏ ਨਿਹੰਗ ਸਿੰਘਾਂ ਨੂੰ ਸੰਬੋਧਨ ਹੈ। ਇਸ ਪ੍ਰਕਾਰ ਕਹਿ ਸਕਦੇ ਹਾਂ ਕਿ ਨਿਹੰਗ ਸਿੰਘ ਜਥੇਬੰਦੀ ਦਾ ਆਰੰਭ ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਜੀ ਤੋਂ ਗੁਰੂ ਗੋਬਿੰਦ ਸਿੰਘ ਜੀ ਦੇ ਵਰਦਾਨ ਨਾਲ ਹੋਇਆ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਨਿਹੰਗ ਸਿੰਘ ਸਭ ਤੋਂ ਵੱਧ ਉੱਭਰ ਕੇ ਸਾਹਮਣੇ ਆਏ ਜਿਨ੍ਹਾਂ ਨੇ ਜ਼ੁਲਮ ਖਿਲਾਫ ਲੋਹਾ ਲਿਆ ਅਤੇ ਹਰ ਕਦਮ ਉੱਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਰਹੇ। "ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਤਿੰਨ ਨਾਮ ਦਿੱਤੇ: ਨਿਹੰਗ, ਭੁਜੰਗ ਅਤੇ ਸਿੰਘ। ਨਿਹੰਗ ਤੋਂ ਭਾਵ ਮਗਰਮੱਛ, ਭੁਜੰਗ ਤੋਂ ਭਾਵ ਸੱਪ ਅਤੇ ਸਿੰਘ ਤੋਂ ਭਾਵ ਸ਼ੇਰ ਤੋਂ ਹੈ।"[103] ਗੁਰੂ ਜੀ ਨੇ ਆਪਣੇ ਵਰਗਾ ਬਾਣਾ ਆਪਣੇ ਖਾਲਸੇ ਨੂੰ ਬਖਸ਼ਿਸ਼ ਕੀਤਾ:

ਤਾਹਿ ਸਮੇ ਗੁਰ ਬੈਨ ਸੁਨਾਯੋ। ਖਾਲਸ ਅਪਨੋ ਰੂਪ ਬਤਾਯੋ।
ਖਾਲਸ ਹੀ ਸੋ ਹੈ ਮਮ ਕਾਮਾ। ਬਖ਼ਸ਼ ਕੀਉ ਖਾਲਸ ਕੋ ਜਾਮਾ।[104]

ਖਾਲਸਾ, ਨਿਹੰਗ ਸਿੰਘ ਜਥੇਬੰਦੀ ਮੂਲ ਰੂਪ ਵਿਚ ਇਕੋ ਵਿਚਾਰਧਾਰਾ ਦੇ ਸੂਚਕ ਹਨ। ਨਿਹੰਗ ਸਿੰਘ ਜਥੇਬੰਦੀ ਅੱਜ ਦੇ ਸੰਦਰਭ ਵਿਚ ਵਾਦ-ਵਿਵਾਦ ਦਾ ਵਿਸ਼ਾ ਨਹੀਂ ਸਗੋਂ ਵਿਚਾਰ ਦਾ ਵਿਸ਼ਾ ਹੈ।[105] ਨਿਹੰਗ ਸਿੰਘ ਆਪਣੇ ਦਲਾਂ ਨਾਲ ਸਮੁੱਚੇ ਤੌਰ 'ਤੇ 'ਜਥੇਬੰਦੀ' ਸ਼ਬਦ ਪ੍ਰਯੋਗ ਕਰਦੇ ਹਨ। ਹਰਨਾਮ ਦਾਸ ਸਹਿਰਾਈ ਨੇ ਆਪਣੇ ਨਾਵਲਾਂ ਵਿਚ ਨਿਹੰਗ ਸਿੰਘਾਂ ਨੂੰ 'ਸੰਪਰਦਾਇ' ਲਿਖਿਆ ਹੈ। ਡਾ. ਅਜਮੇਰ ਸਿੰਘ ਨੇ ਵੀ ਨਿਹੰਗ ਸਿੰਘਾਂ ਲਈ 'ਸੰਪਰਦਾਇ' ਸ਼ਬਦ ਵਰਤਿਆ ਹੈ।[106] ਇਸ ਲਈ ਪਰੰਪਰਾ, ਸੰਪਰਦਾਇ, ਸੰਸਥਾ ਅਤੇ ਜਥੇਬੰਦੀ ਦੇ ਅਰਥਾਂ ਨੂੰ ਵਾਚਣਾ ਜ਼ਰੂਰੀ ਹੈ।

---

[103] ਇਹ ਜਾਣਕਾਰੀ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਪ੍ਰਚਾਰਕ ਗਿਆਨੀ ਗੁਰਵਿੰਦਰ ਸਿੰਘ ਨੰਗਲੀ ਪਾਸੋਂ, ਅੰਮ੍ਰਿਤਸਰ ਵਿਖੇ 23 ਜਨਵਰੀ 2020 ਨੂੰ ਵੀਡਿਓ ਰਿਕਾਰਡਿੰਗ ਰਾਹੀਂ ਇੰਟਰਵਿਊ ਵਿਚ ਇੱਕਤਰ ਕੀਤੀ ਗਈ।

[104] ਸੈਨਾਪਤਿ (ਕਵੀ), ਸ੍ਰੀ ਗੁਰ ਸੋਭਾ, ਗੰਡਾ ਸਿੰਘ (ਸੰਪਾ.), ਦੂਜੀ ਵਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1980, ਪੰਨਾ 72.

[105] ਬਲਵੰਤ ਸਿੰਘ (ਸੰਤ ਖਾਲਸਾ), ਮਾਲਵਾ ਇਤਿਹਾਸ, ਜਿਲਦ ਚੌਥੀ, ਪੰਨਾ 78.

[106] ਅਜਮੇਰ ਸਿੰਘ (ਡਾ.)(ਸੰਪਾ.), ਖੋਜ ਪਤ੍ਰਿਕਾ (ਪ੍ਰਗਟਯੋ ਖ਼ਾਲਸਾ ਵਿਸ਼ੇਸ਼ ਅੰਕ), ਅੰਕ 48, ਸਾਲ 32ਵਾਂ, 1998, ਪੰਨਾ 134.

### 2.5.1 ਪਰੰਪਰਾ:

ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਨੂੰ ਮਿਲਣ ਵਾਲੇ ਰੀਤੀ-ਰਿਵਾਜ਼, ਪੂਜਾ-ਵਿਧੀਆਂ, ਸਮਾਜਿਕ ਨਿਯਮ, ਵਿਚਾਰ, ਕਦਰਾਂ-ਕੀਮਤਾਂ ਅਤੇ ਆਚਰਣ ਦੇ ਮਾਪਦੰਡ ਆਦਿ ਨੂੰ ਪਰੰਪਰਾ ਕਿਹਾ ਜਾਂਦਾ ਹੈ। ਪਰੰਪਰਾ ਲਿਖਤ ਰੂਪ ਵਿਚ ਨਹੀਂ ਹੁੰਦੀ ਸਗੋਂ ਜ਼ੁਬਾਨੀ ਚਲਦੀ ਹੈ।

ਗੁਰੁ ਸ਼ਬਦ ਰਤਨਾਕਰ ਮਹਾਨ ਕੋਸ਼ ਅਨੁਸਾਰ, "ਪਰੰਪਰਾ ਤੋਂ ਭਾਵ ਹੈ- ਸਿਲਸਿਲਾ, ਪੁਰਾਣੀ ਚਲੀ ਆਉਂਦੀ ਪਰਿਪਾਟੀ।"[107] ਪਰੰਪਰਾ ਦਾ ਧਰਮ ਤੇ ਸਮਾਜ ਵਿਚ ਬਹੁਤ ਮਹੱਤਵ ਹੈ। ਪਰੰਪਰਾ ਦਾ ਆਧਾਰ ਹਮੇਸ਼ਾ ਵਿਗਿਆਨਿਕ ਨਹੀਂ ਹੁੰਦਾ। ਜੇ ਪਰੰਪਰਾ ਦਾ ਇਤਿਹਾਸਿਕ-ਸਿਧਾਂਤਿਕ ਆਧਾਰ ਮੌਜੂਦ ਹੋਵੇ, ਤਾਂ ਇਸਨੂੰ 'ਮੌਖਿਕ ਇਤਿਹਾਸ' ਕਿਹਾ ਜਾ ਸਕਦਾ ਹੈ। ਇਸ ਆਧਾਰ ਬਿਨਾਂ ਪਰੰਪਰਾ ਫਜ਼ੂਲ ਦੀ ਰੂੜ੍ਹੀ ਬਣ ਜਾਂਦੀ ਹੈ।[108]

### 2.5.2 ਸੰਪਰਦਾਇ:

ਸੰਪਰਦਾਇ ਸ਼ਬਦ ਦਾ ਮੂਲ ਧਾਤੂ ''ਦ" ਸ਼ਬਦ ਹੈ। ਜਿਸਦਾ ਅਰਥ ਹੈ ਦੇਣਾ, ਇਸੇ ਅੱਖਰ ਦੇ ਅਗੇਤਰ ਵਿਚ ਦੋ ਸ਼ਬਦ 'ਸੰ' ਅਤੇ 'ਪ੍ਰ' ਵਰਤੇ ਹਨ। ਉਪਰੋਕਤ ਤਿੰਨਾਂ ਅੱਖਰਾਂ ਦਾ ਮੇਲ ਬਣਿਆ ਹੈ ਸੰਪਰਦਾਇ । ਇਸ ਸੰਪੂਰਨ ਸ਼ਬਦ ਦਾ ਅਰਥ ਹੋਇਆ ਕਿ ਸੰਸਕ੍ਰਿਤੀ ਵਿਚ ਜੋ ਕੁਝ ਗ੍ਰਹਿਣ ਕੀਤਾ, ਉਹ ਦੂਜਿਆਂ ਨੂੰ ਦੇਣਾ।'[109] ਸੰਪਰਦਾਇ, ਸੰ+ਪ੍ਰਦਾ ਭਾਵ ਚੰਗੀ ਤਰਾਂ ਦੇਣ ਦੀ ਕ੍ਰਿਯਾ, ਉਪਦੇਸ਼ ਵਿੱਦਿਆ ਆਦਿ ਦਾ ਸਿਲਸਿਲੇਵਾਰ ਦੇਣ ਦਾ ਕਰਮ। ਸੰਪਰਦਾਇ ਤੋਂ ਭਾਵ ਹੈ ਦੇਣ ਵਾਲਾ, ਪਰੰਪਰਾ ਤੋਂ ਉਪਦੇਸ਼ ਦੇਣ ਦੀ ਚਲੀ ਆਈ ਰੀਤਿ, ਪਰੰਪਰਾ ਤੋਂ ਚਲੀ ਧਰਮ ਰੀਤਿ, ਗੁਰੂ ਚੇਲੇ ਦੀ ਪੱਧਤਿ, ਗੁਰਉਪਦੇਸ਼ ਧਾਰਨ ਕਰਨ ਵਾਲੀ ਜਮਾਤ।[110]

ਰਤਨ ਸਿੰਘ ਜੱਗੀ ਅਨੁਸਾਰ, "ਜਦ ਕਿਸੇ ਧਰਮ ਦਾ ਵਿਕਾਸ ਹੋ ਰਿਹਾ ਹੋਵੇ ਤਾਂ ਉਸ ਵਿਕਾਸ ਦੇ ਪ੍ਰਕਾਰਜ ਨੂੰ ਸਹੀ ਦਿਸ਼ਾ ਦੇਣ ਲਈ ਕਈ ਪ੍ਰਚਾਰਕ ਜਾਂ ਮਹਾਂਪੁਰਖ ਆ ਜਾਂਦੇ ਹਨ ਜਿਨ੍ਹਾਂ ਦੇ ਵਿਅਕਤੀਤਵ

---

107 ਕਾਨ੍ਹ ਸਿੰਘ ਨਾਭਾ (ਭਾਈ), ਗੁਰੁ ਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 754.

108 ਗੁਰਸ਼ਰਨ ਜੀਤ ਸਿੰਘ (ਡਾ.), ਗੁਰਮਤ ਨਿਰਣਯ ਕੋਸ਼, ਪੰਨਾ 127.

109 ਸਰਬਜਿੰਦਰ ਸਿੰਘ (ਡਾ.)(ਸੰਪਾ.), ਨਾਨਕ ਪ੍ਰਕਾਸ਼ ਪੱਤ੍ਰਿਕਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜੂਨ 2013, ਅੰਕ ਪਹਿਲਾ, 2016, ਪੰਨਾ 404.

110 ਕਾਨ੍ਹ ਸਿੰਘ ਨਾਭਾ (ਭਾਈ), ਗੁਰੁ ਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 247.

ਅਤੇ ਮਾਨਤਾਵਾਂ ਦੀ ਛਾਪ ਮੁੱਖ ਧਾਰਾ ਨਾਲੋਂ ਉਨ੍ਹਾਂ ਨੂੰ ਨਿਖੇੜਦੀ ਹੋਈ ਵੱਖਰੀ ਪਛਾਣ ਬਣਾ ਦਿੰਦੀ ਹੈ। ਇਹੀ ਵੱਖਰੀ ਪਛਾਣ ਕਿਸੇ ਸੰਪਰਦਾਇ ਨੂੰ ਜਨਮ ਦਿੰਦੀ ਹੈ।"[111] ਸੰਪਰਦਾਇ ਉਨ੍ਹਾਂ ਵਿਅਕਤੀਆਂ ਦਾ ਸੰਗਠਨ ਹੈ ਜਿਨ੍ਹਾਂ ਦੇ ਵਿਚਾਰ ਉਸੇ ਧਰਮ ਦੇ ਲੋਕਾਂ ਨਾਲੋਂ ਕੁਝ ਹੱਦ ਤੱਕ ਵੱਖਰੇ ਹੁੰਦੇ ਹਨ।[112] ਸੰਪਰਦਾਇ ਉਸੇ ਧਰਮ ਦਾ ਅੰਗ ਹੁੰਦਿਆਂ ਹੋਇਆਂ ਵੀ ਕੁਝ ਵਿਚਾਰਾਂ ਕਰਕੇ ਵੱਖਰੀ ਸੰਸਥਾ ਬਣ ਜਾਂਦੀ ਹੈ।[113]

### 2.5.3 ਸੰਸਥਾ:

ਸੰਕਲਪ ਇਕ ਵਿਚਾਰ ਹੁੰਦਾ ਹੈ। ਜਦੋਂ ਵਿਚਾਰ ਰੂਪੀ ਸੰਕਲਪ ਸਿਧਾਤਾਂ ਦੀ ਸੇਧ ਅਨੁਸਾਰ ਕਾਰਜਸ਼ੀਲ ਹੋ ਕੇ ਅਮਲ ਵਿਚ ਆਏ, ਉਸ ਵੇਲੇ ਉਹ ਸੰਸਥਾ ਬਣ ਜਾਂਦਾ ਹੈ।[114] ਸੰਸਥਾਵਾਂ ਦੇ ਸਿਧਾਂਤ ਤੇ ਅਮਲ, ਦ੍ਰਿਸ਼ਟ ਅਤੇ ਅਦ੍ਰਿਸ਼ਟ ਰੂਪ ਵਿਚ ਮਨੁੱਖ ਲਈ ਪ੍ਰੇਰਨਾ ਸ੍ਰੋਤ ਵਜੋਂ ਕੰਮ ਕਰਦੇ ਹਨ।[115]

ਸੰਸਥਾ ਵਿਵਹਾਰ ਨੂੰ ਨਿਯਮਬੱਧ ਕਰਦੀ ਹੈ। ਨਿਯਮਬੱਧ ਵਿਵਹਾਰ ਦੇ ਪਿੱਛੇ ਕਿਸੇ ਸਿਧਾਂਤ ਦਾ ਹੋਣਾ ਨਿਹਾਇਤ ਜ਼ਰੂਰੀ ਹੈ। ਵਿਵਹਾਰ ਨੂੰ ਨਿਸ਼ਚਿਤ ਕਰਨਾ ਅਤੇ ਕਿਸੇ ਖ਼ਾਸ ਪੱਖ ਤੋਂ ਵਿਵਹਾਰ ਉੱਤੇ ਰੋਕ ਲਗਾਉਣਾ ਵੀ ਸੰਸਥਾ ਦਾ ਕੰਮ ਹੈ। ਸੰਸਥਾ ਸਿਧਾਂਤ ਦੇ ਵਿਵਹਾਰਿਕ ਰੂਪ ਨੂੰ ਅਮਲ ਵਿਚ ਪ੍ਰਗਟ ਕਰਦੀ ਹੈ, ਇਸ ਅਨੁਸਾਰ ਕੁਝ ਕਰਨ ਤੇ ਕੁਝ ਨਾ ਕਰਨਯੋਗ ਨਿਯਮਾਂਵਲੀ ਨਿਰਧਾਰਿਤ ਕੀਤੀ ਜਾਂਦੀ ਹੈ। ਸੰਸਥਾਵਾਂ ਸਿਧਾਂਤਾਂ ਨੂੰ ਅਮਲ ਵਿਚ ਲਿਆਉਣ ਵਾਲੇ ਸੰਗਠਨ ਦਾ ਨਾਂ ਹੈ। ਸੰਸਥਾਵਾਂ ਵਿਚ ਜੁੜਨ ਤੇ ਵਿਚਰਨ ਤੋਂ ਬਿਨਾਂ ਮਨੁੱਖੀ ਵਿਕਾਸ ਅਸੰਭਵ ਹੈ।[116] ਸੰਸਥਾਵਾਂ ਮਨੁੱਖੀ ਵਿਕਾਸ ਵਿਚ ਪ੍ਰਮੁਖ ਭੂਮਿਕਾ ਨਿਭਾਉਂਦੀਆਂ ਹਨ। ਸੰਸਥਾ ਦੇ ਨਾਂ ਤੋਂ ਉਸਦਾ ਕਾਰਜ ਖੇਤਰ ਸਪਸ਼ਟ ਹੋ ਜਾਂਦਾ ਹੈ। ਸੰਸਥਾ ਦਾ ਕਾਰਜ ਖੇਤਰ ਪਰਿਵਾਰ ਤੋਂ ਲੈ ਕੇ ਵਿਸ਼ਵ-ਵਿਆਪੀ ਹੋ ਸਕਦਾ ਹੈ।[117] ਇਸ ਕਰਕੇ ਇਹ ਕਹਿ ਸਕਦੇ ਹਾਂ ਕਿ ਸੰਸਥਾ, ਸਿਧਾਂਤ ਤੋਂ ਬਿਨਾਂ ਨਹੀਂ ਚਲ ਸਕਦੀ।

---

111 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਪਹਿਲਾ, ਪੰਨਾ 297.

112 ਗੁਰਮੁਖ ਸਿੰਘ (ਡਾ.), ਸੇਵਾ ਪੰਥੀਆਂ ਦੀ ਪੰਜਾਬੀ ਸਾਹਿਤ ਨੂੰ ਦੇਣ, ਪੰਨਾ 1.

113 ਉਹੀ, ਪੰਨਾ 1.

114 ਨਰਾਇਣ ਸਿੰਘ, ਸਰਬੱਤ ਖ਼ਾਲਸਾ, ਪੰਨਾ 16.

115 ਹਰਿਸਿਮਰਨ ਸਿੰਘ, ਮਹਾਂਪੁਰਸ਼ ਖ਼ਾਲਸਾ ਪੰਥ ਦਾ ਨੀਤੀ ਸ਼ਾਸਤਰ, ਤੀਜੀ ਜਿਲਦ, ਗਿਆਨ ਆਸ਼ਰਮ ਪ੍ਰਕਾਸ਼ਨ, ਸ੍ਰੀ ਆਨੰਦਪੁਰ ਸਾਹਿਬ, 1999, ਪੰਨਾ 186.

116 ਰੂਪ ਸਿੰਘ (ਸੰਪਾ.), ਸਿੱਖ ਸੰਕਲਪ ਸਿਧਾਂਤ ਤੇ ਸੰਸਥਾਵਾਂ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਜਨਵਰੀ 2015, ਪੰਨਾ 21.

117 ਉਹੀ, ਪੰਨਾ 22.

ਪੰਜਾਬੀ ਸ਼ਬਦਾਵਲੀ ਵਿਚ ਸੰਸਥਾ ਅਤੇ ਜਥੇਬੰਦੀ ਨੂੰ ਇਕ ਸਮਾਨ ਰੂਪ ਵਿਚ ਵਰਤ ਲਿਆ ਜਾਂਦਾ ਹੈ। ਜਥੇਬੰਦੀ ਨਿਯਮਾਂ ਦੀ ਪਾਬੰਦ ਹੁੰਦੀ ਹੈ ਜਦੋਂ ਕਿ ਸੰਸਥਾ ਸਿਧਾਂਤ ਦੀਆਂ ਲੋੜਾਂ ਦੀ ਪਾਬੰਦ ਹੁੰਦੀ ਹੈ।[118]

### 2.5.4 ਜਥੇਬੰਦੀ:

ਹਰ ਮਤ ਦੇ ਤਿੰਨ ਅੰਗ ਹੁੰਦੇ ਹਨ: ਅਸੂਲ, ਜਥੇਬੰਦੀ ਅਤੇ ਪ੍ਰਬੰਧ।[119] ਕਿਸੇ ਸਾਂਝੇ ਧਾਰਮਿਕ ਜਾਂ ਭਾਈਚਾਰਕ ਆਦਰਸ਼ 'ਤੇ ਰਲ ਕੇ ਪਹੁੰਚਣ ਦਾ ਨਾਮ ਜਥੇਬੰਦੀ ਹੈ।[120] ਸਾਡੇ ਨਿੱਜੀ ਵਿਚਾਰ ਭਾਵੇਂ ਕੁਝ ਵੀ ਹੋਣ, ਉਨ੍ਹਾਂ ਨੂੰ ਲੋਕ ਰਾਇ ਨਾਲ ਮਿਲਾ ਕੇ ਸਭ ਦੇ ਭਲੇ ਲਈ ਮਿਲ ਕੇ ਕੰਮ ਕਰਨ ਦਾ ਨਾਂ ਜਥੇਬੰਦੀ ਹੈ।[121] ਜਥੇਬੰਦੀ ਕੇਵਲ ਫੌਜੀ ਪਦ ਨਹੀਂ, ਨਾ ਇਸ ਦਾ ਅਰਥ ਅੱਡ-ਅੱਡ ਟੋਲੇ ਬੰਨ੍ਹਣੇ ਹਨ, ਪਰ ਇਸ ਦਾ ਭਾਵ ਇਹ ਹੈ ਕਿ ਕੌਮ ਆਪਣੇ ਅਸੂਲਾਂ ਦੇ ਪ੍ਰਬੰਧ ਵਿਚ ਚਲੇ, ਉਸ ਦਾ ਹਰੇਕ ਮੈਂਬਰ (ਸਹਾਇਕ) ਆਪਣੇ ਧਰਮ ਅਤੇ ਫਰਜ਼ ਪ੍ਰਤੀ ਦ੍ਰਿੜ੍ਹ ਹੋਵੇ।"[122] ਜਥੇਬੰਦੀ ਲਈ ਪਹਿਲੀ ਲੋੜ ਕੁਰਬਾਨੀ ਦੀ ਹੁੰਦੀ ਹੈ ਭਾਵ ਕਿ ਹਰ ਆਦਮੀ ਕੌਮ ਲਈ ਆਪਾ ਵਾਰਨ ਲਈ ਤਿਆਰ ਹੋਵੇ।[123] ਜਥੇਬੰਦੀਆਂ ਦੇ ਕਾਰਨ ਹੀ ਪੰਥ ਦੀ ਰਖਵਾਲੀ, ਦ੍ਰਿੜਤਾ ਅਤੇ ਵਾਧਾ ਹੁੰਦਾ ਹੈ।[124]

ਗੁਰੂ ਗੋਬਿੰਦ ਸਿੰਘ ਜੀ ਵਲੋਂ ਅੰਮ੍ਰਿਤ ਛਕ ਕੇ ਖਾਲਸਾ ਸਜਿਆ ਪੰਜਾਂ ਸਿੰਘਾਂ ਦਾ ਜਥਾ ਗੁਰੂ ਨਾਨਕ ਦੇਵ ਜੀ ਦੇ ਦੱਸੇ ਆਤਮਿਕ ਅਤੇ ਭਾਈਚਾਰਕ ਅਸੂਲਾਂ ਨੂੰ ਖਾਸ ਤੌਰ ਤੇ ਵਰਤੋਂ ਵਿਚ ਲਿਆਉਣ ਲਈ ਬਣਿਆ। ਇਹ ਜਥਾ ਸਾਜਣ ਦਾ ਭਾਵ ਇਹ ਸੀ ਕਿ ਸੰਗਤ ਕਾਇਮ ਰਹੇ ਤੇ ਸਿੱਖੀ ਦਾ ਬਾਗ ਰਹਿੰਦੀ

---

118 ਹਰਿਸਿਮਰਨ ਸਿੰਘ, ਮਹਾਂਪੁਰਸ਼ ਖ਼ਾਲਸਾ ਪੰਥ ਦਾ ਨੀਤੀ ਸ਼ਾਸਤਰ, ਸਾਹਿਬ, 1999,ਪੰਨਾ 187.

119 ਵੀਰ ਸਿੰਘ (ਭਾਈ), ਅਮਰ ਲੇਖ, ਭਾਗ ਪਹਿਲਾ, ਭਾਈ ਵੀਰ ਸਿੰਘ ਸਾਹਿਤ ਸਦਨ, ਭਾਈ ਵੀਰ ਸਿੰਘ ਮਾਰਗ, ਨਵੀਂ ਦਿੱਲੀ, ਛੇਵੀਂ ਵਾਰ, ਜੁਲਾਈ 2011, ਪੰਨਾ 67.

120 ਗੁਰਦਿਤ ਸਿੰਘ (ਗਿਆਨੀ)(ਸੰਪਾ.), ਸਿੱਖ ਜਥੇਬੰਦੀ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਅਕਤੂਬਰ 2012, ਪੰਨਾ ੫੮.

121 ਪ੍ਰਤਾਪ ਸਿੰਘ (ਗਿਆਨੀ), ਗੁਰਮਤਿ ਫ਼ਿਲਾਸਫ਼ੀ, ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੰਪਨੀ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, ਤੀਜੀ ਵਾਰ, ਸਤੰਬਰ 1963, ਪੰਨਾ 270.

122 ਗੁਰਦਿਤ ਸਿੰਘ (ਗਿਆਨੀ)(ਸੰਪਾ.), ਸਿੱਖ ਜਥੇਬੰਦੀ, ਪੰਨਾ ੪੦.

123 ਉਹੀ, ਪੰਨਾ ੪੫.

124 ਰਾਮਨਰੈਣ ਸਿੰਘ ਸੋਢੀ (ਟਿੱਕਾ ਸਾਹਿਬ), ਸਿੱਖ ਧਰਮ ਖਾਲਸਾ ਪੰਥ ਦੀ ਬਿਵਸਥਾ ਅਰਥਾਤ ਖਾਲਸਾ ਧਰਮ ਸ਼ਾਸਤ੍ਰ ਦੀ ਪੂਰਬ ਮਿਮਾਂਸਾ, 1914, ਪੰਨਾ ੨੫੩.

ਦੁਨੀਆ ਤੱਕ ਵਧਦਾ-ਫੁਲਦਾ ਰਹੇ।[125] ਇਸੇ ਤਰ੍ਹਾਂ ਇਕ ਵਿਸ਼ੇਸ਼ ਜ਼ਾਬਤੇ ਵਾਲਾ ਜਥੇਬੰਦਕ ਢਾਂਚਾ ਖਾਲਸੇ ਦੇ ਰੂਪ ਵਿਚ ਸਾਜਿਆ ਗਿਆ।[126]

ਸਿੱਖ ਪੰਥ ਨੂੰ ਐਸੇ ਫਿਰਕੇ ਦੇ ਤੌਰ 'ਤੇ ਜਥੇਬੰਦ ਨਹੀਂ ਕੀਤਾ ਗਿਆ ਜੋ ਸਿਰਫ਼ ਧਰਮ ਦੇ ਪਰੰਪਰਾਈ ਭਾਰਤੀ ਤੌਰ ਤਰੀਕੇ ਅਨੁਸਾਰ ਚਲਦਾ ਰਹੇ, ਬਲਕਿ ਸਿੱਖ ਪੰਥ ਨੂੰ ਜਾਤਾਂ ਵਿਚ ਵੰਡੇ ਸਮਾਜ ਨੂੰ ਬਦਲਣ, ਧਾਰਮਿਕ ਤੇ ਸਿਆਸੀ ਜਬਰ ਦਾ ਮੁਕਾਬਲਾ ਕਰਨ ਅਤੇ ਆਮ ਜਨਤਾ ਦੇ ਹੱਥ ਸਿਆਸੀ ਤਾਕਤ ਹਾਸਿਲ ਕਰਨ ਦਾ ਵਸੀਲਾ ਬਣਾਇਆ ਗਿਆ, ਪੰਥ ਦੀ ਜਥੇਬੰਦੀ ਤੇ ਇਸ ਦੇ ਸਮਾਜਿਕ ਅਤੇ ਸਿਆਸੀ ਨਿਸ਼ਾਨੇ ਇਕੋ ਸਿਧਾਂਤ ਦੇ ਅੰਗ ਹਨ।[127] ਡਾ. ਜਸਪਾਲ ਸਿੰਘ ਅਨੁਸਾਰ, "ਵਿਸ਼ੇਸ਼ ਰਾਜਨੀਤਿਕ ਉਦੇਸ਼ ਦੀ ਪ੍ਰਾਪਤੀ ਦੇ ਸੰਘਰਸ਼ ਲਈ ਰਾਜਸੀ ਤੌਰ ਤੇ ਪੂਰੀ ਤਰ੍ਹਾਂ ਜਾਗਰੂਕ ਜਥੇਬੰਦਕ ਸ਼ਕਤੀ ਦੀ ਲੋੜ ਸੀ। ਗੁਰੂ ਸਾਹਿਬਾਨ ਨੇ ਆਪਣੇ ਪੈਰੋਕਾਰਾਂ ਨੂੰ ਜਿੱਥੇ ਵਿਚਾਰਧਾਰਕ ਵਿਲੱਖਣਤਾ ਪ੍ਰਦਾਨ ਕੀਤੀ ਉੱਥੇ ਉਨ੍ਹਾਂ ਦੀ ਵੱਖਰੀ ਜਥੇਬੰਦਕ ਹੋਂਦ ਕਾਇਮ ਕਰਨ ਦਾ ਉਪਰਾਲਾ ਵੀ ਕੀਤਾ ਹੈ। ਗੁਰੂ ਸਾਹਿਬਾਨ ਨੇ ਸ਼ੁਰੂ ਤੋਂ ਹੀ ਸਿੱਖਾਂ ਨੂੰ ਇਕ ਜਥੇਬੰਦਕ ਇਕਾਈ ਦੇ ਰੂਪ ਵਿਚ ਸੰਗਠਿਤ ਕਰਨ ਦੀ ਨਿਸ਼ਚਿਤ ਯੋਜਨਾ ਬਣਾਈ ਸੀ।"[128]

ਡਾ. ਤਾਰਨ ਸਿੰਘ ਅਨੁਸਾਰ, "ਸਾਂਝੀ ਮੰਜ਼ਿਲ, ਇਰਾਦਾ ਅਤੇ ਰਸਤਾ ਇਕ ਵੀ ਹੋਵੇ ਅਤੇ ਜੇਕਰ ਜਥੇਬੰਦੀ ਨਾ ਹੋਵੇ ਤਾਂ ਮੰਜ਼ਿਲ ਤੱਕ ਪਹੁੰਚਣਾ ਬਹੁਤ ਔਖਾ ਹੋ ਜਾਂਦਾ ਹੈ।"[129] ਭਾਈ ਜੋਧ ਸਿੰਘ ਅਨੁਸਾਰ ਇਕ ਰੂਪ ਹੋਣਾ ਜਥੇਬੰਦੀ ਵਿਚ ਵੀ ਸਹਾਇਤਾ ਕਰਦਾ ਹੈ, ਇਸੇ ਲਈ ਪੁਲਿਸ, ਫੌਜ ਆਦਿ ਦੀ ਵਰਦੀ ਇਕੋ ਜਿਹੀ ਹੁੰਦੀ ਹੈ।[130] ਡਾ. ਸੁਖਦਿਆਲ ਸਿੰਘ ਨੇ ਦਲ ਖਾਲਸਾ ਨੂੰ 'ਜਥੇਬੰਦੀ' ਦੇ ਨਾਂ ਨਾਲ ਹੀ ਸੰਬੋਧਨ ਕੀਤਾ ਹੈ।[131] ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਹੈੱਡਗ੍ਰੰਥੀ ਬਾਬਾ ਮੱਘਰ ਸਿੰਘ ਅਤੇ ਸ੍ਰੀ ਮਿਸਲ ਸ਼ਹੀਦਾਂ ਤਰਨਾ

---

[125] ਜੋਧ ਸਿੰਘ (ਭਾਈ), ਗੁਰਮਤਿ ਨਿਰਣਯ, ਭਾਸ਼ਾ ਵਿਭਾਗ, ਪੰਜਾਬ, ਦੂਜੀ ਵਾਰ, 1990, ਪੰਨਾ 265.

[126] ਸੁਖਦਿਆਲ ਸਿੰਘ (ਡਾ.), ਪੰਜਾਬ ਦਾ ਇਤਿਹਾਸ ਗੁਰੂ ਕਾਲ 1469-1708, ਜਿਲਦ ਪੰਜਵੀਂ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012, ਪੰਨਾ 203.

[127] ਜਗਜੀਤ ਸਿੰਘ, ਸਿੱਖ ਇਨਕਲਾਬ, ਬਾਹਰੀ ਪਬਲੀਕੇਸ਼ਨਜ਼ ਪ੍ਰਾਈਵੇਟ ਲਿਮਿਟਿਡ, ਨਵੀਂ ਦਿੱਲੀ, ਅਪ੍ਰੈਲ 1982, ਪੰਨਾ 115.

[128] ਜਸਪਾਲ ਸਿੰਘ (ਡਾ.), ਰਾਜ ਦਾ ਸਿੱਖ ਸੰਕਲਪ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 2009, ਪੰਨਾ 206.

[129] ਤਾਰਨ ਸਿੰਘ (ਡਾ.), ਭਗਤੀ ਤੇ ਸ਼ਕਤੀ, ਭਾਈ ਫ਼ਕੀਰ ਸਿੰਘ ਐਂਡ ਸਨਜ਼, ਅੰਮ੍ਰਿਤਸਰ, 1962, ਪੰਨਾ 181.

[130] ਜੋਧ ਸਿੰਘ (ਭਾਈ), ਗੁਰਮਤਿ ਨਿਰਣਯ, ਪੰਨਾ 255.

[131] ਸੁਖਦਿਆਲ ਸਿੰਘ (ਡਾ.), ਸਿਰੀ ਅਕਾਲ ਤਖ਼ਤ ਸਾਹਿਬ (1606-1982), ਪੰਨਾ 38.

ਦਲ ਦੇ ਹੈੱਡਗ੍ਰੰਥੀ ਮਹੰਤ ਤ੍ਰਿਲੋਚਨ ਸਿੰਘ ਜੀ ਅਨੁਸਾਰ, "ਨਿਹੰਗ ਸਿੰਘ ਨਾ ਸੰਪਰਦਾਇ ਹੈ, ਨਾ ਜਥੇਬੰਦੀ ਹੈ, ਨਾ ਪਰੰਪਰਾ ਹੈ, ਇਹ ਗੁਰੂ ਕਾ ਪੰਥ ਹੈ।"[132] ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 'ਮੁਖਤਿਆਰੇ ਆਮ' ਬਾਬਾ ਦਿਆਲ ਸਿੰਘ ਜੀ ਨੇ ਵੀ ਨਿਹੰਗ ਸਿੰਘਾਂ ਨੂੰ ਜਥੇਬੰਦੀ ਆਖਿਆ ਹੈ।[133] ਇਸ ਕਾਰਨ ਨਿਹੰਗ ਸਿੰਘਾਂ ਦੇ ਦਲਾਂ ਨੂੰ ਸਮੁੱਚੇ ਤੌਰ 'ਤੇ ਜਥੇਬੰਦੀ ਕਹਿਣਾ ਠੀਕ ਜਾਪਦਾ ਹੈ। ਹੁਣ ਅਸੀਂ ਨਿਹੰਗ ਸਿੰਘ ਜਥੇਬੰਦੀ ਦੇ ਇਤਿਹਾਸ ਬਾਰੇ ਗੁਰੂ ਕਾਲ ਤੋਂ ਲੈ ਕੇ ਮੌਜੂਦਾ ਸਮੇਂ ਤੱਕ ਵਿਚਾਰ ਕਰਾਂਗੇ।

## 2.6 ਨਿਹੰਗ ਸਿੰਘ ਜਥੇਬੰਦੀ ਦਾ ਇਤਿਹਾਸ:

ਇਤਿਹਾਸ ਵਾਪਰੀ ਹੋਈ ਘਟਨਾਵਾਂ ਦਾ ਤੱਥਾਂ ਦੇ ਆਧਾਰ ਉੱਤੇ ਵਿਸ਼ਲੇਸ਼ਣ ਪੇਸ਼ ਕਰਦਾ ਹੈ।[134] ਇਤਿਹਾਸ, ਮੁਰਦਾ ਚੀਜ਼ ਨਹੀਂ, ਬਲਕਿ ਮੁਰਦਿਆਂ ਨੂੰ ਜੀਵਾਉਣ ਤੇ ਜੀਉਂਦਿਆਂ ਨੂੰ ਸਾਵਧਾਨ ਕਰਦਾ ਹੈ। ਇਤਿਹਾਸ ਕੌਮਾਂ ਦਾ ਜੀਵਣ ਹੈ। ਇਤਿਹਾਸ ਨਾਲ ਹੀ ਕੌਮਾਂ ਜੀਉਂਦੀਆਂ ਹਨ ਤੇ ਇਸ ਦੇ ਅਲੋਪ ਹੁੰਦੇ ਸਾਰ ਹੀ ਉਨ੍ਹਾਂ ਨੂੰ ਜੀਉਂਦਾ ਰਖਣ ਵਾਲਾ ਗੌਰਵ, ਸਵੈਮਾਨ ਤੇ ਆਦਰਸ਼ ਗੁਆ ਕੇ ਤੁਰਦੀਆਂ ਫਿਰਦੀਆਂ ਲੋਥਾਂ ਹੀ ਰਹਿ ਜਾਂਦੀਆਂ ਹਨ।[135]

ਨਿਹੰਗ ਸਿੰਘ ਜਥੇਬੰਦੀ ਪੂਰਨ ਰੂਪ ਵਿਚ ਗੁਰੂ ਸਾਹਿਬਾਨ ਦੇ ਸਿਧਾਂਤਾਂ ਉੱਤੇ ਪਹਿਰਾ ਦਿੰਦੀ ਆਈ ਹੈ। 'ਫ਼ਤਿਹ ਨਾਮਾ ਗੁਰੂ ਖ਼ਾਲਸਾ ਜੀ ਕਾ' ਅਨੁਸਾਰ, ਗੁਰੂ ਨਾਨਕ ਦੇਵ ਜੀ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਇਸ ਅਕਾਲੀ ਪੰਥ ਦੀ ਤਿਆਰੀ ਹੋਈ ਜਿਸਨੇ ਤੁਰਕਾਂ ਦਾ ਤੇਜ ਪ੍ਰਤਾਪ ਨਾਸ਼ ਕਰ ਦਿੱਤਾ:

ਪੰਥ ਅਕਾਲ ਸਜਿਓ ਕਲੂ ਕਾਲ ਸੁ ਸਾਲ ਸਭੈ ਜਗ ਦੂਰ ਪਰਾਏ।
ਤੁਰਕਨ ਤੇਜ਼ ਮਿਟਾਵਨ ਕੋ ਨਰ ਰੂਪ ਧਰਿਓ ਹਰਿ ਜੋਤ ਸੁਹਾਏ।

---

132 ਇਹ ਜਾਣਕਾਰੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਹੈਡ ਗ੍ਰੰਥੀ ਬਾਬਾ ਮੱਘਰ ਸਿੰਘ ਅਤੇ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਹੈਡ ਗ੍ਰੰਥੀ ਮਹੰਤ ਤ੍ਰਿਲੋਚਨ ਸਿੰਘ ਜੀ ਪਾਸੋਂ ਬੁੱਢਾ ਦਲ ਦੀ ਛਾਉਣੀ 'ਸ਼ਹੀਦ ਬਾਬਾ ਮਿੱਤ ਸਿੰਘ ਜੀ ਅਤੇ ਛੇ ਹਜ਼ਾਰ ਨਿਹੰਗ ਸਿੰਘਾਂ' ਸ਼ੰਭੂ, ਵਿਖੇ ਮਿਤੀ 19-5-2018 ਨੂੰ ਵੀਡਿਉ ਰਿਕਾਰਡਿੰਗ ਰਾਹੀਂ ਇੰਟਰਵਿਊ ਵਿਚ ਇੱਕਤਰ ਕੀਤੀ ਗਈ।

133 ਇਹ ਜਾਣਕਾਰੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 'ਮੁਖਤਿਆਰੇ ਆਮ' ਬਾਬਾ ਦਿਆਲ ਸਿੰਘ ਜੀ ਪਾਸੋਂ, ਸ੍ਰੀ ਨਿਰਮਲ ਪੰਚਾਇਤੀ ਅਖਾੜਾ ਡੇਰਾ ਧਰਮਧੱਜਾ, ਪਟਿਆਲਾ ਵਿਖੇ ਮਿਤੀ 9 ਮਾਰਚ 2019 ਨੂੰ ਵੀਡਿਉ ਰਿਕਾਰਡਿੰਗ ਰਾਹੀਂ ਇੰਟਰਵਿਊ ਵਿਚ ਇੱਕਤਰ ਕੀਤੀ ਗਈ।

134 ਗੁਰਸ਼ਰਨ ਜੀਤ ਸਿੰਘ (ਡਾ.), ਗੁਰਮਤ ਨਿਰਣਯ ਕੋਸ਼, ਗੁਰਨਿਧੀ ਪ੍ਰਕਾਸ਼ਨ, ਅੰਮ੍ਰਿਤਸਰ, ਚੌਥੀ ਵਾਰ, ਮਈ 2018, ਪੰਨਾ 21.

135 ਗੰਡਾ ਸਿੰਘ, ਸਿਖ ਇਤਿਹਾਸ ਵਲ, ਹਿੰਦ ਪਬਲਿਸ਼ਰਜ਼ ਲਿਮਿਟਿਡ, 34 ਨਿਸਬਤ ਰੋਡ, ਲਾਹੌਰ, 1946, ਪੰਨਾ 17.

ਸ੍ਰੀ ਗੁਰੂ ਨਾਨਕ ਜੀ ਪ੍ਰਗਟੇ ਜਗ ਨਾਮ ਦ੍ਰਿੜਾਏ ਸੁ ਪਾਪ ਮਿਟਾਏ।

ਜੋਤ ਧਰੀ ਗੁਰੂ ਗੋਬਿੰਦ ਸਿੰਘ ਅਕਾਲ ਜਪੈ ਕਲਨਾ ਸੁ ਮਿਟਾਏ।[136]

ਡਾ. ਸ਼ੇਰ ਸਿੰਘ ਅਨੁਸਾਰ, "ਨਾਨਕ ਨਿਰੰਕਾਰੀ ਨੇ ਦਸ ਚੋਲੇ ਬਦਲੇ ਤੇ ਦਸਵੇਂ ਜਾਮੇ ਵਿਚ ਆਪਣੇ ਆਰੰਭ ਕੀਤੇ ਕੰਮ ਨੂੰ ਸੰਪੂਰਨ ਕਰਕੇ ਕੌਮ ਨੂੰ ਪੈਰਾਂ 'ਤੇ ਖੜਾ ਕਰਕੇ, ਜ਼ੁੰਮੇਵਾਰੀ ਦੇ ਸੰਭਾਲਣਯੋਗ ਬਣਾ ਕੇ ਆਪਣੀ ਥਾਂ ਸ੍ਰੀ ਗੁਰੂ ਗ੍ਰੰਥ-ਪੰਥ ਕਾਇਮ ਕਰ ਗਏ।"[137]

### 2.6.1 ਗੁਰੂ ਕਾਲ ਸਮੇਂ ਜਥੇਬੰਦੀ ਦਾ ਮੁੱਢ:

ਡਾ. ਜਸਪਾਲ ਸਿੰਘ ਅਨੁਸਾਰ ਸਿੱਖਾਂ ਦੀ ਵੱਖਰੀ ਰਾਜਨੀਤਿਕ ਜਥੇਬੰਦਕ ਇਕਾਈ ਦੀ ਸਿਰਜਨਾ ਦਾ ਕਾਰਜ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਆਰੰਭ ਹੋ ਗਿਆ ਸੀ।[138] ਗੁਰੂ ਨਾਨਕ ਦੇਵ ਜੀ ਨੇ ਆਪਣੇ ਵੇਲੇ ਦੇ ਹਾਕਮਾਂ ਦੁਆਰਾ ਕੀਤੇ ਜਾਂਦੇ ਜ਼ੁਲਮ, ਅਨਿਆਂ ਅਤੇ ਹਕੂਮਤ ਦੇ ਅੰਨ੍ਹੇ ਨਸ਼ੇ ਨੂੰ '*ਰਾਜੇ ਸੀਹ ਮੁਕਦਮ ਕੁਤੇ*' ਆਖ ਕੇ ਭੰਡਿਆ। ਗੁਰੂ ਨਾਨਕ ਦੇਵ ਜੀ ਨੇ ਚਾਰ ਉਦਾਸੀਆਂ ਕਰਕੇ ਸੱਚ ਦਾ ਹੋਕਾ ਦਿੱਤਾ। ਗੁਰੂ ਸਾਹਿਬ ਦੀਆਂ ਉਦਾਸੀਆਂ ਪ੍ਰਤੀ ਵਿਸ਼ਵਨਾਥ ਤਿਵਾੜੀ ਲਿਖਦੇ ਹਨ ਕਿ ਇਹ ਯਾਤਰਾਵਾਂ ਸੈਰ ਨਹੀਂ ਸਨ ਕਿਉਂਕਿ ਉਨ੍ਹਾਂ ਦਿਨਾਂ ਵਿਚ ਸਫ਼ਰ ਕਰਨਾ ਅੱਜ ਵਾਂਗ ਸੌਖਾ ਅਤੇ ਖ਼ਤਰੇ ਤੋਂ ਖਾਲੀ ਨਹੀਂ ਸੀ।[139] ਗੁਰੂ ਜੀ ਨੇ ਭਾਈ ਲਾਲੋ ਦੇ ਘਰ ਨੂੰ ਪਹਿਲੀ ਧਰਮਸਾਲ ਬਣਾਇਆ।[140]

ਗੁਰੂ ਨਾਨਕ ਦੇਵ ਜੀ ਨੇ ਮੀਰੀ-ਪੀਰੀ ਦੇ ਸਿਧਾਂਤ ਦਾ ਮੁੱਢ ਬੰਨਦਿਆਂ ਜਿੱਥੇ ਇਕ ਪਾਸੇ ਪੀਰੀ ਦੇ ਪੜਦੇ ਪਿੱਛੇ ਛੁਪੇ ਪਾਖੰਡ ਨੂੰ ਬੇਨਕਾਬ ਕੀਤਾ, ਉੱਥੇ ਦੂਜੇ ਪਾਸੇ ਪੂਰੀ ਸ਼ਕਤੀ ਨਾਲ ਮੀਰੀ ਦੇ ਅਨਿਆਈ ਅਤੇ ਹਿੰਸਕ ਵਤੀਰੇ ਦਾ ਕਾਰਗਰ ਵਿਰੋਧ ਕੀਤਾ।[141] ਗੁਰੂ ਜੀ ਇਕ ਐਸੇ ਜੀਉਂਦੇ ਅਤੇ ਜੰਗਜੂ ਸਮਾਜ ਦੀ

---

136 ਗਣੇਸ਼ ਦਾਸ, ਫ਼ਤਿਹਨਾਮਾ ਗੁਰੂ ਖਾਲਸਾ ਜੀ ਕਾ, ਸੀਤਾ ਰਾਮ ਕੋਹਲੀ (ਸੰਪਾ.), ਮਹਿਕਮਾ ਪੰਜਾਬੀ, ਪਟਿਆਲਾ, 1952, ਪੰਨਾ 74.

137 ਸ਼ੇਰ ਸਿੰਘ (ਡਾ.), ਗੁਰਮਤਿ ਦਰਸ਼ਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਸੱਤਵੀਂ ਵਾਰ, 1998, ਪੰਨਾ 72.

138 ਜਸਪਾਲ ਸਿੰਘ (ਡਾ.), ਰਾਜ ਦਾ ਸਿੱਖ ਸੰਕਲਪ, ਪੰਨਾ 206.

139 ਵਿਸ਼ਵਨਾਥ ਤਿਵਾੜੀ, ਨਾ ਕੋ ਹਿੰਦੂ ਨਾ ਮੁਸਲਮਾਨ, ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ, ਚੰਡੀਗੜ੍ਹ, ਨਵੰਬਰ 1971, ਪੰਨਾ ੨੪.

140 S.J.S. 'Pall', The Masters & The Word Divine, B. Chattar Singh Jiwan Singh, Amritsar, Aug 1999, p.30.

141 ਜਸਪਾਲ ਸਿੰਘ (ਡਾ.), ਸਿੱਖ ਵਿਰਾਸਤ ਸਿਧਾਂਤ ਤੇ ਵਿਹਾਰ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 2010, ਪੰਨਾ 97.

ਸਥਾਪਨਾ ਕਰਨਾ ਚਾਹੁੰਦੇ ਸਨ ਜਿਹੜਾ ਦ੍ਰਿੜਤਾ ਨਾਲ ਸੱਚ ਦੀ ਰਾਖੀ ਕਰ ਸਕੇ ਅਤੇ ਸੱਚ 'ਤੇ ਚਲਦਿਆਂ ਆਪਣੇ ਪ੍ਰਾਣ ਨਿਛਾਵਰ ਕਰਨ ਲਈ ਤਿਆਰ ਰਹੇ।[142]

ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥

ਇਤੁ ਮਾਰਗਿ ਪੈਰੁ ਧਰੀਜੈ॥ ਸਿਰ ਦੀਜੈ ਕਾਣਿ ਨਾ ਕੀਜੈ॥[143]

ਬਾਬਰ ਦੇ ਹਮਲੇ ਵੇਲੇ ਏਮਨਾਬਾਦ ਦੀ ਹੋਈ ਲੁੱਟ ਨੂੰ ਗੁਰੂ ਜੀ ਨੇ ਆਪਣੀ ਅੱਖੀਂ ਡਿੱਠਾ ਸੀ। ਗੁਰੂ ਜੀ ਨੇ ਨਿਧੜਕ ਹੋ ਕੇ ਬਾਬਰ ਨੂੰ ਜਾਬਰ ਆਖਿਆ ਸੀ। ਗੁਰੂ ਜੀ ਨੇ ਇਹ ਅਨੁਭਵ ਕਰ ਲਿਆ ਸੀ ਲੋਕਾਂ ਦੀ ਮਾਨਸਿਕ ਗ਼ੁਲਾਮੀ ਨੂੰ ਹਟਾਉਣ ਦੀ ਲੋੜ ਹੈ ਅਤੇ ਇਹ ਕਾਰਜ ਲੰਮਾ ਸਮਾਂ ਮੰਗਦਾ ਹੈ।[144] ਆਪਣੇ ਮਿਸ਼ਨ ਨੂੰ ਜਥੇਬੰਦੀ ਦੀ ਸ਼ਕਲ ਦੇਣ ਲਈ ਗੁਰੂ ਨਾਨਕ ਸਾਹਿਬ ਨੇ ਸਭ ਤੋਂ ਵੱਡਾ ਕਦਮ ਇਹ ਚੁਕਿਆ ਕਿ ਆਪਣੀ ਥਾਂ 'ਤੇ ਗੁਰੂ ਨੀਯਤ ਕਰਨ ਲਈ ਉਨ੍ਹਾਂ ਨੇ ਕਰੜੀ ਪ੍ਰੀਖਿਆ ਲੈ ਕੇ ਯੋਗ ਅਧਿਕਾਰੀ ਚੁਣਿਆ।[145] ਗੁਰੂ ਨਾਨਕ ਦੇਵ ਜੀ ਨੇ ਆਪਣੀ ਜੋਤ ਭਾਈ ਲਹਿਣੇ ਵਿਚ ਟਿਕਾ ਕੇ, ਆਪਣਾ ਅੰਗ ਬਣਾ ਕੇ 'ਅੰਗਦ' ਬਣਾ ਦਿੱਤਾ।

ਗੁਰੂ ਅੰਗਦ ਦੇਵ ਜੀ ਨੇ ਅਨੁਭਵ ਕੀਤਾ ਕਿ ਗੁਰੂ ਨਾਨਕ ਮਿਸ਼ਨ ਦਾ ਕੋਈ ਵੱਖਰਾ ਸੁਭਾਵ ਹੋਣਾ ਚਾਹੀਦਾ ਹੈ।[146] ਗੁਰੂ ਨਾਨਕ ਦੇਵ ਜੀ ਦੁਆਰਾ ਚਲਾਏ ਲੰਗਰ ਦੇ ਕਾਰਜ ਨੂੰ ਜਾਰੀ ਰਖਦਿਆਂ ਹੋਇਆਂ ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਲਿਪੀ ਦਾ ਪ੍ਰਚਲਨ ਕੀਤਾ।[147] ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੀਆਂ ਸਾਖੀਆਂ ਦੇ ਸੰਗ੍ਰਹਿ ਨੂੰ ਇਕੱਠਾ ਕੀਤਾ। ਭਾਈ ਬਾਲਾ ਜੀ ਨੇ ਜੋ ਕੁਝ ਗੁਰੂ ਸਾਹਿਬ ਦੀਆਂ ਯਾਤਰਾਵਾਂ

---

142 ਉਹੀ, ਪੰਨਾ 99.

143 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1410.

144 ਨਰੈਣ ਸਿੰਘ, ਸਿੱਖ ਧਰਮ ਦੀਆਂ ਬੁਨਿਆਦਾਂ, (ਪ੍ਰਕਾ.) ਡਾ. ਇੰਦਰਜੀਤ ਕੌਰ, ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ, ਅੰਮ੍ਰਿਤਸਰ, 2011, ਪੰਨਾ 375.

145 ਜਗਜੀਤ ਸਿੰਘ, ਸਿੱਖ ਇਨਕਲਾਬ, ਪੰਨੇ 122-23.

146 ਗੋਕਲ ਚੰਦ ਨਾਰੰਗ, ਸਿੱਖ ਮਤ ਦਾ ਪਰਿਵਰਤਨ, ਗੁਰਚਰਨ ਸਿੰਘ (ਅਨੁ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, ਨਵੰਬਰ 1973, ਪੰਨਾ 16.

147 ਉਹੀ, ਪੰਨੇ 16-18.

ਦਾ ਬਿਆਨ ਕੀਤਾ, ਉਹ ਗੁਰੂ ਅੰਗਦ ਦੇਵ ਜੀ ਨੇ ਲਿਪੀਬੱਧ ਕੀਤਾ।[148] ਬਾਦਸ਼ਾਹ ਹੁਮਾਯੂੰ ਵਲੋਂ ਗੁਰੂ ਸਾਹਿਬ ਦੇ ਉੱਪਰ ਤਲਵਾਰ ਦਾ ਵਾਰ ਕਰਨ ਵੇਲੇ ਗੁਰੂ ਜੀ ਨੇ ਨਿਧੜਕ ਹੋ ਕੇ ਬਾਦਸ਼ਾਹ ਨੂੰ ਆਖਿਆ:

ਤਬ ਹਾਥ ਤਲਵਾਰ ਮੂਠ ਪਰ ਰਾਖਾ। ਬਝ ਗਯੋ ਹਾਥ ਤਬ ਦੇਖਾ ਪ੍ਰਭ ਭਾਖਾ।

ਸੇਰਸਾਹ ਸੋ ਕਛੁ ਨਹੀ ਕੀਨਾ। ਈਹਾ ਤਲਵਾਰ ਮੂਠ ਗਹਿ ਲੀਨਾ।[149]

ਗੁਰੂ ਅੰਗਦ ਦੇਵ ਜੀ ਦੇ ਸਮੇਂ, ਮੁਗਲਾਂ ਦੀ ਚਾਕਰੀ ਕਰਦੇ ਇਕ ਮੱਸੂ ਸ਼ਾਹੀ ਨਾਮ ਦੇ ਸਿੱਖ ਨੂੰ ਗੁਰੂ ਸਾਹਿਬ ਨੇ ਉਪਦੇਸ਼ ਦਿੰਦੇ ਹੋਏ ਕਿਹਾ:

ਜੇਕਰ ਜੁੱਧ ਆਨ ਕਿਤ ਪਰੇ॥ ਅਲਪ ਕਿ ਥੋਰੇ ਨਹੀਂ ਬਿਚਰੇ॥

ਪੀਠ ਨ ਦੇਹ ਸਮੁਖ ਰਿਪੁ ਰਹੈ॥ ਨਿਰਭੈ ਸ਼ਸਤ੍ਰ ਬਹੈ ਜਸੁ ਲਹੈ॥

ਜੇ ਰਣ ਮਹਿੰ ਸਨਮੁਖ ਮ੍ਰਿਤ ਪਾਵੈ॥ ਸ੍ਵਰਗ ਨਿਸੰਸੇ ਸੂਰ ਸਿਧਾਵੈ॥[150]

ਗੁਰੂ ਅੰਗਦ ਦੇਵ ਜੀ ਨੇ ਸਿੱਖਾਂ ਨੂੰ ਸਰੀਰਕ ਪੱਖੋਂ ਤੰਦਰੁਸਤ ਰਖਣ ਲਈ ਮੱਲ ਅਖਾੜਿਆਂ ਦੀ ਸ਼ੁਰੂਆਤ ਕਰਵਾਈ। ਇਸ ਪਿੱਛੇ ਗੁਰੂ ਸਾਹਿਬ ਦਾ ਉਦੇਸ਼ ਪ੍ਰਮਾਤਮਾ ਵਲੋਂ ਦਿੱਤੇ ਦੁਰਲੱਭ ਸਰੀਰ ਦੀ ਸੰਭਾਲ ਕਰਨੀ ਸੀ ਤਾਂ ਕਿ ਤੰਦਰੁਸਤ ਤਨ ਵਿਚ ਨਰੋਆ ਮਨ ਵਾਸ ਕਰ ਸਕੇ।

ਸ੍ਰੀ ਗੁਰੂ ਅਮਰਦਾਸ ਜੀ ਨੇ ਇਹ ਰੀਤ ਚਲਾਈ ਸੀ ਕਿ ਸਾਰੇ ਸਿੱਖ ਵੈਸਾਖੀ ਵਾਲੇ ਦਿਨ ਗੁਰੂ ਘਰ ਵਿਖੇ ਇਕੱਠਾ ਹੋ ਕੇ ਗੁਰਪੁਰਬ ਮਨਾਉਣ। ਗੁਰੂ ਸਾਹਿਬ ਵਲੋਂ ਥਾਪੇ ਬਾਈ ਮੰਜੀਆਂ ਦੇ ਮਸੰਦ ਦੂਰੋਂ-ਦੂਰੋਂ ਆਪਣੇ ਇਲਾਕੇ ਦਾ ਦਸਵੰਧ ਅਤੇ ਨਵੇਂ ਸ਼ਰਧਾਲੂਆਂ ਨੂੰ ਲੈ ਕੇ ਪਹੁੰਚਦੇ।[151] ਇਨ੍ਹਾਂ ਬਾਈ ਮੰਜੀਆਂ ਉੱਤੇ ਪ੍ਰਚਾਰ ਕਰਨ ਵਾਲੇ ਇਹ ਗੁਰਸਿੱਖ ਸਨ: ਸਾਵਣ ਮੱਲ, ਗੰਗੂਸ਼ਾਹ, ਸੁੱਖਣ, ਅੱਲ੍ਹਾਯਾਰ, ਸਾਧਾਰਣ, ਕੇਦਾਰੀ, ਮਾਈਦਾਸ, ਪੰਡਿਤ ਬੇਣੀ, ਮਹੇਸ਼ਾ, ਮਾਣਕ ਚੰਦ, ਦਰਬਾਰੀ, ਰੰਗਸ਼ਾਹ, ਰੰਗਦਾਸ, ਲਾਲੂ, ਪਾਰੋ ਜੁਲਕਾ,

---

148 ਉਹੀ, ਪੰਨਾ 17.

149 ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼, ਭਾਗ ਦੂਜਾ, (ਖੰਡ-1), ਭਾਸ਼ਾ ਵਿਭਾਗ, ਪੰਜਾਬ, ਤੀਜੀ ਵਾਰ, 1999, ਪੰਨਾ 92.

150 ਪ੍ਰੇਮ ਸਿੰਘ (ਕਵੀ) (ਸੰਪਾ.), ਸ੍ਰੀ ਗੁਰ ਪੁਰ ਪ੍ਰਕਾਸ਼, ਭਾਗ ਪਹਿਲਾ, (ਪ੍ਰਕਾ.) ਲੇਖਕ ਆਪ, ਅੰਮ੍ਰਿਤਸਰ, ਮਿਤੀਹੀਨ, ਪੰਨਾ ੩੫੨.

151 ਤ੍ਰਿਲੋਚਨ ਸਿੰਘ (ਡਾ.), ਸੰਖੇਪ ਜੀਵਨ ਗੁਰੂ ਗੋਬਿੰਦ ਸਿੰਘ, ਗੁਰਦੁਆਰਾ ਪ੍ਰਬੰਧਕ ਕਮੇਟੀ, ਸੀਸ ਗੰਜ, ਚਾਂਦਨੀ ਚੌਂਕ, ਦਿੱਲੀ, 1968, ਪੰਨਾ 34.

ਰਾਜਾਰਾਮ, ਬੂਆ, ਹੰਦਾਲ, ਮੁਰਾਰੀ, ਸੱਚਨ ਸੱਚ, ਖੇਡਾ, ਫ਼ੇਰਾ।[152] ਬਾਦਸ਼ਾਹ ਅਕਬਰ ਗੁਰੂ ਅਮਰਦਾਸ ਜੀ ਦੀ ਵਲੋਂ ਚਲਾਏ ਸਾਂਝੇ ਲੰਗਰ ਨੂੰ ਦੇਖ ਕੇ ਪ੍ਰਸੰਨ ਹੋਇਆ ਅਤੇ ਗੁਰੂ ਸਾਹਿਬ ਦਾ ਸ਼ਰਧਾਲੂ ਬਣ ਗਿਆ। ਉਸਨੇ ਬਾਰ੍ਹਾਂ ਪਿੰਡਾਂ ਦਾ ਪਟਾ ਬੀਬੀ ਭਾਨੀ ਜੀ ਦੇ ਨਾਂ ਲਗਵਾ ਦਿੱਤਾ।[153] ਗੁਰੂ ਅਮਰਦਾਸ ਜੀ ਨੇ ਸਤੀ ਪ੍ਰਥਾ ਅਤੇ ਪਰਦਾ ਪ੍ਰਥਾ ਵਰਗੀਆਂ ਕੁਰੀਤੀਆਂ ਦਾ ਵਿਰੋਧ ਕੀਤਾ ਅਤੇ ਸਮਾਜ ਵਿਚੋਂ ਇਹ ਭੈੜੀ ਕੁਰੀਤੀਆਂ ਬੰਦ ਕਰਵਾਈਆਂ।

ਗੁਰੂ ਰਾਮਦਾਸ ਜੀ ਨੇ ਗੁਰੂ ਕਾ ਚੱਕ ਵਸਾਇਆ ਜਿਸ ਨਾਲ ਥਾਂ-ਥਾਂ ਲੰਗਰ ਲੱਗਣੇ ਸ਼ੁਰੂ ਹੋ ਗਏ। ਪੰਡਿਤ ਅਤੇ ਗੁਣਵਾਨ ਲੋਕ ਗੁਰੂ ਜੀ ਕੋਲ ਆਉਣ ਲੱਗੇ।[154] ਅੰਮ੍ਰਿਤਸਰ (ਰਾਮਦਾਸਪੁਰ) ਦਾ ਇਹ ਵਪਾਰਕ ਮਹੱਤਵ ਗੁਰੂ ਘਰ ਦੇ ਲੰਗਰਾਂ ਲਈ ਭਾਰੀ ਆਮਦਨ ਦਾ ਵਸੀਲਾ ਬਣਿਆ ਅਤੇ ਇਹ ਅਸਥਾਨ ਪਵਿੱਤਰਤਾ ਕਾਰਨ ਸਿੱਖਾਂ ਦਾ ਮੱਕਾ ਬਣ ਗਿਆ।[155]

ਗੁਰੂ ਅਰਜਨ ਦੇਵ ਜੀ ਨੇ ਆਪਣੇ ਅਨੁਯਾਈਆਂ ਵਿਚ ਸਾਹਸੀ ਕਰਮ ਕਰਨ ਅਤੇ ਵਪਾਰ ਕਰਨ (ਘੋੜਿਆਂ ਦੇ ਵਪਾਰ) ਦੀ ਭਾਵਨਾ ਨੂੰ ਉਤਸ਼ਾਹਿਤ ਕੀਤਾ।[156] ਇਸ ਵਪਾਰ ਦੀ ਭਾਵਨਾ ਨੇ ਸਿੱਖਾਂ ਵਿਚ ਘੋੜ ਸਵਾਰੀ ਦੀ ਰੁਚੀ ਪੈਦਾ ਕੀਤੀ ਅਤੇ ਖਾਲਸੇ ਦੀਆਂ ਭਵਿੱਖਤ ਸੈਨਾਵਾਂ ਦਾ ਰਾਹ ਖੋਲ੍ਹਿਆ।[157] ਗੁਰੂ ਅਰਜਨ ਦੇਵ ਜੀ ਨੇ ਗੁਰੂ ਰਾਮਦਾਸ ਜੀ ਦੁਆਰਾ ਬਣਾਏ ਸਰੋਵਰ ਦੇ ਵਿਚਕਾਰ ਹਰਿਮੰਦਰ ਸਾਹਿਬ ਦੀ ਉਸਾਰੀ ਕਰਵਾਈ। ਜਿਸ ਨਾਲ ਸਿੱਖਾਂ ਨੂੰ ਆਪਣਾ ਕੇਂਦਰੀ ਅਸਥਾਨ ਮਿਲ ਗਿਆ। ਗੁਰੂ ਅਰਜਨ ਦੇਵ ਜੀ ਨੇ ਆਪਣੇ ਜੀਵਨ ਕਾਲ ਵਿਚ ਸਭ ਤੋਂ ਮਹੱਤਵਪੂਰਨ ਕਾਰਜ ਇਹ ਕੀਤਾ ਕਿ ਗੁਰਬਾਣੀ ਵਿਚ ਪ੍ਰਿਥੀ ਚੰਦ ਦੇ ਪੁੱਤਰ ਮਿਹਰਵਾਨ ਦੁਆਰਾ ਹੋ ਰਹੀ ਮਿਲਾਵਟ ਨੂੰ ਰੋਕਣ ਲਈ, ਗੁਰੂ ਸਾਹਿਬਾਨ ਦੀ ਸਾਰੀ ਬਾਣੀ ਨੂੰ (ਆਪਣੀ ਬਾਣੀ ਸਮੇਤ) ਇਕ ਥਾਂ 'ਤੇ ਇਕੱਤਰ ਕਰਕੇ ਆਦਿ ਗ੍ਰੰਥ ਸਾਹਿਬ ਦੀ ਰਚਨਾ ਕੀਤੀ:

---

152 ਪਿਆਰਾ ਸਿੰਘ ਪਦਮ, ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1979, ਪੰਨਾ 12.

153 ਉਹੀ, ਪੰਨਾ 12.

154 ਸੁਰਿੰਦਰ ਸਿੰਘ ਕੋਹਲੀ (ਡਾ.)(ਸੰਪਾ.), ਬਾਵਾ ਬੁੱਧ ਸਿੰਘ ਰਚਨਾਵਲੀ (ਆਲੋਚਨਾ), ਜਿਲਦ ਪਹਿਲੀ, ਭਾਸ਼ਾ ਵਿਭਾਗ, ਪੰਜਾਬ, 1982, ਪੰਨਾ 119.

155 ਗੋਕਲ ਚੰਦ ਨਾਰੰਗ, ਸਿੱਖ ਮਤ ਦਾ ਪਰਿਵਰਤਨ, ਗੁਰਚਰਨ ਸਿੰਘ (ਅਨੁ.), ਪੰਨਾ 25.

156 ਉਹੀ, ਪੰਨਾ 34.

157 ਉਹੀ, ਪੰਨਾ 35.

ਬਚਨ ਕੀਤਾ ਭਾਈ ਗੁਰਦਾਸ ਗੁਰੂ ਦੀ ਬਾਣੀ ਜੁਦਾ ਕਰੀਏ।

ਮੀਣੇ ਪਾਂਦੇ ਨੀ ਰਲਾ ਸੋ ਵਿਚਿ ਰਲਾ ਨਾ ਧਰੀਏ।[158]

1599 ਈ. ਵਿਚ ਵਿਚ ਆਦਿ ਗ੍ਰੰਥ ਦੀ ਸੰਪਾਦਨਾ ਦਾ ਕਾਰਜ ਆਰੰਭ ਹੋਇਆ ਅਤੇ 1604 ਈ. ਵਿਚ ਇਹ ਮਹਾਨ ਕਾਰਜ ਸੰਪੂਰਨ ਹੋਇਆ।[159] ਆਦਿ ਗ੍ਰੰਥ ਸਾਹਿਬ ਦੀ ਬੀੜ ਸੰਪੂਰਨ ਹੋਣ ਨਾਲ ਮਿਥਿਹਾਸ ਤੋਂ ਨਾਤਾ ਪੱਕੀ ਤਰ੍ਹਾਂ ਟੁੱਟ ਗਿਆ।[160] ਇਸ ਪ੍ਰਕਾਰ ਗੁਰੂ ਜੀ ਨੇ ਸਾਰੀ ਬਾਣੀ ਇਕੱਤਰ ਕਰਕੇ ਸਿੱਖਾਂ ਨੂੰ ਕੇਂਦਰੀ ਧਰਮ ਗ੍ਰੰਥ ਵੀ ਪ੍ਰਦਾਨ ਕਰ ਦਿੱਤਾ:

ਬਾਣੀ ਸਭ ਇਕਤ੍ਰ ਕਰੀ ਕੀਨਾ ਸੁਭ ਸ੍ਰੀ ਗ੍ਰਿੰਥ।

ਜਾਕੋ ਪਠਿ ਜਗ ਫ਼ਾਸ ਤੇ ਮੁਕਤਿ ਹੋਇ ਸਭ ਪੰਥ।[161]

ਗੁਰੂ ਅਰਜਨ ਦੇਵ ਜੀ ਨੇ ਚੂਹੜ ਨਾਂ ਦੇ ਸਿੱਖ ਨੂੰ ਧਰਮ ਯੁੱਧ ਕਰਨ ਦਾ ਉਪਦੇਸ਼ ਦਿੱਤਾ ਸੀ। ਜਿੱਥੋਂ ਪਤਾ ਲਗਦਾ ਹੈ ਕਿ ਮੀਰੀ-ਪੀਰੀ ਲਈ ਪਹਿਲਾਂ ਤੋਂ ਹੀ ਖੇਤ, ਵਾਹ-ਸੰਵਾਰ ਕੇ ਤਿਆਰ ਕੀਤਾ ਜਾ ਰਿਹਾ ਸੀ ਅਤੇ ਧਰਮ ਯੁੱਧ ਦਾ ਚਾਅ ਲੋਕਾਂ ਦੇ ਦਿਲਾਂ ਵਿਚ ਭਰਿਆ ਜਾ ਰਿਹਾ ਸੀ।[162] ਗੁਰੂ ਅਰਜਨ ਦੇਵ ਜੀ ਦੇ ਸਮੇਂ ਤੱਕ ਸਿੱਖ ਧਰਮ 'ਸੰਗਤਾਂ' ਅਤੇ 'ਮਸੰਦਾਂ' ਦੁਆਰਾ ਇਕ ਵਿਸ਼ਾਲ ਅਤੇ ਕੇਂਦ੍ਰੀਕ੍ਰਿਤ ਸੰਗਠਨ ਬਣ ਗਿਆ ਸੀ। ਇਸ ਸੰਗਠਨ ਦੀ ਸ਼ਕਤੀ ਇਕ ਪ੍ਰਤਿਕਰਮ ਦੇ ਰੂਪ ਵਿਚ ਅਤਿਆਚਾਰ ਦੇ ਵਿਰੁੱਧ ਉੱਠੀ ਅਤੇ ਇਹ ਪ੍ਰਤਿਕਰਮ ਰੱਖਿਆਕਾਰੀ ਸੈਨਿਕਵਾਦ ਦੇ ਰੂਪ ਵਿਚ ਬਦਲਿਆ।[163] ਕਈ ਲੇਖਕਾਂ ਅਨੁਸਾਰ ਸ੍ਰੀ

---

158 ਕੇਸਰ ਸਿੰਘ ਛਿੱਬਰ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਡਾ. ਰਾਏਜਸਬੀਰ ਸਿੰਘ (ਸੰਪਾ.), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ, 2001, ਪੰਨਾ 41.

159 ਸਰਬਜਿੰਦਰ ਸਿੰਘ (ਡਾ.), ਧੁਰ ਕੀ ਬਾਣੀ ਸੰਪਾਦਨ ਜੁਗਤ, ਸਿੱਖ ਫਾਊਂਡੇਸ਼ਨ, ਨਵੀਂ ਦਿੱਲੀ, ਮਿਤੀਹੀਨ, ਪੰਨਾ 8.

160 ਇੰਦੂਭੂਸ਼ਨ ਬੈਨਰਜੀ, ਖਾਲਸੇ ਦੀ ਉਤਪਤੀ, ਜਿਲਦ ਪਹਿਲੀ, ਪ੍ਰੀਤਪਾਲ ਸਿੰਘ (ਅਨੁ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008, ਪੰਨਾ 8.

161 ਕੰਕਣ (ਕਵੀ), ਸੰਛੇਪ ਦਸ ਗੁਰ ਕਥਾ, ਡਾ. ਗੁਰਮੁਖ ਸਿੰਘ (ਸੰਪਾ.), ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, 1991, ਪੰਨਾ 36.

162 ਸਰਬਜਿੰਦਰ ਸਿੰਘ (ਡਾ.)(ਸੰਪਾ.), ਨਾਨਕ ਪ੍ਰਕਾਸ਼ ਪੱਤ੍ਰਿਕਾ (ਗੋਲਡਨ ਜੁਬਲੀ ਵਿਸ਼ੇਸ਼ ਅੰਕ), ਅੰਕ ਦੂਜਾ, ਦਸੰਬਰ 2012, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2015, ਪੰਨਾ 291.

163 ਇੰਦੂਭੂਸ਼ਨ ਬੈਨਰਜੀ, ਖਾਲਸੇ ਦੀ ਉਤਪਤੀ, ਜਿਲਦ ਪਹਿਲੀ, ਪ੍ਰੀਤਪਾਲ ਸਿੰਘ (ਅਨੁ.), ਪੰਨਾ 8.

ਗੁਰੂ ਅਰਜਨ ਦੇਵ ਜੀ ਨੇ ਬਾਲਕ (ਗੁਰੂ) ਹਰਿਗੋਬਿੰਦ ਜੀ ਨੂੰ ਆਪਣੇ ਸਮੇਂ ਵਿਚ ਹੀ ਸ਼ਸਤਰਧਾਰੀ ਹੋਣ ਲਈ ਪ੍ਰੇਰਿਤ ਕੀਤਾ ਸੀ।[164] ਇਸ ਕਾਰਜ ਲਈ ਬਾਬਾ ਬੁੱਢਾ ਜੀ ਨੂੰ ਮੁੱਕਰਰ ਕੀਤਾ ਗਿਆ ਸੀ:

ਸ਼ਸਤ੍ਰ ਸ਼ਾਸਤ੍ਰ ਕੀ ਵਿਦਯਾ ਪਾਈ। ਹਰਿ ਗੁਬਿੰਦ ਮਨ ਅਤਿ ਹਰਖਾਈ।

ਸਾਹਬ ਬੁੱਢੇ ਕੇ ਪਗ ਲਾਗੇ। ਗੁਰ ਦੀਖਿਆ ਦੀਨੀਂ ਹਿਤ ਪਾਗੇ।[165]

ਬਾਦਸ਼ਾਹ ਜਹਾਂਗੀਰ, ਗੁਰੂ ਅਰਜਨ ਦੇਵ ਜੀ ਦੁਆਰਾ ਕੀਤੇ ਜਾਂਦੇ ਪ੍ਰਚਾਰ ਤੋਂ ਨਾਖੁਸ਼ ਸੀ। ਸ਼ੇਖ ਅਹਿਮਦ ਸਰਹੰਦੀ, ਦੀਵਾਨ ਚੰਦੂ ਆਦਿ ਲੋਕਾਂ ਨੇ ਗੁਰੂ ਜੀ ਪ੍ਰਤੀ ਜਹਾਂਗੀਰ ਨੂੰ ਭੜਕਾਇਆ। ਸ਼ਾਹੀ ਹੁਕਮ ਨਾਲ ਗੁਰੂ ਜੀ ਨੂੰ ਲਾਹੌਰ ਬੁਲਾਇਆ ਗਿਆ। ਗੁਰੂ ਜੀ, ਬਾਲਕ ਹਰਿਗੋਬਿੰਦ ਜੀ ਨੂੰ ਗੁਰਤਾ ਗੱਦੀ ਦੇ ਕੇ ਲਾਹੌਰ ਚਲ ਪਏ, ਜਿੱਥੇ ਗੁਰੂ ਜੀ ਨੂੰ 'ਯਾਸਾ' ਦੀ ਸਜ਼ਾ ਹੇਠ ਕਈ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਸੰਬੰਧੀ ਸਤਿਬੀਰ ਸਿੰਘ ਨੇ ਲਿਖਿਆ ਹੈ ਕਿ ਸ਼ਹੀਦ ਦੀ ਮੌਤ ਅਜਾਈਂ ਨਹੀਂ ਜਾਂਦੀ। ਇਸ ਸ਼ਹਾਦਤ ਨੇ ਪੰਜਾਬ ਦੀ ਤਾਰੀਖ ਉੱਤੇ ਇਕ ਨਾ ਮਿਟਣ ਵਾਲਾ ਪ੍ਰਭਾਵ ਛੱਡਿਆ।[166] ਸ਼ਹਾਦਤ ਸਮੇਂ ਗੁਰੂ ਅਰਜਨ ਦੇਵ ਜੀ ਨੇ ਬਾਲਕ ਗੁਰੂ ਹਰਿਗੋਬਿੰਦ ਜੀ ਪ੍ਰਤਿ ਇਹ ਆਗਿਆ ਕੀਤੀ ਕਿ ਪਹਿਲੇ ਗੁਰੂ ਸਾਹਿਬਾਨ ਦੀ ਚਲਾਈ ਮਰਯਾਦਾ ਜਿਉਂ ਦੀ ਤਿਉਂ ਰਖਣੀ ਹੈ ਅਤੇ ਨਾਲ ਹੀ ਗੁਰੂ ਘਰ ਦੀ ਰਾਖੀ ਲਈ ਯੁੱਧ ਦੀ ਰੀਤ ਸ਼ੁਰੂ ਕਰਨੀ ਹੈ:

ਨਈ ਰੀਤਿ ਇਕ ਰਣ ਕੀ ਕੀਜਹਿ। ਅਪਰ ਪ੍ਰਥਮ ਸਮ ਗਤੀ ਚਲੀਜਹਿ।[167]

ਗੋਕਲ ਚੰਦ ਨਾਰੰਗ ਅਨੁਸਾਰ, "ਕਿਸੇ ਕਿਸਮ ਦੀ ਜਥੇਬੰਦੀ ਆਪਣੇ ਆਪ ਵਿਚ ਹੀ ਇਕ ਪੁਰਖੀ ਰਾਜ ਲਈ ਖਤਰਾ ਹੁੰਦੀ ਹੈ।"[168] ਗੁਰੂ ਹਰਿਗੋਬਿੰਦ ਸਾਹਿਬ ਨੇ ਚੰਗੀ ਤਰ੍ਹਾਂ ਅਨੁਭਵ ਕਰ ਲਿਆ ਸੀ ਕਿ

---

164 ਗੁਰਬਚਨ ਸਿੰਘ ਨਈਅਰ, ਮੌਖਿਕ ਇਤਿਹਾਸ-ਮੁੱਢਲੀਆਂ ਸਿੱਖ ਲਿਖਤਾਂ ਦੇ ਸੰਦਰਭ ਵਿਚ, ਨੈਸ਼ਨਲ ਬੁੱਕ ਆਰਗਨਾਈਜੇਸ਼ਨ, 1990, ਪੰਨਾ 62.

165 ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਭਾਸ਼ਾ ਵਿਭਾਗ, ਪੰਜਾਬ, ਸਤੰਬਰ, 1970, ਪੰਨਾ 34.

166 ਸਤਿਬੀਰ ਸਿੰਘ, ਗੁਰੂ ਹਰਿਗੋਬਿੰਦ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1968, ਪੰਨਾ 17.

167 ਸੰਤੋਖ ਸਿੰਘ (ਭਾਈ), ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੪, ਅੰਸੂ ੩੭, ਜਿਲਦ ਸੱਤਵੀਂ, ਡਾ. ਭਾਈ ਵੀਰ ਸਿੰਘ (ਸੰਪਾ.), ਭਾਸ਼ਾ ਵਿਭਾਗ, ਪੰਜਾਬ, ਦੂਜੀ ਵਾਰ, 2011, ਪੰਨਾ ੨੩੭੬.

168 ਇੰਦੂਭੂਸ਼ਨ ਬੈਨਰਜੀ, ਖਾਲਸੇ ਦੀ ਉਤਪਤੀ, ਜਿਲਦ ਪਹਿਲੀ, ਪ੍ਰੀਤਪਾਲ ਸਿੰਘ (ਅਨੁ.), ਪੰਨਾ 38.

ਜਬਰ ਦਾ ਮੁਕਾਬਲਾ ਹੁਣ ਸਬਰ ਨਾਲ ਨਹੀਂ ਹੋ ਸਕਦਾ। ਸਗੋਂ ਤੇਗ ਫੜ ਕੇ ਜਬਰ ਨਾਲ ਟੱਕਰ ਲੈਣੀ ਜ਼ਰੂਰੀ ਹੋ ਗਈ ਹੈ।[169] ਭਾਈ ਗੁਰਦਾਸ ਜੀ ਗੁਰੂ ਹਰਿਗੋਬਿੰਦ ਜੀ ਬਾਰੇ ਲਿਖਦੇ ਹਨ:

ਗੁਰ ਹਰਿ ਗੋਬਿੰਦ ਖਸਟਮ ਅਵਤਾਰੇ।

ਜਿਨਿ ਪਕੜਿ ਤੇਗ ਬਹੁ ਦੁਸਟ ਪਛਾਰੇ।[170]

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰੂ ਘਰ ਆਉਣ ਵਾਲੀ ਸੰਗਤ ਨੂੰ ਚੰਗੇ ਘੋੜੇ, ਵਧੀਆ ਸ਼ਸਤਰ ਅਤੇ ਫੌਜ ਵਿਚ ਭਰਤੀ ਹੋਣ ਦਾ ਫੁਰਮਾਨ ਦਿੱਤਾ।[171] ਮੁਗਲ ਕਾਲ ਵੇਲੇ ਬਾਦਸ਼ਾਹ ਦੇ ਤਖ਼ਤ ਤੋਂ ਉੱਚਾ ਥੜਾ ਬਣਾਉਣਾ ਗੈਰ ਕਾਨੂੰਨੀ ਸਮਝਿਆ ਜਾਂਦਾ ਸੀ।[172] ਗੁਰੂ ਹਰਿਗੋਬਿੰਦ ਜੀ ਨੇ ਦਰਬਾਰ ਸਾਹਿਬ ਦੇ ਸਾਹਮਣੇ ਅਕਾਲ ਬੁੰਗੇ ਦੀ ਰਚਨਾ ਕੀਤੀ ਜਿਸ ਨੂੰ ਬਣਾਉਣ ਲਈ ਕਿਸੇ ਰਾਜ ਮਿਸਤਰੀ ਨੂੰ ਨਹੀਂ ਸਗੋਂ ਗੁਰੂ ਜੀ ਦੇ ਨਾਲ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਹੀ ਉਹ ਥੜਾ ਬਣਾਇਆ:

ਕਿਸੀ ਰਾਜ ਨਹਿਂ ਹਾਥ ਲਗਾਯੋ। ਬੁੱਢੇ ਔ ਗੁਰਦਾਸ ਬਨਾਯੋ।[173]

ਗੁਰੂ ਹਰਿਗੋਬਿੰਦ ਜੀ ਨੇ ਸੰਨ 1609 ਈ. ਵਿਚ ਅਕਾਲ ਤਖ਼ਤ ਸਾਹਿਬ ਦੀ ਰਚਨਾ ਇਕ ਥੜ੍ਹੇ ਦੇ ਰੂਪ ਵਿਚ ਕੀਤੀ। ਗੁਰੂ ਜੀ ਨੇ ਪਹਿਲਾਂ ਬਵੰਜਾ ਜਵਾਨਾਂ ਦੀ ਇਕ ਸੈਨਿਕ ਟੁਕੜੀ ਤਿਆਰ ਕੀਤੀ ਅਤੇ ਫਿਰ ਉਸ ਨੂੰ ਵਧਾ ਕੇ ਪੰਜ ਸੌ ਯੋਧਿਆਂ ਦਾ ਇਕ ਛੋਟਾ ਜਿਹਾ ਦਲ ਤਿਆਰ ਕੀਤਾ।[174] ਗੁਰੂ ਜੀ ਨੇ ਅਕਾਲ ਤਖ਼ਤ ਸਾਹਿਬ ਨੂੰ ਸਿੱਖ ਪੰਥ ਦੀਆਂ ਜਥੇਬੰਦਕ ਅਤੇ ਸੈਨਿਕ ਗਤੀਵਿਧੀਆਂ ਦਾ ਕੇਂਦਰ ਬਣਾ ਦਿਤਾ।[175] ਇਸ ਪ੍ਰਕਾਰ ਮਾਨੋ ਗੁਰੂ ਸਾਹਿਬ ਨੇ ਦਿੱਲੀ ਅਤੇ ਲਾਹੌਰ ਦੇ ਤਖ਼ਤਾਂ ਦੇ ਵਿਚਕਾਰ ਅਕਾਲ ਦੇ ਤਖ਼ਤ ਦੀ ਸਥਾਪਨਾ ਕਰਕੇ ਦੋਹਾਂ ਤਖ਼ਤਾਂ ਦਾ ਤੇਜ ਹਰ ਲਿਆ:

---

[169] ਪਿਆਰਾ ਸਿੰਘ ਪਦਮ, ਪੰਜਾਬ ਦੀ ਗੌਰਵ ਗਾਥਾ, ਕਲਗੀਧਰ ਕਲਮ ਫਾਊਂਡੇਸ਼ਨ, ਕਲਮ ਮੰਦਿਰ, ਲੋਅਰ ਮਾਲ, ਪਟਿਆਲਾ, 2000, ਪੰਨਾ 16.

[170] ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਵਾਰਾਂ ਗਿਆਨ ਰਤਨਾਵਲੀ ਭਾਈ ਗੁਰਦਾਸ ਜੀ, ਵਾਰ ੪੧, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਤੀਜੀ ਵਾਰ, ਫਰਵਰੀ 1981, ਪੰਨਾ 446.

[171] ਗਿਆਨ ਸਿੰਘ (ਗਿਆਨੀ), ਤਵਾਰੀਖ ਸ੍ਰੀ ਅੰਮ੍ਰਿਤਸਰ, (ਪ੍ਰਕਾ.) ਕੇਂਦਰੀ ਸਿੰਘ ਸਭਾ ਅਕੈਡਮੀ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਦਿਆ ਕੇਂਦਰ, ਚੰਡੀਗੜ੍ਹ, (ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ), ਮਿਤੀਹੀਨ, ਪੰਨਾ ੭੨.

[172] ਸੁਖਬੀਰ ਸਿੰਘ, ਤੇਜ ਧਾਰਕ ਗੁਰੂ ਖਾਲਸਾ ਪੰਥ, ਗੁਰੁਦੀਪਕ ਪ੍ਰਕਾਸ਼ਨ, ਪਟਿਆਲਾ, ਜਨਵਰੀ 1986, ਪੰਨਾ 203.

[173] ਗੁਰਬਿਲਾਸ ਪਾਤਸ਼ਾਹੀ ਛੇਵੀਂ, ਪੰਨਾ 141

[174] ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਦੂਜਾ, ਗਰੇਸ਼ੀਅਸ ਬੁਕਸ, ਪਟਿਆਲਾ, 2014, ਪੰਨਾ 476.

[175] ਜਸਪਾਲ ਸਿੰਘ (ਡਾ.), ਰਾਜ ਦਾ ਸਿੱਖ ਸੰਕਲਪ, ਪੰਨਾ 228.

ਦ੍ਵੈ ਤਖਤਨ ਕੋ ਤੇਜੁ ਹਰਿ ਦਿੱਲੀ ਅਵਰ ਲਾਹੌਰ।

ਤਖਤੁ ਸਾਜਿਆ ਸੁਧਾਸਰ ਸੋਢ ਬੰਸ ਸਿਰਮੌਰ।[176]

ਗੁਰੂ ਸਾਹਿਬ ਨੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ। ਮੀਰ ਅਰਬੀ ਦੇ 'ਅਮੀਰ' ਸ਼ਬਦ ਦੇ ਸੰਖੇਪ ਵਜੋਂ ਵਰਤਿਆ ਜਾਂਦਾ ਹੈ ਜਿਸ ਤੋਂ ਭਾਵ ਹੈ: ਹਾਕਮ, ਹੁਕਮ ਕਰਨ ਵਾਲਾ ਸੈਨਾਪਤੀ ਅਤੇ ਪੀਰ ਤੋਂ ਭਾਵ ਪਰਮਾਤਮਾ, ਧਰਮ ਦਾ ਉਪਦੇਸ਼ ਕਰਨ ਵਾਲਾ, ਧਾਰਮਿਕ ਨੇਤਾ।[177] ਪੀਰੀ ਦੀ ਪ੍ਰਧਾਨਤਾ ਕੇਵਲ ਦਿਖਾਉਣ ਲਈ ਨਹੀਂ ਸਗੋਂ ਅਮਲੀ ਰੂਪ ਲਈ ਹੋਣੀ ਚਾਹੀਦੀ ਹੈ। ਸਿੱਖ ਨੇ ਸਿਆਸਤ ਤੋਂ ਭੱਜਣਾ ਨਹੀਂ ਪਰ ਸਿਆਸਤ ਨੂੰ ਧਰਮ ਦੇ ਅਧੀਨ ਚਲਾਉਣਾ ਹੈ ਤਾਂ ਜੋ ਉਹ ਮਾਨਵਤਾ ਦੇ ਹਿੱਤ ਲਈ ਸਮਾਜ ਨੂੰ ਸਹੀ ਸੇਧ ਦੇ ਸਕੇ।[178] ਸਿੱਖ ਸਦਾਚਾਰਕ ਨਿਯਮਾਂਵਲੀ, ਰਾਜਨੀਤੀ ਅਤੇ ਧਰਮ ਨੂੰ ਇਕੱਠਾ ਕਰਦੀ ਹੈ।[179] ਭਾਈ ਗੁਰਦਾਸ ਜੀ ਅਨੁਸਾਰ ਗੁਰੂ ਸਾਹਿਬ ਨੇ ਰਾਜਸੀ ਠਾਠ-ਬਾਠ ਰਖਦਿਆਂ ਹੋਇਆਂ ਸ਼ਿਕਾਰ ਖੇਡਣਾ ਆਰੰਭ ਕਰ ਦਿੱਤਾ:

ਮੰਜੀ ਬਹਿ ਸੰਤੋਖਦਾ ਕੁਤੇ ਰਖ ਸ਼ਿਕਾਰ ਖਿਲਾਯਾ।[180]

ਵਾਰਾਂ ਨੂੰ ਗਾਉਣ ਵਿਚ ਵੀ ਤਬਦੀਲੀ ਕੀਤੀ ਕਿ ਆਸਾ ਦੀ ਵਾਰ, ਜਿਸਦਾ ਕੀਰਤਨ ਰਬਾਬੀ ਹਰਿਮੰਦਰ ਸਾਹਿਬ ਵਿਚ ਕਰਦੇ ਸਨ, ਉਸੇ ਵਾਰ ਨੂੰ 'ਟੁੰਡੇ ਅਸਰਾਜੇ ਦੀ ਧੁਨੀ' 'ਤੇ ਨਾਲ ਢੱਡ ਨਾਲ ਗਾਉਣ ਦਾ ਹੁਕਮ ਦਿੱਤਾ।[181] 1604 ਈ: ਤਕ ਸੁਯੋਗ ਅਤੇ ਵਿਸ਼ਾਲ ਜਥੇਬੰਦੀ ਹੇਠ ਸਿੱਖ ਬੱਝ ਚੁੱਕੇ ਸਨ, ਜਿਹੜੀ ਕਿ ਪ੍ਰਾਂਤ ਦੀਆਂ ਸੀਮਾਵਾਂ ਤੋਂ ਵੀ ਪਾਰ ਫੈਲ ਰਹੀ ਸੀ।[182] ਸੈਨਿਕ ਗਤੀਵਿਧੀਆਂ ਦੇਖ ਕੇ ਬਾਦਸ਼ਾਹ

---

176 ਵੀਰ ਸਿੰਘ ਬਲ (ਕਵੀ), ਗੁਰਕੀਰਤ ਪ੍ਰਕਾਸ਼, ਡਾ. ਗੁਰਬਚਨ ਕੌਰ (ਸੰਪਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986, ਪੰਨਾ 161.

177 ਸਰਬਜਿੰਦਰ ਸਿੰਘ (ਡਾ.)(ਸੰਪਾ.), ਨਾਨਕ ਪ੍ਰਕਾਸ਼ ਪੱਤ੍ਰਿਕਾ (ਗੋਲਡਨ ਜੁਬਲੀ ਵਿਸ਼ੇਸ਼ ਅੰਕ), ਅੰਕ ਦੂਜਾ, ਪੰਨਾ 291.

178 ਉਹੀ, ਪੰਨਾ 295.

179 ਪ੍ਰੀਤਮ ਸਿੰਘ (ਪ੍ਰੋ.), ਸਿੱਖ ਵੀਚਾਰ-ਧਾਰਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਚੌਥੀ ਵਾਰ, ਨਵੰਬਰ 1989, ਪੰਨੇ ੧੪੭-੧੪੮.

180 ੪੧ ਵਾਰਾਂ ਭਾਈ ਗੁਰਦਾਸ ਜੀ ਪ੍ਰਯਾਵਾਂ ਸਮੇਤ, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਮਿਤੀਹੀਨ, ਪੰਨਾ ੨੧੦.

181 ਸਤਿਬੀਰ ਸਿੰਘ, ਗੁਰ ਭਾਰੀ ਜੀਵਨੀ ਗੁਰੂ ਹਰਿਗੋਬਿੰਦ ਜੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ, 2015, ਪੰਨਾ 27.

182 ਇੰਦੂਭੂਸ਼ਨ ਬੈਨਰਜੀ, ਖਾਲਸੇ ਦੀ ਉਤਪਤੀ, ਜਿਲਦ ਦੂਜੀ, ਪ੍ਰੀਤਪਾਲ ਸਿੰਘ (ਅਨੁ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 1.

ਜਹਾਂਗੀਰ ਨੇ ਆਪ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰਾ ਦਿੱਤਾ।[183] ਪਰ ਛੇਤੀ ਹੀ ਜਹਾਂਗੀਰ ਨੂੰ ਗੁਰੂ ਜੀ ਨੂੰ ਰਿਹਾਅ ਕਰਨ ਦਾ ਹੁਕਮ ਦੇਣਾ ਹੀ ਪਿਆ। ਗੁਰੂ ਜੀ ਨੇ ਆਪਣੇ ਜੀਵਨ ਵਿਚ ਚਾਰ ਜੰਗਾਂ ਲੜੀਆਂ। ਪਹਿਲੀ ਜੰਗ ਬਾਜ਼ ਪਿੱਛੇ ਹੋਈ ਜੋ ਕਿ ਪਿੱਪਲੀ ਸਾਹਿਬ ਦੇ ਕੋਲ ਖਾਲਸਾ ਕਾਲਜ ਵਾਲੀ ਥਾਂ 'ਤੇ ਸ਼ੁਰੂ ਹੋਈ। ਇਸ ਜੰਗ ਵਿਚ ਮੁਖਲਿਸ ਖਾਂ ਮਾਰਿਆ ਗਿਆ ਸੀ। ਦੂਜੀ ਲੜਾਈ ਭਗਵਾਨ ਦਾਸ ਘੇਰੜ ਕਾਰਨ ਹਰਿਗੋਬਿੰਦਪੁਰ ਵਿਖੇ ਹੋਈ। ਇਸ ਜੰਗ ਵਿਚ ਜਲੰਧਰ ਦੇ ਫੌਜਦਾਰ ਅਬਦੁੱਲਾ ਖਾਂ ਅਤੇ ਭਗਵਾਨ ਦਾਸ ਘੇਰੜ ਦਾ ਪੁੱਤਰ ਰਤਨ ਚੰਦ ਮਾਰੇ ਗਏ। ਤੀਜੀ ਜੰਗ ਮਹਿਰਾਜ (ਮਰ੍ਹਾਜ) ਦੇ ਕੋਲ ਹੋਈ। ਇਹ ਜੰਗ ਦਿਲਬਾਗ ਅਤੇ ਗੁਲਬਾਗ ਨਾਂ ਦੇ ਦੋ ਘੋੜਿਆਂ ਪਿੱਛੇ ਹੋਈ ਜਿਸਨੂੰ ਲਾਹੌਰ ਦੇ ਸੂਬੇਦਾਰ ਨੇ ਖੋਹ ਲਿਆ ਸੀ। ਭਾਈ ਬਿਧੀ ਚੰਦ ਜੀ ਘਾਹੀ ਅਤੇ ਨਜ਼ੂਮੀ ਬਣ ਕੇ ਇਹ ਘੋੜੇ ਲਾਹੌਰ ਦੇ ਕਿਲ੍ਹੇ ਵਿਚੋਂ ਕੱਢ ਲਿਆਏ ਸਨ। ਚੌਥੀ ਜੰਗ ਪੈਂਦੇ ਖਾਂ ਕਾਰਨ ਹੋਈ ਜੋ ਕਰਤਾਰਪੁਰ ਦੇ ਸਥਾਨ ਤੇ ਹੋਈ ਜਿਸ ਵਿਚ ਪੈਂਦੇ ਖਾਂ, ਅਸਮਾਨ ਖਾਂ, ਕਾਲੇ ਖਾਂ ਮਾਰੇ ਗਏ ਸਨ। ਚਾਰਾਂ ਹੀ ਜੰਗਾਂ ਵਿਚ ਗੁਰੂ ਜੀ ਨੂੰ ਜਿੱਤ ਪ੍ਰਾਪਤ ਹੋਈ। ਚਾਰ ਜੰਗਾਂ ਤੋਂ ਬਾਅਦ ਗੁਰੂ ਜੀ ਕੀਰਤਪੁਰ ਸਾਹਿਬ ਆ ਗਏ ਅਤੇ ਬਾਕੀ ਦਾ ਸਮਾਂ ਉੱਥੇ ਹੀ ਬਤੀਤ ਕੀਤਾ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰੂ ਹਰਿ ਰਾਇ ਜੀ ਨੂੰ ਗੁਰ-ਗੱਦੀ ਸੌਂਪਦੇ ਸਮੇਂ 'ਸੰਭਲ ਕੇ ਵਿਚਰਨ' ਦੇ ਉਪਦੇਸ਼ ਨਾਲ ਕਿਸੇ ਕਿਸਮ ਦੇ ਲੜਾਈ ਝਗੜੇ ਤੋਂ ਬਚਣ ਦੀ ਤਾਗੀਦ ਕੀਤੀ ਪਰ ਨਾਲ ਹੀ 2200 ਘੋੜ-ਸਵਾਰਾਂ ਦੀ ਸੈਨਾ ਹਮੇਸ਼ਾਂ ਤਿਆਰ ਰਖਣ ਦੀ ਨਸੀਹਤ ਵੀ ਦਿੱਤੀ। ਇਸ ਤੋਂ ਪਤਾ ਲੱਗਦਾ ਹੈ ਕਿ ਗੁਰੂ ਸਾਹਿਬਾਨ ਦਾ ਵਿਚਾਰ ਸੀ ਕਿ ਨਿਰਸੰਦੇਹ ਸ਼ਾਂਤੀ-ਪੂਰਵਕ ਢੰਗ ਅਪਣਾਉਣਾ ਪਹਿਲਾ ਸਾਧਨ ਹੋਣਾ ਚਾਹੀਦਾ ਹੈ ਪਰ ਸ੍ਵੈ-ਰੱਖਿਆ ਹਿਤ ਜਦੋਂ ਇਹ ਸਾਧਨ ਨਿਸਫਲ ਹੋ ਜਾਣ ਤਾਂ ਸ਼ਕਤੀ ਜਾਂ ਧਰਮਯੁੱਧ ਦਾ ਪ੍ਰਯੋਗ ਕੀਤਾ ਜਾਣਾ ਉਚਿਤ ਹੈ।[184]

ਗੁਰੂ ਹਰਿਰਾਇ ਜੀ ਤੋਂ ਬਾਅਦ ਬਾਲਾ ਪ੍ਰੀਤਮ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਗੁਰਤਾ-ਗੱਦੀ 'ਤੇ ਬੈਠੇ। ਗੁਰੂ ਹਰਿਕ੍ਰਿਸ਼ਨ ਜੀ ਨੇ ਵੀ ਆਪਣੇ ਗੁਰੂ ਪਿਤਾ ਜੀ ਦੇ ਸਿਧਾਂਤਾਂ 'ਤੇ ਚਲਦਿਆਂ ਔਰੰਗਜ਼ੇਬ ਨੂੰ ਦਰਸ਼ਨ ਨਹੀਂ ਦਿੱਤੇ।

---

183 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਦੂਜਾ, ਪੰਨਾ 476.

184 ਗੁਰਨਾਮ ਕੌਰ (ਡਾ.)(ਸੰਪਾ.), ਨਾਨਕ ਪ੍ਰਕਾਸ਼ ਪਤ੍ਰਿਕਾ, ਅੰਕ ਦੂਜਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦਸੰਬਰ 2000, ਪੰਨੇ 13-14.

ਨਹਿੰ ਮਲੇਛ ਕੋ ਦਰਸ਼ਨ ਪਾਊਂ। ਅਪਨੋ ਦਰਸ਼ਨ ਤਿਸ ਨ ਦਿਖਾਊਂ।[185]

ਔਰੰਗਜ਼ੇਬ ਸੰਨ 1658 ਈ. ਵਿਚ ਆਪਣੇ ਪਿਤਾ ਸ਼ਾਹਜਹਾਂ ਨੂੰ ਕੈਦ ਕਰਕੇ ਤਖ਼ਤ ਉੱਤੇ ਬੈਠਿਆ ਸੀ। ਇਸ ਨੇ ਮੁਸਲਮਾਨਾਂ ਪਾਸੋਂ 'ਮਹੀਉੱਦੀਨ' ਦੀ ਪਦਵੀ ਪ੍ਰਾਪਤ ਕੀਤੀ।[186] ਔਰੰਗਜ਼ੇਬ ਦਾ ਪੂਰਾ ਨਾਂ 'ਅਬੁਲਜ਼ਫਰ ਮੁਹੀਉੱਦੀਨ ਮੁਹੰਮਦ ਔਰੰਗਜ਼ੇਬ' ਸੀ। ਇਸ ਨੂੰ ਆਲਮਗੀਰ ਵੀ ਕਿਹਾ ਜਾਂਦਾ ਸੀ।[187] ਲਗਪਗ ਅਪ੍ਰੈਲ 1660 ਈ. ਵਿਚ ਔਰੰਗਜ਼ੇਬ ਵਲੋਂ ਗੁਰੂ ਜੀ ਨੂੰ ਦਿੱਲੀ ਆਉਣ ਦਾ ਬੁਲਾਵਾ ਭੇਜਿਆ ਗਿਆ ਪਰ ਗੁਰੂ ਜੀ ਨੇ ਉਸਨੂੰ ਦਰਸ਼ਨ ਨਹੀਂ ਦਿੱਤੇ।[188] ਉਸ ਸਮੇਂ ਦਿੱਲੀ ਵਿਚ ਚੇਚਕ ਦੀ ਬਿਮਾਰੀ ਫੈਲੀ ਹੋਈ ਸੀ। ਗੁਰੂ ਜੀ ਕੁਝ ਕੁ ਸਿੱਖਾਂ ਨੂੰ ਨਾਲ ਲੈ ਕੇ ਔਰੰਗਜ਼ੇਬ ਦੇ ਦਰਬਾਰੀ, ਮਿਰਜ਼ਾ ਜੈ ਸਿੰਘ ਦੀ ਹਵੇਲੀ ਵਿਚ ਰਹੇ। ਚੇਚਕ ਦੀ ਬਿਮਾਰੀ ਕਾਰਨ ਗੁਰੂ ਜੀ ਅੱਠ ਕੁ ਸਾਲ ਦੀ ਉਮਰ ਵਿਚ ਹੀ ਜੋਤੀ ਜੋਤ ਸਮਾ ਗਏ।[189] ਜੋਤੀ ਜੋਤ ਸਮਾਉਣ ਤੋਂ ਪਹਿਲਾਂ ਗੁਰੂ ਜੀ ਨੇ 'ਬਾਬਾ ਬਕਾਲਾ' ਵਿਚ ਅਗਲੇਰੇ ਗੁਰੂ ਹੋਣ ਸੰਬੰਧੀ ਸੰਕੇਤ ਦਿੱਤਾ:

ਬਾਬਾ ਬਕਾਲੇ ਵਸਹਿ ਦੇਹਹੁ ਗੁਰਿਆਈ ਤਾਸ।

ਏਤੀ ਬਾਰ ਉਚਾਰਿ ਕੈ ਛੋੜਿ ਦੀਏ ਗੁਰੂ ਜੀਉ ਸਾਸ।[190]

ਬਾਬਾ ਬਕਾਲਾ ਦੀ ਧਰਤੀ 'ਤੇ 26 ਸਾਲ ਤੋਂ ਤਪ ਕਰ ਰਹੇ ਗੁਰੂ ਤੇਗ ਬਹਾਦਰ ਜੀ ਨੂੰ ਦੁਨੀਆ ਭੁਲਾ ਹੀ ਚੁੱਕੀ ਸੀ ਪਰ ਗੁਰੂ ਜੀ ਦੇ ਇਕ ਸਿੱਖ, ਮੱਖਣ ਸ਼ਾਹ ਲੁਬਾਣੇ ਦੁਆਰਾ ਗੁਰੂ ਜੀ ਦਾ ਪ੍ਰਗਟ ਹੋਣਾ ਨਕਲੀ ਗੁਰੂ ਡੰਮ ਦੇ ਮੂੰਹ 'ਤੇ ਚਪੇੜ ਦੇ ਸਮਾਨ ਸੀ ਪਰ ਨਿਮਰਤਾ ਦੇ ਪੁੰਜ ਗੁਰੂ ਤੇਗ ਬਹਾਦਰ ਜੀ ਨੇ ਵਿਰੋਧੀਆਂ ਕਾਰਨ ਬਾਬੇ ਬਕਾਲੇ ਦੀ ਧਰਤੀ ਛੱਡ ਦਿੱਤੀ। ਸ੍ਰੀ ਦਰਬਾਰ ਸਾਹਿਬ ਵਿਖੇ ਦਰਸ਼ਨਾਂ ਲਈ

---

[185] ਸੰਤੋਖ ਸਿੰਘ (ਭਾਈ), ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧੦, ਅੰਸੂ ੩੩, ਜਿਲਦ ਦਸਵੀਂ, ਡਾ. ਭਾਈ ਵੀਰ ਸਿੰਘ (ਸੰਪਾ.), ਭਾਸ਼ਾ ਵਿਭਾਗ, ਪੰਜਾਬ, 2011, ਪੰਨਾ ੩੮੯੦.

[186] ਲਾਲ ਸਿੰਘ, ਗੁਰਮਤਿ ਸਿਧਾਂਤ ਤੇ ਕੌਮਾਂਤਰੀ ਵਿਚਾਰ ਧਾਰਾ, ਨਿਊ ਬੁਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ, 1966, ਪੰਨਾ 168.

[187] ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਪਹਿਲਾ, ਗਰੇਸ਼ੀਅਸ ਬੁਕਸ, ਪਟਿਆਲਾ, 2014, ਪੰਨਾ 139.

[188] ਸ਼ਮਸ਼ੇਰ ਸਿੰਘ ਅਸ਼ੋਕ, ਪੰਜਾਬੀ ਵੀਰ ਪੰਰਪਰਾ ਸਤਾਰ੍ਹਵੀਂ ਸਦੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ, 1988, ਪੰਨਾ 46.

[189] ਉਹੀ, ਪੰਨਾ 47.

[190] ਕੰਕਣ (ਕਵੀ), ਸੰਛੇਪ ਦਸ ਗੁਰ ਕਥਾ, ਡਾ. ਗੁਰਮੁਖ ਸਿੰਘ (ਸੰਪਾ.), ਪੰਨਾ 53.

ਆਉਣ 'ਤੇ ਮਸੰਦਾਂ ਨੇ ਸ੍ਰੀ ਦਰਬਾਰ ਸਾਹਿਬ ਦੇ ਬੂਹੇ ਬੰਦ ਕਰ ਦਿੱਤੇ ਸਨ। ਗੁਰੂ ਜੀ ਉੱਥੋਂ ਬਾਹਰੋਂ ਨਮਸਕਾਰ ਕਰਕੇ ਮਾਖੋਵਾਲ ਆ ਗਏ। ਗੁਰੂ ਤੇਗ ਬਹਾਦਰ ਜੀ ਨੇ 1665 ਈ. ਨੂੰ (ਚੱਕ ਨਾਨਕੀ) ਅਨੰਦਪੁਰ ਸਾਹਿਬ ਦੀ ਨੀਂਹ ਰਖੀ ਅਤੇ ਫਿਰ ਪੂਰਬ ਫੇਰੀ ਲਈ ਤਿਆਰੀ ਆਰੰਭ ਕੀਤੀ। ਗੁਰੂ ਸਾਹਿਬ ਦੇ ਨਿਕਟਵਰਤੀ ਸਿੱਖ ਭਾਈ ਮਤੀ ਦਾਸ ਫ਼ਾਰਸੀ ਦੇ ਚੰਗੇ ਵਿਦਵਾਨ ਸਨ, ਉਹ ਗੁਰੂ ਸਾਹਿਬ ਦੀ ਸਿੱਖਿਆ ਦਾ ਮੁਸਲਮਾਨ ਸਰੋਤਿਆਂ ਨੂੰ ਮਤਲਬ ਸਮਝਾਉਂਦੇ ਅਤੇ ਬਾਣੀ ਲਿਖਦੇ ਸਨ:

ਬਾਣੀ ਜੋ ਸਾਹਿਬ ਕਰਨ ਉਚਾਰ।

ਸੋ ਸਤੀਦਾਸ ਨਿਤ ਕਰੇ ਫਾਰਸੀ ਅਖਰਾਂ ਵਿਚਿ ਉਤਾਰ।[191]

ਪਰ ਸਮੇਂ ਦੀ ਹਕੂਮਤ ਨੇ ਗੁਰੂ ਸਾਹਿਬ ਨੂੰ ਚਾਂਦਨੀ ਚੌਂਕ ਵਿਖੇ ਸ਼ਹੀਦ ਕਰ ਦਿੱਤਾ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਸਿੱਖ ਕੌਮ ਨੂੰ ਨਵੇਂ ਸਿਰੇ ਤੋਂ ਜਥੇਬੰਦ ਕਰ ਦਿੱਤਾ।[192] ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਤੋਂ ਬਾਅਦ ਖਾਲਸਾ ਪੰਥ ਦਾ ਜਥੇਬੰਦ ਹੋਣਾ ਕੋਈ ਪ੍ਰਤਿਕਰਮ ਨਹੀਂ ਸਗੋਂ ਲਗਾਤਾਰ ਹੁੰਦੇ ਆ ਰਹੇ ਜਥੇਬੰਦਕ ਯਤਨਾਂ ਦਾ ਨਤੀਜਾ ਸੀ।[193]

ਗੋਕਲ ਚੰਦ ਨਾਰੰਗ ਲਿਖਦੇ ਹਨ, "ਗੁਰੂ ਗੋਬਿੰਦ ਸਿੰਘ ਦੇ ਸਮੇਂ ਵਿਚ ਵਿਗਸਣ ਵਾਲਾ ਬੀਜ ਗੁਰੂ ਨਾਨਕ ਨੇ ਬੀਜਿਆ ਸੀ ਅਤੇ ਉਨ੍ਹਾਂ ਦੇ ਉੱਤਰਾਧਿਕਾਰੀਆਂ ਨੇ ਸਿੰਜਿਆ ਸੀ। ਉਹ ਤੇਗ ਜਿਸ ਨੇ ਖਾਲਸੇ ਦੀ ਪ੍ਰਤਿਸ਼ਠਾ ਦਾ ਮਾਰਗ ਬਣਾਇਆ, ਨਿਰਸੰਦੇਹ ਗੁਰੂ ਗੋਬਿੰਦ ਸਿੰਘ ਨੇ ਢਾਲੀ ਸੀ ਪਰੰਤੂ ਉਸ ਦਾ ਫੌਲਾਦ ਗੁਰੂ ਨਾਨਕ ਨੇ ਪ੍ਰਦਾਨ ਕੀਤਾ ਸੀ।"[194] ਪੰਥ ਸਿਰਜਨਾ ਦਾ ਕਾਰਜ ਗੁਰੂ ਨਾਨਕ ਸਾਹਿਬ ਨੇ ਆਰੰਭ ਕੀਤਾ ਸੀ ਅਤੇ ਉਨ੍ਹਾਂ ਤੋਂ ਬਾਅਦ ਬਾਕੀ ਸਾਰੇ ਗੁਰੂ ਸਾਹਿਬਾਨ ਨੇ ਪੰਥ ਨੂੰ ਜਥੇਬੰਦ ਕਰਨ ਵਿਚ ਆਪਣਾ ਮਹੱਤਵਪੂਰਨ ਯੋਗਦਾਨ ਪਾਇਆ ਸੀ, ਪਰ ਇਸ ਪੰਥਕ ਜਥੇਬੰਦੀ ਦੇ ਸੰਸਥਾਤਮਕ ਗੁਣਾਂ ਨੂੰ ਉਭਾਰ ਕੇ ਅਤੇ ਇਸ ਨੂੰ ਪੂਰੀ ਤਰ੍ਹਾਂ ਰਾਜਨੀਤਿਕ ਧਿਰ ਦਾ ਦਰਜਾ ਦੇ ਕੇ ਖਾਲਸਾ ਪੰਥ ਦੇ ਰੂਪ ਵਿਚ ਰੂਪਾਂਤਰਣ

---

191 ਕੇਸਰ ਸਿੰਘ ਛਿੱਬਰ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਡਾ. ਰਾਏਜਸਬੀਰ ਸਿੰਘ (ਸੰਪਾ.), ਪੰਨਾ 71.

192 ਸਤਿਬੀਰ ਸਿੰਘ, ਸਾਡਾ ਇਤਿਹਾਸ, ਭਾਗ ਪਹਿਲਾ, ਪੰਨਾ 357.

193 ਜਸਪਾਲ ਸਿੰਘ (ਡਾ.), ਸਿੱਖ ਵਿਰਾਸਤ ਸਿਧਾਂਤ ਤੇ ਵਿਹਾਰ, ਪੰਨੇ 221-22.

194 ਗੋਕਲ ਚੰਦ ਨਾਰੰਗ, ਸਿੱਖ ਮਤ ਦਾ ਪਰਿਵਰਤਨ, ਗੁਰਚਰਨ ਸਿੰਘ (ਅਨੁ.), ਪੰਨਾ 1.

ਕਰਨ ਦਾ ਸਾਰਾ ਕਾਰਜ ਗੁਰੂ ਗੋਬਿੰਦ ਸਿੰਘ ਜੀ ਨੇ ਨੇਪਰੇ ਚਾੜ੍ਹਿਆ।[195] ਉਸ ਤੋਂ ਪਹਿਲਾਂ ਖਾਲਸਾ ਪੰਥ 'ਗੁਰਮੁਖ ਪੰਥ' ਦੇ ਰੂਪ ਵਿਚ ਸੀ। ਭਾਈ ਗੁਰਦਾਸ ਜੀ ਲਿਖਦੇ ਹਨ:

ਬਾਰਹ ਪੰਥ ਮਿਟਾਇ ਕੈ ਗੁਰਮੁਖਿ ਪੰਥ ਵਡਾ ਪਰਤਾਪੈ।[196]

ਗੁਰਮੁਖਿ ਪੰਥੁ ਚਲਾਇਓਨੁ ਸੁਖ ਸਾਗਰੁ ਬੇਅੰਤੁ ਅਮੇਉ।[197]

ਲਗਪਗ 1685 ਈ. ਤੋਂ 1699 ਈ. ਤੱਕ ਪਾਉਂਟਾ ਸਾਹਿਬ ਅਤੇ ਅਨੰਦਪੁਰ ਸਾਹਿਬ ਵਿਖੇ ਗੁਰੂ ਸਾਹਿਬ ਅਤੇ ਕਵੀਆਂ ਵਲੋਂ ਸਾਹਿਤ ਰਚਨਾ ਕੀਤੀ ਜਾਂਦੀ ਰਹੀ।[198] ਸੰਨ 1739 ਬਿ: ਨੂੰ ਗੁਰੂ ਸਾਹਿਬ ਜੀ ਨੇ ਕਾਰੀਗਰਾਂ ਨੂੰ ਸੱਦ ਕੇ ਨਗਾਰਾ ਘੜਨ ਦਾ ਹੁਕਮ ਦਿੱਤਾ।[199] ਨਗਾਰੇ ਦਾ ਕੰਮ ਭਾਈ ਨੰਦ ਲਾਲ ਦੇ ਜ਼ੁੰਮੇ ਲੱਗਾ।[200] ਉਸ ਦਾ ਨਾਂ ਰਣਜੀਤ ਨਗਾਰਾ ਰਖਿਆ ਗਿਆ।[201] ਕਵੀ ਰਾਮ ਸਿੰਘ ਨੇ 'ਅਨੰਦਪੁਰ ਦੀ ਵਾਰ' ਵਿਚ ਲਿਖਿਆ ਹੈ:

ਮਾਰਿਆ ਡੰਕਾ ਖ਼ਾਲਸੇ ਰਣਜੀਤ ਨਗਾਰੇ।[202]

ਰਣਜੀਤ ਨਗਾਰਾ ਬਾਦਸ਼ਾਹੀ ਦਾ ਚਿੰਨ੍ਹ ਸੀ।[203] ਉਸ ਸਮੇਂ 11 ਦਸੰਬਰ 1694 ਈ. ਨੂੰ ਔਰੰਗਜੇਬ ਨੇ ਪਾਲਕੀ ਦੀ ਸਵਾਰੀ ਕਰਨ, ਸ਼ਸਤਰ ਰਖਣ ਅਤੇ ਤੀਰਥ ਯਾਤਰਾ ਦੀ ਮਨਾਹੀ ਕਰ ਦਿੱਤੀ ਅਤੇ ਧਾਰਮਿਕ ਗ੍ਰੰਥਾਂ ਨੂੰ ਸਾੜਿਆ ਜਾਣ ਲੱਗਾ।[204] ਪਰ ਗੁਰੂ ਗੋਬਿੰਦ ਸਿੰਘ ਜੀ ਨੇ ਅਨੇਕਾਂ ਗ੍ਰੰਥ ਨਵੇਂ ਰੂਪ ਵਿਚ

---

195 ਜਸਪਾਲ ਸਿੰਘ (ਡਾ.), ਰਾਜ ਦਾ ਸਿੱਖ ਸੰਕਲਪ, ਪੰਨਾ 208.

196 ਅਮਰ ਸਿੰਘ ਚਾਕਰ (ਸੰਪਾ.), ਵਾਰਾਂ ਗਿਆਨ ਰਤਨਾਵਲੀ ਭਾਈ ਗੁਰਦਾਸ ਜੀ, ਵਾਰ ੨੩, ਪਉੜੀ ੧੯, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਤੀਜੀ ਵਾਰ, ਫਰਵਰੀ 1981, ਪੰਨਾ ੨੫੨.

197 ਉਹੀ, ਵਾਰ ੨੪, ਪਉੜੀ ੨, ਪੰਨਾ ੨੫੪.

198 ਜਸਪਾਲ ਸਿੰਘ (ਡਾ.), ਰਾਜ ਦਾ ਸਿੱਖ ਸੰਕਲਪ, ਪੰਨਾ 23.

199 ਗਿਆਨ ਸਿੰਘ (ਗਿਆਨੀ), ਤਵਾਰੀਖ ਗੁਰੂ ਖਾਲਸਾ, ਭਾਗ ਪਹਿਲਾ, ਪੰਨਾ 797.

200 ਮੈਕਸ ਆਰਥਰ ਮੈਕਾਲਿਫ, ਸਿੱਖ ਧਰਮ, ਗੁਰੂ ਸਾਹਿਬਾਨ, ਪਵਿੱਤਰ ਰਚਨਾਵਾਂ ਤੇ ਰਚਨਾਕਾਰ, ਜਿਲਦ ਪੰਜਵੀਂ, ਡਾ. ਧਰਮ ਸਿੰਘ (ਅਨੁ.), ਪੰਨਾ 5.

201 ਗਿਆਨ ਸਿੰਘ (ਗਿਆਨੀ), ਤਵਾਰੀਖ ਗੁਰੂ ਖਾਲਸਾ, ਭਾਗ ਪਹਿਲਾ, ਪੰਨਾ 797.

202 ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਪ੍ਰਾਚੀਨ ਵਾਰਾਂ ਤੇ ਜੰਗ-ਨਾਮੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਤੀਜੀ ਵਾਰ, 1983, ਪੰਨਾ 114.

203 ਸੰਗਤ ਸਿੰਘ, ਇਤਿਹਾਸ 'ਚ ਸਿੱਖ, ਵਿਸ਼ੇਸ਼ ਪੁਸਤਕਾਂ, ਨਵੀਂ ਦਿੱਲੀ, 1999, ਪੰਨਾ 63.

204 ਈਸ਼ਰ ਸਿੰਘ ਨਾਰਾ (ਗਿਆਨੀ), ਪੰਜਾਬ ਸਿੱਖ ਪੰਥ ਤੇ ਮਹਾਰਾਸ਼ਟਰ ਦੀ ਸਾਂਝ, (ਪ੍ਰਕਾ.) ਲੇਖਕ ਆਪ, ਦੇਹਲੀ ਗੇਟ ਬਾਜ਼ਾਰ, ਨਵੀਂ ਦਿੱਲੀ, 1983-84, ਪੰਨਾ 43.

ਲਿਖਵਾਏ ਜਿਨ੍ਹਾਂ ਰਾਹੀਂ ਪੂਰਵ ਅਵਤਾਰਾਂ ਅਤੇ ਬਜ਼ੁਰਗਾਂ ਦੀਆਂ ਕਥਾਵਾਂ ਨੂੰ ਪੜ੍ਹ ਸੁਣ ਕੇ ਲੋਕਾਂ ਦੇ ਦਿਲ ਅਤੇ ਡੌਲੇ ਫੜਕ ਉਠਦੇ, ਰਗਾਂ ਵਿਚ ਖ਼ੂਨ ਉਬਾਲੇ ਮਾਰਨ ਲੱਗਦਾ ਅਤੇ ਸ੍ਵੈ-ਮਾਨ, ਧਰਮ ਦੀ ਰੱਖਿਆ ਹਿਤ ਮਰਨ ਮਾਰਨ ਨੂੰ ਤਿਆਰ ਹੋ ਜਾਂਦੇ ਸਨ।[205] ਗੁਰੂ ਸਾਹਿਬ ਉਹ ਸਾਰੀਆਂ ਗੱਲਾਂ ਕਰ ਰਹੇ ਸਨ, ਜੋ ਅਜ਼ਾਦੀ ਤੇ ਸ੍ਵੈ-ਮਾਨ ਦੇ ਰਾਹ ਵਲ ਜਾਣ ਵਾਲੀਆਂ ਸਨ।[206]

ਗੁਰੂ ਜੀ ਨੇ ਇਹ ਵੀ ਅਨੁਭਵ ਕਰ ਲਿਆ ਸੀ ਕਿ ਜਿਸ ਬੀਰ ਜਥੇਬੰਦੀ ਦੀ ਉਹ ਉਸਾਰੀ ਵਿਚ ਲੱਗੇ ਹੋਏ ਹਨ, ਉਸ ਦੇ ਹਰ ਅੰਸ਼ ਵਿਚ ਸੰਤ-ਸਿਪਾਹੀ ਵਾਲਾ ਗੁਣ ਹੋਣਾ ਲਾਜ਼ਮੀ ਹੈ।[207] ਦਸ ਗੁਰੂਆਂ ਨੇ ਲੰਮੀ ਘਾਲ ਨਾਲ ਇਸ ਕਿਸਮ ਦੇ ਉੱਚੇ-ਸੁੱਚੇ ਜੀਵਨ ਤਿਆਰ ਕਰ ਦਿੱਤੇ ਸਨ ਤੇ ਇਸ ਜੀਵਨ ਮਰਯਾਦਾ ਨੂੰ ਚਾਲੂ ਰਖਣ ਲਈ ਸਿੱਖ ਜਥੇਬੰਦੀ ਦੀ ਅਤਿਅੰਤ ਲੋੜ ਸੀ, ਜਿਸ ਨੂੰ ਗੁਰੂ ਸਾਹਿਬਾਨ ਨੇ 'ਸੰਗਤ' ਰੂਪ ਵਿਚ ਵਿਕਸਤ ਕੀਤਾ ਸੀ। ਇਸ 'ਸੰਗਤ' ਨੂੰ ਹਾਲਾਤ ਅਨੁਸਾਰ 'ਖਾਲਸਾ' ਕਰਾਰ ਦਿੱਤਾ ਗਿਆ। ਸੋ ਹੁਣ ਖਾਲਸਾ ਜਥੇਬੰਦੀ ਲਈ ਬਾਹਰਲੀ ਰਹਿਤ ਮਰਯਾਦਾ ਨਿਸਚਿਤ ਕਰਨਾ ਅਤਿਅੰਤ ਜਰੂਰੀ ਸੀ।[208] ਖਾਲਸਾ ਅਜਿਹੀ ਜਥੇਬੰਦੀ ਸੀ ਜੋ ਸਮੂਹ ਜਾਤੀ, ਨਸਲ, ਜਨਮ ਅਤੇ ਕੌਮੀਅਤ ਦੇ ਵਿਥਕਰਿਆਂ ਤੋਂ ਮੁਕਤ ਹੋਵੇ। ਇਸ ਤਰ੍ਹਾਂ ਦੀ ਜਥੇਬੰਦੀ ਦੀ ਸਿਰਜਨਾ ਕਰਨ ਲਈ ਗੁਰੂ ਜੀ ਨੇ ਵੈਸਾਖ 1699 ਈ. ਦਾ ਦਿਨ ਮਿਥਿਆ।[209] ਖਾਲਸੇ ਦੀ ਸਾਜਨਾ ਨਾਲ ਗੁਰੂ ਜੀ ਨੇ ਗੁਰੂ-ਚੇਲੇ ਦੀ ਪੱਧਤੀ ਇਕ ਕਰ ਦਿੱਤੀ:

ਸ੍ਰੀ ਗੁਰੂ ਖਾਲਸਾ ਖਾਲਸਾ ਸ੍ਰੀ ਗੁਰ ਪੰਥੁ ਸਜਿਯੋ ਗੁਰੁ ਰੂਪ ਨਵੇਲਾ।
ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੂ ਆਪ ਗੁਰੂ ਗੁਰੁ ਆਪਹੀ ਚੇਲਾ।[210]

---

205 ਉਹੀ, ਪੰਨਾ 22.

206 ਪਿਆਰਾ ਸਿੰਘ ਪਦਮ, ਗੋਬਿੰਦ ਸਾਗਰ, ਸਰਦਾਰ ਸਾਹਿਤ ਭਵਨ, ਕਲਮ ਮੰਦਿਰ, ਲੋਇਰ ਮਾਲ, ਪਟਿਆਲਾ, 1967, ਪੰਨੇ 58-59.

207 ਸਤਿਬੀਰ ਸਿੰਘ (ਪ੍ਰਿੰ.), ਅਠਾਰਵੀਂ ਸਦੀ ਵਿਚ ਬੀਰ ਪਰੰਪਰਾ ਦਾ ਵਿਕਾਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987, ਪੰਨਾ 3.

208 ਪਿਆਰਾ ਸਿੰਘ ਪਦਮ (ਪ੍ਰੋ.), ਗੁਰੂ ਘਰ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1997, ਪੰਨਾ 174.

209 ਸੁਰਜੀਤ ਸਿੰਘ ਪਾਂਧੀ, ਅਨੰਦਪੁਰ ਸਾਹਿਬ ਦੀ ਕਹਾਣੀ, ਭਾਸ਼ਾ ਵਿਭਾਗ, ਪੰਜਾਬ, 1979, ਪੰਨਾ 12.

210 ਵੀਰ ਸਿੰਘ ਬਲ (ਭਾਈ), ਸਿੰਘ ਸਾਗਰ, ਕ੍ਰਿਸ਼ਨਾ ਕੁਮਾਰੀ ਬਾਂਸਲ (ਸੰਪਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ, 1998, ਪੰਨਾ 88.

**ਖਾਲਸਾ:**

'ਖਾਲਸਾ' ਦਾ ਮੂਲ ਅਰਬੀ ਸ਼ਬਦ 'ਖਾਲਸ', 'ਖਾਲਿਸ' ਹੈ ਜਿਸ ਦੇ ਅਰਥ ਹਨ ਪਵਿੱਤਰ, ਨਿਰਮਲ, ਸਿੱਧਾ। ਪਰ ਗੁਰੂ ਸਾਹਿਬ ਨੇ ਇਸ ਨੂੰ ਵਿਸ਼ੇਸ਼ ਕਰਕੇ ਸੰਕੇਤਕ ਅਤੇ ਤਕਨੀਕੀ ਅਰਥਾਂ ਵਿਚ ਵਰਤਿਆ ਹੈ। ਗੁਰੂ ਸਾਹਿਬਾਂ ਦੇ ਵੇਲੇ ਮੁਗਲ ਰਾਜ ਦੀ ਸਰਕਾਰੀ ਦਫ਼ਤਰੀ ਪਰਿ-ਭਾਖਾ (Official technical terminology) ਵਿਚ ਖਾਲਸਾ ਉਸ ਜ਼ਮੀਨ, ਇਲਾਕੇ, ਮਾਲੀਏ ਆਦਿ ਨੂੰ ਕਹਿੰਦੇ ਸਨ ਜਿਸ ਦਾ ਸੰਬੰਧ ਸਿੱਧਾ ਸਰਕਾਰ ਜਾਂ ਬਾਦਸ਼ਾਹ ਨਾਲ ਹੁੰਦਾ ਸੀ ਅਤੇ ਜਾਗੀਰਦਾਰ ਦੀ ਵਿਚੋਲਗੀਰੀ ਰਾਹੀਂ ਨਹੀਂ ਸੀ ਹੁੰਦਾ।[211] ਮੈਥਲੀ ਸ਼ਰਨ ਗੁਪਤ ਅਨੁਸਾਰ ਗੁਰੂ ਸਾਹਿਬ ਨੇ ਖੰਡੇ ਦੀ ਪਾਹੁਲ ਦੇ ਕੇ ਇਕੱਲੇ-ਇਕੱਲੇ ਸਿੰਘ ਨੂੰ ਸਵਾ ਲੱਖ ਨਾਲ ਲੜਨ ਦੇ ਸਮਰਥ ਬਣਾ ਦਿੱਤਾ:

ਚਿੜਿਯੋਂ ਸੇ ਮੈਂ ਬਾਜ ਗਿਰਾਓ ਤਭੀ ਕਹਾਊਂ ਮੈਂ ਗੋਵਿੰਦ।
ਅਪਨ ਕੁਸ਼ੋਭ ਸ਼ਤ੍ਰੂ ਸ਼ੋਣਿਤ ਮੇਂ ਕਯੋਂ ਨ ਬਹਾਊਂ ਮੈਂ ਗੋਵਿੰਦ।[212]

ਪ੍ਰੋ. ਜੋਗਿੰਦਰ ਸਿੰਘ ਅਨੁਸਾਰ, ਸੰਗਤ 'ਖਾਲਸਾ' ਹੋ ਗਈ, ਸਿੱਖ ਲਹਿਰ ਦਾ ਜਥੇਬੰਦਕ ਰੂਪ 'ਪੰਥ' ਦਾ ਰੂਪ ਗ੍ਰਹਿਣ ਕਰ ਗਿਆ।[213] ਡਾ. ਸੁਖਦਿਆਲ ਸਿੰਘ ਖਾਲਸੇ ਦੀ ਰੂਹਾਨੀਅਤ ਬਾਰੇ ਲਿਖਦੇ ਹਨ ਕਿ, "ਖਾਲਸਾ ਮਾਂ ਦੇ ਪੇਟ ਵਿਚੋਂ ਜਾਂ ਮਾਤਾ-ਪਿਤਾ ਦੇ ਸਰੀਰਕ ਸੰਬੰਧਾਂ ਵਿਚੋਂ ਪੈਦਾ ਹੋਣ ਵਾਲਾ ਜੀਵ ਨਹੀਂ ਹੈ। ਇਹ ਖੰਡੇ ਅਤੇ ਬਾਟੇ ਦੇ ਰੂਹਾਨੀ ਸੰਗਮ ਵਿਚੋਂ ਪੈਦਾ ਹੋਣ ਵਾਲਾ ਇਕ ਆਦਰਸ਼ ਮਨੁੱਖ ਹੈ।"[214] ਖੰਡੇ ਬਾਟੇ ਦੇ ਅੰਮ੍ਰਿਤ ਵਿਚੋਂ ਪੈਦਾ ਹੋਇਆ ਖਾਲਸਾ ਸਦਾ ਅਮਰ ਹੈ। ਇਸ ਦੇ ਡੁੱਲ੍ਹੇ ਹੋਏ ਖੂਨ ਦੇ ਹਰ ਕਤਰੇ ਵਿਚੋਂ ਨਵਾਂ ਖਾਲਸਾ ਜਨਮ ਲੈਂਦਾ ਹੈ।[215] ਖਾਲਸਾ ਬਣੇ ਵਿਅਕਤੀਆਂ ਨੂੰ ਇਹ ਵਿਸ਼ਵਾਸ ਵੀ ਕਰਵਾ ਦਿੱਤਾ ਸੀ ਕਿ ਉਹ

---

211 ਸੈਨਾਪਤਿ (ਕਵੀ), ਸ੍ਰੀ ਗੁਰ ਸੋਭਾ, ਡਾ. ਗੰਡਾ ਸਿੰਘ (ਸੰਪਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਚੌਥੀ ਵਾਰ, 1996, ਪੰਨੇ 19-20.

212 ਮੈਥਲੀ ਸ਼ਰਨ ਗੁਪਤ, ਗੁਰੁਕੁਲ, ਪੰਨਾ ੪੧.

213 ਜੋਗਿੰਦਰ ਸਿੰਘ (ਪ੍ਰੋ.), ਗੁਰੂ ਜੋਤਿ ਪ੍ਰਕਾਸ਼ (ਧਰਮ ਤੋਂ ਤਖ਼ਤ ਤਕ), ਸੁੰਦਰ ਸਰੂਪ ਪ੍ਰਕਾਸ਼ਨ, ਨਵੀਂ ਦਿੱਲੀ, ਜੂਨ 1991, ਪੰਨਾ 210.

214 ਸੁਖਦਿਆਲ ਸਿੰਘ (ਡਾ.), ਪੰਜਾਬ ਦਾ ਇਤਿਹਾਸ ਗੁਰੂ ਕਾਲ 1469-1708, ਜਿਲਦ ਪੰਜਵੀਂ, ਪੰਨਾ 204.

215 ਉਹੀ, ਪੰਨਾ 204.

ਅਕਾਲ ਪੁਰਖ ਦੀ ਲਾਡਲੀ ਫੌਜ ਹਨ।[216] ਮੁਗਲ ਫੌਜਾਂ ਵੀ ਗੁਰੂ ਸਾਹਿਬ ਦੀ ਲਾਡਲੀ ਫੌਜ ਬਾਰੇ ਇਉਂ ਕਹਿੰਦੀਆਂ ਸਨ:

ਅਰੇ ਕਹਾ ਹੇਰੈ ਖਰੋ ਕਰੇ ਨ ਜੰਗ ਅਭੰਗ॥

ਗੋਬਿੰਦ ਸਿੰਘ ਕੇ ਸੰਗ ਕੇ ਜੰਗੀ ਬੜੇ ਨਿਹੰਗ॥[217]

ਨਿਹੰਗ ਸਿੰਘਾਂ ਨੇ ਹਰ ਜੰਗ ਵਿਚ ਮੋਹਰੀ ਭੂਮਿਕਾ ਨਿਭਾਈ। ਦੱਖਣ ਵਲ ਜਾਂਦਿਆਂ ਹੋਇਆਂ ਗੁਰੂ ਜੀ ਦੇ ਅਨਿੰਨ ਸਿੱਖ ਭਾਈ ਮਾਨ ਸਿੰਘ ਨਿਹੰਗ ਸਿੰਘ ਸ਼ਹੀਦ ਹੋ ਗਏ ਸਨ। ਨਾਂਦੇੜ ਪਹੁੰਚ ਕੇ ਗੁਰੂ ਜੀ ਨੇ ਗੋਦਾਵਰੀ ਨਦੀ ਦੇ ਕੰਢੇ ਮਾਧੋ ਦਾਸ ਬੈਰਾਗੀ ਨੂੰ ਸੱਚ ਦਾ ਰਾਹ ਦਸ ਕੇ 'ਬੰਦਾ' ਬਣਾਇਆ। ਬਾਬਾ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਵਿਚ ਹੋ ਰਹੇ ਜ਼ੁਲਮ ਅਤੇ ਅਨਿਆਂ ਬਾਰੇ ਸੁਚੇਤ ਕਰਵਾਇਆ ਅਤੇ ਇਸ ਜ਼ੁਲਮ ਨੂੰ ਠੱਲ ਪਾਉਣ ਲਈ ਆਪਣਾ ਥਾਪੜਾ ਦੇ ਕੇ ਤੋਰਿਆ। ਭਾਈ ਸੰਤੋਖ ਸਿੰਘ ਅਨੁਸਾਰ ਬੰਦਾ ਬਹਾਦਰ ਨੂੰ ਖਾਲਸੇ ਦਾ 'ਬਖਸ਼ੀ' ਥਾਪਿਆ ਭਾਵ ਫੌਜੀ ਜਰਨੈਲ ਬਣਾ ਕੇ ਪੰਜਾਬ ਭੇਜਿਆ:

ਬੰਦਾ ਬਖਸ਼ੀ ਖਾਲਸਾ ਚਲਾ ਤੇਜ ਦਿਖਰਾਇ।

ਅਜ਼ਮਤ ਬਲ ਤੇ ਪਹੁਚਿਗਾ ਸਿੰਘਨ ਤੇ ਅਗਵਾਇ। [218]

'ਅਮਰਨਾਮਾ' ਵਿਚ ਲਿਖਿਆ ਹੈ ਕਿ ਗੁਰੂ ਜੀ ਨੇ ਆਪ ਪੰਜ ਸਿੰਘਾਂ ਸਮੇਤ ਬਾਬਾ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਵਲ ਤੋਰਿਆ:

ਫ਼ਰਿਸਤਾਦਨਸ਼ ਸੂਇ ਪੰਜਾਬ ਕਰਦ

ਮਏ ਪੰਜ ਸਿੰਘਾਨਿ ਆਜ਼ਾਦ ਮਰਦ।[219]

ਇਨ੍ਹਾਂ ਪੰਜਾਂ ਸਿੰਘਾਂ ਦੇ ਨਾਂ ਬਾਬਾ ਬਿਨੋਦ ਸਿੰਘ, ਬਾਬਾ ਕਾਨ੍ਹ ਸਿੰਘ, ਬਾਬਾ ਬਾਜ ਸਿੰਘ, ਬਾਬਾ ਬਿਜੈ ਸਿੰਘ ਅਤੇ ਰਾਮ ਸਿੰਘ ਸਨ।[220] ਪੰਜਾਬ ਵਲ ਤੋਰਨ ਸਮੇਂ ਗੁਰੂ ਸਾਹਿਬ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਆਪਣੇ ਭੱਥੇ ਵਿਚੋਂ ਪੰਜ ਤੀਰ ਬਖਸ਼ਿਸ਼ ਕੀਤੇ:

---

216 ਉਹੀ, ਪੰਨਾ 207.

217 ਸੁਮੇਰ ਸਿੰਘ (ਬਾਬਾ), ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼, ਡਾ. ਅੱਛਰ ਸਿੰਘ ਕਾਹਲੋਂ (ਸੰਪਾ.), ਪੰਨਾ 156

218 ਸੰਤੋਖ ਸਿੰਘ (ਭਾਈ), ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਐਨ ੨, ਅੰਸੂ ?, ਜਿਲਦ ਚੌਦਵੀਂ, ਡਾ. ਭਾਈ ਵੀਰ ਸਿੰਘ (ਸੰਪਾ.), ਭਾਸ਼ਾ ਵਿਭਾਗ, ਪੰਜਾਬ, 2011, ਪੰਨਾ ੬੨੫੧.

219 ਗੰਡਾ ਸਿੰਘ (ਸੰਪਾ.), ਅਮਰਨਾਮਾ ਫਾਰਸੀ ਮੂਲ ਪੰਜਾਬੀ ਉਤਾਰਾ ਤੇ ਅਰਥ, ਸਿਖ ਹਿਸਟਰੀ ਸੋਸਾਇਟੀ, ਅੰਮ੍ਰਿਤਸਰ, ਪਟਿਆਲਾ, 1953, ਪੰਨਾ 26.

220 ਕੇਹਰ ਸਿੰਘ ਮਠਾਰੂ, ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ, ਲਾਹੌਰ ਬੁੱਕਸ, ਲੁਧਿਆਣਾ, 2016, ਪੰਨਾ 19.

ਬੰਦਾ ਕੀਨੋ ਸਿਖੁ ਤਬ ਤੇਗ ਬਹਾਦਰ ਨੰਦ।

ਪਾਂਚ ਬਾਨ ਦੈ ਯਿਉ ਕਹਿਯੋ ਮਾਰੋ ਜਾਇ ਸਿਰੰਦ।[221]

### 2.6.2 ਗੁਰੂ ਕਾਲ ਤੋਂ ਬਾਅਦ ਦੇ ਸਮੇਂ ਦੀਆਂ ਪ੍ਰਸਥਿਤੀਆਂ:

1708 ਈ. ਵਿਚ ਗੁਰੂ ਗੋਬਿੰਦ ਸਿੰਘ ਜੀ ਨੇ (ਗੁਰੂ) ਆਦਿ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਗੱਦੀ 'ਤੇ ਬਿਰਾਜਮਾਨ ਕਰ ਕੇ ਸਾਰੀ ਸੰਗਤ ਨੂੰ ਸ਼ਬਦ ਗੁਰੂ ਦੇ ਲੜ ਲਾਇਆ। ਗੁਰੂ ਜੀ ਦੇ ਨਾਂਦੇੜ ਦੀ ਧਰਤੀ ਉੱਤੇ ਜੋਤੀ ਜੋਤਿ ਸਮਾ ਜਾਣ ਤੋਂ ਬਾਅਦ ਸਿੱਖਾਂ ਉੱਤੇ ਬਹੁਤ ਭਿਆਨਕ ਸਮਾਂ ਆਇਆ। The period, 1708 to 1798, was a must traumatized time for the Sikh Religion. It really was a period of survival. In brief, it can be said that during this period, Sikhs were per secuted and finally recorgnized into a powerful army.[222] ਮੁਗਲ ਬਾਦਸ਼ਾਹ ਬਹਾਦਰ ਸ਼ਾਹ ਨੇ ਸੰਨ 1710 ਈ. ਵਿਚ ਇਹ ਫੁਰਮਾਨ ਜਾਰੀ ਕੀਤਾ:

ਨਾਨਕ ਪ੍ਰਸਤਾਂ ਰਾ ਹਰ ਕੁਜਾ ਕਿ ਬਯਾਨੰਦ, ਬ-ਕਤਲ ਰਸਾਨੰਦ

ਭਾਵ ਕਿ ਜਿੱਥੇ ਵੀ ਕੋਈ ਸਿੱਖ ਦਿਖੇ ਉੱਥੇ ਹੀ ਮਾਰ ਦਿੱਤਾ ਜਾਵੇ।[223] There was an official ban on their activities and were outlawed for their defiance of Mughal authority Bahadur Shah, the successor of Aurangzeb issued an order in December 1710 which said the Sikhs were to be shown no mercy."[224] ਇਸ ਸ਼ਾਹੀ ਫੁਰਮਾਨ ਦੇ ਬਾਵਜੂਦ ਬਾਬਾ ਬੰਦਾ ਸਿੰਘ ਬਹਾਦਰ ਨੇ ਪੰਜਾਬ ਵਿਚ ਆ ਕੇ ਮੁੜ ਤੋਂ ਖਿੰਡੇ ਹੋਏ ਖਾਲਸੇ ਨੂੰ ਇਕੱਤਰ ਕਰਨਾ ਸ਼ੁਰੂ ਕੀਤਾ। ਗੁਰੂ ਕਾਲ ਦੇ ਉੱਘੇ ਸਿੱਖਾਂ, ਭਾਈ ਰੂਪਾ ਅਤੇ ਭਾਈ ਭਗਤੂ ਦੀ ਬੰਸ ਵਿਚੋਂ ਭਾਈ ਫਤਿਹ ਸਿੰਘ, ਕਰਮ ਸਿੰਘ, ਧਰਮ ਸਿੰਘ, ਨਗਾਹੀਆ ਸਿੰਘ ਅਤੇ ਚੂਹੜ ਸਿੰਘ ਸਭ ਤੋਂ ਪਹਿਲਾਂ ਫੌਜ ਅਤੇ ਮਾਇਆ ਸਮੇਤ ਬਾਬਾ

---

221 ਵੀਰ ਸਿੰਘ ਬਲ (ਭਾਈ), ਸਿੰਘ ਸਾਗਰ, ਕ੍ਰਿਸ਼ਨਾ ਕੁਮਾਰੀ ਬਾਂਸਲ (ਸੰਪਾ.), ਪੰਨਾ 158.

222 Jaspal Singh Mayell (Dr.), University of the Sikh Religion, Mayell Publishers Stamford, Ct USA, 2006, p. 56

223 ਸਿਰਦਾਰ ਕਪੂਰ ਸਿੰਘ, ਸਾਚੀ ਸਾਖੀ, ਗੁਰਮਤਿ ਪੁਸਤਕ ਭੰਡਾਰ, ਅੰਮ੍ਰਿਤਸਰ, 1972, ਪੰਨਾ 8.

224 K.Natwar Singh, The Magnificent Maharaja, (The Life and Times of Maharaja Bhupinder Singh of Patiala 1891-1938), Rupa.Co, New Delhi, 2005, p.18.

ਬੰਦਾ ਸਿੰਘ ਬਹਾਦਰ ਨਾਲ ਆ ਕੇ ਸ਼ਾਮਿਲ ਹੋਏ।[225] ਬਾਬਾ ਬੰਦਾ ਸਿੰਘ ਬਹਾਦਰ ਨੇ 12 ਮਈ 1710 ਈ. ਨੂੰ ਚਪੜ ਚਿੜੀ ਦੇ ਮੈਦਾਨ ਵਿਚ ਹੋਈ ਗਹਿਗੱਚ ਲੜਾਈ ਦੌਰਾਨ ਸਾਹਿਬਜ਼ਾਦਿਆਂ ਦੇ ਕਾਤਿਲ, ਨਵਾਬ ਵਜ਼ੀਦ ਖਾਂ ਨੂੰ ਹਾਰ ਦਿੱਤੀ। ਭਾਈ ਬਾਜ਼ ਸਿੰਘ ਨੂੰ ਇਥੋਂ ਦਾ ਗਵਰਨਰ ਅਤੇ ਭਾਈ ਆਲੀ ਸਿੰਘ ਨੂੰ ਇਸਦਾ ਨਾਇਬ ਥਾਪਿਆ ਗਿਆ।[226]

ਬਾਬਾ ਬੰਦਾ ਸਿੰਘ ਬਹਾਦਰ ਨੇ ਭੂਮੀ ਨੀਤੀ ਪੂਰੀ ਤਰ੍ਹਾਂ ਬਦਲ ਕੇ ਰਖ ਦਿੱਤੀ। ਗਰੀਬ ਕਿਸਾਨ ਹੱਲ-ਵਾਹਕ ਭੂਮੀ ਦੇ ਮਾਲਕ ਬਣ ਗਏ। ਕੋਈ ਵੀ ਅਧਿਕਾਰੀ ਅਜਿਹਾ ਨਹੀਂ ਸੀ ਜੋ ਬਾਬਾ ਬੰਦਾ ਸਿੰਘ ਬਹਾਦਰ ਦੇ ਹੱਲ-ਵਾਹਕਾਂ ਦੇ ਹਿੱਤ ਵਿਚ ਦਿੱਤੇ ਹੁਕਮਾਂ ਦੀ ਨਿਰਾਦਰੀ ਕਰਦਾ।[227] ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਕੀਤੇ ਯੁੱਧਾਂ ਦੀ ਇਕ ਵਿਸ਼ੇਸ਼ਤਾ ਇਹ ਵੀ ਸੀ ਕਿ ਉਸ ਦੀ ਫੌਜ ਵਿਚ ਤਨਖਾਹਦਾਰ ਸਿਪਾਹੀਆਂ ਦੀ ਬਜਾਏ ਗੁਰੂ ਪ੍ਰਤੀ ਸ਼ਰਧਾ ਰਖਣ ਵਾਲੇ ਸਿੱਖ ਸਨ।[228]

ਸੰਨ 1713 ਈ. ਵਿਚ ਫ਼ਰੁਖਸੀਅਰ ਨੇ ਬਹਾਦਰ ਸ਼ਾਹ ਦੇ ਪੁੱਤਰ ਜਹਾਂਦਾਰ ਖਾਂ ਨੂੰ ਮਾਰ ਕੇ ਆਪ ਰਾਜ ਭਾਗ ਸੰਭਾਲ ਲਿਆ।[229] ਫ਼ਰੁਖਸੀਅਰ ਨੇ ਸਿੰਘਾਂ ਉਤੇ ਬੇਰਹਿਮ ਅੱਤਿਆਚਾਰ ਦੀ ਜੋ ਨਿਰੰਤਰ ਮੁਹਿੰਮ ਚਲਾਈ, ਉਸ ਦਾ ਨਤੀਜਾ ਇਹ ਹੋਇਆ ਕਿ ਖਾਲਸਾ ਛੋਟੀਆਂ-ਛੋਟੀਆਂ ਟੁਕੜੀਆਂ ਵਿਚ ਵੰਡਿਆ ਗਿਆ। ਇਸ ਨੇ ਖਾਲਸੇ ਦੀਆਂ ਗੁਰੀਲਾ ਲੜਾਈਆਂ ਨੂੰ ਜਨਮ ਦਿੱਤਾ।[230] ਗੁਰੀਲਾ ਰਣ ਨੀਤੀ ਤਹਿਤ ਸਿੰਘ ਲੁਕ ਕੇ ਰਹਿੰਦੇ ਅਤੇ ਮੌਕਾ ਪਾ ਕੇ ਹਮਲੇ ਕਰਦੇ ਸਨ।[231] ਬਾਬਾ ਬੰਦਾ ਸਿੰਘ ਬਹਾਦਰ ਦੀ ਅੰਤਿਮ ਲੜਾਈ ਗੁਰਦਾਸ ਨੰਗਲ ਦੀ ਸੀ। ਡਾ. ਗੰਡਾ ਸਿੰਘ ਅਨੁਸਾਰ 'ਇਬਰਤਨਾਮਾ' ਦਾ ਲਿਖਾਰੀ ਮੁਹੰਮਦ ਕਾਸਿਮ ਜੋ ਲਾਹੌਰ ਦੇ ਨਾਇਬ ਆਰਿਫ਼ ਬੇਗ ਖਾਨ ਦੀ ਨੌਕਰੀ ਵਿਚ ਖੁਦ ਉੱਥੇ ਮੌਜੂਦ ਸੀ, ਉਹ ਲਿਖਦਾ ਹੈ ਕਿ, "ਜਹੱਨਮੀ ਸਿੱਖਾਂ

225 ਸਾਹਿਬ ਸਿੰਘ ਅਰਸ਼ੀ (ਡਾ.), ਅਠਾਰਵੀਂ ਸਦੀ ਦੇ ਸਿੱਖਾਂ ਦਾ ਇਤਿਹਾਸ, ਫਾਈਲ ਨੰ:9 (ਗੰਡਾ ਸਿੰਘ ਕੁਲੈਕਸ਼ਨ, ਗੰਡਾ ਸਿੰਘ ਰੈਫਰੈਂਸ ਲਾਇਬ੍ਰੇਰੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ), ਮਿਤੀਹੀਨ, ਪੰਨਾ 24.

226 ਪਿਆਰਾ ਸਿੰਘ ਪਦਮ, ਪੰਜਾਬ ਦੀ ਗੌਰਵ ਗਾਥਾ, ਪੰਨਾ 31.

227 ਰੂਪ ਸਿੰਘ (ਸੰਪਾ.), ਪ੍ਰਮੁੱਖ ਸਿੱਖ ਸ਼ਖਸੀਅਤਾਂ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰਜਵੀਂ ਵਾਰ, ਨਵੰਬਰ 2010, ਪੰਨਾ 89.

228 ਸਿਮਰਜੀਤ ਸਿੰਘ (ਸੰਪਾ.), ਗੁਰਮਤਿ ਪ੍ਰਕਾਸ਼, ਜਿਲਦ 54, ਅੰਕ 5, ਪੰਨਾ ੬੨.

229 ਲਾਲ ਸਿੰਘ, ਗੁਰਮਤਿ ਸਿਧਾਂਤ ਤੇ ਕੌਮਾਂਤਰੀ ਵਿਚਾਰ ਧਾਰਾ, ਪੰਨਾ 168.

230 ਜਗਜੀਤ ਸਿੰਘ, ਸਿੱਖ ਇਨਕਲਾਬ, ਪੰਨਾ 209.

231 ਰੋਪੜ ਦੇ ਪਿੰਡ ਰਾਇਲ ਮਾਜਰਾ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਦੀਆ ਗੁਫਾਵਾਂ ਇਸ ਗੱਲ ਦਾ ਸਬੂਤ ਹਨ। ਇਨ੍ਹਾਂ ਗੁਫਾਵਾਂ ਬਾਰੇ ਖੋਜ ਕਾਰਜ ਦੌਰਾਨ ਵੀਡਿਓਗ੍ਰਾਫੀ ਕੀਤੀ ਗਈ ਹੈ।

ਦੇ ਬਹਾਦਰੀ ਅਤੇ ਦਲੇਰੀ ਦੇ ਕਾਰਨਾਮੇ ਹੈਰਾਨ ਕਰ ਦੇਣ ਵਾਲੇ ਸਨ। ਹਰ ਰੋਜ਼ ਦੋ ਜਾਂ ਤਿੰਨ ਵਾਰੀ ਕੁਝ ਚਾਲੀ ਜਾਂ ਪੰਜਾਹ ਕਾਲਮੂੰਹੇ ਸਿੱਖ ਆਪਣੇ ਡੰਗਰਾਂ ਦੇ ਘਾਹ ਪੱਠੇ ਲਈ ਗੜ੍ਹੀ ਵਿਚੋਂ ਬਾਹਰ ਨਿਕਲਦੇ ਅਤੇ ਮੁਗਲਾਂ ਦਾ ਘਾਣ ਕਰਕੇ ਅਲੋਪ ਹੋ ਜਾਂਦੇ।"[232] 22 ਫਰਵਰੀ 1713 ਈ. ਨੂੰ ਫ਼ਰੁਖਸੀਅਰ ਨੇ ਅਬਦੁਸ ਸਮਦ ਖਾਂ ਨੂੰ ਲਾਹੌਰ ਦਾ ਸੂਬੇਦਾਰ ਥਾਪਿਆ ਅਤੇ ਸਿੱਖਾਂ ਦੇ ਖਾਤਮੇ ਦੀ ਜ਼ੁੰਮੇਵਾਰੀ ਦਿੱਤੀ।[233] ਮੈਥਲੀ ਸ਼ਰਨ ਗੁਪਤ ਅਨੁਸਾਰ ਬਾਦਸ਼ਾਹ ਫ਼ਰੁਖਸੀਅਰ ਨੇ ਸਿੰਘਾਂ ਵਿਚ ਆਪਸੀ ਫੁੱਟ ਪਵਾਈ।[234] ਇਸ ਕਾਰਨ ਬਾਬਾ ਬੰਦਾ ਸਿੰਘ ਬਹਾਦਰ ਅਤੇ ਬਾਬਾ ਬਿਨੋਦ ਸਿੰਘ ਵਿਚਕਾਰ ਪ੍ਰਬੰਧਕੀ ਮਤਭੇਦ ਪਿਆ।[235] "ਨਿਰਸੰਦੇਹ ਸਮੇਂ ਦੀ ਹਕੂਮਤ ਨੇ ਸਿੱਖ ਪੰਥ ਵਿਚ ਫੁੱਟ ਪਵਾ ਕੇ ਬੰਦਈ ਖਾਲਸਾ ਅਤੇ ਤੱਤ ਖਾਲਸਾ ਵਿਚ ਵਿਭਾਜਿਤ ਕਰ ਦਿੱਤਾ ਸੀ।"[236] ਇਸੇ ਕਾਰਨ ਬਾਬਾ ਬੰਦਾ ਸਿੰਘ ਬਹਾਦਰ ਅਤੇ ਬਾਬਾ ਬਿਨੋਦ ਸਿੰਘ ਵਿਚ ਮਤਭੇਦ ਪੈਦਾ ਹੋਏ। ਗੁਰਦਾਸ ਨੰਗਲ ਦੀ ਗੜ੍ਹੀ ਵਿਚ ਇਹ ਮਤਭੇਦ ਆਪਸੀ ਝਗੜੇ ਤੱਕ ਵੱਧ ਗਏ ਸਨ। ਬਾਬਾ ਬਿਨੋਦ ਸਿੰਘ ਦੇ ਪੁੱਤਰ ਕਾਨ੍ਹ ਸਿੰਘ ਨੇ ਆਪਣੇ ਪਿਤਾ ਅਤੇ ਬਾਬਾ ਬੰਦਾ ਸਿੰਘ ਬਹਾਦਰ ਵਿਚਕਾਰ ਦਖ਼ਲ ਦੇ ਕੇ ਝਗੜਾ ਰੋਕ ਦਿੱਤਾ।[237] ਬਾਬਾ ਬਿਨੋਦ ਸਿੰਘ ਦੁਸ਼ਮਣ ਦੇ ਘੇਰੇ ਨੂੰ ਚੀਰ ਕੇ ਸਾਥੀਆਂ ਸਮੇਤ ਨਿਕਲ ਗਏ ਸਨ।[238] ਡਾ. ਸਰਬਜਿੰਦਰ ਸਿੰਘ ਲਿਖਦੇ ਹਨ ਕਿ 7 ਦਸੰਬਰ 1715 ਈ. ਨੂੰ ਤੁਰਕਾਂ ਦੀ ਫੌਜ ਕਿਲ੍ਹੇ ਅੰਦਰ ਦਾਖਿਲ ਹੋਈ ਅਤੇ ਭੁੱਖਣ ਭਾਣੇ ਸਿੰਘਾਂ ਨੂੰ ਕੈਦ ਕਰ ਲਿਆ ਗਿਆ ਅਤੇ 27 ਫ਼ਰਵਰੀ 1716 ਈ. ਨੂੰ ਜ਼ਕਰੀਆ ਖਾਂ ਦੀ ਅਗਵਾਈ ਵਿਚ ਕੈਦ ਕੀਤੇ ਸਿੰਘਾਂ ਨੂੰ ਦਿੱਲੀ ਪਹੁੰਚਾਇਆ ਗਿਆ।[239] ਦਿੱਲੀ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਅਤਿ ਦੇ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਇਸ ਸੰਬੰਧੀ ਡਾ. ਸੁਖਦਿਆਲ ਸਿੰਘ ਲਿਖਦੇ ਹਨ, "ਲੜਾਈਆਂ ਵਿਚਲੀਆਂ ਸ਼ਹਾਦਤਾਂ ਨੂੰ ਸੂਰਮਗਤੀ ਤਾਂ ਮੰਨਿਆ ਗਿਆ ਹੈ ਪਰ ਸ਼ਾਂਤਮਈ ਤਰੀਕੇ ਨਾਲ ਹੋਈਆਂ ਸ਼ਹਾਦਤਾਂ ਨੂੰ ਸਿਰਮੌਰ ਮੰਨਿਆ ਗਿਆ ਹੈ।"[240] ਸਿੱਖ ਧਰਮ ਵਿਚ ਸ਼ਹਾਦਤ ਦੇ ਕੇ

---

232 ਗੰਡਾ ਸਿੰਘ (ਡਾ.), ਬੰਦਾ ਸਿੰਘ ਬਹਾਦਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990, ਪੰਨਾ 129.

233 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਪਹਿਲਾ, ਪੰਨਾ 59.

234 ਮੈਥਲੀ ਸ਼ਰਨ ਗੁਪਤ, ਗੁਰੂਕੁਲ, ਪੰਨਾ ੯੩.

235 ਮਹਿੰਦਰ ਕੌਰ ਗਿੱਲ (ਡਾ.), ਸੂਰਾ ਸੋ ਪਹਿਚਾਨੀਐ, ਸ਼ਿਲਾਲੇਖ, ਦਿੱਲੀ, 2012, ਪੰਨਾ 29.

236 ਬਲਬੀਰ ਕੌਰ (ਮੁਖ ਸੰਪਾ.), ਜਨ ਸਾਹਿਤ, ਬਾਬਾ ਬੰਦਾ ਸਿੰਘ ਬਹਾਦਰ ਵਿਸ਼ੇਸ਼ ਅੰਕ, ਅੰਕ 9-10, ਸਾਲ 52ਵਾਂ, ਭਾਸ਼ਾ ਵਿਭਾਗ, ਪੰਜਾਬ, ਸਤੰਬਰ-ਅਕਤੂਬਰ 2011, ਪੰਨਾ 3.

237 ਤੇਜਾ ਸਿੰਘ (ਪ੍ਰਿੰ.) ਅਤੇ ਗੰਡਾ ਸਿੰਘ (ਡਾ.), ਸਿੱਖ ਇਤਿਹਾਸ (1469-1765), ਡਾ. ਭਗਤ ਸਿੰਘ (ਅਨੁ.), ਪੰਨਾ 97.

238 ਸਤਿਬੀਰ ਸਿੰਘ (ਪ੍ਰਿੰਸੀਪਲ), ਅਠਾਰਵੀਂ ਸਦੀ ਵਿਚ ਬੀਰ ਪਰੰਪਰਾ ਦਾ ਵਿਕਾਸ, ਪੰਨਾ 72.

239 ਸਰਬਜਿੰਦਰ ਸਿੰਘ (ਡਾ.), ਮਰਣੁ ਕਬੂਲਿ, ਸਿੱਖ ਫਾਊਂਡੇਸ਼ਨ, ਨਵੀਂ ਦਿੱਲੀ, ਦਸੰਬਰ 2004, ਪੰਨਾ 65.

240 ਹਰਬੰਸ ਕੌਰ ਸਾਗੂ (ਡਾ.)(ਸੰਪਾ.), ਸਿੱਖ ਸ਼ਹਾਦਤ ਦਾ ਸੰਕਲਪ ਤੇ ਪਰੰਪਰਾ, ਮਨਪ੍ਰੀਤ ਪ੍ਰਕਾਸ਼ਨ, 2013, ਪੰਨਾ 50.

ਦੂਜਿਆਂ ਦੀ ਜ਼ਿੰਦਗੀ ਲਈ ਜਿੱਥੇ ਆਦਰਸ਼ ਬਣਿਆ ਜਾਂਦਾ ਹੈ ਉੱਥੇ ਨਾਲ ਹੀ ਮਨੁੱਖੀ ਸਮਾਜ ਵਿਚ ਖੇੜਾ ਆਉਂਦਾ ਹੈ।[241] ਗੁਰੂ ਸਾਹਿਬ ਦਾ ਸਾਜਿਆ ਖਾਲਸਾ ਪੰਥ ਅਕਾਲ ਪੁਰਖ ਤੋਂ ਬਿਨਾਂ ਕਿਸੇ ਦੀ ਕਾਨ ਨਹੀਂ ਮੰਨਦਾ:

ਐਸਾ ਪੰਥ ਗੁਰੂ ਕਾ ਹੂਆ। ਜਾਕੈ ਸਮਸਰਿ ਅਵਰ ਨ ਬੀਆ।
ਕਾਨ ਕਿਸੀ ਕੀ ਨਾਹਿ ਧਰਾਵੈ। ਆਪ ਖਾਲਸਾ ਗੁਰੂ ਕਹਾਵੈ।[242]

**ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਦਾ ਸਮਾਂ:**

ਬਾਬਾ ਬੰਦਾ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਸਿੱਖਾਂ ਉੱਪਰ ਬਹੁਤ ਕਰੜਾ ਸਮਾਂ ਆਇਆ। ਸਿੱਖਾਂ ਦੀਆਂ ਲੜਕੀਆਂ ਨੂੰ ਨੌਕਰਾਣੀ ਬਣਾ ਕੇ ਰਖਿਆ ਜਾਂਦਾ ਸੀ। ਜਦੋਂ ਕੋਈ ਮੁਸਲਮਾਨ ਮਰਦਾ ਸੀ ਤਾਂ ਉਸ ਦੀ ਕਬਰ ਸਿੱਖ ਨੂੰ ਖੋਦਣੀ ਪੈਂਦੀ ਸੀ।[243] ਸਿੱਖ ਨੂੰ ਗ੍ਰਿਫਤਾਰ ਕਰਕੇ ਉਸਦੇ ਸਾਹਮਣੇ ਦੋ ਬਦਲ ਰਖੇ ਜਾਂਦੇ ਸਨ। ਪਹਿਲਾਂ ਇਹ ਕਿ ਉਹ ਇਸਲਾਮ ਕਬੂਲ ਕਰੇ, ਦੂਜਾ ਬਦਲ ਮੌਤ ਸੀ।[244] ਇਨ੍ਹਾਂ ਦਿਨਾਂ ਵਿਚ ਹੀ ਭਾਈ ਤਾਰਾ ਸਿੰਘ ਵਾਂ ਦੀ ਸ਼ਹੀਦੀ ਹੋਈ।

1726ਈ. ਵਿਚ ਅਬਦੁਸ ਸਮਦ ਖਾਂ ਨੂੰ ਮੁਲਤਾਨ ਅਤੇ ਜ਼ਕਰੀਆ ਖਾਂ ਨੂੰ ਲਾਹੌਰ ਦਾ ਸੂਬੇਦਾਰ ਬਣਾਇਆ ਗਿਆ। ਅਬਦੁਸ ਸਮਦ ਖਾਂ ਦੀ 26 ਜੁਲਾਈ 1737 ਈ. ਵਿਚ ਮੌਤ ਹੋ ਗਈ ਸੀ।[245] 1727 ਈ. ਵਿਚ ਜ਼ਕਰੀਆ ਖਾਂ ਨੇ ਹੁਕਮ ਜਾਰੀ ਕੀਤਾ ਕਿ ਜਿਹੜਾ ਆਦਮੀ ਸਿੱਖ ਦੇ ਕੇਸ ਕੱਟ ਕੇ ਲਿਆਵੇਗਾ, ਉਸਨੂੰ ਕੰਬਲ ਤੇ ਬਿਸਤਰਾ ਇਨਾਮ ਵਿਚ ਮਿਲੇਗਾ।[246] ਉਸ ਸਮੇਂ ਸਿੱਖਾਂ ਨੂੰ ਕਈ ਤਰ੍ਹਾਂ ਦੇ ਤਸੀਹੇ ਦੇ ਕੇ ਮਾਰਿਆ ਜਾਂਦਾ ਸੀ:

ਲੜਨ ਮਾਰਨ ਮਰਨ ਪਕੜ ਲੈ ਜਾਵਨਿ। ਸੂਲੀ ਫਾਹੇ ਤਖਤਿਆ ਵਿਚ ਚਿਰਾਵਨਿ।
ਲਖ ਹਜਾਰ ਸਿੱਖ ਤੁਰਕ ਖਪਾਏ। ਪਰੁ ਪੰਥ ਡਾਢੇ ਪੁਰਖ ਦਾ ਵਧਦਾ ਜਾਏ।[247]

---

241 ਸਰਬਜਿੰਦਰ ਸਿੰਘ (ਡਾ.), ਮਰਣੁ ਕਬੂਲਿ, ਪੰਨਾ 26.

242 ਕੰਕਣ (ਕਵੀ), ਸੰਛੇਪ ਦਸ ਗੁਰ ਕਥਾ, ਡਾ. ਗੁਰਮੁਖ ਸਿੰਘ (ਸੰਪਾ.), ਪੰਨਾ 64

243 ਸੁਖਦਿਆਲ ਸਿੰਘ (ਡਾ.), ਖਾਲਸਾ ਪੰਥ ਦੇ ਪੰਜ ਤਖ਼ਤ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ, 2002, ਪੰਨੇ 908-909.

244 ਉਹੀ, ਪੰਨੇ 21-22.

245 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਪਹਿਲਾ, ਪੰਨਾ 60.

246 ਪ੍ਰਤਾਪ ਸਿੰਘ ਗਿਆਨੀ (ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ), ਇਤਿਹਾਸਕ ਲੈਕਚਰ, ਪੰਨਾ 104.

247 ਕੇਸਰ ਸਿੰਘ ਛਿੱਬਰ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਡਾ. ਰਾਏਜਸਬੀਰ ਸਿੰਘ (ਸੰਪਾ.), ਤੇਰਵਾਂ ਚਰਨ, ਪੰਨਾ 144.

ਖਾਲਸਾ ਸੂਰਮੇ ਦੋ-ਦੋ, ਤਿੰਨ-ਤਿੰਨ ਦੇ ਜਥਿਆਂ ਵਿਚ ਖਿੰਡ-ਪੁੰਡ ਗਏ ਸਨ। ਕਈ ਸ਼ਿਵਾਲਕ ਦੀਆਂ ਪਹਾੜੀਆਂ ਵਿਚ, ਕਈ ਲੱਖੀ ਜੰਗਲ ਵਿਚ ਅਤੇ ਕਈ ਰਾਜਪੂਤਾਨੇ ਨਾਲ ਲਗਦੇ ਮਾਰੂਥਲਾਂ ਵਿਚ ਲੁਕ ਗਏ ਸਨ।

**ਬੰਦਈ ਖਾਲਸਾ ਤੇ ਤਤ ਖਾਲਸਾ:**

ਸਮੇਂ ਦੀ ਹਕੂਮਤ ਦੀ ਕੁਟਲ ਨੀਤੀ ਕਾਰਨ ਸਿੰਘਾਂ ਵਿਚ ਫੁੱਟ ਕਾਰਨ ਦੋ ਧੜੇ ਬਣ ਗਏ ਸਨ। ਇਕ ਧੜਾ ਬੰਦਈ ਖਾਲਸਾ ਅਤੇ ਦੂਜਾ ਧੜਾ ਤੱਤ ਖਾਲਸਾ ਸੀ। ਬਲਵੰਤ ਸਿੰਘ ਢਿਲੋਂ ਦਾ ਵਿਚਾਰ ਹੈ ਕਿ 1714 ਈ. ਵਿਚ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ 'ਫ਼ਤਿਹ ਦਰਸ਼ਨ' ਸ਼ੁਰੂ ਕਰਨ ਅਤੇ ਖਾਲਸੇ ਦੀ ਰਹਿਤ ਮਰਯਾਦਾ 'ਤੇ ਮੁਕੰਮਲ ਅਮਲ ਨਾ ਕਰਨ ਦੀ ਵਜ੍ਹਾ ਕਾਰਨ ਜੋ ਸਿੰਘ, ਬਾਬਾ ਬੰਦਾ ਸਿੰਘ ਬਹਾਦਰ ਤੋਂ ਵੱਖ ਹੋ ਗਏ ਉਨ੍ਹਾਂ ਨੂੰ ਤੱਤ ਖਾਲਸਾ ਕਿਹਾ ਗਿਆ।[248]

ਸੰਨ 1721 ਈ. ਦੀ ਵਿਸਾਖੀ ਵਾਲੇ ਦਿਨ ਤੱਤ ਖਾਲਸਾ ਅਤੇ ਬੰਦਈ ਖਾਲਸਾ ਦਾ ਝਗੜਾ ਨਿਬੇੜਨ ਲਈ ਭਾਈ ਮਨੀ ਸਿੰਘ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਾਵਨ ਸਰੋਵਰ ਵਿਚ ਪਰਚੀਆਂ ਪਾ ਕੇ ਨਿਪਟਾਰਾ ਕੀਤਾ ਕੀਤਾ ਜਿਸ ਵਿਚ ਤੱਤ ਖਾਲਸੇ ਦੀ ਜਿੱਤ ਹੋਈ। ਇਸ ਤੋਂ ਬਾਅਦ ਕਾਨ੍ਹ ਸਿੰਘ ਦੇ ਲੜਕੇ ਮੀਰੀ ਸਿੰਘ ਅਤੇ ਲਾਹੌਰਾ ਸਿੰਘ ਦੇ ਲੜਕੇ ਸੰਗਤ ਸਿੰਘ ਦਾ ਕੁਸ਼ਤੀ ਮੁਕਾਬਾਲਾ ਹੋਇਆ। ਇਸ ਘੋਲ ਵਿਚ ਮੀਰੀ ਸਿੰਘ ਜਿੱਤ ਗਿਆ ਸੀ।[249] ਇਸ ਪ੍ਰਕਾਰ ਬੰਦਈ ਖਾਲਸਾ ਅਤੇ ਤੱਤ ਖਾਲਸਾ ਆਪਸ ਵਿਚ ਇਕਮਿਕ ਹੋ ਗਏ ਸਨ।

ਜ਼ਕਰੀਆ ਖਾਂ ਲਾਹੌਰ ਦਾ ਗਵਰਨਰ ਬਣਿਆ। ਉਸਨੇ ਸਿੱਖਾਂ ਦੇ ਸਿਰਾਂ ਦੇ ਮੁੱਲ ਨੀਯਤ ਕਰ ਦਿੱਤੇ।[250] ਸਿੱਖਾਂ ਦੇ ਸਿਰਾਂ ਦੇ ਮੁੱਲ ਪੈਣ ਦੇ ਬਾਵਜੂਦ ਵੀ ਸਿੰਘਾਂ ਨੇ ਆਪਣੀ ਗਤੀਵਿਧੀਆਂ ਨੂੰ ਪਹਿਲਾਂ ਵਾਂਗ ਹੀ ਕਾਇਮ ਰਖਿਆ ਅਤੇ ਲੜਨ ਮਰਨ ਤੋਂ ਕਦੇ ਝਿਜਕੇ ਨਹੀਂ।

ਪੁਨ ਹਿੰਦੂ ਤੁਰਕਨ ਤੈ ਨਿਆਰਾ। ਰਚੋ ਖਾਲਸਾ ਪੰਥ ਕਰਾਰਾ।
ਮਹਾਂ ਤੇਜਸੀ ਦੰਗੇਬਾਜ। ਲਰਨ ਮਰਨ ਤੈ ਕਰੈ ਨ ਲਾਜ।[251]

---

248 ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਡਾ. ਬਲਵੰਤ ਸਿੰਘ ਢਿਲੋਂ (ਸੰਪਾ.), ਪੰਨਾ 133(ਫੁਟਨੋਟ)

249 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਤੀਜਾ, ਪੰਨਾ 1031.

250 ਹਰਨਾਮ ਦਾਸ ਸਹਿਰਾਈ, ਮੱਸਾ ਰੰਘੜ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2007, ਪੰਨਾ ੨੦.

251 ਗਿਆਨ ਸਿੰਘ (ਗਿਆਨੀ), ਪੰਥ ਪ੍ਰਕਾਸ਼, ਪੰਨਾ 223.

**ਖਾਲਸੇ ਨੂੰ ਨਵਾਬੀ ਮਿਲਣੀ:**

ਜਥੇਦਾਰ ਬਾਬਾ ਦਰਬਾਰਾ ਸਿੰਘ ਅਤੇ ਨਵਾਬ ਕਪੂਰ ਸਿੰਘ ਨੇ ਕਈ ਮੁਹਿੰਮਾਂ ਵਿਚ ਹਿੱਸਾ ਲਿਆ। ਇਨ੍ਹਾਂ ਹਮਲਿਆਂ ਦਾ ਇਕੋ ਮਤਲਬ ਸੀ ਕਿ ਲਾਹੌਰ ਦੀ ਹਕੂਮਤ ਵਿਚ ਬੈਚੇਨੀ ਫੈਲ ਜਾਏ ਅਤੇ ਉਸਨੂੰ ਅਜਿਹੇ ਹੱਥ ਦਿਖਾਏ ਜਾਣ ਕਿ ਉਨ੍ਹਾਂ ਦਾ ਧਿਆਨ ਸਿੱਖਾਂ 'ਤੇ ਸਖ਼ਤੀ ਕਰਨ ਤੋਂ ਘਟ ਜਾਵੇ।[252] ਖਾਲਸੇ ਦੀਆਂ ਮਾਰਾਂ ਧਨ ਪਦਾਰਥ ਇਕੱਠਾ ਕਰਨ ਲਈ ਨਹੀਂ ਸੀ ਸਗੋਂ ਜ਼ਾਲਮ ਹਾਕਮਾਂ ਦੇ ਅਤਿਆਚਾਰਾਂ ਦੇ ਵਿਰੋਧ ਵਿਚ ਸੀ।[253] ਉਸ ਸਮੇਂ ਜਿਆਦਾਤਰ ਸਿੰਘਾਂ ਕੋਲ ਕੱਪੜੇ ਵੀ ਨਹੀਂ ਸਨ ਅਤੇ ਨਾ ਹੀ ਸਿੰਘਾਂ ਕੋਲ ਆਪਣਾ ਕੋਈ ਕਿਲ੍ਹਾ ਜਾਂ ਮੋਰਚੇਬੰਦੀ ਸੀ ਜਿਸਦੀ ਓਟ ਵਿਚ ਉਹ ਲੜ ਸਕਦੇ।

ਨਹਿੰ ਸਿੰਘਨ ਪੈ ਗੜ ਕੋਊ ਕੋਟ। ਜਹਾਂ ਲੜੈਂ ਵੜ ਜਾਂਕੀ ਓਟ।
ਕੋਇ ਬਡ ਪਰਬਤ ਨ ਸਿੰਘਨ ਪਾਸ। ਜਹਾਂ ਚੜੇ ਹੁਇ ਰਹੈਂ ਮਵਾਸ।
ਬਹੁਤ ਠੌਰ ਸਿੰਘ ਖੜ ਭੀ ਲੜੈਂ। ਹੋਇ ਦੁਖੀ ਲੈ ਸ਼ਹੀਦੀ ਮਰੈਂ।[254]

ਉਨ੍ਹਾਂ ਦਿਨਾਂ ਵਿਚ ਸਿੱਖਾਂ ਦੇ ਮਸ਼ਹੂਰ ਸਰਦਾਰ ਇਹ ਸਨ: ਭਾਈ ਦਰਬਾਰਾ ਸਿੰਘ, ਭਾਈ ਕਪੂਰ ਸਿੰਘ, ਭਾਈ ਕਰਮ ਸਿੰਘ, ਭਾਈ ਹਰੀ ਸਿੰਘ, ਬਾਬਾ ਦੀਪ ਸਿੰਘ ਸ਼ਹੀਦ, ਸ. ਜੱਸਾ ਸਿੰਘ ਰਾਮਗੜ੍ਹੀਆ, ਭਾਈ ਬੁੱਧ ਸਿੰਘ ਸ਼ੁਕਰਚੱਕੀਆ, ਭਾਈ ਗਰਜਾ ਸਿੰਘ ਆਦਿ।[255] ਤੁਰਕਾਂ ਦੇ ਦਰਬਾਰ ਵਿਚ, ਖਾਲਸੇ ਦੀਆਂ ਗਤੀਵਿਧੀਆਂ ਅਤੇ ਰਣਨੀਤੀ ਨੂੰ ਸਮਝਣ ਲਈ ਭੰਡਾਂ ਪਾਸੋਂ ਸਿੰਘਾਂ ਦੀਆਂ ਨਕਲਾਂ ਕਰਵਾਈਆਂ ਗਈਆਂ ਪਰ ਭੰਡਾਂ ਨੇ ਖਾਲਸਈ ਬਾਣਾ ਧਾਰਨ ਕਰਕੇ ਅਸਲੀ ਸਿੰਘਾਂ ਵਾਂਗ ਹੀ ਤੁਰਕ ਸਿਪਾਹੀਆਂ ਨੂੰ ਮਾਰ ਸੁੱਟਿਆ। ਇਹ ਦੇਖ ਕੇ ਬਾਦਸ਼ਾਹ ਨੇ ਆਖਿਆ:

ਭਾਂਡਨ ਨਕਲ ਦਿਖਈ ਜੈਸ ਹੈ। ਜੇਕਰ ਸਿੰਘ ਸਬ ਅਸਲ ਵੈਸ ਹੈਂ।
ਤੋ ਹਮਰੇ ਨਹਿ ਮਾਰੇਂ ਮਰਹੈਂ। ਉਲਟਾ ਇਕ ਦਿਨ ਹਮਕੋ ਹਰਹੈਂ।[256]

---

252 ਮਹਿੰਦਰ ਕੌਰ ਗਿੱਲ (ਡਾ.), ਸੂਰਾ ਸੋ ਪਹਿਚਾਨੀਐ, ਪੰਨੇ 81-82.

253 ਪ੍ਰੇਮ ਸਿੰਘ ਹੋਤੀ (ਬਾਬਾ), ਜੀਵਨ ਬ੍ਰਿਤਾਤ ਨਵਾਬ ਕਪੂਰ ਸਿੰਘ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2017, ਪੰਨੇ 22-24.

254 ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਡਾ. ਬਲਵੰਤ ਸਿੰਘ ਢਿਲੋਂ (ਸੰਪਾ.), ਪੰਨਾ 198.

255 ਪਿਆਰਾ ਸਿੰਘ ਦਾਤਾ, ਸਿੱਖ ਇਤਿਹਾਸ ਦੇ ਖੂਨੀ ਪੱਤਰੇ, ਦਿੱਲੀ ਐਜੂਕੇਸ਼ਨ ਪਬਲਿਸ਼ਰਜ਼, 1951, ਪੰਨਾ 79.

256 ਗਿਆਨ ਸਿੰਘ (ਗਿਆਨੀ), ਪੰਥ ਪ੍ਰਕਾਸ਼, ਪੰਨਾ 647.

ਮੁਗਲ ਫੌਜਾਂ ਖਾਲਸੇ ਨੂੰ ਮਾਰਦੀਆਂ-ਮਾਰਦੀਆਂ ਆਪ ਹੀ ਦਮ ਤੋੜ ਰਹੀਆਂ ਸਨ। ਮੁਗਲ ਫੌਜੀ, ਸਿੰਘਾਂ ਦੇ ਪਿੱਛੇ ਜਾਣ ਤੋਂ ਕੰਨੀ ਕਤਰਾਉਂਦੇ ਸਨ। ਦੇਸ਼ ਵਿਚ ਅਰਾਜਕਤਾ ਫੈਲ ਰਹੀ ਸੀ। ਅਜਿਹੀ ਹਾਲਤ ਵਿਚ ਲਾਹੌਰ ਦਰਬਾਰ ਨੇ ਸਿੰਘਾਂ ਨੂੰ ਕਾਬੂ ਕਰਨ ਲਈ ਨਵਾਬੀ ਦੀ ਪੇਸ਼ਕਸ਼ ਦਿੱਤੀ।[257] ਇਸ ਦੇ ਨਾਲ ਹੀ ਖਾਲਸੇ ਨੂੰ ਗੁਰਦੁਆਰਿਆਂ ਦੀ ਯਾਤਰਾ ਅਤੇ ਉਨ੍ਹਾਂ ਦੀ ਸੰਭਾਲ ਦੀ ਵੀ ਪੂਰੀ ਖੁੱਲ੍ਹ ਦਿੱਤੇ ਜਾਣ ਦੀ ਪੇਸ਼ਕਸ਼ ਦਿੱਤੀ ਕਿਉਂਕਿ ਜ਼ਕਰੀਆ ਖਾਂ ਨੂੰ ਪਤਾ ਸੀ ਕਿ ਜੇਕਰ ਖਾਲਸੇ ਨੇ ਨਵਾਬੀ ਅਤੇ ਜਗੀਰ ਦੀ ਪ੍ਰਵਾਨਗੀ ਵਿਚ ਬੇ-ਰੁਖੀ ਦਿਖਾਈ ਤਾਂ ਗੁਰਧਾਮਾਂ ਦੀ ਅਜ਼ਾਦੀ ਅਤੇ ਸੰਭਾਲ ਉਨ੍ਹਾਂ ਲਈ ਇੰਨ੍ਹੀ ਬਹੁਮੁੱਲੀ ਹੈ ਜਿਸ ਨੂੰ ਉਹ ਕਦੇ ਵੀ ਨਹੀਂ ਠੁਕਰਾ ਸਕਦੇ।[258] ਉਸ ਵੇਲੇ ਸਾਰਾ ਖਾਲਸਾ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਇਕੱਤਰ ਹੁੰਦਾ ਸੀ:

ਮੇਲਿਉ ਪਿਛੇ ਅਕਾਲ ਬੁੰਗੇ ਉਪਰ ਲਗੇ ਰਹਿਨ।[259]

ਨਵਾਬੀ ਭੇਜਣ ਲਈ ਇਕ ਸਿੱਖ ਸੁਬੇਗ ਸਿੰਘ ਨੂੰ ਨੀਯਤ ਕੀਤਾ ਗਿਆ।[260] ਨਵਾਬੀ ਦੀ ਖਿੱਲਤ ਲੈ ਕੇ ਭਾਈ ਸੁਬੇਗ ਸਿੰਘ ਅੰਮ੍ਰਿਤਸਰ ਗਿਆ ਤਾਂ ਪੰਥ ਨੇ ਨਵਾਬੀ ਲੈਣ ਤੋਂ ਮਨ੍ਹਾਂ ਕਰ ਦਿੱਤਾ। ਭਾਈ ਸੁਬੇਗ ਸਿੰਘ ਨੇ ਬੇਨਤੀ ਕੀਤੀ ਕਿ ਖਾਲਸੇ ਨੂੰ ਇਹ ਜਾਗੀਰ ਮੋੜਨੀ ਨਹੀਂ ਚਾਹੀਦੀ। ਫੈਸਲਾ ਇਹ ਹੋਇਆ ਕਿ ਨਵਾਬੀ ਕਿਸੇ ਸੇਵਕ ਨੂੰ ਦੇ ਦਿੱਤੀ ਜਾਵੇ। ਨਵਾਬੀ ਦੇ ਨਾਲ ਹੋਰ ਵੀ ਖਿੱਲਤ ਸੀ ਜਿਸ ਵਿਚ- ਸ਼ਾਲ ਦੀ ਪੱਗ, ਜੜਾਊ ਕਲਗੀ, ਜਿਗਾ, ਇਕ ਜੋੜੀ ਸੁਨਿਹਰੀ ਕੰਗਣਾਂ ਦੀ, ਕੰਠਾ (ਕੈਂਠਾ), ਇਕ ਬਹੁ-ਮੁੱਲੇ ਮੋਤੀਆਂ ਦੀ ਮਾਲਾ, ਇਕ ਕੀਨਖੁਵਾਬ ਦਾ ਜਾਮਾ, ਇਕ ਜੜਾਊ ਸ਼ਮਸ਼ੀਰ ਸ਼ਾਮਿਲ ਸੀ।[261] ਉਸ ਸਮੇਂ ਸ੍ਰੀ ਅਕਾਲ ਤਖਤ ਸਾਹਿਬ 'ਤੇ ਪਾਠ ਚਲ ਰਿਹਾ ਸੀ, ਉਸ ਦੀ ਤੁਕ ਗ੍ਰੰਥੀ ਸਿੰਘ ਜੀ ਨੇ ਉੱਚੀ ਬੋਲ ਕੇ ਸੁਣਾ ਦਿਤੀ, "ਟਹਲ ਮਹਲ ਤਾ ਕੋ ਮਿਲੈ ਜਾ ਕੋ ਸਾਧ ਕ੍ਰਿਪਾਲ"[262] ਅਕਾਲ ਪੁਰਖ ਦੇ ਰੱਬੀ ਫੈਸਲੇ ਨੂੰ ਸਾਰੀ ਸੰਗਤ ਨੇ ਮੁੱਖ ਰਖਕੇ ਪੱਖੇ ਦੀ

---

257 ਅਮਰ ਸਿੰਘ (ਗਿਆਨੀ), ਅਣਖੀਲੇ ਬਹਾਦਰ, ਗੁਰੂ ਨਾਨਕ ਕਿਤਾਬ ਘਰ, ਸਰਾਏ ਗੁਰੂ ਰਾਮਦਾਸ, ਸ੍ਰੀ ਅੰਮ੍ਰਿਤਸਰ, ਦੂਜੀ ਵਾਰ, 1962, ਪੰਨਾ ੫੮.

258 ਪ੍ਰੇਮ ਸਿੰਘ ਹੋਤੀ (ਬਾਬਾ), ਜੀਵਨ ਬ੍ਰਿਤਾਤ ਨਵਾਬ ਕਪੂਰ ਸਿੰਘ, ਪੰਨੇ 24-29.

259 ਕੇਸਰ ਸਿੰਘ ਛਿੱਬਰ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਡਾ. ਰਾਏਜਸਬੀਰ ਸਿੰਘ (ਸੰਪਾ.), ਤੇਰਵਾਂ ਚਰਨ, ਪੰਨਾ 144.

260 ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਡਾ. ਬਲਵੰਤ ਸਿੰਘ ਢਿਲੋਂ (ਸੰਪਾ.), ਪੰਨਾ 205(ਫੁਟਨੋਟ)

261 ਪ੍ਰੇਮ ਸਿੰਘ ਹੋਤੀ (ਬਾਬਾ), ਜੀਵਨ ਬ੍ਰਿਤਾਂਤ ਨਵਾਬ ਕਪੂਰ ਸਿੰਘ, ਪੰਨਾ 33.

262 ਗਿਆਨ ਸਿੰਘ (ਗਿਆਨੀ), ਪੰਥ ਪ੍ਰਕਾਸ਼, ਪੰਨਾ 654.

ਸੇਵਾ ਕਰ ਰਹੇ ਕਪੂਰ ਸਿੰਘ ਜੀ ਨੂੰ ਨਵਾਬੀ ਤੇ ਖਿੱਲਤ ਦੇ ਦਿੱਤੀ। ਨਵਾਬ ਕਪੂਰ ਸਿੰਘ ਜੀ ਨੇ ਇਸ ਬੇਨਤੀ 'ਤੇ ਨਵਾਬੀ ਪ੍ਰਵਾਨ ਕੀਤੀ ਕਿ ਨਵਾਬੀ ਪੰਜਾਂ ਸਿੰਘਾਂ ਦੇ ਚਰਨਾਂ ਨੂੰ ਛੁਹਾ ਕੇ ਦਿੱਤੀ ਜਾਵੇ ਅਤੇ ਉਨ੍ਹਾਂ ਤੋਂ ਪੱਖੇ ਅਤੇ ਘੋੜਿਆਂ ਦੀ ਸੇਵਾ ਨਾ ਖੋਹੀ ਜਾਵੇ।[263] ਪੰਜਾਂ ਸਿੰਘਾਂ ਦੇ ਚਰਨਾਂ ਨਾਲ ਨਵਾਬੀ ਦੀ ਖਿੱਲਤ ਛੁਹਾ ਕੇ ਭਾਈ ਕਪੂਰ ਸਿੰਘ ਨੂੰ ਦਿੱਤੀ ਗਈ। ਇਹ ਪੰਜ ਸਿੰਘ ਸਨ- ਭਾਈ ਹਰੀ ਸਿੰਘ ਹਜੂਰੀਆ, ਬਾਬਾ ਦੀਪ ਸਿੰਘ, ਜੱਸਾ ਸਿੰਘ ਰਾਮਗੜ੍ਹੀਆ, ਭਾਈ ਕਰਮ ਸਿੰਘ, ਸਰਦਾਰ ਬੁੱਢਾ ਸਿੰਘ ਸ਼ੁਕਰਚੱਕੀਆ।[264] ਝਬਾਲ, ਦੀਪਾਲਪੁਰ ਅਤੇ ਕੰਗਣਪੁਰ ਦੀ ਇਕ ਲੱਖ ਦੀ ਜਾਗੀਰ ਗੁਰੂ ਕੇ ਲੰਗਰ ਦੇ ਨਾਂ ਲਾਈ ਗਈ।[265]

ਨਵਾਬ ਕਪੂਰ ਸਿੰਘ ਸਮੁੱਚੇ ਖਾਲਸੇ ਦਾ ਸਾਂਝਾ ਨੇਤਾ ਸੀ। ਇਨ੍ਹਾਂ ਨਾਲ ਇਹ ਮੁਖੀ ਸਿੱਖ ਹਰ ਸਮੇਂ ਤਿਆਰ-ਬਰ-ਤਿਆਰ ਰਹਿੰਦੇ ਸਨ: ਸ਼ਾਮ ਸਿੰਘ ਨਾਰੋਕੇ, ਗੁਰਬਖ਼ਸ਼ ਸਿੰਘ ਰੋੜਾਂਵਾਲਾ, ਬਾਘ ਸਿੰਘ ਹੱਲੋਵਾਲੀਆ ਅਤੇ ਭਾਗ ਸਿੰਘ।[266] ਨਵਾਬੀ ਮਿਲਣ ਤੋਂ ਬਾਅਦ ਤੁਰਕਾਂ ਦਾ ਖਿਆਲ ਸੀ ਕਿ ਸਿੰਘ ਨਵਾਬੀ ਦੇ ਸੁੱਖ ਵਿਚ ਅਵੇਸਲੇ ਹੋ ਜਾਣਗੇ ਪਰ ਸਿੰਘਾਂ ਨੇ ਆਪਣੀ ਸ਼ਕਤੀ ਨੂੰ ਹੋਰ ਮਜ਼ਬੂਤ ਕਰਨਾ ਸ਼ੁਰੂ ਕਰ ਦਿੱਤਾ:

ਕਈ ਫਿਰੈਂ ਕਈ ਰਹੈਂ ਗੁਰਦ੍ਵਾਰੇ। ਕਿਨ ਧ੍ਰਮਸਾਲਾ ਕਿਨ ਬੁੰਗੇ ਸੁਧਾਰੇ।[267]

**ਬੁੱਢਾ ਦਲ ਅਤੇ ਤਰਨਾ ਦਲ:**

ਨਵਾਬ ਕਪੂਰ ਸਿੰਘ ਨੇ ਵਧ ਰਹੇ ਖਾਲਸਾ ਪੰਥ ਨੂੰ ਇਕ ਜਥੇਬੰਦਕ ਢਾਂਚੇ ਵਿਚ ਪ੍ਰੋਣ ਦਾ ਕਾਰਜ ਕੀਤਾ। ਜਥਿਆਂ ਦੀ ਗਿਣਤੀ ਕੋਈ ਨਿਸਚਿਤ ਨਹੀਂ ਸੀ।[268] ਨਵਾਬ ਕਪੂਰ ਸਿੰਘ ਦੁਆਰਾ ਸਿੱਖਾਂ ਦੇ ਸੈਨਿਕ ਬਲ ਨੂੰ ਵਿਵਸਥਿਤ ਰੂਪ ਦੇਣ ਲਈ ਸੰਨ 1734 ਈ. ਵਿਚ ਦੋ ਮੁੱਖ ਦਲਾਂ ਵਿਚ ਵੰਡ ਦਿੱਤਾ ਗਿਆ:

ਨਬਾਬ ਕਪੂਰ ਸਿੰਘ ਸਭ ਸੋਂ ਕਹੀ। ਯਹੀ ਬਾਤ ਅਬ ਮੈਂ ਮਨ ਅਈ।

ਅਗੈ ਪੰਥ ਥੋ ਪਿੰਡ ਪਿੰਡ ਫਿਰਤੋ। ਆਪੋ ਅਪਨੀ ਗੁਜਰਹਿ ਕਰਤੋ।

---

263 ਦੀਪਿੰਦ੍ਰ ਸਿੰਘ, ਮੋਹਿ ਮਰਨੇ ਕਾ ਚਾਉ, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਮਿਤੀਹੀਨ, ਪੰਨਾ 23-24.

264 ਹਰਨਾਮ ਦਾਸ ਉਦਾਸੀ, ਗਗਨ ਦਮਾਮਾ ਬਾਜਿਓ, ਸਵੇਰਾ ਪ੍ਰਕਾਸ਼ਨ, ਅੰਦਰੂਨ ਮਾਈ ਹੀਰਾਂ ਗੇਟ, ਜਲੰਧਰ, ਜਨਵਰੀ, 1996, ਪੰਨਾ 38.

265 ਪਿਆਰਾ ਸਿੰਘ ਪਦਮ (ਪ੍ਰੋ.), ਸੰਖੇਪ ਸਿੱਖ ਇਤਿਹਾਸ (1469-1989), ਪੰਨੇ 70-71.

266 ਸੁਖਦਿਆਲ ਸਿੰਘ (ਡਾ.), ਖਾਲਸਾ ਪੰਥ ਦੇ ਪੰਜ ਤਖ਼ਤ, ਪੰਨਾ 28.

267 ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਡਾ. ਬਲਵੰਤ ਸਿੰਘ ਢਿਲੋਂ (ਸੰਪਾ.), ਪੰਨਾ 39.

268 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਤੀਜਾ, ਪੰਨਾ 926.

ਅਬ ਇਕ ਥਾਂ ਪੁਜੈ ਲੰਗਰ ਨਾਂਹੀ। ਕੋਊ ਜੁਗਤਿ ਅਬ ਲਯੋ ਬਨਾਈ।

ਸਿੰਘ ਦੱਯੈ ਜਥੋ ਬਣਾਇ। ਦੇ ਦੇ ਖਰਚ ਉਸ ਦੱਯੈ ਪ੍ਰਚਾਇ।

ਸਭੀ ਖਾਲਸੈ ਸੋ ਮੰਨ ਲਈ। ਪਸੰਦ ਸਭਨ ਕੇ ਯਹਿ ਗਲ ਅਈ।[269]

ਬੁੱਢਾ ਦਲ ਅਤੇ ਤਰਨਾ ਦਲ ਵਿਚ ਸਾਰੇ ਸਿੰਘਾਂ ਨੂੰ ਵਿਵਸਥਿਤ ਕੀਤਾ ਗਿਆ। ਬੁੱਢਾ ਦਲ ਵਿਚ ਚਾਲ੍ਹੀ ਵਰ੍ਹਿਆਂ ਤੋਂ ਵੱਧ ਉਮਰ ਵਾਲੇ ਸਿੰਘ ਸ਼ਾਮਿਲ ਸਨ ਜਦ ਕਿ ਤਰਨਾ ਦਲ ਵਿਚ ਚਾਲ੍ਹੀ ਸਾਲ ਤੋਂ ਹੇਠਲੀ ਉਮਰ ਦੇ ਯੋਧੇ ਰਖੇ ਗਏ ਸਨ। ਇਨ੍ਹਾਂ ਦਾ ਕੰਮ ਵੈਰੀਆਂ ਨਾਲ ਲੋਹਾ ਲੈਣਾ, ਪੰਥ ਨੂੰ ਚੜ੍ਹਦੀ ਕਲਾ ਵਿਚ ਰਖਣਾ ਅਤੇ ਆਪਣੀ ਹੋਂਦ ਲਈ ਸੰਘਰਸ਼ ਕਰਨਾ ਸੀ।[270] ਬੁੱਢਾ ਦਲ ਆਮ ਤੌਰ 'ਤੇ ਧਰਮ ਪ੍ਰਚਾਰ ਦਾ ਕਾਰਜ ਕਰਦਾ ਪਰ ਲੋੜ ਪੈਣ 'ਤੇ ਜੰਗ ਲਈ ਵੀ ਤਿਆਰ ਰਹਿੰਦਾ।[271] ਤਰਨਾ ਦਲ, ਬੁੱਢਾ ਦਲ ਦੀ ਅਗਵਾਈ ਵਿਚ ਚਲਦਾ ਸੀ। ਗਿਆਨੀ ਸੋਹਣ ਸਿੰਘ ਸੀਤਲ ਅਨੁਸਾਰ ਬੁੱਢਾ ਦਲ ਦਾ ਜਥੇਦਾਰ ਸ: ਜੱਸਾ ਸਿੰਘ ਆਹਲੂਵਾਲੀਆ ਸੀ ਅਤੇ ਤਰਨਾ ਦਲ ਦਾ ਜਥੇਦਾਰ ਸ: ਹਰੀ ਸਿੰਘ ਭੰਗੀ ਸੀ।[272]

ਜੋ ਜਥੇ ਵਿਚ ਰਹਿਣ ਵਾਲੇ ਸਿੰਘ ਸਨ, ਉਨ੍ਹਾਂ ਲਈ ਇਹ ਜ਼ਰੂਰੀ ਸੀ ਕਿ ਜਥੇਦਾਰ ਦੀ ਆਗਿਆ ਤੋਂ ਬਿਨਾਂ ਕੋਈ ਵੀ ਦਲ ਤੋਂ ਬਾਹਰ ਜਾਂ ਆਪਣੇ ਘਰ ਨਹੀਂ ਸੀ ਜਾ ਸਕਦਾ। ਜੇਕਰ ਆਗਿਆ ਲੈ ਕੇ ਜਾਣ ਤਾਂ ਵਾਪਿਸ ਆ ਕੇ ਜਦੋਂ ਤੱਕ ਤਨਖ਼ਾਹ ਨਾ ਬਖਸ਼ਾ ਲੈਣ, ਉਦੋਂ ਤੱਕ ਜਥੇ ਵਿਚ ਸ਼ਾਮਿਲ ਨਹੀਂ ਕੀਤੇ ਜਾਂਦੇ ਸਨ।[273]

**ਤਰਨਾ ਦਲ ਦੇ ਪੰਜ ਜਥਿਆਂ ਦਾ ਗਠਨ:**

ਸਿੰਘਾਂ ਦੀ ਗਿਣਤੀ ਵਧ ਜਾਣ ਨਾਲ ਨਵਾਬ ਕਪੂਰ ਸਿੰਘ ਨੇ ਤਰਨਾ ਦਲ ਦੇ ਅੱਗੋਂ ਪੰਜ ਜਥੇ ਬਣਾਏ। ਸ੍ਰੀ ਗੁਰ ਪੰਥ ਪ੍ਰਕਾਸ਼ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਜਥੇ ਬਣਾਏ ਗਏ:

---

269 ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਡਾ. ਬਲਵੰਤ ਸਿੰਘ ਢਿਲੋਂ (ਸੰਪਾ.), ਪੰਨਾ 210.

270 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਤੀਜਾ, ਪੰਨਾ 1036.

271 ਮਹਿੰਦਰ ਕੌਰ ਗਿੱਲ (ਡਾ.), ਸੂਰਾ ਸੋ ਪਹਿਚਾਨੀਐ, ਪੰਨਾ 92.

272 ਸੋਹਣ ਸਿੰਘ ਸੀਤਲ (ਗਿਆਨੀ), ਸਿੱਖ ਰਾਜ ਤੇ ਸ਼ੇਰੇ ਪੰਜਾਬ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2010, ਪੰਨਾ 25.

273 ਹੀਰਾ ਸਿੰਘ 'ਦਰਦ' (ਸੰਪਾ.), ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਕ ਖੋਜ, (ਸਿੱਖ ਰਾਜ ਪੂਰਬਲਾ ਸਮਾਂ), ਭਾਗ ੧, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਜਨਵਰੀ 2014, ਪੰਨਾ ੧੨੨.

ਪੰਜ ਡੇਰਨ ਬਿਧ ਰਚ ਦਈ ਪੰਜ ਨਿਸ਼ਾਨ ਬਨਾਇ।

ਪੰਜੇ ਝੰਡੇ ਤੌ ਗਡੇ ਸ੍ਰੀ ਅਕਾਲ ਬੁੰਗੇ ਤੇ ਲਯਾਇ।[274]

ਗਿਆਨੀ ਗਿਆਨ ਸਿੰਘ ਅਨੁਸਾਰ ਪੰਥ ਨੇ ਗੁਰਮਤਾ ਕਰਕੇ ਪੰਜ ਜਥੇ ਬਣਾ ਲਏ:

ਕਿਤਕ ਕਾਲ ਜਬ ਯੌ ਬਿਤਯੋ ਪੰਥ ਬਢ ਗਯੋ ਸਾਚ।

ਕਰ ਸਿੰਘਨ ਫਿਰ ਗੁਰਮਤਾ ਜਥੇ ਬਨਾਏ ਪਾਂਚ।[275]

ਪੰਜਾਂ ਜਥਿਆਂ ਨੂੰ ਇਕ-ਇਕ ਨਿਸ਼ਾਨ ਸਾਹਿਬ ਦਿੱਤਾ ਗਿਆ। ਪਹਿਲਾ ਨਿਸ਼ਾਨ ਸਾਹਿਬ ਸ਼ਹੀਦਾਂ ਭਾਵ ਨਿਹੰਗ ਸਿੰਘਾਂ ਦੀ ਮਿਸਲ ਦੇ ਬਾਬਾ ਦੀਪ ਸਿੰਘ ਜੀ (ਸ਼ਹੀਦ) ਨੂੰ ਦਿੱਤਾ ਗਿਆ। ਦੂਜਾ ਨਿਸ਼ਾਨ ਸਾਹਿਬ ਅੰਮ੍ਰਿਤਸਰ ਦੇ ਕਰਮ ਸਿੰਘ, ਧਰਮ ਸਿੰਘ ਨੂੰ ਦਿੱਤਾ ਗਿਆ। ਤੀਜਾ ਜਥਾ ਗੁਰੂ ਅੰਸ-ਬੰਸ ਤ੍ਰੇਹਣ ਭੱਲਿਆਂ ਵਿਚੋਂ ਬਾਬਾ ਬਿਨੋਦ ਸਿੰਘ, ਕਾਨ੍ਹ ਸਿੰਘ ਦਾ ਬਣਾਇਆ ਗਿਆ। ਚੌਥਾ ਜਥਾ ਬੁੱਢੇ ਕੋਟ ਦੇ ਗਿੱਲ ਗੋਤ ਦੇ ਦਸੌਂਧਾ ਸਿੰਘ ਦਾ ਬਣਾਇਆ ਗਿਆ ਅਤੇ ਪੰਜਵਾਂ ਜਥਾ ਰੰਘਰੇਟੇ ਸਿੰਘਾਂ ਦਾ ਬਣਾਇਆ ਗਿਆ। ਗਿਆਨੀ ਗਿਆਨ ਸਿੰਘ ਲਿਖਦੇ ਹਨ:

ਪ੍ਰਥਮ ਸ਼ਹੀਦਨ ਔ ਨਿਹੰਗਨ ਫੜਾਯੋ। ਦੀਪ ਸਿੰਘ ਸਿੰਘ ਕਰਮ ਸੁ ਨਾਯੋ।

ਦੂਏ ਕਰਮ ਧਰਮ ਸਿੰਘ ਅੰਮ੍ਰਤਸਰੀਏ। ਦਯੋ ਉਨੈ ਥੋਊ ਜਾਤ ਖਤਰੀਏ।

ਤੀਜੋ ਚਕਯੋ ਬਾਬਨ ਬਡ ਅੰਸੀ। ਤੇਹਣ ਭੱਲੇ ਥੇ ਆਦਿ ਗੁਰ ਅੰਸੀ।

ਚੌਥੇ ਸਿੰਘ ਦਸੌਂਧਾ ਨਾਮ। ਗਿੱਲ ਜੱਟ ਕੋਟ ਬੁਢੈ ਥੇ ਧਾਮ।

ਪੰਜਵੇ ਰੰਘਰੇਟੋ ਬੀਰ ਸਿੰਘ ਨਾਇ। ਹੁਤੋ ਤੇਰਾਂ ਸੈ ਘੋੜੇ ਵਾਇ।[276]

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ਸ਼ਹੀਦਾਂ ਦੇ ਜਥੇ ਵਿਚ ਬਾਬਾ ਦੀਪ ਸਿੰਘ ਜੀ ਸ਼ਹੀਦ ਤੋਂ ਇਲਾਵਾ ਨੱਥਾ ਸਿੰਘ, ਗੁਰਬਖਸ਼ ਸਿੰਘ ਆਦਿਕ ਸਰਦਾਰ ਸਨ। ਅੰਮ੍ਰਿਤਸਰੀਆਂ ਦੇ ਜਥੇ ਵਿਚ ਪ੍ਰੇਮ ਸਿੰਘ, ਧਰਮ ਸਿੰਘ ਸਨ। ਦਸੌਂਧਾ ਸਿੰਘ ਜਿਸਦਾ ਡੱਲੇਵਾਲੀਆਂ ਦਾ ਜਥਾ ਸੀ, ਉਸਦੇ ਜਥੇ ਵਿਚ ਫਤੇ ਸਿੰਘ ਭਗਤੂ

[274] ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਡਾ. ਬਲਵੰਤ ਸਿੰਘ ਢਿਲੋਂ (ਸੰਪਾ.), ਪੰਨਾ 210.

[275] ਗਿਆਨ ਸਿੰਘ (ਗਿਆਨੀ), ਪੰਥ ਪ੍ਰਕਾਸ਼, ਪੰਨਾ 661.

[276] ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਡਾ. ਬਲਵੰਤ ਸਿੰਘ ਢਿਲੋਂ (ਸੰਪਾ.), ਪੰਨਾ 210.

ਕਾ, ਕਰਮ ਸਿੰਘ, ਗੁਰਦਯਾਲ ਸਿੰਘ ਡੱਲੇਵਾਲੇ ਜਥੇਦਾਰ ਸਨ। ਕਾਨ੍ਹ ਸਿੰਘ ਦੇ ਜਥੇ ਵਿਚ ਮੀਰੀ ਸਿੰਘ ਭੱਲਾ, ਹਰੀ ਸਿੰਘ ਢਿਲੋਂ, ਬਾਘ ਸਿੰਘ ਹੱਲੋਵਾਲੀਆ ਸਨ। ਰੰਘਰੇਟੇ ਸਿੰਘਾਂ ਦੇ ਜਥੇ ਵਿਚ ਜਿਉਣ ਸਿੰਘ, ਮਦਨ ਸਿੰਘ ਅਤੇ ਅਮਰ ਸਿੰਘ ਸਨ।[277] ਇਨ੍ਹਾਂ ਪੰਜ ਜਥਿਆਂ ਨੂੰ ਅੰਮ੍ਰਿਤਸਰ ਵਿਖੇ ਰਾਮਸਰ, ਬਿਬੇਕਸਰ, ਲਛਮਣਸਰ, ਕੌਲਸਰ ਅਤੇ ਸੰਤੋਖਸਰ ਦੇ ਸਥਾਨਾਂ ਉੱਤੇ ਨੀਯਤ ਕੀਤਾ ਗਿਆ।[278] ਗੁਰਦੁਆਰਾ ਬਿਬੇਕਸਰ ਸਾਹਿਬ, ਅੰਮ੍ਰਿਤਸਰ ਦੀ ਸੇਵਾ ਪਹਿਲਾਂ ਨਿਹੰਗ ਸਿੰਘ ਕਰਿਆ ਕਰਦੇ ਸਨ। 1925 ਈ. ਤੋਂ ਬਾਅਦ ਇਹ ਗੁਰਦੁਆਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਚਲਿਆ ਗਿਆ।[279] ਹਰਿਮੰਦਰ ਸਾਹਿਬ ਦੇ ਸਰੋਵਰ ਦੇ ਚੜ੍ਹਦੇ ਵਾਲੇ ਪਾਸੇ ਮਜ਼ਹਬੀ ਸਿੰਘਾਂ ਦਾ ਬੁੰਗਾ ਬਣਿਆ ਹੋਇਆ ਸੀ ਜੋ 1834 ਬਿ: ਵਿਚ ਬਣਿਆ ਸੀ।[280]

ਸੰਨ 1745 ਈ. ਵਿਚ ਇਨ੍ਹਾਂ ਜਥਿਆਂ ਨੂੰ ਸੌ-ਸੌ ਸਿੰਘਾਂ ਦੇ ਪੰਝੀ ਜਥਿਆਂ ਵਿਚ ਵਿਵਸਥਿਤ ਕੀਤਾ। ਸੰਨ 1748 ਈ. ਤਕ ਹੋਂਦ ਵਿਚ ਆ ਚੁਕੇ 65 ਜਥਿਆਂ ਨੂੰ 'ਦਲ ਖ਼ਾਲਸਾ' ਅਧੀਨ ਗਿਆਰ੍ਹਾਂ ਮਿਸਲਾਂ ਵਿਚ ਵੰਡ ਦਿੱਤਾ ਗਿਆ। ਇਸ ਤੋਂ ਬਾਅਦ ਜਥੇ ਦੀ ਥਾਂ 'ਮਿਸਲ' ਅਤੇ 'ਜਥੇਦਾਰ' ਦੀ ਥਾਂ 'ਸਰਦਾਰ' ਸ਼ਬਦਾਂ ਦੀ ਵਰਤੋਂ ਸ਼ੁਰੂ ਹੋ ਗਈ।[281] ਹਰ ਜਥੇ ਵਿਚ ਤੇਰਾਂ ਸੌ ਤੋਂ ਲੈ ਕੇ ਦੋ ਹਜ਼ਾਰ ਦੀ ਗਿਣਤੀ ਤੱਕ ਸਿੰਘ ਹੁੰਦੇ ਸਨ। ਅਹਿਮਦਸ਼ਾਹ ਦੁਰਾਨੀ ਦੇ ਸੰਨ 1748 ਈ. ਵਿਚ ਹੋਏ ਪਹਿਲੇ ਹਮਲੇ ਵੇਲੇ ਇਨ੍ਹਾਂ ਜਥਿਆਂ ਦੀ ਗਿਣਤੀ 65 ਤਕ ਪਹੁੰਚ ਗਈ। 29 ਮਾਰਚ 1748 ਈ. ਨੂੰ ਵਿਸਾਖੀ ਵਾਲੇ ਦਿਨ ਸਾਰੇ ਜਥੇ ਅੰਮ੍ਰਿਤਸਰ ਇਕੱਠੇ ਹੋਏ ਅਤੇ ਵੱਡੀ ਜਥੇਬੰਦੀ ਦੀ ਸਥਾਪਨਾ ਕੀਤੀ ਗਈ, ਜਿਸ ਦਾ ਨਾਂ 'ਦਲ ਖਾਲਸਾ' ਰਖਿਆ ਗਿਆ। ਇਸ ਦਲ ਦੀ ਸਥਾਪਨਾ ਨਾਲ ਗਿਆਰਾਂ ਛੋਟੇ ਜਥੇ ਬਣੇ ਜਿਨ੍ਹਾਂ ਨੂੰ ਮਿਸਲਾਂ ਕਿਹਾ ਜਾਣ ਲੱਗਾ। ਇਹ ਸਭ ਸਕੇ ਭਰਾਵਾਂ ਵਾਂਗ ਰਹਿੰਦੇ ਸਨ। ਮੁਸੀਬਤ ਅਤੇ ਔਖੀ ਘੜੀ ਨੇ ਸਭ ਨੂੰ ਇਕਮਿਕ ਕਰਕੇ ਰਖਿਆ ਸੀ।[282] ਛੇ ਮਹੀਨਿਆਂ ਬਾਅਦ ਇਕ ਭੂਰਾ ਅਤੇ ਇਕ ਬਾਣਾ, ਕਛਹਿਰਾ ਅਤੇ ਦਸਤਾਰ ਮਿਲਦੀ। ਉਸ ਵੇਲੇ ਹਰ ਸਿੱਖ ਦੀ

---

277 ਕਾਨ੍ਹ ਸਿੰਘ ਨਾਭਾ (ਭਾਈ), ਗੁਰੁ ਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 580.

278 ਸ਼ਮਸ਼ੇਰ ਸਿੰਘ ਅਸ਼ੋਕ, ਅਠਾਰ੍ਹਵੀਂ ਸਦੀ ਦਾ ਪੰਜਾਬ, ਭਾਸ਼ਾ ਵਿਭਾਗ ਪੰਜਾਬ, 1996, ਪੰਨਾ 9.

279 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਪਹਿਲਾ, ਪੰਨਾ 154.

280 ਕਿਰਪਾਲ ਸਿੰਘ (ਗਿਆਨੀ) (ਸਿੰਘ ਸਾਹਿਬ), ਸ੍ਰੀ ਹਰਿਮੰਦਰ ਸਾਹਿਬ ਦਾ ਸੁਨਿਹਰੀ ਇਤਿਹਾਸ, ਪੰਨਾ ੩੨੮.

281 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਤੀਜਾ, ਪੰਨਾ 926.

282 ਹੀਰਾ ਸਿੰਘ 'ਦਰਦ' (ਸੰਪਾ.), ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਕ ਖੋਜ, (ਸਿੱਖ ਰਾਜ ਪੂਰਬਲਾ ਸਮਾਂ), ਭਾਗ ਤੀਜਾ, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਜੁਲਾਈ 2014, ਪੰਨਾ ੭.

ਜਾਇਦਾਦ ਤਲਵਾਰ, ਭੂਰਾ, ਗੜਵਾ, ਘੋੜਾ ਹੁੰਦਾ ਭਾਂਵੇਂ ਕਾਠੀ ਤੋਂ ਸੱਖਣਾ ਹੀ ਕਿਉਂ ਨਾ ਹੋਵੇ।[283] ਸਿੰਘਾਂ ਦੀ ਪੁਸ਼ਾਕ ਬਾਰੇ ਗਿਆਨੀ ਗਿਆਨ ਸਿੰਘ ਲਿਖਦੇ ਹਨ:

ਖੱਦਰ ਚੌਂਸੀ ਕੇ ਦਸਤਾਰੇ। ਸਾਫੈ ਉਭੈਂ ਹਜੂਰੀ ਭਾਰੇ।

ਇਕ ਇਕ ਭੂਰਾ ਗਾਤੀ ਹੇਤੈਂ। ਦੂਸਰ ਭੂਰਾ ਸਭ ਕੰਮ ਦੇਤੈਂ।[284]

ਸਿੰਘਾਂ ਦੀ ਮਜ਼ਬੂਤ ਜਥੇਬੰਦਕ ਤਾਕਤ ਦੇਖ ਕੇ ਹਕੂਮਤ ਨੇ 1735 ਈ. ਵਿਚ ਜਾਗੀਰ ਜ਼ਬਤ ਕਰ ਲਈ ਗਈ।[285] ਜ਼ਬਤੀ ਦਾ ਪਹਿਲਾ ਅਸਰ ਇਹ ਹੋਇਆ ਕਿ ਬੁੱਢਾ ਦਲ ਨੂੰ ਅੰਮ੍ਰਿਤਸਰ ਛੱਡਣਾ ਪਿਆ।[286] ਜਦੋਂ ਜਾਗੀਰ ਜ਼ਬਤ ਕਰ ਲਈ ਗਈ ਤਾਂ ਆਲਾ ਸਿੰਘ ਨੇ ਆਪਣੀਆਂ ਫੌਜਾਂ ਬੁੱਢਾ ਦਲ ਵਿਚ ਮਿਲਾ ਦਿੱਤੀਆਂ।[287] ਬੁੱਢਾ ਦਲ ਮਾਲਵੇ ਆ ਗਿਆ। ਬਰਨਾਲੇ ਵਿਖੇ ਬਾਬਾ ਆਲਾ ਸਿੰਘ ਨੇ ਨਵਾਬ ਕਪੂਰ ਸਿੰਘ ਹੱਥੋਂ ਅੰਮ੍ਰਿਤਪਾਨ ਕੀਤਾ।[288] ਬਾਬਾ ਆਲਾ ਸਿੰਘ, ਫੂਲ ਵੰਸ਼ ਵਿਚੋਂ ਸਨ। ਬਾਬਾ ਆਲਾ ਸਿੰਘ ਸੰਮਤ 1748 ਬਿ. ਵਿਚ ਪੈਦਾ ਹੋਏ।[289] ਜਿਹੜੇ ਸਿੱਖ ਜੰਗਲਾਂ ਅਤੇ ਪਹਾੜਾਂ ਵਿਚ ਜਾ ਕੇ ਲੁਕ ਗਏ ਸਨ ਅਤੇ ਸਮੇਂ-ਸਮੇਂ 'ਤੇ ਮੌਕਾ ਦੇਖ ਕੇ ਹਮਲਾ ਕਰਦੇ ਉਨ੍ਹਾਂ ਜਥਿਆਂ ਨੂੰ ਧਾੜਵੀ ਜਥੇ ਕਿਹਾ ਜਾਂਦਾ ਸੀ।[290] ਇਨ੍ਹਾਂ ਜਥਿਆਂ ਦਾ ਇਕ ਦੂਜੇ ਨਾਲ ਪੂਰਾ ਰਾਬਤਾ ਹੁੰਦਾ ਸੀ। ਇਹ ਟੋਲਿਆਂ ਵਿਚ ਹੋਣ ਕਰਕੇ, ਗੁਰੂ 'ਤੇ ਅਤੁੱਟ ਭਰੋਸਾ ਹੋਣ ਕਾਰਨ ਨੰਗੇ ਪਿੰਡੇ, ਟੁੱਟੇ ਹਥਿਆਰਾਂ, ਮਰੀਅਲ ਘੋੜਿਆਂ, ਸਾਦੇ ਭੂਰਿਆਂ ਦੀ ਗਿਲਤੀਆਂ ਮਾਰਕੇ ਵੀ ਚੜ੍ਹਦੀ ਕਲਾ ਵਿਚ ਰਹਿੰਦੇ ਸਨ।[291] ਸਿੰਘਾਂ ਦਾ ਆਪਸ ਵਿਚ ਬਹੁਤ ਪਿਆਰ ਅਤੇ ਸਤਿਕਾਰ ਸੀ। ਸ਼ਹੀਦ ਭਾਈ ਰਤਨ ਸਿੰਘ ਭੰਗੂ ਸਿੰਘਾਂ ਦੇ ਆਪਸੀ ਭਾਈਚਾਰੇ ਬਾਰੇ ਲਿਖਦੇ ਹਨ:

---

283 ਹਰਨਾਮ ਦਾਸ ਉਦਾਸੀ, ਗਗਨ ਦਮਾਮਾ ਬਾਜਿਓ, ਪੰਨਾ 58.

284 ਗਿਆਨ ਸਿੰਘ (ਗਿਆਨੀ), ਪੰਥ ਪ੍ਰਕਾਸ਼, ਪੰਨੇ 659-660.

285 ਪਿਆਰਾ ਸਿੰਘ ਪਦਮ (ਪ੍ਰੋ.), ਸੰਖੇਪ ਸਿੱਖ ਇਤਿਹਾਸ (1469-1989), ਕਲਮ ਮੰਦਿਰ, ਪਟਿਆਲਾ, 1990, ਪੰਨਾ 72.

286 ਰੂਪ ਸਿੰਘ (ਸੰਪਾ.), ਪ੍ਰਮੁੱਖ ਸਿੱਖ ਸ਼ਖਸੀਅਤਾਂ, ਪੰਨਾ 110.

287 ਖੁਸ਼ਵੰਤ ਸਿੰਘ, ਸਿੱਖ ਹਿਸਟਰੀ, ਨਵਯੁਗ ਪਬਲਿਸ਼ਰਜ਼, 2003, ਪੰਨਾ 94.

288 ਪਿਆਰਾ ਸਿੰਘ ਪਦਮ (ਪ੍ਰੋ.), ਸੰਖੇਪ ਸਿੱਖ ਇਤਿਹਾਸ (1469-1989), ਪੰਨਾ 72.

289 ਕਰਮ ਸਿੰਘ ਹਿਸਟੋਰੀਅਨ, ਬਾਬਾ ਆਲਾ ਸਿੰਘ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2006, ਪੰਨਾ 32.

290 ਹੰਸਰਾਜ ਰਹਿਬਰ, ਬੋਲੇ ਸੋ ਨਿਹਾਲ, ਅਮਰਜੀਤ ਕੌਰ (ਅਨੁਵਾਦਕ), ਸ਼੍ਰੀ ਪ੍ਰਕਾਸ਼ਨ, ਦਿੱਲੀ, 2007, ਪੰਨਾ 15.

291 ਅਮਰਜੀਤ ਕੌਰ ਬਮਰ੍ਹਾ (ਡਾ.), ਗੁਰੂ ਪੰਥ ਵਿੱਚ ਵਾਪਸੀ ਬਾਬਾ ਵਡਭਾਗ ਸਿੰਘ ਜੀ, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਫਰਵਰੀ 2018, ਪੰਨਾ 61.

ਕੋਊ ਕਰੈ ਨ ਕਿਸੀ ਸ਼ਰੀਕਾ। ਕੋਈ ਨ ਸੁਨਾਵੈ ਦੁਖ ਨਿਜ ਜੀ ਕਾ।[292]

ਕੁਝ ਕੁ ਪਿੰਡਾਂ ਦੇ ਲੋਕ ਤੁਰਕਾਂ ਨੂੰ ਸਿੰਘਾਂ ਦੀ ਮੁਖਬਰੀ ਕਰਦੇ ਸਨ। ਤੁਰਕਾਂ ਦੀ ਸਹਾਇਤਾ ਕਰਨ ਵਾਲੇ ਚੌਧਰੀ ਕਰਮਾ ਛੀਨਾ, ਤਲਵੰਡੀ ਦਾ ਚੌਧਰੀ ਰਾਮਾ ਰੰਧਾਵਾ, ਜੋਧ ਨਗਰੀ ਦਾ ਚੌਧਰੀ ਧਰਮ ਦਾਸ ਟੋਪੀ, ਜੰਡਿਆਲੇ ਦਾ ਚੌਧਰੀ ਸਰਨ ਦਾਸ ਹੰਦਾਲੀਆ, ਨੁਸ਼ਹਿਰੇ ਢਾਲੇ ਦਾ ਚੌਧਰੀ ਸਾਹਿਬ ਰਾਇ, ਮੰਡਿਆਲੀ ਦਾ ਮੱਸਾ ਰੰਘੜ, ਨੁਸ਼ਿਹਰੇ ਪਨੂੰਆਂ ਅਤੇ ਮਜੀਠੇ ਦੇ ਚੌਧਰੀ ਸਿੰਘਾਂ ਦੇ ਵੈਰੀ ਸਨ।[293] ਸੰਨ 1738 ਈ. ਵਿਚ ਜ਼ਕਰੀਆ ਖਾਨ ਨੇ ਕੌੜਾ ਮੱਲ ਨੂੰ ਮੁਲਤਾਨ ਦਾ ਦੀਵਾਨ ਬਣਾਇਆ।[294] ਨਿਹੰਗ ਸਿੰਘਾਂ ਨੇ ਕੌੜਾ ਮੱਲ ਨੂੰ ਮਿੱਠਾ ਮੱਲ ਦਾ ਖਿਤਾਬ ਦਿੱਤਾ ਸੀ।[295]

**ਭਾਈ ਮਨੀ ਸਿੰਘ ਜੀ ਦੀ ਸ਼ਹੀਦੀ:**

1738 ਈ. ਵਿਚ ਭਾਈ ਮਨੀ ਸਿੰਘ ਨੇ ਜ਼ਕਰੀਆ ਖਾਂ ਕੋਲੋਂ ਦੀਵਾਲੀ ਮਨਾਉਣ ਲਈ ਆਗਿਆ ਮੰਗੀ ਪਰ ਜ਼ਕਰੀਆ ਖਾਂ ਸਿੱਖਾਂ ਨੂੰ ਘੇਰ ਕੇ ਮਰਵਾ ਦੇਣ ਦੀ ਤਾਕ ਵਿਚ ਸੀ। ਇਸ ਕਰਕੇ ਭਾਈ ਮਨੀ ਸਿੰਘ ਜੀ ਨੇ ਸਿੱਖਾਂ ਨੂੰ ਦੀਵਾਲੀ ਮੌਕੇ ਅੰਮ੍ਰਿਤਸਰ ਆਉਣ ਤੋਂ ਰੋਕ ਦਿੱਤਾ। ਹਰਜ਼ਾਨਾ ਨਾ ਭਰਨ ਅਤੇ ਇਸਲਾਮ ਕਬੂਲ ਨਾ ਕਰਨ ਕਰਕੇ ਭਾਈ ਮਨੀ ਸਿੰਘ ਜੀ ਨੂੰ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ ਸੀ।[296]

**ਨਾਦਰ ਸ਼ਾਹ ਦਾ ਹਮਲਾ:**

1739 ਈ. ਵਿਚ ਨਾਦਰ ਸ਼ਾਹ (1688-1747 ਈ.) ਨੇ ਹਿੰਦੁਸਤਾਨ ਉੱਤੇ ਹਮਲਾ ਕਰ ਕੇ ਦਿੱਲੀ ਦੀ ਲੁੱਟ ਮਾਰ ਕੀਤੀ ਅਤੇ ਕੋਹਿਨੂਰ ਹੀਰੇ ਸਮੇਤ ਬਹੁਤ ਸਾਰੀ ਧਨ-ਦੌਲਤ ਆਪਣੇ ਨਾਲ ਲੈ ਗਿਆ।[297] ਉਸ ਸਮੇਂ ਦਿੱਲੀ ਦਾ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲਾ ਸੀ। ਜ਼ਕਰੀਆ ਖਾਂ ਅਤੇ ਉਸਦੇ ਪੁੱਤਰਾਂ ਨੇ ਨਾਦਰ

---

292 ਰਤਨ ਸਿੰਘ ਭੰਗੂ (ਸ਼ਹੀਦ), ਪ੍ਰਾਚੀਨ ਪੰਥ ਪ੍ਰਕਾਸ਼, ਭਾਈ ਵੀਰ ਸਿੰਘ (ਸੰਪਾ.), ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, ਅੱਠਵੀਂ ਵਾਰ, ਫਰਵਰੀ 2008, ਪੰਨਾ ੨੬੦.

293 ਹੀਰਾ ਸਿੰਘ 'ਦਰਦ' (ਸੰਪਾ.), ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਕ ਖੋਜ, (ਸਿੱਖ ਰਾਜ ਪੂਰਬਲਾ ਸਮਾਂ), ਭਾਗ ੧, ਪੰਨੇ ੧੧੮-੧੧੯.

294 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਦੂਜਾ, ਪੰਨਾ 605.

295 ਬਲਬੀਰ ਸਿੰਘ (ਡਾ.), ਸ੍ਰੀ ਚਰਣਹਰਿ ਵਿਸਥਾਰ, ਸੈਂਚੀ ਪਹਿਲੀ, ਖਾਲਸਾ ਸਮਾਚਾਰ, ਹਾਲ ਬਾਜ਼ਾਰ, ਅੰਮ੍ਰਿਤਸਰ, ਅਕਤੂਬਰ, 1942, ਪੰਨੇ 31-32.

296 ਸਤਿਬੀਰ ਸਿੰਘ (ਪ੍ਰਿੰਸੀਪਲ), ਅਠਾਰਵੀਂ ਸਦੀ ਵਿਚ ਬੀਰ ਪਰੰਪਰਾ ਦਾ ਵਿਕਾਸ, ਪੰਨਾ 122.

297 ਪਿਆਰਾ ਸਿੰਘ ਦਾਤਾ, ਸਿੱਖ ਇਤਿਹਾਸ ਦੇ ਖੂਨੀ ਪੱਤਰੇ, ਪੰਨੇ 86-87.

ਸ਼ਾਹ ਦੀ ਅਧੀਨਗੀ ਸਵੀਕਾਰ ਕਰ ਲਈ ਸੀ।[298] ਜ਼ਕਰੀਆ ਖਾਂ ਦੇ ਪੁੱਤਰ ਸ਼ਾਹ ਨਵਾਜ਼ ਦਾ ਅਸਲੀ ਨਾਂ ਮਿਰਜ਼ਾ ਫਿਲੋਰੀ ਹਯਾਉੱਲਾ ਖਾਨ ਸੀ।[299] ਨਾਦਰ ਸ਼ਾਹ ਨੇ ਜ਼ਕਰੀਆ ਖਾਂ ਤੋਂ ਸਿੰਘਾਂ ਬਾਰੇ ਪੁੱਛਿਆ ਤਾਂ ਉਸਨੇ ਦੱਸਿਆ ਕਿ ਇਹ ਨੰਗੇ ਪਿੰਡੇ ਹੀ ਸੌ-ਸੌ ਕੋਹ ਭੱਜੇ ਫਿਰਦੇ ਹਨ, ਲੱਕ 'ਤੇ ਕਛਹਿਰਾ, ਸਿਰ ਤੇ ਪਟਕਾ ਹੁੰਦਾ ਹੈ, ਇਹ ਘਾਹ-ਫੂਸ ਖਾਹ ਕੇ ਗੁਜ਼ਾਰਾ ਕਰਦੇ ਹਨ, ਗਰਮੀ-ਸਰਦੀ ਦੀ ਪ੍ਰਵਾਹ ਨਹੀਂ ਕਰਦੇ, ਵੰਡ ਕੇ ਖਾਂਦੇ ਅਤੇ ਮਰਨ ਨੂੰ ਤਿਆਰ ਰਹਿੰਦੇ ਹਨ।[300] ਇਹ ਸੁਣ ਕੇ ਨਾਦਰ ਸ਼ਾਹ ਨੇ ਸਿੱਖਾਂ ਬਾਰੇ ਆਖਿਆ ਕਿ ਇਨ੍ਹਾਂ ਉੱਤੇ ਜਲਦੀ ਕਾਬੂ ਪਾਉਣਾ ਚਾਹੀਦਾ ਹੈ ਨਹੀਂ ਤਾਂ ਇਹ ਆਉਣ ਵਾਲੇ ਸਮੇਂ ਵਿਚ ਦੇਸ਼ ਦੇ ਰਾਜੇ ਹੋਣਗੇ।

ਉਸ ਸਮੇਂ ਸਮਾਜ ਵਿਚ ਕਾਨੂੰਨ ਤੇ ਵਿਵਸਥਾ ਸਰਕਾਰ ਵਲੋਂ ਹੀ ਟੁੱਟ ਰਹੀ ਸੀ। ਫਕੀਰਾਂ ਅਤੇ ਭਿਖਾਰੀਆਂ ਦੇ ਭੇਸ ਵਿਚ ਸਿੱਖਾਂ ਅਤੇ ਸਰਕਾਰ ਦੇ ਜਾਸੂਸ ਵੀ ਹੁੰਦੇ ਸਨ। ਅੰਮ੍ਰਿਤਸਰ ਅਤੇ ਲਾਹੌਰ ਦੇ ਦਰਮਿਆਨ ਅਲਹੋਲ ਵਿਚ ਸਾਈਂ ਜ਼ਹੀਰ ਬਖਸ਼ ਦੇ ਤਕੀਏ ਵਿਚ ਉੱਜੜ ਚੁੱਕੇ ਹਿੰਦੂ ਜਾਟਾਂ ਅਤੇ ਸਿੱਖਾਂ ਦੇ ਬੱਚੇ ਵੀ ਰਹਿੰਦੇ ਸਨ ਜਿਨ੍ਹਾਂ ਨੂੰ ਗੁਪਤ ਰੂਪ ਵਿਚ ਜਾਸੂਸੀ ਕਰਨਾ ਵੀ ਸਿਖਾਇਆ ਜਾਂਦਾ ਸੀ ਅਤੇ ਵੱਡੇ ਹੋ ਕੇ ਉਹ ਸਿੰਘਾਂ ਦੇ ਗੁਰੀਲਾ ਅੰਦੋਲਨ ਵਿਚ ਜਾ ਰਲਦੇ ਸਨ।[301]

1734 ਈ. ਤੋਂ 1747 ਈ. ਤਕ ਅੰਮ੍ਰਿਤਸਰ ਸ਼ਹਿਰ 'ਤੇ ਸ੍ਰੀ ਹਰਿਮੰਦਰ ਸਾਹਿਬ ਉੱਪਰ ਤੁਰਕਾਂ ਦਾ ਕਬਜ਼ਾ ਰਿਹਾ।[302] ਜ਼ਕਰੀਆ ਖਾਂ ਦੇ ਸਮੇਂ ਲਾਹੌਰ ਦਾ ਨਖਾਸ ਚੌਂਕ ਸਿੱਖਾਂ ਦੀ ਕਤਲਗਾਹ ਬਣ ਗਿਆ ਸੀ। ਇਸੇ ਸਮੇਂ ਵਿਚ ਹੀ ਮਾੜੀ ਕੰਬੋ ਕੀ ਦੇ ਸੁੱਖਾ ਸਿੰਘ ਅਤੇ ਮੀਰਾਂਕੋਟ ਦੇ ਮਹਿਤਾਬ ਸਿੰਘ ਨੇ ਮੱਸੇ ਰੰਘੜ ਦਾ ਸਿਰ ਵੱਢ ਕੇ ਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਦਾ ਬਦਲਾ ਲਿਆ। ਜ਼ਕਰੀਆ ਖਾਂ ਦੇ ਸਮੇਂ ਹੀ 1739 ਈ. ਨੂੰ ਬਾਬਾ ਗਰਜਾ ਸਿੰਘ ਅਤੇ ਬੋਤਾ ਸਿੰਘ ਦੀ ਸ਼ਹਾਦਤ ਹੋਈ।[303] ਇਸੇ ਤਰ੍ਹਾਂ ਭਾਈ ਤਾਰੂ ਸਿੰਘ ਜੀ ਨੂੰ

---

298 ਕਨ੍ਹੱਈਆ ਲਾਲ, ਤਾਰੀਖ਼-ਇ-ਪੰਜਾਬ, ਜੀਤ ਸਿੰਘ ਸੀਤਲ (ਅਨੁ.), ਪੰਨਾ 63.

299 ਅਗਰਾ, ਵਾਰ ਹਕੀਕਤ ਰਾਇ, ਤੇਜ ਕੌਰ ਵਿਗ (ਸੰਪਾ.), ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, ਜੂਨ 1966, ਪੰਨਾ 88.

300 ਗਿਆਨ ਸਿੰਘ (ਗਿਆਨੀ), ਪੰਥ ਪ੍ਰਕਾਸ਼, ਪੰਨੇ 727-728.

301 ਹੰਸਰਾਜ ਰਹਿਬਰ, ਬੋਲੇ ਸੋ ਨਿਹਾਲ, ਅਮਰਜੀਤ ਕੌਰ (ਅਨੁਵਾਦਕ.), ਪੰਨਾ 27.

302 ਕਿਰਪਾਲ ਸਿੰਘ (ਗਿਆਨੀ) (ਸਿੰਘ ਸਾਹਿਬ), ਸ੍ਰੀ ਹਰਿਮੰਦਰ ਸਾਹਿਬ ਦਾ ਸੁਨਿਹਰੀ ਇਤਿਹਾਸ, ਪੰਨਾ ੧੪੯.

303 ਸਰਬਜਿੰਦਰ ਸਿੰਘ (ਡਾ.), ਮਰਣੁ ਕਬੂਲਿ, ਪੰਨਾ 73.

1745 ਈ. ਵਿਚ ਖੋਪੜੀ ਲੁਹਾ ਕੇ ਸ਼ਹੀਦ ਕੀਤਾ ਗਿਆ। ਭਾਈ ਤਾਰੂ ਸਿੰਘ ਦੀ ਸ਼ਹਾਦਤ ਤੋਂ ਇਕ ਦਿਨ ਪਹਿਲਾਂ ਜ਼ਕਰੀਆਂ ਖਾਂ, ਭਾਈ ਤਾਰੂ ਸਿੰਘ ਦੇ ਪੈਰ ਦੀ ਜੁੱਤੀ ਸਿਰ ਤੇ ਖਾਂਦਾ ਹੋਇਆ ਮਰ ਗਿਆ ਸੀ।

ਜ਼ਕਰੀਏ ਸਿਰ ਕਲਵਤ੍ਰ ਧਰਾਯੋ।

ਕੀ ਲਿਖਿਆ ਰਹਿ ਗਿਆ ਬਾਕੀ ਦਾ।[304]

ਜ਼ਕਰੀਆ ਖਾਂ ਦੀ ਮੌਤ ਤੋਂ ਬਾਅਦ ਉਸਦੇ ਦੋ ਪੁੱਤਰਾਂ ਯਾਹੀਆ ਖਾਂ ਅਤੇ ਸ਼ਾਹ ਨਿਵਾਜ਼ ਖਾਂ ਵਿਚ ਘਰੋਗੀ ਲੜਾਈ ਸ਼ੁਰੂ ਹੋ ਗਈ। ਯਾਹੀਆ ਖਾਂ ਆਪਣੇ ਦੀਵਾਨ ਲਖਪਤ ਰਾਇ ਦੇ ਹੱਥ ਵਿਚ ਇਕ ਕਠਪੁਤਲੀ ਦੀ ਤਰ੍ਹਾਂ ਸੀ।[305] ਸ਼ਾਹ ਨਵਾਜ਼, ਯਾਹੀਆਂ ਖਾਂ ਨੂੰ ਕੈਦ ਕਰਕੇ 21 ਮਾਰਚ 1747 ਨੂੰ ਲਾਹੌਰ ਦਾ ਹਾਕਮ ਬਣਿਆ ਅਤੇ ਇਸ ਨੇ ਲਖਪਤ ਰਾਇ ਨੂੰ ਹਟਾ ਕੇ ਕੌੜਾ ਮੱਲ ਨੂੰ ਆਪਣਾ ਦੀਵਾਨ ਬਣਾਇਆ। ਦੀਵਾਨ ਕੌੜਾ ਮੱਲ ਇਕ ਤਰ੍ਹਾਂ ਦਾ ਸਹਿਜਧਾਰੀ ਸਿੱਖ ਹੀ ਸੀ, ਉਸ ਦੇ ਸਮੇਂ ਸਿੱਖ ਵੀ ਸ਼ਾਂਤੀ ਨਾਲ ਟਿਕੇ ਰਹੇ।[306] ਕੌੜਾ ਮੱਲ ਨੇ ਤਿੰਨ ਲੱਖ ਰੁਪਇਆ ਖਰਚ ਕੇ ਨਨਕਾਣਾ ਸਾਹਿਬ ਵਿਖੇ ਗੁਰਦੁਆਰਾ ਬਾਲ ਲੀਲਾ ਬਣਵਾਇਆ ਸੀ।[307] ਅਦੀਨਾ ਬੇਗ ਦੀ ਗੱਦਾਰੀ ਕਾਰਨ ਕੌੜਾ ਮੱਲ ਮਾਰਿਆ ਗਿਆ ਸੀ। ਅਦੀਨਾ ਬੇਗ ਜਲੰਧਰ ਦਾ ਸੂਬੇਦਾਰ ਸੀ ਜੋ ਕਿ ਚਲਾਕ ਅਤੇ ਮਤਲਬੀ ਕਿਸਮ ਦਾ ਆਦਮੀ ਸੀ।[308] ਸਿੱਖਾਂ ਦੇ ਮਾਮਲੇ ਵਿਚ ਅਦੀਨਾ ਬੇਗ ਨੇ ਕਈ ਵਾਰੀ ਆਪਣੀ ਨੀਤੀ ਬਦਲੀ। ਕਦੇ ਨਰਮ, ਕਦੇ ਸਖ਼ਤ, ਕਦੇ ਨਾਲ ਮਿਲਾਉਣ ਅਤੇ ਕਦੇ ਦਬਾਉਣ ਦੀ।[309] ਸਿੰਘ ਕਾਹਨੂੰਵਾਨ ਦੇ ਛੰਭ, ਬੀਕਾਨੇਰ ਦੇ ਮਾਰੂਥਲ, ਪਹਾੜਾਂ ਦੀਆਂ ਕੰਦਰਾਂ ਅਤੇ ਬਘਿਆੜਾਂ ਦੀਆਂ ਖੱਡਾਂ ਵਿਚ ਰਹਿ ਕੇ ਦਿਨ ਕੱਟਦੇ ਸਨ:

ਕੋਊ ਸਿੰਘ ਕਾਨਨ ਮੈਂ ਬਹੈਂ। ਸ਼ੇਰ ਬਘਯਾੜ ਖੱਡਨ ਮੈਂ ਰਹੈਂ।

ਕੋਊ ਦਰਯਾਉ ਬਰੇਤੀ ਰਹੈਂ। ਤੁਰਕ ਜਾਇ ਤਾਂਹੀ ਥਾਂ ਲਹੈਂ।[310]

---

[304] ਜੀਤ ਸਿੰਘ ਸੀਤਲ, ਬੁਲ੍ਹੇ ਸ਼ਾਹ ਜੀਵਨ ਤੇ ਰਚਨਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ 103.

[305] ਬਲਬੀਰ ਸਿੰਘ (ਡਾ.), ਸ੍ਰੀ ਚਰਣਹਰਿ ਵਿਸਥਾਰ, ਸੈਂਚੀ ਪਹਿਲੀ, ਪੰਨਾ 9.

[306] ਪਿਆਰਾ ਸਿੰਘ ਪਦਮ (ਪ੍ਰੋ.), ਸੰਖੇਪ ਸਿੱਖ ਇਤਿਹਾਸ (1469-1989), ਪੰਨਾ 83.

[307] ਗੰਡਾ ਸਿੰਘ, ਮਹਾਰਾਜਾ ਕੌੜਾ ਮੱਲ ਬਹਾਦੁਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ, 2000, ਪੰਨਾ 51.

[308] ਬਲਬੀਰ ਸਿੰਘ (ਡਾ.), ਸ੍ਰੀ ਚਰਣਹਰਿ ਵਿਸਥਾਰ, ਸੈਂਚੀ ਪਹਿਲੀ, ਪੰਨਾ 7 (ਫੁਟਨੋਟ)

[309] ਉਹੀ, ਪੰਨੇ 7-8.

[310] ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਡਾ. ਬਲਵੰਤ ਸਿੰਘ ਢਿਲੋਂ (ਸੰਪਾ.), ਪੰਨਾ ੨੯੬.

ਇੰਨ੍ਹੇ ਦੁਖ ਝੱਲਦੇ ਹੋਇਆਂ ਵੀ ਸਿੰਘ, ਖਾਲਸਾ ਰਾਜ ਦਾ ਦਾਵਾ ਨਹੀਂ ਛਡਦੇ ਸਨ। ਇਨ੍ਹਾਂ ਦਿਨਾਂ ਵਿਚ ਹੀ ਛੋਟਾ ਘਲੂੱਘਾਰਾ ਵਾਪਰਿਆ ਸੀ।

**ਛੋਟੇ ਘੱਲੂਘਾਰੇ ਦਾ ਕਾਰਨ ਜਾਂ ਮੁੱਢ:**

ਇਕ ਵਾਰ ਖੁਖਰਾਨ ਪਿੰਡ ਵਿਚ ਬੈਠੇ ਜਸਪਤ ਰਾਏ ਨੂੰ ਗੌਂਦਲਾਂਵਾਲੇ ਪਿੰਡ ਦੇ ਇਕ ਵਸਨੀਕ ਨੇ ਖ਼ਬਰ ਦਿੱਤੀ ਕਿ ਸਿੰਘਾਂ ਦਾ ਇਕ ਤਕੜਾ ਜਥਾ ਇਸ ਪਾਸੇ ਘੁੰਮ ਰਿਹਾ ਹੈ।[311] ਸਾਰੇ ਸਿੰਘ ਦੋ ਹਜ਼ਾਰ ਦੀ ਗਿਣਤੀ ਵਿਚ ਸਨ।[312] ਲਖਪਤ ਰਾਇ ਦੇ ਭਰਾ ਜਸਪਤ ਰਾਇ ਨੇ ਖਾਲਸੇ ਨੂੰ ਭਜਾਉਣ ਦੀ ਕੋਸ਼ਿਸ਼ ਕੀਤੀ ਤਾਂ ਇਕ ਰੰਘਰੇਟੇ ਸਿੱਖ ਭਾਈ ਨਿਬਾਹੂ ਸਿੰਘ ਨੇ ਹਾਥੀ ਦੀ ਪੂਛ ਫੜ ਕੇ ਜਸਪਤ ਰਾਇ ਦਾ ਸਿਰ ਵੱਢ ਦਿੱਤਾ ਸੀ।[313] ਸਿੰਘਾਂ ਨੂੰ ਮਾਰਨ ਗਿਆ ਜਸਪਤ ਰਾਇ ਆਪ ਹੀ ਮਰ ਗਿਆ ਸੀ।[314] ਪਿਛੋਂ ਇਨ੍ਹਾਂ ਦੋਹਾਂ ਭਰਾਵਾਂ ਦੇ ਗੁਰੂ ਬਾਵਾ ਕਿਰਪਾ ਰਾਮ ਗੁਸਾਈਂ ਵਲੋਂ ਪੰਜ ਸੌ ਰੁਪਏ ਦੇਣ 'ਤੇ ਸਿੱਖਾਂ ਨੇ ਜਸਪਤ ਰਾਇ ਦਾ ਸਿਰ ਵਾਪਿਸ ਕੀਤਾ।[315] ਇਸ ਘਟਨਾ ਨਾਲ ਛੋਟੇ ਘਲੂੱਘਾਰੇ ਦਾ ਮੁੱਢ ਬੱਝਾ ਸੀ।

**ਛੋਟਾ ਘੱਲੂਘਾਰਾ:**

'ਘੱਲੂਘਾਰਾ' ਸ਼ਬਦ ਸਿੱਖ ਇਤਿਹਾਸ ਦੀ ਪਰਿਭਾਸ਼ਿਕ ਸ਼ਬਦਾਵਲੀ ਦਾ ਪ੍ਰਚਲਿਤ ਸ਼ਬਦ ਹੈ। ਇਸ ਤੋਂ ਭਾਵ ਹੈ ਸਰਵਨਾਸ਼, ਤਬਾਹੀ, ਬਰਬਾਦੀ। ਅੰਗ੍ਰੇਜ਼ੀ ਭਾਸ਼ਾ ਵਿਚ ਘੱਲੂਘਾਰੇ ਲਈ 'Holocaust' ਸ਼ਬਦ ਮਿਲਦਾ ਹੈ। Holo ਦਾ ਅਰਥ ਹੈ: Whole, Complete, Entire ਅਤੇ Caust ਤੋਂ ਭਾਵ ਹੈ: 'Destruction by fire' ਇਸ ਲਈ Holocaust ਤੋਂ ਭਾਵ ਹੈ ਅੱਗ ਦੁਆਰਾ ਸੰਪੂਰਨ (ਸਾਰੀ) ਤਬਾਹੀ ਕਰ ਦੇਣਾ।[316]

ਆਪਣੇ ਛੋਟੇ ਭਰਾ ਦੀ ਮੌਤ 'ਤੇ ਲਖਪਤ ਰਾਇ ਨੇ ਪ੍ਰਤੱਗਿਆ ਕੀਤੀ ਕਿ ਇਹ ਫਿਰਕਾ ਇਕ ਖੱਤਰੀ ਨੇ ਤੋਰਿਆ ਹੈ, ਇਸ ਦਾ ਨਾਮੋ ਨਿਸ਼ਾਨ ਇਕ ਖੱਤਰੀ (ਲਖਪਤ ਰਾਇ) ਹੀ ਮਿਟਾਵੇਗਾ।[317] ਲਖਪਤ ਰਾਇ ਨੇ ਗੁਰਦੁਆਰੇ ਢਾਹੇ ਤੇ ਗੁਰਮੁਖੀ ਲਿਖਤਾਂ ਇਕੱਠੀਆਂ ਕਰਵਾ ਕੇ ਸਾੜੀਆਂ ਅਤੇ ਡੋਬੀਆਂ।[318]

---

311 ਸਵਰਨ ਸਿੰਘ, ਪਹਿਲਾ ਘੱਲੂਘਾਰਾ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਜੁਲਾਈ 2015, ਪੰਨਾ 38.

312 ਸਮਸ਼ੇਰ ਸਿੰਘ ਅਸ਼ੋਕ, ਸਿੱਖੀ ਤੇ ਸਿੱਖ ਇਤਿਹਾਸ, ਲਾਹੌਰ ਬੁਕ ਸ਼ਾਪ, ਘੰਟਾ ਘਰ, ਲੁਧਿਆਣਾ, ਸਤੰਬਰ, 1951, ਪੰਨਾ ੧੮੪.

313 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਤੀਜਾ, ਪੰਨਾ 903.

314 ਅਗਰਾ, ਵਾਰ ਹਕੀਕਤ ਰਾਇ, ਤੇਜ ਕੌਰ ਵਿੰਗ (ਸੰਪਾ.), ਪੰਨਾ 85.

315 ਪਿਆਰਾ ਸਿੰਘ ਦਾਤਾ, ਸਿੱਖ ਇਤਿਹਾਸ ਦੇ ਖ਼ੂਨੀ ਪੱਤਰੇ, ਪੰਨਾ 92(ਫੁਟਨੋਟ)

316 ਰੂਪ ਸਿੰਘ (ਡਾ.)(ਸੰਪਾ.), ਸਿੱਖ ਸੰਗਰਾਮ ਦੀ ਦਾਸਤਾਨ, ਪੰਨਾ 23.

317 ਬਲਬੀਰ ਸਿੰਘ ਮੈਨੇਜਰ (ਡਾ.), ਸ੍ਰੀ ਚਰਣਹਰਿ ਵਿਸਥਾਰ, ਸੈਂਚੀ ਪਹਿਲੀ, ਪੰਨਾ 11.

318 ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਡਾ. ਬਲਵੰਤ ਸਿੰਘ ਢਿਲੋਂ (ਸੰਪਾ.), ਪੰਨਾ ੩੦੩.

ਸਿੱਖਾਂ ਦੇ ਕਈ ਸਾਹਿਤਿਕ ਗ੍ਰੰਥ ਲਖਪਤ ਰਾਇ ਦੇ ਹੱਥੋਂ ਨਸ਼ਟ ਹੋ ਗਏ ਸਨ।[319] 'ਗੁੜ' ਸ਼ਬਦ ਕਹਿਣ ਦੀ ਥਾਂ ਗੁੜ ਨੂੰ 'ਰੋੜੀ' ਜਾਂ 'ਭੇਲੀ' ਕਹਿਣ ਦਾ ਹੁਕਮ ਕਰ ਦਿੱਤਾ।[320] ਇਸ ਕਤਲੇਆਮ ਨੂੰ ਰੋਕਣ ਲਈ ਦੀਵਾਨ ਕੌੜਾ ਮੱਲ, ਗੋਸਾਂਈ ਜਗਤ ਭਗਤ ਆਦਿ ਲਖਪਤ ਰਾਇ ਪਾਸ ਜਾਣ ਲਈ ਤਿਆਰ ਹੋਏ।[321] ਇਸ ਵਫਦ ਨੇ ਲਖਪਤ ਰਾਇ ਨੂੰ ਬੇਨਤੀ ਕੀਤੀ ਕਿ ਸੋਮਵਾਰ ਦੀ ਮੱਸਿਆ ਵਾਲੇ ਦਿਨ ਬੇਕਸੂਰ ਸਿੱਖਾਂ ਦਾ ਖ਼ੂਨ ਨਾ ਵਹਾ, ਪਰ ਉਸ ਨੇ ਇਕ ਨਾ ਸੁਣੀ।[322] 10 ਮਾਰਚ 1746 ਈ. ਨੂੰ ਲਖਪਤ ਰਾਇ ਨੇ ਲਾਹੌਰ ਵਿਚ ਸਿੱਖਾਂ ਦਾ ਕਤਲੇਆਮ ਸ਼ੁਰੂ ਕਰਵਾਇਆ।[323] ਲਖਪਤ ਰਾਇ ਨੇ ਮਾਰਚ ਮਹੀਨੇ ਦੇ ਸ਼ੁਰੂ ਵਿਚ ਸੈਨਿਕ ਦਲ ਲੈ ਕੇ ਕਾਹਨੂੰਵਾਨ ਵਿਚ ਲੁਕੇ ਪੰਦਰਾਂ ਕੁ ਹਜ਼ਾਰ ਸਿੱਖਾਂ ਨੂੰ ਲੱਭਣਾ ਸ਼ੁਰੂ ਕੀਤਾ। 1 ਅਤੇ 2 ਮਈ 1746 ਈ. ਨੂੰ ਹੋਈ ਮੁਠਭੇੜ ਵਿਚ ਲਗਭਗ ਸੱਤ ਹਜ਼ਾਰ ਸਿੱਖ ਮਾਰੇ ਗਏ ਅਤੇ ਤਿੰਨ ਹਜ਼ਾਰ ਨੂੰ ਲਾਹੌਰ ਦੇ ਦਿੱਲੀ ਗੇਟ ਵਲ ਨਖ਼ਾਸ ਚੌਂਕ ਵਿਚ ਸ਼ਹੀਦ ਕਰ ਦਿੱਤਾ।[324] ਬਾਕੀ ਸਿੰਘਾਂ ਨੂੰ ਕਾਹਨੂੰਵਾਨ ਦੇ ਛੰਭ ਵਿਚ ਜਾ ਕੇ ਘੇਰਾ ਪਾ ਲਿਆ। ਸਿੰਘ ਕਠੂਆ, ਬਸੋਲੀ ਆਦਿ ਪਹਾੜਾਂ ਵਲ ਭੱਜ ਉਠੇ ਪਰ ਪਹਾੜੀਆਂ ਨੇ ਸਿੰਘਾਂ ਉੱਤੇ ਗੋਲੀਆਂ ਅਤੇ ਪੱਥਰ ਮਾਰਨੇ ਸ਼ੁਰੂ ਕਰ ਦਿੱਤੇ। ਕੁਝ ਕੁ ਸਿੰਘ ਰਾਵੀ ਦਰਿਆ ਪਾਰ ਕਰ ਗਏ ਸਨ। ਇਸੇ ਲੜਾਈ ਵਿਚ ਭਾਈ ਸੁੱਖਾ ਸਿੰਘ ਤੋਪ ਦਾ ਗੋਲਾ ਲੱਗਣ ਕਰਕੇ ਸਖ਼ਤ ਜਖ਼ਮੀ ਹੋ ਗਏ ਸਨ।

ਉਹ ਸਿੱਖ ਜੋ ਦਰਿਆ ਪਾਰ ਕਰਨ ਵਿਚ ਸਫਲ ਰਹੇ ਉਨ੍ਹਾਂ ਨੂੰ ਦਰਿਆ ਪਾਰ ਕਰਨ ਉਪਰੰਤ ਲਗਪਗ ਤਿੰਨ ਕਿਲੋਮੀਟਰ ਦੀ ਦੂਰੀ ਤੱਕ ਗਰਮ ਰੇਤੇ ਉੱਤੇ ਚਲਣਾ ਪਿਆ।[325] ਲਖਪਤ ਰਾਇ ਨੇ ਆਪਣੀ ਖ਼ੂਨੀ ਤਲਵਾਰ ਨਾਲ ਸਿੱਖਾਂ ਦੇ ਪੰਜਾਹ ਜਥਿਆਂ ਵਿਚੋਂ ਚਾਲੀ ਜਥੇ ਮੁਕਾ ਦਿੱਤੇ ਸਨ, ਪਰ ਥੋੜ੍ਹੇ ਹੀ ਅਰਸੇ ਵਿਚ ਬਚੇ ਹੋਏ ਦੱਸ ਜਥਿਆਂ ਦੇ ਮੁੜ 65 ਜਥੇ ਬਣ ਗਏ, ਅਤੇ ਸ. ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ ਆਪਣੇ ਆਪ ਨੂੰ ਮਜ਼ਬੂਤ ਕਰਨਾ ਆਰੰਭ ਕਰ ਦਿੱਤਾ।[326]

---

319 ਬਲਬੀਰ ਸਿੰਘ ਮੈਨੇਜਰ (ਡਾ.), ਸ੍ਰੀ ਚਰਣਹਰਿ ਵਿਸਥਾਰ, ਸੈਂਚੀ ਪਹਿਲੀ, ਪੰਨਾ 10.

320 ਸਵਰਨ ਸਿੰਘ, ਪਹਿਲਾ ਘੱਲੂਘਾਰਾ, ਪੰਨਾ 13.

321 ਬਲਬੀਰ ਸਿੰਘ ਮੈਨੇਜਰ (ਡਾ.), ਸ੍ਰੀ ਚਰਣਹਰਿ ਵਿਸਥਾਰ, ਸੈਂਚੀ ਪਹਿਲੀ, ਪੰਨਾ 10.

322 ਰੂਪ ਸਿੰਘ (ਡਾ.)(ਸੰਪਾ.), ਸਿੱਖ ਸੰਗਰਾਮ ਦੀ ਦਾਸਤਾਨ, ਪੰਨੇ 27-28

323 ਮਹਾਂ ਸਿੰਘ (ਗਿਆਨੀ), ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦਾ ਗੁਰਮੁਖ ਜੀਵਨ, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 1997, ਪੰਨਾ 4.

324 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਦੂਜਾ, ਪੰਨਾ 841.

325 ਰੂਪ ਸਿੰਘ (ਡਾ.) (ਸੰਪਾ.), ਸਿੱਖ ਸੰਗਰਾਮ ਦੀ ਦਾਸਤਾਨ, ਪੰਨਾ 33

326 ਪਿਆਰਾ ਸਿੰਘ ਦਾਤਾ, ਸਿੱਖ ਇਤਿਹਾਸ ਦੇ ਖ਼ੂਨੀ ਪੱਤਰੇ, ਪੰਨਾ 101.

**ਰਾਮ ਰੌਣੀ ਦੀ ਉਸਾਰੀ:**

ਘੱਲੂਘਾਰੇ ਤੋਂ ਬਾਅਦ ਸਿੰਘਾਂ ਨੇ ਮੋਰਚੇਬੰਦੀ ਲਈ ਕੋਈ ਕਿਲ੍ਹਾ ਬਣਾਉਣ ਦੀ ਸੋਚੀ ਜਿਸ ਨਾਲ ਅੰਮ੍ਰਿਤਸਰ ਸ਼ਹਿਰ ਦੀ ਰਖਿਆ ਵੀ ਹੋਵੇ ਅਤੇ ਸਿੰਘਾਂ ਲਈ ਪਨਾਹਗਾਹ ਵੀ ਬਣ ਸਕੇ। 30 ਮਾਰਚ 1747 ਈ. ਨੂੰ ਅੰਮ੍ਰਿਤਸਰ ਚ ਸਰਬੱਤ ਖਾਲਸਾ ਬੁਲਾ ਕੇ ਗੜ੍ਹੀ ਬਣਾਉਣ ਦਾ ਗੁਰਮਤਾ ਕੀਤਾ ਗਿਆ।[327] ਸਿੰਘਾਂ ਨੇ ਘੱਲੂਘਾਰੇ ਤੋਂ ਡੇਢ ਸਾਲ ਬਾਅਦ ਹੀ ਅੰਮ੍ਰਿਤਸਰ ਵਿਖੇ ਗੜ੍ਹੀ ਬਣਾ ਲਈ।[328] ਸ੍ਰੀ ਗੁਰੂ ਰਾਮ ਦਾਸ ਜੀ ਦੀ ਯਾਦ ਵਿਚ ਗੜ੍ਹੀ ਦਾ ਨਾਂ ਰਾਮ ਰੌਣੀ ਰਖਿਆ ਗਿਆ।[329] ਰਾਮਰੌਣੀ ਨੂੰ ਬਣਾਉਣ ਵਿਚ ਲਗਪਗ ਦੋ ਮਹੀਨੇ ਦਾ ਸਮਾਂ ਲੱਗਾ।[330] ਕਿਲ੍ਹੇ ਦੀ ਫਸੀਲ ਤੋਂ ਬਾਹਰ ਛੋਟੀ ਕੱਚੀ ਕੰਧ ਨੂੰ ਰੌਣੀ ਆਖਿਆ ਜਾਂਦਾ ਹੈ। ਰੌਣੀ ਸਿਰ ਲੁਕਾਉਣ ਜੋਗੀ ਹੁੰਦੀ ਹੈ ਪਰ ਪੱਕੀ ਗੜ੍ਹੀ ਜਾਂ ਕਿਲ੍ਹਾ ਨਹੀਂ ਹੁੰਦਾ। ਰਾਮਰੌਣੀ ਵਿਚ ਪੰਜ ਕੁ ਸੌ ਜਵਾਨ ਸਮਾ ਸਕਦੇ ਸਨ।[331]

**ਘਲੂੱਘਾਰੇ ਤੋਂ ਬਾਅਦ ਜਥਿਆਂ ਦੀ ਮੁੜ ਤੋਂ ਸਥਾਪਨਾ:**

ਤਰਨਾ ਦਲ ਵਿਚ ਸਿੰਘਾਂ ਦੀ ਗਿਣਤੀ ਬਹੁਤ ਵਧ ਗਈ ਸੀ, ਇਸ ਲਈ ਜਥਿਆਂ ਨੂੰ ਮੁੜ ਤੋਂ ਜਥੇਬੰਦ ਕਰਨ ਦੀ ਲੋੜ ਸੀ।[332] 1746 ਈ. ਦੀ ਦੀਵਾਲੀ ਨੂੰ ਸਰਬੱਤ ਖਾਲਸਾ ਸਮਾਗਮ ਸੱਦਿਆ ਗਿਆ ਅਤੇ ਸਾਰੀ ਕੌਮ ਨੂੰ 25 ਜਥਿਆਂ ਵਿਚ ਵੰਡਿਆ ਗਿਆ।[333] ਸਿੱਖਾਂ ਨੇ 25 ਜਥੇ ਬਣਾਏ ਜਿਸ ਵਿਚ ਸੌ-ਸੌ ਸਿੰਘਾਂ ਦਾ ਜਥਾ ਸੰਗਠਿਤ ਕੀਤਾ ਗਿਆ। ਹਰ ਸਿੰਘ ਲਈ ਤਲਵਾਰ ਅਤੇ ਬੰਦੂਕ ਰਖਣੀ ਲਾਜ਼ਮੀ ਕਰਾਰ ਕਰ ਦਿੱਤੀ ਗਈ। ਨਵੇਂ ਭਰਤੀ ਹੋਣ ਵਾਲੇ ਸਿੰਘ ਲਈ ਵੀ ਜੰਗੀ ਹੁਨਰ ਅਤੇ ਘੋੜ ਸਵਾਰੀ ਵਿਚ ਮਾਹਿਰ ਹੋਣਾ ਜ਼ਰੂਰੀ ਕਰ ਦਿਤਾ ਗਿਆ ਸੀ।[334] ਅਲੀ ਰਾਜਪੁਰਾ ਅਨੁਸਾਰ 14 ਅਕਤੂਬਰ 1745 ਈ. ਨੂੰ ਤੀਹ

---

327 ਰੂਪ ਸਿੰਘ (ਡਾ.)(ਸੰਪਾ.), ਸਿੱਖ ਸੰਗਰਾਮ ਦੀ ਦਾਸਤਾਨ, ਪੰਨਾ 29.

328 ਹੀਰਾ ਸਿੰਘ 'ਦਰਦ' (ਸੰਪਾ.), ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਕ ਖੋਜ, (ਸਿੱਖ ਰਾਜ ਪੂਰਬਲਾ ਸਮਾਂ), ਭਾਗ ੧, ਪੰਨਾ ੧੨੧.

329 ਸੁਖਦਿਆਲ ਸਿੰਘ (ਡਾ.), ਸਿਰੀ ਅਕਾਲ ਤਖ਼ਤ ਸਾਹਿਬ (1606-1982), ਪੰਨਾ 40.

330 ਅਮਰ ਸਿੰਘ ਗਿਆਨੀ, ਸਿਖ ਪੰਥ ਕਿੱਥੇ ਤੋਂ ਕਿੱਥੇ, ਪੰਨਾ ੧੨੯.

331 ਹੀਰਾ ਸਿੰਘ 'ਦਰਦ' (ਸੰਪਾ.), ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਕ ਖੋਜ, (ਸਿੱਖ ਰਾਜ ਪੂਰਬਲਾ ਸਮਾਂ), ਭਾਗ ਤੀਜਾ, ਪੰਨਾ ੯.

332 ਸੁਖਦਿਆਲ ਸਿੰਘ (ਡਾ.), ਖਾਲਸਾ ਪੰਥ ਦੇ ਪੰਜ ਤਖ਼ਤ, ਪੰਨਾ 33.

333 ਉਹੀ ਲੇਖਕ, ਸਿਰੀ ਅਕਾਲ ਤਖ਼ਤ ਸਾਹਿਬ (1606-1982), ਪੰਨਾ 39.

334 ਪਿਆਰਾ ਸਿੰਘ ਪਦਮ (ਪ੍ਰੋ.), ਸੰਖੇਪ ਸਿੱਖ ਇਤਿਹਾਸ (1469-1989), ਪੰਨਾ 79.

ਜਥੇ ਬਣਾਏ ਗਏ।[335] ਕੇਹਰ ਸਿੰਘ ਮਠਾਰੂ ਅਨੁਸਾਰ ਵੀ ਜਥਿਆਂ ਦੀ ਗਿਣਤੀ ਤੀਹ ਲਿਖੀ ਗਈ ਹੈ।[336] ਸੋਹਣ ਸਿੰਘ ਸੀਤਲ ਅਨੁਸਾਰ 14 ਅਕਤੂਬਰ 1745 ਈ. ਨੂੰ ਦਲ ਖਾਲਸਾ ਤੀਹ ਜਥਿਆਂ ਵਿਚ ਵੰਡਿਆ ਗਿਆ।[337]

ਇਨ੍ਹਾਂ ਜਥਿਆਂ ਵਿਚ ਸ਼ਾਮਿਲ ਸਿਪਾਹੀਆਂ ਨੂੰ ਕੋਈ ਬੱਝਵੀਂ ਤਨਖਾਹ ਨਹੀਂ ਸੀ ਮਿਲਦੀ। ਲੁੱਟ ਮਾਰ ਦੇ ਮਾਲ ਵਿਚੋਂ ਹੀ ਹਿੱਸਾ ਮਿਲਦਾ ਸੀ। ਕਿਸੇ ਵੀ ਜਥੇ ਵਿਚ ਕੋਈ ਉਚ-ਨੀਚ ਜਾਂ ਭੇਦ ਭਾਵ ਦਾ ਵਿਥਕਰਾ ਨਹੀਂ ਸੀ।[338] ਨਵਾਬ ਕਪੂਰ ਸਿੰਘ ਦੀ ਅਗਵਾਈ ਵਿਚ ਜੋ 25 ਜਥੇ 1746 ਈ. ਵਿਚ ਬਣਾਏ ਸੀ, ਉਨ੍ਹਾਂ ਨੂੰ ਮੁੜ ਤੋਂ ਜਥੇਬੰਦ ਕਰਨ ਦੀ ਲੋੜ ਪਈ ਅਤੇ ਜਥਿਆਂ ਦੀ ਗਿਣਤੀ 65 ਤੱਕ ਪੁਜ ਗਈ। ਇਨ੍ਹਾਂ 65 ਜਥਿਆਂ ਦੇ ਨਾਮ ਡਾ. ਸੁਖਦਿਆਲ ਸਿੰਘ ਨੇ 'ਸਿਰੀ ਅਕਾਲ ਤਖ਼ਤ ਸਾਹਿਬ (1606-1982)' ਪੁਸਤਕ ਵਿਚ ਦਰਸਾਏ ਹਨ।[339] ਡਾ. ਰਤਨ ਸਿੰਘ ਜੱਗੀ ਨੇ ਵੀ ਜਥਿਆਂ ਦੀ ਗਿਣਤੀ 65 ਲਿਖੀ ਹੈ।[340] ਅਲੀ ਰਾਜਪੁਰਾ ਅਨੁਸਾਰ ਜਨਵਰੀ 1748 ਵਿਚ ਇਹ ਜਥੇ ਬਣਾਏ ਗਏ। ਅਲੀ ਰਾਜਪੁਰਾ ਨੇ 65 ਦੀ ਥਾਂ 66 ਜਥਿਆਂ ਦੀ ਗਿਣਤੀ ਲਿਖੀ ਹੈ।[341] ਸੋਹਣ ਸਿੰਘ ਸੀਤਲ ਨੇ ਵੀ ਜਥਿਆਂ ਦੀ ਗਿਣਤੀ 66 ਦਰਸਾਈ ਹੈ।[342]

**ਅਹਿਮਦ ਸ਼ਾਹ ਅਬਦਾਲੀ ਦਾ ਹਮਲਾ:**

ਦਸੰਬਰ 1747 ਈ. ਵਿਚ ਅਹਿਮਦ ਸ਼ਾਹ ਅਬਦਾਲੀ ਨੇ ਪਹਿਲਾ ਹਮਲਾ ਕੀਤਾ। ਸਰਹਿੰਦ ਦੇ ਕੋਲ ਅਬਦਾਲੀ ਦੀ ਫੌਜ ਦਾ ਸਾਹਮਣਾ ਵਜ਼ੀਰ ਕਮਰੂਦੀਨ ਨਾਲ ਹੋਇਆ। ਇਸ ਹਮਲੇ ਵਿਚ ਭਾਂਵੇਂ ਅਬਦਾਲੀ ਨੂੰ ਹਾਰ ਹੋਈ ਸੀ ਪਰ ਦੂਜੇ ਪਾਸੇ ਇਸ ਜਿੱਤ ਦਾ ਮੁਖੀ ਵਜ਼ੀਰ ਕਮਰੂਦੀਨ ਲੜਾਈ ਵਿਚ ਮਾਰਿਆ ਗਿਆ। ਕਮਰੂਦੀਨ ਦੇ ਪੁੱਤਰ ਮੀਰ ਮੰਨੂੰ ਨੂੰ ਲਾਹੌਰ ਦਾ ਗਵਰਨਰ ਬਣਾਇਆ ਗਿਆ।[343] ਮੀਰ ਮੰਨੂੰ ਨੇ ਆਉਂਦਿਆਂ ਹੀ ਲਖਪਤ ਰਾਇ ਤੋਂ ਕਬਜ਼ਾ ਲੈ ਲਿਆ। ਲਖਪਤ ਰਾਇ ਨੂੰ 30 ਲੱਖ ਦਾ ਤਾਵਾਨ

335 ਅਲੀ ਰਾਜਪੁਰਾ, ਵੱਡਾ ਘੱਲੂਘਾਰਾ 1762 ਸ਼ਹੀਦੀ ਸਾਕਾ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2014, ਪੰਨਾ 41.

336 ਕੇਹਰ ਸਿੰਘ ਮਠਾਰੂ, ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ, ਪੰਨਾ 57.

337 ਸੋਹਣ ਸਿੰਘ ਸੀਤਲ, ਸਿੱਖ ਮਿਸਲਾਂ, ਸੀਤਲ ਪੁਸਤਕ ਭੰਡਾਰ, ਲੁਧਿਆਣਾ, ਤੀਜੀ ਵਾਰ, ਮਈ 1969, ਪੰਨਾ 9.

338 ਸਵਰਨ ਸਿੰਘ, ਪਹਿਲਾ ਘੱਲੂਘਾਰਾ, ਪੰਨਾ 24.

339 ਸੁਖਦਿਆਲ ਸਿੰਘ (ਡਾ.), ਸਿਰੀ ਅਕਾਲ ਤਖ਼ਤ ਸਾਹਿਬ (1606-1982), ਪੰਨਾ 42.

340 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਤੀਜਾ, ਪੰਨਾ 1095.

341 ਅਲੀ ਰਾਜਪੁਰਾ, ਵੱਡਾ ਘੱਲੂਘਾਰਾ 1762 ਸ਼ਹੀਦੀ ਸਾਕਾ, ਪੰਨਾ 42.

342 ਸੋਹਣ ਸਿੰਘ ਸੀਤਲ, ਸਿੱਖ ਮਿਸਲਾਂ, ਪੰਨਾ 14.

343 ਸੁਖਦਿਆਲ ਸਿੰਘ (ਡਾ.), ਸਿਰੀ ਅਕਾਲ ਤਖ਼ਤ ਸਾਹਿਬ (1606-1982), ਪੰਨਾ 41.

(ਜੁਰਮਾਨਾ) ਲਾਇਆ ਅਤੇ ਕੈਦ ਕਰ ਲਿਆ। ਅਠਾਰਾਂ ਲੱਖ ਉਸਦੇ ਘਰੋਂ ਬਰਾਮਦ ਹੋਇਆ ਅਤੇ ਦੋ ਲੱਖ ਵਿਚ ਉਸਦੀ ਜਾਇਦਾਦ ਵਿਕੀ। ਬਾਕੀ ਰਹਿੰਦੇ ਦਸ ਲੱਖ ਬਦਲੇ ਉਸਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਦੀਵਾਨ ਕੌੜਾ ਮੱਲ ਨੇ ਦਸ ਲੱਖ ਰੁ. ਦੇ ਕੇ ਲਖਪਤ ਰਾਇ ਨੂੰ ਖਰੀਦ ਲਿਆ ਅਤੇ ਸਿੰਘਾਂ ਦੇ ਹਵਾਲੇ ਕਰ ਦਿੱਤਾ ਜਿੱਥੇ ਖਾਲਸੇ ਦੀ ਕੈਦ ਵਿਚ ਉਹ ਮਰ ਗਿਆ ਸੀ।[344]

ਮੀਰ ਮੰਨੂੰ ਵਲੋਂ ਰਾਮ ਰੌਣੀ ਨੂੰ ਜਿੱਤਣ ਲਈ ਅਦੀਨਾ ਬੇਗ ਨੂੰ ਭੇਜਿਆ ਗਿਆ।[345] ਜੱਸਾ ਸਿੰਘ ਰਾਮਗੜ੍ਹੀਆ ਕੁਝ ਸਮਾਂ ਅਦੀਨਾ ਬੇਗ ਦੀ ਨੌਕਰੀ ਕਰਦਾ ਰਿਹਾ।[346] ਪਰ ਬਾਅਦ ਵਿਚ ਪੰਥ ਨੇ ਉਸ ਨੂੰ ਨਾਲ ਰਲਾ ਲਿਆ ਸੀ। ਜੋ ਸਿੰਘ ਮੁਗਲਾਂ ਦੀ ਚਾਕਰੀ ਕਰਦੇ ਹੋਏ ਸਿੰਘਾਂ ਨਾਲ ਲੜ੍ਹਦੇ ਸਨ, ਉਨ੍ਹਾਂ ਨੂੰ ਚਕਰੈਲ ਆਖਿਆ ਜਾਂਦਾ ਸੀ।[347] ਸ਼ਾਹ ਨਵਾਜ਼ ਦੇ ਮੁਲਤਾਨ ਵਿਚ ਬਗਾਵਤ ਕਰਨ ਕਾਰਨ ਮੀਰ ਮੰਨੂੰ ਨੂੰ ਰਾਮ ਰੌਣੀ ਦਾ ਘੇਰਾ ਚੁੱਕਣਾ ਪਿਆ।

**ਮਿਸਲਾਂ ਦੀ ਸਥਾਪਨਾ:**

29 ਮਾਰਚ 1748 ਈ. ਨੂੰ ਵਿਸਾਖੀ ਵਾਲੇ ਦਿਨ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ ਪੰਥ ਨੇ ਇਕੱਠੇ ਹੋ ਕੇ ਇਕ ਗੁਰਮਤਾ ਕਰ ਕੇ ਸਾਂਝੀ ਜਥੇਬੰਦੀ ਦਾ ਨਾਂ 'ਦਲ ਖਾਲਸਾ' ਰਖਿਆ। ਇਸ ਜਥੇਬੰਦੀ ਦਾ ਮੁਖ ਮਕਸਦ ਬਾਹਰਲੇ ਹਮਲਿਆਂ ਨੂੰ ਰੋਕਣਾ ਅਤੇ ਦੇਸ਼ ਵਾਸੀਆਂ ਨੂੰ ਲੁੱਟ ਮਾਰ ਤੋਂ ਬਚਾਉਣਾ ਸੀ।[348] ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ 65 ਜਥਿਆਂ ਨੂੰ ਭੰਗ ਕਰਕੇ ਗਿਆਰਾਂ ਜਥਿਆਂ (ਮਿਸਲਾਂ) ਦੀ ਜਥੇਬੰਦੀ ਬਣਾਈ ਗਈ।[349] ਦਲ ਖਾਲਸੇ ਦੀਆਂ ਮਿਸਲਾਂ ਅਤੇ ਉਨ੍ਹਾਂ ਦੇ ਜਥੇਦਾਰ ਇਸ ਪ੍ਰਕਾਰ ਹਨ:

1) ਮਿਸਲ ਆਹਲੂਵਾਲੀਆ: ਸਰਦਾਰ ਜੱਸਾ ਸਿੰਘ ਆਹਲੂਵਾਲੀਆ
2) ਮਿਸਲ ਸਿੰਘ ਪੁਰੀਆ: ਨਵਾਬ ਕਪੂਰ ਸਿੰਘ

---

[344] ਮਹਾਂ ਸਿੰਘ (ਗਿਆਨੀ), ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦਾ ਗੁਰਮੁਖ ਜੀਵਨ, ਪੰਨੇ 4-5.

[345] ਗੁਰਬਖਸ਼ ਸਿੰਘ (ਅਨੁ.), ਤਾਰੀਖ਼-ਏ-ਪੰਜਾਬ, ਅਹਮਦ ਸ਼ਾਹ ਬਟਾਲਵੀ ਰਚਿਤ 'ਕਿਤਾਬ-ਏ-ਹਿੰਦ' ਵਿਚੋਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969, ਪੰਨਾ 36.

[346] ਉਹੀ, ਪੰਨਾ 36.

[347] ਹੀਰਾ ਸਿੰਘ 'ਦਰਦ' (ਸੰਪਾ.), ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਕ ਖੋਜ, (ਸਿੱਖ ਰਾਜ ਪੂਰਬਲਾ ਸਮਾਂ), ਭਾਗ ਤੀਜਾ, ਪੰਨਾ ੧੦.

[348] ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਤੀਜਾ, ਪੰਨੇ 1095-1096.

[349] ਸੁਖਦਿਆਲ ਸਿੰਘ (ਡਾ.), ਸਿਰੀ ਅਕਾਲ ਤਖ਼ਤ ਸਾਹਿਬ (1606-1982), ਪੰਨੇ 42-43.

3) ਮਿਸਲ ਸ਼ੁਕਰਚੱਕੀਆ: ਨੌਧ ਸਿੰਘ

4) ਮਿਸਲ ਭੰਗੀ: ਛੱਜਾ ਸਿੰਘ

5) ਮਿਸਲ ਨਿਸ਼ਾਨਾਂ ਵਾਲੀ: ਦਸੌਂਧਾ ਸਿੰਘ

6) ਮਿਸਲ ਨੱਕਈ: ਹਰੀ ਸਿੰਘ ਨਕਈ

7) ਮਿਸਲ ਡਲੇਵਾਲੀਆ: ਗੁਲਾਬ ਸਿੰਘ

8) ਮਿਸਲ ਸ਼ਹੀਦਾਂ: ਬਾਬਾ ਦੀਪ ਸਿੰਘ (ਸ਼ਹੀਦ)

9) ਮਿਸਲ ਕਨਈਆ: ਜੈ ਸਿੰਘ ਕਨ੍ਹਈਆ

10) ਮਿਸਲ ਕਰੋੜ ਸਿੰਘੀਆ: ਕਰੋੜਾ ਸਿੰਘ ਪੈਜਗੜ

11) ਮਿਸਲ ਰਾਮਗੜ੍ਹੀਆ: ਜੱਸਾ ਸਿੰਘ ਰਾਮਗੜ੍ਹੀਆ

12) ਮਿਸਲ ਫੂਲਕੀਆ: ਬਾਬਾ ਆਲਾ ਸਿੰਘ[350]

**ਬੁੱਢਾ ਦਲ ਅਤੇ ਤਰਨਾ ਦਲ ਦੇ ਅਧੀਨ ਆਉਂਦੀਆਂ ਮਿਸਲਾਂ:**

ਬੁੱਢਾ ਦਲ ਦਾ ਜਥੇਦਾਰ ਬਾਬਾ ਜੱਸਾ ਸਿੰਘ ਆਹਲੂਵਾਲੀਆ ਅਤੇ ਤਰਨਾ ਦਲ ਦਾ ਜਥੇਦਾਰ ਸ: ਹਰੀ ਸਿੰਘ ਭੰਗੀ ਬਣਿਆ।[351] ਬੁੱਢਾ ਦਲ ਦੇ ਅਧੀਨ ਛੇ ਮਿਸਲਾਂ ਆਉਂਦੀਆਂ ਸਨ।[352] ਜੱਸਾ ਸਿੰਘ ਦੇ ਅਧੀਨ ਆਹਲੂਵਾਲੀਆ ਮਿਸਲ, ਨਵਾਬ ਕਪੂਰ ਸਿੰਘ ਅਧੀਨ ਸਿੰਘਪੁਰੀਆ (ਫੈਜ਼ਲਪੁਰੀਆ) ਮਿਸਲ, ਕਰੋੜਾਸਿੰਘ ਅਧੀਨ ਕਰੋੜਸਿੰਘੀਆ ਮਿਸਲ, ਦਸੌਂਧਾ ਸਿੰਘ ਅਧੀਨ ਨਿਸ਼ਾਨਵਾਲੀਆ ਮਿਸਲ, ਬਾਬਾ ਦੀਪ ਸਿੰਘ ਅਧੀਨ ਸ਼ਹੀਦਾਂ ਵਾਲੀ ਮਿਸਲ, ਗੁਲਾਬ ਸਿੰਘ ਅਧੀਨ ਡੱਲੇਵਾਲੀਆ ਮਿਸਲ।

ਬਾਕੀ ਦੀਆਂ ਪੰਜ ਮਿਸਲਾਂ ਦਾ ਸੰਬੰਧ ਤਰਨਾ ਦਲ ਨਾਲ ਸੀ। ਸ. ਚੜਤ ਸਿੰਘ ਅਧੀਨ ਸ਼ੁਕਰਚੱਕੀਆ ਮਿਸਲ, ਸ. ਹਰੀ ਸਿੰਘ ਅਧੀਨ ਭੰਗੀਆਂ ਦੀ ਮਿਸਲ, ਸ. ਜੈ ਸਿੰਘ ਅਧੀਨ ਕਨ੍ਹਈਆ ਮਿਸਲ, ਸ. ਹੀਰਾ ਸਿੰਘ ਅਧੀਨ ਨੱਕਈਆ ਮਿਸਲ, ਸ. ਜੱਸਾ ਸਿੰਘ ਰਾਮਗੜ੍ਹੀਆ ਅਧੀਨ ਰਾਮਗੜ੍ਹੀਆ

---

[350] ਇਹ ਮਿਸਲ ਵੱਖਰੇ ਤੌਰ ਤੇ ਬਣਾਈ ਗਈ ਜਿਸਦਾ ਬਾਨੀ ਸ. ਆਲਾ ਸਿੰਘ ਪਟਿਆਲਾ ਸੀ।

[351] ਕੇਹਰ ਸਿੰਘ ਮਠਾਰੂ, ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ, ਪੰਨੇ 98.

[352] ਸੋਹਣ ਸਿੰਘ ਸੀਤਲ, ਸਿੱਖ ਮਿਸਲਾਂ, ਪੰਨਾ 18.

ਮਿਸਲ।[353] ਜੱਸਾ ਸਿੰਘ ਆਹਲੂਵਾਲੀਆ ਇਨ੍ਹਾਂ ਦੋਹਾਂ ਦਾ ਸਾਂਝਾ ਸਰਦਾਰ ਸੀ। ਨਵਾਬ ਕਪੂਰ ਸਿੰਘ ਨੂੰ ਮੁਖੀ ਜਥੇਦਾਰ ਦੀ ਮਾਨਤਾ ਦਿੱਤੀ ਗਈ। ਫੂਲਕੀਆ ਮਿਸਲ, ਦਲ ਖਾਲਸਾ ਦੇ ਅਧੀਨ ਨਹੀਂ ਸੀ ਪਰ ਦਲ ਖਾਲਸੇ ਨੂੰ ਪੂਰਨ ਤੌਰ 'ਤੇ ਸਹਿਯੋਗ ਕਰਦੀ ਸੀ।

ਦਲ ਖਾਲਸਾ ਵਿਚ ਸ਼ਾਮਿਲ ਹੋਣ ਲਈ ਘੋੜ ਸਵਾਰੀ ਅਤੇ ਹਥਿਆਰਾਂ ਦੇ ਇਸਤੇਮਾਲ ਵਿਚ ਨਿਪੁੰਨਤਾ ਹੋਣੀ ਜ਼ਰੂਰੀ ਸੀ। ਹਰ ਇਕ ਵਿਅਕਤੀ ਨੂੰ ਆਪਣਾ ਆਗੂ ਚੁਣਨ ਦਾ ਹੱਕ ਸੀ ਚਾਹੇ ਉਹ ਕਿਸੇ ਨੀਵੀਂ ਸ਼੍ਰੇਣੀ ਵਿਚੋਂ ਹੀ ਕਿਉਂ ਨਾ ਹੋਵੇ।[354] ਇਨ੍ਹਾਂ ਮਿਸਲਾਂ ਵਿਚੋਂ ਹਰ ਇਕ ਦੀ ਆਪਣੀ ਪ੍ਰਬੰਧਕੀ ਵਿਵਸਥਾ ਸੀ। ਸਭ ਮਿਸਲਾਂ 'ਸਰਬੱਤ ਖਾਲਸਾ' ਦੇ ਫੈਸਲਿਆਂ ਦੀਆਂ ਪਾਬੰਦ ਸੀ ਅਤੇ 'ਅਕਾਲ ਤਖ਼ਤ' ਇਨ੍ਹਾਂ ਦਾ ਸਾਂਝਾ ਮਿਲਣ-ਸਥਾਨ ਸੀ ਜਿੱਥੇ ਸਾਲ ਵਿਚ ਦੋ ਵਾਰ (ਵਿਸਾਖੀ ਅਤੇ ਦੀਵਾਲੀ) 'ਤੇ ਵੱਡਾ ਇਕੱਠ ਹੁੰਦਾ ਸੀ।

**ਮਿਸਲ:**

ਮਿਸਲ ਅਰਬੀ ਦਾ ਸ਼ਬਦ ਹੈ ਜਿਸ ਦਾ ਅਰਥ ਹੈ- ਬਰਾਬਰੀ। University of the Sikh Religion ਵਿਚ ਮਿਸਲ ਸ਼ਬਦ ਦੀ ਪਰਿਭਾਸ਼ਾ ਇਸ ਪ੍ਰਕਾਰ ਦਿੱਤੀ ਗਈ ਹੈ: "Misl describes a unit or brigade of Sikh warriors controlling their specfic territory but fighting for the same cause: to be free of the Muslim invaders."[355] ਬਾਬਾ ਜੱਸਾ ਸਿੰਘ ਕਾਗਜ਼ਾਂ ਦੀਆਂ ਫਰਦਾ ਲਈ ਮਿਸਲ ਸ਼ਬਦ ਦੀ ਵਰਤੋਂ ਕਰਦੇ ਸਨ। ਫ਼ਾਰਸੀ ਬੋਲੀ ਵਿੱਚ ਇਹ ਸ਼ਬਦ ਦਰਜੇ, ਰੁਤਬੇ ਅਤੇ ਬਰਾਬਰ ਦੇ ਅਰਥਾਂ ਵਿਚ ਹੀ ਵਰਤਿਆ ਜਾਂਦਾ ਹੈ, ਕਿਉਂਕਿ ਮਿਸਲਾਂ ਦੇ ਸਰਦਾਰ ਆਪਸ ਵਿਚ ਬਰਾਬਰ ਦਰਜੇ ਦੇ ਹੁੰਦੇ ਸਨ, ਇਸ ਕਰਕੇ ਇਸ ਸ਼ਬਦ ਦੀ ਵਰਤੋਂ ਸਿੱਖ ਮਿਸਲਾਂ ਲਈ ਕੋਈ ਅਢੁਕਵੀਂ ਨਹੀਂ ਸੀ।[356] ਮਿਸਲਾਂ ਸੰਬੰਧੀ ਸੰਖੇਪ ਰੂਪ ਵਿਚ ਵਰਨਣ ਇਸ ਪ੍ਰਕਾਰ ਹੈ:

---

353 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਚੌਥਾ, , ਪੰਨਾ 1461.

354 ਐਲਫਰੇਡ ਡੇਵਿਡ (ਮੇਜਰ), ਭਾਰਤੀ ਯੁੱਧ ਕਲਾ, ਲੈਫ਼ਟੀਨੈਂਟ ਕਰਨਲ ਜਗਜੀਤ ਸਿੰਘ ਗੁਲੇਰੀਆ (ਅਨੁ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਤੀਜੀ ਵਾਰ 1992, ਪੰਨਾ 37.

355 Jaspal Singh Mayell (Dr.), University of the Sikh Religion, p. 57.

356 ਹਰਬੰਸ ਕੌਰ ਸਾਗੂ (ਡਾ.), ਬਾਬਾ ਜੱਸਾ ਸਿੰਘ ਆਹਲੂਵਾਲੀਆ, ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:) ਅੰਮ੍ਰਿਤਸਰ, ਮਾਰਚ 2019, ਪੰਨਾ 32.

**ਮਿਸਲ ਭੰਗੀ:**

ਇਸ ਮਿਸਲ ਦਾ ਪਹਿਲਾ ਮੋਢੀ ਛੱਜਾ ਸਿੰਘ ਸੀ ਜੋ ਕਿ ਅੰਮ੍ਰਿਤਸਰ ਦੇ ਲਾਗਲੇ ਪਿੰਡ ਬਿਜਵਾੜ ਦਾ ਰਹਿਣ ਵਾਲਾ ਸੀ।[357] ਛੱਜਾ ਸਿੰਘ ਨੂੰ ਬਹੁਤੀ ਭੰਗ ਪੀਣ ਕਾਰਨ ਲੋਕ ਉਸਨੂੰ ਭੰਗੀ ਕਹਿੰਦੇ ਸਨ।[358] ਸ੍ਰੀ ਮਾਨ ਪੰਡਿਤ ਤਾਰਾ ਹਰਿ ਨਰੋਤਮ ਅਨੁਸਾਰ, "ਭੰਗੀਆਂ ਕੀ ਮਿਸਲ ਕਾ ਨਾਮੀ ਸਰਦਾਰ ਹਰੀ ਸਿੰਘ, ਬੀਸ ਹਜ਼ਾਰ ਫੌਜ਼, ਸਵਾ ਕਰੋੜ ਮੁਲਖ ਕਾ ਮਾਲਕ ਹੋ ਗੁਜ਼ਰਾ। ਅੰਮ੍ਰਿਤਸਰ ਜੀ ਇਨ ਕੀ ਰਾਜਧਾਨੀ ਥੀ। ਯੇਹ ਭੰਗ ਬਹੁਤ ਪੀਤੇ ਥੇ, ਇਸ ਲੀਏ ਨਾਮ 'ਭੰਗੀ' ਕਹਾਏ।"[359] ਪੰਡਿਤ ਸ਼ਰਧਾ ਰਾਮ ਫਿਲੌਰੀ ਲਿਖਦੇ ਹਨ, "ਭੰਗੀ ਨਾਮ ਪੈ ਜਾਣ ਦੀ ਦੂਜੀ ਡੌਲ ਇਹ ਵੀ ਹੈ ਕਿ ਉਹ ਗਰੀਬੀ ਦੇ ਹਾਲ ਵਿਚ ਰਹਿਕੇ ਪੰਥ ਦੀ ਸੇਵਾ ਕਰਦੇ ਹੁੰਦੇ ਸੀ ਇਸ ਕਰਕੇ ਪੰਥ ਨੇ ਉਨ੍ਹਾਂ ਦਾ ਨਾਮ ਭੰਗੀ ਧਰ ਦਿੱਤਾ।"[360] 'ਗ੍ਰੰਥ ਸ੍ਰੀ ਗੁਰਦੁਆਰੇ ਦਰਸ਼ਨ' ਦੇ ਕਰਤਾ ਗਿਆਨੀ ਠਾਕੁਰ ਸਿੰਘ ਅਨੁਸਾਰ, ਇਹ ਮਿਸਲ ਇਨ੍ਹਾਂ ਦੀ ਗੋਤ ਦੇ ਨਾਮ ਉੱਪਰ ਰਖੀ ਗਈ ਸੀ।[361] ਇਸ ਮਿਸਲ ਨੇ 1771 ਈ. ਵਿਚ ਮੁਲਤਾਨ 'ਤੇ ਹਮਲਾ ਕਰਕੇ ਜਮਜਮਾ ਤੋਪ ਹਥਿਆ ਲਈ ਜੋ ਭੰਗੀਆਂ ਦੀ ਤੋਪ ਦੇ ਨਾਂ ਨਾਲ ਪ੍ਰਸਿੱਧ ਹੈ।[362] ਸੰਮਤ 1829 ਵਿੱਚ ਭੰਗੀਆਂ ਦੀ ਮਿਸਲ ਦੇ ਜਥੇਦਾਰ ਝੰਡਾ ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ 'ਤੇ ਝੰਡਾ ਸਥਾਪਿਤ ਕੀਤਾ।[363]

**ਮਿਸਲ ਰਾਮਗੜ੍ਹੀਆ:**

ਸ੍ਰੀ ਮਾਨ ਪੰਡਿਤ ਤਾਰਾ ਹਰਿ ਨਰੋਤਮ ਅਨੁਸਾਰ, "ਮਿਸਲ ਰਾਮਗੜੀਓ ਕੀ, ਕਾ ਨਾਮ ਸਰਦਾਰ ਜੱਸਾ ਸਿੰਘ ਤਰਖਾਣ ਆਠ ਹਜ਼ਾਰ ਫੌਜ ਔਰ ਬੀਸ ਲਾਖ ਕੀ ਆਮਦਨੀ ਵਾਲਾ ਹੋ ਗੁਜ਼ਰਾ। ਅੰਮ੍ਰਿਤਸਰ ਕੇ ਰਾਮਗੜ ਕਿਲੇ ਮੇਂ ਰਹਿਣੇ ਮੇ ਇਸ ਕਾ ਨਾਮ ਰਾਮਗੜੀਏ ਹੂਆ।"[364] ਮਿਸਲਦਾਰੀ ਤੋਂ ਪਹਿਲਾਂ ਜੱਸਾ ਸਿੰਘ

---

357 ਕਨ੍ਹੱਈਆ ਲਾਲ, ਤਾਰੀਖ਼-ਇ-ਪੰਜਾਬ, ਜੀਤ ਸਿੰਘ ਸੀਤਲ (ਅਨੁ.), ਪੰਨੇ 84-85.

358 ਗੁਰਬਖ਼ਸ਼ ਸਿੰਘ (ਅਨੁ.), ਤਾਰੀਖ਼-ਏ-ਪੰਜਾਬ ਅਹਮਦ ਸ਼ਾਹ ਬਟਾਲਵੀ ਰਚਿਤ 'ਕਿਤਾਬ-ਏ-ਹਿੰਦ' ਵਿਚੋਂ, ਪੰਨਾ 39.

359 ਤਾਰਾ ਹਰਿ ਨਰੋਤਮ, ਸ੍ਰੀ ਗੁਰ ਤੀਰਥ ਸੰਗ੍ਰਹਿ, ਪੰਨਾ 303.

360 ਸ਼ਰਧਾ ਰਾਮ ਫਿਲੌਰੀ (ਪੰਡਿਤ), ਸਿੱਖਾਂ ਦੇ ਰਾਜ ਦੀ ਵਿਥਿਆ, ਪ੍ਰੋ. ਪ੍ਰੀਤਮ ਸਿੰਘ (ਸੰਪਾ.), ਹਿੰਦ ਪਬਲਿਸ਼ਰਜ਼ ਲਿਮਿਟਿਡ, ਅੱਡਾ ਹੁਸ਼ਿਆਰਪੁਰ, ਜਲੰਧਰ, 1956, ਪੰਨਾ 112.

361 ਠਾਕੁਰ ਸਿੰਘ (ਗਿਆਨੀ), ਗ੍ਰੰਥ ਸ੍ਰੀ ਗੁਰਦੁਆਰੇ ਦਰਸ਼ਨ, ਪੰਨਾ ੬੨੦.

362 ਕੇਹਰ ਸਿੰਘ ਮਠਾਰੂ, ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ, ਪੰਨਾ 249.

363 ਕਾਨ੍ਹ ਸਿੰਘ ਨਾਭਾ (ਭਾਈ), ਗੁਰੁਮਤ ਮਾਰਤੰਡ, ਭਾਗ ਦੂਜਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਜਨਵਰੀ 2014, ਪੰਨਾ ੬੧੬.

364 ਤਾਰਾ ਹਰਿ ਨਰੋਤਮ, ਸ੍ਰੀ ਗੁਰ ਤੀਰਥ ਸੰਗ੍ਰਹਿ, ਪੰਨਾ 304.

ਨੂੰ ਰਾਮਗੜ੍ਹੀਆ ਦੀ ਬਜਾਏ ਜੱਸਾ ਸਿੰਘ ਇਚੋਗਿਲੀਆ ਕਹਿੰਦੇ ਸਨ।[365] ਜੱਸਾ ਸਿੰਘ ਰਾਮਗੜ੍ਹੀਆ ਨੇ ਕੁਝ ਸਮਾਂ ਅਦੀਨਾ ਬੇਗ ਦੀ ਨੌਕਰੀ ਕੀਤੀ।[366] ਕੁਝ ਸਾਲਾਂ ਬਾਅਦ ਉਸਦੀ ਦੁਸ਼ਮਨੀ ਜੈ ਸਿੰਘ ਕਨਈਆ ਨਾਲ ਹੋ ਗਈ ਸੀ।[367] ਜੱਸਾ ਸਿੰਘ ਰਾਮਗੜ੍ਹੀਆ ਦੇ ਦਾਦਾ ਅਤੇ ਪਿਤਾ ਦੁਸ਼ਮਣ ਨਾਲ ਜੂਝਦੇ ਸ਼ਹੀਦ ਹੋਏ ਸਨ।[368]

**ਮਿਸਲ ਕਨ੍ਹਈਆ**

ਕਨ੍ਹਈਆ ਮਿਸਲ ਦਾ ਮੋਢੀ ਅਮਰ ਸਿੰਘ ਜੀ ਜਿਸ ਨੂੰ ਕੰਗਰਾ ਕਹਿੰਦੇ ਸਨ। ਉਹ ਮਾਰ-ਧਾੜ ਕਰਦਾ ਸੀ।[369] ਇਸ ਮਿਸਲ ਦਾ ਬਾਨੀ ਜੈ ਸਿੰਘ ਕਨ੍ਹਈਆ ਸੀ। ਉਹ ਕਾਨ੍ਹਾ ਪਿੰਡ ਦਾ ਸੀ ਜੋ ਲਾਹੌਰ ਤੋਂ ਦੱਖਣ ਵਲ ਦਸ ਕੋਹ ਤੇ ਆਬਾਦ ਹੈ, ਇਸ ਲਈ ਉਸ ਨੂੰ ਸਰਦਾਰ ਜੈ ਸਿੰਘ ਕਨਈਆ ਕਹਿੰਦੇ ਸਨ, ਭਾਵ ਕਾਨ੍ਹਾ ਪਿੰਡ ਦਾ ਰਹਿਣ ਵਾਲਾ।[370] ਜੈ ਸਿੰਘ ਕਨ੍ਹਈਆ ਦੀ ਪੋਤੀ ਸਦਾ ਕੌਰ ਦੀ ਬੇਟੀ ਮਹਾਰਾਜਾ ਰਣਜੀਤ ਸਿੰਘ ਨਾਲ ਵਿਆਹੀ ਗਈ ਸੀ।[371] ਸੰਨ 1748 ਨੂੰ ਕਨ੍ਹਈਆ ਮਿਸਲ ਦੇ ਜਥੇ ਨੂੰ ਮਿਸਲ ਬਣਾ ਕੇ ਤਰਨਾ ਦਲ ਦੇ ਅਧੀਨ ਰਖਿਆ ਗਿਆ।[372]

**ਮਿਸਲ ਨਕਈ:**

ਸ੍ਰੀ ਮਾਨ ਪੰਡਿਤ ਤਾਰਾ ਹਰਿ ਨਰੋਤਮ ਅਨੁਸਾਰ, "ਇਸ ਮਿਸਲ ਕਾ ਮਾਲਕ ਸਰਦਾਰ ਕੌਰ ਸਿੰਘ ਨਾਮੀ ਹੂਆ। ਇਨ ਕੀ ਰਾਜਧਾਨੀ ਚੂਹਣੀ ਸ਼ੇਖਪੂਰਾ ਥੀ। ਇਸ ਮਿਸਲ ਕੇ ਸਰਦਾਰ ਵਜ਼ੀਰ ਸਿੰਘ ਕੀ ਬੇਟੀ ਰਣਜੀਤ ਸਿੰਘ ਮਹਾਰਾਜ ਕੀ ਪਟਰਾਣੀ ਥੀ। ਜਿਸ ਕਾ ਬੇਟਾ ਖੜਕ ਸਿੰਘ, ਪੋਤਾ ਨੌਨਿਹਾਲ ਸਿੰਘ ਹੂਆ। ਨੱਕੇ ਦੇਸ ਕੇ ਵਾਸੀ ਹੋਣੇ ਸੇ ਨਾਮ ਨਕਈ ਪੜਾ।"[373] ਇਹ ਮਿਸਲ ਤਰਨਾ ਦਲ ਦੇ ਅਧੀਨ ਸੀ।

---

365 ਗੁਰਨਾਮ ਸਿੰਘ ਰਾਏ (ਪ੍ਰੋ.), ਜੱਸਾ ਸਿੰਘ ਰਾਮਗੜ੍ਹੀਆ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012, ਪੰਨਾ 57.

366 ਕਨ੍ਹੱਈਆ ਲਾਲ, ਤਾਰੀਖ਼-ਇ-ਪੰਜਾਬ, ਜੀਤ ਸਿੰਘ ਸੀਤਲ (ਅਨੁ.), ਪੰਨਾ 87.

367 ਉਹੀ, ਪੰਨਾ 87.

368 ਸਤਨਾਮ ਸਿੰਘ ਖਾਲਸਾ, ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ ਅਤੇ 500 ਸਾਲਾ ਦੀ ਇਤਿਹਾਸਕ ਡਾਇਰੈਕਟਰੀ, ਮਿਤੀਹੀਨ, ਪੰਨਾ 76.

369 ਗੁਰਬਖ਼ਸ਼ ਸਿੰਘ (ਅਨੁ.), ਤਾਰੀਖ਼-ਏ-ਪੰਜਾਬ ਅਹਮਦ ਸ਼ਾਹ ਬਟਾਲਵੀ ਰਚਿਤ 'ਕਿਤਾਬ-ਏ-ਹਿੰਦ' ਵਿਚੋਂ, ਪੰਨਾ 53.

370 ਕਨ੍ਹੱਈਆ ਲਾਲ, ਤਾਰੀਖ਼-ਇ-ਪੰਜਾਬ, ਜੀਤ ਸਿੰਘ ਸੀਤਲ (ਅਨੁ.), ਪੰਨਾ 89.

371 ਤਾਰਾ ਹਰਿ ਨਰੋਤਮ, ਸ੍ਰੀ ਗੁਰ ਤੀਰਥ ਸੰਗ੍ਰਹਿ, ਪੰਨਾ 303.

372 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਦੂਜਾ, ਪੰਨਾ 520,

373 ਤਾਰਾ ਹਰਿ ਨਰੋਤਮ, ਸ੍ਰੀ ਗੁਰ ਤੀਰਥ ਸੰਗ੍ਰਹਿ, ਪੰਨਾ 303.

**ਮਿਸਲ ਆਹਲੂਵਾਲੀਆ**

ਲਾਹੌਰ ਤੋਂ ਪੂਰਬ-ਦੱਖਣ ਵਲ ਛੇ ਕੋਹ ਤੇ ਪਿੰਡ ਆਹਲੂ ਵਿਖੇ ਭਾਗੂ ਨਾਮ ਦਾ ਇਕ ਗਰੀਬ ਪੁਰਸ਼ ਰਹਿੰਦਾ ਸੀ ਜੋ ਕਿ ਸ਼ਰਾਬ ਵੇਚਣ ਦਾ ਧੰਦਾ ਕਰਦਾ ਸੀ।[374] ਨਵਾਬ ਕਪੂਰ ਸਿੰਘ ਨੇ ਭਾਗ ਸਿੰਘ ਦੀ ਵਿਧਵਾ ਭੈਣ ਦੇ ਸਪੁੱਤਰ ਬਾਲਕ ਜੱਸਾ ਸਿੰਘ ਨੂੰ ਆਪਣੇ ਕੋਲ ਰਖ ਕੇ ਪਾਲਣ ਪੋਸ਼ਣ ਕੀਤਾ। ਜੱਸਾ ਸਿੰਘ ਨੇ ਸਿੱਖਾਂ ਦੀ ਚੜ੍ਹਦੀਕਲਾ ਲਈ ਕਈ ਅਹਿਮ ਮੱਲਾਂ ਮਾਰੀਆਂ। ਇਹ ਮਿਸਲ ਬੁੱਢਾ ਦਲ ਦੇ ਅਧੀਨ ਸੀ। ਜੱਸਾ ਸਿੰਘ ਦਾ ਕੋਈ ਪੁੱਤਰ ਨਹੀਂ ਸੀ ਇਸ ਲਈ ਉਸਦੇ ਕਾਲਵਸ ਹੋਣ ਤੋਂ ਬਾਅਦ ਮੋਹਰ ਸਿੰਘ ਅਤੇ ਭਾਗ ਸਿੰਘ ਹੀ ਰਿਸ਼ਤੇਦਾਰ ਰਹਿ ਗਏ ਸਨ।[375]

**ਮਿਸਲ ਡੱਲੇਵਾਲੀਆ:**

ਡੱਲੇਵਾਲੀਆ ਮਿਸਲ ਬੁੱਢਾ ਦਲ ਵਿਚ ਸ਼ਾਮਿਲ ਕੀਤੀ ਗਈ ਸੀ। ਇਸ ਮਿਸਲ ਦਾ ਮੋਢੀ ਗੁਲਾਬ ਸਿੰਘ ਖਤ੍ਰੀ ਸੀ। 1759 ਈ. ਵਿਚ ਗੁਲਾਬ ਸਿੰਘ ਦੇ ਦੇਹਾਂਤ ਤੋਂ ਬਾਅਦ ਤਾਰਾ ਸਿੰਘ 'ਗਾਇਬਾ' ਮਿਸਲਦਾਰ ਬਣਿਆ। ਇਹ ਬੜੀ ਫੁਰਤੀ ਨਾਲ ਵੈਰੀ ਉਤੇ ਝਪਟਦਾ ਸੀ ਅਤੇ ਲੁੱਟ-ਪੁੱਟ ਕੇ ਛਿਣਾਂ ਵਿਚ ਹੀ ਗਾਇਬ ਹੋ ਜਾਂਦਾ ਸੀ। ਇਸੇ ਕਰਕੇ ਇਸ ਨੂੰ 'ਗਾਇਬਾ' ਕਿਹਾ ਜਾਂਦਾ ਸੀ। ਇਹ ਮਹਾਰਾਜਾ ਰਣਜੀਤ ਸਿੰਘ ਦਾ ਮਿੱਤਰ ਵੀ ਸੀ। ਸੰਨ 1807 ਈ. ਵਿਚ ਇਸ ਦੇ ਦੇਹਾਂਤ ਤੋਂ ਬਾਅਦ ਮਹਾਰਾਜੇ ਨੇ ਇਸ ਮਿਸਲ ਦਾ ਸਾਰਾ ਇਲਾਕਾ ਆਪਣੇ ਅਧੀਨ ਕਰ ਲਿਆ ਸੀ।[376]

**ਮਿਸਲ ਨਿਸ਼ਾਨਾਂ ਵਾਲੀ:**

ਇਸ ਮਿਸਲ ਦੇ ਜਥੇਦਾਰ ਸਰਦਾਰ ਸੰਗਤ ਸਿੰਘ, ਮੋਹਰ ਸਿੰਘ, ਦਸੌਂਧਾ ਸਿੰਘ, ਭੰਗਾ ਸਿੰਘ ਜ਼ਿਲਾ ਫ਼ਿਰੋਜ਼ਪੁਰ ਦੇ ਮਨਸੂਰਵਾਲ ਪਿੰਡ ਦੇ ਸ਼ੇਰਗਿੱਲ ਜੱਟ ਸਿੰਘ ਸਨ, ਜਦ ਕਿਧਰੇ ਖਾਲਸੇ ਦਾ ਧਰਮਯੁੱਧ ਹੁੰਦਾ, ਤਦ ਇਸ ਮਿਸਲ ਦੇ ਸਰਦਾਰ ਝੰਡੇ ਲੈ ਕੇ ਸਭ ਤੋਂ ਅੱਗੇ ਹੋ ਕੇ ਤੁਰਦੇ। ਇਸ ਮਿਸਲ ਦੀ ਰਾਜਧਾਨੀ ਅੰਬਾਲਾ ਸੀ।[377] ਇਹ ਲੋਕ ਆਪਣੀ ਮਿਸਲ ਵਿਚ ਇਕ ਉੱਚਾ ਸਾਹਿਬ ਨਿਸ਼ਾਨ ਰਖਦੇ ਸਨ, ਇਸ ਲਈ ਲੋਕ ਉਨ੍ਹਾਂ ਨੂੰ ਨਿਸ਼ਾਨਾਂ ਵਾਲੀ ਮਿਸਲ ਕਹਿਣ ਲੱਗ ਪਏ।

---

374 ਕਨ੍ਹੱਈਆ ਲਾਲ, ਤਾਰੀਖ਼-ਇ-ਪੰਜਾਬ, ਜੀਤ ਸਿੰਘ ਸੀਤਲ (ਅਨੁ.), ਪੰਨਾ 93.

375 ਉਹੀ, ਪੰਨੇ 94-95.

376 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਤੀਜਾ, ਪੰਨਾ 1019.

377 ਕਾਨ੍ਹ ਸਿੰਘ ਨਾਭਾ (ਭਾਈ), ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 702.

**ਮਿਸਲ ਫੈਜ਼ਲਪੁਰੀਆ:**

ਇਸ ਮਿਸਲ ਦਾ ਮੋਢੀ ਨਵਾਬ ਕਪੂਰ ਸਿੰਘ ਸੀ। ਫਜੁੱਲਾਬੇਗ ਦੇ ਨਾਮ ਉੱਤੇ ਫਜੁੱਲਾਪੁਰ ਰਖਿਆ ਹੋਇਆ ਸੀ ਜਦ ਕਪੂਰ ਸਿੰਘ ਨੇ ਫਜੁੱਲਾਪੁਰ (ਫੈਜ਼ਲਪੁਰ) ਮਾਰ ਲਿਆ ਤਦ ਉਸ ਪਿੰਡ ਦਾ ਨਾਮ ਸਿੰਘਪੁਰਾ ਰਖ ਲਿਆ।[378] ਨਵਾਬ ਕਪੂਰ ਸਿੰਘ ਦੇ ਕਾਲਵੱਸ ਹੋਣ ਨਾਲ ਉਸ ਦਾ ਇਲਾਕਾ ਖੁਸ਼ਹਾਲ ਸਿੰਘ ਦੇ ਅਧੀਨ ਆਇਆ ਜੋ ਕਿ ਬਾਅਦ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਜ਼ਬਤ ਕਰ ਲਿਆ।[379] ਨਵਾਬ ਕਪੂਰ ਸਿੰਘ ਦੇ ਆਪਣੀ ਕੋਈ ਔਲਾਦ ਨਾ ਹੋਣ ਕਾਰਨ, ਉਸਨੇ ਆਪਣੇ ਭਤੀਜੇ ਖੁਸ਼ਾਲ ਸਿੰਘ ਨੂੰ ਆਪਣੀ ਮਿਸਲ ਦਾ ਜਥੇਦਾਰ ਥਾਪਿਆ ਅਤੇ ਪੰਥ ਦਾ ਜਥੇਦਾਰ ਸ: ਜੱਸਾ ਸਿੰਘ ਆਹਲੂਵਾਲੀਆ ਨੂੰ ਬਣਾਇਆ।[380]

**ਮਿਸਲ ਕਰੋੜਸਿੰਘੀਆ:**

ਇਸ ਮਿਸਲ ਦਾ ਮੋਢੀ ਕਰੋੜਾ ਸਿੰਘ ਸੀ ਜਿਸ ਦਾ ਪਹਿਲਾ ਨਾਮ ਕਰੋੜੀ ਮੱਲ ਸੀ। ਜਦ ਉਹ ਅੰਮ੍ਰਿਤ ਛਕ ਕੇ ਸਿੰਘ ਸਜਿਆ ਤਾਂ ਕਰੋੜਾ ਸਿੰਘ ਦੇ ਨਾਮ ਨਾਲ ਮਸ਼ਹੂਰ ਹੋਇਆ। ਉਸਦੇ ਮਰਨ ਪਿਛੋਂ ਬਘੇਲ ਸਿੰਘ ਮਿਸਲ ਦਾ ਸਰਦਾਰ ਬਣਿਆ। ਬਾਰਾਂ ਹਜ਼ਾਰ ਲੜਾਕੇ ਸੂਰਮੇ ਸਵਾਰ ਇਸ ਮਿਸਲ ਵਿਚ ਸ਼ਾਮਿਲ ਸਨ।[381] ਸਤਲੁਜ ਪਾਰ ਦੇ ਬਹੁਤ ਸਾਰੇ ਇਲਾਕੇ ਇਸ ਮਿਸਲ ਦੇ ਕਬਜ਼ੇ ਵਿਚ ਸਨ। ਜਲੰਧਰ ਦੁਆਬ ਵਿਚ ਵੀ ਥੋੜਾ ਜਿਹਾ ਇਲਾਕਾ ਇਸ ਮਿਸਲ ਦੇ ਅਧੀਨ ਸੀ।[382]

**ਮਿਸਲ ਸ਼ਹੀਦਾਂ:**

ਇਸ ਮਿਸਲ ਨੂੰ 'ਨਿਹੰਗ ਸਿੰਘਾਂ ਦੀ ਮਿਸਲ' ਵੀ ਕਿਹਾ ਜਾਂਦਾ ਹੈ। ਅਕਾਲੀ ਫੂਲਾ ਸਿੰਘ ਜੀ ਇਸੇ ਮਿਸਲ ਵਿਚੋਂ ਹੋਏ ਹਨ, ਜਿਨ੍ਹਾਂ ਨੂੰ ਸਿੱਖ ਹਕੂਮਤ ਦਾ ਥੰਮ ਕਿਹਾ ਜਾਂਦਾ ਸੀ।[383] ਮਿਸਲ ਸ਼ਹੀਦਾਂ ਨੇ ਬਾਕੀ ਮਿਸਲਾਂ ਵਾਂਗ ਕੋਈ ਰਾਜਧਾਨੀ ਨਹੀਂ ਬਣਾਈ। ਬਾਕੀ ਦੇ ਸਾਰੇ ਮਿਸਲਾਂ ਵਾਲੇ ਸ਼ਹੀਦੀ ਮਿਸਲ ਪਾਸੋਂ ਹੀ ਅੰਮ੍ਰਿਤ ਛਕਦੇ ਸਨ।[384] ਇਸ ਮਿਸਲ ਵਿਚੋਂ ਹੀ ਭਾਈ ਨੱਥਾ ਸਿੰਘ ਜੀ ਹੋਏ ਜੋ ਦੁਰਾਨੀਆਂ ਨਾਲ ਲੜ੍ਹਦੇ

---

[378] ਸ਼ਰਧਾ ਰਾਮ ਫਿਲੌਰੀ (ਪੰਡਿਤ), ਸਿੱਖਾਂ ਦੇ ਰਾਜ ਦੀ ਵਿਥਿਆ, ਪ੍ਰੋ. ਪ੍ਰੀਤਮ ਸਿੰਘ (ਸੰਪਾ.), ਪੰਨਾ 111.

[379] ਕਨ੍ਹੱਈਆ ਲਾਲ, ਤਾਰੀਖ਼-ਇ-ਪੰਜਾਬ, ਜੀਤ ਸਿੰਘ ਸੀਤਲ (ਅਨੁ.), ਪੰਨਾ 100.

[380] ਅਮਰ ਸਿੰਘ ਗਿਆਨੀ, ਅਣਖੀਲੇ ਬਹਾਦਰ, ਪੰਨਾ ੬੫.

[381] ਕਨ੍ਹੱਈਆ ਲਾਲ, ਤਾਰੀਖ਼-ਇ-ਪੰਜਾਬ, ਜੀਤ ਸਿੰਘ ਸੀਤਲ (ਅਨੁ.), ਪੰਨਾ 101.

[382] ਉਹੀ, ਪੰਨਾ 102.

[383] ਪਿਆਰਾ ਸਿੰਘ ਦਾਤਾ, ਸਿੱਖ ਇਤਿਹਾਸ ਦੇ ਖ਼ੂਨੀ ਪੱਤਰੇ, ਪੰਨਾ 161.

[384] ਠਾਕੁਰ ਸਿੰਘ (ਗਿਆਨੀ), ਗ੍ਰੰਥ ਸ੍ਰੀ ਗੁਰਦੁਆਰੇ ਦਰਸ਼ਨ, ਪੰਨਾ ੬੨੬-੬੨੭.

ਸ਼ਹੀਦ ਹੋਏ ਸਨ। ਅਕਾਲੀ ਨੈਣਾ ਸਿੰਘ ਵੀ ਇਸੇ ਮਿਸਲ ਵਿਚੋਂ ਸਨ।[385] ਮੌਜੂਦਾ ਸਮੇਂ ਵਿਚ ਵੀ ਇਹ ਮਿਸਲ ਤਰਨਾ ਦਲ ਬਾਬਾ ਬਕਾਲਾ ਸਾਹਿਬ ਦੇ ਰੂਪ ਵਿਚ ਮੋਜੂਦ ਹੈ।

**ਮਿਸਲ ਸ਼ੁਕਰਚੱਕੀਆ:**

ਪੰਡਿਤ ਤਾਰਾ ਹਰਿ ਨਰੋਤਮ ਅਨੁਸਾਰ, "ਨਾਮੀ ਸਰਦਾਰ ਚੜਤ ਸਿੰਘ, ਰਣਜੀਤ ਸਿੰਘ ਕਾ ਦਾਦਾ, ਆਠ ਹਜ਼ਾਰ ਫੌਜ, ਬਾਰਾਂ ਲਾਖ ਕੇ ਮੁਲਖ ਕਾ ਮਾਲਕ ਥਾ। ਪ੍ਰਮੇਸਰ ਕੀ ਦਇਆ ਸੇ ਇਸ ਕਾ ਪੋਤਾ ਰਣਜੀਤ ਸਿੰਘ ਸਿਖੋਂ ਕਾ ਮਹਾਰਾਜਾ ਹੋ ਗੁਜ਼ਰਾ। ਸ਼ੁੱਕ੍ਰ ਚੱਕ ਇਨ ਕਾ ਪਹਿਲਾ ਨਾਮ ਥਾ, ਇਸ ਲੀਏ ਸ਼ੁਕ੍ਰਚੱਕੀਏ ਕਹੇ ਜਾਤੇ ਹੈਂ।"[386] ਇਸ ਮਿਸਲ ਵਿਚ ਚੜ੍ਹਤ ਸਿੰਘ ਸ਼ੁਕਰਚੱਕੀਆ ਤੋਂ ਬਾਅਦ ਮਹਾਂ ਸਿੰਘ ਮੁਖੀ ਬਣਿਆ। ਮਹਾਂ ਸਿੰਘ ਦੇ ਪੁੱਤਰ ਮਹਾਰਾਜਾ ਰਣਜੀਤ ਸਿੰਘ ਨੇ ਸਾਰੀਆਂ ਮਿਸਲਾਂ ਨੂੰ ਇਕੱਤਰ ਕਰਕੇ ਖਾਲਸਾ ਰਾਜ ਬਣਾਇਆ।

**ਮਿਸਲ ਫੂਲਕੀਆ:**

ਇਹ ਮਿਸਲ ਬੁੱਢਾ ਦਲ ਅਤੇ ਤਰਨਾ ਦਲ ਦੇ ਅਧੀਨ ਨਹੀਂ ਸੀ। ਪਟਿਆਲਾ, ਜੀਂਦ ਅਤੇ ਨਾਭਾ ਦੀਆਂ ਰਿਆਸਤਾਂ ਇਸੇ ਮਿਸਲ ਵਿਚੋਂ ਸਨ। ਚੌਧਰੀ ਫੂਲ ਦੇ ਛੇ ਪੁੱਤਰ ਸਨ: ਤਿਲੋਕਾ, ਰਾਮਾ, ਨੱਥੂ, ਚੰਦੂ, ਜਸਤੂ ਅਤੇ ਤਖ਼ਤ ਮੱਲ। ਰਾਮਾ ਦੇ ਪੰਜ ਪੁੱਤਰਾਂ ਵਿਚੋਂ ਆਲਾ ਸਿੰਘ ਨੇ ਪਟਿਆਲਾ ਰਿਆਸਤ ਦੀ ਨੀਂਹ ਰੱਖੀ।[387] ਅਹਿਮਦਸ਼ਾਹ ਅਬਦਾਲੀ ਦੇ ਹਮਲੇ ਸਮੇਂ ਆਲਾ ਸਿੰਘ ਨੇ ਚਲਾਕੀ ਨਾਲ ਬਾਦਸ਼ਾਹੀ ਲਸ਼ਕਰ ਨੂੰ ਚਾਰ ਲੱਖ ਰੁਪਿਆ ਨਕਦ ਦੇ ਕੇ ਆਪਣੀ ਰਿਆਸਤ ਨੂੰ ਤਬਾਹੀ ਤੋਂ ਬਚਾ ਲਿਆ। ਅਬਦਾਲੀ ਨੇ ਖੁਸ਼ ਹੋ ਕੇ ਆਲਾ ਸਿੰਘ ਨੂੰ 'ਰਾਜਾ' ਦਾ ਖਿਤਾਬ ਦਿੱਤਾ। ਆਲਾ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਸਰਦੂਲ ਸਿੰਘ, ਅਮਰ ਸਿੰਘ, ਸਾਹਿਬ ਸਿੰਘ, ਮਹਾਰਾਜਾ ਕਰਮ ਸਿੰਘ, ਮਹਾਰਾਜਾ ਨਰਿੰਦਰ ਸਿੰਘ, ਮਹਾਰਾਜਾ ਮਹਿੰਦਰ ਸਿੰਘ ਅਤੇ ਫੇਰ ਮਹਾਰਾਜਾ ਰਜਿੰਦਰ ਸਿੰਘ ਗੱਦੀ ਦੇ ਮਾਲਿਕ ਬਣੇ।[388]

---

385 ਲਾਲ ਸਿੰਘ 'ਸੰਗਰੂਰ' (ਗਯਾਨੀ), ਗੁਰੂ ਬੰਸਾਵਲੀ ਤੇ ਪੰਥਕ ਪ੍ਰਸਿੱਧ ਹਸਤੀਆਂ, ਪੰਨਾ ੨੦੧.

386 ਤਾਰਾ ਹਰਿ ਨਰੋਤਮ, ਸ੍ਰੀ ਗੁਰ ਤੀਰਥ ਸੰਗ੍ਰਹਿ, ਪੰਨਾ 304.

387 ਕਨ੍ਹੱਈਆ ਲਾਲ, ਤਾਰੀਖ਼-ਇ-ਪੰਜਾਬ, ਜੀਤ ਸਿੰਘ ਸੀਤਲ (ਅਨੁ.), ਪੰਨਾ 102.

388 ਉਹੀ, ਪੰਨੇ 103-104.

ਅਠਾਰ੍ਹਵੀਂ ਸਦੀ ਦੇ ਸੰਘਰਸ਼ ਕਾਲ ਵਿਚ ਪੰਥਕ ਜਥੇਬੰਦੀ ਵਿਸਾਖੀ ਤੇ ਦੀਵਾਲੀ ਦੇ ਦਿਹਾੜੇ ਸ੍ਰੀ ਅਕਾਲ ਤਖ਼ਤ 'ਤੇ ਸਰਬੱਤ ਖਾਲਸੇ ਦੇ ਸਮਾਗਮ ਦੇ ਮਤੇ, ਗੁਰਮਤੇ ਦਾ ਕਿਰਦਾਰ ਰਖਦੇ ਸਨ, ਜਿਨ੍ਹਾਂ ਨੇ ਸਿੱਖ ਇਤਿਹਾਸ ਵਿਚ ਅਹਿਮ ਰੋਲ ਅਦਾ ਕੀਤਾ ਹੈ।[389]

**ਗੁਰਮਤਾ:**

ਮਿਸਲਾਂ ਦੇ ਆਗੂ ਦੀਵਾਲੀ ਅਤੇ ਵਿਸਾਖੀ ਨੂੰ ਅਕਾਲ ਬੁੰਗੇ 'ਤੇ ਇਕੱਤਰ ਹੋ ਕੇ ਜੋ ਸਰਬ ਸੰਮਤੀ ਨਾਲ ਫੈਸਲਾ ਕਰਦੇ, ਉਹ 'ਗੁਰਮਤਾ' ਕਹਾਉਂਦਾ ਸੀ।[390] 'ਗੁਰਮਤਾ' ਦਾ ਅਰਥ ਹੈ ਗੁਰੂ ਦਾ ਮਤਾ ਜਾਂ ਫੈਸਲਾ। ਸਿੱਖ ਮਾਨਸਿਕਤਾ ਦੀ ਇਹ ਦ੍ਰਿੜ ਧਾਰਨਾ ਰਹੀ ਹੈ ਕਿ ਗੁਰੂ ਦਾ ਨਿਰਣਾ, ਵਿਅਕਤੀ ਦੁਆਰਾ ਕੀਤੇ ਨਿਰਣਿਆਂ ਤੋਂ ਨਿਸਚਿਤ ਰੂਪ ਵਿਚ ਉੱਤਮ ਹੁੰਦਾ ਹੈ ਅਤੇ ਇਸ ਲਈ ਖਾਲਸਾ ਪੰਥ ਆਪਣੇ ਸਮੂਹਿਕ ਨਿਰਣੇ ਗੁਰੂ ਦੇ ਨਾਂ ਉੱਤੇ ਕਰਦਾ ਹੈ। ਗੁਰਮਤਾ ਸਿੱਖ ਰਾਜ ਸੰਕਲਪ ਵਿਚ ਮੌਜੂਦ ਉਹ ਵਿਧੀ, ਪ੍ਰਕਿਰਿਆ ਜਾਂ ਮਰਯਾਦਾ ਹੈ ਜਿਸ ਨਾਲ ਖਾਲਸਾ ਪੰਥ ਮਹੱਤਵਪੂਰਣ ਨਿਰਣੈ ਲੈਂਦਾ ਹੈ।[391] ਗੁਰਮਤਾ ਸਾਰੇ ਪੰਥ ਦਾ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਲਿਆ ਫੈਸਲਾ ਸੀ ਅਤੇ ਇਹ ਫੈਸਲਾ ਸਾਰਿਆਂ ਲਈ ਮੰਨਣਾ ਜ਼ਰੂਰੀ ਸੀ। ਜੇਕਰ ਇਸ ਗੁਰਮਤੇ ਦਾ ਵਰਤਮਾਨ ਰਾਜਨੀਤਿਕ-ਵਿਗਿਆਨਿਕ ਸ਼ਬਦਾਂ ਵਿਚ ਅਨੁਵਾਦ ਕਰੀਏ ਤਾਂ ਇਸ ਨੂੰ ਸਿੱਧਾ ਲੋਕ ਰਾਜ ਕਿਹਾ ਜਾ ਸਕਦਾ ਹੈ।[392] ਸਰਬੱਤ ਖਾਲਸੇ ਵਲੋਂ ਜਦੋਂ ਕੋਈ ਗੁਰਮਤਾ ਕਰਨਾ ਹੁੰਦਾ ਤਾਂ ਦਰਸ਼ਨੀ ਡਿਉਢੀ ਅਤੇ ਅਕਾਲ ਬੁੰਗੇ ਦੇ ਵਿਚਕਾਰ ਸਾਰੀਆਂ ਮਿਸਲਾਂ ਦੇ ਚੋਣਵੇਂ ਸਿੰਘ ਇਕੱਤਰ ਹੁੰਦੇ ਅਤੇ ਆਲੇ ਦੁਆਲੇ ਨਿਹੰਗ ਸਿੰਘਾਂ ਦਾ ਪਹਿਰਾ ਲੱਗ ਜਾਂਦਾ ਤਾਂ ਕਿ ਕੋਈ ਵੀ ਬਾਹਰੋਂ ਅੰਦਰ ਨਾ ਆ ਸਕੇ।[393] ਮੌਜੂਦਾ ਸਮੇਂ ਵਿਚ ਗੁਰਮਤਾ ਸਿਰਫ਼ ਉਨ੍ਹਾਂ ਸਵਾਲਾਂ 'ਤੇ ਹੀ ਕੀਤਾ ਜਾਂਦਾ ਹੈ ਜੋ ਸਿੱਖ ਧਰਮ ਦੇ ਮੁੱਢਲੇ ਅਸੂਲਾਂ ਦੀ ਪੁਸ਼ਟੀ ਲਈ ਹੋਣ।[394] ਮਿਸਲਾਂ ਵਿਚਕਾਰ ਜੋ ਝਗੜੇ ਪੈਦਾ ਹੁੰਦੇ ਜਾਂ ਸਿਧਾਂਤਿਕ ਪੱਖ ਤੋਂ ਕੋਈ ਵਾਦ-ਵਿਵਾਦ ਪੈਦਾ ਹੁੰਦਾ ਤਾਂ ਉਸ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪ੍ਰੇਰਨਾ ਲੈ ਕੇ ਨਜਿੱਠ ਲਿਆ

---

389 ਰੂਪ ਸਿੰਘ (ਸੰਪਾ.), ਸਿੱਖ ਸੰਕਲਪ ਸਿਧਾਂਤ ਤੇ ਸੰਸਥਾਵਾਂ, ਪੰਨਾ 698.

390 ਪਿਆਰਾ ਸਿੰਘ ਪਦਮ (ਪ੍ਰੋ.), ਗੁਰੂ ਘਰ, ਪੰਨਾ 215.

391 ਜਸਪਾਲ ਸਿੰਘ (ਡਾ.), ਰਾਜ ਦਾ ਸਿੱਖ ਸੰਕਲਪ, ਪੰਨਾ 237.

392 ਪ੍ਰੀਤਮ ਸਿੰਘ (ਪ੍ਰੋ.), ਸਿੱਖ ਵੀਚਾਰ-ਧਾਰਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਤੀਜੀ ਵਾਰ, ਅਗਸਤ 1981, ਪੰਨਾ ੧੧੪.

393 ਸ਼ਮਸ਼ੇਰ ਸਿੰਘ ਅਸ਼ੋਕ, ਮਜ਼੍ਹਬੀ ਸਿੱਖਾਂ ਦਾ ਇਤਿਹਾਸ, ਬਾਬਾ ਜੀਵਨ ਸਿੰਘ ਮੈਮੋਰੀਅਲ ਐਂਡ ਰੀਸਰਚ ਟ੍ਰਸਟ, ਲੰਡਨ, ਸਤੰਬਰ 1987, ਪੰਨਾ ੮੮.

394 ਸਿੱਖ ਰਹਿਤ ਮਰਯਾਦਾ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਮਈ 2018, ਪੰਨਾ ੩੨.

ਜਾਂਦਾ।[395] ਡਾ. ਹਰਜਿੰਦਰ ਸਿੰਘ ਦਿਲਗੀਰ ਅਨੁਸਾਰ, ਸੰਨ 1805 ਈ. ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਨੇ ਸਰਬੱਤ ਖਾਲਸਾ ਬੁਲਾਉਣਾ ਬਿਲਕੁਲ ਹੀ ਬੰਦ ਕਰ ਦਿੱਤਾ ਸੀ।[396]

ਸਾਰੇ ਸਰਦਾਰ ਅੰਮ੍ਰਿਤਸਰ ਨੂੰ ਵਸਾਉਣ, ਹਰਿਮੰਦਰ ਅਤੇ ਸਰੋਵਰ ਨੂੰ ਬਣਾਉਣ ਅਤੇ ਸਜਾਉਣ ਲਈ ਰੁਪਏ ਪਾਣੀ ਵਾਂਗ ਖ਼ਰਚ ਕਰ ਦਿੰਦੇ ਸਨ। ਇੱਥੋਂ ਦੇ ਪੁਜਾਰੀਆਂ ਨੂੰ 'ਅਕਾਲੀ' ਕਿਹਾ ਜਾਂਦਾ ਸੀ।[397] ਸਰਬੱਤ ਖਾਲਸੇ ਨੇ ਸਰਬ ਸੰਮਤੀ ਨਾਲ ਦਰਬਾਰ ਸਾਹਿਬ ਦੀ ਸੇਵਾ ਸੰਭਾਲ ਆਦਿ ਦਾ ਕੰਮ ਬੁੱਢਾ ਦਲ ਦੇ ਨਿਹੰਗ ਸਿੰਘਾਂ ਦੇ ਹਵਾਲੇ ਕੀਤਾ ਤਾਂ ਕਿ ਪ੍ਰਬੰਧਕ ਕਾਰਜ ਤੋਂ ਕਿਸੇ ਪਾਸੇ ਕੋਈ ਗੜਬੜ ਪੈਦਾ ਨਾ ਹੋਵੇ।[398] ਗੁਰਬਖਸ਼ ਸਿੰਘ ਝੁਬਾਲੀਆ ਲਿਖਦੇ ਹਨ ਕਿ, "ਗੁਰੂ ਸਾਹਿਬਾਨ ਅਤੇ ਬੁੱਢਾ ਦਲ ਦੇ ਸਮੇਂ ਗੁਰਦੁਆਰਿਆਂ ਦਾ ਪ੍ਰਬੰਧ ਸਤਿਜੁਗੀ ਨਮੂਨੇ ਦਾ ਹੋਇਆ ਕਰਦਾ ਸੀ।"[399]

The Taruna Dal merged or transformed itself later on into the Sikh missals, But the Buddha Dal managed to preserves its existence in the form of the Nihang Dal orignally constituted a section of the Main Dal.[400] ਰਾਜ ਭਾਗ ਮਿਲਣ ਨਾਲ ਸਰਦਾਰ, ਜਾਗੀਰਦਾਰ, ਫੌਜੀ ਜਰਨੈਲ ਆਦਿਕ ਸਾਰੇ ਹੀ ਸ਼ਾਹੀ ਪੁਸ਼ਾਕਾਂ ਪਾਉਣ ਲਗ ਪਏ ਪਰ ਨਿਹੰਗ ਸਿੰਘਾਂ ਨੇ ਖਾਲਸੇ ਦਾ ਸਰੂਪ ਜਿਉਂ ਦਾ ਤਿਉਂ ਹੀ ਰਖਿਆ।[401]

ਨਵਾਬ ਕਪੂਰ ਸਿੰਘ ਨੇ ਜੰਗਾਂ ਯੁੱਧਾਂ ਵਿਚ ਜਿਆਦਾ ਸੱਟਾਂ ਲਗਣ ਕਰਕੇ ਸਰਗਰਮ ਰੂਪ ਵਿਚ ਦਲ ਖਾਲਸੇ ਦੀ ਅਗਵਾਈ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਸੌਂਪ ਦਿੱਤੀ ਸੀ।[402] ਸਾਲ 1753 ਈ. ਵਿਚ

---

395 ਜੰਗ ਸਿੰਘ (ਗਿਆਨੀ), ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮਹਾਨ ਜਥੇਦਾਰ ਮੋਹਨ ਸਿੰਘ ਜੀ (ਜੀਵਨ ਤੇ ਪੰਥਕ ਸੇਵਾ), ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ, ਲੁਧਿਆਣਾ, 2004, ਪੰਨੇ 19-20.

396 ਹਰਜਿੰਦਰ ਸਿੰਘ ਦਿਲਗੀਰ (ਡਾ.), ਸਿੱਖ ਤਵਾਰੀਖ 'ਚ ਅਕਾਲ ਤਖ਼ਤ ਸਾਹਿਬ ਦਾ ਰੋਲ, ਪੰਨਾ 17.

397 ਗੁਰਬਖ਼ਸ਼ ਸਿੰਘ (ਅਨੁ.), ਤਾਰੀਖ਼-ਏ-ਪੰਜਾਬ ਅਹਮਦ ਸ਼ਾਹ ਬਟਾਲਵੀ ਰਚਿਤ 'ਕਿਤਾਬ-ਏ-ਹਿੰਦ' ਵਿਚੋਂ, ਪੰਨਾ 38.

398 ਸਿਮਰਜੀਤ ਸਿੰਘ (ਸੰਪਾ.), ਗੁਰਮਤਿ ਪ੍ਰਕਾਸ਼, ਜਿਲਦ 62, ਅੰਕ 4, ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ, ਜੁਲਾਈ 2018, ਪੰਨਾ 11.

399 ਗੁਰਬਖਸ਼ ਸਿੰਘ ਝੁਬਾਲੀਆ, ਸ਼ਮਸ਼ੇਰ, ਸ਼ਹੀਦੀ ਜੀਵਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਮਾਰਚ 1998, ਪੰਨਾ 30.

400 The Nihangs, File no. 110 (Typed), Dr. Ganda Singh Reference Library, Punjabi University, Patiala, Undated, p.3.

401 ਬਲਬੀਰ ਸਿੰਘ ਭਾਈ (ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 5, ਸਾਲ 28, ਬਗੀਚੀ ਬਾਬਾ ਬੰਬਾ ਸਿੰਘ ਜੀ, ਲੋਇਰ ਮਾਲ ਰੋਡ, ਪਟਿਆਲਾ, ਮਈ 1996, ਪੰਨਾ 16.

402 ਸੁਖਦਿਆਲ ਸਿੰਘ (ਡਾ.), ਸਿਰੀ ਅਕਾਲ ਤਖ਼ਤ ਸਾਹਿਬ (1606-1982), ਪੰਨਾ 43.

ਨਵਾਬ ਕਪੂਰ ਸਿੰਘ ਜੀ ਅਕਾਲ ਚਲਾਣਾ ਕਰ ਗਏ ਸਨ।[403] ਜਦੋਂ ਕਿਸੇ ਵੱਡੀ ਮਾਤਰਾ ਵਿਚ ਕੋਈ ਮੁਹਿੰਮ ਜਥੇਬੰਦ ਕੀਤੀ ਜਾਂਦੀ ਤਾਂ ਸਾਰਾ ਦਲ ਖਾਲਸਾ ਸਰਵਉੱਚ ਆਗੂ ਜੱਸਾ ਸਿੰਘ ਆਹਲੂਵਾਲੀਆ ਦੀ ਕਮਾਨ ਹੇਠ ਇਕੱਠਾ ਹੁੰਦਾ ਸੀ।

**ਮੀਰ ਮੰਨੂੰ ਦਾ ਰਾਜ:**

ਮੀਰ ਮੰਨੂੰ ਦਾ ਪੂਰਾ ਨਾਂ ਮੁਈਨੁੱਦੀਨ ਸੀ ਅਤੇ ਖ਼ਿਤਾਬ 'ਮੁਈਨੁਲਮੁਲਕ ਰੁਸਤਮ ਹਿੰਦ' ਸੀ।[404] ਉਸਨੇ ਪੰਜਾਬ ਦੀ ਹਕੂਮਤ ਦੀ ਵਾਗ-ਡੋਰ ਸੰਭਾਲਣ ਨਾਲ ਹੀ ਸਿੱਖਾਂ ਨੂੰ ਸੋਧਣਾ ਸ਼ੁਰੂ ਕੀਤਾ ਤੇ ਇਕ ਲੜਾਈ ਵਿਚ ਕਿਲ੍ਹਾ ਰਾਮ ਰੌਣੀ ਢਾਹ ਦਿੱਤਾ। ਸਿੱਖ ਹਜ਼ਾਰਾਂ ਦੀ ਗਿਣਤੀ ਵਿਚ ਪੰਜਾਬ ਤੋਂ ਬਾਹਰ ਨਿਕਲ ਗਏ। ਸੈਂਕੜੇ ਸਿੱਖ ਰੋਜ਼ ਫੜ੍ਹੇ ਜਾਂਦੇ ਤੇ ਲਾਹੌਰ ਭੇਜ ਦਿੱਤੇ ਜਾਂਦੇ, ਜਿੱਥੇ ਨਖ਼ਾਸ ਚੌਂਕ ਵਾਲੀ ਥਾਂ 'ਤੇ ਉਨ੍ਹਾਂ ਨੂੰ ਕਤਲ ਕਰ ਦਿੱਤਾ ਜਾਂਦਾ।[405] ਮਾਤਾਵਾਂ ਨੂੰ ਸਵਾ-ਸਵਾ ਮਣ ਦੇ ਪੀਸਣੇ ਪੀਸਣ ਲਈ ਦਿੱਤੇ ਜਾਂਦੇ। ਮੀਰ ਮੰਨੂੰ ਨੇ ਦਰਬਾਰ ਸਾਹਿਬ ਦੇ ਪਵਿੱਤਰ ਸਰੋਵਰ ਨੂੰ ਮਿੱਟੀ ਨਾਲ ਭਰਵਾ ਦਿੱਤਾ ਸੀ।[406] ਮੀਰ ਮੰਨੂੰ ਲਾਹੌਰ ਦੇ ਨੇੜੇ ਗੰਨੇ ਦੇ ਖੇਤ ਵਿਚ ਸਿੱਖਾਂ ਨੂੰ ਘੇਰ ਕੇ ਮਾਰਨ ਦੀ ਮੁਹਿੰਮ ਵੇਲੇ ਘੋੜੇ ਤੋਂ ਡਿੱਗ ਕੇ 4 ਨਵੰਬਰ 1753 ਈ. ਨੂੰ ਮਰ ਗਿਆ।[407] ਮੀਰ ਮੰਨੂੰ ਦੀ ਮੌਤ ਤੋਂ ਬਾਅਦ ਉਸਦੀ ਵਿਧਵਾ ਪਤਨੀ ਮੁਗਲਾਣੀ ਬੇਗਮ ਨੇ 1753 ਈ. ਤੋਂ 1757 ਈ. ਤੱਕ ਰਾਜ ਕੀਤਾ ਭਾਵ ਕਿ ਪੰਜਾਬ ਦੀ ਰਾਜਨੀਤੀ 'ਤੇ ਛਾਈ ਰਹੀ।[408] ਮੁਗਲਾਣੀ ਬੇਗਮ ਨੇ ਹੀ ਅਬਦਾਲੀ ਨੂੰ ਹਿੰਦੁਸਤਾਨ 'ਤੇ ਹਮਲਾ ਕਰਨ ਲਈ ਬੁਲਾਇਆ ਸੀ।

**ਮਿਸਲਾਂ ਦਾ ਰਾਖੀ ਪ੍ਰਬੰਧ:**

1752 ਈ. ਤੋਂ 1761 ਈ. ਤੱਕ ਪੰਜਾਬ ਵਿਚ ਦੁਰਾਨੀ, ਮਰਾਠੇ, ਅਦੀਨਾ ਬੇਗ ਅਤੇ ਸਿੱਖਾਂ ਵਿਚਕਾਰ ਸੰਘਰਸ਼ ਚਲਦਾ ਰਿਹਾ। ਅਦੀਨਾ ਬੇਗ ਦੀ ਮੌਤ ਅਤੇ ਮਰਾਠਿਆਂ ਦੀ ਪਾਣੀਪਤ ਦੀ ਹਾਰ ਕਾਰਨ

---

403 ਪ੍ਰੇਮ ਸਿੰਘ ਹੋਤੀ (ਬਾਬਾ), ਨਵਾਬ ਕਪੂਰ ਸਿੰਘ, ਪੰਨਾ 117.

404 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਚੌਥਾ, ਪੰਨਾ 1621.

405 ਕਨ੍ਹੱਈਆ ਲਾਲ, ਤਾਰੀਖ਼-ਇ-ਪੰਜਾਬ, ਜੀਤ ਸਿੰਘ ਸੀਤਲ (ਅਨੁ.), ਪੰਨਾ 67.

406 ਕਿਰਪਾਲ ਸਿੰਘ (ਗਿਆਨੀ) (ਸਿੰਘ ਸਾਹਿਬ), ਸ੍ਰੀ ਹਰਿਮੰਦਰ ਸਾਹਿਬ ਦਾ ਸੁਨਿਹਰੀ ਇਤਿਹਾਸ, ਪੰਨੇ ੧੪੮-੧੪੯.

407 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਚੌਥਾ, ਪੰਨਾ 1622.

408 ਸਾਹਿਬ ਸਿੰਘ ਅਰਸ਼ੀ (ਡਾ.), ਅਠਾਰਵੀਂ ਸਦੀ ਦੇ ਸਿੱਖਾਂ ਦਾ ਇਤਿਹਾਸ, ਫਾਈਲ ਨੰ:9(ਗੰਡਾ ਸਿੰਘ ਕੁਲੈਕਸ਼ਨ, ਡਾ. ਗੰਡਾ ਸਿੰਘ ਰੈਫਰੈਂਸ ਲਾਇਬ੍ਰੇਰੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ), ਮਿਤੀਹੀਨ, ਪੰਨਾ 47.

ਪੰਜਾਬ ਵਿਚ ਸਿੱਖਾਂ ਅਤੇ ਦੁਰਾਨੀਆਂ ਵਿਚਾਲੇ ਹੀ ਸੰਘਰਸ਼ ਰਿਹਾ।[409] ਇਸ ਸਮੇਂ ਦੌਰਾਨ ਸਿੰਘਾਂ ਨੇ ਪੰਜਾਬ ਦੇ ਬਹੁਤ ਸਾਰੇ ਹਿੱਸਿਆਂ ਉੱਤੇ ਰਾਖੀ ਪ੍ਰਬੰਧ ਕਰ ਲਿਆ ਸੀ। ਇਸ ਪ੍ਰਬੰਧ ਅਧੀਨ ਜਿਹੜੇ ਇਲਾਕੇ ਸਿੱਖਾਂ ਦੀ 'ਰਾਖੀ' ਵਿਚ ਆ ਗਏ ਤੇ ਫ਼ਸਲ ਵਿਚੋਂ 'ਦਲ ਖਾਲਸਾ' ਨੂੰ ਪੰਜਵਾਂ ਹਿੱਸਾ ਦੇਣਾ ਮੰਨ ਗਏ ਸਨ, ਉਨ੍ਹਾਂ ਇਲਾਕਿਆਂ ਨੂੰ ਲੁੱਟ ਮਾਰ ਤੋਂ ਬਚਾਇਆ ਜਾਂਦਾ। ਬਹੁਤ ਸਾਰੇ ਇਲਾਕੇ ਖ਼ੁਸ਼ੀ-ਖ਼ੁਸ਼ੀ ਨਾਲ ਸਿੰਘਾਂ ਦੀ 'ਰਾਖੀ' ਹੇਠ ਆ ਗਏ ਸਨ।[410] ਸਿੱਖਾਂ ਨੇ ਅਦੀਨਾ ਬੇਗ ਨਾਲ ਸੁਲਾਹ ਕਰ ਕੇ ਲਾਹੌਰ 'ਤੇ ਕਬਜ਼ਾ ਕਰ ਲਿਆ। ਸ. ਜੱਸਾ ਸਿੰਘ ਆਹਲੂਵਾਲੀਆ ਦੀ ਜਥੇਦਾਰੀ ਹੇਠਾਂ ਉਨ੍ਹਾਂ ਆਪਣੇ ਕਬਜ਼ੇ ਵਿਚ ਆਏ ਇਲਾਕੇ 'ਤੇ ਹਕੂਮਤ ਕਾਇਮ ਕਰਕੇ ਆਪਣਾ ਸਿੱਕਾ ਚਲਾਇਆ।[411] 1758 ਈ. ਵਿਚ ਸੂਲ ਉਠਣ ਕਾਰਨ ਅਦੀਨਾ ਬੇਗ ਦੀ ਮੌਤ ਹੋ ਗਈ।[412] ਬਾਬਾ ਆਲਾ ਸਿੰਘ ਤੋਂ ਬਿਨਾਂ ਕਿਸੇ ਹੋਰ ਸਿੱਖ ਸਰਦਾਰ ਦੇ ਮਰਾਠਿਆਂ ਨਾਲ ਸੰਬੰਧ ਨਹੀਂ ਸਨ। ਆਲਾ ਸਿੰਘ ਨੇ 1757 ਈ. ਵਿਚ ਅਫਗਾਨਾਂ ਨੂੰ ਕੱਢਣ ਲਈ ਮਰਾਠਿਆਂ ਨੂੰ ਬੁਲਾਇਆ ਸੀ।[413] ਪਰ ਅਬਦਾਲੀ 1762 ਈ. ਤੱਕ ਹਿੰਦੁਸਤਾਨ ਨੂੰ ਪੰਜ ਵਾਰੀ ਲੁੱਟ ਚੁੱਕਾ ਸੀ।[414]

**ਵੱਡਾ ਘੱਲੂਘਾਰਾ:**

1762 ਈ. ਦੇ ਫਰਵਰੀ ਦੇ ਮਹੀਨੇ ਵਿਚ 'ਕੁਪ ਰਹੀੜੇ' ਦੇ ਮੈਦਾਨ ਤੋਂ ਗਹਿਲਾਂ ਤਕ ਦੇ ਲਗਪਗ ਵੀਹ ਮੀਲ ਦੇ ਇਲਾਕੇ ਵਿਚ ਲੜੀ ਗਈ ਭਿਆਨਕ ਲੜਾਈ ਨੂੰ 'ਵੱਡਾ ਘਲੂੱਘਾਰਾ' ਕਿਹਾ ਜਾਂਦਾ ਹੈ।[415]

ਸਿੱਖਾਂ ਨੇ ਪਹਿਲਾਂ ਨਿਰੰਜਨ ਸੰਪਰਦਾਇ ਦੇ ਆਕਲ ਦਾਸ ਨੂੰ ਜੰਡਿਆਲੇ ਵਿਚ ਘੇਰਿਆ।[416] ਮਹੰਤ ਆਕਲ ਦਾਸ ਨੇ ਅਬਦਾਲੀ ਕੋਲੋਂ ਮਦਦ ਮੰਗੀ। 3 ਫਰਵਰੀ 1762 ਈ. ਨੂੰ ਅਬਦਾਲੀ ਲਾਹੌਰ ਆ ਪੁੱਜਾ। ਅਬਦਾਲੀ ਨੇ ਆਪਣੇ ਸਾਥੀਆਂ, ਵਲੀ ਖਾਨ ਮਲੇਰਕੋਟਲੇ ਵਾਲੇ ਅਤੇ ਜ਼ੈਨ ਖਾਨ ਸਮੇਤ ਹਜ਼ਾਰਾਂ ਦੀ ਗਿਣਤੀ ਵਿਚ ਫੌਜ ਨੇ ਸਿੰਘਾਂ ਦੁਆਲੇ ਘੇਰਾ ਘੱਤਿਆ।[417] ਸਿੱਖਾਂ ਦਾ ਵੱਡਾ ਦਲ ਸਰਹੰਦ ਦੇ ਜ਼ੈਨ ਖਾਨ ਨਾਲ ਟੱਕਰ

---

409 ਜਗਜੀਵਨ ਮੋਹਨ ਵਾਲੀਆ, ਬਾਬਾ ਆਲਾ ਸਿੰਘ, ਭਾਸ਼ਾ ਵਿਭਾਗ, ਪੰਜਾਬ, 1989, ਪੰਨਾ 33.

410 ਅਲੀ ਰਾਜਪੁਰਾ, ਵੱਡਾ ਘੱਲੂਘਾਰਾ 1762 ਸ਼ਹੀਦੀ ਸਾਕਾ, ਪੰਨਾ 43.

411 ਪਿਆਰਾ ਸਿੰਘ ਦਾਤਾ, ਸਿੱਖ ਇਤਿਹਾਸ ਦੇ ਖ਼ੂਨੀ ਪੱਤਰੇ, ਪੰਨਾ 119.

412 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਪਹਿਲਾ, ਪੰਨਾ 54 .

413 ਜਗਜੀਵਨ ਮੋਹਨ ਵਾਲੀਆ, ਬਾਬਾ ਆਲਾ ਸਿੰਘ, ਪੰਨਾ 29.

414 ਰੂਪ ਸਿੰਘ (ਡਾ.)(ਸੰਪਾ.), ਸਿੱਖ ਸੰਗਰਾਮ ਦੀ ਦਾਸਤਾਨ, ਪੰਨਾ 40.

415 ਉਹੀ, ਪੰਨਾ 39.

416 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਦੂਜਾ, ਪੰਨੇ 842-843.

417 ਰੂਪ ਸਿੰਘ (ਡਾ.)(ਸੰਪਾ.), ਸਿੱਖ ਸੰਗਰਾਮ ਦੀ ਦਾਸਤਾਨ, ਪੰਨਾ 37.

ਲੈਣ ਹੀ ਵਾਲਾ ਸੀ ਕਿ ਅਬਦਾਲੀ ਡੇਢ ਸੌ ਮੀਲ ਦਾ ਲੰਮਾ ਸਫਰ ਢਾਈ ਦਿਨਾਂ ਵਿਚ ਮੁਕਾ ਕੇ ਸਿੱਖਾਂ 'ਤੇ ਜਾ ਪਿਆ। ਸਿੱਖ ਹਰ ਪਾਸਿਉਂ ਦੁਸ਼ਮਣਾਂ ਦੀਆਂ ਫੌਜਾਂ ਹੱਥੋਂ ਘਿਰ ਗਏ ਕਿਉਂਕਿ ਇਕ ਪਾਸੇ ਸਰਹੰਦ ਦਾ ਸੂਬਾ ਜ਼ੈਨ ਖਾਨ ਸੀ, ਦੂਜੇ ਪਾਸੇ ਅਬਦਾਲੀ ਦਾ ਪਠਾਣੀ ਦਲ ਅਤੇ ਤੀਜੇ ਪਾਸੇ ਮਲੇਰਕੋਟਲੇ ਦੀ ਫੌਜ ਸੀ।[418] ਆਲਾ ਸਿੰਘ ਦੇ ਵਕੀਲ ਸੇਖੂ ਸਿੰਘ ਅਤੇ ਸੰਗੂ ਸਿੰਘ ਦੀ ਜ਼ੁੰਮੇਵਾਰੀ ਵਹੀਰ ਵਿਚੋਂ ਬੱਚਿਆਂ ਅਤੇ ਔਰਤਾਂ ਨੂੰ ਸੁਰਖਿਅਤ ਰੂਪ ਵਿਚ ਬਰਨਾਲੇ ਵਿਖੇ ਆਲਾ ਸਿੰਘ ਦੀ ਰਾਜਧਾਨੀ ਵਿਚ ਪਹੁੰਚਾਉਣ ਦੀ ਲੱਗੀ। ਠੀਕਰੀਵਾਲ ਅਤੇ ਬਰਨਾਲਾ ਉਨ੍ਹਾਂ ਲਈ ਸੁਰੱਖਿਅਤ ਪਨਾਹਗਾਹਾਂ ਸਨ।[419] ਇਸ ਅਚਨਚੇਤ ਹੋਏ ਹਮਲੇ ਵਿਚ ਸਿੰਘਾਂ ਦਾ ਬਹੁਤ ਜਾਨੀ ਮਾਲੀ ਨੁਕਸਾਨ ਹੋਇਆ।

**ਵੱਡੇ ਘੱਲੂਘਾਰੇ ਵਿਚ ਸਿੰਘਾਂ ਦਾ ਨੁਕਸਾਨ:**

ਇਸ ਘੱਲੂਘਾਰੇ ਵਿਚ ਸਿੱਖਾਂ ਦਾ ਛੋਟੇ ਘੱਲੂਘਾਰੇ ਤੋਂ ਵੀ ਵੱਧ ਨੁਕਸਾਨ ਹੋਇਆ ਸੀ। ਭਾਈ ਰਤਨ ਸਿੰਘ ਭੰਗੂ ਨੇ 'ਸ੍ਰੀ ਗੁਰ ਪੰਥ ਪ੍ਰਕਾਸ਼' ਵਿਚ ਵੱਡੇ ਘਲੂਘਾਰੇ ਵਿਚ ਸ਼ਹੀਦ ਹੋਣ ਵਾਲੇ ਸਿੱਖਾਂ ਦੀ ਗਿਣਤੀ ਤੀਹ ਹਜ਼ਾਰ ਦੱਸੀ ਹੈ:

ਪਿਤਾ ਹਮਾਰੇ ਤੀਸ ਬਤਾਏ। ਰਹੇ ਸੁ ਮਰ ਔਰ ਬਚ ਕਰ ਆਏ।[420]

ਕਿਹਾ ਜਾਂਦਾ ਹੈ ਕਿ ਇਸ ਘੱਲੂਘਾਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਦੋ ਬੀੜਾਂ ਅੰਮ੍ਰਿਤਸਰ ਅਤੇ ਦਮਦਮਾ ਸਾਹਿਬ ਵਾਲੀ ਬੀੜ ਪਠਾਣਾਂ ਦੇ ਹੱਥ ਆ ਗਈ ਸੀ।[421] ਗਿਆਨੀ ਗਰਜਾ ਸਿੰਘ ਅਨੁਸਾਰ, ਦਮਦਮੀ ਬੀੜ ਗਹਿਲਾਂ ਤੋਂ ਸੰਤ ਮਨਸਾ ਰਾਮ ਜੀ ਉਦਾਸੀ ਆਪਣੇ ਡੇਰੇ (ਗਾਖਲਾਂ ਦੀ ਪੱਤੀ) ਵਿਚ ਲੈ ਆਏ ਸਨ।[422]

---

418 ਪਿਆਰਾ ਸਿੰਘ ਦਾਤਾ, ਸਿੱਖ ਇਤਿਹਾਸ ਦੇ ਖੂਨੀ ਪੱਤਰੇ, ਪੰਨਾ 130.

419 Kirpal Singh, Life of Maharaja Ala Singh of Patiala And His Times, Sikh History Research Department, Khalsa College, Amritsar, Dec 1954, p. 108; ਹਰਿਬੰਸ ਸਿੰਘ ਚਾਵਲਾ (ਡਾ.), ਹਰਿਮੰਦਰ ਸਾਹਿਬ ਦੀ ਕਲਾ, ਪੰਨਾ 256.

420 ਰਤਨ ਸਿੰਘ ਭੰਗੂ (ਸ਼ਹੀਦ), ਸ੍ਰੀ ਗੁਰ ਪੰਥ ਪ੍ਰਕਾਸ਼, ਡਾ. ਜੀਤ ਸਿੰਘ ਸੀਤਲ (ਸੰਪਾ.), ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰਜਵੀਂ ਵਾਰ, ਸਤੰਬਰ 2014, ਪੰਨਾ ੪੬੫.

421 ਸਵਰਨ ਸਿੰਘ, ਅਬਦਾਲੀ, ਸਿੱਖ ਤੇ ਵੱਡਾ ਘੱਲੂਘਾਰਾ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਜੁਲਾਈ 2016, ਪੰਨਾ 74.

422 ਗੁਰਮੁਖ ਸਿੰਘ (ਸੰਪਾ.), ਗਿਆਨੀ ਗਰਜਾ ਸਿੰਘ ਦੀ ਇਤਿਹਾਸਕ ਖੋਜ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਜੁਲਾਈ 2010, ਪੰਨਾ 313.

ਕੋਈ ਵੀ ਸਿੱਖ ਐਸਾ ਨਹੀਂ ਸੀ ਜਿਸਦੇ ਸਰੀਰ 'ਤੇ ਅੱਠ, ਦਸ ਤੋਂ ਵੱਧ ਫੱਟ ਨਾ ਲੱਗੇ ਹੋਣ।[423] ਇਸ ਘੱਲੂਘਾਰੇ ਵਿਚ ਜੱਸਾ ਸਿੰਘ ਆਹਲੂਵਾਲੀਆ ਨੂੰ ਬਾਈ ਫੱਟ ਅਤੇ ਚੜ੍ਹਤ ਸਿੰਘ ਨੂੰ ਸੋਲ੍ਹਾਂ ਜ਼ਖ਼ਮ ਲੱਗੇ ਸਨ।[424] ਵੱਡੇ ਘੱਲੂਘਾਰੇ ਵਿਚ ਹੀ ਅਕਾਲੀ ਫੂਲਾ ਸਿੰਘ ਦੇ ਪਿਤਾ ਜੀ ਨੇ ਸਿੱਖ ਫੌਜਾਂ ਵਿਚ ਸ਼ਾਮਿਲ ਹੋ ਕੇ ਹਿੱਸਾ ਲਿਆ ਤੇ ਡਾਢੇ ਫੱਟੜ ਹੋਏ ਅਤੇ ਆਪਣੇ ਪਿੰਡ ਪਹੁੰਚ ਕੇ ਅਕਾਲ ਚਲਾਣਾ ਕਰ ਗਏ ਸਨ।[425] ਇੰਨਾ ਜਾਨੀ ਨੁਕਸਾਨ ਹੋਣ ਤੋਂ ਬਾਅਦ ਵੀ ਉਸ ਵੇਲੇ ਇਕ ਨਿਹੰਗ ਸਿੰਘ ਚੜ੍ਹਦੀਕਲਾ ਦਾ ਪ੍ਰਗਟਾਵਾ ਕਰ ਰਿਹਾ ਸੀ:

ਇਕ ਨਿਹੰਗ ਬੁਕ ਤਹਿਂ ਕਹਯੋ ਊਚੋ ਬਚਨ ਸੁਨਾਇ॥
ਤੱਤ ਖਾਲਸੋ ਸੋ ਰਹਯੋ ਗਯੋ ਸੁ ਖੋਟ ਗਵਾਇ॥[426]

15 ਫਰਵਰੀ 1762 ਈ. ਨੂੰ ਅਬਦਾਲੀ ਘੱਲੂਘਾਰੇ ਵਿਚ ਸ਼ਹੀਦ ਹੋਏ ਸਿੱਖਾਂ ਦੇ ਸਿਰਾਂ ਦੇ ਪੰਜਾਹ ਗੱਡੇ ਭਰ ਕੇ ਲਾਹੌਰ ਲੈ ਗਿਆ ਸੀ।[427] ਲਾਹੌਰ ਪਹੁੰਚ ਕੇ ਉਸ ਦੇ ਆਦੇਸ਼ ਅਨੁਸਾਰ ਸਿੱਖਾਂ ਦੇ ਸਿਰਾਂ ਦੇ ਮੀਨਾਰ ਉਸਾਰੇ ਗਏ ਅਤੇ ਸਿੱਖਾਂ ਦੇ ਲਹੂ ਨਾਲ ਮਸੀਤਾਂ ਦੀਆਂ ਦੀਵਾਰਾਂ ਨੂੰ ਧੋਇਆ ਗਿਆ।[428]

ਇਸ ਘੱਲੂਘਾਰੇ ਤੋਂ ਤਿੰਨ ਮਹੀਨੇ ਬਾਅਦ ਹੀ ਸਿੱਖਾਂ ਨੇ ਜ਼ੈਨ ਖਾਨ ਉਪਰ ਹਮਲਾ ਕਰ ਦਿੱਤਾ।[429] ਜ਼ੈਨ ਖਾਨ ਨੂੰ ਸਿੰਘਾਂ ਨੇ ਸਰਹੰਦ ਤੋਂ ਲਗਭਗ ਸੱਤ ਮੀਲ ਦੀ ਵਿੱਥ 'ਤੇ ਪਿੰਡ ਪੀਰਜੈਨ ਵਿਖੇ ਇਕ ਝਪਟ ਵਿਚ ਮੌਤ ਦੇ ਘਾਟ ਉਤਾਰ ਦਿੱਤਾ ਸੀ।[430] ਸਰਹੰਦ ਨੂੰ ਲੁੱਟ-ਪੁੱਟ ਕੇ ਤਬਾਹ ਕਰ ਦਿੱਤਾ ਗਿਆ, ਇਸ ਦੀਆਂ ਇਮਾਰਤਾਂ ਧਰਤੀ ਨਾਲ ਮੇਲ ਕੇ ਉਪਰ ਹੱਲ ਚਲਾਏ ਗਏ।[431] ਸਿੱਖਾਂ ਵਿਚ ਇਹ ਰਵਾਇਤ ਤੁਰੀ ਆਉਂਦੀ ਹੈ

423 ਹਰਿਬੰਸ ਸਿੰਘ ਚਾਵਲਾ (ਡਾ.), ਹਰਿਮੰਦਰ ਸਾਹਿਬ ਦੀ ਕਲਾ, ਪੰਨਾ 258.

424 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਦੂਜਾ, ਪੰਨੇ 842-843.

425 ਸਿਮਰਜੀਤ ਸਿੰਘ (ਸੰਪਾ.), ਗੁਰਮਤਿ ਪ੍ਰਕਾਸ਼, ਅੰਕ 7, ਜਿਲਦ 53, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਅਕਤੂਬਰ 2009, ਪੰਨਾ 80 .

426 ਰਤਨ ਸਿੰਘ ਭੰਗੂ (ਸ਼ਹੀਦ), ਸ੍ਰੀ ਗੁਰ ਪੰਥ ਪ੍ਰਕਾਸ਼, ਡਾ. ਜੀਤ ਸਿੰਘ ਸੀਤਲ (ਸੰਪਾ.), ਪੰਨਾ ੪੬੫.

427 ਸਵਰਨ ਸਿੰਘ, ਅਬਦਾਲੀ, ਸਿੱਖ ਤੇ ਵੱਡਾ ਘੱਲੂਘਾਰਾ, ਪੰਨਾ 89.

428 ਜਗਜੀਵਨ ਮੋਹਨ ਵਾਲੀਆ, ਬਾਬਾ ਆਲਾ ਸਿੰਘ, ਪੰਨਾ 43.

429 ਰੂਪ ਸਿੰਘ (ਡਾ.)(ਸੰਪਾ.), ਸਿੱਖ ਸੰਗਰਾਮ ਦੀ ਦਾਸਤਾਨ, ਪੰਨਾ 38.

430 ਚਮਕੌਰ ਸਿੰਘ (ਸੰਪਾ.), ਗੁਰਮਤਿ ਪ੍ਰਕਾਸ਼, ਅੰਕ 11, ਜਿਲਦ 44, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਫਰਵਰੀ 2000, ਪੰਨਾ 73

431 ਪਿਆਰਾ ਸਿੰਘ ਦਾਤਾ, ਸਿੱਖ ਇਤਿਹਾਸ ਦੇ ਖੂਨੀ ਪੱਤਰੇ, ਪੰਨਾ 135.

ਕਿ ਜਿਹੜਾ ਸਿੱਖ ਵੀ ਇਸ ਸ਼ਹਿਰ ਦੇ ਖੰਡਰਾਂ ਵਿਚੋਂ ਲੰਘਦਾ ਹੈ, ਉਹ ਇਸ ਬਰਬਾਦ ਹੋਏ ਸ਼ਹਿਰ ਵਿਚੋਂ ਦੋ ਇੱਟਾਂ ਚੁੱਕ ਕੇ ਦਰਿਆ ਵਿਚ ਸੁੱਟ ਆਉਂਦਾ ਹੈ।[432]

**ਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਅਤੇ ਕਾਰ ਸੇਵਾ:**

ਅਬਦਾਲੀ ਨੇ 10 ਅਪ੍ਰੈਲ 1762 ਨੂੰ ਹਰਿਮੰਦਰ ਸਾਹਿਬ ਦੀਆਂ ਨੀਹਾਂ ਵਿਚ ਬਰੂਦ ਦੇ ਕੁੱਪੇ ਰਖਵਾ ਕੇ ਦਰਬਾਰ ਸਾਹਿਬ ਦੀ ਇਮਾਰਤ ਨੂੰ ਉਡਵਾ ਦਿੱਤਾ ਸੀ। 17 ਅਕਤੂਬਰ 1762 ਦੀ ਦੀਵਾਲੀ ਨੂੰ ਸੱਠ ਹਜ਼ਾਰ ਸਿੰਘ ਅੰਮ੍ਰਿਤਸਰ ਇਕੱਤਰ ਹੋਏ।[433] ਪਿਪਲੀ ਸਾਹਿਬ ਕੋਲ ਸਿੰਘਾਂ ਨੇ ਅਬਦਾਲੀ ਦੀ ਫੌਜ ਨੂੰ ਘੇਰਾ ਪਾ ਲਿਆ। ਅਹਿਮਦ ਸ਼ਾਹ ਅਬਦਾਲੀ ਡਰਦਾ ਹੋਇਆ ਲਾਹੌਰ ਭੱਜ ਗਿਆ।[434] ਸਮੂਹ ਖਾਲਸੇ ਨੇ ਜੱਸਾ ਸਿੰਘ ਆਹਲੂਵਾਲੀਏ ਦੇ ਹੱਥੋਂ ਨਵੇਂ ਸਿਰਿਓਂ ਦਰਬਾਰ ਸਾਹਿਬ ਦੀ ਨੀਂਹ ਰਖਵਾ ਕੇ ਅਤੇ ਸੱਤ ਲੱਖ ਰੁਪਏ ਇਕੱਠੇ ਕਰਕੇ ਸੁਰ ਸਿੰਘ ਦੇ ਦੇਸ ਰਾਜ ਮਿਸਤਰੀ ਦੇ ਸਪੁਰਦ ਕੀਤੇ।[435] ਗਿਆਨੀ ਤ੍ਰਿਲੋਕ ਸਿੰਘ ਅਨੁਸਾਰ ਬਾਬਾ ਜੱਸਾ ਸਿੰਘ ਨੇ 17 ਨਵੰਬਰ 1763 ਈ. ਵਿਚ ਦਰਬਾਰ ਸਾਹਿਬ ਦੀ ਉਸਾਰੀ ਕਰਵਾਈ।[436]

1764 ਈ. ਤਕ ਸਿੱਖ ਮਿਸਲਾਂ ਅਤੇ ਦਲ ਖਾਲਸਾ ਨੇ ਸਾਰੇ ਪੰਜਾਬ ਵਿਚ ਆਪਣੀ ਪ੍ਰਭੂਤਾ ਸਥਾਪਿਤ ਕਰ ਲਈ ਸੀ। ਬੁੱਢਾ ਦਲ ਦੀ ਮਾਰ ਦਾ ਖੇਤਰ ਮਾਲਵਾ ਅਤੇ ਯਮੁਨਾ ਪਾਰ ਦਾ ਇਲਾਕਾ ਸੀ ਅਤੇ ਤਰਨਾ ਦਲ ਮਾਝੇ ਅਤੇ ਪੱਛਮੀ ਪੰਜਾਬ ਉਤੇ ਛਾਇਆ ਹੋਇਆ ਸੀ।[437] ਸਰਹੰਦ ਦੇ ਉਜਾੜੇ ਤੋਂ ਬਾਅਦ ਬੁੱਢਾ ਦਲ ਤਾਂ ਗੰਗ ਦੁਆਬ ਵਲ ਚਲਿਆ ਗਿਆ ਅਤੇ ਤਰਨਾ ਦਲ ਮੁੜ ਲਾਹੌਰ ਆ ਗਿਆ ਸੀ।[438] ਤਰਨਾ ਦਲ ਨੇ ਲਾਹੌਰ ਤੋਂ ਲੈ ਕੇ ਮੁਲਤਾਨ ਤੱਕ ਦਾ ਇਲਾਕਾ ਸੋਧ ਲਿਆ ਸੀ ਅਤੇ ਅਟਕ ਟੱਪ ਕੇ ਡੇਰਿਆਂ ਦਾ ਇਲਾਕਾ ਵੀ ਉਗਰਾਹ ਲਿਆ ਸੀ।[439] ਤਰਨਾ ਦਲ ਨੇ ਲਾਹੌਰ ਸ਼ਹਿਰ ਦੇ ਸਾਰੇ ਬੁੱਚੜਖਾਨੇ ਬੰਦ

---

432 ਕਨ੍ਹੱਈਆ ਲਾਲ, ਤਾਰੀਖ਼-ਇ-ਪੰਜਾਬ, ਜੀਤ ਸਿੰਘ ਸੀਤਲ (ਅਨੁ.), ਪੰਨੇ 77-79.

433 ਕਿਰਪਾਲ ਸਿੰਘ (ਗਿਆਨੀ) (ਸਿੰਘ ਸਾਹਿਬ), ਸ੍ਰੀ ਹਰਿਮੰਦਰ ਸਾਹਿਬ ਦਾ ਸੁਨਿਹਰੀ ਇਤਿਹਾਸ, ਪੰਨਾ ੧੪੯.

434 ਕੇਹਰ ਸਿੰਘ ਮਠਾਰੂ, ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ, ਪੰਨੇ 92-93.

435 ਕਿਰਪਾਲ ਸਿੰਘ (ਗਿਆਨੀ) (ਸਿੰਘ ਸਾਹਿਬ), ਸ੍ਰੀ ਹਰਿਮੰਦਰ ਸਾਹਿਬ ਦਾ ਸੁਨਿਹਰੀ ਇਤਿਹਾਸ, ਪੰਨਾ ੧੪੯.

436 ਤ੍ਰਿਲੋਕ ਸਿੰਘ (ਗਿਆਨੀ), ਇਤਿਹਾਸ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਅੰਮ੍ਰਿਤ ਸਰੋਵਰ, ਖਾਲਸਾ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ, ਫਰਵਰੀ 1980, ਪੰਨਾ 69.

437 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਪਹਿਲਾ, ਪੰਨਾ 314.

438 ਹੀਰਾ ਸਿੰਘ 'ਦਰਦ' (ਸੰਪਾ.), ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਕ ਖੋਜ, (ਸਿੱਖ ਰਾਜ ਪੂਰਬਲਾ ਸਮਾਂ), ਭਾਗ ਤੀਜਾ, ਪੰਨਾ ੭੯(ਫੁਟਨੋਟ)

439 ਉਹੀ, ਪੰਨਾ ੯੫.

ਕਰਵਾਏ।[440] 10 ਅਪ੍ਰੈਲ 1765 ਦੀ ਵਿਸਾਖੀ ਨੂੰ ਦਲ ਖਾਲਸਾ ਨੇ ਗੁਰਮਤਾ ਕਰਕੇ ਲਾਹੌਰ ਵਿਚ ਖਾਲਸੇ ਦੀ ਸਰਕਾਰ ਕਾਇਮ ਕੀਤੀ ਅਤੇ ਇਕ ਸਿੱਕਾ ਜਾਰੀ ਕੀਤਾ, ਜਿਸ ਉਪਰ ਇਹ ਇਬਾਰਤ ਉਕਰੀ ਹੋਈ ਸੀ:

ਦੇਗੋ ਤੇਗੋ ਫਤਹ ਓ ਨੁਸਰਤ ਬੇਦਰੰਗ

ਯਾਫਤਜ਼ ਨਾਨਕ ਓ ਗੁਰੂ ਗੋਬਿੰਦ ਸਿੰਘ

ਇਸ ਦਾ ਅਰਥ ਇਹ ਹੈ ਕਿ ਖਾਲਸੇ ਦੇ ਲੰਗਰ ਦੀ ਅਤੁੱਟਤਾ ਅਤੇ ਤੇਗ ਦੀ ਹਰ ਮੈਦਾਨ ਵਿਚ ਫ਼ਤਿਹ, ਇਹ ਸਭ ਅਕਾਲ ਪੁਰਖ ਵਿਚ ਭਰੋਸਾ ਅਤੇ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ਿਸ਼ ਕਾਰਨ ਹੀ ਸੰਭਵ ਹੈ।[441] 1765 ਈ. ਦੇ ਗੁਰਮਤੇ ਤਹਿਤ ਹੀ ਸ੍ਰੀ ਦਰਬਾਰ ਸਾਹਿਬ ਦੀ ਮੁੜ ਤੋਂ ਕਾਰ ਸੇਵਾ ਲਈ ਅਬਦਾਲੀ ਦੇ ਫੜੇ ਹੋਏ ਸੈਨਿਕਾਂ ਤੋਂ ਪਵਿੱਤਰ ਸਰੋਵਰ ਦੀ ਖੁਦਵਾਈ ਕਰਵਾਈ ਗਈ।[442] 1766 ਈ. ਵਿਚ ਜੱਸਾ ਸਿੰਘ ਰਾਮਗੜ੍ਹੀਏ ਨੇ ਨੂਰ ਦੀ ਪਿੰਡ ਦੀਆਂ ਇਮਾਰਤਾਂ ਢਾਹ ਕੇ ਉਹ ਇੱਟਾਂ ਵਾਪਿਸ ਲਿਆਂਦੀਆਂ ਜੋ ਨੂਰਦੀਨ ਤਰਨਤਾਰਨ ਸਰੋਵਰ ਨੂੰ ਪੱਕਾ ਕਰਨ ਲਈ ਬਣਾਏ ਆਵਿਆਂ ਵਿਚੋਂ ਚੁੱਕ ਕੇ ਲੈ ਗਿਆ ਸੀ।[443] ਤਰਨਤਾਰਨ ਸਰੋਵਰ ਦੇ ਨੇੜੇ 105 ਬੁੰਗੇ ਸਨ ਜਿਨ੍ਹਾਂ ਵਿਚੋਂ 6-7 ਬੁੰਗੇ ਨਿਹੰਗ ਸਿੰਘਾਂ ਨਾਲ ਸੰਬੰਧਿਤ ਸਨ।[444]

**ਅਬਦਾਲੀ ਦਾ ਆਖਰੀ ਹਮਲਾ:**

1767 ਈ. ਵਿਚ ਅਹਿਮਦ ਸ਼ਾਹ ਅਬਦਾਲੀ ਨੇ ਆਖਰੀ ਹਮਲਾ ਕੀਤਾ ਪਰ ਲੁਧਿਆਣੇ ਤੋਂ ਅੱਗੇ ਨਾ ਵਧਿਆ। ਕਾਬਲੀ ਪਠਾਣਾਂ ਨੇ ਪੰਜਾਹ ਵਰ੍ਹਿਆਂ ਵਿਚ ਵੀਹ ਹਮਲੇ ਕੀਤੇ। ਸਤਾਰਾਂ ਹਮਲੇ ਅਹਿਮਦਸ਼ਾਹ ਅਬਦਾਲੀ ਨੇ, ਪੰਜ ਹਮਲੇ ਉਸਦੇ ਪੁੱਤਰ ਤੈਮੂਰਸ਼ਾਹ ਨੇ, ਚਾਰ ਹਮਲੇ ਅਹਿਮਦ ਸ਼ਾਹ ਦੇ ਪੋਤਰੇ ਸ਼ਾਹ ਜ਼ਮਾਨ ਨੇ ਕੀਤੇ।[445] ਸਿੱਖਾਂ ਨੇ ਕਦੇ ਕਿਸੇ ਦੀ ਈਨ ਨਹੀਂ ਮੰਨੀ। ਸੌ ਸਾਲ ਦੇ ਸੰਗ੍ਰਾਮ ਦੀ ਜਿੱਤ ਜਾਂ

---

440 ਸੋਹਣ ਸਿੰਘ ਸੀਤਲ, ਸਿੱਖ ਮਿਸਲਾਂ, ਪੰਨਾ 33.

441 ਸੁਖਦਿਆਲ ਸਿੰਘ (ਡਾ.), ਸਿਰੀ ਅਕਾਲ ਤਖ਼ਤ ਸਾਹਿਬ (1606-1982), ਪੰਨੇ 49-48.

442 ਉਹੀ, ਪੰਨੇ 49-48.

443 ਗੁਰਬਖਸ਼ ਸਿੰਘ ਝੁਬਾਲੀਆ, ਸ਼ਮਸ਼ੇਰ, ਸ਼ਹੀਦੀ ਜੀਵਨ, ਪੰਨਾ 41.

444 ਐਚ.ਐਸ.ਚੋਪੜਾ, ਤਰਨਤਾਰਨ ਬਹੁਪੱਖੀ ਸਰਵੇਖਣ, ਪੰਨੇ 41-43.

445 ਪਿਆਰਾ ਸਿੰਘ ਪਦਮ, ਪੰਜਾਬ ਦੀ ਗੌਰਵ ਗਾਥਾ, ਪੰਨਾ 43.

ਫਤਹਿਯਾਬੀ ਨੂੰ ਕਿਸੇ ਮੋਹਰੀ ਸੂਰਬੀਰ ਦੀ ਵਿਅਕਤੀਗਤ ਪ੍ਰਾਪਤੀ ਨਾ ਮੰਨਿਆ ਗਿਆ ਸਗੋਂ ਸਮੁੱਚੇ ਪੰਥ ਦੀ ਜਿੱਤ ਕਰਾਰ ਦਿੱਤਾ ਸੀ।[446]

ਮਾਰਚ 1766 ਈ. ਵਿਚ ਧੌਲਪੁਰ ਦੇ ਕੋਲ ਸਿੱਖਾਂ ਅਤੇ ਮਰਹੱਟਿਆਂ ਦੀ ਲੜਾਈ ਹੋਈ ਜਿਸ ਵਿਚ ਮਰਹੱਟੇ ਹਾਰ ਖਾ ਕੇ ਭੱਜ ਗਏ।[447] ਗਿਆਨੀ ਸੋਹਣ ਸਿੰਘ ਸੀਤਲ ਅਨੁਸਾਰ 1768 ਈ. ਤੱਕ ਸਾਰੇ ਪੰਜਾਬ ਉੱਤੇ ਸਿੱਖਾਂ ਦਾ ਅਧਿਕਾਰ ਹੋ ਗਿਆ ਸੀ।[448]

**ਤੈਮੂਰ ਸ਼ਾਹ ਦਾ ਸਮਾਂ:**

ਅਹਿਮਦ ਸ਼ਾਹ ਅਬਦਾਲੀ 1773 ਈ. ਵਿਚ ਮਰ ਗਿਆ ਸੀ। ਇਸ ਤੋਂ ਬਾਅਦ ਤੈਮੂਰ ਸ਼ਾਹ ਨੇ ਕੁਝ ਕੁ ਜ਼ੋਰ ਨਾਲ ਮੁਲਤਾਨ, ਬਹਾਵਲਪੁਰ ਦੇ ਇਲਾਕੇ ਸਿੱਖਾਂ ਕੋਲੋਂ ਛੁਡਾ ਲਏ। ਕਸ਼ਮੀਰ ਵਿਚ ਬਗਾਵਤ ਹੋਣ ਕਾਰਨ ਤੈਮੂਰ ਪੰਜਾਬ ਵੱਲ ਬਹੁਤਾ ਧਿਆਨ ਨਾ ਦੇ ਸਕਿਆ ਅਤੇ 1793 ਈ. ਵਿਚ ਮਰ ਗਿਆ।[449] ਤੈਮੂਰ ਸ਼ਾਹ ਤੋਂ ਬਾਅਦ ਜ਼ਮਾਨ ਸ਼ਾਹ ਕੁਝ ਸਮਾਂ ਰਿਹਾ ਪਰ ਉਹ ਵੀ ਜਲਦ ਹੀ 1799 ਈ. ਵਿਚ ਮਰ ਗਿਆ।

**ਦਿੱਲੀ ਉੱਤੇ ਕਬਜ਼ਾ:**

ਖਾਲਸੇ ਨੇ ਇਕ ਬ੍ਰਾਹਮਣ ਦੀ ਫਰਿਆਦ 'ਤੇ ਦਿੱਲੀ ਉੱਤੇ ਹਮਲਾ ਕਰਕੇ ਉਸਦੀ ਬੇਟੀ ਛੁਡਾਈ। ਇਸ ਤੋਂ ਬਾਅਦ ਲਾਲ ਕਿਲ੍ਹੇ 'ਤੇ ਹਮਲਾ ਕਰ ਕੇ 11 ਮਾਰਚ 1783 ਨੂੰ ਕਿਲ੍ਹੇ ਦੇ ਅੰਦਰ ਦਾਖਿਲ ਹੋਏ। ਸਮੂਹ ਪੰਥ ਨੇ ਸ. ਜੱਸਾ ਸਿੰਘ ਆਹਲੂਵਾਲੀਆ ਦਿੱਲੀ ਦੇ ਤਖ਼ਤ ਉੱਤੇ ਬੈਠਾ ਕੇ ਆਪਣੇ ਜਥੇਦਾਰ ਨੂੰ 'ਸੁਲਤਾਨ-ਉਲ-ਕੌਮ' ਦਾ ਖਿਤਾਬ ਦਿੱਤਾ।[450] ਦਿੱਲੀ ਫ਼ਤਿਹ ਕਰਨ ਵਿਚ ਸ. ਬਘੇਲ ਸਿੰਘ ਨੇ ਉੱਘੀ ਭੂਮਿਕਾ ਨਿਭਾਈ। ਸ. ਬਘੇਲ ਸਿੰਘ ਨੇ ਆਨੰਦਪੁਰ ਸਾਹਿਬ ਦੇ ਵਿਕਾਸ ਲਈ ਸੋਢੀ ਸ਼ਾਮ ਸਿੰਘ ਦੀ

---

[446] ਉਹੀ, ਪੰਨਾ 44.

[447] ਸੋਹਣ ਸਿੰਘ ਸੀਤਲ (ਗਿਆਨੀ), ਸਿੱਖ ਰਾਜ ਕਿਵੇਂ ਬਣਿਆ?, ਪੰਨਾ 211.

[448] ਉਹੀ, ਪੰਨਾ 219.

[449] ਸ਼ਮਸ਼ੇਰ ਸਿੰਘ ਅਸ਼ੋਕ, ਅਠਾਰ੍ਹਵੀਂ ਸਦੀ ਦਾ ਪੰਜਾਬ, ਪੰਨਾ 98.

[450] ਸਿਮਰਜੀਤ ਸਿੰਘ (ਸੰਪਾ.), ਗੁਰਮਤਿ ਪ੍ਰਕਾਸ਼, ਜਿਲਦ 55, ਅੰਕ 8, ਧਰਮ ਪ੍ਰਚਾਰ ਕਮੇਟੀ, ਅੰਮ੍ਰਿਤਸਰ, ਨਵੰਬਰ 2011, ਪੰਨਾ 70.

ਸਹਾਇਤਾ ਵੀ ਕੀਤੀ।[451] ਦੀਵਾਨ-ਏ-ਆਮ ਉੱਤੇ ਕਬਜ਼ਾ ਕਰ ਕੇ ਸ਼ਾਹ ਆਲਮ ਸਾਨੀ ਤੋਂ ਬੇਗਮ ਸਮਰੂ ਦੀ ਵਿਚੋਲਗੀ ਰਾਹੀਂ ਤਿੰਨ ਲੱਖ ਰੁਪਏ ਹਰਜਾਨਾ ਲੈ ਕੇ ਦਿੱਲੀ ਤੋਂ ਬਾਕੀ ਸਿੱਖ ਜਰਨੈਲ ਵਾਪਿਸ ਪਰਤ ਗਏ ਪਰ ਸ. ਬਘੇਲ ਸਿੰਘ ਚਾਰ ਹਜ਼ਾਰ ਘੋੜ ਸਵਾਰਾਂ ਸਹਿਤ ਦਿੱਲੀ ਰਹੇ ਅਤੇ ਛੇ ਆਨੇ ਦੇ ਹਿਸਾਬ ਨਾਲ ਟੈਕਸ ਇਕੱਠਾ ਕੀਤਾ। ਦਿੱਲੀ ਰਹਿ ਕੇ ਸ. ਬਘੇਲ ਸਿੰਘ ਨੇ ਸੱਤ ਗੁਰਧਾਮਾਂ - ਸੀਸ ਗੰਜ, ਬੰਗਲਾ ਸਾਹਿਬ, ਬਾਲਾ ਸਾਹਿਬ, ਰਕਾਬ ਗੰਜ, ਮਜਨੂੰ ਟਿੱਲਾ, ਮੋਤੀ ਬਾਗ ਅਤੇ ਤੇਲੀਵਾੜਾ ਦੀ ਉਸਾਰੀ ਕਰਵਾਈ।[452] ਬਾਬਾ ਬਘੇਲ ਸਿੰਘ ਦਿੱਲੀ ਵਿਖੇ ਸੱਤ ਗੁਰੂ ਧਾਮਾਂ ਦੀ ਉਸਾਰੀ ਕਰਵਾ ਕੇ ਦਸੰਬਰ 1783 ਈ. ਵਿਚ ਪੰਜਾਬ ਵਲ ਪਰਤ ਆਏ ਸਨ।[453]

1784-85 ਈਸਵੀ ਵਿਚ ਜਦ ਮਰਹੱਟਿਆਂ ਨੇ ਖਾਲਸੇ ਦੀਆਂ ਜਿੱਤਾਂ-ਮਾਰਾਂ ਵਿਚ ਲੱਤ ਅੜਾਉਣੀ ਚਾਹੀ ਤਾਂ ਖਾਲਸੇ ਨੇ ਉਨ੍ਹਾਂ ਦੇ ਉਹ ਦੰਦ ਖੱਟੇ ਕੀਤੇ ਕਿ ਮੁੜ ਉਨ੍ਹਾਂ ਨੂੰ ਇਧਰ ਮੂੰਹ ਕਰਨ ਦਾ ਹੀਆ ਨਾ ਪਿਆ।[454] ਭਾਈ ਵੀਰ ਸਿੰਘ ਅਨੁਸਾਰ ਜੇਕਰ ਇਸ ਵੇਲੇ ਮਰਹੱਟੇ ਅਤੇ ਸਿੱਖ ਇਕ ਹੋ ਜਾਂਦੇ ਤਾਂ ਸਾਰਾ ਦੇਸ਼ ਇਨ੍ਹਾਂ ਦੋਹਾਂ ਤਾਕਤਾਂ ਦੇ ਹੱਥ ਆ ਜਾਂਦਾ।[455]

ਮਿਸਲਾਂ ਸਮੇਂ ਸਿੱਖਾਂ ਨੇ ਬੜੀਆਂ ਮਿਹਨਤਾਂ ਨਾਲ ਉਸ ਬੂਟੇ ਨੂੰ ਸਿੰਜਿਆ, ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਲਗਾ ਕੇ ਗਏ ਸਨ ਤੇ ਬਾਬਾ ਬੰਦਾ ਸਿੰਘ ਬਹਾਦਰ ਨੇ ਜਿਸਦੀ ਗੋਡੀ ਕੀਤੀ ਸੀ। ਇਸ ਦਾ ਫਲ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਲੁਕਾਈ ਨੇ ਖਾਧਾ ਅਤੇ ਚਾਰ ਦਿਨ ਸੁਖ ਦੇ ਕੱਟੇ।[456] ਦਲਾਂ ਦੇ ਇਸ ਤਰ੍ਹਾਂ ਪੱਕੀ ਤਰ੍ਹਾਂ ਸੰਗਠਨ ਹੋਣ ਨਾਲ ਸਿੱਖਾਂ ਲਈ ਭਵਿੱਖ ਵਿਚ ਰਾਜਨੀਤਿਕ ਸੱਤਾ ਪ੍ਰਾਪਤ ਕਰਨ ਲਈ ਇਕ

---

451 ਗੁਰਚਰਨ ਸਿੰਘ ਔਲਖ (ਡਾ.), ਖਾਲਸੇ ਦੀ ਸਿਰਜਣਾ ਸੰਕਲਪ, ਸਰੂਪ ਤੇ ਸਿਧਾਂਤ, ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਜਨਵਰੀ, 1999, ਪੰਨਾ 173.

452 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਚੌਥਾ, ਪੰਨਾ 1401.

453 ਉਹੀ, ਭਾਗ ਤੀਜਾ, ਪੰਨਾ 1110.

454 ਗੰਡਾ ਸਿੰਘ, ਸਿਖ ਇਤਿਹਾਸ ਵਲ, ਪੰਨਾ 30.

455 ਵੀਰ ਸਿੰਘ (ਭਾਈ), ਸਤਵੰਤ ਕੌਰ, ਪੰਨਾ 120.

456 ਪਿਆਰਾ ਸਿੰਘ ਦਾਤਾ, ਸਿੱਖ ਇਤਿਹਾਸ ਦੇ ਖੂਨੀ ਪੱਤਰੇ, ਪੰਨਾ 170.

ਪਾਸੇ ਰਾਹ ਖੁਲ੍ਹ ਗਿਆ ਸੀ ਅਤੇ ਦੂਜੇ ਪਾਸੇ ਇਹ ਸੰਗਠਨ ਹੀ ਖਾਲਸਾ ਰਾਜ ਦੇ ਪ੍ਰਸ਼ਾਸਨ ਦਾ ਬੁਨਿਆਦੀ ਢਾਂਚਾ ਸਿੱਧ ਹੋਇਆ।[457]

### 2.6.3 ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵੇਲੇ:

ਮਹਾਰਾਜਾ ਰਣਜੀਤ ਸਿੰਘ ਦਾ ਜਨਮ 1780 ਈ. ਵਿਚ ਹੋਇਆ। ਹੌਲੀ-ਹੌਲੀ ਮਹਾਰਾਜਾ ਰਣਜੀਤ ਸਿੰਘ ਨੇ ਸਮੂਹ ਮਿਸਲਾਂ ਨੂੰ ਇਕ ਕਰਕੇ ਖਾਲਸਾ ਰਾਜ ਵਿਚ ਤਬਦੀਲ ਕੀਤਾ। 1809 ਈ. ਵਿਚ ਮਹਾਰਾਜਾ ਰਣਜੀਤ ਸਿੰਘ ਨੇ ਫਰੀਦਕੋਟ ਸਮੇਤ ਕਈ ਇਲਾਕੇ ਆਪਣੇ ਰਾਜ ਵਿਚ ਮਿਲਾ ਲਏ ਸਨ।[458] ਬਾਬਾ ਕਰਮ ਸਿੰਘ ਹੋਤੀ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਨੇ ਇਹ ਵਿਚਾਰ ਲਿਆ ਸੀ ਕਿ ਮਿਸਲਾਂ ਦਾ ਆਪਸ ਵਿਚ ਜਥੇਬੰਦ ਹੋਣਾ ਕਠਿਨ ਹੈ, ਇਸ ਲਈ ਇਨ੍ਹਾਂ ਨੂੰ ਇਕ ਭਾਰੀ ਸਲਤਨਤ ਵਿਚ ਢਾਲ ਲਿਆ ਜਾਵੇ।[459] ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਸਮੇਤ ਸ੍ਰੀ ਦਰਬਾਰ ਸਾਹਿਬ ਅਕਾਲੀ ਸਿੰਘਾਂ ਦੇ ਪ੍ਰਬੰਧ ਵਿਚ ਹੀ ਸੀ। ਉਸ ਸਮੇਂ ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧ ਅਕਾਲੀ ਬਾਬਾ ਨੈਣਾ ਸਿੰਘ ਅਤੇ ਮਗਰੋਂ ਅਕਾਲੀ ਬਾਬਾ ਫੂਲਾ ਸਿੰਘ ਦੇ ਕੋਲ ਸੀ।[460] ਮਹਾਰਾਜਾ ਰਣਜੀਤ ਸਿੰਘ ਦਾ ਅੰਗਰੇਜ਼ਾਂ ਨਾਲ ਮਿਲਵਰਤਣਾ ਅਕਾਲੀ ਫੂਲਾ ਸਿੰਘ ਨੂੰ ਚੰਗਾ ਨਹੀਂ ਲਗਦਾ ਸੀ।

ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਬੁੱਢਾ ਦਲ ਦੇ ਛੇਵੇਂ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ ਅਤੇ ਤਰਨਾ ਦਲ ਦੇ ਗਿਆਰ੍ਹਵੇਂ ਜਥੇਦਾਰ ਬਾਬਾ ਸਾਧੂ ਸਿੰਘ ਜੀ ਨੇ ਇਕੱਠੇ ਹੀ ਕਈ ਜੰਗੀ ਮੁਹਿੰਮਾਂ ਵਿਚ ਹਿੱਸਾ ਲਿਆ ਜਿਸ ਵਿਚ ਕਸੂਰ, ਮੁਲਤਾਨ, ਕਸ਼ਮੀਰ ਅਤੇ ਨੌਸ਼ਹਿਰਾ ਦੀ ਮੁਹਿੰਮਾਂ ਸ਼ਾਮਿਲ ਸਨ।[461] ਇਨ੍ਹਾਂ ਲੜਾਈਆਂ ਵਿਚ ਨਿਹੰਗ ਸਿੰਘਾਂ ਦੀ ਮੋਹਰੀ ਭੂਮਿਕਾ ਰਹੀ ਸੀ, ਜੋ ਅਕਾਲੀ ਬਾਬਾ ਫੂਲਾ ਸਿੰਘ ਜੀ ਦੀ ਅਗਵਾਈ ਵਿਚ ਲੜਦੇ ਸਨ।[462] ਖਾਲਸਾ ਰਾਜ ਸਮੇਂ ਨਿਹੰਗ ਸਿੰਘਾਂ ਦੀਆਂ ਕਈ ਟੁਕੜੀਆਂ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਸ਼ਾਮਿਲ ਸੀ:

ਪਹਿਲੇ ਪੰਥ ਮਿਲਯੋ ਸਬ ਰਹਾ। ਲਸ਼ਕਰ ਤੁਰਕਨ ਕਾਬਲ ਦਹਾ।

---

457 ਗੁਰਨਾਮ ਸਿੰਘ ਰਾਏ (ਪ੍ਰੋ.), ਜੱਸਾ ਸਿੰਘ ਰਾਮਗੜ੍ਹੀਆ, ਪੰਨਾ 18.

458 ਤਰਸੇਮ ਸ਼ਰਮਾ (ਡਾ.)(ਸੰਪਾ.), ਮਾਲਵਾ ਦਾ ਸਾਹਿਤਕ ਪਰਿਪੇਖ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2014, ਪੰਨਾ 15.

459 ਪ੍ਰੇਮ ਸਿੰਘ ਹੋਤੀ (ਬਾਬਾ), ਮਹਾਰਾਜਾ ਰਣਜੀਤ ਸਿੰਘ, (ਪ੍ਰਕਾ.) ਲੇਖਕ ਆਪ, ਪੰਜਵੀਂ ਵਾਰ, ਮਾਰਚ 1938, ਪੰਨਾ ੪੩੦.

460 ਸੁਖਦਿਆਲ ਸਿੰਘ (ਡਾ.), ਸਿਰੀ ਅਕਾਲ ਤਖ਼ਤ ਸਾਹਿਬ (1606-1982), ਪੰਨਾ 55.

461 S.J.S. 'Pall', The Beloved Forces of the Guru, p.63.

462 Kirpal Singh & Kharak Singh (Ed.), History of The Sikhs & Their Religion, Vol.I, p.409.

ਜਬੈ ਰਾਜ ਸਿੰਘਨ ਕਾ ਥੀਆ। ਫਿਰਤ ਜਮਾਤੈ ਨਿਹੰਗਨ ਕੀਆ।[463]

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਨਿਹੰਗ ਸਿੰਘਾਂ ਦੀ ਫੌਜ ਨੂੰ 'ਅਕਾਲ ਰੈਜਮੈਂਟ' ਆਖਿਆ ਜਾਂਦਾ ਸੀ ਜਿਸ ਵਿਚ ਅਕਾਲੀ ਯੋਧਿਆਂ ਦੀ ਗਿਣਤੀ ਚਾਰ ਹਜ਼ਾਰ ਸੀ।[464] ਅਕਾਲੀ ਫੂਲਾ ਸਿੰਘ ਉਸ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਨ। ਇਸ ਸੰਬੰਧੀ ਗਿਆਨੀ ਗਿਆਨ ਸਿੰਘ ਲਿਖਦੇ ਹਨ:

ਫੂਲਾ ਸਿੰਘ ਨਿਹੰਗ ਬਹਾਦੁਰ। ਪ੍ਰਗਟਿਓ ਪੰਥ ਮਾਹਿ ਬਡ ਨਾਦਰ।

ਮਹਾਰਾਜ ਰਣਜੀਤ ਮਿਰਗੇਸੈ। ਰਾਖਯੋ ਸਾਦਰ ਤਿਸੈ ਬਸੇਸੈ।

ਰਚ ਕਰ ਰਜਮਟ ਏਕ ਅਕਾਲ। ਤਿਸਕੇ ਤਾਬੇ ਕਰੀ ਬਿਸਾਲ।

ਤਿਸ ਮੈ ਘੋੜ ਚੜੇ ਥੇ ਜੇਤੇ। ਨਾਮ ਅਕਾਲੀ ਪ੍ਰਗਟੇ ਤੇਤੇ।[465]

1825 ਈ: ਵਿਚ ਮਹਾਰਾਜਾ ਰਣਜੀਤ ਸਿੰਘ ਵਲੋਂ ਸ੍ਰੀ ਹਜ਼ੂਰ ਸਾਹਿਬ ਜੀ ਦੇ ਗੁਰਦੁਆਰਿਆਂ ਦੀ ਸੇਵਾ ਲਈ ਸ. ਚੰਦਾ ਸਿੰਘ ਜੀ ਪੁੱਜੇ ਤਾਂ ਉਸ ਵੇਲੇ ਇਨ੍ਹਾਂ ਨਾਲ ਅਕਾਲ ਰੈਜਮੈਂਟ ਦੇ ਅਕਾਲੀ ਬਾਬਾ ਨੈਣਾ ਸਿੰਘ ਅਤੇ ਅਕਾਲੀ ਬਾਬਾ ਫੂਲਾ ਸਿੰਘ ਦੇ ਜਥੇ ਵਿਚੋਂ ਤਿੰਨ ਸੌ ਤੋਂ ਵੱਧ ਨਿਹੰਗ ਸਿੰਘਾਂ ਦਾ ਜਥਾ ਸੀ।[466] ਨਿਹੰਗ ਸਿੰਘ ਅੰਗਰੇਜ਼ੀ ਸਾਮਰਾਜਵਾਦ ਦੇ ਖਿਲਾਫ਼ ਸਨ। ਅੰਗਰੇਜ਼ਾਂ ਦੀ ਪੰਜਾਬ ਉੱਤੇ ਕਬਜ਼ਾ ਕਰਨ ਦੀ ਨੀਤੀ ਕਾਰਨ ਨਿਹੰਗ ਸਿੰਘ, ਮਹਾਰਾਜਾ ਰਣਜੀਤ ਸਿੰਘ ਦੇ ਅੰਗਰੇਜ਼ਾਂ ਨਾਲ ਸੰਧੀ ਕਰਨ ਦਾ ਵਿਰੋਧ ਕਰਦੇ ਸਨ। ਜਦੋਂ ਵੀ ਕੋਈ ਅੰਗਰੇਜ਼ ਅਫ਼ਸਰ ਮਹਾਰਾਜਾ ਰਣਜੀਤ ਸਿੰਘ ਨੂੰ ਮਿਲਣ ਆਉਂਦਾ ਤਾਂ ਮਹਾਰਾਜਾ ਰਣਜੀਤ ਸਿੰਘ ਨੂੰ ਉਸਦੀ ਸੁਰੱਖਿਆ ਲਈ ਉਚਿਤ ਪ੍ਰਬੰਧ ਕਰਨੇ ਪੈਂਦੇ ਸਨ। ਜਦੋਂ ਖਾਲਸਾ ਰਾਜ ਦੀ ਹੱਦਬੰਦੀ ਦੀ ਗੱਲ ਚਲ ਰਹੀ ਸੀ ਤਾਂ ਉਸ ਸਮੇਂ ਸੰਧੀ ਤੈਅ ਕਰਨ ਲਈ ਮੈਟਕਾਫ਼ ਦੇ ਸੁਰੱਖਿਆ ਦਸਤੇ ਅਤੇ ਅਕਾਲੀ ਫੂਲਾ ਸਿੰਘ ਦੇ ਨਿਹੰਗ ਸਿੰਘਾਂ ਵਿਚ ਕਹਾ ਸੁਣੀ ਹੋ ਗਈ ਅਤੇ ਇਕ ਦੂਜੇ ਉੱਪਰ ਬੰਦੂਕਾ ਤਣ ਗਈਆਂ ਸਨ।[467] ਅਕਾਲੀ ਨਿਹੰਗ ਸਿੰਘ ਸਦਾ ਹੀ ਸੁਤੰਤਰ ਹੋ ਕੇ ਵਿਚਰਦੇ ਰਹੇ ਸਨ। 1809 ਈ. ਤੱਕ

---

463 ਗਿਆਨ ਸਿੰਘ (ਗਿਆਨੀ), ਪੰਥ ਪ੍ਰਕਾਸ਼, ਪੰਨਾ 1264.

464 S.J.S. Pall, The Beloved Forces of the Guru, page 63.

465 ਗਿਆਨ ਸਿੰਘ (ਗਿਆਨੀ), ਪੰਥ ਪ੍ਰਕਾਸ਼, ਪੰਨਾ 1265.

466 ਕੌਰ ਸਿੰਘ ਨਿਹੰਗ (ਅਕਾਲੀ), ਹਜ਼ੂਰੀ ਸਾਥੀ, ਪੰਨਾ 68.

467 Kirpal Singh & Kharak Singh (Ed.), History of The Sikhs & Their Religion, Vol.I, p.410.

ਸਰਬੱਤ ਖਾਲਸਾ ਹੁੰਦਾ ਆਇਆ ਸੀ ਪਰ ਮਹਾਰਾਜਾ ਰਣਜੀਤ ਸਿੰਘ ਨੇ ਇਸ ਨੂੰ ਇਕ ਧਾਰਮਿਕ ਗੁਰਮਤਾ ਰਹਿਣ ਦਿੱਤਾ ਅਤੇ ਸਾਰਾ ਕੰਮ ਆਪਣੇ ਹੱਥ ਕਰ ਲਿਆ। ਇਸ ਘਾਟੇ ਨੂੰ ਕੁਝ ਨਿਹੰਗ ਸਿੰਘਾਂ ਤੋਂ ਬਿਨਾਂ ਕਿਸੇ ਨੂੰ ਵੀ ਕੁਝ ਪਤਾ ਹੀ ਨਾ ਰਿਹਾ।[468]

ਡਾ. ਗੰਡਾ ਸਿੰਘ ਲਿਖਦੇ ਹਨ ਕਿ, "ਮੁਲਤਾਨ ਦੀ ਲੜਾਈ ਵਿਚ ਕਿਲ੍ਹਾ ਸਰ ਨਹੀਂ ਸੀ ਹੋ ਰਿਹਾ ਸੀ ਤੇ ਤੋਪ ਦਾ ਪਹੀਆ ਟੁੱਟ ਗਿਆ ਸੀ। ਵਾਰੀ-ਵਾਰੀ ਸਿੰਘਾਂ ਨੇ ਤੋਪ ਥੱਲੇ ਮੋਢੇ ਲਾਏ ਤੇ ਸ਼ਹੀਦ ਹੁੰਦੇ ਗਏ। ਅਖੀਂ ਵੇਖਣ ਵਾਲੇ ਮੁਨਸ਼ੀ ਗੁਲਾਮ ਜੀਲਾਨੀ ਆਪਣੀ ਪੁਸਤਕ 'ਜੰਗ ਮੁਲਤਾਨ' ਵਿਚ ਲਿਖਦੇ ਹਨ ਕਿ, "ਸਿੰਘਾਂ ਦਾ ਕੌਮੀ ਪਿਆਰ ਤੇ ਕੁਰਬਾਨੀ ਦੇ ਭਾਵ ਨੂੰ ਦੇਖ ਕੇ ਮੇਰਾ ਚਿੱਤ ਕੀਤਾ ਕਿ ਮੈਂ ਵੀ ਮੋਢਾ ਦੇ ਕੇ ਕੁਰਬਾਨ ਹੋ ਜਾਵਾਂ ਪਰ ਮੈਂ ਨਾ ਗਿਆ ਤਾਂ ਕਿ ਸਿੰਘਾਂ ਦੀ ਬੇਮਿਸਾਲ ਸੂਰਮਗਤੀ ਤੇ ਆਪਾ ਵਾਰਨ ਦੀ ਵਿਥਿਆ ਸੰਸਾਰ ਨੂੰ ਸੁਣਾ ਸਕਾਂ।"[469] ਮੁਲਤਾਨ ਦੀ ਫ਼ਤਿਹ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਨੇ ਅਕਾਲੀ ਫੂਲਾ ਸਿੰਘ ਨੂੰ 'ਖਾਲਸਾ ਰਾਜ ਦਾ ਰਾਖਾ' ਕਹਿ ਕੇ ਸਤਿਕਾਰਿਆ।[470] ਖਾਲਸਾ ਰਾਜ ਦੀ ਰਾਖੀ ਕਰਦੇ ਹੋਏ ਅਕਾਲੀ ਬਾਬਾ ਫੂਲਾ ਸਿੰਘ ਜੀ ਨੌਸ਼ਹਿਰੇ ਦੀ ਜੰਗ ਵਿਚ ਸ਼ਹੀਦ ਹੋਏ। ਸਿੱਖ ਰਾਜ ਕਾਲ ਸਮੇਂ ਬਾਬਾ ਬੀਰ ਸਿੰਘ ਨੌਰੰਗਾਬਾਦ, ਬਾਬਾ ਖੁਦਾ ਸਿੰਘ, ਭਾਈ ਮਹਾਰਾਜ ਸਿੰਘ ਆਦਿਕ ਸਿੰਘ, ਨਿਹੰਗ ਬਾਣੇ ਵਿਚ ਹੀ ਵਿਚਰਦੇ ਰਹੇ।[471]

### 2.6.4 ਸਿੱਖ ਰਾਜ ਦਾ ਪਤਨ ਅਤੇ ਨਿਹੰਗ ਸਿੰਘਾਂ ਦੀ ਨਿਘਰਦੀ ਦਸ਼ਾ:

ਹਰਿਬੰਸ ਸਿੰਘ ਨਿਹੰਗ ਸਿੰਘਾਂ ਦੇ ਨਿਘਰਦੀ ਦਸ਼ਾ ਬਾਰੇ ਲਿਖਦੇ ਹਨ: "Decline in the influence of Nihangs set in with the death of Ranjit Singh. During the Sikh rule, Nihangs had been openly antagonistic towards the European officers of the State and towards the occasional embassies sent out to the Punjab by the British East India Company. The Britishers, as they came into power in the Punjab, dealt with

---

468 ਗੁਰਦਿਤ ਸਿੰਘ (ਗਿਆਨੀ)(ਸੰਪਾ.), ਸਿੱਖ ਜਥੇਬੰਦੀ, ਪੰਨਾ ੬੨.

469 ਗੰਡਾ ਸਿੰਘ, ਸਿਖ ਇਤਿਹਾਸ ਵਲ, ਪੰਨਾ 34.

470 ਕ੍ਰਿਪਾਲ ਸਿੰਘ (ਗਿਆਨੀ) (ਸਿੰਘ ਸਾਹਿਬ), ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਜਥੇਦਾਰ ਸਾਹਿਬਾਨ, ਦੂਜੀ ਵਾਰ, ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ 2008, ਪੰਨਾ 55.

471 ਦਿਲਜੀਤ ਸਿੰਘ ਬੇਦੀ (ਸੰਪਾ.), ਸ੍ਰੀ ਅਨੰਦਪੁਰ ਸਾਹਿਬ ਬਹੁਪੱਖੀ ਦਰਸ਼ਨ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਸਤੰਬਰ 2015, ਪੰਨਾ 153.

them harshly. The process of suppression had in fact started even before the annexation of the Punjab in 1849."[472] ਖਾਲਸੇ ਦੀ ਹਾਰ ਦਾ ਅਸਲ ਕਾਰਨ ਇਤਿਹਾਸਿਕ ਤੌਰ ਉੱਤੇ ਸਾਮੰਤੀ ਰਾਜ ਦਾ ਸਾਮਰਾਜ ਨਾਲੋਂ ਕਮਜ਼ੋਰ ਹੋਣਾ ਹੈ।[473]

1839 ਈ. ਵਿਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਹੋ ਗਈ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਲਾਹੌਰ ਦਰਬਾਰ ਵਿਚ ਖਾਨਾਜੰਗੀ ਚਲ ਪਈ ਜਿਸ ਨਾਲ ਹੌਲੀ-ਹੌਲੀ ਸਿੱਖ ਰਾਜ ਪਤਨ ਵਲ ਵਧਣ ਲੱਗਾ। ਸਿੱਖ ਰਾਜ ਦੇ ਪਤਨ ਵਿਚ ਗੱਦਾਰ ਡੋਗਰਿਆਂ ਨੇ ਵੀ ਅਹਿਮ ਹਿੱਸਾ ਪਾਇਆ ਜਿਸ ਨਾਲ ਸਿੱਖ, ਅੰਗਰੇਜ਼ਾਂ ਤੋਂ ਹਾਰੇ ਸਨ। ਸਿੱਖਾਂ ਅਤੇ ਅੰਗਰੇਜ਼ਾਂ ਵਿਚਕਾਰ ਪਹਿਲੀ ਲੜਾਈ ਮੁਦਕੀ ਦੀ ਸੀ। ਇਹ ਲੜਾਈ 18 ਦਸੰਬਰ 1845 ਈ. ਵਿਚ ਲੜੀ ਗਈ ਪਰ ਗੱਦਾਰ ਤੇਜਾ ਸਿੰਘ ਅਤੇ ਲਾਲ ਸਿੰਘ ਦੀ ਕੂਟਲ ਨੀਤੀ ਕਾਰਨ ਸਿੱਖਾਂ ਵਿਚ ਖਿੰਡਾਅ ਪੈਦਾ ਹੋ ਗਿਆ ਸੀ।[474] ਇਨ੍ਹਾਂ ਲੜਾਈਆਂ ਵਿਚ ਸਿੰਘ ਸੂਰਮਿਆਂ ਨੇ ਬਿਨਾਂ ਆਗੂ ਤੋਂ ਹੀ ਜੌਹਰ ਦਿਖਾਏ ਸਨ। ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਨੇ ਬੁੱਢਾ ਦਲ ਦੇ ਸੱਤਵੇਂ ਜਥੇਦਾਰ ਬਾਬਾ ਹਨੂਮਾਨ ਸਿੰਘ ਨੂੰ ਜੰਗ ਵਿਚ ਨਾਲ ਲੜਨ ਦੀ ਬੇਨਤੀ ਕੀਤੀ ਸੀ।[475] ਅਕਾਲੀ ਬੁੱਧ ਸਿੰਘ ਅਤੇ ਅਕਾਲੀ ਜੈਮਲ ਸਿੰਘ ਨੇ ਆਪਣੀਆਂ ਸੌ ਤੋਂ ਵੱਧ ਨਿਹੰਗ ਸਿੰਘ ਕੰਪਨੀਆਂ ਨਾਲ ਫਿਰੋਜ਼ਸ਼ਾਹ ਦੀ ਜੰਗ ਲੜ੍ਹੀ ਸੀ।[476] ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਸਿੱਖ ਰਾਜ ਦੇ ਪਤਨ ਬਾਰੇ ਸ਼ਾਹ ਮੁਹੰਮਦ ਲਿਖਦਾ ਹੈ:

ਜੰਗ ਹਿੰਦ ਪੰਜਾਬ ਦਾ ਹੋਣ ਲੱਗਾ, ਦੋਵੇਂ ਪਾਤਸ਼ਾਹੀ ਫ਼ੌਜਾਂ ਭਾਰੀਆਂ ਨੀ।
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ, ਜਿਹੜੀਆਂ ਖ਼ਾਲਸੇ ਨੇ ਤੇਗਾਂ ਮਾਰੀਆਂ ਨੀ।
ਘੋੜੇ ਆਦਮੀ ਗੋਲਿਆਂ ਨਾਲ ਉੱਡਣ, ਹਾਥੀ ਢਹਿੰਦੇ ਸਣੇ ਅੰਬਾਰੀਆਂ ਨੀ।
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ, ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।[477]

---

472 Harbans Singh, Editor-in-Chief, ENCYCLOPAEDIA OF SIKHISM, Vol III, Punjabi University, Patiala, second edition, 2002, p. 227.

473 ਰਤਨ ਸਿੰਘ ਜੱਗੀ (ਡਾ.)(ਸੰਪਾ.), ਖੋਜ ਪਤ੍ਰਿਕਾ (ਮਹਾਰਾਜਾ ਰਣਜੀਤ ਸਿੰਘ ਸਮ੍ਰਿਤੀ ਅੰਕ), ਸਤੰਬਰ 1980, ਸਾਲ 14ਵਾਂ, ਅੰਕ 16, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2004, ਪੰਨੇ 114-115.

474 ਪ੍ਰਤਾਪ ਸਿੰਘ (ਗਿਆਨੀ) (ਜਥੇਦਾਰ), ਸਿਖ ਇਤਿਹਾਸਕ ਲੈਕਚਰ, ਸਿਖ ਪਬਲਿਸ਼ਿੰਗ ਹਾਊਸ ਲਿਮਿਟਿਡ, ਕਚਹਿਰੀ ਰੋਡ, ਅੰਮ੍ਰਿਤਸਰ, ਮਈ, 1949, ਪੰਨਾ ੪੦੧.

475 S.J.S. Pall, The Beloved Forces of the Guru, p.66.

476 Ibid, p.66.

477 ਪਿਆਰਾ ਸਿੰਘ ਪਦਮ (ਸੰਪਾ.), ਜੰਗਨਾਮਾ ਸਿੰਘਾਂ ਤੇ ਫ਼ਰੰਗੀਆਂ ਕ੍ਰਿਤ ਸ਼ਾਹ ਮੁਹੰਮਦ, ਪੰਨਾ ੮੩.

ਅਕਾਲੀ ਫੂਲਾ ਸਿੰਘ ਤੋਂ ਬਾਅਦ 1845 ਈ. ਵਿਚ ਬੁੱਢਾ ਦਲ ਦੇ ਸੱਤਵੇਂ ਜਥੇਦਾਰ ਬਾਬਾ ਹਨੂਮਾਨ ਸਿੰਘ ਜੀ ਦੀ ਸ਼ਹੀਦੀ ਹੋਈ ਜਿਸ ਤੋਂ ਬਾਅਦ ਸਾਰੇ ਨਿਹੰਗ ਸਿੰਘ ਖਿੰਡ-ਪੁੰਡ ਗਏ ਸਨ। ਪੰਜਾਬ ਵਿਚ ਕੋਈ ਟਾਵਾਂ-ਟਾਵਾਂ ਨਿਹੰਗ ਸਿੰਘ ਲੱਭਦਾ ਸੀ। ਅੰਗਰੇਜ਼ੀ ਰਾਜ ਅਤੇ ਫੂਲਕੀਆ ਰਿਆਸਤ ਵਿਚ ਇਹ ਹੁਕਮ ਜਾਰੀ ਸੀ ਕਿ ਨਿਹੰਗ ਸਿੰਘਾਂ ਨੂੰ ਦੇਖਦੇ ਹੀ ਗੋਲੀ ਮਾਰ ਦਿੱਤੀ ਜਾਵੇ ਅਤੇ ਇਹ ਹੁਕਮ ਅਗਲੇ ਵੀਹ ਸਾਲ ਤੱਕ ਕਾਇਮ ਰਿਹਾ।[478] ਸਾਰੀਆਂ ਰਿਆਸਤਾਂ ਨੂੰ ਵੀ ਇਸ ਹੁਕਮ ਦੀ ਸਖ਼ਤੀ ਨਾਲ ਪਾਲਣਾ ਕਰਨ ਦੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ। ਪੰਜਾਬ ਵਿਚ ਰਹਿਣਾ ਨਿਹੰਗ ਸਿੰਘਾਂ ਲਈ ਬਹੁਤ ਮੁਸ਼ਕਿਲ ਹੋ ਗਿਆ ਸੀ ਇਸ ਲਈ ਨਿਹੰਗ ਸਿੰਘ ਨਾਂਦੇੜ ਦੀ ਧਰਤੀ ਉੱਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਲ ਚਲੇ ਗਏ।[479] ਗੋਦਾਵਰੀ ਨਦੀ ਦੇ ਕੰਢੇ ਨਿਹੰਗ ਸਿੰਘਾਂ ਦੀ ਛਾਉਣੀ ਸਰਬਲੋਹ ਬੁੰਗੇ ਵਿਖੇ ਆ ਕੇ ਨਿਵਾਸ ਕੀਤਾ। ਉਸ ਸਮੇਂ ਸਾਰਾ ਦੇਸ਼, ਰਿਆਸਤਾਂ ਅਤੇ ਅੰਗਰੇਜ਼ਾਂ ਦੇ ਅਧੀਨ ਸੀ। ਨਾਂਦੇੜ ਰਿਆਸਤ ਹੈਦਰਾਬਾਦ ਨਿਜ਼ਾਮ ਦੇ ਅਧੀਨ ਆਉਂਦੀ ਸੀ।[480]

ਤਖ਼ਤ ਸ੍ਰੀ ਹਜ਼ੂਰ ਸਾਹਿਬ ਦਾ ਪ੍ਰਬੰਧ ਦੱਖਣੀ ਸਿੱਖਾਂ ਦੇ ਅਧੀਨ ਸੀ। ਜਦੋਂ ਉਨ੍ਹਾਂ ਨੇ ਦੇਖਿਆ ਕਿ ਬੁੱਢਾ ਦਲ ਨੇ ਇੱਥੇ ਆ ਕੇ ਟਿਕਾਣਾ ਕਰ ਲਿਆ ਹੈ, ਦੱਖਣੀ ਸਿੱਖਾਂ ਨੂੰ ਡਰ ਪਿਆ ਕਿ ਕਿਧਰੇ ਬੁੱਢਾ ਦਲ ਤਖ਼ਤ ਸਾਹਿਬ ਉੱਪਰ ਕਾਬਜ਼ ਨਾ ਹੋ ਜਾਵੇ, ਕਿਉਂਕਿ ਉਸ ਸਮੇਂ ਪੰਜਵਾਂ ਤਖ਼ਤ ਚਲਦਾ ਵਹੀਰ ਹੋਣ ਕਾਰਨ ਬੁੱਢਾ ਦਲ ਨੂੰ ਇਹ ਰਵਾਇਤੀ ਅਧਿਕਾਰ ਪ੍ਰਾਪਤ ਸੀ ਕਿ ਉਹ ਬਾਕੀ ਚਾਰ ਤਖ਼ਤਾਂ ਦਾ ਪ੍ਰਬੰਧ ਆਪਣੇ ਅਧੀਨ ਲੈ ਸਕਦਾ ਸੀ।[481] ਇਸ ਕਾਰਨ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਇਕ ਗ੍ਰੰਥੀ ਆਲਾ ਸਿੰਘ ਨੇ ਜਥੇਦਾਰ ਬਾਬਾ ਪ੍ਰਹਿਲਾਦਾ ਸਿੰਘ ਜੀ 'ਤੇ ਹਮਲਾ ਕਰ ਦਿੱਤਾ। ਬਾਬਾ ਜੀ ਨੇ ਆਪਣਾ ਆਪ ਸੰਭਾਲਦਿਆਂ ਹੋਇਆਂ ਜਵਾਬੀ ਵਾਰ ਵਿਚ ਗ੍ਰੰਥੀ ਆਲਾ ਸਿੰਘ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਅਤੇ ਆਪ ਵੀ ਸ਼ਹੀਦੀ ਪਾ ਗਏ।[482]

**ਬੁੱਢਾ ਦਲ ਉਪਰ ਸਖ਼ਤੀ:**

ਤਖ਼ਤ ਸਾਹਿਬ ਅਤੇ ਹੋਰ ਸਾਰੇ ਗੁਰਦੁਆਰਿਆਂ ਦਾ ਪ੍ਰਬੰਧ ਨਵਾਬ ਹੈਦਰਾਬਾਦ ਵਲੋਂ ਥਾਪਿਆ ਸਰਬਰਾਹ ਕਰਦਾ ਸੀ। ਨਵਾਬ ਦੇ ਆਦੇਸ਼ 'ਤੇ ਪੁਲਿਸ ਨੇ ਸਾਰੇ ਨਿਹੰਗ ਸਿੰਘ ਗ੍ਰਿਫਤਾਰ ਕਰ ਲਏ। ਬੁੱਢਾ

---

478 S.J.S. Pall, The Beloved Forces of the Guru, p. 71.

479 ਕ੍ਰਿਪਾਲ ਸਿੰਘ ਵੜੈਚ (ਗਿਆਨੀ), ਦੋ ਗੁਰਸਿੱਖ ਨਿਰਮੋਲਕ ਹੀਰੇ, ਪੰਨਾ 128(ਫੁਟਨੋਟ)

480 ਕੌਰ ਸਿੰਘ ਨਿਹੰਗ (ਅਕਾਲੀ), ਹਜ਼ੂਰੀ ਸਾਖੀ, ਅਕਾਲੀ ਪਤ੍ਰਕਾ ਪ੍ਰੈਸ, ਲਾਹੌਰ, 1934, ਪੰਨਾ 27.

481 Nidar Singh Nihang & Parmjit Singh, In the Master's Presence The Sikhs of Hazoor Sahib, Volume 1, Kashi House, London, 2008, p.164.

482 S.J.S. Pall, The Beloved Forces of the Guru, p.71.

ਦਲ ਦੇ ਨਿਸ਼ਾਨ-ਨਗਾਰੇ ਜ਼ਬਤ ਕਰ ਲਏ। ਰਿਆਸਤ ਵਿਚੋਂ ਨਿਹੰਗ ਸਿੰਘਾਂ ਨੂੰ ਵਾਪਿਸ ਚਲੇ ਜਾਣ ਦਾ ਹੁਕਮ ਦਿੱਤਾ। ਬਹੁਤੇ ਨਿਹੰਗ ਸਿੰਘ ਇੱਕਲੇ-ਦੁੱਕਲੇ ਬੜੀਆਂ ਮੁਸੀਬਤਾਂ ਝੱਲਦੇ ਪੈਦਲ ਹੀ ਰਿਆਸਤ ਵਿਚੋਂ ਨਿਕਲ ਗਏ। ਸਿਰਫ ਗਿਣਤੀ ਦੇ ਕੁਝ ਕੁ ਸਿੰਘ ਛਾਉਣੀ ਵਿਚ ਰਹਿ ਗਏ। ਇਸ ਪ੍ਰਕਾਰ ਰਹਿੰਦਿਆਂ ਬਾਰ੍ਹਾਂ ਸਾਲ ਬੀਤ ਗਏ ਪਰ ਨਿਸ਼ਾਨ ਨਗਾਰੇ ਨਵਾਬ ਦੀ ਕੈਦ ਵਿਚ ਹੀ ਜ਼ਬਤ ਰਹੇ।[483] ਬਾਬਾ ਪ੍ਰਹਿਲਾਦਾ ਸਿੰਘ ਜੀ ਤੋਂ ਬਾਅਦ ਬਾਬਾ ਗਿਆਨਾ ਸਿੰਘ ਜੀ ਨੂੰ ਬੁੱਢਾ ਦਲ ਦਾ ਅਗਲਾ ਜਥੇਦਾਰ ਥਾਪ ਲਿਆ। ਨਿਸ਼ਾਨ-ਨਗਾਰੇ ਕੈਦ ਵਿਚੋਂ ਵਾਪਿਸ ਲਿਆਉਣ ਲਈ ਜਥੇਦਾਰ ਬਾਬਾ ਗਿਆਨਾ ਸਿੰਘ ਜੀ ਦੀ ਪ੍ਰੇਰਨਾ ਦੁਆਰਾ ਇਕ ਸਿੱਖ ਭਾਈ ਪ੍ਰੇਮ ਸਿੰਘ 'ਭਾਟੜਾ'(ਪਿੰਡ ਜੰਬਰਾ, ਜ਼ਿਲ੍ਹਾ ਅੰਮ੍ਰਿਤਸਰ) ਨਵਾਬ ਦੇ ਕਿਲ੍ਹੇ ਸਾਹਮਣੇ ਖੜ ਕੇ ਭੁੱਖੇ ਅਤੇ ਉਨੀਂਦਰੇ ਰਹਿ ਕੇ ਜਪ-ਤਪ ਕਰਨ ਲੱਗਾ। ਕਈ ਦਿਨ ਇਸੇ ਤਰ੍ਹਾਂ ਬੀਤ ਜਾਣ ਮਗਰੋਂ ਨਵਾਬ ਨੇ ਉਸ ਨਿਹੰਗ ਸਿੰਘ ਦਾ ਸਿਦਕ ਦੇਖ ਕੇ ਮਾਫੀ ਮੰਗੀ।[484] ਇਸ ਤਰ੍ਹਾਂ ਹੈਦਰਾਬਾਦ ਦੇ ਨਵਾਬ ਦੇ ਬੁੱਢਾ ਦਲ ਦੇ ਨਿਸ਼ਾਨ ਨਗਾਰੇ ਵਾਪਿਸ ਕਰ ਦਿੱਤੇ।

ਭਾਈ ਪ੍ਰੇਮ ਸਿੰਘ ਨਿਹੰਗ ਸਿੰਘ ਨੇ ਆਪਣੇ ਸੀਸ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੀੜ੍ਹਾ ਚੁੱਕਿਆ ਅਤੇ ਪਿੱਠ ਪਿੱਛੇ ਧੌਂਸਾ (ਨਗਾਰਾ) ਬੰਨ੍ਹ ਲਿਆ। ਜਥੇਦਾਰ ਬਾਬਾ ਗਿਆਨਾ ਸਿੰਘ ਜੀ ਚੌਰ ਕਰਦੇ ਅਤੇ ਨਗਾਰੇ ਉਪਰ ਚੋਬ ਲਗਾਉਂਦੇ ਜਾਂਦੇ। ਤੀਜੇ ਸਿੰਘ ਭਾਈ ਸੁੰਦਰ ਸਿੰਘ ਨਿਹੰਗ ਸਿੰਘ ਨੇ ਆਪਣੇ ਕਮਰਕੱਸੇ ਵਿਚ ਨਿਸ਼ਾਨ ਸਾਹਿਬ ਟਿਕਾ ਲਿਆ ਅਤ ਜਲ ਦਾ ਗੜਵਾ ਲੈ ਕੇ ਜਲ ਛਿੜਕਣ ਦੀ ਸੇਵਾ ਕਰਦੇ ਜਾਂਦੇ। ਪੰਜਾਬ ਪਹੁੰਚਣ 'ਤੇ ਜਿਵੇਂ-ਜਿਵੇਂ ਸਿੰਘਾਂ ਨੂੰ ਪਤਾ ਚਲਦਾ, ਸਿੰਘ ਵਹੀਰਾਂ ਘੱਤ ਕੇ ਨਿਸ਼ਾਨ-ਨਗਾਰੇ ਦੇ ਦਰਸ਼ਨ ਕਰਦੇ।[485] ਇਸ ਤਰ੍ਹਾਂ ਮੁੜ ਤੋਂ ਨਿਹੰਗ ਸਿੰਘਾਂ ਨੇ ਪੰਜਾਬ ਵਿਚ ਆ ਕੇ ਪ੍ਰਚਾਰ ਕੀਤਾ।

1846 ਈ: ਵਿਚ ਅੰਗਰੇਜ਼ ਹਾਕਮਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਥਾਂ ਖਰੀਦ ਕੇ ਇੱਥੇ ਆਪਣੇ ਈਸਾਈ ਮਿਸ਼ਨ ਦਾ ਗਿਰਜਾ ਘਰ ਬਣਾਏ ਜਾਣ ਦੀ ਸਾਜਿਸ਼ ਬਣਾਈ ਗਈ ਜੋ ਨਿਹੰਗ ਸਿੰਘਾਂ ਨੇ ਸਫਲ ਨਹੀਂ ਹੋਣ ਦਿੱਤੀ।[486] ਅਜਿਹੀ ਹੀ ਇਕ ਘਟਨਾ ਸੰਬੰਧੀ ਹਰਿਬੰਸ ਸਿੰਘ ਲਿਖਦੇ ਹਨ, "In 1848 a Nihang leader, Ganda Singh, who refused to vacate one of the minarets adjoining the

---

483 ਕ੍ਰਿਪਾਲ ਸਿੰਘ ਵੜੈਚ (ਗਿਆਨੀ), ਦੋ ਗੁਰਸਿੱਖ ਨਿਰਮੋਲਕ ਹੀਰੇ, ਪੰਨਾ 121 (ਫੁਟਨੋਟ)

484 ਉਹੀ, ਪੰਨਾ 123 (ਫੁਟਨੋਟ)

485 ਉਹੀ, ਪੰਨਾ 126(ਫੁਟਨੋਟ)

486 ਸਤਨਾਮ ਸਿੰਘ ਖਾਲਸਾ, ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ ਅਤੇ 500 ਸਾਲਾਂ ਦੀ ਇਤਿਹਾਸਕ ਡਾਇਰੈਕਟਰੀ, ਪੰਨਾ 104.

Golden Temple, was arrested along with his men, and taken to Lahore. Ganda Singh and two of his close companions were imprisoned for seven years."[487]

ਅੰਗਰੇਜ਼ਾਂ ਨੇ ਸਾਰੇ ਗੁਰਦੁਆਰਿਆਂ 'ਤੇ ਕਬਜ਼ਾ ਕਰਨ ਦੀ ਨੀਤੀ ਵਰਤੀ ਅਤੇ ਆਪਣੇ ਬੰਦਿਆਂ ਨੂੰ ਗੁਰਦੁਆਰਿਆਂ ਉੱਤੇ ਕਾਬਜ਼ ਕਰਵਾਇਆ ਗਿਆ।[488] ਅੰਗਰੇਜ਼ਾਂ ਦੇ ਸਮੇਂ ਵਿਚ ਪਹਿਲਾਂ ਪਹਿਲ ਗੁਰਦੁਆਰਿਆਂ ਉੱਤੇ ਮਹੰਤਾਂ ਦਾ ਕਬਜ਼ਾ ਸੀ। ਇਹ ਮਹੰਤ ਅੰਗਰੇਜ਼ ਸਰਕਾਰ ਦੇ ਪਿੱਠੂ ਸਨ। ਅੰਗਰੇਜ਼ ਵੀ ਇਨ੍ਹਾਂ ਮਹੰਤਾਂ ਤੋਂ ਆਪਣੀ ਮਨ ਮਰਜ਼ੀ ਦੇ ਕੰਮ ਕਰਵਾਉਂਦੇ ਸਨ।[489] 1849 ਈ. ਵਿਚ ਬ੍ਰਿਟਿਸ਼ ਸਰਕਾਰ ਨੇ ਨਿਹੰਗ ਸਿੰਘਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਕੱਢਣ ਲਈ ਆਪਣੀਆਂ ਫੌਜਾਂ ਦੀ ਵਰਤੋਂ ਕੀਤੀ ਸੀ। ਇਸ ਕਾਰਵਾਈ ਵਿਚ ਕਈ ਨਿਹੰਗ ਸਿੰਘ ਮਾਰੇ ਗਏ ਸਨ।[490] 1850 ਈ. ਤੋਂ ਪਹਿਲਾਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਸਰਬੱਤ ਖਾਲਸਾ ਸਰਬ ਸੰਮਤੀ ਨਾਲ ਕਰਦਾ ਸੀ।[491]

ਨਿਹੰਗ ਸਿੰਘਾਂ ਦੇ ਆਜ਼ਾਦ ਸੁਭਾਅ ਕਾਰਨ ਅੰਗਰੇਜ਼ ਡਰਦੇ ਸਨ ਕਿ ਨਿਹੰਗ ਸਿੰਘ ਸਾਡੇ ਖਿਲਾਫ਼ ਬਗਾਵਤ ਨਾ ਕਰ ਦੇਣ। ਆਖਿਰਕਾਰ ਅੰਗਰੇਜ਼ ਸਰਕਾਰ ਨੇ ਨਿਹੰਗ ਸਿੰਘਾਂ ਨੂੰ ਦਰਬਾਰ ਸਾਹਿਬ ਤੋਂ ਖਦੇੜ ਕੇ ਆਪਣੇ ਵਫਾਦਾਰ ਬੰਦਿਆਂ ਨੂੰ ਬਿਠਾ ਦਿੱਤਾ। ਸਮੇਂ ਦੇ ਬੀਤਣ ਨਾਲ ਨਿਹੰਗ ਸਿੰਘਾਂ ਦੀ ਪ੍ਰਭੁਤਾ ਘਟਦੀ ਗਈ ਕਿਉਂਕਿ ਨਿਹੰਗ ਸਿੰਘਾਂ ਨੂੰ ਅੰਗਰੇਜ਼ਾਂ ਦੇ ਅਧੀਨ ਛੋਟੇ ਅਹੁਦਿਆਂ ਉੱਤੇ ਕੰਮ ਕਰਨਾ ਪੈਂਦਾ ਸੀ। ਕਈ ਨਿਹੰਗ ਸਿੰਘਾਂ ਨੂੰ ਜਾਂ ਤਾਂ ਮਾਰ ਦਿੱਤਾ ਗਿਆ ਜਾਂ ਦੇਸ਼ ਨਿਕਾਲਾ ਦੇ ਦਿੱਤਾ ਗਿਆ। ਨਿਹੰਗ ਸਿੰਘਾਂ ਨੇ ਸਿੱਖ ਮਾਮਲਿਆਂ ਵਿਚ ਦਖ਼ਲ ਅੰਦਾਜ਼ੀ ਕਰਨੀ ਬੰਦ ਕਰ ਦਿੱਤੀ, ਕਿਉਂਕਿ ਨਿਹੰਗ ਸਿੰਘ ਆਪਣੇ ਹੀ ਸਿੱਖ ਭਰਾਵਾਂ(ਜੋ ਕਿ ਅੰਗਰੇਜ਼ਾਂ ਦੀ ਮਦਦ ਕਰਦੇ ਸਨ ਅਤੇ ਸਰਕਾਰ ਦੇ ਹਾਮੀ ਸਨ) ਦੇ ਖਿਲਾਫ਼ ਹਥਿਆਰ ਨਹੀਂ ਚੁੱਕਣਾ ਚਾਹੁੰਦੇ ਸਨ। ਜਦੋਂ ਅੰਗਰੇਜ਼ ਸਰਕਾਰ ਨੂੰ ਇਹ ਯਕੀਨ ਹੋ ਗਿਆ ਕਿ ਹੁਣ ਨਿਹੰਗ ਸਿੰਘਾਂ ਤੋਂ

---

487 Harbans Singh, Editor-in-Chief, ENCYCLOPAEDIA OF SIKHISM, Vol III, p. 227.

488 ਅਮਰਜੀਤ ਸਿੰਘ (ਡਾ.), ਇਤਿਹਾਸ ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ, ਬਠਿੰਡਾ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਜੂਨ 2007, ਪੰਨਾ 14.

489 ਬਲਬੀਰ ਸਿੰਘ ਭਾਈ (ਮੁਖ ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 4, ਸਾਲ 25, ਬਗੀਚੀ ਬਾਬਾ ਬੰਬਾ ਸਿੰਘ ਜੀ, ਲੋਇਰ ਮਾਲ ਰੋਡ, ਪਟਿਆਲਾ, ਅਪ੍ਰੈਲ 1993, ਪੰਨਾ 22.

490 Kirpal Singh & Kharak Singh (Ed.), History of The Sikhs & Their Religion, Vol.I, p. 410.

491 ਬਲਬੀਰ ਸਿੰਘ ਭਾਈ (ਮੁਖ ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 1, ਸਾਲ 27, ਬਗੀਚੀ ਬਾਬਾ ਬੰਬਾ ਸਿੰਘ ਜੀ, ਲੋਇਰ ਮਾਲ ਰੋਡ, ਪਟਿਆਲਾ, ਜਨਵਰੀ 1996, ਪੰਨਾ 20.

ਕੋਈ ਖ਼ਤਰਾ ਨਹੀਂ ਤਾਂ ਨਿਹੰਗ ਸਿੰਘਾਂ ਤੋਂ ਕਈ ਤਰ੍ਹਾਂ ਦੀਆਂ ਪਾਬੰਦੀਆਂ ਹਟਾ ਕੇ ਉਨ੍ਹਾਂ ਨੂੰ ਡੇਰਿਆਂ ਅਤੇ ਬੁੰਗਿਆਂ ਵਿਚ ਰਹਿਣ ਦੀ ਆਗਿਆ ਦੇ ਦਿੱਤੀ ਪਰ ਫੇਰ ਵੀ ਨਿਹੰਗ ਸਿੰਘਾਂ ਉੱਤੇ ਨਿਗਰਾਨੀ ਰਖੀ ਜਾਂਦੀ ਸੀ।[492] ਅੰਗਰੇਜ਼ਾਂ ਦੀ ਪ੍ਰਸੰਨਤਾ ਲਈ ਦੇਸੀ ਰਿਆਸਤਾਂ ਨੇ ਅਨੇਕਾਂ ਸਿੰਘਾਂ ਨੂੰ ਗ੍ਰਿਫਤਾਰ ਕਰ ਕੇ ਹਕੂਮਤ ਦੇ ਹਵਾਲੇ ਕੀਤਾ। ਪਟਿਆਲਾ ਰਿਆਸਤ ਵੀ ਇਨ੍ਹਾਂ ਵਿਚੋਂ ਇਕ ਸੀ। ਪਟਿਆਲਾ ਰਾਜ ਵਿਚ ਬਹੁਤ ਸਾਰੇ ਨਿਹੰਗ ਸਿੰਘ ਫੜ ਕੇ ਤੋਪਾਂ ਨਾਲ ਉਡਾਏ ਗਏ ਜਿਸ ਕਾਰਨ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਸਾਰੇ ਪੰਥ ਨੇ ਰਲ-ਮਿਲ ਕੇ ਇਹ ਗੁਰਮਤਾ ਪਾਸ ਕੀਤਾ ਕਿ 'ਜੋ ਕੋਈ ਪਟਿਆਲੇ ਦੇ ਰਾਜੇ ਦਾ ਅੰਨ ਖਾਏਗਾ ਉਹ ਪਾਪੀ ਹੋਵੇਗਾ।'[493]

**1900 ਈ. ਤੋਂ ਬਾਅਦ ਨਿਹੰਗ ਸਿੰਘਾਂ ਦੀ ਸਥਿਤੀ:**

1872 ਈ. ਤੱਕ ਨਿਰਮਲੇ ਅਤੇ ਨਿਹੰਗ ਸਿੰਘ ਸਾਰੇ ਮਿਲ ਕੇ ਰਹਿੰਦੇ ਸਨ।[494] 1907 ਈ. ਵਿਚ ਜਥੇਦਾਰ ਬਾਬਾ ਤੇਜਾ ਸਿੰਘ ਜੀ ਦੀ ਅਗਵਾਈ ਵਿਚ ਮੁੜ ਤੋਂ ਬੁੱਢਾ ਦਲ ਸੰਗਠਿਤ ਹੋਣ ਲੱਗਾ। ਪੰਜਾਬ ਵਿਚ ਸਿੱਖ ਰਿਆਸਤਾਂ (ਪਟਿਆਲਾ, ਨਾਭਾ, ਸੰਗਰੂਰ (ਜੀਂਦ), ਫਰੀਦਕੋਟ, ਕਪੂਰਥਲਾ) ਆਦਿ ਦਾ ਬੁੱਢਾ ਦਲ ਪ੍ਰਤੀ ਪਿਆਰ ਅਤੇ ਵਿਸ਼ਵਾਸ਼ ਵਧਣ ਲੱਗਾ। ਬੁੱਢਾ ਦਲ ਚੌਮਾਸੇ ਭਾਵ (ਸਾਵਣ-ਭਾਦਰੋਂ) ਬਾਰਿਸ਼ਾਂ ਦੇ ਦਿਨਾਂ ਵਿਚ ਸੰਗਰੂਰ ਜਾਂ ਨਾਭੇ ਦੀਆਂ ਬੀੜਾਂ ਵਿਚ ਗੁਜ਼ਾਰਦੇ ਸਨ ਕਿਉਂਕਿ ਘੋੜਿਆਂ ਲਈ ਘਾਹ ਪੱਠਾ ਵੀ ਮਿਲ ਜਾਂਦਾ ਸੀ ਅਤੇ ਸਿੰਘਾਂ ਲਈ ਲੰਗਰ ਆਦਿ ਲਈ ਰਸਦਾਂ ਸ਼ਾਹੀ ਖਜ਼ਾਨੇ ਵਿਚੋਂ ਮਿਲ ਜਾਂਦੀਆਂ ਸਨ। ਰਿਆਸਤਾਂ ਦੇ ਮਹਾਰਾਜੇ ਬੁੱਢਾ ਦਲ ਕੋਲ ਕੋਈ ਨਾ ਕੋਈ ਮਨੋਕਾਮਨਾ ਲਈ ਅਖੰਡ ਪਾਠ ਅਤੇ ਅਰਦਾਸ ਕਰਵਾਉਂਦੇ ਸਨ।[495] 1823 ਈ. ਤੋਂ 1920 ਈ. ਤੱਕ ਦੇ ਅਰਸੇ ਵਿਚ ਬੁੱਢਾ ਦਲ ਦੇ ਜਥੇਦਾਰਾਂ ਨੂੰ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਪੋ-ਆਪਣੇ ਸਮੇਂ ਦੇ ਜਥੇਦਾਰ ਮੰਨ ਸਕਦੇ ਹਾਂ ਜਾਂ ਫਿਰ ਉਨ੍ਹਾਂ ਤਖ਼ਤਾਂ ਦੇ ਹੈੱਡ

[492] Kirpal Singh & Kharak Singh (Ed.), History of The Sikhs & Their Religion, Vol.I, pp. 410-11.

[493] ਅਮਰਜੀਤ ਸਿੰਘ (ਡਾ.), ਇਤਿਹਾਸ ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ, ਬਠਿੰਡਾ, ਪੰਨਾ 14.

[494] ਗਿਆਨ ਸਿੰਘ (ਗਿਆਨੀ), ਨਿਰਮਲ ਪੰਥ ਪ੍ਰਦੀਪਕਾ, ਸੰਤ ਇੰਦਰ ਸਿੰਘ ਚਕ੍ਰਵਰਤੀ (ਸੰਪਾ.), ਨਿਰਮਲ ਪੰਚੈਤੀ ਅਖਾੜਾ, ਕਨਖਲ, ਸਹਾਰਨਪੁਰ, ਸਤੰਬਰ 1962, ਪੰਨਾ ੮੧.

[495] ਉਹੀ, ਪੰਨਾ 111.

ਪੁਜਾਰੀਆਂ ਨੂੰ, ਜਿਨ੍ਹਾਂ ਦੇ ਨਾਮ ਇਤਿਹਾਸਿਕ ਤੌਰ 'ਤੇ ਪ੍ਰਾਪਤ ਨਹੀਂ ਹਨ।[496] ਸੰਨ 1920 ਈ. ਤਕ 'ਨਿਹੰਗ' ਅਤੇ 'ਅਕਾਲੀ' ਇਕ ਦੂਜੇ ਦੇ ਸਮਾਨਾਰਥਕ ਸ਼ਬਦ ਸਨ ਪਰ 1920 ਈ. ਵਿਚ ਅਕਾਲੀ ਦਲ ਬਣਨ ਨਾਲ ਇਨ੍ਹਾਂ ਸ਼ਬਦਾਂ ਨੂੰ ਵੱਖ-ਵੱਖ ਦੇਖਿਆ ਜਾਣ ਲੱਗਾ।[497] 12 ਅਕਤੂਬਰ 1920 ਈ. ਨੂੰ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਲਈ 17 ਮੈਂਬਰੀ ਕਮੇਟੀ ਬਣਾਈ ਗਈ। ਇਸ ਕਮੇਟੀ ਦੇ ਜਥੇਦਾਰ ਸ. ਤੇਜਾ ਸਿੰਘ ਭੁੱਚਰ ਬਣਾਏ ਗਏ। ਪੁਜਾਰੀਆਂ ਨੇ ਬੁੱਢਾ ਦਲ ਦੇ ਆਗੂਆਂ ਨੂੰ ਅਕਾਲੀਆਂ ਦੇ ਖ਼ਿਲਾਫ਼ ਲੜਨ ਲਈ ਭੜਕਾਇਆ ਪਰ ਬਾਬਾ ਕਿਹਰ ਸਿੰਘ ਪੱਟੀ ਨੇ ਨਿਹੰਗ ਸਿੰਘਾਂ ਨੂੰ ਸਮਝਾ ਕੇ ਇਸ ਗੱਲ ਉੱਤੇ ਰਜ਼ਾਮੰਦ ਕਰ ਲਿਆ ਕਿ ਜਦੋਂ ਤਕ ਸਾਰੇ ਸਿੱਖਾਂ ਦਾ ਸਾਂਝਾ ਇਕੱਠ ਕੋਈ ਫ਼ੈਸਲਾ ਨਹੀਂ ਕਰਦਾ, ਉਦੋਂ ਤਕ ਅਕਾਲੀਆਂ ਦਾ ਜਥਾ ਸੇਵਾ ਕਰਦਾ ਰਹੇ।[498]

ਅੰਗਰੇਜ਼ ਹਕੂਮਤ ਪਹਿਲਾਂ ਤੋਂ ਹੀ ਬੁੱਢਾ ਦਲ ਨੂੰ ਆਪਣੇ ਅਧੀਨ ਕਰਨਾ ਚਾਹੁੰਦੀ ਸੀ। ਇਕ ਸਮੇਂ ਬੁੱਢਾ ਦਲ ਦੇ ਨੇਜ਼ੇ, ਬਰਛੇ ਅਤੇ ਸ੍ਰੀ ਸਾਹਿਬਾਂ ਜ਼ਬਤ ਕਰ ਲਈਆਂ। ਬੁਰਜ ਅਕਾਲੀ ਫੂਲਾ ਸਿੰਘ ਵਿਖੇ ਮੁਸਲਮਾਨਾਂ ਨਾਲ ਕਿਸੇ ਕਾਰਨ ਨਿਹੰਗ ਸਿੰਘਾਂ ਦਾ ਝਗੜਾ ਹੋ ਗਿਆ ਜਿਸ ਕਾਰਨ ਅੰਗਰੇਜ਼ ਹਕੂਮਤ ਨੇ ਬੁੱਢਾ ਦਲ ਦੇ ਗਿਆਰ੍ਹਵੇਂ ਜਥੇਦਾਰ ਬਾਬਾ ਸਾਹਿਬ ਸਿੰਘ ਕਲਾਧਾਰੀ ਸਮੇਤ ਕਈ ਨਿਹੰਗ ਸਿੰਘਾਂ ਨੂੰ ਗ੍ਰਿਫਤਾਰ ਕਰਕੇ ਲਾਹੌਰ ਵਿਖੇ ਨਜ਼ਰਬੰਦ ਕਰ ਦਿੱਤਾ ਸੀ।[499]

**ਅੰਗਰੇਜ਼ਾਂ ਨਾਲ ਨਾ ਮਿਲਵਰਤਣ ਦੀ ਨੀਤੀ:**

ਨਿਹੰਗ ਸਿੰਘ, ਅੰਗਰੇਜ਼ਾਂ ਦੀ ਗੁਲਾਮੀ ਸਵੀਕਾਰ ਨਹੀਂ ਸੀ ਕਰਦੇ। ਨਿਹੰਗ ਸਿੰਘ, ਅੰਗਰੇਜ਼ਾਂ ਦੀਆਂ ਚਲਾਈਆਂ ਰੇਲਾਂ ਵਿਚ ਸਫਰ ਕਰਨ ਸਮੇਂ ਟਿਕਟ ਨਹੀਂ ਲੈਂਦੇ ਸਨ ਅਤੇ ਨਾ ਹੀ ਅੰਗਰੇਜ਼ਾਂ ਤੋਂ ਹਥਿਆਰਾਂ (ਵੱਡੀਆਂ ਤਲਵਾਰਾਂ, ਬਰਛੇ, ਭਾਲੇ, ਬੰਦੂਕਾਂ) ਦਾ ਲਾਇਸੰਸ ਲੈਂਦੇ ਸਨ। ਅੰਗਰੇਜ਼ ਹਾਕਮਾਂ ਨੇ ਨਿਹੰਗ ਸਿੰਘਾਂ

---

496 ਕ੍ਰਿਪਾਲ ਸਿੰਘ (ਗਿਆਨੀ) (ਸਿੰਘ ਸਾਹਿਬ), ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਜਥੇਦਾਰ ਸਾਹਿਬਾਨ, ਦੂਜੀ ਵਾਰ, ਪੰਨਾ 58.

497 Kirpal Singh & Kharak Singh (Ed.), History of The Sikhs & Their Religion, Vol.I, p. 411.

498 ਜਸਵਿੰਦਰ ਸਿੰਘ (ਡਾ.)(ਸਟੇਟ ਅਵਾਰਡੀ), ਸਿੱਖ ਗੁਰਦੁਆਰਾ ਐਕਟ 1925, ਚਾਵਲਾ ਪਬਲੀਕੇਸ਼ਨਜ਼, ਸੈਕਟਰ 17ਬੀ ਚੰਡੀਗੜ੍ਹ, 2009, ਪੰਨਾ 14.

499 ਸੁਖਦੇਵ ਸਿੰਘ ਗਿਆਨੀ (ਕਥਾਵਾਚਕ ਦਲ ਬਾਬਾ ਬਿਧੀ ਚੰਦ ਜੀ), ਦਯਾ ਸਾਗਰ ਜੀਵਨ, ਸੰਪ੍ਰਦਾਇ ਦਲ ਬਾਬਾ ਬਿਧੀ ਚੰਦ ਜੀ, ਸੁਰ ਸਿੰਘ, ਤਰਨਤਾਰਨ, ਜਨਵਰੀ 2020, ਪੰਨੇ ੬੫-੬੭.

ਦੇ ਵਤੀਰੇ ਬਾਰੇ ਲੰਡਨ ਪਾਰਲੀਮੈਂਟ ਨੂੰ ਵਾਇਸਰਾਏ ਰਾਹੀਂ ਚਿੱਠੀ ਲਿਖਵਾਈ ਕਿ ਇਨ੍ਹਾਂ ਵਿਰੁੱਧ ਐਕਸ਼ਨ ਲਿਆ ਜਾਵੇ ਤਾਂ ਬਰਤਾਨੀਆ ਪਾਰਲੀਮੈਂਟ ਨੇ ਵਾਇਸਰਾਏ ਹਿੰਦ ਨੂੰ ਤਿੰਨ ਮਸਲਿਆਂ ਬਾਰੇ ਹਦਾਇਤ ਭੇਜੀ:

1) "ਸਾਰਾ ਹਿੰਦੁਸਤਾਨ ਅਤੇ ਸਿੱਖ ਕੌਮ ਅੰਗਰੇਜ਼ੀ ਰਾਜ ਨੂੰ ਮੰਨਦੀ ਹੈ। ਸਿੱਖ ਕੌਮ ਵਿਚੋਂ ਚੰਦ ਕੁ ਸਿੱਖ ਹਨ ਜੋ ਇਹ ਨਹੀਂ ਮੰਨਦੇ। ਉਨ੍ਹਾਂ ਨੂੰ ਸਿਰ ਫਿਰਿਆਂ ਦੀਆਂ ਗੱਲਾਂ ਸਮਝ ਕੇ ਨਜ਼ਰ ਅੰਦਾਜ ਕਰ ਦਿੱਤਾ ਜਾਏ।

2) ਜੇਕਰ ਉਹ ਰੇਲ ਦੀ ਟਿਕਟ ਨਹੀਂ ਖਰੀਦਦੇ ਤਾਂ ਇਸ ਨਾਲ ਰੇਲ ਨਾਂ ਤਾਂ ਦੀਵਾਲੀਆ ਹੋ ਸਕਦਾ ਹੈ ਅਤੇ ਨਾਂ ਹੀ ਉਨ੍ਹਾਂ ਦੇ ਭਾਰ ਨਾਲ ਰੇਲਾਂ ਟੁੱਟ ਸਕਦੀਆਂ ਹਨ। ਇਸ ਗੱਲ ਨੂੰ ਵੀ ਨਜ਼ਰ ਅੰਦਾਜ ਕਰ ਦਿੱਤਾ ਜਾਏ।

3) ਨਿਹੰਗ ਸਿੰਘਾਂ ਦੇ ਰਵਾਇਤੀ ਹਥਿਆਰਾਂ ਨਾਲ ਅੰਗਰੇਜ਼ ਹਕੂਮਤ ਨੂੰ ਕੋਈ ਖਤਰਾ ਨਹੀਂ। ਰਹੀ ਤੋੜੇਦਾਰ ਬੰਦੂਕਾਂ ਦੀ ਗੱਲ, ਉਨ੍ਹਾਂ ਨਾਲ ਉਹ ਅੰਗਰੇਜ਼ ਸਰਕਾਰ ਦਾ ਤਖ਼ਤਾ ਨਹੀਂ ਪਲਟ ਸਕਦੇ। ਇਸ ਗੱਲ ਨੂੰ ਵੀ ਨਜ਼ਰ ਅੰਦਾਜ ਕਰ ਦਿੱਤਾ ਜਾਏ।"[500]

ਅੰਗਰੇਜ਼ ਹਕੂਮਤ ਨੇ ਗੁਰਦੁਆਰਿਆਂ ਵਿਚ ਆਪਣੇ ਵਫਾਦਾਰ ਮਹੰਤ ਰਖੇ ਹੋਏ ਸਨ ਤਾਂ ਜੋ ਸਿੱਖ ਧਰਮ ਅਸਥਾਨਾਂ ਤੋਂ ਕਦੇ ਅੰਗਰੇਜ਼ ਰਾਜ ਵਿਰੁੱਧ ਕੋਈ ਫਤਵਾ ਬੁਲੰਦ ਨਾ ਹੋ ਸਕੇ। ਅੰਗਰੇਜ਼ ਇਹ ਚਾਹੁੰਦੇ ਸਨ ਕਿ ਇਨ੍ਹਾਂ ਨੂੰ ਛੇੜ ਕੇ ਸਿੱਖ ਰਾਜ ਦੀ ਲੋੜ ਦੁਬਾਰਾ ਮਹਿਸੂਸ ਨਾ ਕਰਵਾਈ ਜਾਵੇ।[501] ਨਿਹੰਗ ਸਿੰਘਾਂ ਉੱਤੇ ਅੰਗਰੇਜ਼ ਸਰਕਾਰ ਕਰੜੀ ਨਜ਼ਰ ਰਖਦੀ ਰਹੀ।

ਦੇਸ਼ ਅਜ਼ਾਦ ਹੋਣ ਤੋਂ ਬਾਅਦ ਨਿਹੰਗ ਸਿੰਘਾਂ ਦੀ ਹਾਲਤ ਵਿਚ ਸੁਧਾਰ ਆਉਣਾ ਸ਼ੁਰੂ ਹੋਇਆ। ਨਿਹੰਗ ਸਿੰਘਾਂ ਨੇ ਕਈ ਗੁਰਧਾਮਾਂ ਦੀ ਸੇਵਾ ਸੰਭਾਲ ਕੀਤੀ ਅਤੇ ਆਪੋ-ਆਪਣੇ ਪੜਾਅ ਅਤੇ ਛਾਉਣੀਆਂ ਸਥਾਪਿਤ ਕੀਤੀਆਂ। ਦੇਸ਼ ਦੀ ਅਜ਼ਾਦੀ ਤੋਂ ਬਾਅਦ ਬੁੱਢਾ ਦਲ ਨੇ ਜਥੇਦਾਰ ਬਾਬਾ ਸੰਤਾ ਸਿੰਘ ਦੀ ਅਗਵਾਈ ਵਿਚ ਬਹੁਤ ਤਰੱਕੀ ਕੀਤੀ। ਬੁੱਢਾ ਦਲ ਨੇ ਆਪਣੀ ਪ੍ਰੈੱਸ ਲਗਵਾਕੇ ਸਾਹਿਤ ਛਪਵਾਉਣਾ ਆਰੰਭ ਕੀਤਾ।

---

[500] ਬਲਬੀਰ ਸਿੰਘ ਹਜ਼ੂਰੀ ਸੇਵਕ (ਮੁਖ ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 1-2, ਸਾਲ 25, ਬਗੀਚੀ ਬਾਬਾ ਬੰਬਾ ਸਿੰਘ ਜੀ, ਲੋਇਰ ਮਾਲ ਰੋਡ, ਪਟਿਆਲਾ, ਜਨਵਰੀ-ਫਰਵਰੀ 1994, ਪੰਨੇ 19-20.

[501] ਉਹੀ, ਪੰਨੇ 19-20.

ਸਕੂਲ ਖੋਲੇ ਅਤੇ ਸ਼ਸਤਰ ਵਿੱਦਿਆ ਦਾ ਪ੍ਰਚਾਰ ਕੀਤਾ ਗਿਆ। ਇਸ ਤਰ੍ਹਾਂ ਸਮਾਜ ਵਿਚ ਵੀ ਨਿਹੰਗ ਸਿੰਘਾਂ ਸੰਬੰਧੀ ਗਲਤ ਧਾਰਨਾਵਾਂ ਬਹੁਤ ਹੱਦ ਤੱਕ ਦੂਰ ਹੋਈਆਂ। ਮੌਜੂਦਾ ਸਮੇਂ ਨਿਹੰਗ ਸਿੰਘ ਜਥੇਬੰਦੀ ਸਿੱਖ ਧਰਮ ਵਿਚ ਅਹਿਮ ਭੂਮਿਕਾ ਨਿਭਾ ਰਹੀ ਹੈ। ਇਸ ਜਥੇਬੰਦੀ ਦੀ ਜਿੱਥੇ ਸਮਾਜ ਨਾਲ ਇਕਸੁਰਤਾ ਕਾਇਮ ਹੋਈ ਹੈ, ਉੱਥੇ ਨਾਲ ਹੀ ਨਿਹੰਗ ਸਿੰਘ ਜਥੇਬੰਦੀ ਵਲੋਂ ਧਾਰਮਿਕ ਅਤੇ ਲੋਕ ਭਲਾਈ ਦੇ ਕਈ ਉਪਰਾਲੇ ਕੀਤੇ ਜਾ ਰਹੇ ਹਨ। ਨਿਹੰਗ ਸਿੰਘਾਂ ਵਲੋਂ ਕੀਤੇ ਧਾਰਮਿਕ, ਸਮਾਜਿਕ ਅਤੇ ਲੋਕ ਭਲਾਈ ਦੇ ਕਾਰਜਾਂ ਦਾ ਵਰਨਣ ਪੰਜਵੇਂ ਅਧਿਆਇ ਵਿਚ ਦਿੱਤਾ ਗਿਆ ਹੈ। ਹੁਣ ਅਸੀਂ ਬੁੱਢਾ ਦਲ ਦੇ ਹੁਣ ਤੱਕ ਹੋਏ ਜਥੇਦਾਰਾਂ ਬਾਰੇ ਵਿਚਾਰ ਕਰਾਂਗੇ।

## 2.7 ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਜਥੇਦਾਰਾਂ ਦਾ ਇਤਿਹਾਸ:

ਨਿਹੰਗ ਸਿੰਘ ਜਥੇਬੰਦੀ ਵਿਚੋਂ ਸਭ ਤੋਂ ਪ੍ਰਮੁੱਖ ਸਥਾਨ ਬੁੱਢਾ ਦਲ ਦਾ ਹੈ। ਮੌਜੂਦਾ ਸਮੇਂ ਬੁੱਢਾ ਦਲ ਨੂੰ ਸਤਿਕਾਰ ਸਹਿਤ 'ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ੯੬ ਕਰੋੜੀ ਚਲਦਾ ਵਹੀਰ ਚਕਰਵਰਤੀ' ਆਖਿਆ ਜਾਂਦਾ ਹੈ। ਡਾ. ਬਲਕਾਰ ਸਿੰਘ ਅਨੁਸਾਰ, "ਜਦੋਂ ਕਦੀ ਮਰਯਾਦਾ ਦੀ, ਬਾਣੀ ਬਾਣੇ ਦੀ ਗੱਲ ਚਲਦੀ ਹੈ ਤਾਂ ਬੁੱਢਾ ਦਲ ਦਾ ਨਾਮ ਸਭ ਤੋਂ ਉੱਤੇ ਆਉਂਦਾ ਹੈ।"[502] ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਲੰਮਾਂ ਸਮਾਂ ਬੁੱਢਾ ਦਲ ਨੇ ਕੀਤੀ ਅਤੇ ਪੰਥਕ ਇਕੱਠ ਬੁੱਢਾ ਦਲ ਦੁਆਰਾ ਹੀ ਬੁਲਾਏ ਜਾਂਦੇ ਸਨ।[503] ਬੁੱਢਾ ਦਲ ਦੇ ਹੁਣ ਤੱਕ ਦੇ ਚੌਦ੍ਹਾਂ ਜਥੇਦਾਰਾਂ ਵਿਚੋਂ ਚਾਰ ਜਥੇਦਾਰ ਸ਼ਹੀਦ ਹੋਏ ਹਨ। ਜਥੇਦਾਰਾਂ ਦੇ ਜੀਵਨ ਬਾਰੇ ਵਰਨਣ ਇਸ ਪ੍ਰਕਾਰ ਹੈ:

### ਜਥੇਦਾਰ ਬਾਬਾ ਬਿਨੋਦ ਸਿੰਘ ਜੀ ਸ਼ਹੀਦ:

ਜਥੇਦਾਰ ਬਾਬਾ ਬਿਨੋਦ ਸਿੰਘ ਨੂੰ ਬੁੱਢਾ ਦਲ ਦੇ ਪਹਿਲੇ ਜਥੇਦਾਰ ਮੰਨਿਆ ਜਾਂਦਾ ਹੈ। ਬੁੱਢਾ ਦਲ ਦੇ ਲਿਖਾਰੀ ਗਿਆਨੀ ਕ੍ਰਿਪਾਲ ਸਿੰਘ ਅਨੁਸਾਰ, ਬਾਬਾ ਬਿਨੋਦ ਸਿੰਘ ਦਾ ਜਨਮ 1723 ਬਿਕ੍ਰਮੀ ਮੁਤਾਬਿਕ

---

502 ਦਿਆਲ ਸਿੰਘ ਲਿਖਾਰੀ, ਮੁਖਤਿਆਰੇ ਆਮ (ਮੁਖ ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 7, ਸਾਲ 31, ਬਗੀਚੀ ਬਾਬਾ ਬੰਬਾ ਸਿੰਘ ਜੀ, ਲੋਇਰ ਮਾਲ ਰੋਡ, ਪਟਿਆਲਾ, ਜੁਲਾਈ 1999, ਪੰਨਾ 31.

503 ਹਰਜਿੰਦਰ ਸਿੰਘ ਦਿਲਗੀਰ (ਡਾ.), ਸਿੱਖ ਤਵਾਰੀਖ਼ 'ਚ ਅਕਾਲ ਤਖ਼ਤ ਸਾਹਿਬ ਦਾ ਰੋਲ, ਪੰਨਾ 17.

1666 ਈ. ਵਿਚ ਹੋਇਆ ਸੀ। ਬਾਬਾ ਬਿਨੋਦ ਸਿੰਘ ਜੀ ਦੇ ਪਿਤਾ ਦਾ ਨਾਂ ਬਾਵਾ ਗੋਬਿੰਦ ਜੀ ਅਤੇ ਮਾਤਾ ਰਾਮੋ ਜੀ (ਰਾਮ ਕੌਰ) ਸੀ। ਬਾਬਾ ਬਿਨੋਦ ਸਿੰਘ ਦੀ ਗੋਤ ਤ੍ਰੇਹਣ ਸੀ।[504] ਬਾਬਾ ਬਿਨੋਦ ਸਿੰਘ ਨੂੰ 'ਬਾਵਾ' ਵੀ ਆਖਿਆ ਜਾਂਦਾ ਹੈ।[505] ਬਾਬਾ ਬਿਨੋਦ ਸਿੰਘ ਨਿਹੰਗ ਸਿੰਘਾਂ ਵਾਲਾ ਬਾਣਾ ਧਾਰਨ ਕਰ ਕੇ ਰਖਦੇ ਸਨ। ਬਾਬਾ ਜੀ ਨੀਲੇ ਬਸਤ੍ਰ ਪਹਿਨਦੇ ਅਤੇ ਦਸਤਾਰ ਵਿਚ ਚੱਕਰ, ਕਰਦ ਅਤੇ ਸਰਬਲੋਹ ਦੀ ਮਾਲਾ ਸਜਾਉਂਦੇ ਸਨ:

> ਟਿਹਣਿ ਬਨੋਜ ਸਿੰਘ ਕੌ ਕਾਨ ਸਿੰਘ ਭਾਈ। ਭਲੇ ਰਾਮ ਸਿੰਘ ਬੀਰ ਥਾਈ।
>
> ਨੀਲ ਬਸਤ੍ਰ ਤਉ ਅੰਗਿ ਪਹਿਰਾਇ। ਕਰਦਿ ਚਕ੍ਰ ਬਹੁ ਸੀਸ ਛਕਾਹਿ।
>
> ਸਰਬ ਲੋਹਿ ਕੀ ਮਾਨੈ ਆਨਿ। ਅਕਾਲ ਅਕਾਲ ਕੋ ਜਾਪ ਜਪਾਣਿ।[506]

**ਜਥੇਦਾਰ ਬਾਬਾ ਬਿਨੋਦ ਸਿੰਘ ਦੀ ਬੰਸਾਵਲੀ:**

ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸੇਵਾ ਮੁਕਤ ਡਾ. ਸ਼ਮਸ਼ੇਰ ਸਿੰਘ ਲਿਖਦੇ ਹਨ ਕਿ ਜਥੇਦਾਰ ਬਾਬਾ ਬਿਨੋਦ ਸਿੰਘ ਜੀ, ਗੁਰੂ ਅੰਗਦ ਦੇਵ ਜੀ ਦੀ ਅੰਸ-ਬੰਸ ਦੀ ਛੇਵੀਂ ਪੀੜੀ ਵਿਚੋਂ ਸਨ।[507] ਡਾ. ਗੁਰਮੇਲ ਸਿੰਘ ਨੇ ਗੁਰੂ ਅੰਗਦ ਦੇਵ ਜੀ ਦੀ ਦੀ ਬੰਸਾਵਲੀ ਦਰਸਾਈ ਹੈ ਜੋ ਕਿ ਇਸ ਪ੍ਰਕਾਰ ਹੈ: ਗੁਰੂ ਅੰਗਦ ਦੇਵ ਜੀ - ਦਾਸੂ ਜੀ ਅਤੇ ਦਾਤੂ ਜੀ - ਦਾਸੂ ਜੀ ਦੇ ਪੁੱਤਰ ਧਯਾਨ ਦਾਸ - ਧਯਾਨ ਦਾਸ ਦੇ ਪੁੱਤਰ ਉਤਮ ਦਾਸ - ਜਗਾ ਮਲ - ਗੋਬਿੰਦ ਜੀ - **ਬਿਨੋਦ ਸਿੰਘ** - ਖੁਸ਼ਾਲ ਸਿੰਘ - ਜਸਾ ਸਿੰਘ - ਰਤਨ ਸਿੰਘ - ਸੁਖਾ ਸਿੰਘ - ਲਛਮਨ ਸਿੰਘ - ਕਵੀ ਪ੍ਰੇਮ ਸਿੰਘ ਸੰਤ ਰੇਣ।[508] ਡਾ. ਗੁਰਮੇਲ ਸਿੰਘ ਲਿਖਦੇ ਹਨ ਕਿ ਖਡੂਰ ਸਾਹਿਬ ਦੇ ਤ੍ਰੇਹਣ ਖਤ੍ਰੀਆਂ ਦੇ ਕੁਲ ਪੁਰੋਹਿਤ ਪੰਡਿਤ ਰਾਮ ਰਤਨ ਸ਼ਰਮਾ ਨੇ

---

504 ਕ੍ਰਿਪਾਲ ਸਿੰਘ ਲਿਖਾਰੀ ਬੁੱਢਾ ਦਲ, ਸਿੰਘ ਸਾਹਿਬ ਜਥੇਦਾਰ ਬਾਬਾ ਬਿਨੋਦ ਸਿੰਘ ਜੀ ਸੰਸਥਾਪਕ ਤਤ ਖਾਲਸਾ (ਬੁੱਢਾ ਦਲ), (ਪ੍ਰਕਾ.) ਬਾਵਾ ਤੇਜਭਾਨ ਸਿੰਘ, ਗੁ. ਦਰਬਾਰ ਸ੍ਰੀ ਗੁਰੂ ਅੰਗਦ ਸਾਹਿਬ, ਸਰਹੰਦੀ ਗੇਟ, ਪਟਿਆਲਾ, ਮਿਤੀਹੀਨ, ਪੰਨਾ 1.

505 ਉਹੀ, ਪੰਨਾ 1(ਫੁਟਨੋਟ)

506 ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਡਾ. ਬਲਵੰਤ ਸਿੰਘ ਢਿਲੋਂ (ਸੰਪਾ.), ਪੰਨਾ 165.

507 ਕ੍ਰਿਪਾਲ ਸਿੰਘ ਲਿਖਾਰੀ ਬੁੱਢਾ ਦਲ, ਸਿੰਘ ਸਾਹਿਬ ਜਥੇਦਾਰ ਬਾਬਾ ਬਿਨੋਦ ਸਿੰਘ ਜੀ ਸੰਸਥਾਪਕ ਤਤ ਖਾਲਸਾ(ਬੁੱਢਾ ਦਲ), ਪੰਨਾ (ਭੂਮਿਕਾ ਵਿਚੋਂ)

508 ਗੁਰਮੇਲ ਸਿੰਘ (ਸੰਪਾ.), ਗੁਰੂ ਅੰਗਦ ਦੇਵ ਸ੍ਰੋਤ ਪੁਸਤਕ, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, ਆਨੰਦਪੁਰ ਸਾਹਿਬ, 2006, ਪੰਨਾ 446.

‘ਗੁਰੂ ਅੰਗਦ ਬੰਸਾਵਲੀ’ ਵਿਚ ਦਾਸੂ ਜੀ ਦੇ ਪੜਪੋਤੇ ਦੇ ਪੁੱਤਰ ਗੋਬਿੰਦ ਜੀ ਦੇ ਪੁੱਤਰ ਦਾ ਨਾਂ ‘ਬਿਨੋਦ ਸਿੰਘ’ ਲਿਖਿਆ ਹੈ।[509] ਇਸ ਬੰਸਾਵਲੀ ਤੋਂ ਪਤਾ ਲਗਦਾ ਹੈ ਕਿ ਬਾਬਾ ਬਿਨੋਦ ਸਿੰਘ ਗੁਰੂ ਅੰਗਦ ਦੇਵ ਜੀ ਦੀ ਛੇਵੀਂ ਪੀੜੀ ਵਿਚੋਂ ਸਨ। ਪਰ ਡਾ. ਸੁਖਦਿਆਲ ਸਿੰਘ ਜੀ ਦੇ ਵਿਚਾਰ ਅਨੁਸਾਰ ਬਾਬਾ ਬਿਨੋਦ ਸਿੰਘ ਜੀ ਸ੍ਰੀ ਗੁਰੂ ਅਮਰਦਾਸ ਜੀ ਦੀ ਅੰਸ-ਬੰਸ ਵਿਚੋਂ ਸੀ।[510] ਸਿੱਖ ਇਤਿਹਾਸ ਵਿਚ ਬਿਨੋਦ ਸਿੰਘ ਨਾਂ ਦੇ ਇਕ ਹੋਰ ਸ਼ਖਸੀਅਤ ਦਾ ਜ਼ਿਕਰ ਮਿਲਦਾ ਹੈ। ਹਰੀ ਸਿੰਘ ‘ਵੈਦ ਰਾਜ’ ਅਨੁਸਾਰ, 1756(ਬਿਕ੍ਰਮੀ) ਦੀ ਵਿਸਾਖੀ ਵਾਲੇ ਦਿਨ ਨਿਰਮਲ ਭੇਖ ਦੇ ਜਿਨ੍ਹਾਂ ਮਹਾਤਮਾਂ ਨੂੰ ਅੰਮ੍ਰਿਤ ਛਕਾਇਆ ਗਿਆ ਉਨ੍ਹਾਂ ਵਿਚੋਂ ਇਕ ਮਹਾਤਮਾ ਦਾ ਨਾਂ ਸੰਤ ਬਿਨੋਦ ਸਿੰਘ ਸੀ।[511]

ਲਗਪਗ ਸੱਤ ਸਾਲ ਦੀ ਉਮਰ ਵਿਚ ਬਾਬਾ ਬਿਨੋਦ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਪਹਿਲੀ ਵਾਰ ਦਰਸ਼ਨ ਕੀਤੇ ਸਨ।[512] ਬਾਬਾ ਬਿਨੋਦ ਸਿੰਘ ਸ਼ਹੀਦਾਂ ਦੇ ਜਥੇ ਦੀ ਅਗਵਾਈ ਕਰਦੇ ਸਨ।[513] ਸ੍ਰੀ ਦਮਦਮਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬੀੜ ਦੀ ਰਚਨਾ ਲਈ ਭਾਈ ਮਨੀ ਸਿੰਘ ਜੀ ਨੂੰ ਦਿੱਲੀ ਬੁਲਾਵਾ ਭੇਜਣ ਲਈ ਬਾਬਾ ਬਿਨੋਦ ਸਿੰਘ ਜੀ ਨੂੰ ਹੀ ਲਗਾਇਆ ਗਿਆ ਸੀ।[514]

ਸੰਤ ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਵਾਲਿਆਂ ਨੇ ਆਪਣੀ ਲਿਖਤ ‘ਗੁਰਮੁਖ ਪ੍ਰਕਾਸ਼’ ਦੀ ਭੂਮਿਕਾ ਵਿਚ ਜ਼ਿਕਰ ਕੀਤਾ ਹੈ ਕਿ ਜਥੇਦਾਰ ਬਾਬਾ ਬਿਨੋਦ ਸਿੰਘ ਜੀ ਅਤੇ ਬਾਬਾ ਕਾਨ੍ਹ ਸਿੰਘ ਜੀ ਉਨ੍ਹਾਂ 48 ਸਿੰਘਾਂ ਵਿਚੋਂ ਸਨ ਜਿਨ੍ਹਾਂ ਨੇ ਸੰਮਤ 1762 ਬਿਕ੍ਰਮੀ ਮੁਤਾਬਿਕ 1705 ਈ. ਵਿਚ ਸੰਪੂਰਨ ਬਾਣੀ ਦੀ ਕਥਾ ਸੁਣੀ।[515] ਅਤੇ ਗੁਰਬਾਣੀ ਦੇ ਅਰਥ ਅਰਥ ਪੜ੍ਹੇ-ਸੁਣੇ ਸਨ।[516]

---

509 ਉਹੀ.

510 ਸੁਖਦਿਆਲ ਸਿੰਘ (ਡਾ.), ਖਾਲਸਾ ਪੰਥ ਦੇ ਪੰਜ ਤਖ਼ਤ, ਪੰਨਾ 20

511 ਹਰੀ ਸਿੰਘ ਵੈਦ ਰਾਜ, ਨਿਰਮਲ ਭੇਖ ਦਾ ਸੰਖੇਪ ਇਤਿਹਾਸ ਅਤੇ ਸੰਪ੍ਰਦਾਇਕ ਬੰਸਾਵਲੀ, (ਪ੍ਰਕਾ.) ਲੇਖਕ ਆਪ, ਰੀਪਬਲਿਕ ਪ੍ਰੈਸ, ਬਜ਼ਾਰ ਸਰਾਂ ਗੁਰੂ ਰਾਮਦਾਸ, ਅੰਮ੍ਰਿਤਸਰ, 1961, ਪੰਨੇ 45-46.

512 ਕ੍ਰਿਪਾਲ ਸਿੰਘ ਲਿਖਾਰੀ ਬੁੱਢਾ ਦਲ, ਸਿੰਘ ਸਾਹਿਬ ਜਥੇਦਾਰ ਬਾਬਾ ਬਿਨੋਦ ਸਿੰਘ ਜੀ ਸੰਸਥਾਪਕ ਤਤ ਖਾਲਸਾ (ਬੁੱਢਾ ਦਲ), ਪੰਨਾ 1(ਫੁਟਨੋਟ)

513 ਕੇਹਰ ਸਿੰਘ ਮਠਾਰੂ, ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ, ਪੰਨਾ 254.

514 ਉਹੀ, ਪੰਨਾ 37.

515 ਗੁਰਬਚਨ ਸਿੰਘ ਖਾਲਸਾ (ਸੰਤ ਗਿਆਨੀ), ਸ੍ਰੀ ਗੁਰਮੁਖ ਪ੍ਰਕਾਸ਼, ਪੰਨਾ 97.

516 ਅਮਰਜੀਤ ਸਿੰਘ (ਡਾ.), ਇਤਿਹਾਸ ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ, ਬਠਿੰਡਾ, ਪੰਨਾ 6.

**ਬਾਬਾ ਬਿਨੋਦ ਸਿੰਘ ਦੀ ਨਾਂਦੇੜ ਤੋਂ ਰਵਾਨਗੀ:**

ਗੁਰੂ ਗੋਬਿੰਦ ਸਿੰਘ ਜੀ ਨੇ ਬਾਬਾ ਬਿਨੋਦ ਸਿੰਘ ਨੂੰ ਪੰਜ ਸਿੰਘਾਂ ਵਿਚ ਸ਼ਾਮਿਲ ਕਰ ਕੇ ਪੰਜ ਪਿਆਰਿਆਂ ਦੇ ਰੂਪ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਲ ਭੇਜਿਆ ਸੀ।[517] ਕਵੀ ਪ੍ਰੇਮ ਸਿੰਘ ਅਨੁਸਾਰ, "ਪੰਜ ਸਿੰਘਾਂ ਦਾ ਜਥਾ ਬਣਾ, ਸ੍ਰੀ ਬਾਬਾ ਬਿਨੋਦ ਸਿੰਘ ਜੀ ਨੂੰ ਜਥੇਦਾਰ ਅਸਥਾਪਨ ਕਰ, ਬੰਦੇ ਨਾਲ ਦੇਕਰ, ਪੰਜਾਬ ਦੇਸ ਬਜੀਦੇ ਆਦਿਕ ਗੁਰੂ ਦ੍ਰੋਹੀਆਂ ਨੂੰ ਕਰਮ ਦੰਡ ਦੇਣ ਵਾਸਤੇ ਭੇਜਿਆ।"[518] ਗੁਰੂ ਜੀ ਨੇ ਨਾਂਦੇੜ ਤੋਂ ਬਾਬਾ ਬਿਨੋਦ ਸਿੰਘ ਨੂੰ ਗੁਰੂ ਖਾਲਸਾ ਪੰਥ ਦੇ ਪਹਿਲੇ ਜਥੇਦਾਰ ਥਾਪਿਆ।[519] ਗਿਆਨੀ ਗਿਆਨ ਸਿੰਘ ਨੇ ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਬਾਬਾ ਬਿਨੋਦ ਸਿੰਘ, ਕਾਨ੍ਹ ਸਿੰਘ, ਬਾਜ ਸਿੰਘ, ਬਿਜੈ ਸਿੰਘ ਅਤੇ ਰਾਮ ਸਿੰਘ ਨੂੰ ਪੰਜਾਂ ਪਿਆਰਿਆਂ ਦੇ ਰੂਪ ਵਿਚ ਬਾਬਾ ਬੰਦਾ ਬਹਾਦਰ ਨਾਲ ਪੰਜਾਬ ਵੱਲ ਤੋਰਿਆ:

ਸੁਨ ਸਤਗੁਰੁ ਇਹ ਭਲ ਮਨ ਮਾਨੀ। ਪਾਂਚ ਸਿੰਘ ਬਡ ਦਏ ਮਹਾਨੀ।
ਇਕ ਬਿਨੋਦ ਸਿੰਘ ਭੱਲਾ ਦੀਨੋ। ਦੁਤੀ ਕਾਨ ਸਿੰਘ ਤੇਹਨ ਚੀਨੋ।
ਤ੍ਰਿਤੀ ਬਾਜ ਸਿੰਘ ਬੀਰ ਉਦਾਰਾ। ਹੁਤੋ ਮੀਰਪੁਰ ਪੱਟੀਵਾਰਾ।
ਬਿਜੈ ਸਿੰਘ ਪੁਨ ਰਾਮ ਸਿੰਘ ਲਖ। ਇਹ ਪਾਂਚੋ ਥੇ ਅਤੀ ਬੀਰ ਦਖ।[520]

ਡਾ. ਗੰਡਾ ਸਿੰਘ ਨੇ ਬਿਜੈ ਸਿੰਘ ਦੀ ਥਾਂ ਦਇਆ ਸਿੰਘ ਦਾ ਨਾਂ ਦਰਸਾਇਆ ਹੈ।[521] ਪੰਡਿਤ ਤਾਰਾ ਹਰਿ ਨਰੋਤਮ ਲਿਖਦੇ ਹਨ, "ਗੁਰੂ ਜੀ ਨੇ ਪਾਂਚ ਤੀਰ ਬਖਸ਼ੇ ਅਰ ਆਗਯਾ ਦਈ, ਪੰਜਾਬ ਮੈਂ ਪਹੁੰਚ ਤੁਰਕੋਂ ਸੇ ਸਾਹਿਬਜ਼ਾਦਿਓ ਕੇ ਬਦਲੇ ਲੇਵੋ। ਬਾਬਾ ਬਿਨੋਦ ਸਿੰਘ ਤੇਹਣ ਸਾਹਿਬਜ਼ਾਦਾ ਚਾਰ ਸਿੱਖ ਔਰ ਪਾਂਚੋ ਬੰਦੇ ਕੇ ਸਾਥ ਦੇ ਪੰਜਾਬ ਕੋ ਤੋਰਿਆ।"[522] ਇਸ ਤੋਂ ਇਲਾਵਾ ਗੁਰੂ ਜੀ ਨੇ ਇਕ ਨਿਸ਼ਾਨ ਸਾਹਿਬ ਅਤੇ ਇਕ ਨਗਾਰਾ ਵੀ ਸਨਦ ਵਜੋਂ ਦਿੱਤਾ।[523] ਪੰਥ ਪ੍ਰਕਾਸ਼ ਵਿਚ ਇਸ ਸੰਬੰਧੀ ਜ਼ਿਕਰ ਹੈ:

---

517 ਬਲਬੀਰ ਕੌਰ (ਮੁਖ ਸੰਪਾ.), ਜਨ ਸਾਹਿਤ, ਬਾਬਾ ਬੰਦਾ ਸਿੰਘ ਬਹਾਦਰ ਵਿਸ਼ੇਸ਼ ਅੰਕ, ਪੰਨਾ 18.

518 ਗੁਰਪੁਰਬਾਂ ਦੀ ਕਥਾ, ਕਰਤਾ 'ਸ੍ਰੀ ਗੁਰਪੁਰ ਪ੍ਰਕਾਸ਼' ਨਾਨਕਸ਼ਾਹੀ ਸੰਮਤ 453, ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ, ਪੰਨਾ 229.

519 ਦਿਲਜੀਤ ਸਿੰਘ ਬੇਦੀ (ਸੰਪਾ.), ਵਿਰਾਸਤ ਖ਼ਾਲਸਾ ਪੰਥ ਬੁੱਢਾ ਦਲ ਪੰਜਵਾਂ ਤਖ਼ਤ, ਪੰਨਾ 39.

520 ਗਿਆਨ ਸਿੰਘ (ਗਿਆਨੀ), ਪੰਥ ਪ੍ਰਕਾਸ਼, ਪੰਨਾ 343.

521 ਗੰਡਾ ਸਿੰਘ, ਸਿਖ ਇਤਿਹਾਸ ਵਲ, ਪੰਨਾ 72.

522 ਤਾਰਾ ਹਰਿ ਨਰੋਤਮ (ਸ੍ਰੀ ਮਤਿ) (ਪੰਡਿਤ), ਸ੍ਰੀ ਗੁਰੁ ਤੀਰਥ ਸੰਗ੍ਰਹਿ, ਪੰਨਾ 199.

523 ਗੰਡਾ ਸਿੰਘ, ਸਿਖ ਇਤਿਹਾਸ ਵਲ, ਪੰਨਾ 72.

ਖੁਸ਼ੀ ਹੋਇ ਗੁਰ ਸਭ ਕੇ ਤਾਂਈ। ਤੋਰਯੋ ਬੰਦੇ ਸੰਗ ਤਦਾਈਂ।

ਦਯੋ ਨਸ਼ਾਨ ਨਗਾਰਾ ਸੰਗ। ਥਾਪੀ ਦਈ ਜੀਤਬੋ ਜੰਗ।

ਦਿਸ ਪੰਜਾਬ ਬੰਦਾ ਇਸ ਭਾਂਤ। ਤੋਰਯੋ ਗੁਰੂ ਧਿਆਇ ਭਯੋ ਸਾਂਤਿ।[524]

ਫਿਰ ਗੁਰੂ ਗੋਬਿੰਦ ਸਿੰਘ ਬਖਸ਼ੀ ਤਾਂਹਿ ਸ਼ਕਤੀ ਭਾਰ।

ਨਿਜ ਦਯੋ ਝੰਡਾ ਤੈ ਨਗਾਰਾ ਤੀਰ ਪਾਂਚ ਉਦਾਰ।[525]

ਗੁਰੂ ਸਾਹਿਬ ਵਲੋਂ ਦਿੱਤਾ ਹੋਇਆ ਨਿਸ਼ਾਨ ਸਾਹਿਬ ਅਤੇ ਨਗਾਰਾ ਹੁਣ ਵੀ ਬੁੱਢਾ ਦਲ ਦੇ ਤੋਸ਼ੇਖਾਨੇ ਵਿਚ ਮੌਜੂਦ ਹੈ। ਬਾਬਾ ਬਿਨੋਦ ਸਿੰਘ ਨੇ ਬਾਬਾ ਬੰਦਾ ਸਿੰਘ ਬਹਾਦਰ ਨਾਲ ਮਿਲ ਕੇ ਕਈ ਜੰਗਾਂ ਵਿਚ ਹਿੱਸਾ ਲਿਆ। ਚੱਪੜਚਿੜੀ ਦੀ ਜੰਗ ਵਿਚ ਬਾਬਾ ਬਿਨੋਦ ਸਿੰਘ ਅਤੇ ਬਾਜ਼ ਸਿੰਘ ਨੇ ਮਾਝੇ ਦੀ ਸੈਨਾ ਦੀ ਅਗਵਾਈ ਕੀਤੀ ਸੀ।[526] ਲਗਭਗ ਹਰ ਲੜਾਈ ਵਿਚ ਬਾਬਾ ਬਿਨੋਦ ਸਿੰਘ, ਬਾਬਾ ਬੰਦਾ ਸਿੰਘ ਬਹਾਦਰ ਦੇ ਨਾਲ ਰਲ੍ਹ ਕੇ ਹੀ ਜੂਝੇ ਸਨ।

**ਬਾਬਾ ਬਿਨੋਦ ਸਿੰਘ ਦੀ ਬੀਰਤਾ:**

ਮਹਿਮਾ ਪ੍ਰਕਾਸ਼ ਦਾ ਕਰਤਾ ਸਰੂਪ ਦਾਸ ਭੱਲਾ ਗੁਰਦਾਸ ਨੰਗਲ ਦੀ ਲੜਾਈ ਜ਼ਿਕਰ ਕਰਦਿਆਂ ਲਿਖਦਾ ਹੈ ਕਿ, "ਬਾਬਾ ਬਿਨੋਦ ਸਿੰਘ ਜੀ ਕਿਆ ਕਰਤੇ, ਜੋ ਕਿਲੇ ਕਾ ਦਰਵਾਜਾ ਖੋਲ ਕੇ ਲਸਕਰ ਕੇ ਬਜਾਰ ਮੋ ਜਾਇ ਪੜਤੇ। ਉਹਾ ਸੇ ਸੀਰਨੀ ਅਥਵਾ ਔਰ ਕਛੁ ਖਾਨੇ ਕੀ ਚੀਜ ਲੂਟ ਲੇ ਆਵਤੇ। ਤਮਾਮ ਲਸਕਰ ਹੈਰਾਨ ਹੋ ਰਹਾ ਜੋ ਇਸ ਕੋ ਪਕੜੀਏ। ਇਹ ਕੋਈ ਬਡੀ ਆਫਤ ਹੈ ਇਸ ਕਾ ਘੋੜਾ ਹਵਾ ਕੇ ਮਾਨਿੰਦ ਉਡਤਾ ਹੈ। ਇਹ ਬਿਚਾਰ ਕਰਤੇ ਅਉ ਕਹਤੇ ਜੋ ਕਲ ਉਹ ਸਾਮ ਕੇ ਵਖਤ ਆਵੈਗਾ। ਏਹ ਜਾਨ ਕੇ ਬਹੁਤ ਲੋਗ ਲਗ ਰਹਤੇ। ਤਬ ਬਾਬਾ ਸਵੇਰ ਕੋ ਘੋੜੇ ਪਰ ਸਵਾਰ ਹੋ ਕੇ ਆਇ ਲੂਟ ਲੇ ਜਾਤੇ। ਜਬ ਓਹ ਸਵੇਰ ਕੋ ਖਬਰਦਾਰ ਰਹਤੇ। ਤਬ ਦੋ ਪਹਰ ਕੋ ਆਇ ਲੂਟਤੇ।"[527]

---

524 ਗਿਆਨ ਸਿੰਘ (ਗਿਆਨੀ), ਪੰਥ ਪ੍ਰਕਾਸ਼, ਭਾਸ਼ਾ ਵਿਭਾਗ, ਪੰਜਾਬ, 1987, ਪੰਨਾ 344.

525 ਉਹੀ, ਪੰਨਾ 347.

526 ਸਾਹਿਬ ਸਿੰਘ ਅਰਸ਼ੀ (ਡਾ.), ਅਠਾਰ੍ਹਵੀਂ ਸਦੀ ਦਾ ਸਿੱਖ ਇਤਿਹਾਸ, ਅਰੋੜਾ ਪਬਲਿਸ਼ਰਜ਼, ਚੰਡੀਗੜ੍ਹ, ਦੂਜੀ ਵਾਰ, 1998, ਪੰਨਾ 35.

527 ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼, ਗੋਬਿੰਦ ਸਿੰਘ ਲਾਂਬਾ (ਡਾ.), ਭਾਗ ਦੂਜਾ, ਖੰਡ-2, ਭਾਸ਼ਾ ਵਿਭਾਗ, ਪੰਜਾਬ, ਦੂਜੀ ਵਾਰ 2003, ਪੰਨਾ 865.

ਮੈਥਲੀ ਸ਼ਰਨ ਗੁਪਤ ਲਿਖਦੇ ਹਨ ਕਿ ਬਾਦਸ਼ਾਹ ਫ਼ਰੁਖਸੀਅਰ ਨੇ ਸਿੰਘਾਂ ਵਿਚ ਆਪਸੀ ਫੁੱਟ ਪਵਾਈ।[528] ਜਿਸ ਕਾਰਨ ਬਾਬਾ ਬੰਦਾ ਸਿੰਘ ਬਹਾਦਰ ਅਤੇ ਬਾਬਾ ਬਿਨੋਦ ਸਿੰਘ ਵਿਚਕਾਰ ਪ੍ਰਬੰਧਕੀ ਮਤਭੇਦ ਪਿਆ।[529] ਅਕਤੂਬਰ 1714 ਈ. ਵਿਚ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਦੀ ਸੈਨਾ ਵਿਚ ਤੱਤ ਖਾਲਸਾ ਅਤੇ ਬੰਦਈ ਸਿੱਖਾਂ ਦੇ ਦੋ ਧੜੇ ਬਣੇ ਤਾਂ ਬਾਬਾ ਬਿਨੋਦ ਸਿੰਘ ਨੇ ਗੁਰਦਾਸ ਨੰਗਲ ਦੀ ਗੜ੍ਹੀ ਛੱਡ ਦਿੱਤੀ।"[530] ਪਰ ਬਾਬਾ ਬਿਨੋਦ ਸਿੰਘ ਦਾ ਪੁੱਤਰ ਬਾਬਾ ਕਾਨ੍ਹ ਸਿੰਘ ਅੰਤ ਤੱਕ ਬੰਦਾ ਸਿੰਘ ਬਹਾਦਰ ਨਾਲ ਰਿਹਾ। ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਬਾਬਾ ਬਿਨੋਦ ਸਿੰਘ ਨੂੰ ਲਾਹੌਰ ਦੇ ਨਵਾਬ ਅਬਦੁਸ ਸਮਦ ਖਾਂ ਦੇ ਅਧੀਨ ਪੰਜ ਸੌ ਘੋੜਿਆਂ ਦਾ ਇੰਚਾਰਜ ਬਣਾਇਆ ਗਿਆ।[531] ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਪ੍ਰਤਾਪ ਸਿੰਘ ਅਨੁਸਾਰ, "ਬਾਬਾ ਕਾਨ੍ਹ ਸਿੰਘ, ਬਾਬਾ ਬਿਨੋਦ ਸਿੰਘ, ਮੀਰੀ ਸਿੰਘ, ਦਿਆ ਰਾਮ (ਭੰਗਾਣੀ ਵਾਲਾ) ਸੂਬੇ ਪਾਸ ਪੰਜ ਸੌ ਸਿੰਘਾਂ ਨਾਲ ਜਾ ਕੇ ਨੌਕਰ ਹੋਏ ਸਨ।"[532] ਭਾਈ ਰਤਨ ਸਿੰਘ ਭੰਗੂ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਇਸ ਗੱਲ ਦੀ ਗਵਾਹੀ ਭਰਦੇ ਹਨ:

ਟੇਹਣ ਬਿਨੋਦ ਸਿੰਘ ਕੋ ਭਾਈ ਕਾਨ੍ਹ ਸਿੰਘ। ਕਾਨ੍ਹ ਸਿੰਘ ਕੋ ਸੁਤ ਮੀਰੀ ਭੁਜੰਗ।
ਲਈ ਤੁਰਕ ਸੋਂ ਉਨ ਜੁਗਤ ਮਿਲਾਇ। ਦਈ ਸਭੀ ਉਸ ਗਲ ਸਮੁਝਾਇ।[533]

ਇਸ ਵਜ੍ਹਾ ਕਾਰਨ ਐਮ.ਐਸ.ਚਾਂਦਲਾ ਨੇ ਬਾਬਾ ਬਿਨੋਦ ਸਿੰਘ ਜੀ ਨੂੰ ਕਪਟੀ ਦਰਸਾਇਆ ਹੈ[534] ਅਤੇ ਉਨ੍ਹਾਂ ਦੇ ਗੁਰੂ ਅੰਸ ਹੋਣ ਨੂੰ ਅਖੌਤੀ ਆਖਿਆ ਹੈ।[535] ਇਹ ਇਕ ਵੱਖਰੀ ਖੋਜ ਦਾ ਵਿਸ਼ਾ ਹੈ ਪਰ ਬੁੱਢਾ ਦਲ ਵਿਚ ਉਹ ਦਲ-ਪੰਥ ਦੇ ਪਹਿਲੇ ਜਥੇਦਾਰ ਵਜੋਂ ਸਤਿਕਾਰੇ ਜਾਂਦੇ ਹਨ। ਬਾਬਾ ਬਿਨੋਦ ਸਿੰਘ ਜੀ ਦਿੱਲੀ ਵਿਚ ਜਾ ਕੇ ਮਾਤਾ ਸਾਹਿਬ ਕੌਰ, ਮਾਤਾ ਸੁੰਦਰੀ ਜੀ ਨੂੰ ਪੰਥਕ ਹਾਲਾਤ ਦੀ ਜਾਣਕਾਰੀ ਦਿੰਦੇ ਸਨ।

---

528 ਮੈਥਲੀ ਸ਼ਰਨ ਗੁਪਤ, ਗੁਰੂਕੁਲ, ਪੰਨਾ ੯੩.

529 ਮਹਿੰਦਰ ਕੌਰ ਗਿੱਲ (ਡਾ.), ਸੂਰਾ ਸੋ ਪਹਿਚਾਨੀਐ, ਪੰਨਾ 29.

530 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਚੌਥਾ, ਪੰਨਾ 1448; ਸਤਿਬੀਰ ਸਿੰਘ (ਪ੍ਰਿੰਸੀਪਲ), ਅਠਾਰਵੀਂ ਸਦੀ ਵਿਚ ਬੀਰ ਪਰੰਪਰਾ ਦਾ ਵਿਕਾਸ, ਪੰਨਾ 72.

531 ਸੁਖਦਿਆਲ ਸਿੰਘ (ਡਾ.), ਸਿਰੀ ਅਕਾਲ ਤਖ਼ਤ ਸਾਹਿਬ (1606-1982), ਪੰਨਾ 29.

532 ਪ੍ਰਤਾਪ ਸਿੰਘ (ਗਿਆਨੀ) (ਜਥੇਦਾਰ), ਸਿਖ ਇਤਿਹਾਸਕ ਲੈਕਚਰ, ਪੰਨਾ ੮੬.

533 ਰਤਨ ਸਿੰਘ ਭੰਗੂ (ਸ਼ਹੀਦ), ਪ੍ਰਾਚੀਨ ਪੰਥ ਪ੍ਰਕਾਸ਼, ਭਾਈ ਵੀਰ ਸਿੰਘ (ਸੰਪਾ.), ਪੰਨਾ ੧੩੨.

534 ਐਮ.ਐਸ.ਚਾਂਦਲਾ, ਬੰਦਾ ਬਹਾਦਰ, ਪਰਮਜੀਤ ਸਿੰਘ ਸ਼ਾਹੀ (ਅਨੁਵਾਦਕ), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਤੀਜੀ ਵਾਰ, 2015, ਪੰਨਾ 207.

535 ਉਹੀ, ਪੰਨਾ 191.

ਤਤ ਖਾਲਸੈ ਸਭਨ ਮਿਲ ਤੋਰਿਓ ਇਕ ਸਿੰਘ ਪਾਸ।

ਦਿਲੀ ਮੈ ਅਬ ਜਾਇਕੇ ਕਰੋ ਮਾਤ ਜੀ ਪਾਸ।[536]

**ਬਾਬਾ ਬਿਨੋਦ ਸਿੰਘ ਦੀ ਸ਼ਹੀਦੀ:**

ਗੁ: ਬਾਬੇ ਕੀ ਬੇਰ ਵਿਖੇ ਸਿਆਲਕੋਟ ਦੇ ਹਾਕਮ ਨਾਲ ਲੜ੍ਹਦਿਆਂ ਹੋਇਆਂ ਬਾਬਾ ਬਿਨੋਦ ਸਿੰਘ ਸ਼ਹੀਦੀ ਪਾ ਗਏ ਸਨ।[537] ਇਸ ਸੰਬੰਧੀ ਡਾ. ਰਤਨ ਸਿੰਘ ਜੱਗੀ ਲਿਖਦੇ ਹਨ ਕਿ ਬਾਬਾ ਬਿਨੋਦ ਸਿੰਘ 1716 ਈ. ਵਿਚ ਮੁਗਲ ਫ਼ੌਜ ਨਾਲ ਲੜਾਈ ਵਿਚ ਮਾਰੇ ਗਏ ਸਨ।[538] ਬਾਬਾ ਬਿਨੋਦ ਸਿੰਘ ਅਤੇ ਬਾਕੀ ਸਿੰਘਾਂ ਦਾ ਅੰਗੀਠਾ ਗੁ. ਬੇਰ ਸਾਹਿਬ ਪਾ: ੧ ਸਿਆਲਕੋਟ ਵਿਚ ਬਣਿਆ ਹੋਇਆ ਹੈ। ਪਾਕਿਸਤਾਨ ਬਣਨ ਤੋਂ ਪਹਿਲਾਂ ਬੁੱਢਾ ਦਲ ਹੀ ਗੁ. ਬੇਰ ਸਾਹਿਬ ਸਿਆਲਕੋਟ ਦੀ ਸੇਵਾ ਕਰਦਾ ਸੀ।[539] ਬਾਬਾ ਬਿਨੋਦ ਸਿੰਘ ਦੇ ਸ਼ਹੀਦੀ ਅਸਥਾਨ ਸਿਆਲਕੋਟ ਵਿਖੇ ਉਨ੍ਹਾਂ ਦਾ ਡੇਰਾ ਵੀ ਬਣਿਆ ਜੋ ਕਿ 1947 ਈ. ਤੋਂ ਪਹਿਲਾਂ ਤੀਰਥ ਸਥਾਨ ਰਿਹਾ ਸੀ।[540] ਬਾਬਾ ਬਿਨੋਦ ਸਿੰਘ ਦਾ ਪੁੱਤਰ ਕਾਨ੍ਹ ਸਿੰਘ ਮੰਨਿਆ ਜਾਂਦਾ ਹੈ। ਕਾਨ੍ਹ ਸਿੰਘ ਦਾ ਪੁੱਤਰ ਮੀਰੀ ਸਿੰਘ ਸੀ। ਵਿਸ਼ੇ ਦੀ ਸੰਖੇਪਤਾ ਕਾਰਨ ਇਨ੍ਹਾਂ ਬਾਰੇ ਜਾਣਕਾਰੀ ਦੇਣਾ ਸੰਭਵ ਨਹੀਂ।

**ਦੂਜੇ ਜਥੇਦਾਰ ਬਾਬਾ ਦਰਬਾਰਾ ਸਿੰਘ ਜੀ:**

ਬਾਬਾ ਦਰਬਾਰਾ ਸਿੰਘ ਬੁੱਢਾ ਦਲ ਦੇ ਦੂਜੇ ਜਥੇਦਾਰ ਸਨ। ਦਰਬਾਰਾ ਸਿੰਘ ਨਾਂ ਦੇ ਕਈ ਵਿਅਕਤੀਆਂ ਦਾ ਜ਼ਿਕਰ ਸਿੱਖ ਇਤਿਹਾਸ ਵਿਚ ਮਿਲਦਾ ਹੈ। ਹਰੀ ਸਿੰਘ 'ਵੈਦ ਰਾਜ' ਅਨੁਸਾਰ, 1756(ਬਿਕ੍ਰਮੀ) ਦੀ ਵਿਸਾਖੀ ਵਾਲੇ ਦਿਨ ਨਿਰਮਲ ਭੇਖ ਦੇ ਜਿਨ੍ਹਾਂ ਮਹਾਤਮਾਂ ਨੂੰ ਅੰਮ੍ਰਿਤ ਛਕਾਇਆ ਗਿਆ ਉਨ੍ਹਾਂ ਦੇ ਨਾਮ: ਸੰਤ ਬਾਬਾ ਬਿਨੋਦ ਸਿੰਘ ਜੀ, ਸੰਤ ਪਾਲ ਸਿੰਘ ਜੀ, ਸੰਤ ਦੀਵਾਨ ਦਰਬਾਰਾ ਸਿੰਘ ਜੀ, ਸੰਤ

---

536 ਠਾਕੁਰ ਸਿੰਘ (ਗਿਆਨੀ), ਗਿਆਨੀ ਮਨੀ ਸਿੰਘ ਜੀ ਸ਼ਹੀਦ ਦਾ ਜੀਵਨ ਬ੍ਰਿਤਾਂਤ, ਸਿਦਕ ਜੀਵਨ, ਸ਼੍ਰੀ ਗੁਰਮਤ ਪ੍ਰੈਸ, ਅੰਮ੍ਰਿਤਸਰ, ਚੌਥੀ ਵਾਰ, ਮਾਰਚ 1933, ਪੰਨਾ 21.

537 ਕ੍ਰਿਪਾਲ ਸਿੰਘ ਲਿਖਾਰੀ ਬੁੱਢਾ ਦਲ, ਸਿੰਘ ਸਾਹਿਬ ਜਥੇਦਾਰ ਬਾਬਾ ਬਿਨੋਦ ਸਿੰਘ ਜੀ ਸੰਸਥਾਪਕ ਤਤ ਖਾਲਸਾ(ਬੁੱਢਾ ਦਲ), ਪੰਨਾ 99.

538 ਰਤਨ ਸਿੰਘ ਜੱਗੀ (ਡਾ.), ਸਿੰਖ ਪੰਥ ਵਿਸ਼ਵਕੋਸ਼, ਭਾਗ ਚੌਥਾ, ਪੰਨਾ 1448.

539 ਕ੍ਰਿਪਾਲ ਸਿੰਘ ਲਿਖਾਰੀ ਬੁੱਢਾ ਦਲ, ਸਿੰਘ ਸਾਹਿਬ ਜਥੇਦਾਰ ਬਾਬਾ ਬਿਨੋਦ ਸਿੰਘ ਜੀ ਸੰਸਥਾਪਕ ਤਤ ਖਾਲਸਾ (ਬੁੱਢਾ ਦਲ), ਪੰਨਾ 99.

540 Kirpal Singh & Kharak Singh (Editor), History of The Sikhs & Their Religion, Vol.I, p. 412.

ਵਰਣ ਸਿੰਘ ਜੀ, ਸੰਤ ਦਰਗਾਹ ਸਿੰਘ ਜੀ, ਸੰਤ ਲਖਮੀਰ ਸਿੰਘ ਜੀ ਹਨ।[541] ਇਸ ਤੋਂ ਇਲਾਵਾ ਦਰਬਾਰਾ ਸਿੰਘ ਨਾਂ ਦਾ ਇਕ ਸਰਹੰਦ ਦਾ ਵਸਨੀਕ ਸੀ ਜੋ ਜਾਤ ਦਾ ਬਾਣੀਆ ਸੀ। ਅੰਮ੍ਰਿਤ ਛਕ ਕੇ ਅਨੰਦਪੁਰ ਸਾਹਿਬ ਦੀਆਂ ਕਈ ਜੰਗਾਂ ਵਿਚ ਬੜੀ ਦਲੇਰੀ ਨਾਲ ਲੜਦਾ ਰਿਹਾ।[542] ਗਿਆਨੀ ਨਾਹਰ ਸਿੰਘ ਗੁੱਜਰਾਂਵਾਲ ਅਨੁਸਾਰ, "ਭਾਈ ਮਨੀ ਸਿੰਘ ਜੀ ਤੋਂ ਬਾਅਦ ਇਤਿਹਾਸ ਵਿਚ ਦਰਬਾਰਾ ਸਿੰਘ ਦਾ ਬਤੌਰ ਜਥੇਦਾਰ ਜ਼ਿਕਰ ਆਉਂਦਾ ਹੈ।"[543] ਬਾਬਾ ਦਰਬਾਰਾ ਸਿੰਘ ਜੀ ਦਾ ਜਨਮ 1644 ਈ. ਵਿਚ ਹੋਇਆ। ਬੁੱਢਾ ਦਲ ਦੇ ਮੁਖਤਿਆਰੇ ਆਮ ਅਤੇ ਲਿਖਾਰੀ ਬਾਬਾ ਦਿਆਲ ਸਿੰਘ ਅਨੁਸਾਰ ਬਾਬਾ ਦਰਬਾਰਾ ਸਿੰਘ ਦੇ ਪਿਤਾ ਦਾ ਨਾਂ ਧੀਮਾ ਅਤੇ ਮਾਤਾ ਦਾ ਨਾਂ ਕੁੰਦਾ ਸੀ।[544] ਪਰ ਕ੍ਰਿਪਾਲ ਸਿੰਘ ਅਤੇ ਖੜਕ ਸਿੰਘ ਅਨੁਸਾਰ, ਬਾਬਾ ਦਰਬਾਰਾ ਸਿੰਘ ਦੇ ਪਿਤਾ ਦਾ ਨਾਂ ਭਾਈ ਨਾਨੂੰ ਸਿੰਘ ਸੀ। ਭਾਈ ਨਾਨੂੰ ਸਿੰਘ ਚਮਕੌਰ ਦੀ ਜੰਗ ਵਿਚ ਸ਼ਹੀਦ ਹੋਏ ਸਨ। ਬਾਰ੍ਹਾਂ ਸਾਲ ਦੀ ਉਮਰ ਵਿਚ ਬਾਬਾ ਦਰਬਾਰਾ ਸਿੰਘ ਗੁਰੂ ਸਾਹਿਬਾਨ ਦੀ ਸੇਵਾ ਵਿਚ ਹਾਜ਼ਰ ਹੋਏ ਸਨ।[545] ਗਿਆਨੀ ਗਿਆਨ ਸਿੰਘ ਅਨੁਸਾਰ ਬਾਬਾ ਦਰਬਾਰਾ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੇ ਦੀਵਾਨ ਸਨ:

ਦਰਬਾਰਾ ਸਿੰਘ ਥਾ ਦੀਵਾਂਨ ਵਡ ਸਯਾਮ ਸਿੰਘ ਕਾਰਬਾਰੀ।[546]

ਦੀਵਾਨ ਦਰਬਾਰਾ ਸਿੰਘ ਗੁਰੂ ਸਾਹਿਬ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹਰਿਮੰਦਰ ਸਾਹਿਬ ਦੇ ਸੇਵਾਦਾਰ ਰਹੇ।[547] ਕ੍ਰਿਪਾਲ ਸਿੰਘ ਅਤੇ ਖੜਕ ਸਿੰਘ ਨੇ ਇਹ ਸਮਾਂ ਦਸ ਸਾਲ ਦਾ ਲਿਖਿਆ ਹੈ।[548] ਬਾਬਾ ਦਰਬਾਰਾ ਸਿੰਘ ਨੇ ਬਾਬਾ ਬੰਦਾ ਸਿੰਘ ਬਹਾਦਰ ਨਾਲ ਕਈ ਜੰਗਾਂ ਵਿਚ ਹਿੱਸਾ ਲਿਆ ਸੀ।[549] 1727 ਈ: ਵਿਚ ਬਾਬਾ ਦਰਬਾਰਾ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਰਬੱਤ

---

541 ਹਰੀ ਸਿੰਘ ਵੈਦ ਰਾਜ, ਨਿਰਮਲ ਭੇਖ ਦਾ ਸੰਖੇਪ ਇਤਿਹਾਸ ਅਤੇ ਸੰਪ੍ਰਦਾਇਕ ਬੰਸਾਵਲੀ, ਪੰਨੇ 45-46.

542 ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਪੰਨਾ 309.

543 ਗੁਰਦਿਤ ਸਿੰਘ (ਗਿਆਨੀ)(ਸੰਪਾ.), ਸਿੱਖ ਜਥੇਬੰਦੀ, ਪੰਨਾ ੭੮.

544 ਦਿਆਲ ਸਿੰਘ ਲਿਖਾਰੀ, ਮੁਖਤਿਆਰੇ ਆਮ (ਮੁਖ ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 11, ਸਾਲ 30, ਬਗੀਚੀ ਬਾਬਾ ਬੰਬਾ ਸਿੰਘ ਜੀ, ਲੋਇਰ ਮਾਲ ਰੋਡ, ਪਟਿਆਲਾ, ਨਵੰਬਰ 1998, ਪੰਨਾ 23.

545 Kirpal Singh & Kharak Singh (Ed.), History of The Sikhs & Their Religion, Vol.I, p. 412.

546 ਗਿਆਨ ਸਿੰਘ (ਗਿਆਨੀ), ਪੰਥ ਪ੍ਰਕਾਸ਼, ਪੰਨਾ 659.

547 ਦਿਆਲ ਸਿੰਘ ਲਿਖਾਰੀ, ਮੁਖਤਿਆਰੇ ਆਮ (ਮੁਖ ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 11, ਸਾਲ 30, ਬਗੀਚੀ ਬਾਬਾ ਬੰਬਾ ਸਿੰਘ ਜੀ, ਲੋਇਰ ਮਾਲ ਰੋਡ, ਪਟਿਆਲਾ, ਨਵੰਬਰ 1998, ਪੰਨਾ 23.

548 Kirpal Singh & Kharak Singh (Ed.), History of The Sikhs & Their Religion, Vol.I, p. 412.

549 Harjinder Singh Dilgeer (Dr.), The Sikh reference book, The Sikh educational trust, Canada, 1997, p. 351.

ਖਾਲਸੇ ਦਾ ਇਕੱਠ ਬੁਲਾਇਆ ਸੀ।[550] ਗਿਆਨੀ ਸੋਹਣ ਸਿੰਘ ਸੀਤਲ ਅਨੁਸਾਰ, ਜਦੋਂ ਤੁਰਕਾਂ ਵਲੋਂ ਨਵਾਬੀ ਭੇਜੀ ਗਈ ਤਾਂ ਉਸ ਵੇਲੇ ਪੰਥ ਦਾ ਜਥੇਦਾਰ ਦਰਬਾਰਾ ਸਿੰਘ ਸੀ।[551] ਸਮੂਹ ਖਾਲਸੇ ਨੇ ਦਰਬਾਰਾ ਸਿੰਘ ਨੂੰ ਨਵਾਬੀ ਲੈਣ ਲਈ ਕਿਹਾ ਪਰ ਦਰਬਾਰਾ ਸਿੰਘ ਨੇ ਇਹ ਕਹਿ ਕੇ ਨਵਾਬੀ ਲੈਣ ਤੋਂ ਮਨ੍ਹਾਂ ਕਰ ਦਿੱਤਾ:

ਹਮ ਪਤਿਸ਼ਾਹੀ ਸਤਿਗੁਰ ਦਈ ਹੰਨੈ ਹੰਨੈ ਲਾਇ।

ਜਹਿਂ ਜਹਿਂ ਬਹੈਂ ਜਮੀਨ ਮਲ ਤਹਿਂ ਤਹਿਂ ਤਖਤ ਬਨਾਇਂ।[552]

ਪੰਥ ਵਿਚ ਉਨ੍ਹਾਂ ਦੀ ਬਹੁਤ ਵਡਿਆਈ ਸੀ। ਕੋਈ ਵੀ ਉਨ੍ਹਾਂ ਨਾਲ ਸ਼ਰੀਕਾ ਨਹੀਂ ਕਰਦਾ ਸੀ। ਦਰਬਾਰਾ ਸਿੰਘ ਦੀ ਜਥੇਦਾਰੀ ਵਿਚ ਸਭ ਦਾ ਲੰਗਰ ਇਕ ਥਾਂ 'ਤੇ ਹੀ ਲਗਦਾ ਸੀ ਅਤੇ ਬਸਤ੍ਰਾਂ ਆਦਿ ਦਾ ਪ੍ਰਬੰਧ ਵੀ ਉਹੀ ਕਰਦੇ ਸਨ:

ਪੰਥ ਦਰਵਾਰੋ ਸਿੰਘ ਹੁਤੋ ਦਿਵਾਨ। ਵਹੀ ਹੋਤ ਥੋ ਪੋਤੈ ਵਾਨ।

ਪੰਥ ਰਖਤ ਥੋ ਉਸੈ ਵਡਿਆਈ। ਵਹੀ ਦੇਤ ਥੋ ਸਭਨ ਪ੍ਰਚਾਈ।

ਉਸੈ ਸ਼ਰੀਕੈ ਕਰੈ ਕੋਊ ਨਾਹਿ। ਵਹੀ ਦੇਤ ਥੋ ਸਭਨ ਪ੍ਰਚਾਹਿਂ।

ਸਭ ਕੋ ਇਕ ਥਾਂ ਲੰਗਰ ਕਰਵਾਵੈ। ਸਭਨ ਪੁਸ਼ਾਕੀ ਵਹੀ ਪਹੁੰਚਾਵੈ।

ਨਿਤ ਪ੍ਰਤਿ ਪੰਥ ਯੌਂ ਵਧਤੇ ਜਾਹਿ। ਦੰਗੇ ਫੰਗਯੋਂ ਬੀ ਟਲੈ ਸੁ ਨਾਹਿਂ।[553]

ਪਹਿਲਾਂ ਪਹਿਲ ਤਰਨਾ ਦਲ, ਜਥੇਦਾਰ ਬਾਬਾ ਦਰਬਾਰਾ ਸਿੰਘ ਦੀ ਅਗਵਾਈ ਹੇਠ ਚਲਦਾ ਰਿਹਾ ਸੀ ਪਰ ਉਨ੍ਹਾਂ ਦੇ ਅਕਾਲ ਚਲਾਣੇ ਤੋਂ ਬਾਅਦ ਤਰਨਾ ਦਲ ਨੂੰ ਇਕ ਥਾਂ ਸੰਭਾਲਣਾ ਮੁਸ਼ਕਿਲ ਹੋ ਗਿਆ ਸੀ ਜਿਸ ਕਰਕੇ ਪੰਜ ਜਥੇ ਬਣਾਏ ਗਏ ਸਨ।[554] 1734 ਈ. ਵਿਚ ਦੀਵਾਨ ਦਰਬਾਰਾ ਸਿੰਘ ਅਕਾਲ ਚਲਾਣਾ ਕਰ ਗਏ।[555] ਬਾਬਾ ਦਰਬਾਰਾ ਸਿੰਘ ਦੀ ਕੁਲ ਉਮਰ 90 ਸਾਲ ਸੀ।[556]

---

[550] ਖਾਲਸਾ ਸਤਨਾਮ ਸਿੰਘ, ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ ਅਤੇ 500 ਸਾਲਾਂ ਦੀ ਇਤਿਹਾਸਕ ਡਾਇਰੈਕਟਰੀ, ਪੰਨਾ 75.

[551] ਸੋਹਣ ਸਿੰਘ ਸੀਤਲ (ਗਿਆਨੀ), ਸਿੱਖ ਰਾਜ ਕਿਵੇਂ ਬਣਿਆ?, ਪੰਨਾ 47.

[552] ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਡਾ. ਬਲਵੰਤ ਸਿੰਘ ਢਿਲੋਂ (ਸੰਪਾ.), ਪੰਨਾ ੨੦੭.

[553] ਉਹੀ, ਪੰਨਾ ੧੯੭.

[554] ਸਤਿਬੀਰ ਸਿੰਘ (ਪ੍ਰਿੰਸੀਪਲ), ਅਠਾਰਵੀਂ ਸਦੀ ਵਿਚ ਬੀਰ ਪਰੰਪਰਾ ਦਾ ਵਿਕਾਸ, ਪੰਨਾ 119.

[555] ਸੋਹਣ ਸਿੰਘ ਸੀਤਲ (ਗਿਆਨੀ), ਸਿੱਖ ਰਾਜ ਕਿਵੇਂ ਬਣਿਆ?, ਪੰਨਾ 48 ; ਪਿਆਰਾ ਸਿੰਘ ਪਦਮ (ਪ੍ਰੋ.), ਸੰਖੇਪ ਸਿੱਖ ਇਤਿਹਾਸ (1469-1989), ਪੰਨਾ 72 ; ਗੰਡਾ ਸਿੰਘ, ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਪੰਨਾ 24.

[556] Kirpal Singh & Kharak Singh (Ed.), History of The Sikhs & Their Religion, Vol.I, p. 412.

**ਤੀਜੇ ਜਥੇਦਾਰ ਨਵਾਬ ਕਪੂਰ ਸਿੰਘ:**

ਨਵਾਬ ਕਪੂਰ ਸਿੰਘ ਦਾ ਜਨਮ 1697 ਈ. ਵਿਚ ਪੱਛਮੀ ਪੰਜਾਬ ਦੇ ਸ਼ੇਖੂਪੁਰਾ ਜ਼ਿਲ੍ਹੇ ਦੇ ਪਿੰਡ ਕਾਲੋਕੇ ਵਿਖੇ ਹੋਇਆ।[557] ਪਰ ਡਾ. ਗਿਆਨੀ ਭਜਨ ਸਿੰਘ ਅਨੁਸਾਰ, ਨਵਾਬ ਕਪੂਰ ਸਿੰਘ ਦਾ ਜਨਮ 1699 ਈ. ਵਿਚ ਹੋਇਆ।[558] ਨਵਾਬ ਕਪੂਰ ਸਿੰਘ ਦੇ ਪਿਤਾ ਸ. ਦਲੀਪ ਸਿੰਘ ਵਿਰਕ ਗੋਤ ਦੇ ਜੱਟ ਸਨ। ਸੰਨ 1721 ਈ. ਵਿਚ ਨਵਾਬ ਕਪੂਰ ਸਿੰਘ ਨੇ ਦੀਵਾਲੀ ਦੇ ਅਵਸਰ 'ਤੇ (ਸ਼ਹੀਦ) ਭਾਈ ਮਨੀ ਸਿੰਘ ਜੀ ਦੇ ਹੱਥੋਂ ਅੰਮ੍ਰਿਤ ਪਾਨ ਕੀਤਾ ਸੀ।[559]

1733 ਈ. ਵਿਚ ਜ਼ਕਰੀਆ ਖਾਂ ਵਲੋਂ ਸ: ਸੁਬੇਗ ਸਿੰਘ ਦੁਆਰਾ ਅੰਮ੍ਰਿਤਸਰ ਵਿਖੇ ਨਵਾਬੀ ਦੀ ਖਿੱਲਤ ਭੇਜੀ ਗਈ ਜਿਸ ਵਿਚ ਇਕ ਲੱਖ ਦੀ ਜਾਗੀਰ, ਨਵਾਬੀ ਦਾ ਪਦ ਅਤੇ ਗੁਰਦੁਆਰਿਆਂ ਦੀ ਯਾਤਰਾ ਅਤੇ ਸਾਂਭ-ਸੰਭਾਲ ਦੀ ਪੂਰੀ ਖੁੱਲ ਦਿੱਤੀ ਗਈ ਸੀ।[560] ਇਸ ਤੋਂ ਇਲਾਵਾ ਨਵਾਬੀ ਦੀ ਖਿੱਲਤ ਵਿਚ ਸ਼ਾਲ ਦੀ ਪੱਗ, ਜੜਾਊ ਕਲਗੀ, ਜਿਗਾ, ਇਕ ਜੋੜੀ ਸੁਨਿਹਰੀ ਕੰਗਣ, ਕੈਂਠਾ, ਮੋਤੀਆਂ ਦੀ ਮਾਲਾ, ਕੀਨਖੁਵਾਬ ਦਾ ਜਾਮਾ, ਜੜਾਊ ਸ਼ਮਸ਼ੀਰ ਆਦਿ ਵਸਤੂਆਂ ਵੀ ਸ਼ਾਮਿਲ ਸਨ।[561] ਉਸ ਵੇਲੇ ਨਵਾਬ ਕਪੂਰ ਸਿੰਘ ਦੀਵਾਨ ਵਿਚ ਪੱਖਾ ਝੱਲਣ ਦੀ ਸੇਵਾ ਕਰ ਰਹੇ ਸਨ। ਨਵਾਬ ਕਪੂਰ ਸਿੰਘ ਦੇ ਰੋਪੜ ਵਿਖੇ ਗਸ਼ਤੀ ਫੌਜ ਨਾਲ ਇਕ ਟੱਕਰ ਵਿਚ ਮੱਥੇ ਉਤੇ ਫੱਟ ਲੱਗਾ ਹੋਇਆ ਸੀ।[562] ਸਾਰੇ ਪੰਥ ਨੇ ਸਲਾਹ ਕਰ ਕੇ ਕਪੂਰ ਸਿੰਘ ਨੂੰ ਨਵਾਬੀ ਦੇ ਦਿੱਤੀ। ਉਦੋਂ ਤੋਂ ਹੀ ਨਵਾਬ ਕਪੂਰ ਸਿੰਘ 'ਨਵਾਬ' ਕਹਿਲਾਏ ਜਾਣ ਲੱਗੇ।[563]

ਜਦੋਂ ਦੀਵਾਨ ਦਰਬਾਰਾ ਸਿੰਘ ਅਕਾਲ ਚਲਾਣਾ ਕਰ ਗਏ ਤਾਂ ਪੰਥ ਦੀ ਸਾਰੀ ਜ਼ੁੰਮੇਵਾਰੀ ਨਵਾਬ ਕਪੂਰ ਸਿੰਘ ਦੇ ਮੋਢਿਆਂ 'ਤੇ ਆ ਪਈ।[564] ਨਵਾਬ ਕਪੂਰ ਸਿੰਘ ਦਾ ਸਾਰਾ ਸਰੀਰ ਸ਼ਸਤਰਾਂ ਦੁਆਰਾ ਲੱਗੇ

---

557 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਦੂਜਾ, ਪੰਨਾ 522; ਪ੍ਰੇਮ ਸਿੰਘ ਹੋਤੀ (ਬਾਬਾ), ਜੀਵਨ ਬ੍ਰਿਤਾਤ ਨਵਾਬ ਕਪੂਰ ਸਿੰਘ, ਪੰਨਾ 11.

558 ਮਹਿੰਦਰ ਕੌਰ ਗਿੱਲ (ਡਾ.), ਸੂਰਾ ਸੋ ਪਹਿਚਾਨੀਐ, ਪੰਨਾ 88.

559 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਦੂਜਾ, ਪੰਨਾ 522.

560 ਪ੍ਰੇਮ ਸਿੰਘ ਹੋਤੀ (ਬਾਬਾ), ਜੀਵਨ ਬ੍ਰਿਤਾਤ ਨਵਾਬ ਕਪੂਰ ਸਿੰਘ, ਪੰਨਾ 29.

561 ਉਹੀ, ਪੰਨਾ 33.

562 ਗੰਡਾ ਸਿੰਘ, ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਪੰਨਾ 22.

563 ਸ਼ਮਸ਼ੇਰ ਸਿੰਘ ਅਸ਼ੋਕ, ਅਠਾਰ੍ਹਵੀਂ ਸਦੀ ਦਾ ਪੰਜਾਬ, ਭਾਸ਼ਾ ਵਿਭਾਗ, ਪੰਜਾਬ, 1996, ਪੰਨਾ 8.

564 ਰੂਪ ਸਿੰਘ (ਸੰਪਾ.), ਪ੍ਰਮੁੱਖ ਸਿੱਖ ਸ਼ਖਸੀਅਤਾਂ, ਪੰਨਾ 128.

ਫੱਟਾਂ ਨਾਲ ਭਰਿਆ ਹੋਇਆ ਸੀ। ਸਾਰੇ ਸਰੀਰ ਉੱਤੇ ਜ਼ਖ਼ਮਾਂ ਦੇ ਨਿਸ਼ਾਨ ਸਨ।[565] 1733-34 ਵਿਚ ਦੋ ਦਲ ਬਣਾਏ ਗਏ: ਬੁੱਢਾ ਦਲ ਅਤੇ ਤਰਨਾ ਦਲ। ਕੁਝ ਸਮੇਂ ਬਾਅਦ ਤਰਨਾ ਦਲ ਦੇ ਸਿੰਘਾਂ ਦੀ ਗਿਣਤੀ ਵੱਧ ਜਾਣ ਕਾਰਨ ਤਰਨਾ ਦਲ ਦੇ ਪੰਜ ਜਥੇ ਬਣਾ ਦਿੱਤੇ ਗਏ।[566] ਪਟਿਆਲਾ ਰਿਆਸਤ ਦੇ ਬਾਨੀ ਬਾਬਾ ਆਲਾ ਸਿੰਘ ਨੇ ਨਵਾਬ ਕਪੂਰ ਸਿੰਘ ਦੇ ਹੱਥੋਂ ਅੰਮ੍ਰਿਤ ਛਕਿਆ ਸੀ ਅਤੇ ਆਪਣੇ ਤਿੰਨ ਪੁੱਤਰਾਂ ਨੂੰ ਵੀ ਛਕਾਇਆ।[567] 29 ਮਾਰਚ 1748 ਈ. ਨੂੰ ਸ. ਕਪੂਰ ਸਿੰਘ ਨੇ ਵਿਸਾਖੀ ਦੇ ਮੌਕੇ ਉਤੇ ਸਰਬੱਤ ਖਾਲਸੇ ਤੋਂ ਪ੍ਰਵਾਨਗੀ ਲੈ ਕੇ 'ਦਲ ਖਾਲਸਾ' ਦੀ ਸਥਾਪਨਾ ਕੀਤੀ ਅਤੇ ਜੱਸਾ ਸਿੰਘ ਆਹਲੂਵਾਲੀਆ ਨੂੰ ਇਸ ਦਲ ਦਾ ਮੁਖ ਜਥੇਦਾਰ ਥਾਪਿਆ ਗਿਆ।[568]

ਨਵਾਬ ਕਪੂਰ ਸਿੰਘ ਨੇ 'ਜਥੇਦਾਰੀ' ਨੂੰ ਨਿੱਜੀ ਵਿਰਾਸਤ ਨਹੀਂ ਬਣਨ ਦਿੱਤਾ ਸੀ। ਇਸੇ ਲਈ ਨਵਾਬ ਕਪੂਰ ਸਿੰਘ ਨੇ ਆਪਣੇ ਭਤੀਜੇ ਖੁਸ਼ਹਾਲ ਸਿੰਘ ਨੂੰ ਪੰਥ ਦੀ ਜਥੇਦਾਰੀ ਨਹੀਂ ਦਿੱਤੀ।[569] ਨਵਾਬ ਕਪੂਰ ਸਿੰਘ ਦੀ ਕੋਈ ਔਲਾਦ ਨਹੀਂ ਸੀ।[570] ਨਵਾਬ ਕਪੂਰ ਸਿੰਘ ਨੇ ਆਪਣੇ ਤੋਂ ਅਗਲਾ ਜਥੇਦਾਰ ਭਾਈ ਜੱਸਾ ਸਿੰਘ ਆਹਲੂਵਾਲੀਆ ਨੂੰ ਬਣਾਇਆ।[571] ਸਰੀਰ ਬਿਰਧ ਹੋਣ ਕਾਰਨ ਨਵਾਬ ਕਪੂਰ ਸਿੰਘ ਜੀ ਨੇ ਘੋੜਿਆਂ ਦੀ ਸੇਵਾ ਦੀ ਥਾਂ ਕੜਹਿਰੇ ਸੀਉਣ ਦੀ ਸੇਵਾ ਲੈ ਲਈ ਸੀ।[572]

ਨਵਾਬ ਕਪੂਰ ਸਿੰਘ ਦਾ ਦੇਹਾਂਤ 7 ਅਕਤੂਬਰ 1753 ਈ. ਨੂੰ ਹੋਇਆ।[573] ਨਵਾਬ ਕਪੂਰ ਸਿੰਘ ਦੀ ਸਮਾਧ ਬਾਬਾ ਅਟਲ ਰਾਇ ਜੀ ਦੇ ਅਸਥਾਨ ਦੇ ਕੋਲ ਸੀ।[574] ਬਾਬਾ ਪ੍ਰੇਮ ਸਿੰਘ ਹੋਤੀ ਅਨੁਸਾਰ ਨਵਾਬ ਕਪੂਰ ਸਿੰਘ ਦੀ ਸਮਾਧ 1923 ਈ. ਤਕ ਮੌਜੂਦ ਸੀ ਪਰ 12-13 ਅਪ੍ਰੈਲ 1923 ਈ. ਦੀ ਵਿਚਕਾਰਲੀ

565 ਪ੍ਰੇਮ ਸਿੰਘ ਹੋਤੀ (ਬਾਬਾ), ਜੀਵਨ ਬ੍ਰਿਤਾਤ ਨਵਾਬ ਕਪੂਰ ਸਿੰਘ, ਪੰਨਾ 119.

566 ਉਹੀ, ਪੰਨੇ 35-36.

567 ਗਿਆਨ ਸਿੰਘ (ਗਿਆਨੀ), ਤਵਾਰੀਖ ਗੁਰੂ ਖਾਲਸਾ ਹਿੱਸਾ ਦੂਜਾ ਅਰਥਾਤ ਸ਼ਮਸ਼ੇਰ ਖਾਲਸਾ, ਪੰਨਾ 122.

568 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਦੂਜਾ, ਪੰਨਾ 523.

569 ਪ੍ਰੇਮ ਸਿੰਘ ਹੋਤੀ (ਬਾਬਾ), ਜੀਵਨ ਬ੍ਰਿਤਾਤ ਨਵਾਬ ਕਪੂਰ ਸਿੰਘ, ਪੰਨਾ 124.

570 ਲਾਲ ਸਿੰਘ 'ਸੰਗਰੂਰ' (ਗਯਾਨੀ), ਗੁਰੂ ਬੰਸਾਵਲੀ ਤੇ ਪੰਥਕ ਪ੍ਰਸਿੱਧ ਹਸਤੀਆਂ, ਪੰਨਾ ੨੧੧.

571 ਰੂਪ ਸਿੰਘ (ਸੰਪਾ.), ਪ੍ਰਮੁੱਖ ਸਿੱਖ ਸ਼ਖਸੀਅਤਾਂ, ਪੰਨਾ 126.

572 ਸਤਿਬੀਰ ਸਿੰਘ, ਅਠਾਰਵੀਂ ਸਦੀ ਵਿਚ ਬੀਰ ਪਰੰਪਰਾ ਦਾ ਵਿਕਾਸ, ਪੰਨਾ 117.

573 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਦੂਜਾ, ਪੰਨਾ 523.

574 ਦਿਆਲ ਸਿੰਘ ਲਿਖਾਰੀ, ਮੁਖਤਿਆਰੇ ਆਮ (ਮੁਖ ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 11, ਸਾਲ 30, ਬਗੀਚੀ ਬਾਬਾ ਬੰਬਾ ਸਿੰਘ ਜੀ, ਲੋਇਰ ਮਾਲ ਰੋਡ, ਪਟਿਆਲਾ, ਨਵੰਬਰ 1998, ਪੰਨਾ 23.

ਰਾਤ ਨੂੰ ਇਸ ਯਾਦਗਾਰੀ ਇਮਾਰਤ ਨੂੰ ਮਿਟਾ ਦਿੱਤਾ ਗਿਆ ਸੀ।[575] ਦੀਵਾਨ ਦਰਬਾਰਾ ਸਿੰਘ ਤੋਂ ਬਾਅਦ ਨਵਾਬ ਕਪੂਰ ਸਿੰਘ ਜੀ ਨੇ 1733 ਈ. ਤੋਂ ਲੈ ਕੇ 1753 ਈ. ਤਕ ਪੂਰੇ ਵੀਹ ਸਾਲ ਪੰਥ ਦੀ ਜਥੇਦਾਰੀ ਕੀਤੀ।[576]

**ਚੌਥੇ ਜਥੇਦਾਰ ਸੁਲਤਾਨ-ਉਲ-ਕੌਮ ਬਾਬਾ ਜੱਸਾ ਸਿੰਘ ਆਹਲੂਵਾਲੀਆ:**

ਜੱਸਾ ਸਿੰਘ ਆਹਲੂਵਾਲੀਆ ਦਾ ਜਨਮ ਲਾਹੌਰ ਦੇ 'ਆਹਲੂ' ਪਿੰਡ (ਹੁਣ ਪਾਕਿਸਤਾਨ) ਵਿਖੇ ਪਿਤਾ ਬਦਰ ਸਿੰਘ ਦੇ ਘਰ ਮਾਤਾ ਜੀਵਨ ਕੌਰ ਦੀ ਕੁਖੋਂ 3 ਮਈ 1718 ਈ. ਨੂੰ ਹੋਇਆ।[577] ਸਰਦਾਰ ਬਦਰ ਸਿੰਘ (ਜੱਸਾ ਸਿੰਘ ਆਹਲੂਵਾਲੀਆ ਦੇ ਪਿਤਾ) ਨਵਾਬ ਕਪੂਰ ਸਿੰਘ ਦੇ ਸ਼ਗਿਰਦ ਸਨ।[578] ਬਾਬਾ ਜੱਸਾ ਸਿੰਘ ਜੀ ਕਲਾਲ ਜਾਤੀ ਨਾਲ ਸੰਬੰਧਿਤ ਸਨ। ਬਾਲਕ ਜੱਸਾ ਸਿੰਘ ਅਤੇ ਉਨ੍ਹਾਂ ਦੀ ਮਾਤਾ ਦੋ-ਤਾਰੇ ਨਾਲ ਕੀਰਤਨ ਕਰਦੇ ਸਨ।[579] ਜੱਸਾ ਸਿੰਘ ਦੇ ਮਾਮਾ ਸ. ਬਾਘ ਸਿੰਘ ਨੇ 1723 ਈ. ਵਿਚ ਜੱਸਾ ਸਿੰਘ ਨੂੰ ਦਿੱਲੀ ਵਿਖੇ ਮਾਤਾ ਸੁੰਦਰੀ ਜੀ ਦੀ ਸੰਗਤ ਵਿਚ ਪਹੁੰਚਾਇਆ। ਸੱਤ ਸਾਲ ਦਿੱਲੀ ਰਹਿਣ ਮਗਰੋਂ ਮਾਤਾ ਸੁੰਦਰੀ ਜੀ ਨੇ ਬਾਲਕ ਜੱਸਾ ਸਿੰਘ ਨੂੰ ਨਵਾਬ ਕਪੂਰ ਸਿੰਘ ਕੋਲ ਭੇਜਿਆ ਅਤੇ ਵਿਦਾ ਕਰਨ ਵੇਲੇ ਇਕ ਕ੍ਰਿਪਾਨ, ਗੁਰਜ, ਇਕ ਢਾਲ, ਕਮਾਨ ਅਤੇ ਤੀਰਾਂ ਦਾ ਭਰਿਆ ਹੋਇਆ ਭੱਥਾ ਅਤੇ ਚਾਂਦੀ ਦੀ ਚੋਬ ਪ੍ਰਦਾਨ ਕੀਤੀ।[580] ਮਾਤਾ ਸੁੰਦਰੀ ਜੀ ਨੇ ਇਹ ਅਸੀਸ ਦਿੱਤੀ ਕਿ ਤੇਰੇ ਅਤੇ ਤੇਰੀ ਸੰਤਾਨ ਦੇ ਅੱਗੇ ਚੋਬਦਾਰ ਚਲਿਆ ਕਰਨਗੇ।[581] ਨਵਾਬ ਕਪੂਰ ਸਿੰਘ ਨੇ ਬਾਲਕ ਜੱਸਾ ਸਿੰਘ ਨੂੰ ਘੋੜਿਆਂ ਨੂੰ ਦਾਣਾ ਵਰਤਾਉਣ ਦੀ ਸੇਵਾ ਦਿੱਤੀ ਗਈ। ਇਕ ਵਾਰ ਬਾਲਕ ਜੱਸਾ ਸਿੰਘ ਰੋਂਦੇ ਹੋਏ ਨਵਾਬ ਕਪੂਰ ਸਿੰਘ ਕੋਲ ਆਏ ਅਤੇ ਕਿਹਾ ਕਿ, "ਮੇਰੇ ਤੋਂ ਦਾਣਾ ਨਹੀਂ ਵਰਤਾਇਆ ਜਾਂਦਾ ਕਿਉਂਕਿ ਸਿੰਘ ਮੈਨੂੰ ਮਖੌਲ ਕਰਦੇ ਹਨ।" ਇਹ ਸੁਣ ਕੇ ਨਵਾਬ ਕਪੂਰ ਸਿੰਘ

---

575 ਪ੍ਰੇਮ ਸਿੰਘ ਹੋਤੀ (ਬਾਬਾ), ਨਵਾਬ ਕਪੂਰ ਸਿੰਘ, ਪੰਨਾ 117 (ਫੁਟਨੋਟ).

576 ਰੂਪ ਸਿੰਘ (ਸੰਪਾ.), ਪ੍ਰਮੁੱਖ ਸਿੱਖ ਸ਼ਖਸੀਅਤਾਂ, ਪੰਨਾ 126 ; ਗੰਡਾ ਸਿੰਘ, ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਪੰਨਾ 72.

577 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਤੀਜਾ, ਪੰਨਾ 905.

578 ਲਾਲ ਸਿੰਘ 'ਸੰਗਰੂਰ' (ਗਯਾਨੀ), ਗੁਰੂ ਬੰਸਾਵਲੀ ਤੇ ਪੰਥਕ ਪ੍ਰਸਿੱਧ ਹਸਤੀਆਂ, ਪੰਨਾ ੨੧੧.

579 ਹਰੀ ਸਿੰਘ ਗਿਆਨੀ, (ਸੰਪਾ.), ਮਾਤਾ ਸਾਹਿਬ ਕੌਰ, ਪੰਨਾ 55.

580 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਤੀਜਾ, ਪੰਨਾ 905.

581 ਗੰਡਾ ਸਿੰਘ, ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਪੰਨਾ 8.

ਜੀ ਨੇ ਸਮਝਾਇਆ ਕਿ "ਇਹ ਗੁਰੂ ਦੀਆਂ ਲਾਡਲੀਆਂ ਫੌਜਾਂ ਹਨ, ਇਸ ਪੰਥ ਨੇ ਮੈਨੂੰ 'ਨਵਾਬ' ਬਣਾ ਦਿੱਤਾ ਹੈ, ਕੀ ਪਤਾ ਤੈਨੂੰ ਪਾਤਸ਼ਾਹ ਬਣਾ ਦੇਣ।"[582] ਉਸ ਸਮੇਂ ਤੋਂ ਬਾਅਦ ਸਮੂਹ ਸਿੰਘਾਂ ਵਿਚ ਬਾਬਾ ਜੱਸਾ ਸਿੰਘ ਦਾ ਸਤਿਕਾਰ ਵਧ ਗਿਆ ਕਿਉਂਕਿ ਪੰਥ ਵਿਚ ਨਿਸ਼ਚਾ ਸੀ ਕਿ ਨਵਾਬ ਕਪੂਰ ਸਿੰਘ ਦੇ ਮੁਖ ਤੋਂ ਨਿਕਲਿਆ ਬਚਨ ਜ਼ਰੂਰ ਸੱਚ ਹੁੰਦਾ ਹੈ।

11 ਅਪ੍ਰੈਲ 1748 ਈ. ਵਿਚ ਸ: ਜੱਸਾ ਸਿੰਘ ਆਹਲੂਵਾਲੀਆ ਨੇ ਅੰਮ੍ਰਿਤਸਰ ਦੇ ਨਾਜ਼ਮ ਦੁਸ਼ਟ ਸਲਾਬਤ ਖਾਨ ਨੂੰ ਮੌਤ ਦੇ ਘਾਟ ਉਤਾਰਿਆ।[583] ਨਵਾਬ ਕਪੂਰ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ 10 ਅਪ੍ਰੈਲ 1754 ਈ. ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਦੀਵਾਨ ਸਜਾ ਕੇ ਬਾਬਾ ਜੱਸਾ ਸਿੰਘ ਨੂੰ ਪੰਥ ਦਾ ਧਾਰਮਿਕ ਅਤੇ ਰਾਜਸੀ ਜਥੇਦਾਰ ਥਾਪਿਆ ਗਿਆ।[584] ਮਾਰਚ 1761 ਈ. ਵਿਚ ਅਬਦਾਲੀ ਦੀਆਂ ਫੌਜਾਂ 'ਤੇ ਹਮਲਾ ਕਰਕੇ ਲਗਪਗ ਬਾਈ ਸੌ ਇਸਤਰੀਆਂ ਨੂੰ ਛੁਡਵਾਇਆ।[585] ਨਵੰਬਰ 1761 ਈ. ਵਿਚ ਸ. ਜੱਸਾ ਸਿੰਘ ਆਹਲੂਵਾਲੀਆ ਨੇ ਲਾਹੌਰ ਉੱਤੇ ਕਬਜ਼ਾ ਕੀਤਾ ਅਤੇ 'ਸੁਲਤਾਨ-ਉਲ-ਕੌਮ' ਦਾ ਖਿਤਾਬ ਧਾਰ ਕੇ ਇਕ ਸਿੱਕਾ ਜਾਰੀ ਕੀਤਾ ਜਿਸ 'ਤੇ ਇਹ ਸ਼ਬਦ ਉਕਰੇ ਹੋਏ ਸਨ:

'ਸਿੱਕਾ ਜ਼ਦ ਦਰ ਜਹਾਂ ਬਫਜ਼ਲਿ ਅਕਾਲ
ਮੁਲਕਿ ਅਹਿਮਦ ਗ੍ਰਿਫਤ ਜੱਸਾ ਕਲਾਲ'[586]

ਸਾਰੇ ਸਿੰਘ ਸ. ਜੱਸਾ ਸਿੰਘ ਆਹਲੂਵਾਲੀਆ ਨੂੰ 'ਬਾਦਸ਼ਾਹ ਸਿੰਘ' ਕਹਿ ਕੇ ਸੰਬੋਧਨ ਕਰਦੇ ਸਨ।[587] 1762 ਈ. ਦੇ ਵੱਡੇ ਘੱਲੂਘਾਰੇ ਵਿਚ ਬਾਬਾ ਜੀ ਨੇ ਜੰਗੀ ਸੂਝ-ਬੂਝ ਨਾਲ ਵਹੀਰ ਨੂੰ ਬਚਾਇਆ ਅਤੇ ਵੈਰੀ ਦਾ ਟਾਕਰਾ ਕੀਤਾ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪਹਿਲੀ ਮੰਜ਼ਿਲ ਦੀ ਉਸਾਰੀ 1774 ਈ.

---

582 ਉਹੀ, ਪੰਨਾ 31.

583 ਸਤਨਾਮ ਸਿੰਘ ਖਾਲਸਾ, ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ ਅਤੇ 500 ਸਾਲਾ ਦੀ ਇਤਿਹਾਸਕ ਡਾਇਰੈਕਟਰੀ, ਪੰਨਾ 80.

584 ਗੰਡਾ ਸਿੰਘ, ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਪੰਨਾ 75.

585 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਤੀਜਾ, ਪੰਨਾ 906.

586 ਪਿਆਰਾ ਸਿੰਘ ਪਦਮ, ਪੰਜਾਬ ਦੀ ਗੌਰਵ ਗਾਥਾ, ਪੰਨੇ 41-42.

587 ਉਹੀ ਲੇਖਕ, ਸਿੱਖ ਸੰਪ੍ਰਦਾਵਲੀ, ਪੰਨਾ 108.

ਵਿਚ ਜੱਸਾ ਸਿੰਘ ਆਹਲੂਵਾਲੀਆ ਦੀ ਨਿਗਰਾਨੀ ਹੇਠ ਕੀਤੀ ਗਈ।[588] 1783 ਈ. ਵਿਚ ਦਿੱਲੀ ਉੱਤੇ ਹਮਲਾ ਕਰਨ ਵਿਚ ਜੱਸਾ ਸਿੰਘ ਆਹਲੂਵਾਲੀਆ ਸ਼ਾਮਿਲ ਸੀ।[589] ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਤੋਂ ਵੱਡੇ-ਵੱਡੇ ਘਰਾਣੇ ਅੰਮ੍ਰਿਤ ਛਕਣਾ ਸੁਭਾਗ ਸਮਝਦੇ ਸਨ। ਪਟਿਆਲਾ ਦੇ ਮਹਾਰਾਜਾ ਅਮਰ ਸਿੰਘ ਨੇ ਜੱਸਾ ਸਿੰਘ ਆਹਲੂਵਾਲੀਆ ਤੋਂ ਅੰਮ੍ਰਿਤ ਛਕਿਆ ਸੀ।[590] 20 ਅਕਤੂਬਰ 1783 ਈ. ਵਿਚ ਜੱਸਾ ਸਿੰਘ ਦਾ ਦੇਹਾਂਤ ਅੰਮ੍ਰਿਤਸਰ ਵਿਚ ਹੋਇਆ। ਇਨ੍ਹਾਂ ਦੀ ਸਮਾਧ ਬਾਬਾ ਅਟਲ ਰਾਇ ਜੀ ਦੇ ਅਸਥਾਨ ਦੇ ਕੋਲ ਸਥਿਤ ਹੈ।[591]

**ਪੰਜਵੇਂ ਜਥੇਦਾਰ ਅਕਾਲੀ ਬਾਬਾ ਨੈਣਾ ਸਿੰਘ ਜੀ:**

ਬਾਬਾ ਨੈਣਾ ਸਿੰਘ ਦਾ ਜਨਮ ਬਰਨਾਲਾ ਦੇ ਨੇੜਲੇ ਪਿੰਡ ਖੁਦੀ ਖੁਰਦ ਵਿਚ ਹੋਇਆ।[592] ਪਰ ਪਿਆਰਾ ਸਿੰਘ ਪਦਮ ਨੇ ਨੈਣਾ ਸਿੰਘ ਜੀ ਦਾ ਜਨਮ ਲਹਿਲ (ਜ਼ਿਲ੍ਹਾ ਸੰਗਰੂਰ) ਵਿਖੇ ਹੋਇਆ ਲਿਖਿਆ ਹੈ।[593] ਬੁੱਢਾ ਦਲ ਦੇ ਲਿਖਾਰੀ ਅਤੇ ਮੁਖਤਿਆਰੇ ਆਮ ਬਾਬਾ ਦਿਆਲ ਸਿੰਘ ਅਨੁਸਾਰ, ਬਾਬਾ ਨੈਣਾ ਸਿੰਘ ਦਾ ਪਿੰਡ ਲਹਿਲ ਜ਼ਿਲ੍ਹਾ ਸੰਗਰੂਰ ਸੀ। ਬਾਬਾ ਨੈਣਾ ਸਿੰਘ ਦੀ ਗੋਤ ਸਰਾਉ ਅਤੇ ਜਾਤ ਦੇ ਜੱਟ ਸੀ।[594] ਐਸ.ਜੇ.ਐਸ ਪਾਲ ਅਨੁਸਾਰ, ਅਕਾਲੀ ਬਾਬਾ ਨੈਣਾ ਸਿੰਘ, ਸਿੱਖ ਇਤਿਹਾਸ ਦੇ ਪਹਿਲੇ ਵਿਅਕਤੀ ਹਨ ਜਿਨ੍ਹਾਂ ਦੇ ਨਾਮ ਨਾਲ 'ਅਕਾਲੀ' ਪਦ ਲੱਗਾ।[595] ਭਾਈ ਕਾਨ੍ਹ ਸਿੰਘ ਨਾਭਾ ਨੇ ਅਕਾਲੀ ਨੈਣਾ ਸਿੰਘ ਨੂੰ 'ਸ਼ਹੀਦੀ ਮਿਸਲ ਦਾ ਰਤਨ' ਆਖਿਆ ਹੈ।[596]

ਬਾਬਾ ਨੈਣਾ ਸਿੰਘ ਦਾ ਨਾਂ ਅਸਲੀ ਨਾਂ ਨਰਾਇਣ ਸਿੰਘ ਸੀ। ਬਾਬਾ ਨੈਣਾ ਸਿੰਘ ਜੀ ਨੇ ਜਥੇਦਾਰ ਬਾਬਾ ਦਰਬਾਰਾ ਸਿੰਘ ਜੀ ਤੋਂ ਅੰਮ੍ਰਿਤ ਛਕਿਆ ਅਤੇ ਬਾਅਦ ਵਿਚ ਨਾਂ ਨੈਣਾ ਸਿੰਘ ਪਿਆ।[597] ਬਾਬਾ ਜੀ ਦਾ

---

588 ਕ੍ਰਿਪਾਲ ਸਿੰਘ (ਗਿਆਨੀ)(ਸਿੰਘ ਸਾਹਿਬ), ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਜਥੇਦਾਰ ਸਾਹਿਬਾਨ, ਪੰਨਾ 20.

589 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਤੀਜਾ, ਪੰਨਾ 906.

590 ਮਨਜੀਤ ਸਿੰਘ (ਸੰਪਾ.), ਸੰਤ ਸਿਪਾਹੀ, ਅੰਮ੍ਰਿਤਸਰ, ਸਾਲ 9, ਅੰਮ੍ਰਿਤਸਰ, ਫਰਵਰੀ, 1954, ਪੰਨਾ 24.

591 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਤੀਜਾ, ਪੰਨਾ 906.

592 S.J.S. 'Pall', The Beloved Forces of the Guru, p.59.

593 ਪਿਆਰਾ ਸਿੰਘ ਪਦਮ, ਪੰਜਾਬ ਦੀ ਗੌਰਵ ਗਾਥਾ, ਪੰਨਾ 206.

594 ਦਿਆਲ ਸਿੰਘ ਲਿਖਾਰੀ, ਮੁਖਤਿਆਰੇ ਆਮ (ਮੁਖ ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 11, ਸਾਲ 30, ਬਗੀਚੀ ਬਾਬਾ ਬੰਬਾ ਸਿੰਘ ਜੀ, ਲੋਇਰ ਮਾਲ ਰੋਡ, ਪਟਿਆਲਾ, ਨਵੰਬਰ 1998, ਪੰਨਾ 24.

595 S.J.S. 'Pall', The Beloved Forces of the Guru, p.59.

596 ਕਾਨ੍ਹ ਸਿੰਘ ਨਾਭਾ (ਭਾਈ), ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 720.

597 S.J.S. 'Pall', The Beloved Forces of the Guru, p.59.

ਅਕਾਲ ਚਲਾਣਾ 1800 ਈ. ਨੂੰ ਹੋਇਆ। ਬਾਬਾ ਜੀ ਦੀ ਅਕਾਲ ਚਲਾਣੇ ਸਮੇਂ ਉਮਰ ਸੌ ਸਾਲ ਸੀ। ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਬਾਬਾ ਜੀ ਦਾ ਜਨਮ 1700 ਈ. ਨੂੰ ਹੋਇਆ। ਅਕਾਲੀ ਨੈਣਾ ਸਿੰਘ ਆਪਣੇ ਭਤੀਜੇ ਖੜਗ ਸਿੰਘ ਨਾਲ ਵੀਹ ਸਾਲ ਦੀ ਉਮਰ ਵਿਚ ਬੁੱਢਾ ਦਲ ਵਿਚ ਆਏ। ਬੁੱਢਾ ਦਲ ਵਿਚ ਸੇਵਾ ਕਰਦਿਆਂ ਹੋਇਆਂ ਬਾਬਾ ਨੈਣਾ ਸਿੰਘ ਸ਼ਹੀਦੀ ਮਿਸਲ ਦੇ ਆਗੂ ਬਣੇ।[598] ਅਕਾਲੀ ਨੈਣਾ ਸਿੰਘ ਦਾ ਡੇਰਾ ਅਨੰਦਪੁਰ ਸਾਹਿਬ ਵਿਖੇ ਸੀ।[599] ਅਕਾਲੀ ਨੈਣਾ ਸਿੰਘ ਆਪਣੇ ਸਿਰ 'ਤੇ ਬੜਾ ਉੱਚਾ ਦੁਮਾਲਾ ਸਜਾ ਕੇ ਰਖਦੇ ਸਨ:

ਨੈਣਾ ਸਿੰਘ ਨਿਹੰਗ ਮਹੰਤ। ਫੇਰਤ ਹੁਤੋ ਜਮਾਤ ਸਤੰਤ।
ਉਨ ਦਸਤਾਰਾ ਊਚ ਸਜਾਯੋ। ਗੁਰੂ ਗ੍ਰੰਥ ਕਾ ਹੁਕਮ ਸੁਨਾਯੋ।[600]

ਅਕਾਲੀ ਨੈਣਾ ਸਿੰਘ ਤੋਂ ਹੀ ਨਿਹੰਗ ਸਿੰਘਾਂ ਵਿਚ ਉੱਚੇ ਦੁਮਾਲੇ ਸਜਾਉਣ ਦੀ ਰੀਤ ਚਲੀ।[601] ਬਾਬਾ ਸੁਮੇਰ ਸਿੰਘ ਨੇ 'ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼' ਵਿਚ ਅਕਾਲੀ ਨੈਣਾ ਸਿੰਘ ਬਾਰੇ ਇਸ ਪ੍ਰਕਾਰ ਲਿਖਿਆ ਹੈ:

ਤਖਤ ਅਕਾਲ ਬੈਠ ਸੁਖ ਪਾਈ॥ ਕਰ ਅਰਦਾਸ ਸੁ ਪਾਗ ਸਜਾਈ॥
ਊਚ ਨਿਕਾਸਯੋ ਫਰਰਾ ਸਿਰਪਰ॥ ਸੀਸ ਨਿਸਾਨ ਨਿਸਾਨ ਜਾਂਚ ਧਰ॥
ਸਰਬ ਲੋਹ ਕੀ ਰਹਿਤ ਚਲਾਈ॥ ਬਸਨ ਸੁਰਮਈ ਸੀਸ ਸਜਾਈ॥
ਤਿਨ ਤੇ ਫੂਲਾ ਸਿੰਘ ਸੁ ਆਦਿ॥ ਪ੍ਰਚੁਰੇ ਸਿੰਘ ਨਿਹੰਗ ਸੁਨਾਦ॥
ਬੜੇ ਸੂਰ ਗੁਰ ਭਗਤ ਅਮਾਨੀ॥ ਦੀਨਨ ਪਰ ਦਾਯਾ ਜਿਨ ਜਾਨੀ॥
ਸਯਾਮ ਬਸਨ ਸਭ ਆਰਤ ਆਏ॥ ਆਦਿਹਿ ਤੇ ਜੇ ਸਿੰਘ ਸੁਹਾਏ॥
ਨੈਨਾ ਸਿੰਘ ਤੇ ਭਏ ਦੁਮਾਲੀ॥ ਪ੍ਰਗਟ ਰੀਤ ਯਹ ਸਭ ਮੈ ਚਾਲੀ॥[602]

---

598 ਪਿਆਰਾ ਸਿੰਘ ਪਦਮ, ਪੰਜਾਬ ਦੀ ਗੌਰਵ ਗਾਥਾ, ਪੰਨਾ 206.

599 ਸਿਮਰਜੀਤ ਸਿੰਘ (ਸੰਪਾ.), ਗੁਰਮਤਿ ਪ੍ਰਕਾਸ਼, ਅੰਕ 7, ਜਿਲਦ 53, ਪੰਨਾ 80

600 ਗਿਆਨ ਸਿੰਘ (ਗਿਆਨੀ), ਪੰਥ ਪ੍ਰਕਾਸ਼, ਪੰਨਾ 1264.

601 ਕਾਨ੍ਹ ਸਿੰਘ ਨਾਭਾ (ਭਾਈ), ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 720; ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਤੀਜਾ, ਪੰਨਾ 1249.

602 ਸੁਮੇਰ ਸਿੰਘ (ਬਾਬਾ), ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼, ਡਾ. ਅੱਛਰ ਸਿੰਘ ਕਾਹਲੋਂ (ਸੰਪਾ.), ਪੰਨਾ 199.

ਬਾਬਾ ਨੈਣਾ ਸਿੰਘ, ਬਾਬਾ ਤਪਾ ਸਿੰਘ ਅਤੇ ਬਾਬਾ ਈਸ਼ਰ ਸਿੰਘ (ਪਿਤਾ ਅਕਾਲੀ ਫੂਲਾ ਸਿੰਘ) ਤਿੰਨੋਂ ਮਿੱਤਰ ਸਨ। ਤਿੰਨਾਂ ਸਿੰਘਾਂ ਨੇ ਸ਼ਹੀਦ ਬਾਬਾ ਦੀਪ ਸਿੰਘ ਜੀ ਤੋਂ ਵਿੱਦਿਆ ਹਾਸਿਲ ਕੀਤੀ। ਅਕਾਲੀ ਨੈਣਾ ਸਿੰਘ ਨੇ ਹੀ ਈਸ਼ਰ ਸਿੰਘ ਦੇ ਪੁੱਤਰ ਅਕਾਲੀ ਬਾਬਾ ਫੂਲਾ ਸਿੰਘ ਨੂੰ ਪਾਲਿਆ ਅਤੇ ਨਿਹੰਗ ਸਿੰਘ ਸਜਾਇਆ। ਜਦੋਂ ਬਾਬਾ ਨੈਣਾ ਸਿੰਘ ਬਿਰਧ ਹੋ ਗਏ ਤਾਂ ਅਕਾਲੀ ਫੂਲਾ ਸਿੰਘ ਜੀ ਉਨ੍ਹਾਂ ਦੀ ਇੱਛਾ ਨਾਲ ਅੰਮ੍ਰਿਤਸਰ ਆ ਗਏ।[603] ਡਾ. ਸੁਖਦਿਆਲ ਸਿੰਘ ਅਨੁਸਾਰ 1764 ਈ. ਵਿਚ ਜਥੇਦਾਰ ਬਾਬਾ ਗੁਰਬਖ਼ਸ਼ ਸਿੰਘ ਦੀ ਸ਼ਹਾਦਤ ਤੋਂ ਬਾਅਦ ਜਥੇਦਾਰ ਨੈਣਾ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸੇਵਾਦਾਰ ਬਣੇ।[604] ਬਾਬਾ ਨੈਣਾ ਸਿੰਘ ਨੇ ਆਪਣੇ ਜੀਵਨ ਦਾ ਅੰਤਿਮ ਪੜਾਅ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਦੇ ਅਮਲੋਹ ਨਗਰ ਦੇ ਨੇੜੇ ਭਰਪੂਰਗੜ੍ਹ ਨਾਂ ਦੇ ਪਿੰਡ ਵਿਚ ਬਤੀਤ ਕੀਤਾ। ਉੱਥੋਂ ਦੇ ਗੁਰਦੁਆਰੇ ਵਿਚ ਅਕਾਲੀ ਨੈਣਾ ਸਿੰਘ ਜੀ ਦੀਆਂ ਕੁਝ ਵਸਤੂਆਂ ਸੰਭਾਲੀਆਂ ਹੋਈਆਂ ਹਨ।[605] ਸੰਨ 1800 ਈ. ਵਿਚ ਅਕਾਲੀ ਨੈਣਾ ਸਿੰਘ ਜੀ ਅਕਾਲ ਚਲਾਣਾ ਕਰ ਗਏ ਸਨ।[606] ਅਕਾਲੀ ਨੈਣਾ ਸਿੰਘ ਜੀ ਦਾ ਅੰਗੀਠਾ ਗੁ. ਬਿਬੇਕਸਰ ਸਰੋਵਰ ਦੀ ਲਹਿੰਦੀ ਬਾਹੀ, ਅੰਮ੍ਰਿਤਸਰ ਵਿਖੇ ਸਥਿਤ ਹੈ।

**ਛੇਵੇਂ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ ਸ਼ਹੀਦ:**

ਅਕਾਲੀ ਫੂਲਾ ਸਿੰਘ ਜੀ ਦਾ ਜਨਮ ਪਿੰਡ ਸੀਹਾਂ, ਜ਼ਿਲ੍ਹਾ ਸੰਗਰੂਰ ਵਿਖੇ ਸ: ਈਸ਼ਰ ਸਿੰਘ ਅਤੇ ਮਾਤਾ ਹਰਿ ਕੌਰ ਜੀ ਦੀ ਕੁੱਖੋਂ 1760 ਈ: ਵਿੱਚ ਹੋਇਆ।[607] ਇਹ ਪਿੰਡ ਬਾਂਗਰ ਦੇ ਇਲਾਕੇ ਵਿਚ ਹੈ। ਡਾ. ਐਚ. ਬੀ. ਸਿੰਘ ਅਤੇ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਅਕਾਲੀ ਬਾਬਾ ਫੂਲਾ ਸਿੰਘ ਜੀ ਦਾ ਜਨਮ 14 ਜਨਵਰੀ 1761 ਈ. ਵਿਚ ਹੋਇਆ।[608] ਭਾਈ ਕਾਨ੍ਹ ਸਿੰਘ ਨਾਭਾ ਨੇ ਅਕਾਲੀ ਫੂਲਾ ਸਿੰਘ ਨੂੰ 'ਸਤਿਗੁਰੂ ਦੇ ਅਕਾਲੀ ਬਾਗ ਦਾ ਸੁੰਦਰ ਅਤੇ ਸੁਗੰਧੀ ਭਰਿਆ ਫੁੱਲ' ਲਿਖਿਆ ਹੈ। [609]

---

603 ਅਮਰ ਸਿੰਘ (ਗਿਆਨੀ), ਅਣਖੀਲੇ ਬਹਾਦਰ, ਪੰਨਾ ੧੦.

604 ਸੁਖਦਿਆਲ ਸਿੰਘ (ਡਾ.), ਸਿਰੀ ਅਕਾਲ ਤਖ਼ਤ ਸਾਹਿਬ (1606-1982), ਪੰਨਾ 55.

605 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਦੂਜਾ, ਪੰਨਾ 1095.

606 ਉਹੀ, ਭਾਗ ਤੀਜਾ, ਪੰਨਾ 1390.

607 ਗੁਰਜਿੰਦਰ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ: ਹੋਂਦ, ਬਣਤਰ ਤੇ ਕਾਰਜ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2013, ਪੰਨਾ 225.

608 ਐਚ.ਬੀ. ਸਿੰਘ (ਡਾ.), ਅਣਖੀਲਾ ਜਰਨੈਲ ਅਕਾਲੀ ਫੂਲਾ ਸਿੰਘ, (ਪ੍ਰਕਾ.) ਸ: ਆਵਤ ਸਿੰਘ, ਨਵੀਂ ਦਿੱਲੀ, ਜਨਵਰੀ 1988, ਪੰਨਾ 7; ਕਾਨ੍ਹ ਸਿੰਘ ਨਾਭਾ (ਭਾਈ), ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 822.

609 ਕਾਨ੍ਹ ਸਿੰਘ ਨਾਭਾ (ਭਾਈ), ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 822.

ਅਕਾਲੀ ਫੂਲਾ ਸਿੰਘ ਦੇ ਪਿਤਾ ਈਸ਼ਰ ਸਿੰਘ ਨੇ ਸ਼ਹੀਦੀ ਪਾਉਣ ਤੋਂ ਪਹਿਲਾਂ ਆਪਣੇ ਦੋਹਾਂ ਪੁੱਤਰਾਂ (ਅਕਾਲੀ ਫੂਲਾ ਸਿੰਘ ਅਤੇ ਭਾਈ ਸੰਤ ਸਿੰਘ) ਨੂੰ ਅਕਾਲੀ ਨੈਣਾ ਸਿੰਘ ਦੇ ਸਪੁਰਦ ਕਰ ਦਿੱਤਾ।[610] ਬਾਬਾ ਨੈਣਾ ਸਿੰਘ ਦੋਹਾਂ ਬੱਚਿਆਂ ਨੂੰ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ, ਬਠਿੰਡਾ ਲੈ ਗਏ ਅਤੇ ਚਾਵਾਂ ਨਾਲ ਦੋਹਾਂ ਨੂੰ ਪਾਲਿਆ। ਉੱਥੋਂ ਅਕਾਲੀ ਨੈਣਾ ਸਿੰਘ, ਬਾਲਕ ਬਾਬਾ ਫੂਲਾ ਸਿੰਘ ਨੂੰ ਆਪਣੇ ਕੋਲ ਅਨੰਦਪੁਰ ਸਾਹਿਬ (ਸ਼ਹੀਦੀ ਬਾਗ) ਆਪਣੇ ਡੇਰੇ ਵਿਖੇ ਲੈ ਆਏ। ਅਕਾਲੀ ਨੈਣਾ ਸਿੰਘ ਵਾਂਗ ਹੀ ਅਕਾਲੀ ਫੂਲਾ ਸਿੰਘ ਵੀ ਨਿਹੰਗ ਸਜ ਗਏ।[611] ਪ੍ਰਿੰ. ਨਿਹਾਲ ਸਿੰਘ 'ਰੱਸ' ਅਨੁਸਾਰ ਬਾਬਾ ਨੈਣਾ ਸਿੰਘ ਨੇ ਹੀ ਅਕਾਲੀ ਜੀ ਦਾ ਨਾਂ 'ਫੂਲਾ ਸਿੰਘ' ਰਖਿਆ ਸੀ।[612] ਬਾਬਾ ਨੈਣਾ ਸਿੰਘ ਜੀ ਨੇ ਅਕਾਲੀ ਫੂਲਾ ਸਿੰਘ ਨੂੰ ਹਰ ਤਰ੍ਹਾਂ ਦੇ ਸ਼ਸਤਰਾਂ ਦੀ ਸਿਖਲਾਈ ਦਿੱਤੀ।[613] ਅਕਾਲੀ ਫੂਲਾ ਸਿੰਘ ਜੀ ਆਪਣੇ ਪਿਤਾ ਜੀ ਵਾਂਗ ਆਪ ਵੀ ਪੰਥ ਦੀ ਸੇਵਾ ਵਿਚ ਕਾਰਜਸ਼ੀਲ ਰਹੇ।[614] ਅਕਾਲੀ ਫੂਲਾ ਸਿੰਘ ਨੇ 1800 ਈ. ਵਿਚ ਅੰਮ੍ਰਿਤਸਰ ਆ ਕੇ ਨਿਹੰਗਾਂ ਸਿੰਘਾਂ ਦੀ ਛਾਉਣੀ ਵਿਚ ਡੇਰਾ ਲਾਇਆ ਸੀ।[615]

ਅਕਾਲੀ ਫੂਲਾ ਸਿੰਘ ਲਗਪਗ ਸੰਨ 1810-11 ਈ: ਨੂੰ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਸ਼ਾਮਿਲ ਹੋਏ ਸਨ। ਅਕਾਲੀ ਜੀ ਦਾ ਨਾਮ ਸੰਮਤ 1869 ਬਿ: ਦੇ ਮਹਾਰਾਜਾ ਦੇ ਫੌਜੀ ਬਰਾਵੁਰਦ (ਤਲਬ ਤਨਖਾਹ) ਦੇ ਕਾਗਜ਼ਾਂ ਵਿਚ ਮਿਲਦਾ ਹੈ।[616] ਅਕਾਲੀ ਬਾਬਾ ਫੂਲਾ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ, ਦਮਦਮਾ ਸਾਹਿਬ ਅਤੇ ਅੰਮ੍ਰਿਤਸਰ ਦੇ ਅਨੇਕਾਂ ਗੁਰਧਾਮਾਂ ਦੀ ਆਪਣੇ ਹੱਥੀ ਸੇਵਾ ਕੀਤੀ ਅਤੇ ਕਰਵਾਈ।[617] ਇਹ ਸੇਵਾ ਦੇਖ ਕੇ ਪੰਥ ਨੇ ਆਪ ਜੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਜਥੇਦਾਰੀ ਦੀ ਸੇਵਾ ਬਖ਼ਸ਼ੀ।[618] ਦਰਬਾਰ ਸਾਹਿਬ ਦੀ ਸੇਵਾ ਸੰਭਾਲ 1799 ਈ. ਵਿਚ ਅਕਾਲੀ ਫੂਲਾ ਸਿੰਘ ਕੋਲ ਸੀ। ਦਸੰਬਰ 1802 ਵਿਚ

---

[610] ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਦੂਜਾ, ਪੰਨਾ 1095.

[611] ਸਿਮਰਜੀਤ ਸਿੰਘ (ਸੰਪਾ.), ਗੁਰਮਤਿ ਪ੍ਰਕਾਸ਼, ਅੰਕ 7, ਜਿਲਦ 53, ਅਕਤੂਬਰ 2009, ਪੰਨਾ 80.

[612] ਨਿਹਾਲ ਸਿੰਘ 'ਰੱਸ'(ਪ੍ਰਿੰ.), ਨਿਰਭੈ ਜਥੇਦਾਰ ਅਕਾਲੀ ਫੂਲਾ ਸਿੰਘ ਜੀ, ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਦੂਜੀ ਵਾਰ, 2010, ਪੰਨਾ 6.

[613] ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਦੂਜਾ, ਪੰਨਾ 1095.

[614] ਗੁਰਜਿੰਦਰ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ: ਹੋਂਦ, ਬਣਤਰ ਤੇ ਕਾਰਜ, ਪੰਨਾ 225.

[615] ਕਾਨ੍ਹ ਸਿੰਘ ਨਾਭਾ (ਭਾਈ), ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 822(ਫੁਟਨੋਟ)

[616] ਗਣੇਸ਼ ਦਾਸ, ਫ਼ਤਿਹਨਾਮਾ ਗੁਰੂ ਖਾਲਸਾ ਜੀ ਕਾ, ਸੀਤਾ ਰਾਮ ਕੋਹਲੀ (ਸੰਪਾ.), ਪੰਨੇ 231-232.

[617] ਪਿਆਰਾ ਸਿੰਘ ਪਦਮ, ਪੰਜਾਬ ਦੀ ਗੌਰਵ ਗਾਥਾ, ਪੰਨਾ 206.

[618] ਨਿਹਾਲ ਸਿੰਘ 'ਰੱਸ'(ਪ੍ਰਿੰ.), ਨਿਰਭੈ ਜਥੇਦਾਰ ਅਕਾਲੀ ਫੂਲਾ ਸਿੰਘ ਜੀ, ਪੰਨਾ 13.

ਮਹਾਰਾਜਾ ਰਣਜੀਤ ਸਿੰਘ ਦਾ ਕਬਜ਼ਾ ਹੋਣ 'ਤੇ ਅੰਮ੍ਰਿਤਸਰ ਸ਼ਹਿਰ ਦੀ ਦੇਖ-ਭਾਲ ਲਹਿਣਾ ਸਿੰਘ ਮਜੀਠੀਆ ਨੂੰ ਸੰਭਾਲ ਦਿੱਤੀ ਗਈ। ਲਹਿਣਾ ਸਿੰਘ ਨੇ ਸ੍ਰੀ ਦਰਬਾਰ ਸਾਹਿਬ ਦੀ ਸੇਵਾ ਸੰਭਾਲ ਦੇ ਮਸਲੇ 'ਤੇ ਅਕਾਲੀ ਫੂਲਾ ਸਿੰਘ ਨੂੰ ਕਦੇ ਵੀ ਕੁਝ ਨਾ ਆਖਿਆ।[619] 1802 ਈ. ਵਿਚ ਮਹਾਰਾਜਾ ਰਣਜੀਤ ਸਿੰਘ ਨੂੰ ਸੰਧਾਵਾਲੀਆ ਤੋਂ ਅੰਮ੍ਰਿਤਸਰ ਦਾ ਕਬਜ਼ਾ ਦਿਵਾਉਣ ਵਿਚ ਸਹਾਇਤਾ ਪ੍ਰਦਾਨ ਕੀਤੀ। 1807 ਈ. ਵਿਚ ਅਕਾਲੀ ਜਥੇ ਨੇ ਕਸੂਰ ਦੀ ਫ਼ਤਿਹ ਸਮੇਂ ਸਹਾਇਤਾ ਕੀਤੀ।[620] ਨਵੰਬਰ 1809 ਈ. ਵਿਚ ਅਕਾਲੀ ਫੂਲਾ ਸਿੰਘ ਜੀ ਨੇ ਆਪਣੇ ਜਥੇ ਸਮੇਤ ਸ੍ਰੀ ਦਮਦਮਾ ਸਾਹਿਬ ਦੀ ਯਾਤਰਾ ਕੀਤੀ।[621]

ਮਹਾਰਾਜਾ ਰਣਜੀਤ ਸਿੰਘ ਨੇ ਅਕਾਲੀ ਫੂਲਾ ਸਿੰਘ ਜੀ ਨੂੰ ਅੰਗਰੇਜ਼ ਅਫਸਰ ਮਿ. ਮੈਟਕਾਫ਼ ਦੇ ਨਾਲ ਆਏ ਮੁਸਲਮਾਨ ਸੈਨਿਕਾਂ ਦੁਆਰਾ ਸ੍ਰੀ ਦਰਬਾਰ ਸਾਹਿਬ ਦੇ ਕੋਲੋਂ ਮੁਹੱਰਮ ਅਵਸਰ ਮੌਕੇ ਤਾਜੀਆ ਕੱਢਣ ਨਾਲ ਹੋਈ ਅਮਰਯਾਦਾ ਕਾਰਨ ਦੰਡ ਦੇਣ ਤੋਂ ਰੋਕਣ ਲਈ ਬੇਨਤੀ ਵੀ ਕੀਤੀ ਸੀ।[622] ਮੁਲਤਾਨ ਦੀ ਲੜਾਈ ਵਿਚ ਅਕਾਲੀ ਜੀ ਵਲੋਂ ਦਿਖਾਈ ਬੀਰਤਾ ਬਾਰੇ ਦਸੰਬਰ 1846 ਦੇ 'ਕਲਕੱਤਾ ਰਿਵਿਊ' ਵਿਚ ਲਿਖਿਆ ਹੈ ਕਿ, "ਰਣਜੀਤ ਸਿੰਘ ਦੀ ਸਾਰੀ ਸੈਨਾ ਮੁਲਤਾਨ ਤੋਂ ਪਿੱਛੇ ਧੱਕੀ ਜਾਣੀ ਸੀ ਜੇਕਰ ਫੂਲਾ ਸਿੰਘ ਅਕਾਲੀ, ਲੋਹੇ ਵਰਗਾ ਹੌਂਸਲਾ ਕਰਕੇ, ਮੋਰਚੇ ਵਿਚੋਂ ਆਪਣਾ ਜਥਾ ਲੈ ਕੇ ਤੂਫ਼ਾਨ ਵਾਂਗੂੰ ਅੰਦਰ ਨਾ ਜਾ ਵੜਦਾ।"[623] ਮੁਲਤਾਨ ਦੀ ਫ਼ਤਿਹ ਤੋਂ ਬਾਅਦ ਅਕਾਲੀ ਫੂਲਾ ਸਿੰਘ ਨੂੰ ਮਹਾਰਾਜਾ ਰਣਜੀਤ ਸਿੰਘ ਨੇ 'ਖਾਲਸਾ ਰਾਜ ਦਾ ਰਾਖਾ' ਕਹਿ ਕੇ ਸਤਿਕਾਰ ਦਿੱਤਾ ਸੀ।[624]

ਨੌਸ਼ਹਿਰੇ ਦੀ ਲੜਾਈ ਵਿਚ ਆਪ ਨੇ ਸ਼ਹੀਦੀ ਪਾਈ। 'ਪਿਸ਼ਾਵਰ ਗਜ਼ਟੀਅਰ' ਅਨੁਸਾਰ, "ਦਸ ਹਜ਼ਾਰ ਪਠਾਣ ਮੌਤ ਦੇ ਘਾਟ ਉਤਾਰ ਕੇ ਅਕਾਲੀ ਜੀ ਦੇ ਪੌਣੇ ਦੋ ਸੌ ਸਾਥੀ ਨਿਹੰਗ ਸਿੰਘ ਜੂਝ ਕੇ ਮਰੇ।"[625]

---

[619] ਜਸਵਿੰਦਰ ਸਿੰਘ (ਡਾ.), ਸਿੱਖ ਗੁਰਦੁਆਰਾ ਐਕਟ 1925, ਪੰਨੇ 4-5.

[620] ਰੂਪ ਸਿੰਘ (ਸੰਪਾ.), ਪ੍ਰਮੁੱਖ ਸਿੱਖ ਸ਼ਖਸੀਅਤਾਂ, ਪੰਨਾ 168.

[621] ਨਿਹਾਲ ਸਿੰਘ 'ਰੱਸ'(ਪ੍ਰਿੰ.), ਨਿਰਭੈ ਜਥੇਦਾਰ ਅਕਾਲੀ ਫੂਲਾ ਸਿੰਘ ਜੀ, ਪੰਨਾ 31.

[622] ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਤੀਜਾ, ਪੰਨਾ 1390.

[623] ਉਧਰਿਤ, ਰੂਪ ਸਿੰਘ (ਸੰਪਾ.), ਪ੍ਰਮੁੱਖ ਸਿੱਖ ਸ਼ਖਸੀਅਤਾਂ, ਪੰਨਾ 168.

[624] ਰੂਪ ਸਿੰਘ (ਸੰਪਾ.), ਪ੍ਰਮੁੱਖ ਸਿੱਖ ਸ਼ਖਸੀਅਤਾਂ, ਪੰਨਾ 170.

[625] ਪਿਆਰਾ ਸਿੰਘ ਪਦਮ, ਪੰਜਾਬ ਦੀ ਗੌਰਵ ਗਾਥਾ, ਪੰਨਾ 207.

ਅਕਾਲੀ ਜੀ ਦੀ ਸ਼ਹੀਦੀ 14 ਮਾਰਚ 1823 ਈ. ਨੂੰ ਹੋਈ।[626] ਨੁਸ਼ਹਿਰੇ ਤੋਂ ਚਾਰ ਮੀਲ ਪੂਰਬ ਵੱਲ ਲੁੰਡੇ ਦਰਿਆ ਦੇ ਕਿਨਾਰੇ ਉਨ੍ਹਾਂ ਦੀ ਸਮਾਧ ਬਣੀ ਹੋਈ ਹੈ। ਜੰਗ ਨਾਮਾ ਲਾਹੌਰ ਅਨੁਸਾਰ ਅਕਾਲੀ ਫੂਲਾ ਸਿੰਘ ਜੰਗ ਦੇ ਮੈਦਾਨ ਵਿਚ ਅੱਗੇ ਵੱਧ ਕੇ ਲੜ੍ਹਦੇ ਹੋਏ ਸ਼ਹੀਦ ਹੋਇਆ:

ਫੂਲਾ ਸਿੰਘ ਅਕਾਲੀ ਬਹਾਦਰ ਹੂਆ।

ਅਗਾਰੀ ਕਦਮ ਧਰਕੇ ਜੰਗ ਮੈਂ ਮੂਆ।[627]

**ਸੱਤਵੇਂ ਜਥੇਦਾਰ ਬਾਬਾ ਹਨੂਮਾਨ ਸਿੰਘ ਜੀ ਸ਼ਹੀਦ:**

ਬਾਬਾ ਹਨੂਮਾਨ ਸਿੰਘ ਜੀ ਦਾ ਜਨਮ ਪਿੰਡ ਨੌਰੰਗਸਿੰਘ ਵਾਲਾ, ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ ਵਿਚ ਹੋਇਆ।[628] ਬਾਬਾ ਜੀ ਦਾ ਜਨਮ ਸ. ਗਰਜਾ ਸਿੰਘ ਦੇ ਗ੍ਰਹਿ ਵਿਖੇ ਮਾਤਾ ਹਰਨਾਮ ਕੌਰ ਦੀ ਕੁਖੋਂ 18 ਮੱਘਰ ਸੰਮਤ 1813 ਮੁਤਾਬਿਕ ਸੰਨ 1756 ਈ. ਵਿਚ ਹੋਇਆ। ਬਾਬਾ ਜੀ 'ਬਾਠ' ਗੋਤ ਦੇ ਸਨ, ਇਨ੍ਹਾਂ ਦੀ ਅੰਸ ਡਰੋਲੀ ਭਾਈ, ਮੋਗਾ ਵਿਖੇ ਹੈ।[629] ਬਾਬਾ ਜੀ ਨੇ ਬਾਰ੍ਹਾਂ ਸਾਲ ਬੁੱਢਾ ਦਲ ਦੀ ਅਗਵਾਈ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਕੀਤੀ।[630] ਅਕਾਲੀ ਫੂਲਾ ਸਿੰਘ ਜੀ ਤੋਂ ਬਾਅਦ ਬਾਬਾ ਹਨੂਮਾਨ ਸਿੰਘ ਬੁੱਢਾ ਦਲ ਦੇ ਜਥੇਦਾਰ ਥਾਪੇ ਗਏ ਸਨ। ਮਹਾਰਾਣੀ ਜਿੰਦ ਕੌਰ ਨੇ ਸਿੱਖ ਰਾਜ ਨੂੰ ਬਚਾਉਣ ਲਈ ਇਕ ਚਿੱਠੀ ਸਰਦਾਰ ਸ਼ਾਮ ਸਿੰਘ ਅਟਾਰੀ ਅਤੇ ਬਾਬਾ ਹਨੂਮਾਨ ਸਿੰਘ ਜੀ ਨੂੰ ਲਿਖ ਕੇ ਭੇਜੀ।[631] ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ (ਮੋਹਾਲੀ) ਵਿਖੇ ਲੱਗੇ ਇਤਿਹਾਸ ਦੇ ਬੋਰਡ ਮੁਤਾਬਿਕ ਮਹਾਰਾਣੀ ਜਿੰਦ ਕੌਰ ਨੇ ਚਿੱਠੀ ਰਾਹੀਂ ਸ਼ਾਮ ਸਿੰਘ ਅਟਾਰੀ ਨੂੰ ਖਾਲਸਾ ਪੰਥ ਬੁੱਢਾ ਦਲ ਦੇ ਨਾਮ ਸੰਦੇਸ਼ ਲਿਖ ਕੇ ਜਥੇਦਾਰ ਬਾਬਾ ਹਨੂਮਾਨ ਸਿੰਘ ਜੀ ਦੇ ਕੋਲ ਸ੍ਰੀ ਅੰਮ੍ਰਿਤਸਰ ਵਿਖੇ ਬੇਨਤੀ ਭੇਜੀ। ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਨੇ ਬਾਬਾ ਹਨੂਮਾਨ ਸਿੰਘ ਨੂੰ ਅੰਗਰੇਜ਼ਾਂ ਨਾਲ ਜੰਗ ਕਰਨ ਲਈ ਬੇਨਤੀ ਕੀਤੀ। ਇਹ ਬੇਨਤੀ ਮੰਨਦੇ ਹੋਏ ਬਾਬਾ ਹਨੂਮਾਨ ਸਿੰਘ ਆਪਣੇ ਜਥੇ ਸਮੇਤ ਲੜਾਈ ਵਿਚ ਸ਼ਾਮਿਲ ਹੋਏ।[632] 18 ਦਸੰਬਰ 1845 ਈ. ਨੂੰ ਮੁਦਕੀ ਦੀ

---

626 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਤੀਜਾ, ਪੰਨਾ 1390; ਐਚ.ਬੀ. ਸਿੰਘ (ਡਾ.), ਅਣਖੀਲਾ ਜਰਨੈਲ ਅਕਾਲੀ ਫੂਲਾ ਸਿੰਘ, ਪੰਨਾ 75.

627 ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਪ੍ਰਾਚੀਨ ਜੰਗਨਾਮੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1950, ਪੰਨਾ ੨੦੩.

628 Kirpal Singh & Kharak Singh (Ed.), History of The Sikhs & Their Religion, Vol.I, p. 413.

629 ਕ੍ਰਿਪਾਲ ਸਿੰਘ ਵੜੈਚ (ਗਿਆਨੀ), ਦੋ ਗੁਰਸਿੱਖ ਨਿਰਮੋਲਕ ਹੀਰੇ, ਪੰਨਾ 127(ਫੁਟਨੋਟ)

630 Kirpal Singh & Kharak Singh (Ed.), History of The Sikhs & Their Religion, Vol.I, p. 413.

631 ਸਿਮਰਜੀਤ ਸਿੰਘ (ਸੰਪਾ.), ਗੁਰਮਤਿ ਪ੍ਰਕਾਸ਼, ਜਿਲਦ 54, ਅੰਕ 11, ਪੰਨੇ ੫੫-੫੬.

632 S.J.S. Pall, The Beloved Forces of the Guru, B. Chattar Singh Jiwan Singh, Amritsar, 2007, page 66.

ਲੜਾਈ ਹੋਈ। ਮੁਦਕੀ ਵਿਖੇ ਪਾਣੀ ਦੀ ਢਾਬ ਮੱਲਣ ਲਈ ਨਿਹੰਗ ਸਿੰਘਾਂ ਦੇ ਜਥੇ ਅਤੇ ਸਿੱਖ ਫੌਜਾਂ ਦੀਆਂ ਚਾਰ ਕੰਪਨੀਆਂ ਗਈਆਂ ਸਨ।[633] ਸ਼ਾਹ ਮੁਹੰਮਦ ਨੇ ਆਪਣੇ ਜੰਗਨਾਮੇ ਵਿਚ ਮੁਦਕੀ ਬਾਰੇ ਇਸ ਪ੍ਰਕਾਰ ਲਿਖਿਆ ਹੈ:

ਇਕ ਪਿੰਡ ਦਾ ਨਾਮ ਜੋ ਮੁਦਕੀ ਸੀ, ਓਥੇ ਭਰੀ ਸੀ ਪਾਣੀ ਦੀ ਖੱਡ ਮੀਆਂ।
ਘੋੜ-ਚੜ੍ਹੇ ਤੇ ਨਵੇਂ ਅਕਾਲੀਏ ਜੀ, ਝੰਡੇ ਦੇਂਵਦੇ ਅੱਗੇ ਜਾਇ ਗੱਡ ਮੀਆਂ।
ਤੋਪਾਂ ਚੱਲੀਆਂ ਕਟਕ ਫ਼ਿਰੰਗੀਆਂ ਦਾ, ਗੋਲੇ ਤੋੜਦੇ ਮਾਸ ਤੇ ਹੱਡ ਮੀਆਂ।
ਸ਼ਾਹ ਮੁਹੰਮਦਾ ਪਿਛਾਂਹ ਨੂੰ ਉਠਿ ਨੱਸੇ, ਤੋਪਾਂ ਸਭ ਆਏ ਓਥੇ ਛੱਡ ਮੀਆਂ।[634]

ਲਾਲ ਸਿੰਘ ਅਤੇ ਤੇਜਾ ਸਿੰਘ ਨੇ ਕਸ਼ਮੀਰ ਦਾ ਰਾਜ ਪ੍ਰਾਪਤ ਕਰਨ ਲਈ ਅੰਗਰੇਜ਼ਾਂ ਨਾਲ ਗਠਜੋੜ ਕਰਕੇ ਸਿੰਘਾਂ ਨੂੰ ਬਾਰੂਦ ਦੀ ਥਾਂ 'ਤੇ ਸਰੋਂ ਭੇਜ ਦਿੱਤੀ। ਇਸ ਧੋਖੇ ਕਾਰਨ ਸਿੰਘਾਂ ਨੂੰ ਮੈਦਾਨ ਛੱਡਣਾ ਪਿਆ ਅਤੇ ਬੇਬਸ ਸਿੰਘ, ਪਟਿਆਲਾ ਵਲ (ਸਿੱਖ ਰਿਆਸਤ ਹੋਣ ਕਰਕੇ) ਚਲੇ ਗਏ।[635] ਉਸ ਸਮੇਂ ਪਟਿਆਲਾ, ਜੀਂਦ, ਫਰੀਦਕੋਟ, ਕੈਥਲ ਆਦਿ ਰਿਆਸਤਾਂ ਅੰਗਰੇਜ਼ਾਂ ਨਾਲ ਰਲੀਆਂ ਹੋਈਆਂ ਸਨ।[636] ਡਾ. ਰਤਨ ਸਿੰਘ ਜੱਗੀ ਅਨੁਸਾਰ, "ਪਟਿਆਲਾ ਦੇ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਵਾਲੀ ਜਗ੍ਹਾਂ 'ਤੇ ਰਾਜਾ ਅਮਰ ਸਿੰਘ ਨੇ ਇਕ ਬਾਗ ਲਗਵਾਇਆ ਸੀ ਜੋ ਕਿ ਨਿਹੰਗ ਸਿੰਘਾਂ ਦੇ ਸਪੁਰਦ ਕਰ ਦਿੱਤਾ ਸੀ।"[637] ਉਸ ਸਮੇਂ ਤੋਂ ਹੀ ਇਸ ਅਸਥਾਨ ਦੀ ਸੇਵਾ ਨਿਹੰਗ ਸਿੰਘ ਕਰਦੇ ਆ ਰਹੇ ਸਨ। ਬੁੱਢਾ ਦਲ ਦੇ ਸਕੱਤਰ ਦਿਲਜੀਤ ਸਿੰਘ ਬੇਦੀ ਅਨੁਸਾਰ ਬਾਬਾ ਹਨੂਮਾਨ ਸਿੰਘ ਜੀ ਅੱਸੀ ਹਜ਼ਾਰ ਨਿਹੰਗ ਸਿੰਘ ਫੌਜਾਂ ਦੀ ਅਗਵਾਈ ਕਰ ਰਹੇ ਸਨ।[638]

---

[633] ਹੀਰਾ ਸਿੰਘ 'ਦਰਦ' (ਸੰਪਾ.), ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਕ ਖੋਜ, (ਸਿੱਖ ਰਾਜ ਪੂਰਬਲਾ ਸਮਾਂ), ਭਾਗ ਦੂਜਾ, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਅਗਸਤ 2014, ਪੰਨਾ ੮੫.

[634] ਪਿਆਰਾ ਸਿੰਘ ਪਦਮ (ਸੰਪਾ.), ਜੰਗਨਾਮਾ ਸਿੰਘਾਂ ਤੇ ਫ਼ਰੰਗੀਆਂ ਕ੍ਰਿਤ ਸ਼ਾਹ ਮੁਹੰਮਦ, ਪੰਨਾ ੬੮.

[635] ਕ੍ਰਿਪਾਲ ਸਿੰਘ ਵੜੈਚ (ਗਿਆਨੀ), ਦੋ ਗੁਰਸਿੱਖ ਨਿਰਮੋਲਕ ਹੀਰੇ, ਪੰਨਾ 126(ਫੁਟਨੋਟ)

[636] ਸਿਮਰਜੀਤ ਸਿੰਘ (ਸੰਪਾ.), ਗੁਰਮਤਿ ਪ੍ਰਕਾਸ਼, ਜਿਲਦ 54, ਅੰਕ 11, ਪੰਨਾ ੫੭.

[637] ਉਹੀ, ਪੰਨਾ 1261.

[638] ਦਿਲਜੀਤ ਸਿੰਘ ਬੇਦੀ (ਸੰਪਾ.), ਵਿਰਾਸਤ ਖ਼ਾਲਸਾ ਪੰਥ ਬੁੱਢਾ ਦਲ ਪੰਜਵਾਂ ਤਖ਼ਤ, ਪੰਨਾ 41.

ਪਟਿਆਲਾ ਦਾ ਰਾਜਾ ਕਰਮ ਸਿੰਘ ਸੀ ਜੋ ਕਿ ਅੰਗਰੇਜ਼ਾਂ ਨਾਲ ਮਿਲਿਆ ਹੋਇਆ ਸੀ।[639] ਉਸਨੇ ਸਿੱਖਾਂ ਦਾ ਸਾਥ ਦੇਣ ਦੀ ਥਾਂ ਅੰਗਰੇਜ਼ਾਂ ਦਾ ਪੱਖ ਪੂਰਿਆ।[640] ਰਾਜਾ ਕਰਮ ਸਿੰਘ ਨੇ ਗੁ: ਦੁਖ ਨਿਵਾਰਨ ਸਾਹਿਬ ਵਾਲੀ ਥਾਂ 'ਤੇ ਬਾਬਾ ਹਨੂਮਾਨ ਸਿੰਘ ਜੀ ਦੇ ਜਥੇ ਉੱਤੇ ਤੋਪਾਂ ਨਾਲ ਹਮਲਾ ਕੀਤਾ ਜਿਸ ਨਾਲ ਵੱਡੀ ਗਿਣਤੀ ਵਿਚ ਨਿਹੰਗ ਸਿੰਘ ਸ਼ਹੀਦ ਹੋਏ।[641] ਗੁਰਦੁਆਰਾ ਸਿੰਘ ਸ਼ਹੀਦਾਂ, ਸੋਹਾਣਾ (ਮੋਹਾਲੀ) ਵਿਖੇ ਲੱਗੇ ਇਤਿਹਾਸ ਦੇ ਬੋਰਡ ਅਨੁਸਾਰ ਗੁ: ਦੁਖ ਨਿਵਾਰਨ ਸਾਹਿਬ ਦੀ ਥਾਂ 'ਤੇ ਲਗਪਗ ਪੰਦਰਾਂ ਹਜ਼ਾਰ ਸਿੰਘ ਸ਼ਹੀਦ ਹੋਏ ਸਨ।

ਬਾਬਾ ਹਨੂਮਾਨ ਸਿੰਘ ਜੀ ਨੇ ਖੁਦ ਅੱਗੇ ਵਧ ਕੇ ਤੋਪ ਦੇ ਮੂੰਹ ਵਿਚ ਭੂਰਾ (ਕੰਬਲ) ਦੇ ਦਿੱਤਾ। ਬਾਬਾ ਜੀ ਨੇ ਪਟਿਆਲਾ ਦੇ ਰਾਜਾ ਕਰਮ ਸਿੰਘ ਨੂੰ ਸਰਾਪ ਦਿੱਤਾ ਕਿ ਜੋ ਵੀ ਪਟਿਆਲੇ ਦੇ ਰਾਜੇ ਦਾ ਦਾਨ ਲੈ ਕੇ ਖਾਵੇਗਾ, ਉਹ ਕੁਸ਼ਟੀ (ਕੋਹੜੀ) ਹੋ ਕੇ ਮਰੇਗਾ।[642] ਬਚੇ ਹੋਏ ਸਿੰਘਾਂ ਨੇ ਗੁ: ਸ੍ਰੀ ਮੋਤੀ ਬਾਗ ਸਾਹਿਬ ਵਲ ਚਾਲੇ ਪਾ ਦਿੱਤੇ। ਪਟਿਆਲਾ ਰਿਆਸਤ ਦਾ ਵਜ਼ੀਰ-ਏ-ਆਜ਼ਮ ਮੁਸਲਮਾਨ ਸੀ, ਉਸ ਨੇ ਕਈ ਸਿੰਘਾਂ ਨੂੰ ਸ਼ਹੀਦ ਕੀਤਾ।[643] ਇੱਥੇ ਸ਼ਹੀਦ ਹੋਏ ਸਿੰਘਾਂ ਦਾ ਅੰਗੀਠਾ ਛਾਉਣੀ ਨਿਹੰਗ ਸਿੰਘਾਂ ਬਾਬਾ ਬੰਬਾ ਸਿੰਘ ਜੀ ਦੇ ਅਸਥਾਨ 'ਤੇ ਬਣਿਆ ਹੋਇਆ ਹੈ। ਗੁ: ਦੂਖ ਨਿਵਾਰਨ ਸਾਹਿਬ ਵਿਖੇ ਜੋ ਨਿਹੰਗ ਸਿੰਘ ਸ਼ਹੀਦ ਹੋਏ, ਉਨ੍ਹਾਂ ਦਾ ਅੰਗੀਠਾ ਬੋਹੜ ਦੇ ਦਰੱਖਤ ਵਾਲੀ ਥਾਂ 'ਤੇ ਹੈ ਜਿੱਥੇ ਜੋਤ ਜਗਦੀ ਹੈ।[644] ਇੱਥੇ ਹੀ ਸ਼ਹੀਦ ਸਿੰਘਾਂ ਦਾ ਸੰਸਕਾਰ ਕੀਤਾ ਗਿਆ ਸੀ।[645]

ਇੱਥੋਂ ਲੜਦੇ ਹੋਏ ਬਾਬਾ ਹਨੂਮਾਨ ਸਿੰਘ ਜੀ ਬਚੇ ਹੋਏ ਸਿੰਘਾਂ ਨਾਲ ਘੁੜਾਮ ਅਤੇ ਫੇਰ ਰਾਜਪੁਰੇ ਪਹੁੰਚੇ। ਰਾਜਪੁਰੇ ਤੋਂ ਹੁੰਦੇ ਹੋਏ ਸਾਰਾ ਬੁੱਢਾ ਦਲ ਛੱਤ ਬਨੂੜ, ਕੁੰਭੜੇ ਸੁਹਾਣੇ ਵਲ ਵਧਿਆ।[646] ਜਦੋਂ 'ਕੁੰਬੜੇ

---

639 ਕ੍ਰਿਪਾਲ ਸਿੰਘ ਵੜੈਚ (ਗਿਆਨੀ), ਦੋ ਗੁਰਸਿੱਖ ਨਿਰਮੋਲਕ ਹੀਰੇ, ਪੰਨਾ 127(ਫੁਟਨੋਟ)

640 ਜਗਜੀਵਨ ਮੋਹਨ ਵਾਲੀਆ, ਬਾਬਾ ਆਲਾ ਸਿੰਘ, ਪੰਨਾ 74.

641 S.J.S. Pall, The Beloved Forces of the Guru, pages 68-69.

642 ਦਿਆਲ ਸਿੰਘ ਲਿਖਾਰੀ (ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 10, ਸਾਲ 4, ਗੁਰੂ ਕਾ ਬਾਗ, ਅਨੰਦਪੁਰ ਸਾਹਿਬ, ਅਕਤੂਬਰ, 1975, ਪੰਨੇ 36-37.

643 ਪਿਆਰਾ ਸਿੰਘ ਪਦਮ (ਪ੍ਰੋ.), ਸਿੱਖ ਸੰਪ੍ਰਦਾਵਲੀ, ਪੰਨਾ 109.

644 ਇਹ ਦਰੱਖਤ ਵੱਢ ਕੇ ਅੰਗੀਠੇ ਵਾਲੀ ਥਾਂ ਪੱਧਰੀ ਕਰ ਦਿੱਤੀ ਗਈ। ਉਸ ਥਾਂ ਉੱਪਰ ਹੁਣ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਹੁਕਮਨਾਮਾ ਸੁਸ਼ੋਭਿਤ ਕੀਤਾ ਗਿਆ ਹੈ।

645 ਕ੍ਰਿਪਾਲ ਸਿੰਘ ਵੜੈਚ (ਗਿਆਨੀ), ਦੋ ਗੁਰਸਿੱਖ ਨਿਰਮੋਲਕ ਹੀਰੇ, ਪੰਨਾ 127(ਫੁਟਨੋਟ)

646 ਦਿਆਲ ਸਿੰਘ ਲਿਖਾਰੀ (ਸੰਪਾ.), ਨਿਹੰਗ ਸਿੰਘ ਸੰਦੇਸ਼, ਗੁਰੂ ਕਾ ਬਾਗ, ਅਨੰਦਪੁਰ ਸਾਹਿਬ, ਅਕਤੂਬਰ, 1975, ਅੰਕ 10, ਸਾਲ 4, ਪੰਨੇ 36-37.

ਸੁਹਾਣੇ' ਕੋਲ ਪਹੁੰਚੇ ਤਾਂ ਪਟਿਆਲੇ ਦੇ ਰਾਜੇ ਦੀ ਫੌਜ ਨਾਲ ਹੋਈ ਮੁਠਭੇੜ ਵਿਚ ਬਾਬਾ ਹਨੂਮਾਨ ਸਿੰਘ ਜੀ ਤੋਪ ਦਾ ਗੋਲਾ ਲੱਗਣ ਕਾਰਨ ਸ਼ਹੀਦੀ ਪਾ ਗਏ। ਜੋ ਸਿੰਘ ਸੁਹਾਣੇ ਵਿਖੇ ਸ਼ਹੀਦ ਹੋਏ ਸਨ ਉਨ੍ਹਾਂ ਦੇ ਅੰਗੀਠੇ ਵਾਲੀ ਥਾਂ 'ਤੇ ਗੁਰਦੁਆਰਾ 'ਸਿੰਘ ਸ਼ਹੀਦਾਂ' ਬਣਿਆ ਹੋਇਆ ਹੈ।[647] ਸ਼ਹੀਦੀ ਵੇਲੇ ਬਾਬਾ ਜੀ ਉਮਰ 90 ਸਾਲ ਦੀ ਸੀ।[648]

ਕੁਝ ਸਿੰਘ ਪਿੰਡ ਫਾਦੀ (ਹੁਣ ਸੈਕਟਰ 47, ਚੰਡੀਗੜ੍ਹ) ਵਿਖੇ ਸ਼ਹੀਦ ਹੋਏ ਅਤੇ ਕੁਝ ਬਾਬਾ ਅਵਧੂ (ਊਧੋ) ਸਿੰਘ ਦੀ ਕਮਾਨ ਹੇਠ ਪਿੰਡ ਮਾਦਲਪੁਰ (ਹੁਣ ਸੈਕਟਰ 15, ਪੰਚਕੂਲਾ) ਤੱਕ ਜੂਝੇ। ਉੱਥੇ ਬਾਬਾ ਅਵਧੂ ਸਿੰਘ ਜੀ ਦੀ ਸ਼ਹੀਦੀ ਯਾਦਗਾਰ ਵੀ ਬਣੀ ਹੋਈ ਹੈ। ਬਾਬਾ ਅਵਧੂ ਸਿੰਘ 'ਆਹਲੂਵਾਲੀਆ' ਮਿਸਲ ਵਿਚੋਂ ਸਨ ਅਤੇ ਜਲੰਧਰ ਦੇ ਰਹਿਣ ਵਾਲੇ ਸਨ।[649]

**ਅੱਠਵੇਂ ਜਥੇਦਾਰ ਬਾਬਾ ਪ੍ਰਹਿਲਾਦ ਸਿੰਘ ਜੀ ਸ਼ਹੀਦ:**

ਜਥੇਦਾਰ ਬਾਬਾ ਪ੍ਰਹਿਲਾਦ ਸਿੰਘ ਜੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਅੱਠਵੇਂ ਜਥੇਦਾਰ ਸਨ। ਸਮੂਹ ਨਿਹੰਗ ਸਿੰਘ ਆਪਣੇ ਬੋਲਿਆਂ ਕਾਰਨ ਬਾਬਾ ਜੀ ਨੂੰ 'ਪ੍ਰਹਿਲਾਦਾ ਸਿੰਘ' ਆਖਦੇ ਹਨ। ਪ੍ਰੋ. ਪਿਆਰਾ ਸਿੰਘ ਪਦਮ ਅਨੁਸਾਰ ਬਾਬਾ ਪ੍ਰਹਿਲਾਦ ਸਿੰਘ ਜੀ ਕਾਠਗੜ੍ਹ ਦੇ ਇਲਾਕੇ ਦੇ ਵਸਨੀਕ ਸਨ।[650] ਬਾਬਾ ਜੀ ਦੇ ਪਿਤਾ ਦਾ ਨਾਂ ਸ. ਜਗਤ ਸਿੰਘ ਅਤੇ ਮਾਤਾ ਜੀ ਦਾ ਨਾਂ ਬਿਸ਼ਨ ਕੌਰ ਸੀ।[651] ਬਾਬਾ ਪ੍ਰਹਿਲਾਦ ਸਿੰਘ ਜੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੀ ਰਹੇ।[652] ਬਾਬਾ ਹਨੂਮਾਨ ਸਿੰਘ ਜੀ ਦੀ ਸ਼ਹੀਦੀ ਤੋਂ ਬਾਅਦ ਬਾਬਾ ਪ੍ਰਹਿਲਾਦ ਸਿੰਘ ਜੀ ਬੁੱਢੇ ਦਲ ਦੇ ਅਠਵੇਂ ਜਥੇਦਾਰ ਥਾਪੇ ਗਏ। ਨਿਹੰਗ ਸਿੰਘਾਂ ਉੱਤੇ ਸਖ਼ਤੀ ਹੋਣ ਕਾਰਨ ਸਾਰੇ ਸਿੰਘ ਨਾਂਦੇੜ ਚਲੇ ਗਏ ਅਤੇ ਗੋਦਾਵਰੀ ਨਦੀ ਦੇ ਕੰਢੇ ਨਿਹੰਗ ਸਿੰਘਾਂ ਦੀ ਛਾਉਣੀ 'ਤੇ ਜਾ ਕੇ ਸਾਰੇ ਬੁੱਢਾ ਦਲ ਨੇ ਡੇਰੇ ਲਾਏ। ਦੱਖਣੀ ਸਿੱਖਾਂ ਨੇ ਨਿਹੰਗ ਸਿੰਘਾਂ ਨੂੰ ਰਿਆਸਤ ਵਿਚੋਂ ਕੱਢਣ ਦੀ ਵਿਉਂਤ ਬਣਾਈ।

---

647 ਕ੍ਰਿਪਾਲ ਸਿੰਘ ਵੜੈਚ (ਗਿਆਨੀ), ਦੋ ਗੁਰਸਿੱਖ ਨਿਰਮੋਲਕ ਹੀਰੇ, ਪੰਨਾ 128(ਫੁਟਨੋਟ)

648 ਉਹੀ, ਪੰਨਾ 127(ਫੁਟਨੋਟ)

649 ਗੁ: ਸ਼ਹੀਦ ਬਾਬਾ ਅਵਧੂ ਸਿੰਘ ਜੀ, ਪਿੰਡ ਮਾਦਲਪੁਰ, ਸੈਕਟਰ 15, ਪੰਚਕੂਲਾ ਵਿਖੇ ਲੱਗੇ ਇਤਿਹਾਸ ਦੇ ਬੋਰਡ ਮੁਤਾਬਿਕ.

650 ਪਿਆਰਾ ਸਿੰਘ ਪਦਮ (ਪ੍ਰੋ.), ਸਿੱਖ ਸੰਪ੍ਰਦਾਵਲੀ, ਪੰਨਾ 109.

651 S.J.S. Pall, The Beloved Forces of the Guru, page 71.

652 Kirpal Singh & Kharak Singh (Ed.), History of The Sikhs & Their Religion, Vol.I, p. 414.

ਬਾਬਾ ਪ੍ਰਹਿਲਾਦ ਸਿੰਘ ਜੀ ਨੂੰ ਮਾਰਨ ਲਈ ਭਾਈ ਆਲਾ ਸਿੰਘ ਹੈੱਡਗ੍ਰੰਥੀ, ਭਾਈ ਰੂੜ ਸਿੰਘ ਰਹਿਰਾਸੀਏ, ਭਾਈ ਕੇਸਰ ਸਿੰਘ ਲਾਂਗਰੀ, ਭਾਈ ਅਮਰ ਸਿੰਘ ਤੇ ਭਾਈ ਸਾਹਿਬ ਸਿੰਘ ਆਦਿ ਸਨ।[653]

ਜਥੇਦਾਰ ਜੀ ਨੇ ਉਨ੍ਹਾਂ ਨੂੰ ਆਉਂਦਿਆਂ ਵੇਖਿਆ ਤਾਂ ਤਖ਼ਤ ਦੇ ਸੇਵਾਦਾਰ ਦੇ ਸਤਿਕਾਰ ਵਜੋਂ ਇਕੱਲੇ ਹੀ ਕੰਬਲ (ਭੂਰੇ) ਵਿਛਾਉਣ ਲੱਗੇ। ਹੈੱਡਗ੍ਰੰਥੀ ਆਲਾ ਸਿੰਘ ਨੇ ਮੌਕਾ ਵੇਖਦਿਆਂ ਝਟਪਟ ਆਪਣੀ ਤਲਵਾਰ ਕੱਢ ਕੇ ਜਥੇਦਾਰ ਜੀ ਦੇ ਲੱਕ ਵਿਚ ਮਾਰ ਦਿੱਤੀ ਅਤੇ ਭੱਜ ਉਠੇ। ਜਥੇਦਾਰ ਜੀ ਸਖ਼ਤ ਜਖ਼ਮੀ ਹੋ ਗਏ ਅਤੇ ਝਟ ਹੀ ਸੰਭਲਦਿਆਂ ਹੋਇਆਂ ਇਕ ਕੰਬਲ ਆਪਣੇ ਜਖ਼ਮ ਉਤੇ ਕਮਰਕੱਸਾ ਕਰ ਕੇ ਗ੍ਰੰਥੀ ਸਿੰਘ ਦੇ ਪਿੱਛੇ ਭੱਜ ਪਏ ਅਤੇ ਆਲਾ ਸਿੰਘ ਦਾ ਸਿਰ ਕਲਮ ਕਰ ਦਿੱਤਾ, ਨਾਲ ਹੀ ਆਪ ਵੀ ਪ੍ਰਾਣ ਤਿਆਗ ਗਏ।[654] ਬਾਬਾ ਪ੍ਰਹਿਲਾਦ ਸਿੰਘ ਜੀ ਜਿੱਥੇ ਸ਼ਹੀਦ ਹੋਏ ਉੱਥੇ ਬਾਬਾ ਜੀ ਦਾ ਅੰਗੀਠਾ ਗੁ. ਨਗੀਨਾ ਘਾਟ ਦੇ ਸਾਹਮਣੇ ਛਾਉਣੀ ਨਿਹੰਗ ਸਿੰਘਾਂ ਪਾਸ ਹੈ।[655] ਬਾਬਾ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਸਮੂਹ ਸਿੰਘਾਂ ਨੇ ਬਾਬਾ ਗਿਆਨਾ ਸਿੰਘ ਜੀ ਨੂੰ ਅਗਲਾ ਜਥੇਦਾਰ ਚੁਣ ਲਿਆ।[656] ਗ੍ਰੰਥੀ ਆਲਾ ਸਿੰਘ ਦੇ ਪਰਿਵਾਰ ਨੂੰ ਸਰਾਪ ਦਿੱਤਾ ਗਿਆ ਕਿ ਅੱਗੋਂ ਪਰਿਵਾਰ ਦੀ ਜੜ੍ਹ ਸੁੱਕੀ ਰਹੇਗੀ ਭਾਵ ਔਲਾਦ ਨਹੀਂ ਹੋਵੇਗੀ।

**ਨੌਵੇਂ ਜਥੇਦਾਰ ਬਾਬਾ ਗਿਆਨਾ ਸਿੰਘ ਜੀ:**

ਬਾਬਾ ਗਿਆਨਾ ਸਿੰਘ ਜੀ ਦਾ ਜਨਮ ਪਿੰਡ ਭੈਰੋਵਾਲ, ਤਹਿਸੀਲ ਜਗਰਾਉਂ ਵਿਖੇ ਹੋਇਆ। ਪ੍ਰੋ. ਪਿਆਰਾ ਸਿੰਘ ਪਦਮ ਅਨੁਸਾਰ ਆਪ ਲੁਬਾਣਾ ਬਰਾਦਰੀ ਵਿਚੋਂ ਸਨ।[657] ਬਾਬਾ ਗਿਆਨਾ ਸਿੰਘ ਜੀ ਨਿਹੰਗ ਸਿੰਘ ਹਠੀ ਤਪੀ ਮਹਾਂ ਪੁਰਸ਼ ਸਨ।[658] ਬਾਬਾ ਪ੍ਰਹਿਲਾਦ ਸਿੰਘ ਜੀ ਦੀ ਸ਼ਹੀਦੀ ਤੋਂ ਬਾਅਦ ਹੈਦਰਾਬਾਦ ਦੇ ਨਿਜ਼ਾਮ ਨੇ ਬੁੱਢਾ ਦਲ ਦੇ ਨਿਸ਼ਾਨ-ਨਗਾਰੇ ਜਬਤ ਕਰ ਲਏ ਜੋ ਕਿ ਬਾਰ੍ਹਾਂ ਸਾਲ ਤੱਕ ਜਬਤ ਰਹੇ। ਬਾਬਾ ਗਿਆਨਾ ਸਿੰਘ ਜੀ ਦੇ ਕਹਿਣ 'ਤੇ ਅੰਮ੍ਰਿਤਸਰ ਦਾ ਰਹਿਣ ਵਾਲਾ ਅਤੇ ਭਾਟੜਾ ਬਰਾਦਰੀ ਨਾਲ ਸੰਬੰਧਿਤ

---

653 ਸਤਵੰਤ ਸਿੰਘ ਢਿਲੋਂ (ਮੁਖ ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 4, ਸਾਲ 4, ਸ੍ਰੀ ਅਨੰਦਪੁਰ ਸਾਹਿਬ, ਰੋਪੜ, ਅਪ੍ਰੈਲ 1975, ਪੰਨਾ 13.

654 S.J.S. Pall, The Beloved Forces of the Guru, page 71.

655 ਦਿਆਲ ਸਿੰਘ ਲਿਖਾਰੀ, ਮੁਖਤਿਆਰੇ ਆਮ (ਮੁਖ ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 11, ਸਾਲ 30, ਬਗੀਚੀ ਬਾਬਾ ਬੰਬਾ ਸਿੰਘ ਜੀ, ਲੋਇਰ ਮਾਲ ਰੋਡ, ਪਟਿਆਲਾ, ਨਵੰਬਰ 1998, ਪੰਨਾ 24.

656 S.J.S. Pall, The Beloved Forces of the Guru, page 72.

657 ਪਿਆਰਾ ਸਿੰਘ ਪਦਮ (ਪ੍ਰੋ.), ਸਿੱਖ ਸੰਪ੍ਰਦਾਵਲੀ, ਪੰਨਾ 110.

658 ਠਾਕੁਰ ਸਿੰਘ (ਗਿਆਨੀ), ਗ੍ਰੰਥ ਸ੍ਰੀ ਗੁਰਦੁਆਰੇ ਦਰਸ਼ਨ, ਪੰਨੇ 543-546.

ਭਾਈ ਪ੍ਰੇਮ ਸਿੰਘ ਨੇ ਆਪਣੇ ਭਜਨ-ਬੰਦਗੀ ਦੇ ਪ੍ਰਤਾਪ ਨਾਲ ਨਵਾਬ ਨੂੰ ਨਿਸ਼ਾਨ-ਨਗਾਰੇ ਦੇਣ ਲਈ ਮਜਬੂਰ ਕਰ ਦਿੱਤਾ। ਬਾਬਾ ਗਿਆਨਾ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ, ਨਗਾਰਾ ਅਤੇ ਨਿਸ਼ਾਨ ਸਾਹਿਬ ਨਾਲ, ਤਿੰਨ ਸਿੰਘਾਂ ਸਮੇਤ ਨਾਂਦੇੜ ਤੋਂ ਪੈਦਲ ਚਲ ਕੇ ਪੰਜਾਬ ਪਹੁੰਚੇ।[659] ਇਹ ਤਿੰਨ ਸਿੰਘ ਬਾਬਾ ਪ੍ਰੇਮ ਸਿੰਘ, ਜਥੇਦਾਰ ਬਾਬਾ ਗਿਆਨਾ ਸਿੰਘ ਅਤੇ ਬਾਬਾ ਸੁੰਦਰ ਸਿੰਘ ਜੀ ਸਨ।[660] ਜਦੋਂ ਬਾਬਾ ਗਿਆਨਾ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਕ ਬੀੜ ਅਤੇ ਨਿਸ਼ਾਨ-ਨਗਾਰੇ ਲੈ ਕੇ ਵਾਪਿਸ ਪੰਜਾਬ ਆਏ ਤਾਂ ਹੁਸ਼ਿਆਰਪੁਰ ਦੇ ਰਹਿਣ ਵਾਲੇ ਫ਼ਤਿਹ ਸਿੰਘ ਮਹਿਲਪੁਰ ਨੇ ਪੰਜ ਘੋੜੇ ਅਤੇ ਅਤੇ ਕੁਝ ਪੈਸੇ ਬਾਬਾ ਜੀ ਨੂੰ ਭੇਟਾ ਕੀਤੇ ਸਨ।[661] ਪੰਜਾਬ ਆ ਕੇ ਬਾਬਾ ਗਿਆਨਾ ਸਿੰਘ ਜੀ ਨੇ ਅੰਗਰੇਜ਼ ਸਰਕਾਰ ਨੂੰ ਇਹ ਅਹਿਸਾਸ ਕਰਵਾ ਦਿੱਤਾ ਸੀ ਕਿ ਨਿਹੰਗ ਸਿੰਘਾਂ ਨੂੰ ਖਤਮ ਕਰਨ ਦੀ ਨੀਤੀ ਜ਼ਿਆਦਾ ਸਮਾਂ ਨਹੀਂ ਚਲ ਸਕਦੀ।[662] ਆਪ ਜੀ ਦਾ ਅੰਗੀਠਾ ਸ਼ਹੀਦੀ ਬਾਗ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਿਲ੍ਹਾ ਅਨੰਦਗੜ੍ਹ ਸਾਹਿਬ ਦੇ ਸਾਹਮਣੇ ਹੈ।[663]

**ਦਸਵੇਂ ਜਥੇਦਾਰ ਬਾਬਾ ਤੇਜਾ ਸਿੰਘ ਜੀ:**

ਜਥੇਦਾਰ ਬਾਬਾ ਤੇਜਾ ਸਿੰਘ ਜੀ ਦਾ ਜਨਮ ਪਿੰਡ ਸਿੱਖਾਂਵਾਲੀ, ਜ਼ਿਲ੍ਹਾ ਰਾਵਲਪਿੰਡੀ (ਪਾਕਿਸਤਾਨ) ਦੇ ਸ਼ਾਹੂਕਾਰ ਸ. ਖਜ਼ਾਨ ਸਿੰਘ ਜੀ ਦੇ ਗ੍ਰਹਿ ਵਿਖੇ ਮਾਤਾ ਸੁਗੋ ਦੀ ਕੁਖੋਂ 1839 ਈ. ਨੂੰ ਹੋਇਆ।[664] ਬਾਬਾ ਤੇਜਾ ਸਿੰਘ ਜੀ ਦਾ ਵਿਆਹ ਬੀਬੀ ਹਰਾਂ ਨਾਲ ਹੋਇਆ।[665] ਉਹ ਚੰਗੇ ਕੀਰਤਨੀਏ ਵੀ ਸਨ।[666] ਬਾਬਾ ਤੇਜਾ ਸਿੰਘ ਜੀ ਨੂੰ 68 ਸਾਲ ਦੀ ਉਮਰ (1907 ਈ.) ਵਿਚ ਬੁੱਢੇ ਦਲ ਦੀ ਜਥੇਦਾਰੀ ਮਿਲੀ।[667] ਬਾਬਾ ਤੇਜਾ ਸਿੰਘ ਜੀ ਅਰੋੜਾ (ਖੱਤਰੀ) ਗੋਤ ਦੇ ਸਨ। ਬਾਬਾ ਜੀ ਨੇ 22 ਸਾਲ ਬੁੱਢਾ ਦਲ ਦੀ ਜਥੇਦਾਰੀ ਦੀ ਸੇਵਾ

---

659 S.J.S. Pall, The Beloved Forces of the Guru, page 73.
660 ਕ੍ਰਿਪਾਲ ਸਿੰਘ ਵੜੈਚ (ਗਿਆਨੀ), ਦੋ ਗੁਰਸਿੱਖ ਨਿਰਮੋਲਕ ਹੀਰੇ, ਪੰਨਾ 126 (ਫੁਟਨੋਟ)
661 S.J.S. Pall, The Beloved Forces of The Guru, p.73.
662 ibid, p.74.
663 ਦਿਆਲ ਸਿੰਘ ਲਿਖਾਰੀ, ਮੁਖਤਿਆਰੇ ਆਮ (ਮੁਖ ਸੰਪਾ.), ਨਿਹੰਗ ਸਿੰਘ ਸੰਦੇਸ਼, ਨਵੰਬਰ 1998, ਪੰਨਾ 24.
664 ਕ੍ਰਿਪਾਲ ਸਿੰਘ ਵੜੈਚ (ਗਿਆਨੀ), ਦੋ ਗੁਰਸਿੱਖ ਨਿਰਮੋਲਕ ਹੀਰੇ, ਪੰਨਾ 112.
665 ਉਹੀ, ਪੰਨਾ 112 (ਫੁਟਨੋਟ)
666 Kirpal Singh & Kharak Singh (Ed.), History of The Sikhs & Their Religion, Vol.I, p. 414.
667 ਕ੍ਰਿਪਾਲ ਸਿੰਘ ਵੜੈਚ (ਗਿਆਨੀ), ਦੋ ਗੁਰਸਿੱਖ ਨਿਰਮੋਲਕ ਹੀਰੇ, ਪੰਨਾ 112 (ਫੁਟਨੋਟ)

ਕੀਤੀ।[668] ਬੁੱਢਾ ਦਲ ਦੇ ਲਿਖਾਰੀ ਬਾਬਾ ਦਿਆਲ ਸਿੰਘ ਅਨੁਸਾਰ, ਬਾਬਾ ਤੇਜਾ ਸਿੰਘ ਜੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੀ ਸਨ।[669] ਸਰਕਾਰ ਦੀਆਂ ਪਾਬੰਦੀਆਂ ਅਤੇ ਹੈਦਰਾਬਾਦ ਨਵਾਬ ਦੁਆਰਾ ਰਿਆਸਤ ਵਿਚ ਇਕੱਠੇ ਚਾਰ-ਪੰਜ ਨਿਹੰਗ ਸਿੰਘਾਂ ਦੇ ਦਾਖਲੇ 'ਤੇ ਪਾਬੰਦੀ ਸੀ।[670] ਇਸੇ ਕਾਰਨ 1918 ਈ. ਵਿਚ ਜਥੇਦਾਰ ਬਾਬਾ ਤੇਜਾ ਸਿੰਘ ਦੁਆਰਾ ਸਮੂਹ ਬੁੱਢਾ ਦਲ ਦਾ ਤਖ਼ਤ ਸ੍ਰੀ ਹਜ਼ੂਰ ਸਾਹਿਬ ਜਾਣ ਦਾ ਫੁਰਨਾ ਸਫ਼ਲ ਨਾ ਹੋ ਸਕਿਆ।[671] ਇਸ ਕਾਰਨ ਬੁੱਢਾ ਦਲ ਵਲੋਂ ਬਾਬਾ ਮਿੱਤ ਸਿੰਘ ਜੀ ਅਤੇ ਬਾਬਾ ਧਰਮ ਸਿੰਘ ਜੀ ਨੰਗੇ ਪੈਰੀਂ ਪੈਦਲ ਚਲ ਕੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਗਏ ਸਨ।

ਜਥੇਦਾਰ ਬਾਬਾ ਤੇਜਾ ਸਿੰਘ ਜੀ 28 ਜੇਠ ਸੰਮਤ 1986 ਬਿਕ੍ਰਮੀ ਮੁਤਾਬਕ ਸੰਨ 1929 ਈ. ਨੂੰ ਅਕਾਲ ਚਲਾਣਾ ਕਰ ਗਏ। ਬਾਬਾ ਤੇਜਾ ਸਿੰਘ ਜੀ ਦਾ ਅੰਗੀਠਾ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਜੀ ਵਿਖੇ ਹੈ। ਇਨ੍ਹਾਂ ਦੀ ਯਾਦ ਵਿਚ ਨਿਸ਼ਾਨ ਸਾਹਿਬ ਲੱਗਾ ਹੋਇਆ ਹੈ।[672] ਜਥੇਦਾਰ ਜੀ ਕੁਲ ਉਮਰ 90 ਸਾਲ ਦੀ ਸੀ।

**ਗਿਆਰ੍ਹਵੇਂ ਜਥੇਦਾਰ ਬਾਬਾ ਸਾਹਿਬ ਸਿੰਘ ਕਲਾਧਾਰੀ:**

ਜਥੇਦਾਰ ਬਾਬਾ ਸਾਹਿਬ ਸਿੰਘ ਕਲਾਧਾਰੀ ਦਾ ਜਨਮ ਸੰਮਤ 1933 ਮੁਤਾਬਿਕ 1876 ਈ. ਵਿਚ ਪਿੰਡ ਭੜੀ ਵਿਖੇ ਹੋਇਆ ਜੋ ਕਿ ਖੰਨਾ-ਖਮਾਣੋਂ ਸੜਕ ਉੱਤੇ ਸਥਿਤ ਹੈ। ਬਾਬਾ ਜੀ ਕੰਗ ਗੋਤ ਦੇ ਸਨ। ਬਾਬਾ ਜੀ ਦੇ ਪਿਤਾ ਬਿਸ਼ਨ ਸਿੰਘ ਅਤੇ ਮਾਤਾ ਅਤਰ ਕੌਰ ਸੀ। ਬਾਬਾ ਸਾਹਿਬ ਸਿੰਘ ਜੀ ਕਲਾਧਾਰੀ ਜੀ ਦੇ ਦਾਦਾ ਸ. ਮਾਨ ਸਿੰਘ ਜੀ ਦਾ ਵਿਆਹ ਪਿੰਡ ਭੜੀ ਦੇ ਸ. ਰਤਨ ਸਿੰਘ ਜੀ ਭੰਗੂ ਦੀ ਭੈਣ ਬੀਬੀ ਗੁਜਰੀ ਨਾਲ ਹੋਇਆ। ਇਸ ਪ੍ਰਕਾਰ ਬਾਬਾ ਸਾਹਿਬ ਸਿੰਘ ਜੀ ਰਤਨ ਸਿੰਘ ਭੰਗੂ ਦੇ ਦੋਹਤਰੇ ਲਗਦੇ ਸਨ।[673] ਇਸ ਤਰ੍ਹਾਂ

---

[668] ਦਿਆਲ ਸਿੰਘ ਲਿਖਾਰੀ, ਮੁਖਤਿਆਰੇ ਆਮ (ਮੁਖ ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 11, ਸਾਲ 30, ਬਗੀਚੀ ਬਾਬਾ ਬੰਬਾ ਸਿੰਘ ਜੀ, ਲੋਇਰ ਮਾਲ ਰੋਡ, ਪਟਿਆਲਾ, ਨਵੰਬਰ 1998, ਪੰਨਾ 24.

[669] ਉਹੀ, ਅੰਕ 7, ਸਾਲ 31, ਬਗੀਚੀ ਬਾਬਾ ਬੰਬਾ ਸਿੰਘ ਜੀ, ਲੋਇਰ ਮਾਲ ਰੋਡ, ਪਟਿਆਲਾ, ਜੁਲਾਈ 1999, ਪੰਨਾ 8.

[670] ਕ੍ਰਿਪਾਲ ਸਿੰਘ ਵੜੈਚ, ਗਿਆਨੀ, ਦੋ ਗੁਰਸਿੱਖ ਨਿਰਮੋਲਕ ਹੀਰੇ, ਪੰਨਾ 130.

[671] ਉਹੀ, ਪੰਨੇ 130-132.

[672] ਉਹੀ, ਪੰਨਾ 112.

[673] ਬਲਬੀਰ ਸਿੰਘ ਹਜ਼ੂਰੀ ਸੇਵਕ ਬੁੱਢਾ ਦਲ (ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 8, ਸਾਲ 25, ਬਗੀਚੀ ਬਾਬਾ ਬੰਬਾ ਸਿੰਘ ਜੀ, ਲੋਇਰ ਮਾਲ ਰੋਡ, ਪਟਿਆਲਾ, ਅਗਸਤ 1993, ਪੰਨਾ 18.

ਆਪ ਜੀ ਦਾ ਸੰਬੰਧ ਸ਼ਹੀਦ ਸਿੰਘਾਂ ਦੇ ਖਾਨਦਾਨ ਨਾਲ ਜੁੜਦਾ ਹੈ।[674] ਬਾਬਾ ਜੀ ਦਾ ਆਨੰਦ ਕਾਰਜ ਪਿੰਡ ਜਰਗ ਦੀ ਬੀਬੀ ਹਰਨਾਮ ਕੌਰ ਨਾਲ ਹੋਇਆ। ਬਾਬਾ ਜੀ ਦੇ ਸਪੁੱਤਰ ਦਾ ਨਾਂ ਗੁਰਬਚਨ ਸਿੰਘ 'ਹਕੀਮ' ਸੀ। ਆਪਣੇ ਸਪੁੱਤਰ ਦੇ ਜਨਮ ਦੇ ਇਕ ਸਾਲ ਪਿਛੋਂ ਹੀ ਕਲਾਧਾਰੀ ਜੀ ਨੇ ਦਲ ਪੰਥ ਵਿਚ ਪ੍ਰਵੇਸ਼ ਕਰ ਲਿਆ ਸੀ।[675]

ਬਾਬਾ ਸਾਹਿਬ ਸਿੰਘ ਜੀ ਕਲਾਧਾਰੀ ਨੇ ਦਸਵੀਂ ਦੀ ਸਕੂਲੀ ਵਿੱਦਿਆ ਤੋਂ ਬਾਅਦ ਡੀ.ਏ.ਵੀ ਕਾਲਜ ਲਾਹੌਰ ਤੋਂ ਉੱਚ ਵਿੱਦਿਆ ਹਾਸਿਲ ਕੀਤੀ। ਪੜ੍ਹਾਈ ਤੋਂ ਬਾਅਦ ਤਹਿਸੀਲਦਾਰ ਦੀ ਪਦਵੀ ਤੇ ਲੱਗੇ। ਪਟਿਆਲਾ ਵਿਖੇ ਨੌਕਰੀ ਕਰਦੇ ਹੋਇਆਂ ਬਾਬਾ ਜੀ ਦਾ ਆਉਣਾ ਜਾਣਾ ਨਿਹੰਗ ਸਿੰਘਾਂ ਦੀ ਬਗੀਚੀ ਬਾਬਾ ਬੰਬਾ ਸਿੰਘ ਜੀ ਵਿਚ ਹੋ ਗਿਆ। ਬਾਬਾ ਜੀ ਨੌਕਰੀ ਤੋਂ ਅਸਤੀਫਾ ਦੇ ਕੇ ਬੁੱਢਾ ਦਲ ਵਿਚ ਭਰਤੀ ਹੋ ਗਏ। ਬਾਬਾ ਜੀ ਨੇ ਲਗਭਗ ਬਾਰ੍ਹਾਂ ਸਾਲ ਬੁੱਢਾ ਦਲ ਵਿਚ ਲੰਗਰ ਆਦਿ ਦੀ ਸੇਵਾ ਕੀਤੀ।[676] ਆਪ ਜੀ ਨੇ 25 ਸਾਲ ਪੰਥ ਦੇ ਜਥੇਦਾਰ ਰਹਿਕੇ ਸੇਵਾ ਕੀਤੀ।[677]

**'ਕਲਾਧਾਰੀ' ਲਕਬ:**

ਬਾਬਾ ਸਾਹਿਬ ਸਿੰਘ ਜੀ ਦੇ ਨਾਂ ਨਾਲ 'ਕਲਾਧਾਰੀ' ਲਕਬ ਜੁੜਦਾ ਹੈ। ਬਾਬਾ ਸਾਹਿਬ ਜੀ ਕਲਾਧਾਰੀ ਹਰ ਕੰਮ ਬੜੀ ਫੁਰਤੀ ਅਤੇ ਸੁੱਚਜਤਾ ਨਾਲ ਕਰਦੇ ਸਨ। ਇਸੇ ਕਰਕੇ ਆਮ ਲੋਕ ਉਨ੍ਹਾਂ ਨੂੰ 'ਕਲਾਧਾਰੀ ਜੀ' ਆਖਦੇ ਸਨ। ਜਥੇਦਾਰ ਬਾਬਾ ਸਾਹਿਬ ਸਿੰਘ ਜੀ ਵਿਚ ਇਹ ਕਲਾ ਸੀ ਕਿ ਉਹ ਹਰ ਇਕ ਸਿੰਘ ਦੇ ਗੁਣਾਂ ਨੂੰ ਜਾਣਨ ਵਿਚ ਚੰਗੀ ਗੂੜ੍ਹਤਾ ਰਖਦੇ ਅਤੇ ਉਹੋ ਜਿਹਾ ਹੀ ਉਸ ਨਾਲ ਵਰਤਾਓ ਕਰਦੇ। ਬਾਬਾ ਸਾਹਿਬ ਸਿੰਘ ਜੀ ਕਲਾਧਾਰੀ ਜੀ ਨੇ ਹੀ ਬਾਬਾ ਕ੍ਰਿਪਾਲ ਸਿੰਘ ਜੀ ਨੂੰ ਪੰਥ ਦਾ ਲਿਖਾਰੀ ਮੁਕੱਰਰ

---

674 ਬਲਵੰਤ ਸਿੰਘ (ਸੰਤ ਖਾਲਸਾ), ਮਾਲਵਾ ਇਤਿਹਾਸ, ਜਿਲਦ ਚੌਥੀ, ਪੰਨਾ 422.

675 ਸਤਵੰਤ ਸਿੰਘ ਢਿਲੋਂ (ਸੰਪਾ.), ਨਿਹੰਗ ਸਿੰਘ ਸੰਦੇਸ਼, ਸਾਲ 1, ਅੰਕ 5, ਨਿਹੰਗ ਸਿੰਘ ਸੰਦੇਸ਼, ਗੁਰੂ ਕਾ ਬਾਗ, ਸ੍ਰੀ ਅਨੰਦਪੁਰ ਸਾਹਿਬ, ਰੋਪੜ, ਸਤੰਬਰ 1972, ਪੰਨਾ 24.

676 ਦਿਆਲ ਸਿੰਘ ਲਿਖਾਰੀ, ਮੁਖਤਿਆਰੇ ਆਮ (ਮੁਖ ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 12, ਸਾਲ 30, ਬਗੀਚੀ ਬਾਬਾ ਬੰਬਾ ਸਿੰਘ ਜੀ, ਲੋਇਰ ਮਾਲ ਰੋਡ, ਪਟਿਆਲਾ, ਨਵੰਬਰ 1998, ਪੰਨਾ 19.

677 ਬਲਵੰਤ ਸਿੰਘ ਸ੍ਰੀਮਾਨ (ਸੰਤ ਖਾਲਸਾ), ਮਾਲਵਾ ਇਤਿਹਾਸ, ਜਿਲਦ ਚੌਥੀ, ਪੰਨਾ 422.

ਕੀਤਾ ਸੀ।[678] ਬਾਬਾ ਸਾਹਿਬ ਸਿੰਘ ਕਲਾਧਾਰੀ ਜੀ ਦੇ ਹੱਥਾਂ ਵਿਚ ਹਰ ਵੇਲੇ ਸੁੰਦਰ ਗੁਟਕਾ ਸੁਸ਼ੋਭਿਤ ਰਹਿੰਦਾ ਸੀ।[679]

**ਬੁੱਢੇ ਦਲ ਦੀ ਜਥੇਦਾਰੀ ਦਾ ਪੰਥਕ ਫੈਸਲਾ:**

ਜਦੋਂ ਜਥੇਦਾਰ ਬਾਬਾ ਤੇਜਾ ਸਿੰਘ ਜੀ ਅਕਾਲ ਚਲਾਣਾ ਕਰ ਗਏ ਤਾਂ ਪੰਥ ਦੀ ਜਥੇਦਾਰੀ ਲਈ ਦੋ ਦਾਅਵੇਦਾਰ ਸਾਹਮਣੇ ਆਏ। ਇਕ ਜਥੇਦਾਰ ਬਾਬਾ ਰਾਮ ਸਿੰਘ ਜੀ ਅਤੇ ਦੂਜੇ ਸਾਹਿਬ ਸਿੰਘ ਜੀ ਕਲਾਧਾਰੀ ਸਨ। ਬਾਬਾ ਮਿੱਤ ਸਿੰਘ ਜੀ ਵਲੋਂ ਦੁਸਹਿਰਾ ਮਹਾਤਮ ਪੋਥੀ ਦੀ ਮਰਯਾਦਾ ਦੁਬਾਰਾ ਚਲਾਉਣ ਦੀ ਸ਼ਰਤ ਨਾਲ ਬਾਬਾ ਸਾਹਿਬ ਸਿੰਘ ਕਲਾਧਾਰੀ ਜੀ ਨੂੰ ਜਥੇਦਾਰ ਬਣਾਇਆ ਗਿਆ ਅਤੇ ਹੋਰ ਗੁਰ ਅਸਥਾਨਾਂ ਦੀ ਦੇਖ ਭਾਲ ਅਤੇ ਪ੍ਰਬੰਧ ਦੀ ਸੇਵਾ ਜਥੇਦਾਰ ਬਾਬਾ ਰਾਮ ਸਿੰਘ ਜੀ ਨੂੰ ਸੌਂਪੀ ਗਈ। ਬਾਬਾ ਰਾਮ ਸਿੰਘ ਨੇ ਪੰਥ ਦੀ ਰਵਾਇਤਾਂ ਤੋਂ ਉਲਟ ਦੋ ਫਰਲੇ (ਨੀਲਾ ਅਤੇ ਬਸੰਤੀ) ਦੀ ਨਵੀਂ ਮਰਯਾਦਾ ਚਲਾ ਲਈ ਜੋ ਕਿ ਉਨ੍ਹਾਂ ਦੀ ਮੌਤ ਦੇ ਨਾਲ ਹੀ ਸਮਾਪਤ ਹੋ ਗਈ ਸੀ।[680] ਪ੍ਰੋ. ਪਿਆਰਾ ਸਿੰਘ ਪਦਮ ਲਿਖਦੇ ਹਨ ਕਿ ਬਾਬਾ ਤੇਜਾ ਸਿੰਘ ਜੀ ਤੋਂ ਬਾਅਦ ਕੁਝ ਸਮਾਂ ਬਾਬਾ ਰਾਮ ਸਿੰਘ ਨੇ ਜਥੇਦਾਰੀ ਕੀਤੀ ਪਰ ਹੋਲੇ ਮਹੱਲੇ ਮੌਕੇ ਫੈਸਲਾ ਬਾਬਾ ਸਾਹਿਬ ਸਿੰਘ ਕਲਾਧਾਰੀ ਜੀ ਦੇ ਹੱਕ ਵਿਚ ਹੋਇਆ।[681] ਬਾਬਾ ਸਾਹਿਬ ਸਿੰਘ ਕਲਾਧਾਰੀ ਜੀ ਵੇਲੇ ਨਿਹੰਗ ਸਿੰਘ ਬਹੁਤ ਘੱਟ ਹੁੰਦੇ ਸਨ। ਜੇਕਰ ਕਿਧਰੇ ਪੰਜ ਸਿੰਘ ਵੀ ਇਕੱਠੇ ਹੋ ਜਾਣ ਤਾਂ ਸਿੰਘਾਂ ਨੇ ਆਖਣਾ ਕਿ ਮੇਲਾ ਲੱਗ ਗਿਆ।[682]

ਬਾਬਾ ਜੀ ਨੇ 1922-23 ਈ. ਵਿਚ ਕ੍ਰਿਪਾਨ ਦੇ ਮੋਰਚੇ ਦੌਰਾਨ ਆਪਣੀ ਗ੍ਰਿਫਤਾਰੀ ਦਿੱਤੀ। ਜੇਲ੍ਹ ਅੰਦਰ ਬੁੱਢਾ ਦਲ ਨੇ ਬਿਬੇਕ (ਸਰਬਲੋਹ) ਦੀ ਰਹਿਤ ਹੋਣ ਕਰਕੇ ਜੇਲ੍ਹ ਦਾ ਬਣਿਆ ਪ੍ਰਸ਼ਾਦਾ ਛਕਣ ਤੋਂ

---

678 ਬਲਬੀਰ ਸਿੰਘ ਹਜ਼ੂਰੀ ਸੇਵਕ ਬੁੱਢਾ ਦਲ (ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 10-11, ਸਾਲ 25, ਬਗੀਚੀ ਬਾਬਾ ਬੰਬਾ ਸਿੰਘ ਜੀ, ਲੋਇਰ ਮਾਲ ਰੋਡ, ਪਟਿਆਲਾ, ਅਕਤੂਬਰ-ਨਵੰਬਰ, 1993, ਪੰਨਾ 13.

679 ਉਦੈ ਸਿੰਘ (ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 7, ਸਾਲ 6, ਗੁਰੂ ਕਾ ਬਾਗ, ਅਨੰਦਪੁਰ ਸਾਹਿਬ, ਜੁਲਾਈ 1977, ਪੰਨਾ 9.

680 ਕ੍ਰਿਪਾਲ ਸਿੰਘ ਵੜੈਚ (ਗਿਆਨੀ), ਦੋ ਗੁਰਸਿੱਖ ਨਿਰਮੋਲਕ ਹੀਰੇ, ਪੰਨੇ 533-540.

681 ਪਿਆਰਾ ਸਿੰਘ ਪਦਮ (ਪ੍ਰੋ.), ਸਿੱਖ ਸੰਪ੍ਰਦਾਵਲੀ, ਪੰਨਾ 112.

682 ਇਹ ਜਾਣਕਾਰੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 'ਮੁਖਤਿਆਰੇ ਆਮ' ਬਾਬਾ ਦਿਆਲ ਸਿੰਘ ਜੀ ਪਾਸੋਂ, ਸ੍ਰੀ ਨਿਰਮਲ ਪੰਚਾਇਤੀ ਅਖਾੜਾ ਡੇਰਾ ਧਰਮਧੱਜਾ, ਪਟਿਆਲਾ ਵਿਖੇ ਮਿਤੀ 9 ਮਾਰਚ 2019 ਨੂੰ ਵੀਡਿਉ ਰਿਕਾਰਡਿੰਗ ਰਾਹੀਂ ਇੰਟਰਵਿਊ ਵਿਚ ਇੱਕਤਰ ਕੀਤੀ ਗਈ।

ਇਨਕਾਰ ਕਰ ਦਿੱਤਾ। ਜਿਸ ਤੋਂ ਅੰਗਰੇਜ਼ ਸਰਕਾਰ ਨੂੰ ਜੇਲ੍ਹਾਂ ਵਿਚ ਖੂਹ ਲਗਵਾਉਣੇ ਪਏ ਅਤੇ ਵਹੀਰ ਨੂੰ ਸੁੱਕੀ ਰਸਦ ਦੇਣੀ ਪਈ। ਬਾਹਰ ਸਿੱਖ ਸੰਗਤਾਂ ਦਾ ਰੋਹ ਦੇਖ ਕੇ ਅੰਗਰੇਜ਼ ਸਰਕਾਰ ਨੂੰ ਜਥੇਦਾਰ ਕਲਾਧਾਰੀ ਜੀ ਸਮੇਤ ਸਾਰੇ ਸਿੰਘਾਂ ਨੂੰ ਰਿਹਾਅ ਕਰਨਾ ਪਿਆ। ਅਖੀਰ ਕ੍ਰਿਪਾਨ ਅਤੇ ਬਰਛਾ ਰਖਣ ਦੀ ਅਜ਼ਾਦੀ ਲੈ ਕੇ ਸਮੂਹ ਸਿੰਘਾਂ ਨਾਲ ਰਿਹਾਅ ਹੋਏ।[683]

ਅੰਗਰੇਜ਼ਾਂ ਨੇ ਚਾਲ ਚਲੀ ਕਿ ਉਸ ਸਮੇਂ ਬੁਰਜ ਅਕਾਲੀ ਫੂਲਾ ਸਿੰਘ ਛਾਉਣੀ ਦਾ ਜਥੇਦਾਰ ਕਰਮ ਸਿੰਘ ਪਹਾੜੀਆ ਅੰਗਰੇਜ਼ ਸਰਕਾਰ ਨਾਲ ਰਲ ਗਿਆ ਅਤੇ ਨਿਹੰਗ ਸਿੰਘਾਂ ਨੂੰ ਪਿੱਤਲ ਦੇ ਲਾਇਸੰਸ ਜਾਰੀ ਕਰ ਦਿੱਤੇ ਤਾਂ ਜੋ ਨਿਹੰਗ ਸਿੰਘਾਂ ਦੀ ਗਿਣਤੀ ਪਤਾ ਲੱਗ ਸਕੇ। ਦੂਜਾ ਕਾਰਨ ਸੀ ਕਿ ਇਹ ਸ਼ਸਤਰਧਾਰੀ ਹੋਣ ਕਾਰਨ ਕਿਧਰੇ ਬਗਾਵਤ ਕਰਕੇ ਰਾਜ ਨਾ ਖੋਹ ਲੈਣ। ਨਿਹੰਗਾਂ ਸਿੰਘਾਂ ਨੂੰ ਬਰਛੇ ਅਤੇ ਹੋਰ ਸ਼ਸਤਰਾਂ ਨਾਲ ਗ੍ਰਿਫਤਾਰ ਕੀਤਾ ਜਾਣ ਲੱਗਾ। ਇਹ ਸਭ ਕੁਝ ਨਿਹੰਗ ਸਿੰਘਾਂ ਦੀ ਗਿਣਤੀ ਪਤਾ ਕਰਵਾਉਣ ਲਈ ਘੜੀ ਚਾਲ ਸੀ। ਹਾਈਕੋਰਟ ਮੁਕੱਦਮੇ ਵਿਚ ਫੈਸਲਾ ਹੋਇਆ ਕਿ ਨਿਹੰਗ ਸਿੰਘ ਪੰਜ ਸ਼ਸਤਰ ਧਾਰਨ ਕਰ ਸਕਦੇ ਹਨ।[684]

**ਬਾਬਾ ਸਾਹਿਬ ਸਿੰਘ ਕਲਾਧਾਰੀ ਜੀ ਤੋਂ ਬਾਅਦ ਬੁੱਢਾ ਦਲ ਦੀ ਜਥੇਦਾਰੀ:**

ਇਸ ਸਮੇਂ ਬੁੱਢਾ ਦਲ ਦੀ ਜਥੇਦਾਰੀ ਦੇ ਦੋ ਦਾਅਵੇਦਾਰ ਸਾਹਮਣੇ ਆਏ। ਇਕ ਜਥੇਦਾਰ ਬਾਬਾ ਕਰਮ ਸਿੰਘ ਜੀ ਡੰਡਿਆਂ ਵਾਲੇ ਅਤੇ ਦੂਸਰੇ ਬਾਬਾ ਚੇਤ ਸਿੰਘ ਜੀ। 1942-43 ਵਿਚ ਵਿਸਾਖੀ ਦਾ ਪੁਰਬ ਸ੍ਰੀ ਦਮਦਮਾ ਸਾਹਿਬ ਵਿਖੇ ਮਨਾਉਣ ਵੇਲੇ ਜਥੇਦਾਰ ਬਾਬਾ ਸਾਹਿਬ ਸਿੰਘ ਜੀ ਨੇ ਵਹੀਰ ਚਲਾਉਣ ਦੀ ਜਿੰਮੇਵਾਰੀ ਬਾਬਾ ਚੇਤ ਸਿੰਘ ਜੀ ਨੂੰ ਦਿੱਤੀ। ਜਥੇਦਾਰ ਜੀ ਨੇ ਸਿੰਘਾਂ ਦੇ ਆਪਸੀ ਮਤਭੇਦ ਨੂੰ ਮਹਿਸੂਸ ਕੀਤਾ। ਅੰਗਰੇਜ਼ਾਂ ਦੀ ਬਦਨੀਤੀ ਅਤੇ ਸਿੰਘਾਂ ਦੀ ਆਪਸੀ ਮਤਭੇਦ ਦੀ ਚਿੰਤਾ ਕਾਰਨ ਬਾਬਾ ਜੀ 4 ਜੁਲਾਈ 1943 ਈ. ਨੂੰ ਸਦੀਵੀ ਵਿਛੋੜਾ ਦੇ ਗਏ।[685] ਬਾਬਾ ਜੀ ਦੀ ਕੁਲ ਉਮਰ 66 ਸਾਲ ਦੀ ਸੀ।[686] ਬਾਬਾ ਜੀ

---

683 ਪਿਆਰਾ ਸਿੰਘ ਪਦਮ (ਪ੍ਰੋ.), ਸਿੱਖ ਸੰਪ੍ਰਦਾਵਲੀ, ਪੰਨਾ 113.

684 ਉਹੀ, ਪੰਨੇ 637-639(ਫੁਟਨੋਟ).

685 ਉਦੈ ਸਿੰਘ (ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 7, ਸਾਲ 6, ਗੁਰੂ ਕਾ ਬਾਗ, ਅਨੰਦਪੁਰ ਸਾਹਿਬ, ਜੁਲਾਈ 1977, ਪੰਨਾ 10.

686 ਬਲਬੀਰ ਸਿੰਘ ਭਾਈ (ਮੁਖ ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 25, ਸਾਲ 10-11, ਬਗੀਚੀ ਬਾਬਾ ਬੰਬਾ ਸਿੰਘ ਜੀ, ਲੋਇਰ ਮਾਲ ਰੋਡ, ਪਟਿਆਲਾ, ਅਕਤੂਬਰ-ਨਵੰਬਰ 1993, ਪੰਨਾ 14-16.

ਦਾ ਅੰਗੀਠਾ ਗੁ: ਪਾ ੬ ਮਲ ਅਖਾੜੇ ਤੋਂ ਲਹਿੰਦੇ ਵਾਲੇ ਪਾਸੇ ਹੈ। ਅੰਗੀਠੇ ਵਾਲੀ ਥਾਂ 'ਤੇ ਨਿਸ਼ਾਨ ਸਾਹਿਬ ਲੱਗਾ ਹੋਇਆ ਹੈ। ਪੰਥਕ ਫੈਸਲੇ ਅਨੁਸਾਰ ਬਾਬਾ ਕਰਮ ਸਿੰਘ ਜੀ ਨੂੰ ਵੱਡੀ ਜਥੇਦਾਰੀ ਅਤੇ ਬਾਬਾ ਚੇਤ ਸਿੰਘ ਜੀ ਨੂੰ ਛੋਟੀ ਜਥੇਦਾਰੀ ਦਿੱਤੀ ਗਈ।[687]

**ਬਾਰ੍ਹਵੇਂ ਜਥੇਦਾਰ ਬਾਬਾ ਚੇਤ ਸਿੰਘ ਜੀ:**

ਬਾਬਾ ਚੇਤ ਸਿੰਘ ਜੀ ਦਾ ਜਨਮ 12 ਚੇਤ ਸੰਮਤ 1971 ਬਿ: ਮੁਤਾਬਿਕ 1914 ਈ. ਵਿਚ ਪਿਤਾ ਰਾਮਦਿੱਤਾ (ਗੁਰਦਿੱਤ ਸਿੰਘ) ਅਤੇ ਮਾਤਾ ਪ੍ਰਧਾਨ ਕੌਰ ਦੇ ਘਰ ਤਲਵੰਡੀ ਸਾਬੋ ਵਿਖੇ ਹੋਇਆ।[688] ਮਾਲਵਾ ਇਤਿਹਾਸ ਅਨੁਸਾਰ ਆਪ ਦੇ ਪਿਤਾ ਦਾ ਨਾਂ ਰਾਮਦਿੱਤਾ ਸੀ।[689] ਬਾਬਾ ਚੇਤ ਸਿੰਘ ਜੀ ਛੋਟੀ ਉਮਰ ਵਿਚ ਹੀ ਬੁੱਢਾ ਦਲ ਵਿਚ ਭਰਤੀ ਹੋ ਗਏ। ਬਾਬਾ ਜੀ ਨੂੰ ਦੇਗੀਆ ਸਿੰਘ, ਲਾਂਗਰੀ ਸਿੰਘ, ਨਗਾਰਚੀ ਸਿੰਘ ਅਤੇ ਨਿਸ਼ਾਨਚੀ ਸਿੰਘ ਦੀਆਂ ਪਦਵੀਆਂ 'ਤੇ ਨਿਯੁਕਤ ਕੀਤਾ ਜਾਂਦਾ ਰਿਹਾ।[690] ਬਾਬਾ ਸਾਹਿਬ ਸਿੰਘ ਜੀ ਕਲਾਧਾਰੀ ਜੀ ਨੇ ਜਦੋਂ ਵੀ ਅੰਮ੍ਰਿਤਸਰ ਆਉਂਦੇ ਜਾਂ ਕਿਧਰੇ ਦਲ ਵਿਚੋਂ ਬਾਹਰ ਜਾਂਦੇ ਤਾਂ ਪਿਛੋਂ ਦਲ ਦੇ ਮੁਖੀ, ਬਾਬਾ ਚੇਤ ਸਿੰਘ ਜੀ ਨੂੰ ਮੁੱਕਰਰ ਕਰ ਜਾਂਦੇ।[691] ਬਾਬਾ ਸਾਹਿਬ ਸਿੰਘ ਕਲਾਧਾਰੀ ਤੋਂ ਬਾਅਦ ਬਾਬਾ ਚੇਤ ਸਿੰਘ ਜੀ ਜਥੇਦਾਰ ਬਣੇ। ਜਥੇਦਾਰੀ ਸਮੇਂ ਬਾਬਾ ਚੇਤ ਸਿੰਘ ਜੀ ਦੀ ਉਮਰ 25 ਸਾਲ 8 ਮਹੀਨੇ 12 ਦਿਨ ਸੀ।[692] ਬਾਬਾ ਜੀ ਨੇ ਅਨੰਦਪੁਰ ਸਾਹਿਬ ਵਿਖੇ ਰੇਲਵੇ ਸਟੇਸ਼ਨ ਦੇ ਸਾਹਮਣੇ 10 ਘੁਮਾ ਦਾ ਬਾਗ ਲਗਪਗ ਡੇਢ ਲੱਖ ਰੁਪਏ ਦੀ ਕੀਮਤ ਦਾ ਖਰੀਦ ਕੇ ਉੱਥੇ 'ਗੁਰੂ ਕਾ ਬਾਗ' ਨਾਮ ਦੀ ਛਾਉਣੀ ਆਬਾਦ ਕੀਤੀ। ਬਾਬਾ ਚੇਤ ਸਿੰਘ ਜੀ ਨੇ ਕਈ ਵਾਰ ਪੰਥ ਦੀ ਨਿੱਜੀ ਪ੍ਰੈੱਸ ਲਗਾਉਣ ਦਾ ਵਿਚਾਰ ਕੀਤਾ ਅਤੇ ਕੁਝ

---

687 ਕ੍ਰਿਪਾਲ ਸਿੰਘ ਵੜੈਚ (ਗਿਆਨੀ), ਦੋ ਗੁਰਸਿੱਖ ਨਿਰਮੋਲਕ ਹੀਰੇ, ਪੰਨਾ 534(ਫੁਟਨੋਟ).

688 Kirpal Singh & Kharak Singh (Ed.), History of The Sikhs & Their Religion, Vol.I, p. 414.

689 ਬਲਵੰਤ ਸਿੰਘ ਸ੍ਰੀਮਾਨ (ਸੰਤ ਖਾਲਸਾ), ਮਾਲਵਾ ਇਤਿਹਾਸ, ਜਿਲਦ ਚੌਥੀ, ਪੰਨਾ 423.

690 ਸਤਵੰਤ ਸਿੰਘ ਢਿਲੋਂ (ਮੁਖ ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 2, ਸਾਲ 2, ਗੁਰੂ ਕਾ ਬਾਗ, ਸ੍ਰੀ ਅਨੰਦਪੁਰ ਸਾਹਿਬ, ਰੋਪੜ, ਮਈ 1973, ਪੰਨੇ 15-16.

691 ਦਿਆਲ ਸਿੰਘ ਲਿਖਾਰੀ (ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 5,ਸਾਲ 4,ਗੁਰੂ ਕਾ ਬਾਗ, ਅਨੰਦਪੁਰ ਸਾਹਿਬ, ਮਈ 1975, ਪੰਨਾ 9.

692 ਦਿਆਲ ਸਿੰਘ ਲਿਖਾਰੀ, ਮੁਖਤਿਆਰੇ ਆਮ (ਮੁਖ ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 11, ਸਾਲ 30, ਬਗੀਚੀ ਬਾਬਾ ਬੰਬਾ ਸਿੰਘ ਜੀ, ਲੋਇਰ ਮਾਲ ਰੋਡ, ਪਟਿਆਲਾ, ਨਵੰਬਰ 1998, ਪੰਨਾ 24.

ਸਮਾਂ ਹਫਤਾਵਰੀ ਨਿਹੰਗ ਸਿੰਘ ਸੰਦੇਸ਼ ਪਤ੍ਰ ਵੀ ਜਾਰੀ ਕੀਤਾ ਪ੍ਰੰਤੂ ਲੋੜੀਂਦਾ ਸਹਿਯੋਗ ਨਾ ਮਿਲਣ ਕਾਰਨ ਪਰਚਾ ਕੁਝ ਦੇਰ ਹੀ ਜਾਰੀ ਰਿਹਾ।[693]

**ਅਕਾਲ ਚਲਾਣਾ:**

27 ਵੈਸਾਖ ਸੰਮਤ 2025 ਬਿ. ਮੁਤਾਬਿਕ 8 ਮਈ 1968 ਈ. ਨੂੰ ਬਾਬਾ ਚੇਤ ਸਿੰਘ ਜੀ ਦਾ ਦੇਹਾਂਤ ਹੋਇਆ। ਆਪ ਜੀ ਦਾ ਦੇਹਾਂਤ ਟਾਹਲਾ ਸਾਹਿਬ 1968 ਈ. ਵਿਚ ਹੋਇਆ ਅਤੇ ਸੰਸਕਾਰ ਦਮਦਮਾ ਸਾਹਿਬ ਵਿਖੇ ਕੀਤਾ ਗਿਆ।[694] ਬਾਬਾ ਜੀ ਦਾ ਅੰਗੀਠਾ ਗੁ. ਬੇਰ ਸਾਹਿਬ ਛਾਉਣੀ ਨਿਹੰਗ ਸਿੰਘਾਂ ਸ੍ਰੀ ਦਮਦਮਾ ਸਾਹਿਬ ਜ਼ਿਲ੍ਹਾ ਬਠਿੰਡਾ ਵਿਖੇ ਹੈ।[695]

**ਤੇਰ੍ਹਵੇਂ ਜਥੇਦਾਰ ਬਾਬਾ ਸੰਤਾ ਸਿੰਘ ਜੀ:**

ਜਥੇਦਾਰ ਬਾਬਾ ਸੰਤਾ ਸਿੰਘ ਦਾ ਜਨਮ 1928 ਈ. ਨੂੰ ਪਿਤਾ ਭਗਵਾਨ ਸਿੰਘ ਦੇ ਘਰ ਮਾਤਾ ਪ੍ਰਿਤਪਾਲ ਕੌਰ ਦੀ ਕੁਖੋਂ ਹੋਇਆ।[696] ਬਾਬਾ ਜੀ ਦੇ ਵਡੇ-ਵਡੇਰੇ ਸੰਨ 1925 ਵਿਚ ਗੁਜਰਾਂਵਾਲ ਸ਼ਹਿਰ ਆ ਕੇ ਵਸੇ।[697] ਪਿਆਰਾ ਸਿੰਘ ਪਦਮ ਅਨੁਸਾਰ ਬਾਬਾ ਸੰਤਾ ਸਿੰਘ ਗੁਜਰਾਂਵਾਲ ਦੇ ਕਿਲਾ ਮੀਰਾਂ ਸਿੰਘ ਦੇ ਜੰਮਪਲ ਸਨ।[698] ਬਾਬਾ ਸੰਤਾ ਸਿੰਘ ਦੀ ਗੋਤ 'ਖੰਡ ਪੁਰੀਏ' ਸੀ। ਬਾਬਾ ਸੰਤਾ ਸਿੰਘ ਸਿਰਫ ਦੂਜੀ ਜਮਾਤ ਤਕ ਹੀ ਪੜ੍ਹ ਸਕੇ ਪਰ ਗੁਰਮਤਿ ਦੀ ਵਿੱਦਿਆ ਬੁੱਢਾ ਦਲ ਵਿਚੋਂ ਪ੍ਰਾਪਤ ਕੀਤੀ। ਸ੍ਰੀਮਾਨ ਬਾਬਾ ਬਲਵੰਤ ਸਿੰਘ ਜੀ ਨੇ ਬਾਬਾ ਸੰਤਾ ਸਿੰਘ ਦੀ ਖਾਨਦਾਨੀ ਪ੍ਰਣਾਲੀ ਇਸ ਪ੍ਰਕਾਰ ਦਰਸਾਈ ਹੈ: "ਰੰਗਾ, ਬਿਧੀ ਚੰਦ, ਸਾਹਿਬ ਰਾਏ, ਹਕੀਕਤ ਰਾਏ, ਰਾਮ ਸਿੰਘ, ਹਿੰਦੁਸ ਰਾਏ, ਸ੍ਰੀ ਰਾਮ, ਗੁਰਾਂ ਦਿਤਾ ਮੱਲ, ਭਗਵਾਨ ਸਿੰਘ,

---

693 ਦਿਆਲ ਸਿੰਘ ਲਿਖਾਰੀ (ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 5,ਸਾਲ 4, ਗੁਰੂ ਕਾ ਬਾਗ, ਅਨੰਦਪੁਰ ਸਾਹਿਬ, ਮਈ 1975, ਪੰਨਾ 42

694 ਪਿਆਰਾ ਸਿੰਘ ਪਦਮ (ਪ੍ਰੋ.), ਸਿੱਖ ਸੰਪ੍ਰਦਾਵਲੀ, ਪੰਨਾ 113; ਬਲਵੰਤ ਸਿੰਘ ਸ੍ਰੀਮਾਨ (ਸੰਤ ਖਾਲਸਾ), ਮਾਲਵਾ ਇਤਿਹਾਸ, ਜਿਲਦ ਚੌਥੀ, ਪੰਨਾ 423.

695 ਦਿਆਲ ਸਿੰਘ ਲਿਖਾਰੀ, ਮੁਖਤਿਆਰੇ ਆਮ (ਮੁਖ ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 11, ਸਾਲ 30, ਬਗੀਚੀ ਬਾਬਾ ਬੰਬਾ ਸਿੰਘ ਜੀ, ਲੋਇਰ ਮਾਲ ਰੋਡ, ਪਟਿਆਲਾ, ਨਵੰਬਰ 1998, ਪੰਨਾ 24.

696 ਉਜਾਗਰ ਸਿੰਘ, ਪਟਿਆਲਾ ਵਿਰਾਸਤ ਦੇ ਰੰਗ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2014, ਪੰਨਾ 132.

697 ਦਿਆਲ ਸਿੰਘ ਲਿਖਾਰੀ, ਮੁਖਤਿਆਰੇ ਆਮ (ਮੁਖ ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 4-5, ਸਾਲ 30, ਬਗੀਚੀ ਬਾਬਾ ਬੰਬਾ ਸਿੰਘ ਜੀ, ਲੋਇਰ ਮਾਲ ਰੋਡ, ਪਟਿਆਲਾ, ਅਪ੍ਰੈਲ-ਮਈ 1999, ਪੰਨਾ 36.

698 ਪਿਆਰਾ ਸਿੰਘ ਪਦਮ (ਪ੍ਰੋ.), ਸਿੱਖ ਸੰਪ੍ਰਦਾਵਲੀ, ਪੰਨਾ 113; ਉਜਾਗਰ ਸਿੰਘ, ਪਟਿਆਲਾ ਵਿਰਾਸਤ ਦੇ ਰੰਗ, ਪੰਨਾ 132.

ਪਸ਼ੌਰਾ ਸਿੰਘ ਉਰਫ ਸੰਤਾ ਸਿੰਘ।"[699] ਬਾਬਾ ਜੀ ਛੋਟੀ ਉਮਰ ਵਿਚ ਹੀ ਬੁੱਢਾ ਦਲ ਵਿਚ ਭਰਤੀ ਹੋ ਗਏ ਸਨ।[700] ਅੰਮ੍ਰਿਤ ਛਕਣ ਤੋਂ ਪਹਿਲਾਂ ਬਾਬਾ ਜੀ ਦਾ ਨਾਂ ਪਿਸ਼ੋਰਾ ਸਿੰਘ ਸੀ। ਅੰਮ੍ਰਿਤ ਛਕਾਉਣ ਵੇਲੇ ਬਾਬਾ ਸਾਹਿਬ ਸਿੰਘ ਕਲਾਧਾਰੀ ਜੀ ਨੇ ਆਪ ਦਾ ਨਾਂ 'ਸੰਤਾ ਸਿੰਘ' ਰਖਿਆ।[701] ਬਾਬਾ ਸੰਤਾ ਸਿੰਘ ਜੀ ਕੁਝ ਸਮਾਂ ਕੋਟਕਪੂਰੇ ਵਿਖੇ ਬੁੱਢਾ ਦਲ ਦੀ ਛਾਉਣੀ ਦੇ ਮਹੰਤ ਵੀ ਰਹੇ।

ਅੰਮ੍ਰਿਤ ਛਕਣ ਦੇ ਸਮੇਂ ਤੋਂ ਹੀ ਆਪ ਦਾ ਬਾਕਾਇਦਾ ਗੁਰਬਾਣੀ ਨਿੱਤਨੇਮ ਦਾ ਅਭਿਆਸ ਸੀ।[702] ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 'ਮੁਖਤਿਆਰੇ ਆਮ' ਬਾਬਾ ਦਿਆਲ ਸਿੰਘ ਜੀ ਨੇ ਜਥੇਦਾਰ ਬਾਬਾ ਸੰਤਾ ਸਿੰਘ ਜੀ ਦੇ ਜੀਵਨ ਬਾਰੇ ਦਸਦਿਆਂ ਕਿਹਾ ਕਿ ਬਾਬਾ ਸੰਤਾ ਸਿੰਘ ਜੀ ਦੀ ਲੱਤ ਦੀ ਹੱਡੀ ਵਿਚ ਤਰੇੜ ਪੈ ਗਈ ਸੀ ਪਰ ਤਾਂ ਵੀ ਬਾਬਾ ਜੀ ਰੋਜ਼ਾਨਾ ਅੰਮ੍ਰਿਤ ਵਲੇ ਉੱਠ ਕੇ ਇਸ਼ਨਾਨ ਕਰਕੇ ਨਿੱਤਨੇਮ ਕਰਦੇ ਸਨ। ਜੇਕਰ ਕਿਧਰੇ ਸਫ਼ਰ ਵਿਚ ਹੋਣਾ ਤਾਂ ਜੀਪ ਰੁਕਵਾ ਕੇ ਕਿਸੇ ਵੀ ਨਹਿਰ ਜਾਂ ਖੂਹ 'ਤੇ ਇਸ਼ਨਾਨ ਕਰ ਲੈਂਦੇ ਪਰ ਨਿੱਤਨੇਮ ਨਹੀਂ ਖੁਞਾਉਂਦੇ ਸਨ।"[703]

**ਵਿੱਦਿਆ ਪ੍ਰਾਪਤੀ:**

ਗੁਰਮਤਿ ਵਿੱਦਿਆ ਲਈ ਤਿੰਨ ਮਹਾਂਪੁਰਖਾਂ- ਜਥੇਦਾਰ ਬਾਬਾ ਸਾਹਿਬ ਸਿੰਘ ਜੀ 'ਕਲਾਧਾਰੀ', ਬ੍ਰਹਮ ਗਿਆਨੀ ਬਾਬਾ ਮਿੱਤ ਸਿੰਘ ਜੀ ਅਤੇ ਬਾਬਾ ਧਰਮ ਸਿੰਘ ਜੀ (ਜਥੇਦਾਰ ਗੁਰਦੁਆਰਾ ਮਾਤਾ ਸਾਹਿਬ ਕੌਰ ਜੀ, ਨਾਂਦੇੜ) ਤੋਂ ਗੁਰਮਤਿ ਵਿੱਦਿਆ ਹਾਸਿਲ ਕੀਤੀ। ਬਾਬਾ ਸੰਤਾ ਸਿੰਘ ਜੀ ਨੇ ਬਾਬਾ ਮਿੱਤ ਸਿੰਘ ਜੀ ਤੋਂ 1936-37 ਵਿਚ ਗੁਰਬਾਣੀ ਸੰਥਿਆ ਲਈ ਸੀ। ਬਾਬਾ ਸੰਤਾ ਸਿੰਘ ਜੀ ਨੇ ਚਵਿੰਡਾ ਪਿੰਡ ਦੇ ਰਹਿਣ ਵਾਲੇ

---

699 ਬਲਵੰਤ ਸਿੰਘ ਸ੍ਰੀਮਾਨ (ਸੰਤ ਖਾਲਸਾ), ਮਾਲਵਾ ਇਤਿਹਾਸ, ਜਿਲਦ ਚੌਥੀ, ਪੰਨਾ 425.

700 ਉਹੀ, ਪੰਨਾ 424.

701 ਉਜਾਗਰ ਸਿੰਘ, ਪਟਿਆਲਾ ਵਿਰਾਸਤ ਦੇ ਰੰਗ, ਪੰਨਾ 132.

702 ਉਹੀ, ਪੰਨਾ 114.

703 ਇਹ ਜਾਣਕਾਰੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 'ਮੁਖਤਿਆਰੇ ਆਮ' ਬਾਬਾ ਦਿਆਲ ਸਿੰਘ ਜੀ ਪਾਸੋਂ, ਸ੍ਰੀ ਨਿਰਮਲ ਪੰਚਾਇਤੀ ਅਖਾੜਾ ਡੇਰਾ ਧਰਮਧੱਜਾ, ਪਟਿਆਲਾ ਵਿਖੇ ਮਿਤੀ 9 ਮਾਰਚ 2019 ਨੂੰ ਵੀਡਿਓ ਰਿਕਾਰਡਿੰਗ ਰਾਹੀਂ ਇੰਟਰਵਿਊ ਵਿਚ ਇੱਕਤਰ ਕੀਤੀ ਗਈ।

ਬਾਬਾ ਨਾਹਰ ਸਿੰਘ ਤੋਂ ਸ਼ਸਤਰ ਵਿੱਦਿਆ ਦੀ ਸਿਖਲਾਈ ਲਈ।[704] ਬਾਬਾ ਸੰਤਾ ਸਿੰਘ ਦੇ ਸਮੇਂ ਮਾਸਟਰ ਗਿਆਨਾ ਸਿੰਘ ਜੀ ਗੱਤਕਈ ਹੁੰਦੇ ਸਨ ਜੋ ਸ਼ਸ਼ਤਰ ਵਿੱਦਿਆ ਦੇ ਮਾਹਿਰ ਸਨ।

**ਬੁੱਢਾ ਦਲ ਦੀ ਜਥੇਦਾਰੀ ਦੀ ਪ੍ਰਾਪਤੀ:**

ਚਾਲ੍ਹੀ ਸਾਲ ਦੀ ਉਮਰ ਵਿਚ 1968 ਈ. ਵਿਚ ਆਪ ਨੂੰ ਬੁੱਢਾ ਦਲ ਦਾ ਜਥੇਦਾਰ ਥਾਪਿਆ ਗਿਆ।[705] ਜਥੇਦਾਰ ਬਾਬਾ ਚੇਤ ਸਿੰਘ ਜੀ ਦੇ ਅਕਾਲ ਚਲਾਣੇ ਉਪਰੰਤ ਬਾਬਾ ਸੰਤਾ ਸਿੰਘ ਬੁੱਢਾ ਦਲ ਦੇ ਤੇਰ੍ਹਵੇਂ ਜਥੇਦਾਰ ਬਣੇ। ਬਾਬਾ ਸੰਤਾ ਸਿੰਘ ਜੀ ਨੇ ਵਿਆਹ ਨਹੀਂ ਸੀ ਕਰਾਇਆ ਅਤੇ ਸਾਰੀ ਉਮਰ ਆਪਣੇ ਆਪ ਨੂੰ ਗੁਰੂ ਦੀਆਂ ਲਾਡਲੀਆਂ ਫੌਜਾਂ ਦੀ ਰਹਿਨੁਮਾਈ ਕਰਨ ਅਤੇ ਇਸ ਦਲ ਵਿਚ ਹੋਰ ਪਰਪੱਕਤਾ ਲਿਆਉਣ ਲਈ ਕਾਰਜ ਕੀਤਾ।[706]

**1984 ਈ. ਦਾ ਮਸਲਾ:**

ਜੂਨ 1984 ਈ. ਵਿਚ ਸ੍ਰੀ ਦਰਬਾਰ ਸਾਹਿਬ ਉੱਤੇ ਹੋਏ (ਸਾਕਾ ਨੀਲਾ ਤਾਰਾ) ਹਮਲੇ ਕਾਰਨ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦਾ ਭਾਰੀ ਨੁਕਸਾਨ ਹੋਇਆ ਸੀ। ਜਦੋਂ ਬਾਬਾ ਖੜਕ ਸਿੰਘ ਨੇ ਕਾਰ ਸੇਵਾ ਕਰਨ ਤੋਂ ਨਾਂਹ ਕਰ ਦਿੱਤੀ ਤਾਂ ਜਥੇਦਾਰ ਬਾਬਾ ਸੰਤਾ ਸਿੰਘ ਨੇ ਕਾਰ ਸੇਵਾ ਕਰਵਾਉਣੀ ਸ਼ੁਰੂ ਕੀਤੀ ਸੀ। 17 ਜੁਲਾਈ 1984 ਨੂੰ ਸਵੇਰੇ 7 ਵਜੇ ਬੁੱਢਾ ਦਲ, ਭਾਰਤੀ ਫੌਜ ਦੀ ਨਿਗਰਾਨੀ ਵਿਚ ਦਰਬਾਰ ਸਾਹਿਬ ਦੀ ਸੇਵਾ ਕੀਤੀ।[707] ਨਿਹੰਗ ਸਿੰਘਾਂ ਨਾਲ ਭਰੀਆਂ ਤਿੰਨ ਬੱਸਾਂ, ਫੌਜੀ ਪਹਿਰੇ ਹੇਠ ਦਰਬਾਰ ਸਾਹਿਬ ਲਿਆਂਦੀਆਂ ਗਈਆਂ ਸਨ।[708] ਢੱਠੇ ਅਕਾਲ ਤਖ਼ਤ ਸਾਹਿਬ ਦਾ ਮਲਬਾ ਬੁਰਜ ਅਕਾਲੀ ਫੂਲਾ ਸਿੰਘ ਦੇ ਅਹਾਤੇ ਦੇ ਇਕ ਕਿਨਾਰੇ ਵਿਚ ਸੁੱਟਿਆ ਗਿਆ। ਜਥੇਦਾਰ ਬਾਬਾ ਸੰਤਾ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮੁਰੰਮਤ ਸਰਕਾਰੀ ਸ਼ਹਿ ਉੱਤੇ ਕਰਵਾ ਦਿੱਤੀ ਜਿਸ ਕਾਰਨ ਸਿੱਖ ਸੰਗਤਾਂ ਵਿਚ ਜਥੇਦਾਰ ਬਾਬਾ ਸੰਤਾ

---

704 ਇਹ ਜਾਣਕਾਰੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 'ਮੁਖਤਿਆਰੇ ਆਮ' ਬਾਬਾ ਦਿਆਲ ਸਿੰਘ ਜੀ ਪਾਸੋਂ, ਸ੍ਰੀ ਨਿਰਮਲ ਪੰਚਾਇਤੀ ਅਖਾੜਾ ਡੇਰਾ ਧਰਮਧੱਜਾ, ਪਟਿਆਲਾ ਵਿਖੇ ਮਿਤੀ 9 ਮਾਰਚ 2019 ਨੂੰ ਵੀਡਿਉ ਰਿਕਾਰਡਿੰਗ ਰਾਹੀਂ ਇੰਟਰਵਿਊ ਵਿਚ ਇੱਕਤਰ ਕੀਤੀ ਗਈ।

705 ਪਿਆਰਾ ਸਿੰਘ ਪਦਮ (ਪ੍ਰੋ.), ਸਿੱਖ ਸੰਪ੍ਰਦਾਵਲੀ, ਪੰਨਾ 113.

706 ਉਜਾਗਰ ਸਿੰਘ, ਪਟਿਆਲਾ ਵਿਰਾਸਤ ਦੇ ਰੰਗ, ਪੰਨਾ 131.

707 ਜਸਪਾਲ ਸਿੰਘ ਸਿੱਧੂ, ਜੂਨ 84 ਦੀ ਪੱਤਰਕਾਰੀ, ਦੂਸਰੀ ਵਾਰ, ਸਿੰਘ ਬ੍ਰਦਰਜ਼, ਜੁਲਾਈ 2017, ਪੰਨਾ 223.

708 ਉਹੀ, ਪੰਨਾ 223.

ਸਿੰਘ ਲਈ ਰੋਸ ਪੈਦਾ ਹੋ ਗਿਆ ਸੀ। ਇਸ ਕਾਰਨ 19 ਜੁਲਾਈ 1984 ਨੂੰ ਸਰਕਾਰੀ ਤੌਰ 'ਤੇ ਕਾਰ ਸੇਵਾ ਕਰਵਾਉਣ ਵਾਲੇ ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਸੰਤਾ ਸਿੰਘ ਨੂੰ ਤਨਖਾਹੀਆ ਕਰਾਰ ਦਿੱਤਾ ਗਿਆ ਅਤੇ 22 ਜੁਲਾਈ 1984 ਵਿਚ ਉਨ੍ਹਾਂ ਨੂੰ ਪੰਥ ਵਿਚ ਖਾਰਿਜ ਕਰ ਦਿੱਤਾ ਗਿਆ ਸੀ।[709] ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਹੈੱਡਗ੍ਰੰਥੀ ਮਹੰਤ ਤ੍ਰਿਲੋਚਨ ਸਿੰਘ ਅਨੁਸਾਰ, "ਜਿਸ ਪ੍ਰਕਾਰ ਬਾਬਾ ਜੱਸਾ ਸਿੰਘ ਆਹਲੂਵਾਲੀਆ ਨੇ ਅਬਦਾਲੀ ਦੁਆਰਾ ਢੱਠੇ ਹੋਏ ਦਰਬਾਰ ਸਾਹਿਬ ਦੀ ਮੁੜ ਉਨ੍ਹਾਂ ਨੀਹਾਂ ਤੇ ਉਸਾਰੀ ਕਰਵਾਈ, ਉਸੇ ਪ੍ਰਕਾਰ ਜਥੇਦਾਰ ਬਾਬਾ ਸੰਤਾ ਸਿੰਘ ਜੀ ਨੇ ਢੱਠੇ ਹੋਏ ਅਕਾਲ ਤਖ਼ਤ ਸਾਹਿਬ ਦੀ ਮੁਰੰਮਤ ਕਰਵਾਈ ਸੀ, ਨਾ ਕਿ ਨਵੇਂ ਸਿਰਿਉਂ ਬਣਾਇਆ ਸੀ।"[710] 1984 ਦੇ ਦੰਗਿਆਂ ਵਿਚ ਹੀ ਜਥੇਦਾਰ ਬਾਬਾ ਸੰਤਾ ਸਿੰਘ ਜੀ ਦਾ ਹਜ਼ੂਰੀ ਸੇਵਕ ਬਾਬਾ ਰਣਜੋਧ ਸਿੰਘ ਚੜ੍ਹਾਈ ਕਰ ਗਿਆ ਸੀ।[711]

**ਬਾਬਾ ਸੰਤਾ ਸਿੰਘ ਵਲੋਂ ਸਰਬੱਤ ਖਾਲਸਾ ਸੱਦਣਾ:**

ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਤਨਖਾਹੀਆ ਕਰਾਰ ਦਿੱਤੇ ਜਾਣ ਦੇ ਬਾਅਦ ਜਥੇਦਾਰ ਬਾਬਾ ਸੰਤਾ ਸਿੰਘ ਵਲੋਂ ਬੁਰਜ ਅਕਾਲੀ ਫੂਲਾ ਸਿੰਘ ਵਿਖੇ 11 ਅਗਸਤ 1984 ਨੂੰ 'ਸਰਬੱਤ ਖਾਲਸਾ' ਸੱਦਿਆ ਗਿਆ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਰਜਕਾਰੀ ਪ੍ਰਧਾਨ ਰਾਜਿੰਦਰ ਸਿੰਘ ਧਾਲੀਵਾਲ ਨੇ ਇਸ ਨੂੰ 'ਭਈਆ ਸੰਮੇਲਨ' ਆਖਿਆ ਸੀ।[712]

**ਮੁੜ ਤੋਂ ਪੰਥ ਵਿਚ ਸ਼ਾਮਿਲ ਹੋਣਾ ਅਤੇ ਅੰਤਿਮ ਸਮਾਂ:**

17 ਮਾਰਚ 2001 ਈ. ਵਿਚ ਬਾਬਾ ਸੰਤਾ ਸਿੰਘ ਨੇ ਅਪ੍ਰੇਸ਼ਨ ਬਲਿਊ ਸਟਾਰ ਸਮੇਂ ਕੀਤੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਦੀ ਗਲਤੀ ਲਈ ਮੁਆਫੀ ਮੰਗੀ, ਜਿਸ ਕਰਕੇ ਉਨ੍ਹਾਂ ਨੂੰ ਦੁਬਾਰਾ ਪੰਥ ਵਿਚ

---

709 ਰਾਇਜਸਬੀਰ ਸਿੰਘ (ਡਾ.), ਗੁਰੂ ਪੰਥ ਖ਼ਾਲਸੇ ਕੇ ਹੁਕਮਨਾਮੇ, ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2009, ਪੰਨਾ 21.

710 ਇਹ ਜਾਣਕਾਰੀ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਹੈਡ ਗ੍ਰੰਥੀ ਮਹੰਤ ਤ੍ਰਿਲੋਚਨ ਸਿੰਘ ਜੀ ਪਾਸੋਂ ਬੁੱਢਾ ਦਲ ਦੀ ਛਾਉਣੀ 'ਸ਼ਹੀਦ ਬਾਬਾ ਮਿੱਤ ਸਿੰਘ ਜੀ ਅਤੇ ਛੇ ਹਜ਼ਾਰ ਨਿਹੰਗ ਸਿੰਘਾਂ' ਸ਼ੰਭੂ, ਵਿਖੇ ਮਿਤੀ 20-5-2018 ਨੂੰ ਵੀਡਿਉ ਰਿਕਾਰਡਿੰਗ ਰਾਹੀਂ ਇੰਟਰਵਿਊ ਵਿਚ ਇੱਕਤਰ ਕੀਤੀ ਗਈ।

711 ਦਿਆਲ ਸਿੰਘ ਲਿਖਾਰੀ, ਮੁਖਤਿਆਰੇ ਆਮ (ਮੁਖ ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 2, ਸਾਲ 28, ਬਗੀਚੀ ਬਾਬਾ ਬੰਬਾ ਸਿੰਘ ਜੀ, ਲੋਇਰ ਮਾਲ ਰੋਡ, ਪਟਿਆਲਾ, ਫਰਵਰੀ 1997, ਪੰਨਾ 33.

712 ਜਸਪਾਲ ਸਿੰਘ ਸਿੱਧੂ, ਜੂਨ 84 ਦੀ ਪੱਤਰਕਾਰੀ, ਪੰਨੇ 226-227.

ਸ਼ਾਮਿਲ ਕਰ ਲਿਆ ਗਿਆ।[713] ਸੰਨ 2007 ਵਿਚ ਜਥੇਦਾਰ ਬਾਬਾ ਸੰਤਾ ਸਿੰਘ ਪਟਿਆਲਾ ਵਿਖੇ ਬਗੀਚੀ ਬਾਬਾ ਬੰਬਾ ਸਿੰਘ ਜੀ ਵਿਖੇ ਪ੍ਰਾਣ ਤਿਆਗ ਗਏ। ਉਨ੍ਹਾਂ ਤੋਂ ਬਾਅਦ ਬਾਬਾ ਬਲਬੀਰ ਸਿੰਘ ਬੁੱਢਾ ਦਲ ਦੇ ਅਗਲੇ ਜਥੇਦਾਰ ਥਾਪੇ ਗਏ।

**ਚੌਦਵੇਂ ਅਤੇ ਮੌਜੂਦਾ ਜਥੇਦਾਰ ਬਾਬਾ ਬਲਬੀਰ ਸਿੰਘ ਜੀ:**

ਜਥੇਦਾਰ ਬਾਬਾ ਬਲਬੀਰ ਸਿੰਘ ਜੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੌਜੂਦਾ ਮੁਖੀ ਹਨ। ਬਾਬਾ ਜੀ ਦਾ ਜਨਮ 1964 ਈ. ਨੂੰ ਹੋਇਆ। ਬਾਬਾ ਜੀ ਦੇ ਪਿਤਾ ਆਸਾ ਸਿੰਘ ਅਤੇ ਮਾਤਾ ਦਾ ਨਾਂ ਕੁਲਵੰਤ ਕੌਰ ਹੈ। ਬਾਬਾ ਜੀ 10 ਸਾਲ ਦੀ ਉਮਰ ਵਿਚ ਬੁੱਢਾ ਦਲ ਵਿਚ ਭਰਤੀ ਹੋਏ। ਬਾਬਾ ਬਲਬੀਰ ਸਿੰਘ ਜੀ ਨੇ 1 ਅਕਤੂਬਰ 2007 ਈ. ਨੂੰ ਬੁੱਢਾ ਦਲ ਦੀ ਕਮਾਨ ਸੰਭਾਲੀ।[714] ਬਾਬਾ ਬਲਬੀਰ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 28 ਨਵੰਬਰ 2017 ਨੂੰ ਸ਼੍ਰੋਮਣੀ ਸੇਵਾ ਰਤਨ ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਤੋਂ ਸ਼੍ਰੋਮਣੀ ਪੰਥ ਰਤਨ ਦੀ ਉਪਾਧੀ ਦਿੱਤੀ ਗਈ ਹੈ।

## 2.8 ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਜਥੇਦਾਰਾਂ ਦਾ ਇਤਿਹਾਸ:

ਨਵਾਬ ਕਪੂਰ ਸਿੰਘ ਦੁਆਰਾ ਸਿੱਖਾਂ ਦੇ ਸੈਨਿਕ ਬਲ ਨੂੰ ਵਿਵਸਥਿਤ ਰੂਪ ਦੇਣ ਲਈ ਸੰਨ 1734 ਈ. ਵਿਚ ਦੋ ਮੁਖ ਦਲਾਂ ਵਿਚ ਵੰਡ ਦਿੱਤਾ ਗਿਆ, ਜਿਵੇਂ ਬੁੱਢਾ ਦਲ ਅਤੇ ਤਰਨਾ ਦਲ। ਪਹਿਲੇ ਦਲ ਵਿਚ ਚਾਲ੍ਹੀ ਸਾਲ ਤੋਂ ਵਧ ਉਮਰ ਵਾਲੇ ਸਿੰਘ ਸ਼ਾਮਿਲ ਸਨ ਜਦ ਕਿ ਤਰਨਾ ਦਲ ਵਿਚ ਚਾਲ੍ਹੀ ਸਾਲ ਤੋਂ ਘੱਟ ਉਮਰ ਦੇ ਯੋਧੇ ਰਖੇ ਗਏ ਸਨ। ਤਰਨਾ ਦਲ ਦਾ ਕੰਮ ਵੈਰੀਆਂ ਨਾਲ ਜੂਝਣਾ ਸੀ।[715] ਡਾ. ਗੁਰਨਾਮ ਸਿੰਘ ਰਾਏ ਨੇ ਆਪਣੀ ਪੁਸਤਕ 'ਜੱਸਾ ਸਿੰਘ ਰਾਮਗੜ੍ਹੀਆ' ਵਿਚ ਕਈ ਥਾਂਈਂ ਜੱਸਾ ਸਿੰਘ ਰਾਮਗੜ੍ਹੀਆ ਨੂੰ ਤਰਨਾ ਦਲ ਦਾ ਜਥੇਦਾਰ ਲਿਖਿਆ ਹੈ।[716] ਮਿਸਲਾਂ ਦਾ ਰਾਜ ਸਥਾਪਿਤ ਹੋਣ ਸਮੇਂ ਸਿਰਫ਼ ਸ਼ਹੀਦੀ ਮਿਸਲ

---

713 ਉਜਾਗਰ ਸਿੰਘ, ਪਟਿਆਲਾ ਵਿਰਾਸਤ ਦੇ ਰੰਗ, ਪੰਨਾ 133; S.J.S. Pall, The Beloved Forces of The Guru, p. 90.

714 ਬਲਬੀਰ ਸਿੰਘ ਅਕਾਲੀ, ਬਾਬਾ (ਮੁਖ ਸੰਪਾ.), ਨਿਹੰਗ ਸਿੰਘ ਸੰਦੇਸ਼, ਬਗੀਚੀ ਬਾਬਾ ਬੰਬਾ ਸਿੰਘ ਜੀ, ਲੋਅਰ ਮਾਲ ਰੋਡ, ਪਟਿਆਲਾ, ਮਈ-ਜੂਨ 2014, ਪੰਨਾ 21.

715 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਤੀਜਾ, ਪੰਨਾ 1036.

716 ਗੁਰਨਾਮ ਸਿੰਘ ਰਾਏ (ਪ੍ਰੋ.), ਜੱਸਾ ਸਿੰਘ ਰਾਮਗੜ੍ਹੀਆ, ਪੰਨਾ 49.

ਹੀ ਸੀ, ਜਿਸ ਨੇ ਆਪਣੀ ਕੋਈ ਜ਼ਮੀਨ-ਜਾਇਦਾਦ ਨਹੀਂ ਬਣਾਈ ਸੀ। ਸਗੋਂ ਇਸ ਦਾ ਮੁਖ ਮੰਤਵ ਗੁਰਦੁਆਰਿਆਂ ਦੀ ਸੇਵਾ ਸੰਭਾਲ ਕਰਨਾ ਹੀ ਹੁੰਦਾ ਸੀ।[717] ਮੌਜੂਦਾ ਸਮੇਂ ਤਰਨਾ ਦਲ ਦਾ ਪੂਰਾ ਨਾਂ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ (ਬਾਬਾ ਬਕਾਲਾ ਸਾਹਿਬ) ਹੈ। ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦਾ ਮੁਖ ਹੈੱਡਕੁਆਰਟਰ ਬਾਬਾ ਬਕਾਲਾ ਸਾਹਿਬ ਵਿਖੇ ਹੈ। ਇਸ ਦਲ ਦੇ ਹੋਰ ਮੁਖ ਸਥਾਨ ਸਮਾਧ ਸ਼ਹੀਦ ਬਾਬਾ ਨੌਧ ਸਿੰਘ ਜੀ, ਪਿੰਡ ਚੱਬਾ ਅਤੇ ਸ਼ਹੀਦੀ ਬਾਗ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੈ।

ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਬਾਬਾ ਬਕਾਲਾ under the Act XXI 1860 Vide Registration No. 88/1980-81 ਦੇ ਅਧੀਨ ਰਜਿਸਟਰ ਹੈ। ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਪੰਦਰ੍ਹਾਂ ਮੁਖੀ ਹੋਏ ਹਨ। ਇਸ ਮਿਸਲ ਦੇ ਲਗਪਗ ਅੱਠ ਜਥੇਦਾਰ 'ਸ਼ਹੀਦ' ਹੋਏ ਹਨ। ਤਰਨਾ ਦਲ ਦੇ ਜਥੇਦਾਰਾਂ ਬਾਰੇ ਸੰਖੇਪ ਰੂਪ ਵਿਚ ਜਾਣਕਾਰੀ ਇਸ ਪ੍ਰਕਾਰ ਹੈ:

**ਪਹਿਲੇ ਜਥੇਦਾਰ ਬਾਬਾ ਦੀਪ ਸਿੰਘ ਸ਼ਹੀਦ:**

ਬਾਬਾ ਦੀਪ ਸਿੰਘ ਜੀ ਦਾ ਜਨਮ ਭਾਈ ਭਗਤੂ ਦੇ ਘਰ ਮਾਤਾ ਜੀਉਣੀ ਦੀ ਕੁੱਖੋਂ 27 ਜਨਵਰੀ 1682 ਈ. ਵਿਚ ਹੋਇਆ। ਬਾਬਾ ਦੀਪ ਸਿੰਘ ਜੀ ਨੂੰ ਗੁਰਮੁਖੀ ਵਿੱਦਿਆ ਭਾਈ ਮਨੀ ਸਿੰਘ ਜੀ ਨੇ ਸਿਖਾਈ ਸੀ।[718] ਗੁਰੂ ਗੋਬਿੰਦ ਸਿੰਘ ਜੀ ਨੇ ਨਾਂਦੇੜ ਵਿਖੇ ਬਾਬਾ ਦੀਪ ਸਿੰਘ ਜੀ, ਪਿਆਰੇ ਭਾਈ ਧਰਮ ਸਿੰਘ ਜੀ, ਭਾਈ ਹਰਿ ਸਿੰਘ ਜੀ, ਭਾਈ ਸੰਤੋਖ ਸਿੰਘ ਅਤੇ ਬਾਬਾ ਗੁਰਬਖ਼ਸ਼ ਸਿੰਘ ਜੀ (ਸ਼ਹੀਦ) ਨੂੰ ਪੰਜਾਂ ਪਿਆਰਿਆਂ ਦੇ ਰੂਪ ਵਿਚ ਤਿਆਰ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਗੱਦੀ 'ਤੇ ਸੁਸ਼ੋਭਿਤ ਕੀਤਾ।[719] ਬਾਬਾ ਦੀਪ ਸਿੰਘ ਜੀ ਨੇ 1708 ਈ. ਤੋਂ 1715 ਈ. ਤੱਕ ਬਾਬਾ ਬੰਦਾ ਸਿੰਘ ਬਹਾਦਰ ਦੀ ਹਰ ਯੁੱਧ ਅਤੇ ਮੁਹਿੰਮ ਵਿਚ ਸਹਾਇਤਾ ਕੀਤੀ।[720] ਬਾਬਾ ਦੀਪ ਸਿੰਘ ਜੀ ਸ਼ਹੀਦੀ ਜਥੇ ਦੇ ਮੁਖੀ ਸਨ:

---

717 ਸੁਖਦਿਆਲ ਸਿੰਘ (ਡਾ.), ਸਿਰੀ ਅਕਾਲ ਤਖ਼ਤ ਸਾਹਿਬ (1606-1982), ਪੰਨਾ 50.

718 ਠਾਕੁਰ ਸਿੰਘ (ਗਿਆਨੀ), ਗ੍ਰੰਥ ਸ੍ਰੀ ਗੁਰਦੁਆਰੇ ਦਰਸ਼ਨ, ਪੰਨਾ ੫੭੪.

719 ਇਤਿਹਾਸ ਦਮਦਮੀ ਟਕਸਾਲ (ਸੰਖੇਪ), (ਪ੍ਰਕਾ.) ਦਮਦਮੀ ਟਕਸਾਲ ਜੱਥਾ ਭਿੰਡਰਾਂ (ਮਹਿਤਾ), ਅੰਮ੍ਰਿਤਸਰ, ਜੂਨ 1994, ਪੰਨਾ 42.

720 ਉਹੀ, ਪੰਨਾ 43.

ਮਿਸਲ ਸ਼ਹੀਦਨ ਕਾ ਸਰਦਾਰੈਂ। ਦੀਪ ਸਿੰਘ ਥਾ ਬਡੋ ਉਦਾਰੈਂ।[721]

ਬਾਬਾ ਦੀਪ ਸਿੰਘ ਜੀ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਰੱਖਿਆ ਲਈ ਜਾਣ ਲੱਗਿਆਂ ਗੁ: ਦਮਦਮਾ ਸਾਹਿਬ ਦਾ ਜਥੇਦਾਰ ਬਾਬਾ ਨੱਥਾ ਸਿੰਘ ਜੀ ਸਿਆਲਕੋਟੀਏ ਨੂੰ ਬਣਾਇਆ ਸੀ।[722] ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਸਮੇਂ ਤਰਨਾ ਦਲ ਦੇ ਤਿੰਨ ਪੜਾਅ ਸਨ: ਸਿਆਲਕੋਟ, ਦਮਦਮਾ ਸਾਹਿਬ ਅਤੇ ਅਨੰਦਪੁਰ ਸਾਹਿਬ। ਸ਼ਹੀਦੀ ਮਿਸਲ ਵਲੋਂ ਇਹ ਫੈਸਲਾ ਕੀਤਾ ਗਿਆ ਕਿ ਸਿਆਲਕੋਟ ਦਾ ਇਲਾਕਾ ਕਿਸੇ ਦੀ ਨਿੱਜੀ ਜਗੀਰ ਨਹੀਂ ਹੋਵੇਗੀ। ਬਾਬਾ ਦੀਪ ਸਿੰਘ ਜੀ ਨੇ ਇਸ ਇਲਾਕੇ ਦੀ ਜਗੀਰ ਗੁਰਦੁਆਰਾ ਬੇਰ ਸਾਹਿਬ ਦੇ ਲੰਗਰ ਦੇ ਨਾਂ ਲਗਵਾਈ।

ਤੈਮੂਰ ਸ਼ਾਹ ਨੇ ਜਦੋਂ ਹਰਿਮੰਦਰ ਸਾਹਿਬ ਦਾ ਪਵਿੱਤਰ ਸਰੋਵਰ ਪੂਰ ਦਿੱਤਾ ਤਾਂ ਇਕ ਭਾਗ ਸਿੰਘ ਨਾਂ ਦੇ ਨਿਹੰਗ ਸਿੰਘ ਨੇ ਇਹ ਖਬਰ ਜਾ ਕੇ ਬਾਬਾ ਦੀਪ ਸਿੰਘ ਜੀ ਨੂੰ ਦੱਸੀ।[723] ਬਾਬਾ ਜੀ ਨੇ ਵੈਰੀ ਦਲ ਨਾਲ ਲੜ੍ਹਦਿਆਂ 11 ਨਵੰਬਰ 1757 ਈ. ਨੂੰ ਆਪਣੀ ਸ਼ਹਾਦਤ ਦਿੱਤੀ। ਜਿੱਥੇ ਸੀਸ ਧੜ ਤੋਂ ਵੱਖ ਹੋਇਆ ਉੱਥੇ ਗੁ. ਟਾਹਲਾ ਸਾਹਿਬ ਸੁਸ਼ੋਭਿਤ ਹੈ। ਜਿੱਥੇ ਦੇਹ ਦਾ ਸਸਕਾਰ ਹੋਇਆ, ਉੱਥੇ ਗੁ. ਸ਼ਹੀਦ ਗੰਜ ਬਣਿਆ ਹੋਇਆ ਹੈ।[724] ਬਾਬਾ ਦੀਪ ਸਿੰਘ ਜੀ ਦਮਦਮੀ ਟਕਸਾਲ ਦੇ ਪਹਿਲੇ ਮੁਖੀ ਵੀ ਮੰਨੇ ਜਾਂਦੇ ਹਨ।

**ਮੀਤ ਜਥੇਦਾਰ ਬਾਬਾ ਨੌਧ ਸਿੰਘ ਜੀ ਸ਼ਹੀਦ:**

ਬਾਬਾ ਨੌਧ ਸਿੰਘ ਜੀ ਦਾ ਜਨਮ 1666 ਈ. ਵਿਚ ਪਿੰਡ ਚੀਚਾ ਭਕਨਾ ਵਿਚ ਹੋਇਆ। ਰਿਸ਼ਤੇਦਾਰੀ ਵਿਚ ਬਾਬਾ ਨੌਧ ਸਿੰਘ, ਬਾਬਾ ਦੀਪ ਸਿੰਘ ਜੀ ਦੇ ਵੱਡੀ ਮਾਸੀ ਦੇ ਸਪੁੱਤਰ ਸਨ। ਬਾਬਾ ਨੌਧ ਸਿੰਘ ਜੀ ਨੇ 1720 ਈ. ਵਿਚ ਦਮਦਮਾ ਸਾਹਿਬ ਜਾ ਕੇ ਅੰਮ੍ਰਿਤਪਾਨ ਕੀਤਾ। ਬਾਬਾ ਨੌਧ ਸਿੰਘ ਜੀ ਪੱਟੀ ਦੇ

---

721 ਗਿਆਨ ਸਿੰਘ (ਗਿਆਨੀ), ਪੰਥ ਪ੍ਰਕਾਸ਼, ਪੰਨਾ 913.

722 ਗੱਜਣ ਸਿੰਘ ਜਥੇਦਾਰ ਬਾਬਾ (ਸਿੰਘ ਸਾਹਿਬ) (ਸੰਪਾ.), ਤਰਨਾ ਦਲ ਸ੍ਰੀ ਮਿਸਲ ਸ਼ਹੀਦਾਂ ਦਾ ਬੰਸਾਵਲੀ ਨਾਮਹ ਅਤੇ ਇਤਿਹਾਸਕ ਰਚਨਾ, ਪੰਨਾ 32.

723 ਮੁਖਤਾਰ ਸਿੰਘ ਗੁਰਾਇਆ, ਸੰਖੇਪ ਜੀਵਨ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ, (ਪ੍ਰਕਾ.) ਡਾ. ਇੰਦਰਜੀਤ ਕੌਰ, ਪ੍ਰਧਾਨ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ, ਅੰਮ੍ਰਿਤਸਰ, ਅਗਸਤ 2018, ਪੰਨੇ 20-23.

724 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਤੀਜਾ, ਪੰਨਾ 1116.

ਕਾਸਮ ਬੇਗ ਨੂੰ ਮਾਰ ਕੇ ਅਮੀਰ-ਜਾਨ ਖਾਂ ਨਾਲ ਜੂਝਦਿਆਂ ਹੋਇਆਂ ਚੱਬੇ ਨਗਰ ਵਿਖੇ ਸ਼ਹੀਦ ਹੋ ਗਏ।[725] ਚੱਬੇ ਪਿੰਡ ਦੇ ਕੋਲ ਬਾਬਾ ਨੈਧ ਸਿੰਘ ਜੀ ਇੱਕੀ ਸਿੰਘਾਂ ਦੇ ਨਾਲ ਸ਼ਹੀਦੀ ਪਾ ਗਏ ਸਨ।[726]

**ਦੂਜੇ ਜਥੇਦਾਰ ਬਾਬਾ ਗੁਰਬਖ਼ਸ਼ ਸਿੰਘ ਜੀ ਸ਼ਹੀਦ (11ਨਵੰਬਰ 1761 ਤੋਂ 14-15 ਨਵੰਬਰ 1761 ਈ.)**

ਅਕਾਲੀ ਗੁਰਬਖ਼ਸ਼ ਸਿੰਘ ਜੀ ਦਾ ਜਨਮ ਜਨਮ 1688 ਈ. ਨੂੰ ਖੇਮਕਰਨ ਦੇ ਪਿੰਡ ਲੀਲ, ਜ਼ਿਲ੍ਹਾ ਅੰਮ੍ਰਿਤਸਰ ਵਿਚ ਹੋਇਆ ਸੀ।[727] ਆਪ ਜੀ ਦੇ ਪਿਤਾ ਦਸੌਂਧਾ ਸਿੰਘ ਅਤੇ ਮਾਤਾ ਲਛਮੀ ਜੀ ਸੀ।[728] 1693 ਈ. ਵਿਚ ਬਾਬਾ ਜੀ ਦਾ ਪਰਿਵਾਰ ਅਨੰਦਪੁਰ ਸਾਹਿਬ ਆ ਕੇ ਵਸਿਆ।[729] 11 ਸਾਲ ਦੀ ਉਮਰ ਵਿਚ ਬਾਬਾ ਜੀ ਨੇ ਭਾਈ ਮਨੀ ਸਿੰਘ ਜੀ ਦੇ ਜਥੇ ਕੋਲੋਂ ਅੰਮ੍ਰਿਤ ਛਕਿਆ।[730] ਬਾਬਾ ਦੀਪ ਸਿੰਘ ਜੀ ਅਤੇ ਭਾਈ ਮਨੀ ਸਿੰਘ ਜੀ ਪਾਸੋਂ ਗੁਰਬਾਣੀ ਸੰਥਿਆ ਲੈਣ ਵਾਲੇ ਵਿਦਿਆਰਥੀਆਂ ਵਿਚੋਂ ਤਿੰਨ ਪ੍ਰਮੁਖ ਵਿਦਵਾਨ ਗਿਆਨੀਆਂ ਵਿਚ ਬਾਬਾ ਗੁਰਬਖ਼ਸ਼ ਸਿੰਘ ਜੀ ਦਾ ਨਾਂ ਵੀ ਆਉਂਦਾ ਹੈ। ਬਾਕੀ ਦੋ ਵਿਦਵਾਨ ਗਿਆਨੀ ਭਾਈ ਦੀਵਾਨ ਸਿੰਘ ਅਤੇ ਭਾਈ ਗੁਰਦਿਆਲ ਸਿੰਘ ਸਨ।[731] ਬਾਬਾ ਗੁਰਬਖਸ਼ ਸਿੰਘ ਸੰਬੰਧੀ 'ਸ੍ਰੀ ਗੁਰ ਪੰਥ ਪ੍ਰਕਾਸ਼' ਵਿਚ ਇਸ ਪ੍ਰਕਾਰ ਜ਼ਿਕਰ ਹੈ:

ਹੁਤੋ ਭੁਜੰਗੀ ਔ ਬਡ ਜੰਗੀ। ਨੀਲ ਬਸਤ੍ਰ ਰਖ ਰਹਿ ਰਹਤ ਚੰਗੀ।

ਪ੍ਰਾਤ ਉਠੇ ਅਰ ਸੁੱਖਾ ਪੀਵੈ। ਹੁਇ ਰਮਣਯੋ ਮੁਖ ਦਾਤਨ ਕੀਵੈ।

ਸਵਾ ਪਹਿਰ ਨਿਸ ਕਰੈ ਸ਼ਨਾਨ। ਬਾਣੀ ਪੜ੍ਹੇ ਖੜ ਪੱਗ ਬਧਾਨ।

ਸਰਬ ਲੋਹ ਕੀ ਪੂਜਾ ਕਰੈ। ਨਮਸਕਾਰ ਕਰ ਸ਼ਸਤਰ ਫੜੈ।

ਸਰਬ ਲੋਹ ਗਲ ਮਾਲਾ ਪਾਵੈ। ਕੰਗਣ ਸਿਮਰਨ ਲੋਹ ਸੁਹਾਵੈ।[732]

---

725 ਗੱਜਣ ਸਿੰਘ ਬਾਬਾ ਜਥੇਦਾਰ (ਸਿੰਘ ਸਾਹਿਬ) (ਸੰਪਾ.), ਤਰਨਾ ਦਲ ਸ੍ਰੀ ਮਿਸਲ ਸ਼ਹੀਦਾਂ ਦਾ ਬੰਸਾਵਲੀ ਨਾਮਹ ਅਤੇ ਇਤਿਹਾਸਕ ਰਚਨਾ, ਪੰਨੇ 18-21.

726 ਠਾਕੁਰ ਸਿੰਘ (ਗਿਆਨੀ), ਗ੍ਰੰਥ ਸ੍ਰੀ ਗੁਰਦੁਆਰੇ ਦਰਸ਼ਨ, ਪੰਨਾ ੫੨੮.

727 ਸੁਖਦਿਆਲ ਸਿੰਘ (ਡਾ.), ਸਿਰੀ ਅਕਾਲ ਤਖ਼ਤ ਸਾਹਿਬ (1606-1982), ਪੰਨਾ 46(ਫੁਟਨੋਟ)

728 ਗੱਜਣ ਸਿੰਘ ਬਾਬਾ ਜਥੇਦਾਰ (ਸਿੰਘ ਸਾਹਿਬ) (ਸੰਪਾ.), ਤਰਨਾ ਦਲ ਸ੍ਰੀ ਮਿਸਲ ਸ਼ਹੀਦਾਂ ਦਾ ਬੰਸਾਵਲੀ ਨਾਮਹ ਅਤੇ ਇਤਿਹਾਸਕ ਰਚਨਾ, ਪੰਨਾ 23.

729 S.J.S. 'Pall', The Beloved Forces of the Guru, p.61.

730 ਸੁਖਦਿਆਲ ਸਿੰਘ (ਡਾ.), ਸਿਰੀ ਅਕਾਲ ਤਖ਼ਤ ਸਾਹਿਬ (1606-1982), ਪੰਨਾ 46(ਫੁਟਨੋਟ)

731 ਇਤਿਹਾਸ ਦਮਦਮੀ ਟਕਸਾਲ (ਸੰਖੇਪ), ਪੰਨਾ 53.

732 ਰਤਨ ਸਿੰਘ ਭੰਗੂ (ਸ਼ਹੀਦ), ਸ੍ਰੀ ਗੁਰ ਪੰਥ ਪ੍ਰਕਾਸ਼, ਡਾ. ਜੀਤ ਸਿੰਘ ਸੀਤਲ (ਸੰਪਾ.), ਪੰਜਵੀਂ ਵਾਰ, ਪੰਨਾ 514.

1765 ਬਿ. ਕਤਕ ਸੁਦੀ ਦੂਜ ਨੂੰ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦਿੱਤੀ ਤਾਂ ਉਸ ਵੇਲੇ ਪੰਜ ਪਿਆਰਿਆਂ ਵਿਚ ਬਾਬਾ ਗੁਰਬਖ਼ਸ਼ ਸਿੰਘ ਜੀ ਵੀ ਸ਼ਾਮਿਲ ਸਨ।[733] ਮਿਸਲ ਸ਼ਹੀਦਾਂ ਤਰਨਾ ਦਲ ਅਨੁਸਾਰ ਬਾਬਾ ਜੀ ਦੁਆਰਾ ਲਿਖੀ ਇਕ ਹੱਥ ਲਿਖਤ ਬੀੜ ਗੁਰਦੁਆਰਾ ਸ਼ਹੀਦੀ ਬਾਗ, ਅਨੰਦਪੁਰ ਸਾਹਿਬ ਵਿਖੇ ਮੌਜੂਦ ਹੈ।[734]

ਨਿਹੰਗ ਸਿੰਘਾਂ ਦੀ ਰਵਾਇਤ ਅਨੁਸਾਰ ਬਾਬਾ ਗੁਰਬਖ਼ਸ਼ ਸਿੰਘ ਜੀ ਨੂੰ ਬਾਬਾ ਦੀਪ ਸਿੰਘ ਜੀ ਦੀ ਪਵਿੱਤਰ ਦੇਹ ਦਾ ਸਸਕਾਰ ਕਰਨ ਤੋਂ ਪਹਿਲਾਂ ਤਰਨਾ ਦਲ ਦਾ ਅਗਲਾ ਜਥੇਦਾਰ ਥਾਪਿਆ ਗਿਆ। 1764 ਈ. ਵਿਚ ਅਬਦਾਲੀ ਨੇ ਅੰਮ੍ਰਿਤਸਰ ਉੱਪਰ ਹਮਲਾ ਕਰ ਦਿੱਤਾ। ਇਸ ਸਮੇਂ ਜਥੇਦਾਰ ਗੁਰਬਖ਼ਸ਼ ਸਿੰਘ ਜੀ ਨੇ ਕੇਵਲ ਤੀਹ ਸਿੰਘਾਂ ਨਾਲ ਦੁਸ਼ਮਣਾਂ ਦਾ ਮੁਕਾਬਲਾ ਕੀਤਾ ਅਤੇ 14-15 ਨਵੰਬਰ 1761 ਈ. ਨੂੰ ਸ਼ਹੀਦੀ ਪਾ ਗਏ ਸਨ।[735] ਬਾਬਾ ਜੀ ਦਾ ਸ਼ਹੀਦੀ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਿੱਛੇ ਬਣਿਆ ਹੋਇਆ ਹੈ। ਬਾਬਾ ਜੀ ਸਭ ਤੋਂ ਘੱਟ ਸਮਾਂ ਜਥੇਦਾਰੀ ਦੇ ਪਦ 'ਤੇ ਰਹੇ।

**ਜਥੇਦਾਰ ਬਾਬਾ ਸੁਧਾ ਸਿੰਘ ਜੀ ਸ਼ਹੀਦ (1761 ਈ. ਤੋਂ 1762 ਈ.)**

ਬਾਬਾ ਸੁਧਾ ਸਿੰਘ ਜੀ ਦਾ ਜਨਮ ਦਕੋਹੇ ਨਗਰ ਦੀ ਧਰਤੀ 'ਤੇ 1690 ਈ. ਵਿਚ ਹੋਇਆ। ਬਾਬਾ ਸੁਧਾ ਸਿੰਘ ਜੀ ਨੇ ਆਪਣੇ ਤਿੰਨ ਭਰਾਵਾਂ ਨਾਲ ਭਾਈ ਮਨੀ ਸਿੰਘ ਜੀ ਪਾਸੋਂ ਗੁਰਮਤਿ ਦੀ ਵਿੱਦਿਆ ਅਤੇ ਸ਼ਸਤਰ ਵਿੱਦਿਆ ਹਾਸਿਲ ਕੀਤੀ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ ਕੀਤੀ ਤਾਂ ਗੁਰੂ ਜੀ ਨੇ ਅਖੰਡ ਪਾਠ ਸਾਹਿਬ ਕਰਵਾਇਆ ਜਿਸ ਵਿਚ ਬਾਬਾ ਸੁਧਾ ਸਿੰਘ ਜੀ ਨੇ ਅਖੰਡ ਪਾਠ ਵਿਚ ਸੇਵਾ ਨਿਭਾਈ ਸੀ। ਮਿਸਲਾਂ ਵੇਲੇ ਬਾਬਾ ਸੁਧਾ ਸਿੰਘ ਜੀ ਨੇ ਸ਼ਹੀਦੀ ਮਿਸਲ ਵਿਚ ਰਹਿ ਕੇ ਵੱਡੀਆਂ ਜ਼ੁੰਮੇਵਾਰੀਆਂ ਨਿਭਾਈਆਂ।

ਮਿਸਲ ਸ਼ਹੀਦਾਂ ਕੀ ਥੀ ਸੋਈ। ਆਨੰਦ ਪੁਰੀ ਥਿਰੀ ਥੀ ਸੋਈ।

ਸਾਤ ਹਜ਼ਾਰ ਸਵਾਰ ਤਾਹਿ ਮੈ। ਥਾ ਲੜਾਕ ਰਹਿ ਜੰਗ ਚਾਹਿਮੈ।

---

733 ਗੁਰਬਚਨ ਸਿੰਘ ਖ਼ਾਲਸਾ ਭਿੰਡਰਾਂਵਾਲੇ (ਗਿਆਨੀ), ਗੁਰਬਾਣੀ ਪਾਠ ਦਰਪਣ, ਪੰਨਾ ੨੨

734 ਗੱਜਣ ਸਿੰਘ ਬਾਬਾ ਜਥੇਦਾਰ (ਸਿੰਘ ਸਾਹਿਬ) (ਸੰਪਾ.), ਤਰਨਾ ਦਲ ਸ੍ਰੀ ਮਿਸਲ ਸ਼ਹੀਦਾਂ ਦਾ ਬੰਸਾਵਲੀ ਨਾਮਹ ਅਤੇ ਇਤਿਹਾਸਕ ਰਚਨਾ, ਪੰਨੇ 23- 25.

735 ਗੁਰਬਚਨ ਸਿੰਘ ਖ਼ਾਲਸਾ ਭਿੰਡਰਾਂਵਾਲੇ (ਗਿਆਨੀ), ਗੁਰਬਾਣੀ ਪਾਠ ਦਰਪਣ, ਪੰਨਾ 26.

ਸੁਧਾ ਸਿੰਘ ਮੁਖਯਾ ਥਾ ਤਾ ਮੈ। ਗਮ ਦੁਕੋਹੇ ਵਾਲਾ ਭਾਮੈ।[736]

ਬਾਬਾ ਸੁਧਾ ਸਿੰਘ ਜੀ, ਬਾਬਾ ਦੀਪ ਸਿੰਘ ਜੀ ਸ਼ਹੀਦ ਦੇ ਵਿਦਿਆਰਥੀ ਸਨ। ਬਾਬਾ ਸੁਧਾ ਸਿੰਘ ਜੀ ਦਮਦਮਾ ਸਾਹਿਬ ਦੇ ਮਹੰਤ ਬਣੇ। ਵੱਡੇ ਘਲੂਘਾਰੇ ਵਿਚ ਵੀ ਬਾਬਾ ਸੁਧਾ ਸਿੰਘ ਜੀ ਨੇ ਦੁਸ਼ਮਣ ਨਾਲ ਲੋਹਾ ਲਿਆ ਸੀ। 1762 ਈ. ਵਿਚ ਬਾਬਾ ਜੀ ਪਠਾਣਾਂ ਨਾਲ ਲੜ੍ਹਦੇ ਹੋਏ ਦਕੋਹੇ ਨਗਰ ਵਿਚ ਸ਼ਹੀਦ ਹੋਏ।[737] ਕੁਝ ਇਤਿਹਾਸਕਾਰਾਂ ਦਾ ਮੰਨਣਾ ਹੈ ਕਿ ਪਿੰਡ ਗੁਠਾਲਾ ਰਿਆਸਤ ਮਲੇਰਕੋਟਲਾ ਵਿਚ ਬਾਬਾ ਸੁੱਧਾ ਸਿੰਘ ਜੀ ਲੜ੍ਹਦੇ ਸ਼ਹੀਦ ਹੋ ਗਏ ਸਨ ਅਤੇ ਸਿਰ ਧੜ ਤੋਂ ਵੱਖ ਹੋਣ ਦੇ ਬਾਵਜੂਦ ਵੀ ਉਹ ਘੋੜੇ ਤੋਂ ਡਿੱਗੇ ਨਹੀਂ ਸਨ ਅਤੇ ਇਸੀ ਹਾਲਤ ਵਿਚ ਹੀ ਲੜ੍ਹਦੇ ਰਹੇ। ਇਸ ਕਰਕੇ ਦਮਦਮਾ ਸਾਹਿਬ ਦੇ ਮਹੰਤਾਂ ਨੂੰ 'ਸ਼ਹੀਦ' ਕਿਹਾ ਜਾਂਦਾ ਸੀ।[738]

**ਚੌਥੇ ਜਥੇਦਾਰ ਬਾਬਾ ਕਰਮ ਸਿੰਘ ਜੀ ਸ਼ਹੀਦ (1762 ਈ. ਤੋਂ 1768 ਈ.)**

ਬਾਬਾ ਕਰਮ ਸਿੰਘ ਜੀ ਦਾ ਜਨਮ ਪਿੰਡ ਮਰ੍ਹਾਕਾ (ਲਾਹੌਰ) ਵਿਖੇ ਬਾਬਾ ਬੀਰ ਸਿੰਘ ਚੌਧਰੀ ਦੇ ਘਰ ਹੋਇਆ। ਬੀਰ ਸਿੰਘ ਜੀ ਸੰਧੂ ਗੋਤ ਦੇ ਸਨ। ਬਾਬਾ ਕਰਮ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤਪਾਨ ਕੀਤਾ ਸੀ ਅਤੇ ਬਾਬਾ ਦੀਪ ਸਿੰਘ ਜੀ ਨਾਲ ਤਰਨਾ ਦਲ ਵਿਚ ਵਿਚਰਦੇ ਰਹੇ। ਬਾਬਾ ਸੁਧਾ ਸਿੰਘ ਜੀ ਤੋਂ ਬਾਅਦ ਆਪ ਤਰਨਾ ਦਲ ਦੇ ਜਥੇਦਾਰ ਬਣੇ। ਆਪ ਜੀ ਦੀ ਅਗਵਾਈ ਵਿਚ ਮਿਸਲ ਸ਼ਹੀਦਾਂ ਤਰਨਾ ਦਲ ਨੇ 1763 ਈ. ਵਿਚ ਸਰਹੰਦ ਦੇ ਜੈਨ ਖਾਂ ਨਾਲ ਜੰਗ ਕੀਤੀ।[739]

**ਪੰਜਵੇਂ ਜਥੇਦਾਰ ਬਾਬਾ ਨੱਥਾ ਸਿੰਘ ਜੀ ਸ਼ਹੀਦ (1768 ਈ. ਤੋਂ 1774 ਈ.)**

ਬਾਬਾ ਨੱਥਾ ਸਿੰਘ ਜੀ ਦਾ ਜਨਮ ਪਿੰਡ ਕਾਲਕੇ ਪਿਤਾ ਸੇਵਾ ਸਿੰਘ ਦੇ ਘਰ ਹੋਇਆ। ਆਪ ਮਾਹਿਲ ਗੋਤ ਦੇ ਸਨ। ਬਾਬਾ ਨੱਥਾ ਸਿੰਘ ਜੀ ਨੇ ਬਾਬਾ ਦੀਪ ਸਿੰਘ ਜੀ ਤੋਂ ਦਮਦਮਾ ਸਾਹਿਬ ਵਿਖੇ ਅੰਮ੍ਰਿਤ ਛਕਿਆ

---

736 ਗਿਆਨ ਸਿੰਘ (ਗਿਆਨੀ), ਪੰਥ ਪ੍ਰਕਾਸ਼, ਪੰਨਾ 926.

737 ਗੱਜਣ ਸਿੰਘ ਬਾਬਾ ਜਥੇਦਾਰ (ਸਿੰਘ ਸਾਹਿਬ) (ਸੰਪਾ.), ਤਰਨਾ ਦਲ ਸ੍ਰੀ ਮਿਸਲ ਸ਼ਹੀਦਾਂ ਦਾ ਬੰਸਾਵਲੀ ਨਾਮਹ ਅਤੇ ਇਤਿਹਾਸਕ ਰਚਨਾ, ਪੰਨੇ 27-30.

738 ਨਾਹਰ ਸਿੰਘ ਐਮ.ਏ, (ਉੱਲਥਾਕਾਰ), ਰਿਆਸਤ ਪਟਿਆਲਾ ਦਾ ਇਤਿਹਾਸ ਕ੍ਰਿਤ ਸਰ ਲੈਪਲ ਹੈਨਰੀ ਗ੍ਰਿਫਨ, ਭਾਗ ਪਹਿਲਾ, ਪੰਨਾ 88.

739 ਗੱਜਣ ਸਿੰਘ ਬਾਬਾ ਜਥੇਦਾਰ (ਸਿੰਘ ਸਾਹਿਬ) (ਸੰਪਾ.), ਤਰਨਾ ਦਲ ਸ੍ਰੀ ਮਿਸਲ ਸ਼ਹੀਦਾਂ ਦਾ ਬੰਸਾਵਲੀ ਨਾਮਹ ਅਤੇ ਇਤਿਹਾਸਕ ਰਚਨਾ, ਪੰਨਾ 31.

ਬਾਬਾ ਦੀਪ ਸਿੰਘ ਜੀ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਰੱਖਿਆ ਲਈ ਜਾਣ ਲੱਗਿਆਂ ਦਮਦਮਾ ਸਾਹਿਬ ਦਾ ਜਥੇਦਾਰ ਬਾਬਾ ਨੱਥਾ ਸਿੰਘ ਜੀ ਸਿਆਲਕੋਟੀਏ ਨੂੰ ਬਣਾਇਆ ਸੀ। ਬਾਬਾ ਨੱਥਾ ਸਿੰਘ ਜੀ ਦੀ ਜਥੇਦਾਰੀ ਹੇਠ ਤਰਨਾ ਦਲ ਸਿਆਲਕੋਟ ਵਿਚ ਪੁੱਜਾ ਤਾਂ ਤੁਰਕਾਂ ਦੁਆਰਾ ਹਿੰਦੂਆਂ ਉੱਪਰ ਹੁੰਦੀਆਂ ਵਧੀਕੀਆਂ ਦੇਖ ਕੇ ਬਾਬਾ ਜੀ ਨੇ ਬਾਬੇ ਕੀ ਬੇਰ ਸਿਆਲਕੋਟ ਵਿਖੇ ਤਰਨਾ ਦਲ ਦਾ ਟਿਕਾਣਾ ਸਥਾਪਿਤ ਕਰ ਦਿੱਤਾ। ਬਾਬਾ ਨੱਥਾ ਸਿੰਘ ਜੀ ਨੇ ਅੰਮ੍ਰਿਤ ਪ੍ਰਚਾਰ ਕਰਕੇ ਕਈਆਂ ਨੂੰ ਅੰਮ੍ਰਿਤਧਾਰੀ ਬਣਾਇਆ। 1774 ਈ. ਵਿਚ ਬਾਬਾ ਨੱਥਾ ਸਿੰਘ ਜੀ ਤੈਮੂਰ ਬਾਦਸ਼ਾਹ ਵਲੋਂ ਭੇਜੇ ਸਰ ਬੁਲੰਦ ਖਾਂ ਅਤੇ ਮੁਹੰਮਦ ਖਾਂ ਦੀ ਵੀਹ ਹਜ਼ਾਰ ਫੌਜ ਨਾਲ ਜੂਝਦਿਆਂ ਸ਼ਹੀਦੀ ਜਾਮ ਪੀ ਗਏ ਸਨ।[740]

**ਛੇਵੇਂ ਜਥੇਦਾਰ ਬਾਬਾ ਰਾਮ ਸਿੰਘ ਜੀ ਸ਼ਹੀਦ ਬੇਦੀ (1774 ਈ. ਤੋਂ 1779 ਈ.)**

ਆਪ ਦਾ ਜਨਮ ਬਾਬਾ ਫਕੀਰ ਚੰਦ ਬੇਦੀ ਦੇ ਘਰ ਪਿੰਡ ਕੋਟਲੀ, ਤਹਿਸੀਲ ਪਸਰੂਰ, ਜ਼ਿਲ੍ਹਾ ਸਿਆਲਕੋਟ (ਹੁਣ ਪਾਕਿਸਤਾਨ) ਵਿਚ ਹੋਇਆ ਸੀ। ਬਾਬਾ ਰਾਮ ਸਿੰਘ ਜੀ ਨੇ ਬਾਬਾ ਦੀਪ ਸਿੰਘ ਜੀ ਸ਼ਹੀਦ ਤੋਂ ਅੰਮ੍ਰਿਤ ਛਕਿਆ ਸੀ ਅਤੇ ਨਿਹੰਗ ਸਿੰਘ ਸਜ ਗਏ ਸਨ। ਆਪ ਜੀ ਗ੍ਰਹਿਸਥੀ ਹੁੰਦਿਆਂ ਹੋਇਆਂ ਵੀ ਪੰਥਕ ਜਿੰਮੇਵਾਰੀਆਂ ਨਿਭਾਉਣ ਵਿਚ ਅੱਗੇ ਸਨ।[741] ਜਦੋਂ ਇਕ ਵਾਰ ਬਾਬਾ ਰਾਮ ਸਿੰਘ ਜੀ ਬੇਦੀ ਨੂੰ ਪਤਾ ਲੱਗਾ ਕਿ ਸਿੰਘ ਬੜੀ ਮੁਸ਼ਕਿਲ ਵਿਚ ਗੁਜਰਾਤ (ਹੁਣ ਪਾਕਿਸਤਾਨ) ਵਿਚ ਫਸੇ ਹੋਏ ਹਨ ਤਾਂ ਝਟ ਨਿਹੰਗ ਸਿੰਘਾਂ ਦਾ ਜਥਾ ਲੈ ਕੇ ਪਹੁੰਚ ਗਏ। ਮੁਰੀਦ ਖਾਂ ਅਤੇ ਸ਼ਾਂਹਚੀ ਨਾਲ ਲੜਦਿਆਂ ਬਾਬਾ ਜੀ ਦੇ ਸ਼ਰੀਰ ਵਿਚ ਕਈ ਗੋਲੀਆਂ ਲੱਗੀਆਂ ਸਨ ਜਿਸ ਕਾਰਨ ਬਾਬਾ ਰਾਮ ਸਿੰਘ ਜੀ 1779 ਈ. ਨੂੰ ਸ਼ਹਾਦਤ ਪਾ ਗਏ ਸਨ।[742]

**ਸੱਤਵੇਂ ਜਥੇਦਾਰ ਬਾਬਾ ਜੱਸਾ ਸਿੰਘ ਜੀ ਸ਼ਹੀਦ (1779ਈ. ਤੋਂ 1816 ਈ.)**

ਭਾਈ ਮਨੀ ਸਿੰਘ ਜੀ ਦੇ ਪੁੱਤਰ ਬਾਬਾ ਉਦੇ ਸਿੰਘ ਜੀ ਦੀ ਬੰਸ ਵਿਚ ਬਾਬਾ ਜੱਸਾ ਸਿੰਘ ਜੀ ਦਾ ਜਨਮ ਹੋਇਆ। ਆਪ ਦੇ ਪਿਤਾ ਬਾਬਾ ਕਰਮ ਸਿੰਘ ਸੀ। ਆਪ ਜੀ ਨੇ 1762 ਈ. ਵਿਚ ਬਾਬਾ ਸੁਧਾ ਸਿੰਘ

---

740 ਉਹੀ, ਪੰਨੇ 32-36.

741 ਉਹੀ, ਪੰਨਾ 38.

742 ਉਹੀ, ਪੰਨੇ 41-45.

ਜੀ ਤੋਂ ਅੰਮ੍ਰਿਤਪਾਨ ਕੀਤਾ ਸੀ। ਬਾਬਾ ਜੀ ਸਰਹਾਲੀ ਨਗਰ ਵਿਚ ਨਿਵਾਸ ਕਰਦੇ ਸਨ ਅਤੇ ਘੋੜਿਆਂ ਨਾਲ ਬਹੁਤ ਪਿਆਰ ਕਰਦੇ ਸਨ। ਬਾਬਾ ਜੱਸਾ ਸਿੰਘ ਜੀ 1816 ਈ. ਵਿਚ ਸਰਹਾਲੀ ਵਿਚ ਗਊ ਘਾਤ ਕਰਨ ਵਾਲੇ ਮੁਸਲਮਾਨ ਪਠਾਣਾਂ ਬੁੱਚੜਾਂ ਨਾਲ ਲੜ੍ਹਦੇ ਹੋਏ ਸ਼ਹੀਦ ਹੋ ਗਏ ਸਨ।[743]

**ਅੱਠਵੇਂ ਜਥੇਦਾਰ ਬਾਬਾ ਨੰਦ ਸਿੰਘ ਜੀ (1816 ਈ. ਤੋਂ 1883 ਈ.)**

ਬਾਬਾ ਨੰਦ ਸਿੰਘ ਜੀ, ਬਾਬਾ ਜੱਸਾ ਸਿੰਘ ਸਰਹਾਲੀ ਵਾਲਿਆਂ ਦੇ ਸਪੁੱਤਰ ਸਨ। 1798 ਈ. ਵਿਚ ਆਪ ਜੀ ਦਾ ਜਨਮ ਹੋਇਆ ਅਤੇ 1816 ਈ. ਪਿਤਾ ਬਾਬਾ ਜੱਸਾ ਸਿੰਘ ਜੀ ਸ਼ਹੀਦ ਹੋ ਗਏ ਸਨ। ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਪੁੱਤਰ ਖੜਗ ਸਿੰਘ ਨੂੰ ਮੁਲਤਾਨ ਦੀ ਮੁਹਿੰਮ 'ਤੇ ਭੇਜਿਆ ਤਾਂ ਉਸ ਨਾਲ ਨਿਹੰਗ ਸਿੰਘਾਂ ਦੀ ਫੌਜ ਵੀ ਸੀ ਜਿਸਦੀ ਅਗਵਾਈ ਬਾਬਾ ਸਾਧੂ ਸਿੰਘ ਕਰ ਰਹੇ ਸਨ। ਕਿਲ੍ਹਾ ਫ਼ਤਿਹ ਨਹੀਂ ਸੀ ਹੋ ਰਿਹਾ। ਅਹਿਲਕਾਰਾਂ, ਜੋਤਸ਼ੀਆਂ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਦੱਸਿਆ ਕਿ ਤੁਹਾਡੀ ਫੌਜ ਵਿਚ ਦੋ ਮਹਾਂਪੁਰਖ ਰਹਿੰਦੇ ਹਨ ਜੋ ਇਸ ਸਮੱਸਿਆ ਦਾ ਹੱਲ ਕਰ ਸਕਦੇ ਹਨ। ਲਾਹੌਰ ਵਿਖੇ ਬਾਬਾ ਨੰਦ ਸਿੰਘ ਅਤੇ ਬਾਬਾ ਰਾਮ ਸਿੰਘ (ਨਾਮਧਾਰੀ) ਸਨ ਜੋ ਰੋਜ਼ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਸ਼ਹੀਦੀ ਦੇਗਾਂ ਸਜਾਉਂਦੇ ਸਨ।[744] ਮਹਾਰਾਜਾ ਰਣਜੀਤ ਸਿੰਘ ਨੇ ਜਦੋਂ ਇਨਾਂ ਦੋਹਾਂ ਸਿੰਘਾਂ ਕੋਲ ਪਹੁੰਚ ਕੀਤੀ ਤਾਂ ਬਾਬਾ ਨੰਦ ਸਿੰਘ ਜੀ ਕਹਿਣ ਲੱਗੇ ਕਿ ਅਸੀਂ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਸ਼ਹੀਦੀ ਦੇਗਾਂ ਦੇ ਰਗੜੇ ਲਗਾਉਂਦੇ ਸਮੇਂ ਆਸਾ ਦੀ ਵਾਰ ਅਤੇ ਚੰਡੀ ਦੀ ਵਾਰ ਦਾ ਪਾਠ ਕਰਕੇ ਸ਼ਹੀਦ ਸਿੰਘਾਂ ਦੇ ਚਰਨਾਂ ਵਿਚ ਅਰਦਾਸਾ ਸੋਧਾਂਗੇ। ਅਰਦਾਸ ਉਪਰੰਤ ਸ਼ਹੀਦੀ ਦੇਗਾਂ ਦੇ ਨੁਗਦੇ ਦਾ ਗੋਲਾ ਛੱਡਾਂਗੇ। ਉਧਰ ਉਸੇ ਸਮੇਂ ਸਿੰਘ ਤੋਪ ਦਾ ਗੋਲਾ ਦਾਗ ਦੇਣ ਤਾਂ ਜ਼ਰੂਰ ਕਿਲਾ ਫ਼ਤਿਹ ਹੋਵੇਗਾ। ਮੁਲਤਾਨ ਵਿਚ ਫੌਜ ਨੂੰ ਇਤਲਾਹ ਕਰਕੇ ਸਮਾਂ ਮੇਲ ਲਿਆ ਅਤੇ ਇਧਰ ਸ਼ਹੀਦਾਂ ਸਿੰਘਾਂ ਅੱਗੇ ਅਰਦਾਸ ਬੇਨਤੀ ਕਰਕੇ ਨੁਗਦੇ ਦਾ ਗੋਲਾ ਚਲਾਇਆ ਅਤੇ ਉੱਧਰ ਬਾਬਾ ਸਾਧੂ ਸਿੰਘ ਜੀ ਨੇ ਤੋਪ ਦਾ ਗੋਲਾ ਦਾਗ ਦਿੱਤਾ ਤਾਂ 2 ਜੂਨ 1818 ਈ. ਨੂੰ ਮੁਲਤਾਨ ਦਾ ਕਿਲ੍ਹਾ ਫਤਿਹ ਹੋ ਗਿਆ।[745] ਮਹਾਰਾਜਾ ਰਣਜੀਤ ਸਿੰਘ ਬਾਬਾ ਨੰਦ ਸਿੰਘ ਜੀ ਦਾ ਬਹੁਤ ਸਤਿਕਾਰ ਕਰਦੇ ਸਨ। ਅਕਾਲੀ ਫੂਲਾ ਸਿੰਘ ਜੀ ਦੀ ਸ਼ਹੀਦੀ 'ਤੇ ਬਾਬਾ ਨੰਦ ਸਿੰਘ ਜੀ ਨੇ ਬਹੁਤ ਦੁਖ ਮਨਾਇਆ ਸੀ। ਡੋਗਰਿਆਂ ਦੀ ਗੱਦਾਰੀ ਦਾ ਪਤਾ ਚਲਣ 'ਤੇ ਬਾਬਾ ਨੰਦ ਸਿੰਘ ਜੀ ਬਾਬਾ ਸਾਧੂ ਸਿੰਘ ਨੂੰ ਜਥੇਦਾਰੀ ਸੌਂਪ ਕੇ ਕੁਝ ਸਿੰਘਾਂ

---

[743] ਉਹੀ, ਪੰਨੇ 49-50.

[744] ਉਹੀ, ਪੰਨਾ 53.

[745] ਉਹੀ, ਪੰਨਾ 54-55.

ਨਾਲ ਸਰਹਾਲੀ ਆ ਗਏ। ਬਾਬਾ ਨੰਦ ਸਿੰਘ ਜੀ 1883 ਈ. ਨੂੰ ਸਰਹਾਲੀ ਵਿਖੇ ਹੀ ਸਚਖੰਡ ਪਿਆਨਾ ਕਰ ਗਏ।[746]

**ਨੈਵੇਂ ਜਥੇਦਾਰ ਬਾਬਾ ਰਾਮ ਸਿੰਘ ਜੀ (1883ਈ. ਤੋਂ 1902 ਈ.)**

ਬਾਬਾ ਰਾਮ ਸਿੰਘ ਜੀ ਨੇ 1850 ਈ. ਵਿਚ ਬਾਬਾ ਨੰਦ ਸਿੰਘ ਜੀ ਦੇ ਗ੍ਰਹਿ ਵਿਖੇ ਮਾਤਾ ਗੁਜਰ ਕੌਰ ਦੀ ਕੁਖੋਂ ਸਰਹਾਲੀ ਵਿਖੇ ਜਨਮ ਲਿਆ। ਬਾਬਾ ਰਾਮ ਸਿੰਘ ਜੀ ਨੇ ਸਿੰਘਾਂ ਦੇ ਕਹਿਣ 'ਤੇ ਪੁਰਾਤਨ ਰਵਾਇਤਾਂ ਅਨੁਸਾਰ ਪਹਿਲਾਂ ਵਾਂਗ ਵਹੀਰ ਨੂੰ ਚਕਰਵਰਤੀ ਚਲਾਇਆ। ਬਾਬਾ ਜੀ ਵਹੀਰ ਨੂੰ ਰੱਖੜ ਪੁੰਨਿਆ ਤੇ ਬਾਬਾ ਬਕਾਲੇ ਗੋਇੰਦਵਾਲ, ਖਡੂਰ ਸਾਹਿਬ, ਹੋਲੇ ਮਹੱਲੇ 'ਤੇ ਅਨੰਦਪੁਰ ਸਾਹਿਬ ਆਦਿ ਥਾਵਾਂ 'ਤੇ ਲੈ ਜਾ ਕੇ ਸਿੱਖੀ ਪ੍ਰਚਾਰ ਕਰਦੇ ਸਨ। ਬਾਬਾ ਜੀ ਸਿੱਖੀ ਪ੍ਰਚਾਰ ਕਰਦੇ ਹੋਏ 1902 ਈ. ਨੂੰ ਸਚਖੰਡ ਪਿਆਨਾ ਕਰ ਗਏ।[747]

**ਦਸਵੇਂ ਜਥੇਦਾਰ ਬਾਬਾ ਗੁਰਮੁਖ ਸਿੰਘ ਜੀ (1902 ਈ. ਤੋਂ 1928 ਈ.)**

ਬਾਬਾ ਗੁਰਮੁਖ ਸਿੰਘ ਜੀ ਦਾ ਜਨਮ 5 ਅਪ੍ਰੈਲ 1867 ਈ. ਵਿਚ ਪਿਤਾ ਜਮਾਹਰ ਸਿੰਘ ਅਤੇ ਮਾਤਾ ਖੀਵੀ ਜੀ ਦੀ ਕੁਖੋਂ ਹੋਇਆ ਸੀ। ਬਾਬਾ ਸੰਤ ਸਿੰਘ ਰਕਬੇ ਵਾਲਿਆਂ ਕੋਲੋਂ ਗੁਰਮੁਖੀ ਵਿੱਦਿਆ ਸਿੱਖ ਕੇ ਬਾਬਾ ਗੁਰਮੁਖ ਸਿੰਘ ਜੀ ਪਿੰਡ ਚੱਬੇ ਆ ਗਏ ਅਤੇ ਸੇਵਾ ਕਰਨ ਲੱਗੇ। ਬਾਬਾ ਗੁਰਮੁਖ ਸਿੰਘ ਜੀ ਨੇ ਬਾਬਾ ਬਕਾਲਾ ਸਾਹਿਬ ਦੇ ਸਰੋਵਰ ਢਾਬਸਰ ਦੀ ਸੇਵਾ ਕਰਵਾਈ। ਇਸ ਸੇਵਾ ਵਿਚ ਬਾਬਾ ਸੋਹਣ ਸਿੰਘ ਜੀ (ਦਲ ਬਾਬਾ ਬਿਧੀ ਚੰਦੀ ਜੀ) ਨੇ ਵੀ ਹਿੱਸਾ ਪਾਇਆ। ਬਾਬਾ ਸੋਹਣ ਸਿਘ ਜੀ (ਦਲ ਬਿਧੀ ਚੰਦ) 17 ਸਾਲ ਤੱਕ ਬਾਬਾ ਗੁਰਮੁਖ ਸਿੰਘ ਜੀ ਦੇ ਸਾਥੀ ਬਣ ਕੇ ਰਹੇ।[748] ਸੇਵਾ ਕਰਦਿਆਂ ਹੋਇਆਂ ਬਾਬਾ ਜੀ 1928 ਈ. ਨੂੰ ਗੁਰਪੁਰ ਪਿਆਨਾ ਕਰ ਗਏ ਸਨ।

**ਗਿਆਰ੍ਹਵੇਂ ਜਥੇਦਾਰ ਬਾਬਾ ਸਾਧੂ ਸਿੰਘ ਜੀ (1928 ਈ. ਤੋਂ 1932 ਈ. ਤਕ)**

ਬਾਬਾ ਸਾਧੂ ਸਿੰਘ ਜੀ ਦਾ ਜਨਮ 1877 ਈ. ਦੇ ਲਗਭਗ ਬਾਬਾ ਈਸ਼ਰ ਸਿੰਘ ਜੀ ਦੇ ਘਰ ਮਾਤਾ ਧਿਆਨ ਕੌਰ ਦੀ ਕੁੱਖੋਂ ਬੁੱਘੇ ਨਗਰ ਤਰਨ ਤਾਰਨ ਵਿਖੇ ਹੋਇਆ। ਬਾਬਾ ਸਾਧੂ ਜੀ ਪ੍ਰਥਾਇ ਸੰਤ ਗਿਆਨੀ

---

746 ਉਹੀ, ਪੰਨੇ 57-63.

747 ਉਹੀ, ਪੰਨੇ 64-69.

748 ਉਹੀ, ਪੰਨੇ 70-72.

ਗੁਰਬਚਨ ਸਿੰਘ ਖਾਲਸਾ ਭਿੰਡਰਾਂਵਾਲੇ ਕਿਹਾ ਕਰਦੇ ਸਨ ਕਿ ਬਾਬਾ ਸਾਧੂ ਸਿੰਘ ਜੀ ਜਨਮ ਤੋਂ ਹੀ ਬ੍ਰਹਮ ਗਿਆਨੀ ਹਨ। ਬਾਬਾ ਜੀ ਦੇ ਮਾਤਾ ਪਿਤਾ ਬਚਪਨ ਤੋਂ ਹੀ ਬਾਬਾ ਜੀ ਨੂੰ ਅਵਾਜ਼ ਦੇਣ ਸਮੇਂ 'ਬਾਬਾ ਜੀ' ਕਹਿ ਕੇ ਪੁਕਾਰਦੇ ਸਨ। ਬਾਬਾ ਜੀ ਬਾਰ੍ਹਾਂ-ਤੇਰ੍ਹਾਂ ਸਾਲ ਦੀ ਉਮਰ ਵਿਚ ਨਿਰਮਲੇ ਸਾਧੂਆਂ ਨਾਲ ਕਾਂਸ਼ੀ ਚਲੇ ਗਏ। ਉਨ੍ਹਾਂ ਪਾਸੋਂ ਗੁਰਮਤਿ ਅਤੇ ਵੇਦਾਂਤ ਸ਼ਾਸਤਰਾਂ ਦੀ ਵਿੱਦਿਆ ਹਾਸਿਲ ਕੀਤੀ। ਕਾਂਸ਼ੀ ਵਿਖੇ ਬਾਰ੍ਹਾਂ ਸਾਲ ਰਹਿ ਕੇ ਜਦੋਂ ਵੇਦਾਂਤ ਦੀ ਖੁਸ਼ਕ ਵਿੱਦਿਆ ਨਾਲ ਮਨ ਉਪਰਾਮ ਹੋ ਗਿਆ ਤਾਂ ਅਨੰਦਪੁਰ ਸਾਹਿਬ ਆ ਗਏ। 1901 ਈ. ਵਿਚ ਤਰਨਾ ਦਲ ਦੇ ਨੌਵੇਂ ਮੁਖੀ ਬਾਬਾ ਰਾਮ ਸਿੰਘ ਜੀ ਪਾਸੋਂ ਅੰਮ੍ਰਿਤ ਪਾਨ ਕੀਤਾ ਅਤੇ ਨਿਹੰਗ ਸਿੰਘ ਸਜ ਗਏ। ਸ਼ਹੀਦੀ ਬਾਗ ਵਾਲੇ ਅਸਥਾਨ 'ਤੇ ਬਾਬਾ ਸਾਧੂ ਸਿੰਘ ਜੀ ਦੇਗ-ਲੰਗਰ ਚਲਾਇਆ ਕਰਦੇ ਸਨ ਅਤੇ ਬਾਬਾ ਮੰਗਲ ਸਿੰਘ ਜੀ ਬਾਹਰੋਂ ਕਾਰ ਭੇਟਾ ਲਿਆ ਕੇ ਦਿੰਦੇ ਸਨ। ਆਪ ਜੀ ਦਾ ਜੀਵਨ ਦੇਖ ਕੇ ਕੇਸਗੜ੍ਹ ਸਾਹਿਬ ਦੇ ਜਥੇਦਾਰ ਨੇ ਆਪ ਜੀ ਨੂੰ 1902 ਈ. ਦੇ ਕਰੀਬ ਅੰਮ੍ਰਿਤ ਪ੍ਰਚਾਰ ਦੀ ਸੇਵਾ ਵਿਚ ਲੱਗਣ ਲਈ ਬੇਨਤੀ ਕੀਤੀ। ਬਾਬਾ ਜੀ ਤਖ਼ਤ ਸਾਹਿਬ ਤੇ ਸੇਵਾ ਨਿਭਾਉਂਦੇ ਅਤੇ ਨਾਲ ਹੀ ਗੁ: ਸ਼ਹੀਦੀ ਬਾਗ ਦਾ ਪ੍ਰਬੰਧ ਸੰਭਾਲਦੇ।[749] ਕੁਝ ਸਮੇਂ ਬਾਅਦ ਸੋਢੀਆਂ ਨੇ ਕੇਸ ਕਰ ਦਿੱਤਾ ਕਿ ਸ਼ਹੀਦੀ ਬਾਗ ਦਾ ਅਸਥਾਨ ਸਾਡਾ ਹੈ ਅਤੇ ਨਿਹੰਗ ਸਿੰਘਾਂ ਨੇ ਜ਼ਬਰਦਸਤੀ ਮੱਲ ਲਿਆ ਹੈ। ਇਹ ਕੇਸ ਲਾਹੌਰ ਅਦਾਲਤ ਵਿਚ ਗਿਆ ਤਾਂ ਬਾਬਾ ਜੀ ਨੇ ਸ਼ਹੀਦੀ ਦੇਗਾਂ ਵਾਲਾ ਅਸਥਾਨ ਪੁੱਟਵਾ ਕੇ ਹੇਠਾਂ ਤੋਂ ਦੋ ਮਟਕੀਆਂ ਅਤੇ ਸੁਨਹਿਰਾ ਕੱਢ ਕੇ ਇਹ ਸਿੱਧ ਕਰ ਦਿੱਤਾ ਕਿ ਇਹ ਅਸਥਾਨ ਆਦਿ ਕਾਲ ਤੋਂ ਹੀ ਨਿਹੰਗ ਸਿੰਘ ਫੌਜਾਂ ਦਾ ਹੈ। ਅੰਗਰੇਜ਼ ਸਰਕਾਰ ਨੇ ਜਦੋਂ ਕ੍ਰਿਪਾਨ 'ਤੇ ਪਾਬੰਦੀ ਲਗਾ ਦਿੱਤੀ ਸੀ ਤਾਂ ਬਾਬਾ ਸਾਧੂ ਸਿੰਘ ਜੀ ਨੇ ਇਸ ਕਾਨੂੰਨ ਦਾ ਡਟ ਕੇ ਵਿਰੋਧ ਕੀਤਾ। ਬਾਬਾ ਜੀ ਅਨੰਦਪੁਰ ਸਾਹਿਬ ਦੇ ਨੇੜੇ ਸਤਲੁਜ ਦਰਿਆ ਪਾਰ ਕਰਦੇ ਹੋਏ ਪਾਣੀ ਦੀ ਤੇਜ਼ ਘੁੰਮਣਘੇਰੀ ਵਿਚ ਫਸ ਜਾਣ ਕਾਰਨ ਅੱਸੂ ਦੇ ਮਹੀਨੇ 1932 ਈ. ਨੂੰ ਪਾਣੀ ਵਿਚ ਡੁੱਬ ਜਾਣ ਕਾਰਨ ਅਕਾਲ ਚਲਾਣਾ ਕਰ ਗਏ ਸਨ।[750]

---

[749] ਉਹੀ, ਪੰਨੇ 73-76.

[750] ਉਹੀ, ਪੰਨੇ 77-80.

**ਬਾਰ੍ਹਵੇਂ ਜਥੇਦਾਰ ਬਾਬਾ ਬਿਸ਼ਨ ਸਿੰਘ ਜੀ (1932 ਈ. ਤੋਂ 1994 ਈ.)**

ਬਾਬਾ ਜੀ ਦਾ ਜਨਮ ਮਾਤਾ ਗੰਗਾ ਜੀ ਦੀ ਕੁਖੋਂ ਪਿਤਾ ਸ. ਉਜਾਗਰ ਸਿੰਘ ਜੀ ਦੇ ਘਰ ਪਿੰਡ ਵਡਾਲਾ ਕਲਾਂ ਅੰਮ੍ਰਿਤਸਰ ਵਿਖੇ ਸੰਨ 1892 ਈ. ਵਿਚ ਹੋਇਆ।[751] ਬਾਬਾ ਬਿਸ਼ਨ ਸਿੰਘ ਜੀ 1911-12 ਈ. ਦੇ ਲਗਭਗ ਦਲ ਪੰਥ ਵਿਚ ਭਰਤੀ ਹੋ ਗਏ।[752] ਤਰਨਾ ਦਲ ਬਾਬਾ ਬਕਾਲਾ ਦੇ ਜਥੇਦਾਰ ਬਾਬਾ ਸਾਧੂ ਸਿੰਘ ਦੇ ਅਕਾਲ ਚਲਾਣੇ ਉਪਰੰਤ 1934 ਈ. ਵਿਚ ਜਥੇਦਾਰ ਬਾਬਾ ਬਿਸ਼ਨ ਸਿੰਘ ਜੀ ਨੂੰ ਜਥੇਦਾਰ ਬਣਾ ਦਿੱਤਾ ਗਿਆ। ਬਾਬਾ ਬਿਸ਼ਨ ਸਿੰਘ ਜੀ ਨੇ ਬਾਬਾ ਬਕਾਲਾ ਸਾਹਿਬ ਵਿਖੇ ਗੁ. ਸ੍ਰੀ ਭੋਰਾ ਸਾਹਿਬ, ਸ੍ਰੀ ਹਰਿਮੰਦਰ ਸਾਹਿਬ ਅਤੇ ਡੇਰਾ ਮਾਤਾ ਗੰਗਾ ਜੀ ਵਿਖੇ ਸੋਨੇ ਦੀ ਸੇਵਾ ਕਰਵਾਈ।[753] ਦਲ-ਪੰਥ ਦੀਆਂ ਸੇਵਾਵਾਂ ਨਿਭਾਉਂਦੇ ਹੋਏ ਬਾਬਾ ਜੀ 19 ਜੂਨ 1994 ਈ. ਵਿਚ ਗੁਰਪੁਰੀ ਪਿਆਨਾ ਕਰ ਗਏ ਸਨ।[754]

**ਤੇਰ੍ਹਵੇਂ ਜਥੇਦਾਰ ਬਾਬਾ ਕੀਰਤਨ ਸਿੰਘ ਜੀ (1994 ਈ. ਤੋਂ 2001 ਈ. ਤੱਕ)**

ਬਾਬਾ ਕੀਰਤਨ ਸਿੰਘ ਜੀ ਦਾ ਜਨਮ ਗੁਰਦਾਸਪੁਰ ਦੇ ਇਕ ਛੋਟੇ ਜਿਹੇ ਪਿੰਡ ਵਿਚ ਕੋਟਲੀ ਲੇਹਲ ਵਿਖੇ 23 ਨਵੰਬਰ 1914 ਈ. ਨੂੰ ਹੋਇਆ। ਆਪ ਜੀ ਦੇ ਪਿਤਾ ਵੀਰ ਸਿੰਘ ਅਤੇ ਮਾਤਾ ਕ੍ਰਿਸ਼ਨ ਕੌਰ ਜੀ ਸਨ। ਬਾਬਾ ਜੀ ਦਾ ਪਹਿਲਾ ਨਾਂ ਸੁਵਰਨ ਸਿੰਘ ਸੀ। ਬਾਬਾ ਜੀ ਨੇ ਦੁਕੋਏ ਪਿੰਡ ਦੇ ਗ੍ਰੰਥੀ ਸਿੰਘ ਤੋਂ ਸੰਥਿਆ ਲਈ। ਇਕ ਵਾਰ ਬਾਬਾ ਬਿਸ਼ਨ ਸਿੰਘ ਜੀ ਦਲ ਪੰਥ ਸਮੇਤ ਫੱਗਣ ਦੇ ਮਹੀਨੇ ਕੋਟਲੀ ਨਗਰ ਵਿਚ ਪੰਦਰ੍ਹਾਂ ਦਿਨ ਠਹਿਰੇ ਸਨ। ਬਾਬਾ ਕੀਰਤਨ ਸਿੰਘ ਜੀ ਨੇ ਉੱਥੋਂ ਅੰਮ੍ਰਿਤ ਪਾਨ ਕੀਤਾ।[755] ਬਾਬਾ ਜੀ ਨੇ ਦਲ ਵਿਚ ਰਹਿ ਕੇ ਨਿਸ਼ਾਨਚੀ, ਗ੍ਰੰਥੀ ਅਤੇ ਲਾਂਗਰੀ ਸਿੰਘ ਦੀ ਸੇਵਾ ਨਿਭਾਈ। ਬਾਬਾ ਬਕਾਲਾ ਰਹਿ ਕੇ ਬਾਬਾ ਕੀਰਤਨ ਸਿੰਘ ਜੀ ਨੇ ਦੋ ਵਾਰ ਗੁਰ ਇਤਿਹਾਸ ਦੀ ਕਥਾ ਅਤੇ ਇਕ ਵਾਰ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨ ਕਥਾ ਦਾ ਭੋਗ ਪਾਇਆ ਸੀ। ਉਸ ਸਮੇਂ ਸ਼ਹੀਦੀ ਬਾਗ ਦੀ ਸੇਵਾ ਬਾਬਾ ਗੁਰਦਿੱਤ ਸਿੰਘ ਜੀ ਕਰਦੇ ਸਨ। ਬਾਬਾ

---

[751] ਦਿਆਲ ਸਿੰਘ ਲਿਖਾਰੀ, ਮੁਖਤਿਆਰੇ ਆਮ (ਮੁਖ ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 7, ਸਾਲ 31, ਬਗੀਚੀ ਬਾਬਾ ਬੰਬਾ ਸਿੰਘ ਜੀ, ਲੋਇਰ ਮਾਲ ਰੋਡ, ਪਟਿਆਲਾ, ਜੁਲਾਈ 1999, ਪੰਨਾ 33.

[752] ਗੱਜਣ ਸਿੰਘ ਬਾਬਾ ਜਥੇਦਾਰ (ਸਿੰਘ ਸਾਹਿਬ) (ਸੰਪਾ.), ਤਰਨਾ ਦਲ ਸ੍ਰੀ ਮਿਸਲ ਸ਼ਹੀਦਾਂ ਦਾ ਬੰਸਾਵਲੀ ਨਾਮਹ ਅਤੇ ਇਤਿਹਾਸਕ ਰਚਨਾ, ਪੰਨਾ 86.

[753] ਦਿਆਲ ਸਿੰਘ ਲਿਖਾਰੀ, ਮੁਖਤਿਆਰੇ ਆਮ (ਮੁਖ ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 7, ਸਾਲ 31, ਬਗੀਚੀ ਬਾਬਾ ਬੰਬਾ ਸਿੰਘ ਜੀ, ਲੋਇਰ ਮਾਲ ਰੋਡ, ਪਟਿਆਲਾ, ਜੁਲਾਈ 1999, ਪੰਨਾ 33.

[754] ਗੱਜਣ ਸਿੰਘ ਬਾਬਾ ਜਥੇਦਾਰ (ਸਿੰਘ ਸਾਹਿਬ) (ਸੰਪਾ.), ਤਰਨਾ ਦਲ ਸ੍ਰੀ ਮਿਸਲ ਸ਼ਹੀਦਾਂ ਦਾ ਬੰਸਾਵਲੀ ਨਾਮਹ ਅਤੇ ਇਤਿਹਾਸਕ ਰਚਨਾ, ਪੰਨਾ 87.

[755] ਉਹੀ, ਪੰਨਾ 89.

ਗੁਰਦਿੱਤ ਸਿੰਘ ਜੀ ਦੇ ਬੇਨਤੀ ਕਰਨ ਤੇ ਜਥੇਦਾਰ ਬਾਬਾ ਬਿਸ਼ਨ ਸਿੰਘ ਜੀ ਨੇ ਬਾਬਾ ਕੀਰਤਨ ਸਿੰਘ ਜੀ ਨੂੰ ਮੁਕੱਰਰ ਕੀਤਾ। ਇਸ ਤੋਂ ਕੁਝ ਸਮੇਂ ਬਾਅਦ ਬਾਬਾ ਕੀਰਤਨ ਸਿੰਘ ਜੀ ਨੇ ਬਾਬਾ ਮੱਖਣ ਸਿੰਘ ਅਤੇ ਬਾਬਾ ਗੁਰਦੇਵ ਸਿੰਘ ਦੀ ਗੁ: ਸ਼ਹੀਦੀ ਬਾਗ ਦੀ ਸੇਵਾ-ਸੰਭਾਲ ਦੀ ਜ਼ੁੰਮੇਵਾਰੀ ਲਗਾਈ। ਬਾਬਾ ਕੀਰਤਨ ਸਿੰਘ ਜੀ ਦੇ ਸਮੇਂ ਮੀਤ ਜਥੇਦਾਰ ਬਾਬਾ ਬਿਜਲਾ ਸਿੰਘ ਜੀ ਸਨ। ਬਾਬਾ ਜੀ ਸਿੱਖੀ ਪ੍ਰਚਾਰ ਕਰਦੇ ਹੋਏ 18 ਦਸੰਬਰ 2001 ਈ. ਨੂੰ ਸਚਖੰਡ ਗਮਨ ਕਰ ਗਏ।

**ਚੌਦਵੇਂ ਜਥੇਦਾਰ ਬਾਬਾ ਮੱਖਣ ਸਿੰਘ ਜੀ (2001 ਈ. ਤੋਂ 13 ਦਸੰਬਰ 2016 ਤੱਕ)**

ਬਾਬਾ ਮੱਖਣ ਸਿੰਘ ਜੀ ਦਾ ਜਨਮ ਬਾਬਾ ਸੰਤ ਸਿੰਘ ਜੀ ਦੇ ਘਰ ਮਾਤਾ ਗੁਰਬਚਨ ਕੌਰ ਦੀ ਕੁਖੋਂ ਵਡਾਲੀ ਵਿਖੇ ਹੋਇਆ। ਬਾਬਾ ਮੱਖਣ ਸਿੰਘ ਜੀ, ਬਾਬਾ ਬਿਸ਼ਨ ਸਿੰਘ ਜੀ ਦੇ ਚਾਚੇ ਦੇ ਸਪੁੱਤਰ ਸਨ। ਸਕੂਲੀ ਮੁੱਢਲੀ ਵਿੱਦਿਆ ਹਾਸਿਲ ਕਰਨ ਉਪਰੰਤ ਬਾਬਾ ਜੀ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਵਿਚ ਆ ਕੇ ਭਰਤੀ ਹੋ ਗਏ। ਦਲ ਪੰਥ ਵਿਚ ਨਗਾਰਚੀ ਦੀ ਸੇਵਾ 'ਤੇ ਲਾਏ ਗਏ।[756] ਬਾਬਾ ਕੀਰਤਨ ਸਿੰਘ ਜੀ ਦੇ ਸਰੀਰ ਛੱਡਣ ਉਪਰੰਤ ਬਾਬਾ ਮੱਖਣ ਸਿੰਘ ਜੀ ਨੂੰ ਜਥੇਦਾਰ ਨਿਯੁਕਤ ਕੀਤਾ ਗਿਆ। ਬਾਬਾ ਮੱਖਣ ਸਿੰਘ ਜੀ ਵਲੋਂ ਕਈ ਵਿੱਦਿਅਕ ਟਕਸਾਲਾਂ ਅਤੇ ਗੁਰਮਤਿ ਵਿਦਿਆਲੇ ਚਲਾਏ ਗਏ। ਬਾਬਾ ਜੀ ਦਲ ਪੰਥ ਦੀ ਸੇਵਾ ਕਰਦੇ ਹੋਏ ਮਿਤੀ 13 ਦਸੰਬਰ 2016 ਈ. ਨੂੰ ਅੰਮ੍ਰਿਤ ਵੇਲੇ 4 ਵਜੇ ਸਮਾਧਾ ਬਾਬਾ ਨੌਧ ਸਿੰਘ ਵਿਖੇ ਸਚਖੰਡ ਗਮਨ ਕਰ ਗਏ ਸਨ।

**ਪੰਦਰ੍ਹਵੇਂ ਜਥੇਦਾਰ ਬਾਬਾ ਗੱਜਣ ਸਿੰਘ ਜੀ (ਮੌਜੂਦਾ ਮੁਖੀ):**

ਬਾਬਾ ਗੱਜਣ ਸਿੰਘ ਜੀ ਨੇ ਬਚਪਨ ਤੋਂ ਹੀ ਬਾਬਾ ਬਿਸ਼ਨ ਸਿੰਘ ਜੀ ਦੇ ਹਜ਼ੂਰ ਰਹਿ ਕੇ ਸੇਵਾ ਕੀਤੀ। ਬਾਬਾ ਗੱਜਣ ਸਿੰਘ ਜੀ ਨੇ ਕਈ ਸ਼ਸਤਰ ਵਿੱਦਿਆ ਦੇ ਅਖਾੜੇ ਸਥਾਪਿਤ ਕੀਤੇ। ਮੌਜੂਦਾ ਸਮੇਂ ਵਿਚ ਬਾਬਾ ਗੱਜਣ ਸਿੰਘ ਜੀ ਕਈ ਛਾਉਣੀਆਂ ਅਤੇ ਇਤਿਹਾਸਿਕ ਗੁਰਦੁਆਰਿਆਂ ਦੀ ਸੇਵਾ ਸੰਭਾਲ ਕਰਵਾ ਰਹੇ ਹਨ।

[756] ਉਹੀ, ਪੰਨਾ 103.

## 0.2 ਸਾਰੰਸ਼:

ਇਸ ਪ੍ਰਕਾਰ ਨਿਹੰਗ ਸਿੰਘਾਂ ਦਾ ਆਰੰਭ ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਜੀ ਤੋਂ ਸ਼ੁਰੂ ਹੁੰਦਾ ਹੈ। ਨਿਹੰਗ ਸਿੰਘ ਜਥੇਬੰਦੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਵਿਚਾਰਧਾਰਾ ਨੂੰ ਮੰਨਦੀ ਹੋਈ ਚਲਦੀ ਹੈ ਅਤੇ ਜ਼ੁਲਮ ਦੇ ਵਿਰੁੱਧ ਲੜ੍ਹਦੀ ਅਤੇ ਦਿਲ ਕੰਬਾਊ ਤਸੀਹਿਆਂ ਨੂੰ ਸਹਿੰਦੀ ਹੋਈ ਲਗਪਗ ਇਕ ਸਦੀ ਤੋਂ ਵੀ ਵੱਧ ਦੇ ਸਮੇਂ ਤੱਕ ਆਪਣਾ ਵਜੂਦ ਕਾਇਮ ਰਖਦੀ ਹੈ। ਲਗਪਗ ਸਮੇਂ ਦੀ ਹਰ ਸਰਕਾਰ ਨੇ ਨਿਹੰਗ ਸਿੰਘਾਂ ਵਿਰੁੱਧ ਜ਼ੁਲਮ ਦੀ ਨੀਤੀ ਵਰਤੀ ਸੀ। ਬੁੱਢਾ ਦਲ ਅਤੇ ਤਰਨਾ ਦਲ ਦੇ ਜਥੇਦਾਰਾਂ ਦੇ ਇਤਿਹਾਸ ਤੋਂ ਭਲੀ ਭਾਂਤ ਸਪਸ਼ਟ ਹੋ ਜਾਂਦਾ ਹੈ ਕਿ ਨਿਹੰਗ ਸਿੰਘਾਂ ਦਾ ਇਤਿਹਾਸ ਕਿੰਨਾ ਕਠਿਨਾਈਆਂ ਭਰਿਆ ਅਤੇ ਸੰਘਰਸ਼ਮਈ ਰਿਹਾ ਹੈ।

## 0.3 ਭੂਮਿਕਾ:

ਇਸ ਅਧਿਆਇ ਵਿਚ ਅਸੀਂ ਨਿਹੰਗ ਸਿੰਘ ਜਥੇਬੰਦੀ ਦੇ ਸਿਧਾਂਤਾਂ ਅਤੇ ਰਵਾਇਤਾਂ ਦਾ ਵਿਸ਼ਲੇਸ਼ਣ ਕਰਦਿਆਂ ਹੋਇਆਂ ਉਨ੍ਹਾਂ ਸਿਧਾਂਤਾਂ ਦਾ ਨਿਹੰਗ ਸਿੰਘ ਜਥੇਬੰਦੀ ਵਲੋਂ ਦਿੱਤੇ ਜਾਂਦੇ ਅਮਲੀ ਰੂਪਾਂ ਦਾ ਵਰਨਣ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸਦੇ ਨਾਲ ਹੀ ਨਿਹੰਗ ਸਿੰਘ ਜਥੇਬੰਦੀ ਦੀ ਵਿਲੱਖਣ ਮਰਯਾਦਾ ਬਾਰੇ ਵਿਸਥਾਰ ਪੂਰਵਕ ਵਰਨਣ ਕਰਨ ਦਾ ਯਤਨ ਕੀਤਾ ਗਿਆ ਹੈ।

## 3.1 ਸਿਧਾਂਤ: ਅਰਥ ਅਤੇ ਪਰਿਭਾਸ਼ਾ:

ਗੁਰੂ ਸ਼ਬਦ ਰਤਨਾਕਰ ਮਹਾਨ ਕੋਸ਼ ਵਿਚ ਸਿਧਾਂਤ ਦਾ ਅਰਥ ਹੈ: ਅੰਤ ਨੂੰ ਸਿੱਧ ਹੋਈ ਬਾਤ, ਸਹੀ ਨਤੀਜਾ, ਮਕਸਦ ਅਤੇ ਤਾਤਪਰਯ।[1] ਸਿੱਖ ਧਰਮ ਦੇ ਅਨੇਕਾਂ ਹੀ ਸਿਧਾਂਤ ਹਨ ਜਿਵੇਂ ਮੂਲ ਮੰਤਰ, ਗੁਰਮੰਤਰ, ਭਾਣਾ ਮੰਨਣਾ, ਦੇਗ ਤੇਗ, ਪੰਜ ਤੱਤ, ਨਦਰਿ, ਚੜ੍ਹਦੀ ਕਲਾ, ਗ੍ਰਿਹਿਸਥ, ਧਰਮ ਯੁੱਧ, ਜੈਕਾਰਾ ਆਦਿ।[2] ਸਿਧਾਂਤ ਦਾ ਅਰਥ ਹੈ ਨਿਰਣਾ, ਨਿਚੋੜ, ਤੱਤਸਾਰ, ਅੰਤਿਮ ਫੈਸਲਾ, ਪਰਮ ਸਤਿ ਅਤੇ ਉਹ ਗੱਲ ਜੋ ਅੰਤ ਵਿਚ ਸਿੱਧ ਹੋ ਜਾਵੇ ਆਦਿ। ਸੰਖੇਪ ਵਿਚ ਸਿਧਾਂਤ ਵਿਚਾਰਧਾਰਾ ਦਾ ਨਿਚੋੜ, ਤੱਤਸਾਰ, ਮਕਸਦ ਜਾਂ ਅਸਲੀਅਤ ਨੂੰ ਕਹਿ ਸਕਦੇ ਹਾਂ। ਗੁਰਬਾਣੀ 'ਚ ਇਹ ਸ਼ਬਦ ਕੇਵਲ ਇਕ ਵਾਰ ਹੀ ਆਇਆ ਹੈ:

ਅਚਿੰਤ ਹਮਾ ਕਉ ਸਗਲ ਸਿਧਾਂਤੁ॥[3]

ਭਾਈ ਗੁਰਦਾਸ ਜੀ ਦੇ ਕਬਿੱਤ ਸਵੱਯਾਂ ਵਿਚ ਵੀ ਸਿਧਾਂਤ ਸ਼ਬਦ ਅੰਕਿਤ ਹੈ:

ਅਸਟ ਸਿਧਾਂਤ ਭੇਦ ਨਾਥਨ ਕੈ ਨਾਥ ਭਏ, ਦਸਮ ਸਥਲ ਸੁਖ ਸਾਗਰ ਬਿਲਾਸੀ ਹੈ॥[4]

ਡਾ. ਭਾਈ ਵੀਰ ਸਿੰਘ ਜੀ ਨੇ ਖਾਲਸਾ ਪੰਥ ਦੇ ਪੰਜ ਸਿਧਾਂਤ ਦਰਸਾਏ ਹਨ: ਨਾਮ, ਦਾਨ, ਇਸ਼ਨਾਨ, ਕਿਰਤ ਕਰਨਾ ਅਤੇ ਵੰਡ ਛਕਣਾ।[5] ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਜੋ ਸਿਧਾਂਤ ਗੁਰੂ

---

1 ਕਾਨ੍ਹ ਸਿੰਘ ਨਾਭਾ (ਭਾਈ), ਗੁਰੁ ਸ਼ਬਦ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, ਛੇਵੀਂ ਵਾਰ, 1999, ਪੰਨਾ 196.

2 ਰੂਪ ਸਿੰਘ (ਸੰਪਾ.), ਸਿੱਖ ਸੰਕਲਪ ਸਿਧਾਂਤ ਤੇ ਸੰਸਥਾਵਾਂ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਜਨਵਰੀ 2015, ਪੰਨੇ 8-10.

3 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੧੧੫੭.

4 ਸੇਵਾ ਸਿੰਘ, ਭਾਈ (ਸੰਪਾ.), ਕਬਿੱਤ ਸਵੱਯੇ ਭਾਈ ਗੁਰਦਾਸ ਜੀ ਸਟੀਕ, ਸਵੱਯਾ ੩੧, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਤੀਜੀ ਵਾਰ, ਮਈ 2001, ਪੰਨਾ ੫੯.

5 ਪੂਰਨ ਸਿੰਘ, ਜਿਨ ਕੇ ਚੋਲੇ ਰੱਤੜੇ, ਡਾ. ਕਰਮ ਸਿੰਘ ਕਪੂਰ (ਅਨੁ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2006, ਪੰਨਾ 123.

ਨਾਨਕ ਸਾਹਿਬ ਨੇ ਦਿੱਤੇ, ਉਹੀ ਸਿਧਾਂਤ ਹੌਲੀ-ਹੌਲੀ ਬਾਕੀ ਗੁਰੂ ਸਾਹਿਬਾਨ ਦੇ ਵੇਲੇ, ਸੰਸਥਾਵਾਂ ਦਾ ਰੂਪ ਧਾਰਨ ਕਰਦੇ ਗਏ। ਉਨ੍ਹਾਂ ਸਿਧਾਂਤਾਂ ਵਿਚੋਂ ਸੰਸਥਾਤਮਿਕ ਰੂਪ ਵਿਚ ਤਖ਼ਤ ਸਾਹਿਬਾਨ, ਪੰਜ ਪਿਆਰੇ ਜਾਂ ਖਾਲਸਾ ਪੰਥ ਨੂੰ ਪ੍ਰਮੁਖ ਆਖਿਆ ਜਾ ਸਕਦਾ ਹੈ।[6] ਨਿਹੰਗ ਸਿੰਘ ਜਥੇਬੰਦੀ ਦੇ ਪ੍ਰਮੁਖ ਸਿਧਾਂਤ ਇਸ ਪ੍ਰਕਾਰ ਹਨ:

1) ਸ਼ਬਦ ਗੁਰੂ
2) ਮੂਲ ਮੰਤਰ
3) ਕਿਰਤ ਕਰੋ, ਨਾਮ ਜਪੋ, ਵੰਡ ਛਕੋ
4) ਭਾਣਾ ਮੰਨਣਾ
5) ਦੇਗ ਤੇਗ
6) ਪੂਜਾ ਅਕਾਲ ਕੀ
7) ਪਰਚਾ ਸ਼ਬਦ ਕਾ
8) ਦੀਦਾਰ ਖਾਲਸੇ ਕਾ
9) ਚੜ੍ਹਦੀ ਕਲਾ
10) ਨਿਸ਼ਾਨ ਸਾਹਿਬ

## 3.2 ਨਿਹੰਗ ਸਿੰਘ ਜਥੇਬੰਦੀ ਦੇ ਸਿਧਾਂਤ ਅਤੇ ਅਮਲ:

ਹਰ ਜਥੇਬੰਦੀ ਅਤੇ ਸੰਪਰਦਾ ਦੇ ਵੱਖਰੇ-ਵੱਖਰੇ ਸਿਧਾਂਤ ਹੋ ਸਕਦੇ ਹਨ। ਨਿਹੰਗ ਸਿੰਘ ਜਥੇਬੰਦੀ ਦੇ ਸਿਧਾਂਤ, ਰਵਾਇਤਾਂ ਅਤੇ ਮਰਯਾਦਾ ਦਾ ਵਿਸਥਾਰ ਪੂਰਵਕ ਵਰਨਣ ਇਸ ਪ੍ਰਕਾਰ ਹੈ:

### 3.2.1 ਨਿੱਤਨੇਮ:

ਨਿੱਤਨੇਮ ਤੋਂ ਭਾਵ ਹੈ ਧਰਮ ਅਨੁਸਾਰ ਨਿਤਯ ਕਰਨ ਯੋਗਯ ਕਰਮ।[7] ਨਿੱਤਨੇਮ ਦੋ ਸ਼ਬਦਾਂ ਨਿੱਤ ਅਤੇ ਨੇਮ ਦਾ ਜੋੜ ਹੈ। ਨਿੱਤ ਦਾ ਅਰਥ ਹੈ ਹਮੇਸ਼ਾ, ਸਦਾ, ਪ੍ਰਤੀ ਦਿਨ, ਸਦੈਵ, ਹਰ ਦਮ।[8] ਨੇਮ ਦਾ ਅਰਥ

---

6 ਗੁਰਨਾਮ ਕੌਰ (ਡਾ.)(ਸੰਪਾ.), ਨਾਨਕ ਪ੍ਰਕਾਸ਼ ਪਤ੍ਰਿਕਾ, ਖਾਲਸਾ ਸਥਾਪਨਾ ਵਿਸ਼ੇਸ਼ ਅੰਕ, ਅੰਕ ਦੂਜਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦਸੰਬਰ 1999, ਪੰਨਾ 84.

7 ਕਾਨ੍ਹ ਸਿੰਘ ਨਾਭਾ (ਭਾਈ), ਗੁਰੁ ਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 707.

8 ਕ੍ਰਿਪਾਲ ਸਿੰਘ ਖਾਲਸਾ (ਸੰਪਾ.), ਗੁਰਮਤਿ ਰਹਿਣੀ, ਰਹਿਤ ਅੰਕ, ਜਿਲਦ 4, ਅੰਕ 3, ਸ਼ੇਰਪੁਰ ਬਾਈਪਾਸ, ਲੁਧਿਆਣਾ, ਸਤੰਬਰ 1975, ਪੰਨਾ ੫੨.

ਹੈ- ਨਿਯਮ, ਕਾਇਦਾ, ਦਸਤੂਰ, ਸਾਧਨਾ, ਵਿਧੀ, ਮਰਯਾਦਾ, ਤਪੱਸਿਆ।[9] ਭਾਵ ਕਿ ਜੋ ਹਰ ਰੋਜ਼ ਨਿਯਮ ਨਾਲ ਮਰਯਾਦਾ ਅਨੁਸਾਰ ਕੀਤਾ ਜਾਵੇ, ਉਹ ਨਿੱਤਨੇਮ ਹੈ। ਬੁੱਢਾ ਦਲ ਵਿਚ ਅੰਮ੍ਰਿਤ ਵੇਲੇ ਦਾ ਨਿੱਤਨੇਮ ਤਕਰੀਬਨ ਰਾਤ ਦੇ ਇਕ ਵਜੇ ਨਗਾਰੇ ਦੀ ਚੋਟ ਨਾਲ ਆਰੰਭ ਹੋ ਜਾਂਦਾ ਹੈ।[10] ਨਿਹੰਗ ਸਿੰਘ "ਅੰਮ੍ਰਿਤ ਵੇਲੇ 12 ਵਜੇ ਉੱਠ ਕੇ ਸਰੀਰਕ ਕ੍ਰਿਆ ਸੋਧ ਕੇ, ਮੁਖ ਮਾਂਜਣਾ (ਦਾਤਣ) ਅਤੇ ਇਸ਼ਨਾਨ ਕਰਕੇ ਸਿਮਰਨ ਵਿਚ ਜੁੜਦੇ ਹਨ। ਫੇਰ ਗੁਰੂ ਜੀ ਦੇ ਦਰਬਾਰ ਵਿਚ ਦੋ ਸਿੰਘਾਂ ਵਿਚੋਂ ਇਕ ਸਿੰਘ ਜਪੁ ਜੀ ਸਾਹਿਬ, ਸ਼ਬਦ ਹਜ਼ਾਰੇ, ਸੁਖਮਨੀ ਸਾਹਿਬ ਦਾ ਪਾਠ ਕਰਦਾ ਹੈ। ਉਸ ਤੋਂ ਬਾਅਦ ਦੂਜਾ ਸਿੰਘ ਜਾਪੁ ਸਾਹਿਬ, ਸ਼ਬਦ ਹਜ਼ਾਰੇ ਪਾ:੧੦, ਅਕਾਲ ਉਸਤਤ, ਚੰਡੀ ਚਰਿਤ੍ਰ, ਚੰਡੀ ਦੀ ਵਾਰ, ਸ਼ਸਤ੍ਰ ਨਾਮ ਮਾਲਾ ਆਦਿਕ ਬਾਣੀਆਂ ਪੜ੍ਹਦਾ ਹੈ। ਚਾਰ ਵਜੇ ਨਿੱਤਨੇਮ ਦੀ ਸਮਾਪਤੀ ਤੋਂ ਉਪਰੰਤ ਰਾਗੀ ਸਿੰਘਾਂ ਦੁਆਰਾ ਆਸਾ ਦੀ ਵਾਰ ਦਾ ਕੀਰਤਨ ਕੀਤਾ ਜਾਂਦਾ ਹੈ। ਤਕਰੀਬਨ ਦੋ ਘੰਟੇ ਬਾਅਦ ਕੀਰਤਨ ਦੀ ਸਮਾਪਤੀ ਹੁੰਦੀ ਹੈ। ਅਰਦਾਸ ਤੋਂ ਬਾਅਦ ਤਿੰਨਾਂ ਦਰਬਾਰਾਂ ਵਿਚੋਂ ਹੁਕਮਨਾਮੇ ਲਏ ਜਾਂਦੇ ਹਨ, ਦੇਗ ਵਰਤਦੀ ਹੈ ਅਤੇ ਫੇਰ ਕਥਾ ਵਖਿਆਨ ਕੀਤਾ ਜਾਂਦਾ ਹੈ।"[11] ਜਥੇਦਾਰ ਬਾਬਾ ਸੰਤਾ ਸਿੰਘ ਦੁਆਰਾ ਸਿੰਘਾਂ ਨੂੰ ਦੋ ਵਜੇ ਉੱਠ ਕੇ ਤਿਆਰ ਬਰ ਤਿਆਰ ਹੋ ਕੇ ਦਿਨ ਦੇ ਚੜ੍ਹਨ ਤੋਂ ਪਹਿਲਾਂ-ਪਹਿਲਾਂ ਨਿੱਤਨੇਮ ਕਰ ਲੈਣ ਅਤੇ ਵੱਧ ਤੋਂ ਵੱਧ ਬਾਣੀ ਕੰਠ ਕਰਨ ਦੀ ਤਾਗੀਦ ਕੀਤੀ ਗਈ ਸੀ।[12]

ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 'ਮੁਖਤਿਆਰੇ ਆਮ' ਬਾਬਾ ਦਿਆਲ ਸਿੰਘ ਜੀ ਅਨੁਸਾਰ, "ਅਰਦਾਸ, ਹੁਕਮਨਾਮੇ ਤੋਂ ਬਾਅਦ ਦੀਵਾਨ ਦੀ ਸਮਾਪਤੀ ਉਪਰੰਤ ਸਾਰੇ ਸਿੰਘ ਆਪੋ-ਆਪਣੇ ਕਾਰ ਵਿਹਾਰ ਜਿਵੇਂ ਘੋੜਿਆਂ ਨੂੰ ਸਾਂਭਣਾ, ਲੰਗਰ, ਦੇਗ ਆਦਿ ਦੀ ਸੇਵਾ ਆਦਿ ਕੰਮਾਂ 'ਤੇ ਲੱਗ ਜਾਂਦੇ ਸਨ। ਫਿਰ ਦੁਪਹਿਰ ਬਾਅਦ ਪਿਛਲੇ ਪਹਿਰ ਦੀਆਂ ਦੇਗਾਂ ਤਿਆਰ ਕੀਤੀਆਂ ਜਾਂਦੀਆਂ ਹਨ, ਸ਼ਾਮ ਵੇਲੇ ਸ਼ਬਦ ਚੌਂਕੀ, ਰਹਰਾਸਿ

---

9 ਉਹੀ, ਪੰਨਾ ੫੩.

10 ਦਿਆਲ ਸਿੰਘ ਲਿਖਾਰੀ, ਮੁਖਤਿਆਰੇ ਆਮ (ਮੁਖ ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 4-5, ਸਾਲ 29, ਬਗੀਚੀ ਬਾਬਾ ਬੰਬਾ ਸਿੰਘ ਜੀ, ਲੋਇਰ ਮਾਲ ਰੋਡ, ਪਟਿਆਲਾ, ਅਪ੍ਰੈਲ-ਮਈ 1997, ਪੰਨਾ 36.

11 ਇਹ ਜਾਣਕਾਰੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਹੈਡ ਗ੍ਰੰਥੀ ਬਾਬਾ ਮੱਘਰ ਸਿੰਘ ਅਤੇ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਹੈਡ ਗ੍ਰੰਥੀ ਮਹੰਤ ਤ੍ਰਿਲੋਚਨ ਸਿੰਘ ਜੀ ਪਾਸੋਂ ਬੁੱਢਾ ਦਲ ਦੀ ਛਾਉਣੀ 'ਸ਼ਹੀਦ ਬਾਬਾ ਮਿੱਤ ਸਿੰਘ ਜੀ ਅਤੇ ਛੇ ਹਜ਼ਾਰ ਨਿਹੰਗ ਸਿੰਘਾਂ' ਸ਼ੰਭੂ, ਵਿਖੇ ਮਿਤੀ 19-5-2018 ਨੂੰ ਵੀਡਿਉ ਰਿਕਾਰਡਿੰਗ ਰਾਹੀਂ ਇੰਟਰਵਿਊ ਵਿਚ ਇੱਕਤਰ ਕੀਤੀ ਗਈ।

12 ਦਿਆਲ ਸਿੰਘ ਲਿਖਾਰੀ, ਨਿਹੰਗ ਸਿੰਘ ਸੰਦੇਸ਼, ਅੰਕ 5, ਸਾਲ 4, ਗੁਰੂ ਕਾ ਬਾਗ, ਅਨੰਦਪੁਰ ਸਾਹਿਬ, ਰੋਪੜ, ਮਈ 1975, ਪੰਨਾ 42.

ਸਾਹਿਬ ਦਾ ਪਾਠ ਹੁੰਦਾ ਹੈ, ਅਰਦਾਸ, ਮੁਖਵਾਕ ਤੋਂ ਬਾਅਦ ਸੋਹਿਲਾ ਪੜ੍ਹਕੇ ਸਮਾਪਤੀ ਕੀਤੀ ਜਾਂਦੀ ਹੈ।"[13] ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਵਿਖੇ ਹਰ ਮਹੀਨੇ ਦੀ ਸੰਗਰਾਂਦ ਵਾਲੇ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਮਾਝ ਰਾਗ ਦੇ ਬਾਰਹਮਾਹ ਦੇ ਨਾਲ-ਨਾਲ ਤੁਖਾਰੀ ਰਾਗ ਵਿਚੋਂ ਵੀ ਬਾਰਹਮਾਹ ਦਾ ਪਾਠ ਕੀਤਾ ਜਾਂਦਾ ਹੈ ਅਤੇ ਨਾਲ ਹੀ ਦਸਮ ਗ੍ਰੰਥ ਸਾਹਿਬ ਵਿਚੋਂ ਵੀ ਬਾਰਹਮਾਹ ਦਾ ਪਾਠ ਕੀਤਾ ਜਾਂਦਾ ਹੈ।[14] ਬੁੱਢਾ ਦਲ ਵਿਚ ਸੂਰਜ ਡੁੱਬਣ 'ਤੇ ਹੀ ਰਹਿਰਾਸ ਸਾਹਿਬ ਦਾ ਪਾਠ ਹੁੰਦਾ ਹੈ।[15] ਨਿਹੰਗ ਸਿੰਘਾਂ ਵਲੋਂ ਪੜ੍ਹੀ ਜਾਂਦੀ ਰਹਿਰਾਸ ਸਾਹਿਬ ਅਤੇ ਸ੍ਰੀ ਹਜ਼ੂਰ ਸਾਹਿਬ ਵਿਖੇ ਪੜ੍ਹੀ ਜਾਂਦੀ ਰਹਿਰਾਸ ਸਾਹਿਬ ਦੀ ਬਾਣੀ ਵਿਚ ਸਮਾਨਤਾ ਹੈ।[16] ਜਥੇਦਾਰ ਬਾਬਾ ਸੰਤਾ ਸਿੰਘ ਵਲੋਂ ਨਿਹੰਗ ਸਿੰਘਾਂ ਨੂੰ ਕਰਨੀਨਾਮਾ ਬਾਣੀ ਹਰ ਰੋਜ਼ ਪੜ੍ਹਨ ਦੀ ਹਦਾਇਤ ਵੀ ਕੀਤੀ ਗਈ ਸੀ।[17] ਪੁਰਾਤਨ ਨਿਹੰਗ ਸਿੰਘ ਅਕਸਰ ਸੌ ਸਾਖੀ ਆਪਣੇ ਕੋਲ ਰਖਿਆ ਕਰਦੇ ਸਨ।[18] ਕਈ ਨਿਹੰਗ ਸਿੰਘ ਪੰਜ ਗ੍ਰੰਥੀ ਅਤੇ ਦਸ ਗ੍ਰੰਥੀ ਦਾ ਪਾਠ ਰੋਜ਼ਾਨਾ ਕਰਦੇ ਹਨ। ਨਿਹੰਗ ਸਿੰਘ ਆਪਣੇ ਨਿੱਤਨੇਮ ਵਿਚ ਅਕਾਲ ਉਸਤਤ ਅਤੇ ਚੰਡੀ ਦੀ ਵਾਰ ਦਾ ਪਾਠ ਵੀ ਕਰਦੇ ਹਨ। ਸੁਧਰਮ ਮਾਰਗ ਗ੍ਰੰਥ ਗੋਸਟਿ ਵਿਚ ਵੀ ਇਸਦਾ ਜ਼ਿਕਰ ਮਿਲਦਾ ਹੈ:

ਕਾਛ ਸ੍ਵੇਤ ਔ ਨੀਲ ਪਟ ਮੁਖ ਜਪੁ ਜਾਪੁ ਅਪਾਰ।
ਸ੍ਰੀ ਅਕਾਲ ਉਸਤਤ ਪਠੈ ਚੰਡੀ ਕੰਠ ਸੁਧਾਰ।[19]

---

13 ਇਹ ਜਾਣਕਾਰੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 'ਮੁਖਤਿਆਰੇ ਆਮ' ਬਾਬਾ ਦਿਆਲ ਸਿੰਘ ਜੀ ਪਾਸੋਂ, ਸ੍ਰੀ ਨਿਰਮਲ ਪੰਚਾਇਤੀ ਅਖਾੜਾ ਡੇਰਾ ਧਰਮਧੱਜਾ, ਪਟਿਆਲਾ ਵਿਖੇ ਮਿਤੀ 9 ਮਾਰਚ 2019 ਨੂੰ ਵੀਡਿਉ ਰਿਕਾਰਡਿੰਗ ਰਾਹੀਂ ਇੰਟਰਵਿਊ ਵਿਚ ਇੱਕਤਰ ਕੀਤੀ ਗਈ।

14 ਦਿਆਲ ਸਿੰਘ ਲਿਖਾਰੀ, ਮੁਖਤਿਆਰੇ ਆਮ (ਮੁਖ ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 11, ਸਾਲ 4, ਬਗੀਚੀ ਬਾਬਾ ਬੰਬਾ ਸਿੰਘ ਜੀ, ਲੋਇਰ ਮਾਲ ਰੋਡ, ਪਟਿਆਲਾ, ਨਵੰਬਰ 1975, ਪੰਨਾ 32.

15 ਕ੍ਰਿਪਾਲ ਸਿੰਘ ਲਿਖਾਰੀ ਬੁੱਢਾ ਦਲ (ਗਿਆਨੀ), ਸਿੰਘ ਸਾਹਿਬ ਜਥੇਦਾਰ ਬਾਬਾ ਬਿਨੋਦ ਸਿੰਘ ਜੀ ਸੰਸਥਾਪਕ ਤਤ ਖਾਲਸਾ (ਬੁੱਢਾ ਦਲ), (ਪ੍ਰਕਾ.) ਬਾਵਾ ਤੇਜਭਾਨ ਸਿੰਘ, ਬਾਵਾ ਗੁਰਿੰਦਰ ਸਿੰਘ, ਗੁ. ਦਰਬਾਰ ਸ੍ਰੀ ਗੁਰੂ ਅੰਗਦ ਸਾਹਿਬ, ਸਰਹੰਦੀ ਗੇਟ, ਪਟਿਆਲਾ, ਮਿਤੀਹੀਨ, ਪੰਨਾ 683.

16 ਜਗਿੰਦਰ ਸਿੰਘ, ਸੰਤ ਬਾਬਾ (ਹੈਡ ਪੁਜਾਰੀ ਜਥੇਦਾਰ), ਸ੍ਰੀ ਹਜ਼ੂਰੀ ਮ੍ਰਿਯਾਦਾ ਪ੍ਰਬੋਧ, ਸ੍ਰੀ ਤਖਤ ਅਬਿਚਲ ਨਗਰ ਸੱਚਖੰਡ ਹਜ਼ੂਰ ਸਾਹਿਬ, ਨਾਂਦੇੜ, ਮਹਾਂਰਾਸ਼ਟਰ, ਮਿਤੀਹੀਨ, ਪੰਨਾ 187.

17 ਸਤਵੰਤ ਸਿੰਘ ਢਿਲੋਂ (ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 8, ਸਾਲ 1, ਅਨੰਦਪੁਰ ਸਾਹਿਬ, ਨਵੰਬਰ 1972, ਪੰਨਾ 72.

18 ਉਹੀ, ਅੰਕ 4, ਸਾਲ 34, ਬਗੀਚੀ ਬਾਬਾ ਬੰਬਾ ਸਿੰਘ ਜੀ, ਲੋਇਰ ਮਾਲ ਰੋਡ, ਪਟਿਆਲਾ, ਅਪ੍ਰੈਲ 2003, ਪੰਨਾ 20.

19 ਸੰਪੂਰਨ ਸਿੰਘ (ਸੰਤ), ਸੁਧਰਮ ਮਾਰਗ ਗ੍ਰੰਥ ਗੋਸਟਿ, ਭਾਈ ਰਲਾ ਸਿੰਘ ਐਂਡ ਸਨਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, ਮਿਤੀਹੀਨ, ਪੰਨਾ 174.

ਇਸ ਤੋਂ ਇਲਾਵਾ ਨਿਹੰਗ ਸਿੰਘ ਹੋਰ ਕਈ ਬਾਣੀਆਂ ਜਿਵੇਂ- ਕਰਨੀਨਾਮਾ, ਨਸੀਹਤਨਾਮਾ, ਬ੍ਰਹਮ ਕਵਚ, ਖਾਲਸਾ ਮਹਿਮਾ ਆਦਿ ਬਾਣੀਆਂ ਦਾ ਪਾਠ ਵੀ ਕਰਦੇ ਹਨ। ਗਿਆਨੀ ਗਿਆਨ ਸਿੰਘ ਨੇ ਆਪਣੀ ਰਚਨਾ 'ਪੰਥ ਪ੍ਰਕਾਸ਼' ਵਿਚ 'ਬ੍ਰਹਮ ਕਵਚ' ਬਾਣੀ ਦਾ ਜ਼ਿਕਰ ਕੀਤਾ ਹੈ।[20]

### 3.2.2 ਅਖੰਡ ਪਾਠ:

ਨਿਹੰਗ ਸਿੰਘ ਜਥੇਬੰਦੀ ਵਿਚ ਅਖੰਡ ਪਾਠ ਸਾਹਿਬ ਲਈ ਪੰਜ ਸਿੰਘ ਤਿਆਰ ਬਰ ਤਿਆਰ ਸ਼ੁਧ ਪਾਠ ਕਰਨ ਵਾਲੇ ਪਾਠੀ ਲਗਾਏ ਜਾਂਦੇ ਹਨ, ਪੰਜ ਜਪੁ ਜੀ ਸਾਹਿਬ ਦੇ ਪਾਠੀ ਅਤੇ ਪੰਜ ਸਿੰਘ ਧੂਪ ਧੁਖਾਉਣ ਦੀ ਸੇਵਾ ਕਰਦੇ ਹਨ। ਪੰਜ ਸਿੰਘ ਪਹਿਰੇ 'ਤੇ ਅਤੇ ਦੋ ਸਿੰਘ ਲੰਗਰ ਪਕਾ ਕੇ ਪਾਠੀਆਂ ਨੂੰ ਛਕਾਉਣ ਲਈ ਨੀਯਤ ਕੀਤੇ ਜਾਂਦੇ ਹਨ।[21] ਇਸ ਪ੍ਰਕਾਰ ਲਗਭਗ 25 ਸਿੰਘ ਅਖੰਡ ਪਾਠ ਦੀ ਸੇਵਾ ਵਿਚ ਲਗਾਏ ਜਾਂਦੇ ਹਨ। ਬੁੱਢਾ ਦਲ ਦੀ ਇਹ ਰੀਤ ਸੀ ਕਿ ਜਦੋਂ ਵੀ ਕਿਸੇ ਮੁਹਿੰਮ 'ਤੇ ਜਾਣਾ ਹੁੰਦਾ ਜਾਂ ਹੋਰ ਕਠਿਨ ਕਾਰਜ ਕਰਨ ਦਾ ਮੌਕਾ ਬਣ ਜਾਂਦਾ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਕਰਕੇ, ਅਰਦਾਸਾ ਸੋਧ ਕੇ ਚੜ੍ਹਾਈ ਕੀਤੀ ਜਾਂਦੀ ਸੀ। ਬੁੱਢਾ ਦਲ ਤੋਂ ਇਹ ਰੀਤ ਤਰਨਾ ਦਲ ਵਿਚ ਆਈ ਅਤੇ ਫੇਰ ਹੌਲੀ-ਹੌਲੀ ਸਾਰੇ ਪੰਥ ਵਿਚ ਰਿਵਾਜ ਪੈ ਗਿਆ।[22] ਨਿਹੰਗ ਸਿੰਘ ਜਥੇਬੰਦੀ ਨਾਲ ਸੰਬੰਧਿਤ ਛਾਉਣੀਆਂ ਜਾਂ ਗੁਰੂ ਘਰਾਂ ਵਿਚ ਗੁਰੂ ਗ੍ਰੰਥ ਸਾਹਿਬ ਜੀ ਤੋਂ ਇਲਾਵਾ ਦੋ ਹੋਰ ਗ੍ਰੰਥਾਂ ਦਾ ਪ੍ਰਕਾਸ਼ ਕੀਤਾ ਜਾਂਦਾ ਹੈ। ਗੁਰ ਦਰਬਾਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਕ ਪਾਸੇ ਸ੍ਰੀ ਦਸਮ ਗ੍ਰੰਥ ਸਾਹਿਬ ਅਤੇ ਦੂਜੇ ਪਾਸੇ ਸਰਬਲੋਹ ਗ੍ਰੰਥ ਸਾਹਿਬ ਦਾ ਅਸਥਾਪਨ ਕੀਤਾ ਜਾਂਦਾ ਹੈ। ਗੁਰਪੁਰਬ ਅਤੇ ਜੋੜ ਮੇਲਿਆਂ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਅਖੰਡ ਪਾਠ ਕਰਵਾਏ ਜਾਂਦੇ ਹਨ।

### ਸ੍ਰੀ ਦਸਮ ਗ੍ਰੰਥ ਸਾਹਿਬ:

ਨਿਹੰਗ ਸਿੰਘ ਜਥੇਬੰਦੀ ਵਿਚ ਸ੍ਰੀ ਦਸਮ ਗ੍ਰੰਥ ਸਾਹਿਬ ਦਾ ਸਤਿਕਾਰ ਗੁਰੂ ਕ੍ਰਿਤ ਜਾਣ ਕੇ ਕੀਤਾ ਜਾਂਦਾ ਹੈ। ਡਾ. ਜੋਧ ਸਿੰਘ ਅਨੁਸਾਰ, "ਦਸਮ ਗ੍ਰੰਥ ਇਕ ਅਜਿਹੀ ਜਟਿਲ ਸਾਹਿਤਿਕ ਰਚਨਾ ਹੈ ਜਿਸ ਵਿਚ

---

[20] ਗਿਆਨ ਸਿੰਘ (ਗਿਆਨੀ), ਪੰਥ ਪ੍ਰਕਾਸ਼, ਭਾਸ਼ਾ ਵਿਭਾਗ, ਪੰਜਾਬ, 1987, ਪੰਨਾ 235.

[21] ਕ੍ਰਿਪਾਲ ਸਿੰਘ ਵੜੈਚ (ਗਿਆਨੀ), ਦੋ ਗੁਰਸਿੱਖ ਨਿਰਮੋਲਕ ਹੀਰੇ, (ਪ੍ਰਕਾ.) ਲੇਖਕ ਆਪ, ਪਿੰਡ ਕੌਲ, ਡਾਕਖਾਨਾ ਰਾਜਗੜ੍ਹ, ਜ਼ਿਲਾ ਪਟਿਆਲਾ (ਪੰਜਾਬ), ਜੂਨ 1996, ਪੰਨਾ 113.

[22] ਕਾਨ੍ਹ ਸਿੰਘ ਨਾਭਾ (ਭਾਈ), ਗੁਰੁਮਤ ਮਾਰਤੰਡ, ਭਾਗ ਦੂਜਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਜਨਵਰੀ 2014, ਪੰਨਾ ੪੨੨.

ਭਗਤੀ ਅਤੇ ਸ਼ਕਤੀ ਦੇ ਸਿਧਾਂਤ ਨੂੰ ਦੋ ਢਾਈ ਸੌ ਕਿਸਮ ਦੇ ਵੱਖਰੇ-ਵੱਖਰੇ ਛੰਦਾਂ ਰਾਹੀਂ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਗਿਆ ਹੈ।"[23] ਇਸ ਗ੍ਰੰਥ ਵਿਚ ਗੁਰੂ ਜੀ ਨੇ ਆਪਣੇ ਖਾਲਸੇ ਵਿਚ ਬੀਰ ਰਸ ਭਰਨ ਲਈ ਚੰਡੀ ਚਰਿਤ੍ਰ ਲਿਖੇ ਹਨ।[24] ਨਿਹੰਗ ਸਿੰਘ ਪੰਜ ਗ੍ਰੰਥੀ ਅਤੇ ਦਸ ਗ੍ਰੰਥੀ ਵਿਚੋਂ ਪਾਠ ਕਰਦੇ ਹਨ। ਨਿਹੰਗ ਸਿੰਘਾਂ ਵਿਚ ਇਹ ਰਵਾਇਤ ਹੈ ਕਿ ਸ੍ਰੀ ਦਸਮ ਗ੍ਰੰਥ ਸਾਹਿਬ ਦਾ ਅਖੰਡ ਪਾਠ ਕਰਦਿਆਂ ਜੇਕਰ ਕਿਸੇ ਦੈਂਤ ਆਦਿ ਦਾ ਨਾਸ਼ ਹੋਣ ਦਾ ਸ਼ਬਦ ਆਵੇ ਤਾਂ ਉਸ ਵੇਲੇ ਕੋਲ ਬੈਠਾ ਸਿੰਘ ਸੇਬ, ਕੇਲਾ, ਗੰਨੇ ਜਾਂ ਨਾਰੀਅਲ ਨੂੰ ਵੱਢ ਦਿੰਦਾ ਹੈ।[25] ਬਾਅਦ ਵਿਚ ਇਹ ਸਾਰੇ ਫਲ ਦਰਸ਼ਨ ਕਰਨ ਆਈ ਸੰਗਤ ਨੂੰ ਪ੍ਰਸ਼ਾਦ ਦੇ ਰੂਪ ਵਿਚ ਵਰਤਾ ਦਿੱਤੇ ਜਾਂਦੇ ਹਨ।

**ਸ੍ਰੀ ਸਰਬਲੋਹ ਗ੍ਰੰਥ ਸਾਹਿਬ:**

ਸ੍ਰੀ ਦਸਮ ਗ੍ਰੰਥ ਸਾਹਿਬ ਦੀ ਤਰ੍ਹਾਂ ਹੀ ਨਿਹੰਗ ਸਿੰਘਾਂ ਵਿਚ ਸ੍ਰੀ ਸਰਬਲੋਹ ਗ੍ਰੰਥ ਸਾਹਿਬ ਨੂੰ ਵੀ ਗੁਰੂ ਕ੍ਰਿਤ ਜਾਣ ਕੇ ਸਤਿਕਾਰਿਆ ਜਾਂਦਾ ਹੈ ਅਤੇ ਅਖੰਡ ਪਾਠ ਕੀਤਾ ਜਾਂਦਾ ਹੈ। ਲਾਲ ਸਿੰਘ ਅਨੁਸਾਰ ਇਸਦਾ ਸ਼ੁੱਧ ਪਾਠ ਕਰਨਾ ਕਠਿਨ ਹੈ।[26] ਸਰਬਲੋਹ ਦਾ ਦੂਜਾ ਨਾਮ 'ਮੰਗਲਾ ਚਰਨ' ਵੀ ਹੈ। ਇਸ ਵਿਚ ਗੁਰਮੁਖੀ ਤੋਂ ਇਲਾਵਾ ਹਿੰਦੀ, ਸੰਸਕ੍ਰਿਤ, ਫ਼ਾਰਸੀ ਆਦਿ ਭਾਸ਼ਾਵਾਂ ਦੇ ਵੀ ਸ਼ਬਦ ਹਨ, ਜਿਸ ਕਰਕੇ ਅਰਥ ਕਰਨੇ ਕਠਿਨ ਹੁੰਦੇ ਹਨ।[27] ਬੁੱਢਾ ਦਲ ਦੇ ਜਥੇਦਾਰ ਬਾਬਾ ਸੰਤਾ ਸਿੰਘ ਨੇ ਸ੍ਰੀ ਸਰਬਲੋਹ ਗ੍ਰੰਥ ਬਾਰੇ ਜਾਣਕਾਰੀ ਦਿੱਤੀ ਸੀ ਕਿ ਸ੍ਰੀ ਹਜ਼ੂਰ ਸਾਹਿਬ ਵਿਖੇ 1216 ਅੰਗਾਂ ਦਾ ਰਚਿਆ ਹੋਇਆ ਸਰਬਲੋਹ ਗ੍ਰੰਥ ਦਾ ਪਾਠ 48 ਘੰਟਿਆਂ ਵਿਚ ਹੀ ਕੀਤਾ ਜਾਏ।[28] ਸ੍ਰੀ ਸਰਬ ਲੋਹ ਗ੍ਰੰਥ ਜੀ ਦਾ ਪਹਿਲਾ ਅਖੰਡ ਪਾਠ ਜਥੇਦਾਰ

---

[23] ਜੋਧ ਸਿੰਘ (ਡਾ.), ਸਿੱਖ ਸਿਧਾਂਤ: ਸਰੂਪ ਤੇ ਸਮਰੱਥਾ, ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, ਸਤੰਬਰ 1991, ਪੰਨਾ 60.

[24] ਬ੍ਰਹਮ ਦੇਵ ਉਦਾਸੀ (ਸਵਾਮੀ), ਸ੍ਰੀ ਦਸਮ ਗ੍ਰੰਥ ਸਾਹਿਬ ਅਤੇ ਚਰਿੱਤ੍ਰੋਪਖਿਆਨ, ਸੰਗਮ ਪਬਲੀਕੇਸ਼ਨਜ਼, ਸਮਾਣਾ, ਦੂਜੀ ਵਾਰ, 2008, ਪੰਨਾ 69.

[25] ਗੁਰਬਚਨ ਸਿੰਘ ਖਾਲਸਾ (ਗਿਆਨੀ), ਗੁਰਬਾਣੀ ਪਾਠ ਦਰਪਣ, ਪ੍ਰਕਾ. ਦਮਦਮੀ ਟਕਸਾਲ (ਜਥਾ ਭਿੰਡਰਾਂ) ਮਹਿਤਾ, ਅੱਠਵੀਂ ਵਾਰ, ਮਾਰਚ 2013, ਪੰਨਾ ੧੭੩.

[26] ਲਾਲ ਸਿੰਘ, ਗੁਰਮਤਿ ਸਿਧਾਂਤ ਤੇ ਕੌਮਾਂਤਰੀ ਵਿਚਾਰ ਧਾਰਾ, ਨਿਊ ਬੁਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ, 1966, ਪੰਨਾ 65.

[27] ਉਹੀ, ਪੰਨਾ 65.

[28] ਦਿਆਲ ਸਿੰਘ ਲਿਖਾਰੀ, ਮੁਖਤਿਆਰੇ ਆਮ (ਮੁਖ ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 1, ਸਾਲ 34, ਬਗੀਚੀ ਬਾਬਾ ਬੰਬਾ ਸਿੰਘ ਜੀ, ਲੋਇਰ ਮਾਲ ਰੋਡ, ਪਟਿਆਲਾ, ਮਾਰਚ 2004, ਪੰਨਾ 35.

ਬਾਬਾ ਸੰਤਾ ਸਿੰਘ ਨੇ ਮਰਯਾਦਾ ਸਹਿਤ 13 ਫਰਵਰੀ 2004 ਅਤੇ ਭੋਗ 15 ਫਰਵਰੀ 2004 ਈ. ਨੂੰ ਗੁ. ਮਾਤਾ ਸਾਹਿਬ ਕੌਰ ਜੀ, ਨਾਂਦੇੜ ਵਿਖੇ ਪਾਇਆ।[29] ਇਸ ਤੋਂ ਇਲਾਵਾ ਬਾਬਾ ਗੁਰਦਿਆਲ ਸਿੰਘ ਜੀ ਹੈੱਡਗ੍ਰੰਥੀ ਬੁੱਢਾ ਦਲ ਨੇ ਸਰਬਲੋਹ ਗ੍ਰੰਥ ਦੀ ਕਥਾ 1975 ਈ. ਵਿਚ ਸੰਪੂਰਨ ਕੀਤੀ ਸੀ।[30]

### 3.2.3 ਆਰਤੀ-ਆਰਤਾ:

ਨਿਹੰਗ ਸਿੰਘਾਂ ਵਿਚ ਇਹ ਰਵਾਇਤ ਹੈ ਕਿ ਅਖੰਡ ਪਾਠ ਸਾਹਿਬ ਦੇ ਭੋਗ ਜਾਂ ਰਹਿਰਾਸ ਸਾਹਿਬ ਤੋਂ ਬਾਅਦ ਆਰਤੀ-ਆਰਤਾ ਖੜ੍ਹੇ ਹੋ ਕੇ ਕੀਤਾ ਜਾਂਦਾ ਹੈ।[31] ਆਰਤੀ-ਆਰਤਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਸਾਹਿਬ ਵਿਚੋਂ ਬਾਣੀ ਗਾਇਨ ਕੀਤੀ ਜਾਂਦੀ ਹੈ। ਨਿਹੰਗ ਸਿੰਘ ਜਥੇਬੰਦੀ ਦੁਆਰਾ ਪ੍ਰਕਾਸ਼ਿਤ ਗੁਟਕਾ ਸਾਹਿਬ ਵਿਚ ਆਰਤੀ-ਆਰਤਾ ਦੀ ਬਾਣੀ ਦਰਜ ਕੀਤੀ ਹੁੰਦੀ ਹੈ। ਨਿਹੰਗ ਸਿੰਘ ਆਰਤੀ-ਆਰਤਾ ਕਰਨ ਵੇਲੇ ਸੰਖ ਅਤੇ ਨਰਸਿੰਗਾ ਵਜਾਉਂਦੇ ਹਨ ਅਤੇ ਫੁੱਲਾਂ ਦੀ ਵਰਖਾ ਕਰਦੇ ਹਨ:

ਕਰਤ ਆਰਤੀ ਸਭ ਖਰੇ ਹੋ ਬੀਰ ਬੀਰ ਹਰਪੀਰ॥

ਬਰਖਾ ਹੋਤ ਅਬੀਰ ਕੀ ਹੋ ਪੂਜਤ ਪਾਇ ਸੁਧੀਰ॥[32]

### 3.2.4 ਗੁਰਬਾਣੀ ਸੰਥਿਆ:

ਨਿਹੰਗ ਸਿੰਘਾਂ ਦੀਆਂ ਛਾਉਣੀਆਂ ਅਤੇ ਡੇਰਿਆਂ ਵਿਚ ਸੰਥਿਆ ਵਲ ਵਿਸ਼ੇਸ਼ ਤੌਰ 'ਤੇ ਧਿਆਨ ਦਿੱਤਾ ਜਾਂਦਾ ਹੈ। ਵਿਦਿਆਰਥੀਆਂ ਨੂੰ ਸਭ ਤੋਂ ਪਹਿਲਾਂ ਪੈਂਤੀ ਅੱਖਰੀ ਅਤੇ ਮੁਹਾਰਨੀ ਸਿਖਾਈ ਜਾਂਦੀ ਹੈ। ਮੁਹਾਰਨੀ ਤੋਂ ਬਾਅਦ ਨਿੱਤਨੇਮ ਦੀਆਂ ਬਾਣੀਆਂ ਦੀ ਸੰਥਿਆ ਦਿੱਤੀ ਜਾਂਦੀ ਹੈ। ਉਸ ਤੋਂ ਬਾਅਦ ਪੰਜ ਗ੍ਰੰਥੀ, ਬਾਈ ਵਾਰਾਂ, ਭਗਤ ਬਾਣੀ ਦੀ ਸੰਥਿਆ ਤੋਂ ਬਾਅਦ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਕਰਵਾਈ ਜਾਂਦੀ ਹੈ ਅਤੇ ਨਾਲ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼, ਸੁਖਆਸਨ ਕਰਨ ਦੀ

---

29 ਕ੍ਰਿਪਾਲ ਸਿੰਘ ਲਿਖਾਰੀ ਬੁੱਢਾ ਦਲ (ਗਿਆਨੀ), ਸਿੰਘ ਸਾਹਿਬ ਜਥੇਦਾਰ ਬਾਬਾ ਬਿਨੋਦ ਸਿੰਘ ਜੀ ਸੰਸਥਾਪਕ ਤਤ ਖਾਲਸਾ (ਬੁੱਢਾ ਦਲ), ਪੰਨਾ 49 (ਫੁਟਨੋਟ)

30 ਦਿਆਲ ਸਿੰਘ ਲਿਖਾਰੀ, ਮੁਖਤਿਆਰੇ ਆਮ (ਮੁਖ ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 10, ਸਾਲ 4, ਬਗੀਚੀ ਬਾਬਾ ਬੰਬਾ ਸਿੰਘ ਜੀ, ਲੋਇਰ ਮਾਲ ਰੋਡ, ਪਟਿਆਲਾ, ਅਕਤੂਬਰ 1975, ਪੰਨਾ 26.

31 ਕ੍ਰਿਪਾਲ ਸਿੰਘ ਲਿਖਾਰੀ ਬੁੱਢਾ ਦਲ (ਗਿਆਨੀ), ਸਿੰਘ ਸਾਹਿਬ ਜਥੇਦਾਰ ਬਾਬਾ ਬਿਨੋਦ ਸਿੰਘ ਜੀ ਸੰਸਥਾਪਕ ਤਤ ਖਾਲਸਾ (ਬੁੱਢਾ ਦਲ), ਪੰਨਾ 683.

32 ਸੁਮੇਰ ਸਿੰਘ (ਬਾਬਾ), ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼, ਡਾ. ਅੱਛਰ ਸਿੰਘ ਕਾਹਲੋਂ (ਸੰਪਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000, ਪੰਨਾ 120.

ਵਿਧੀ ਅਤੇ ਸੇਵਾ-ਸੰਭਾਲ ਸਿਖਾਈ ਜਾਂਦੀ ਹੈ। ਇਸ ਤੋਂ ਉਪਰੰਤ ਦਸਮ ਗ੍ਰੰਥ ਸਾਹਿਬ, ਸਰਬਲੋਹ ਗ੍ਰੰਥ, ਭਾਈ ਗੁਰਦਾਸ ਜੀ ਦੀਆਂ ਵਾਰਾਂ ਅਤੇ ਕਬਿੱਤ ਸਵੱਯਾਂ ਦੀ ਸੰਥਿਆ ਕਰਵਾਈ ਜਾਂਦੀ ਹੈ। ਜੋ ਵਿਦਿਆਰਥੀ ਕਥਾ ਵਿਚ ਰੁਚੀ ਰਖਦੇ ਹਨ, ਉਨ੍ਹਾਂ ਨੂੰ ਗੁਰੂ ਨਾਨਕ ਪ੍ਰਕਾਸ਼, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਸ੍ਰੀ ਗੁਰ ਪੰਥ ਪ੍ਰਕਾਸ਼ ਤੋਂ ਇਲਾਵਾ ਵੇਦਾਂਤ ਦੇ ਗ੍ਰੰਥਾਂ ਦੀ ਸੰਥਿਆ ਦਿੱਤੀ ਜਾਂਦੀ ਹੈ ਜਿਸ ਵਿਚ ਸਾਰਕੁਤਾਵਲੀ, ਚਾਣਕਿਆ ਰਾਜਨੀਤੀ, ਭਾਵਰਸਾਂਮ੍ਰਿਤ, ਅਧਿਆਤਮ ਪ੍ਰਕਾਸ਼, ਵਿਚਾਰ ਮਾਲਾ, ਪ੍ਰਬੋਧ ਚੰਦਰ ਨਾਟਕ ਆਦਿ ਗ੍ਰੰਥ ਸ਼ਾਮਿਲ ਹੁੰਦੇ ਹਨ। ਨਿਹੰਗ ਸਿੰਘ ਜਥੇਬੰਦੀ ਵਲੋਂ ਚਲਾਏ ਜਾ ਰਹੇ ਗੁਰਮਤਿ ਵਿੱਦਿਆ ਕੇਂਦਰਾਂ ਬਾਰੇ ਪੰਜਵੇਂ ਅਧਿਆਇ ਵਿਚ ਵਿਚਾਰ ਕੀਤੀ ਗਈ ਹੈ।

### 3.2.5 ਦੁਸਹਿਰਾ ਮਹਾਤਮ ਪਾਠ:

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਮਾਜ ਵਿਚ ਮਨਾਏ ਜਾਂਦੇ ਤਿਉਹਾਰਾਂ ਨੂੰ ਵੱਖਰੇ ਅਤੇ ਨਿਰਾਲੇ ਢੰਗ ਨਾਲ ਮਨਾਉਣਾ ਸ਼ੁਰੂ ਕਰ ਦਿੱਤਾ ਤਾਂ ਜੋ ਖਾਲਸੇ ਦੀ ਵੱਖਰੀ ਅਤੇ ਨਿਰਾਲੀ ਪਹਿਚਾਣ ਬਣ ਸਕੇ। ਹੋਲੇ ਮਹੱਲੇ ਵਾਂਗ ਹੀ ਦੁਸਹਿਰਾ ਵੀ ਨਿਆਰੇਪਣ ਨਾਲ ਮਨਾਉਣਾ ਸ਼ੁਰੂ ਕੀਤਾ। ਇਸ ਤਿਉਹਾਰ ਨੂੰ ਗੁਰੂ ਜੀ ਨੇ ਸ਼ਸਤਰਾਂ ਦੀ ਸਫਾਈ ਅਤੇ ਸ਼ਸਤਰ ਪੂਜਾ ਨਾਲ ਜੋੜ ਦਿੱਤਾ। ਦੁਸਹਿਰੇ ਵਾਲੇ ਦਿਨ ਦੁਸਹਿਰਾ ਮਹਾਤਮ ਪੋਥੀ ਦਾ ਪਾਠ ਕੀਤਾ ਜਾਂਦਾ ਹੈ ਜੋ ਕਿ ਸ੍ਰੀ ਦਸਮ ਗ੍ਰੰਥ ਸਾਹਿਬ ਦੀਆਂ ਵੱਖ-ਵੱਖ ਬਾਣੀਆਂ ਵਿਚੋਂ ਕੀਤਾ ਜਾਂਦਾ ਹੈ। ਤਖ਼ਤ ਸਚਖੰਡ ਸ੍ਰੀ ਅਬਿਚਲ ਨਗਰ ਹਜ਼ੂਰ ਸਾਹਿਬ ਵਿਖੇ ਅਤੇ ਨਿਹੰਗ ਸਿੰਘ ਜਥੇਬੰਦੀ ਵਿਚ ਇਹ ਪਾਠ ਕੀਤਾ ਜਾਂਦਾ ਹੈ। ਇਸ ਪਾਠ ਦੀ ਰੀਤ ਮੁੜ ਤੋਂ ਬਾਬਾ ਮਿੱਤ ਸਿੰਘ ਜੀ ਨੇ ਸ਼ੁਰੂ ਕਰਵਾਈ ਸੀ। ਇਸ ਪਾਠ ਦੀ ਮਰਯਾਦਾ ਇਸ ਪ੍ਰਕਾਰ ਹੈ:

ਰੋਜ਼ਾਨਾ ਸਵੇਰ ਕੜਾਹ ਪ੍ਰਸਾਦਿ ਦੀ ਦੇਗ ਸਜਾ ਕੇ, ਅਰਦਾਸ ਕਰ ਕੇ ਇਕ ਨੀਯਤ ਸਮੇਂ ਤੋਂ ਪਾਠ ਆਰੰਭ ਕੀਤਾ ਜਾਂਦਾ ਹੈ। ਤਕਰੀਬਨ 6-7 ਘੰਟੇ ਲਗਾਤਾਰ ਪਾਠ ਹੁੰਦਾ ਹੈ ਜਿਸ ਵਿਚ ਸਿੰਘਾਂ ਦੀ ਵਾਰੀ-ਵਾਰੀ ਰੌਲ ਬਦਲਦੀ ਹੈ।[33] ਪਹਿਲੇ ਨੁਰਾਤੇ ਤੋਂ ਸ਼ੁਰੂ ਕਰ ਕੇ ਦੁਸਹਿਰੇ ਵਾਲੇ ਦਿਨ ਸਮਾਪਤੀ ਕੀਤੀ ਜਾਂਦੀ ਹੈ। ਨਿਹੰਗ ਸਿੰਘ ਅੱਜ ਵੀ ਦੁਸਹਿਰੇ ਦੇ ਦਿਨਾਂ ਵਿਚ ਸ਼ਸਤਰ ਪੂਜਾ ਵੇਲੇ ਇਨ੍ਹਾਂ ਬਾਣੀਆਂ ਦੇ ਜਾਪ ਕਰਦੇ ਹਨ।

---

[33] ਕ੍ਰਿਪਾਲ ਸਿੰਘ ਵੜੈਚ (ਗਿਆਨੀ), ਦੋ ਗੁਰਸਿੱਖ ਨਿਰਮੋਲਕ ਹੀਰੇ, ਪੰਨਾ 536(ਫੁਟਨੋਟ).

**ਦੀਵਾਲੀ ਮਹਾਤਮ ਪਾਠ:**

ਨਿਹੰਗ ਸਿੰਘ ਜਥੇਬੰਦੀ ਵਿਚ ਦੀਵਾਲੀ ਦੇ ਦਿਨਾਂ ਵਿਚ ਇਹ ਪਾਠ ਕੀਤਾ ਜਾਂਦਾ ਹੈ। ਦੀਵਾਲੀ ਮਹਾਤਮ ਪੋਥੀ ਵਿਚ ਸ੍ਰੀ ਸਰਬਲੋਹ ਗ੍ਰੰਥ ਦੀਆਂ ਕਈ ਬਾਣੀਆਂ ਦਰਜ ਹਨ ਪਰ ਇਹ ਪਾਠ ਦੁਸਹਿਰਾ ਮਹਾਤਮ ਜਿੰਨਾ ਪ੍ਰਚਲਿਤ ਨਹੀਂ ਹੈ। ਸ੍ਰੀ ਸਰਬਲੋਹ ਗ੍ਰੰਥ ਦੀ ਬਾਣੀ ਵਧੇਰੇ ਨਾ ਛਪਣ ਕਾਰਨ ਕੁਝ ਦਲਾਂ ਵਿਚ ਹੀ ਇਹ ਪਾਠ ਕੀਤਾ ਜਾਂਦਾ ਹੈ। ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਵਲੋਂ ਦੀਵਾਲੀ ਮਹਾਤਮ ਪਾਠ ਦੀਆਂ ਪੋਥੀਆਂ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ। ਇਸ ਪੋਥੀ ਦਾ ਪਾਠ ਦੀਵਾਲੀ ਤੋਂ ਛੇ ਦਿਨ ਪਹਿਲਾਂ ਅੰਮ੍ਰਿਤ ਵੇਲੇ ਕੀਤਾ ਜਾਂਦਾ ਹੈ ਅਤੇ ਦੀਵਾਲੀ ਵਾਲੇ ਦਿਨ ਸਮਾਪਤੀ ਕੀਤੀ ਜਾਂਦੀ ਹੈ।

**ਬ੍ਰਹਮ ਕਵਚ ਪਾਠ:**

ਨਿਹੰਗ ਸਿੰਘ ਜਥੇਬੰਦੀ ਵਲੋਂ ਪ੍ਰਕਾਸ਼ਿਤ ਗੁਟਕਿਆਂ ਵਿਚ ਬ੍ਰਹਮ ਕਵਚ ਬਾਣੀ ਦਾ ਪਾਠ ਦਰਜ ਹੁੰਦਾ ਹੈ।[34] ਇਸ ਬਾਣੀ ਦਾ ਨਿਹੰਗ ਸਿੰਘਾਂ ਵਿਚ ਖਾਸ ਮਹੱਤਵ ਹੈ। ਨਿਹੰਗ ਸਿੰਘ ਨਿੱਤਨੇਮ ਵਿਚ ਇਹ ਬਾਣੀ 32 ਵਾਰੀ ਪੜ੍ਹਦੇ ਹਨ।[35] ਇਸ ਬਾਣੀ ਦਾ ਵਿਧੀ ਪੂਰਵਕ ਅਖੰਡ ਜਾਪ ਵੀ ਕੀਤਾ ਜਾਂਦਾ ਹੈ। ਸੱਤ ਪ੍ਰਕਾਰ ਦੇ ਮੇਵੇ, ਕੜਾਹ ਪ੍ਰਸਾਦਿ ਦੀ ਦੇਗ ਤਿਆਰ ਕਰਕੇ, ਸ਼ਸਤਰ ਸਜਾ ਕੇ ਇਹ ਪਾਠ ਕੀਤਾ ਜਾਂਦਾ ਹੈ।[36]

### 3.2.6 ਗੁਰੂ ਗ੍ਰੰਥ-ਗੁਰੂ ਪੰਥ:

ਸਿੱਖਾਂ ਨੂੰ ਸਦੀਵੀ ਕਾਲ ਲਈ ਅਗਵਾਈ ਦੇਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਤੇ ਪੰਥਕ ਪ੍ਰਬੰਧ ਲਈ ਪੰਥ ਖੁਦਮੁਖਤਿਆਰ ਹੈ। ਗ੍ਰੰਥ ਅਤੇ ਪੰਥ ਇਕ ਦੂਜੇ ਦੇ ਪੂਰਕ ਹਨ।[37] ਤਿਆਰ-ਬਰ-ਤਿਆਰ

---

[34] ਖਾਲਸਾ ਨਿੱਤਨੇਮ, (ਪ੍ਰਕਾ.) ਸਿੰਘ ਸਾਹਿਬ ਜਥੇਦਾਰ ਬਾਬਾ ਸੰਤਾ ਸਿੰਘ ਜੀ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ, ਪੰਨਾ ੩੫੯; ਸੁੰਦਰ ਗੁਟਕਾ, ਮਿਸਲ ਸ਼ਹੀਦਾਂ ਤਰਨਾ ਦਲ, ਪੰਨਾ ੫੬੨.

[35] ਖਾਲਸਾ ਨਿੱਤਨੇਮ, (ਪ੍ਰਕਾ.) ਸਿੰਘ ਸਾਹਿਬ ਜਥੇਦਾਰ ਬਾਬਾ ਸੰਤਾ ਸਿੰਘ ਜੀ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ, ਪੰਨਾ ੩੫੯.

[36] ਜਸਵੀਰ ਸਿੰਘ ਕੋਹਾਲਾ (ਗਿਆਨੀ)(ਲੇਖਕ), ਗੁਰਵਿੰਦਰ ਸਿੰਘ ਨੰਗਲੀ (ਗਿਆਨੀ)(ਟੀਕਾਕਾਰ), ਦਸਮ ਬਾਣੀ ਦਾ (ਪੰਥਕ ਸੰਪ੍ਰਦਾਈ ਸ਼੍ਰੋਮਣੀ ਟੀਕਾ) ਭਗਉਤੀ ਬ੍ਰਹਮ ਕਵਚ ਭਗਉਤੀ ਅਸਤੋਤ੍ਰ ਅਤੇ (ਜੀਵਨ ਬਾਬਾ ਪਾਲਾ ਸਿੰਘ ਜੀ ਗਊਆਂ ਵਾਲੇ), (ਪ੍ਰਕਾ.) ਸਿੰਘ ਸਾਹਿਬ ਜਥੇਦਾਰ ਬਾਬਾ ਗੱਜਣ ਸਿੰਘ ਜੀ 15ਵੇਂ ਮੁਖੀ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ, ਸ੍ਰੀ ਬਾਬਾ ਬਕਾਲਾ ਸਾਹਿਬ, ਸਤੰਬਰ 2018, ਪੰਨੇ 41-42.

[37] ਗੁਰਸ਼ਰਨ ਜੀਤ ਸਿੰਘ (ਡਾ.), ਗੁਰਮਤ ਨਿਰਣਯ ਕੋਸ਼, ਗੁਰਨਿਧੀ ਪ੍ਰਕਾਸ਼ਨ, ਅੰਮ੍ਰਿਤਸਰ, ਦੂਜੀ ਵਾਰ, ਫਰਵਰੀ 2005, ਪੰਨਾ 85.

ਸਿੰਘਾਂ ਦੇ ਸਮੁੱਚੇ ਸਮੂਹ ਨੂੰ ਗੁਰੂ ਪੰਥ ਕਿਹਾ ਜਾਂਦਾ ਹੈ।[38] ਪੰਥ ਦਾ ਆਗੂ ਕੋਈ ਵਿਅਕਤੀ ਨਹੀਂ ਹੋ ਸਕਦਾ।[39] ਨਿਹੰਗ ਸਿੰਘ ਜਥੇਬੰਦੀ ਨੂੰ 'ਦਲ ਪੰਥ' ਵੀ ਕਿਹਾ ਜਾਂਦਾ ਹੈ। ਨਿਹੰਗ ਸਿੰਘ ਜਥੇਬੰਦੀ ਖਾਲਸਾ ਪੰਥ ਦਾ ਪੁਰਾਤਨ ਅਤੇ ਮੌਲਿਕ ਸਰੂਪ ਹੈ। ਪੰਥ ਤੋਂ ਭਾਵ ਹੈ ਪਰਮਾਤਮਾ ਦੀ ਪ੍ਰਾਪਤੀ ਦਾ ਰਾਹ, ਧਰਮ, ਮਜ਼ਹਬ।[40] ਸਿੱਖ ਪੰਥ ਵਿਸ਼ਵਕੋਸ਼ ਅਨੁਸਾਰ, ਪੰਥ ਤੋਂ ਭਾਵ ਹੈ ਰਸਤਾ ਅਤੇ ਦੂਜਾ ਅਰਥ ਹੈ ਧਾਰਮਿਕ ਸਮਾਜ।[41] ਪੰਥ, ਗ੍ਰੰਥ ਦੀ ਵਿਚਾਰਧਾਰਾ ਨੂੰ ਅਮਲੀ ਜਾਮਾ ਪਹਿਨਾਉਣ ਵਾਲਾ ਸੰਗਠਨ ਹੈ। ਪੰਥ, ਅੰਮ੍ਰਿਤਧਾਰੀ ਸਿੰਘਾਂ ਦਾ ਸਮੂਹ ਹੈ ਜਿਸ ਕੋਲ ਸੰਗਠਨ ਬਾਰੇ ਫੈਸਲੇ ਲੈਣ ਦਾ ਅਧਿਕਾਰ ਹੈ। ਪੰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰੋਸ਼ਨੀ ਵਿਚ ਸਿਖ ਰਹਿਤ ਮਰਯਾਦਾ ਨੂੰ ਬਦਲਣ ਅਤੇ ਲਾਗੂ ਕਰਵਾਉਣ ਦਾ ਅਧਿਕਾਰ ਰਖਦਾ ਹੈ। ਪੰਥ ਇਕ ਲੋਕਤੰਤਰਿਕ ਸੰਗਠਨ ਹੁੰਦਾ ਹੋਇਆ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਵਿਚਰਦਾ ਹੈ।[42]

ਗੁਰੂ ਨਾਨਕ ਦੇਵ ਜੀ ਦੇ ਅਨੁਯਾਈਆਂ ਲਈ 'ਨਾਨਕ ਪੰਥੀ' ਸ਼ਬਦ ਵਰਤਿਆ ਗਿਆ ਹੈ।[43] ਗੁਰੂ ਨਾਨਕ ਸਾਹਿਬ ਨੇ ਜਿੱਥੇ ਵਿਅਕਤੀਵਾਦ ਦੇ ਬੰਧਨ ਤੋਂ ਛੁਟਕਾਰਾ ਦਿਵਾਉਣ ਲਈ 'ਸ਼ਬਦ' ਨੂੰ 'ਗੁਰੂ' ਕਹਿ ਕੇ ਸਤਿਕਾਰਿਆ, ਉੱਥੇ ਨਾਲ ਹੀ ਸੰਗਤਵਾਦ ਦਾ ਸਿਧਾਂਤ ਪ੍ਰਚਾਰਿਆ ਜੋ ਅੱਗੇ ਚਲ ਕੇ ਕਿ ਦਸਮੇਸ਼ ਗੁਰੂ ਜੀ ਦੇ ਸਮੇਂ 'ਪੰਥ' ਦਾ ਰੂਪ ਧਾਰਨ ਕਰ ਗਿਆ।[44] ਬਾਬਾ ਗਣੇਸ਼ਾ ਸਿੰਘ ਬੇਦੀ ਨੇ ਲਿਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਦੁਆਰਾ ਆਪ ਦਸਵੇਂ ਜਾਮੇ ਵਿਚ ਸ਼ਸਤਰ ਧਾਰ ਕੇ ਆਉਣ ਬਾਰੇ ਬਚਨ ਕੀਤੇ ਸਨ:

ਇਮ ਕਹਿ ਮੋ ਪ੍ਰਤਿ ਭਨਯੋ ਗੁਸਾਂਈ ਅਬ ਤੁਰਕਨ ਕੋ ਜੋਰੰ।
ਦਸਮਾ ਜਬੈ ਪਹਰ ਹੌ ਜਾਮਾ ਪੰਥ ਰਚੌ ਬਿਧ ਔਰੰ।
ਸਸਤ੍ਰ ਧਾਰ ਕਰਹੌ ਬਹੁ ਜੁਧੰ ਤੁਰਕਨ ਸਫਾ ਉਠਾਊਂ।
ਪਾਪ ਉਠਾਇ ਧਰਮ ਦ੍ਰਿਢ ਕਰਹੌ ਛਿਤ ਕੋ ਰਾਜ ਰਮਾਊਂ।[45]

---

[38] ਸਿੱਖ ਰਹਿਤ ਮਰਯਾਦਾ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਮਈ 2018, ਪੰਨਾ ੨੭.

[39] ਗੁਰਸ਼ਰਨ ਜੀਤ ਸਿੰਘ (ਡਾ.), ਗੁਰਮਤ ਨਿਰਣਯ ਕੋਸ਼, ਪੰਨਾ 90.

[40] ਕਾਨ੍ਹ ਸਿੰਘ ਨਾਭਾ (ਭਾਈ), ਗੁਰੁ ਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 793.

[41] ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਤੀਜਾ, ਗਰੇਸ਼ੀਅਸ ਬੁਕਸ, ਪਟਿਆਲਾ, 2014, ਪੰਨਾ 1343.

[42] ਉਹੀ, ਪੰਨਾ 85.

[43] ਉਹੀ, ਪੰਨਾ 1343.

[44] ਪਿਆਰਾ ਸਿੰਘ ਪਦਮ (ਪ੍ਰੋ.), ਗੁਰੂ ਘਰ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1997, ਪੰਨਾ 199.

[45] ਗਣੇਸ਼ਾ ਸਿੰਘ ਬੇਦੀ (ਬਾਬਾ), ਗੁਰੂ ਨਾਨਕ ਸੂਰਜੋਦੇ ਜਨਮਸਾਖੀ, ਡਾ. ਰਾਮ ਸਿੰਘ ਸੈਣੀ (ਸੰਪਾ.), ਭਾਸ਼ਾ ਵਿਭਾਗ ਪੰਜਾਬ, 1990, ਪੰਨਾ 489.

ਮੀਰੀ ਅਤੇ ਪੀਰੀ ਦੋਹਾਂ ਖੇਤਰਾਂ ਦੇ ਤੇਜ ਦਾ ਧਾਰਕ ਖਾਲਸਾ ਪੰਥ, ਗੁਰੂ ਦਾ ਸਰੀਰ ਹੈ, ਗੁਰੂ ਖਾਲਸਾ ਪੰਥ ਪੀਰੀ ਦੇ ਤੇਜ ਨੂੰ ਧਾਰਨ ਦਾ ਰਾਹ ਅਤੇ ਉਸ ਤੇਜ ਨੂੰ ਧਾਰਨ ਦੀ ਅਗਵਾਈ, ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਪ੍ਰਾਪਤ ਕਰਦਾ ਹੈ। ਗੁਰੂ ਗ੍ਰੰਥ ਸਿਧਾਂਤ ਹੈ, ਤੇ ਇਸ ਸਿਧਾਂਤ ਦੀ ਅਗਵਾਈ ਵਿਚ ਸੰਗਠਿਤ ਹੋਇਆ ਮਨੁੱਖੀ ਸਮਾਜ ਗੁਰੂ ਪੰਥ ਹੈ।[46] ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਖਾਲਸਾ ਪੰਥ ਨੂੰ 'ਅਕਾਲ ਪੁਰਖ ਦੀ ਫੌਜ' ਕਹਿਕੇ ਭਵਿੱਖ ਦੀ ਜ਼ੁੰਮੇਵਾਰੀ ਸੌਂਪ ਦਿੱਤੀ ਸੀ।[47] ਗੁਰੂ ਸਾਹਿਬ ਨੇ ਆਪ ਇਹ ਅਕਾਲੀ ਪੰਥ ਸਾਜ ਕੇ ਗੁਰੂ ਗ੍ਰੰਥ-ਗੁਰੂ ਪੰਥ ਨੂੰ ਗੁਰਿਆਈ ਦਿੱਤੀ:

ਪੁਨ ਗੁਰ ਦਸਮ ਪੰਥ ਦੇ ਵਾਲੀ। ਸਾਜ ਨਿਵਾਜਿਆ ਪੰਥ ਅਕਾਲੀ।
ਗੁਰਿਆਈ ਤੇ ਮਾਲਕ ਪੰਥ। ਦਿਤਾ ਥਾਪ ਸ੍ਰੀ ਗੁਰੂ ਗ੍ਰੰਥ।[48]

ਗੁਰੂ ਪੰਥ ਦਾ ਸੰਕਲਪ ਜਿਹੜਾ ਕਿ ਅਠਾਰ੍ਹਵੀਂ ਸਦੀ ਵਿਚ ਆਮ ਵਰਤੋਂ ਵਿੱਚ ਆਇਆ, ਬਰਾਬਰੀ ਦਾ ਅੰਦਰਲਾ ਤੱਤ ਸੀ। ਇਸਨੇ ਖਾਲਸਾ ਪੰਥ ਦੀ ਸਮੂਹਿਕ ਸੱਤਾ ਨੂੰ ਰੂਹਾਨੀ ਆਧਾਰ ਪ੍ਰਦਾਨ ਕਰ ਦਿੱਤਾ।[49]

**ਤੀਸਰ ਪੰਥ:**

ਡਾ. ਗੁਰਨਾਮ ਕੌਰ ਅਨੁਸਾਰ, ਖਾਲਸੇ ਨੇ ਇਸ ਸੰਸਾਰ ਵਿਚ ਤੀਸਰ ਪੰਥ ਦੇ ਰੂਪ ਵਿਚ ਵਿਚਰਨਾ ਹੈ। ਤੀਸਰ ਪੰਥ ਉਹ ਚੇਤਨਾ ਹੈ ਜੋ ਹਿੰਦੁਸਤਾਨ ਵਿਚ ਵਿਆਪਕ ਹਿੰਦੂ ਤੇ ਮੁਸਲਮਾਨ ਦੋਹਾਂ ਦੀ ਵਿਚਾਰਧਾਰਾ ਤੋਂ ਮੁਕਤ ਹੈ। ਖਾਲਸੇ ਦੀ ਸਿਰਜਣਾ ਸਮੇਂ ਹਿੰਦੁਸਤਾਨ ਵਿਚ ਦੋ ਕੌਮਾਂ ਦਾ ਵਿਧਾਨ ਕੰਮ ਕਰ ਰਿਹਾ ਸੀ। ਹਿੰਦੂ ਬਹੁਦੇਵ ਪੂਜਾ ਵਿਚ ਉਲਝੇ ਹੋਣ ਕਰਕੇ ਕਿਸੇ ਇਕ ਦੇ ਲੜ੍ਹ ਨਾ ਲਗਣ ਕਰਕੇ ਡਰ-ਡਰ ਕੇ ਜੀਅ ਰਹੇ ਸਨ। ਮੁਸਲਮਾਨ ਇਕ ਖੁਦਾ ਦੇ ਵਿਸ਼ਵਾਸ਼ੀ ਹੋਣ ਕਰਕੇ ਆਪਣੇ-ਆਪ ਨੂੰ ਮੋਮਨ ਤੇ ਬਾਕੀ ਸਾਰਿਆਂ ਨੂੰ ਕਾਫ਼ਰ ਸਮਝ ਕੇ ਦੂਜਿਆਂ ਨੂੰ ਡਰਾ ਰਹੇ ਸਨ। ਖਾਲਸਾ ਤੀਸਰ ਪੰਥ ਦੇ ਰੂਪ ਵਿਚ ਇਸੇ ਕਰਕੇ ਉਜਾਗਰ ਹੋਇਆ ਕਿਉਂਕਿ ਖਾਲਸਾ 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ' ਦਾ ਧਾਰਨੀ ਹੈ।[50] ਭਾਈ ਗੁਰਦਾਸ (ਦੂਸਰੇ) ਨੇ

---

46 ਸੁਖਬੀਰ ਸਿੰਘ, ਤੇਜ ਧਾਰਕ ਗੁਰੂ ਖਾਲਸਾ ਪੰਥ, ਗੁਰੁਦੀਪਕ ਪ੍ਰਕਾਸ਼ਨ, ਪਟਿਆਲਾ, ਜਨਵਰੀ 1986, ਪੰਨਾ 166.

47 ਪਿਆਰਾ ਸਿੰਘ ਪਦਮ, ਪੰਜਾਬ ਦੀ ਗੌਰਵ ਗਾਥਾ, ਕਲਗੀਧਰ ਕਲਮ ਫਾਊਂਡੇਸ਼ਨ, ਕਲਮ ਮੰਦਿਰ, ਲੋਅਰ ਮਾਲ, ਪਟਿਆਲਾ, 2000, ਪੰਨਾ 30.

48 ਠਾਕੁਰ ਸਿੰਘ (ਗਿਆਨੀ), ਸ਼ਹੀਦ ਬਿਲਾਸ ਬਾਬਾ ਦੀਪ ਸਿੰਘ ਜੀ ਸ਼ਹੀਦ, ਚਤਰ ਸਿੰਘ ਜੀਵਨ ਸਿੰਘ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, ਮਿਤੀਹੀਨ, ਪੰਨਾ ੩੭.

49 ਜੇ. ਐਸ. ਗਰੇਵਾਲ, ਇੰਦੂ ਬਾਂਗਾ (ਸੰਪਾ.), ਜਗਬੀਰ ਸਿੰਘ (ਅਨੁਵਾਦਕ), ਖ਼ਾਲਸਾ ਇਤਿਹਾਸ ਅਤੇ ਵਿਚਾਰਧਾਰਾ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2002, ਪੰਨਾ 27.

50 ਗੁਰਨਾਮ ਕੌਰ (ਡਾ.)(ਸੰਪਾ.), ਨਾਨਕ ਪ੍ਰਕਾਸ਼ ਪਤ੍ਰਿਕਾ, ਪੰਨਾ 91

ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਹਿੰਦੂ ਅਤੇ ਇਸਲਾਮ ਧਰਮ ਤੋਂ ਨਿਆਰੇ ਤੀਸਰ ਪੰਥ ਦੀ ਰਚਨਾ ਕੀਤੀ:

ਇਉਂ ਤੀਸਰ ਮਜਹਬ ਖਾਲਸਾ ਉਪਜਿਓ ਪਰਧਾਨਾ।
ਜਿਨਿ ਗੁਰੁ ਗੋਬਿੰਦ ਕੇ ਹੁਕਮ ਸਿਉ ਗਹਿ ਖੜਗ ਦਿਖਾਨਾ।[51]
ਇਉਂ ਤੀਸਰ ਪੰਥ ਰਚਾਇਅਨੁ ਵਡ ਸੂਰ ਗਹੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ।[52]

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਅੰਦਰ ਭਾਈ ਸੰਤੋਖ ਸਿੰਘ ਚੂੜਾਮਣਿ ਨੇ 'ਤੀਸਰ ਪੰਥ' ਦਾ ਜ਼ਿਕਰ ਕੀਤਾ ਹੈ:

ਤੀਸਰਾ ਮਜਬ ਜਗ ਦੇਖਿਕੇ ਅਜਬ ਮਹਾਂ, ਬੈਰੀ ਕੇ ਗਜਬ ਪਰਯੋ ਛੀਨੈਂ ਠਕੁਰਾਈ ਹੈ।
ਧਰਮ ਸਥਾਪਬੇ ਕੋ ਪਾਪਨ ਕੇ ਖਾਪਬੇ ਕੋ ਗੁਰੂ ਜਾਪਬੇ ਕੋ ਨਈ ਰੀਤਿ ਯੌਂ ਚਲਾਈ ਹੈ।[53]

ਗੁਰੂ ਮਹਿਮਾ ਰਤਨਾਵਲੀ ਵਿਚ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਤੀਸਰ ਪੰਥ ਸਜਾਉਣ ਦਾ ਜ਼ਿਕਰ ਇਸ ਪ੍ਰਕਾਰ ਹੈ:

ਸ੍ਰੀ ਗੁਰੂ ਗੋਬਿੰਦ ਸਿੰਘ ਭਾਰੀ ਤੇਗ ਧਾਰੀ ਬੀਰ, ਛਤ੍ਰੀ ਕੌਮ ਸਾਰੀ ਕੀਨ ਬਾਜੀ ਜਾਨਦੀਨੀ ਹੈ।
ਬਾਂਕਰੋ ਛਬੀਲੋ ਪਯਾਰੋ ਤੀਸਰੋ ਸਜਾਯੋ ਪੰਥ, ਰਾਹ ਦੋਊ ਰੱਦ ਕੈ ਮ੍ਰਯਾਦ ਨੂਤ ਚੀਨੀ ਹੈ। [54]

ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼ ਵਿਚ ਵੀ ਤੀਸਰ ਪੰਥ ਦਾ ਜ਼ਿਕਰ ਹੈ।[55] ਸ੍ਰੀ ਗੁਰ ਕਥਾ ਭਾਈ ਜੈਤਾ ਜੀ ਵਿਚ ਵੀ ਤੀਸਰ ਪੰਥ ਦਾ ਜ਼ਿਕਰ ਮਿਲਦਾ ਹੈ:

ਸਿੰਘ ਸਸਤ੍ਰ ਸਜਾਇ ਸਨੇਹ ਤਨਹਿ, ਜੋਊ ਨੀਕ ਨਿਸਾਨ ਹੈ ਈਸਰ ਕੇਰਾ।
ਬਿਨ ਸਸਤ੍ਰਨ ਨਰੁ ਸ੍ਰਿਗਾਲ ਬਨੇ, ਸਬ ਭਾਨ ਮਿਟੈ ਦ੍ਰਿਗ ਤੀਸਰ ਕੇਰਾ।

---

[51] ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਵਾਰਾਂ ਗਿਆਨ ਰਤਨਾਵਲੀ ਭਾਈ ਗੁਰਦਾਸ ਜੀ, ਵਾਰ ੪੧, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਤੀਸਰੀ ਵਾਰ, ਫਰਵਰੀ 1981, ਪੰਨਾ 441.

[52] ਉਹੀ.

[53] ਸੰਤੋਖ ਸਿੰਘ (ਭਾਈ), ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰੁਤਿ ਤੀਜੀ, ਅਧਿਆਇ 19, ਜਿਲਦ 12, ਡਾ. ਭਾਈ ਵੀਰ ਸਿੰਘ (ਸੰਪਾ.), ਭਾਸ਼ਾ ਵਿਭਾਗ, ਪੰਜਾਬ, 1933, ਪੰਨਾ 5058.

[54] ਪ੍ਰੀਤਮ ਸਿੰਘ ਤੇ ਕ੍ਰਿਸ਼ਣ ਲਾਲ (ਸੰਪਾ.), ਗੁਰੂ ਮਹਿਮਾ ਰਤਨਾਵਲੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1984, ਪੰਨਾ 303

[55] ਤੀਸਰ ਪੰਥ ਜਗਤ ਗੁਰੁ ਕੀਨਾ॥
ਸੁਮੇਰ ਸਿੰਘ (ਬਾਬਾ), ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼, ਡਾ. ਅੱਛਰ ਸਿੰਘ ਕਾਹਲੋਂ (ਸੰਪਾ.), ਪੰਨਾ 196

ਜਪ ਜਤ ਸਤ ਸੰਜਮ ਸਸਤ੍ਰਨ ਸੋਂ, ਤਪ ਦਾਇਮ ਚਲਹਿ ਤਪੀਸਰ ਕੇਰਾ।[56]

'ਉਗ੍ਰਦੰਤੀ' ਬਾਣੀ ਵਿਚ ਵੀ ਤੀਸਰ ਪੰਥ ਚਲਾਉਣ ਦਾ ਜ਼ਿਕਰ ਮਿਲਦਾ ਹੈ:

ਦੁਹੂੰ ਪੰਥ ਮੈਂ ਕਪਟ ਵਿੱਦਯਾ ਚਲਾਨੀ॥ ਬਹੁਤ ਤੀਸਰਾ ਪੰਥ ਕੀਜੈ ਪਰਧਾਨੀ॥[57]

ਕਰਹੁ ਖਾਲਸਾ ਪੰਥ ਤੀਸਰ ਪ੍ਰਵੇਸਾ॥ ਜਗਹਿ ਸਿੰਘ ਜੋਧੇ ਧਰਹਿ ਨੀਲ ਭੇਸਾ॥[58]

### 3.2.7 ਲਾਡਲੀ ਫੌਜ:

ਨਿਹੰਗ ਸਿੰਘ ਆਪਣੇ ਆਪ ਨੂੰ 'ਗੁਰੂ ਕੀਆਂ ਲਾਡਲੀਆਂ ਫੌਜਾਂ' ਅਖਵਾਉਂਦੇ ਹਨ। ਸਤਿਬੀਰ ਸਿੰਘ ਲਿਖਦੇ ਹਨ ਕਿ ਦਸ ਗੁਰੂ ਸਾਹਿਬਾਨਾਂ ਦੀ ਜੋਤ ਦਾ ਝਲਕਾਰਾ ਇਕ ਸਿੱਖ ਵਿਚ ਵੀ ਦਿੱਸ ਪਵੇ ਤਾਂ ਉਹ ਪੰਥ ਹੈ। ਇਸ ਲਈ ਸਿੱਖ ਇਕੱਲਾ ਨਹੀਂ, 'ਫੌਜ' ਹੈ।[59] ਸੰਤ ਨਿਹਾਲ ਸਿੰਘ ਨੇ ਲਾਡਲੀ ਫੌਜ ਬਾਰੇ ਲਿਖਦੇ ਹਨ:

ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੂ ਕੋ ਇਹ ਲਾਡਿਲੋ ਛਬੀਲੋ ਪੰਥ ਖਾਲਸਾ ਅਨੰਤ ਹੈ।[60]

ਸ੍ਰੀ ਗੋਬਿੰਦ ਸਿੰਘ ਜੂ ਕੇ ਖਾਲਸੇ ਸੁ ਪੂਤ ਪਯਾਰੇ ਸੋਭਤੇ ਸੁ ਬਾਗੇ ਫੂਲ ਕੈਧੌ ਹੈਂ ਬਸੰਤ ਕੇ।[61]

ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਜੀ ਸਭ ਤੋਂ ਛੋਟੇ ਸਪੁੱਤਰ ਸਨ। ਛੋਟੇ ਹੋਣ ਕਰਕੇ ਕਲਗੀਧਰ ਜੀ ਦੇ ਲਾਡਲੇ ਸਨ ਅਤੇ ਦੂਜਾ ਕਾਰਨ ਇਹ ਕਿ ਨਿਹੰਗ ਸਿੰਘ ਰਹਿਤ-ਮਰਯਾਦਾ ਦੇ ਧਾਰਨੀ ਸਨ ਅਤੇ ਗੁਰੂ ਸਾਹਿਬ ਰਹਿਤਵਾਨ ਸਿੱਖ ਨੂੰ ਬਹੁਤ ਪਿਆਰ ਕਰਦੇ ਸਨ।

### 3.2.8 ਛਿਆਨਵੇਂ ਕਰੋੜੀ:

ਛਿਆਨਵੇਂ ਕਰੋੜੀ ਇਕ ਲਕਬ ਹੈ ਜੋ ਬੁੱਢੇ ਦਲ ਦੇ ਜਥੇਦਾਰ ਦੇ ਨਾਮ ਦੇ ਨਾਲ ਲਗਾਇਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਮਲਾਰ ਰਾਗ ਵਿਚ ਭਗਤ ਨਾਮਦੇਵ ਜੀ ਬੱਦਲਾਂ ਦੀ ਗਿਣਤੀ ਛਿਆਨਵੇਂ ਕਰੋੜ ਦਸਦੇ ਹਨ:

---

56 Neeti Singh, Bhai Jaita's Sri Gur Katha, Singh Brothers, Amritsar, Aug 2015, p. 132.

57 ਉਗ੍ਰਦੰਤੀ, ਖਾਲਸਾ ਨਿੱਤਨੇਮ, ਪੰਨਾ ੨੧੨.

58 ਉਹੀ, ਪੰਨਾ ੨੧੬.

59 ਸਤਿਬੀਰ ਸਿੰਘ ਪ੍ਰਿੰਸੀਪਲ, ਸੌ ਸਵਾਲ, ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ, ਤੇਰਵੀਂ ਵਾਰ, 2011, ਪੰਨਾ 56.

60 ਨਿਹਾਲ ਸਿੰਘ (ਸੰਤ), ਨ੍ਰਿਮਲ ਪ੍ਰਭਾਕਰ ਅਤੇ ਸਿਖੀ ਪ੍ਰਭਾਕਰ, (ਪ੍ਰਕਾ.) ਲਾਲਾ ਸ਼ਾਮ ਦਾਸ ਜੀ ਨਰੂਲਾ ਅਤੇ ਲਾਲਾ ਗੰਗਾ ਬਿਸ਼ਨ ਸਾਹਿਬ, ਖਾਲਸਾ ਪ੍ਰੈਸ ਲਾਹੌਰ, 1902, ਪੰਨਾ 274.

61 ਉਹੀ, ਪੰਨੇ 277-278.

ਅਠਾਰਹ ਭਾਰ ਬਨਾਸਪਤੀ ਮਾਲਣੀ ਛਿਨਵੈ ਕਰੋੜੀ ਮੇਘ ਮਾਲਾ ਪਾਣੀਹਾਰੀਆ॥[62]

ਉਦਾਸੀ ਸੰਪਰਦਾਇ ਦੁਆਰਾ ਬਾਬਾ ਸ੍ਰੀ ਚੰਦ ਜੀ ਦੀ ਗਾਈ ਜਾਂਦੀ ਆਰਤੀ ਵਿਚ ਵੀ ਇਸ ਪ੍ਰਕਾਰ ਦਾ ਜ਼ਿਕਰ ਹੈ:

ਛਿਨਵੈ ਕ੍ਰੋੜ ਜਾ ਕੇ ਚਰਨ ਪਖਾਰੇ।[63]

ਪ੍ਰੋ. ਪਿਆਰਾ ਸਿੰਘ ਪਦਮ ਅਨੁਸਾਰ, "ਸ਼ਹੀਦੀ ਫੌਜ ਦੀ ਗਿਣਤੀ ਬੇ ਅੰਦਾਜ਼ ਹੈ ਤੇ ਨਿਹੰਗ ਸਿੰਘ ਤਾਂ ਛਿਆਨਵੇਂ ਕਰੋੜ ਸ਼ਹੀਦਾਂ ਨੂੰ ਧਿਆਉਂਦੇ ਤੇ ਉਨ੍ਹਾਂ ਦੀ ਚਰਨ ਧੂੜ ਮਸਤਕ ਨੂੰ ਲਾਉਂਦੇ ਹਨ।"[64] ਸ਼ਹੀਦ ਤੋਂ ਭਾਵ ਹੈ ਕਿ ਮੌਤ ਪ੍ਰਾਪਤ ਕਰਨ ਵਾਲਾ ਆਪਣੇ ਕਿਸੇ ਦ੍ਰਿੜ ਧਾਰਮਿਕ ਨਿਸ਼ਚਾ, ਵਿਸਵਾਸ਼, ਅਕੀਦੇ ਦੀ ਗਵਾਹੀ ਆਪਣੀ ਜਾਨ ਵਾਰ ਕੇ ਦੇਣ ਲਈ ਤਿਆਰ ਹੋਵੇ। ਮੌਤ ਪ੍ਰਾਪਤ ਕਰਨ ਤੋਂ ਪਹਿਲਾਂ ਉਸ ਨੂੰ ਆਪਣਾ ਵਿਸ਼ਵਾਸ਼, ਅਕੀਦਾ ਤਿਆਗ ਕੇ ਜਾਨ ਬਚਾਉਣ ਦੀ ਖੁੱਲ ਹੋਵੇ। ਡਾ. ਸਰਬਜਿੰਦਰ ਸਿੰਘ ਅਨੁਸਾਰ ਸ਼ਹੀਦ ਸ਼ਬਦ ਦੀ ਵਰਤੋਂ 'ਸ਼ਾਹਦ' ਜਾਂ 'ਗਵਾਹ' ਦੇ ਅਰਥਾਂ ਦੇ ਤੌਰ 'ਤੇ ਕੀਤੀ ਗਈ ਹੈ।[65]

ਡਾ. ਰਤਨ ਸਿੰਘ ਜੱਗੀ ਨੇ ਵੀ ਇਹ ਗੱਲ ਲਿਖੀ ਹੈ ਕਿ ਛਿਆਨਵੇਂ ਕਰੋੜ ਸਿੰਘ ਸਜੇਗਾ।[66] ਛਿਆਨਵੇਂ ਕਰੋੜ ਖਾਲਸਈ ਫੌਜਾਂ ਦਾ ਸੰਬੰਧ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਹੈ। ਗੁਰਦੁਆਰਾ ਸਚਖੰਡ ਬੋਰਡ ਨਾਂਦੇੜ ਵਲੋਂ ਗੁ. ਮਾਲਟੇਕਰੀ ਸਾਹਿਬ, ਨਾਂਦੇੜ 'ਤੇ ਲੱਗੇ ਇਤਿਹਾਸ ਦੇ ਬੋਰਡ ਮੁਤਾਬਿਕ ਇਥੇ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਸੰਗਲਾਦੀਪ ਦੀ ਯਾਤਰਾ ਸਮੇਂ ਬਿਦਰ ਨੂੰ ਜਾਂਦੇ ਹੋਏ ਠਹਿਰੇ ਸਨ। ਇਸ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਇਸ ਅਸਥਾਨ 'ਤੇ ਆਏ ਅਤੇ ਇੱਥੇ ਰਖੀ ਗੁਪਤ ਮਾਇਆ ਕਢਵਾ ਕੇ ਗੁਰਦੁਆਰਾ ਸੰਗਤ ਸਾਹਿਬ ਦੇ ਅਸਥਾਨ 'ਤੇ ਫੌਜਾਂ ਨੂੰ ਤਕਸੀਮ ਕੀਤੀ। ਇੱਥੇ ਗੁਰੂ ਜੀ ਨੇ ਭਵਿੱਖਤ ਬਚਨ ਉਚਾਰਿਆ ਕਿ ਇੱਥੇ ਸਾਡਾ ਖਜ਼ਾਨਾ ਹੈ, ਜਦੋਂ ਖਾਲਸੇ ਦੀ ਗਿਣਤੀ ਛਿਆਨਵੇਂ ਕਰੋੜ ਹੋ ਜਾਵੇਗੀ ਤਾਂ ਇੱਥੋਂ ਦੀ ਮਾਇਆ ਨਾਲ ਖਾਲਸੇ ਵਿੱਚ ਅਤੁੱਟ ਲੰਗਰ ਵਰਤਾਇਆ ਜਾਵੇਗਾ। ਬੁੱਢਾ ਦਲ ਦੇ ਲਿਖਾਰੀ ਕ੍ਰਿਪਾਲ ਸਿੰਘ ਜੀ ਵੀ ਲਿਖਦੇ ਹਨ ਕਿ ਭਵਿੱਖ ਵਿਚ ਮਾਲਟੇਕਰੀ ਦੇ ਅਸਥਾਨ 'ਤੇ ਛਿਆਨਵੇਂ ਕਰੋੜ

---

62 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੯੨.

63 ਦਿਲਜੀਤ ਸਿੰਘ ਬੇਦੀ (ਬਾਬਾ), ਬਾਬਾ ਸ੍ਰੀਚੰਦ, ਭਾਸ਼ਾ ਵਿਭਾਗ, ਪੰਜਾਬ, 2013, ਪੰਨਾ 110.

64 ਪਿਆਰਾ ਸਿੰਘ ਪਦਮ (ਪ੍ਰੋ.), ਗੁਰੂ ਘਰ, ਪੰਨਾ 240.

65 ਸਰਬਜਿੰਦਰ ਸਿੰਘ (ਡਾ.), ਮਰਣੁ ਕਬੂਲਿ, ਸਿੱਖ ਫਾਉਂਡੇਸ਼ਨ, ਨਵੀਂ ਦਿੱਲੀ, ਦਸੰਬਰ 2004, ਪੰਨਾ 8.

66 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਪਹਿਲਾ, ਗਰੇਸ਼ੀਅਸ ਬੁਕਸ, ਪਟਿਆਲਾ, 2014, ਪੰਨਾ 313.

ਖਾਲਸਾ ਹੋਵੇਗਾ ਤਾਂ ਇਸ ਅਸਥਾਨ 'ਤੇ ਖਜ਼ਾਨਾ ਕੱਢ ਕੇ ਇੱਥੇ ਲੰਗਰ ਚਲੇਗਾ।[67] ਮਾਤਾ ਸਾਹਿਬ ਕੌਰ ਜੀ ਛਿਆਨਵੇਂ ਕਰੋੜੀ ਅਬਿਨਾਸੀ ਖ਼ਾਲਸਾ ਪੰਥ ਦੀ ਮਾਤਾ ਮੰਨੇ ਗਏ ਹਨ।[68] ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਹੈੱਡਗ੍ਰੰਥੀ ਬਾਬਾ ਮੱਘਰ ਸਿੰਘ ਅਤੇ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਹੈੱਡਗ੍ਰੰਥੀ ਮਹੰਤ ਤ੍ਰਿਲੋਚਨ ਸਿੰਘ ਜੀ ਅਨੁਸਾਰ, "ਗੁਰੂ ਹਰਿਗੋਬਿੰਦ ਜੀ ਨੇ ਬਾਬਾ ਬੁੱਢਾ ਜੀ ਨੂੰ ਇਹ ਵੀ ਵਰ ਦਿੱਤਾ ਸੀ ਕਿ ਛਿਆਨਵੇਂ ਕਰੋੜ ਸ਼ਹੀਦ ਸਿੰਘ ਇਸ ਗੱਦੀ ਦੀ ਤਾਬਿਆ ਰਹਿਣਗੇ। ਜਦੋਂ ਛਿਆਨਵੇਂ ਕਰੋੜ ਸ਼ਹੀਦ ਸਿੰਘ ਪ੍ਰਗਟ ਹੋਣਗੇ ਉਸ ਸਮੇਂ ਬੁੱਢਾ ਦਲ ਦਾ ਜਥੇਦਾਰ ਤਖ਼ਤ 'ਤੇ ਬੈਠੇਗਾ।"[69]

### 3.2.9 ਪੰਜਵਾਂ ਤਖ਼ਤ:

ਬੁੱਢਾ ਦਲ ਦੇ ਨਾਂ ਨਾਲ 'ਪੰਜਵਾਂ ਤਖ਼ਤ' ਲਗਦਾ ਹੈ। 'ਤਖ਼ਤ' ਫ਼ਾਰਸੀ ਭਾਸ਼ਾ ਦਾ ਸ਼ਬਦ ਹੈ ਜਿਸਦਾ ਅਰਥ ਹੈ ਸਿੰਘਾਸਨ, ਸ਼ਾਹੀ ਆਸਣ।[70] ਪੰਡਿਤ ਦੇਬੀ ਪ੍ਰਸਾਦ ਨੇ ਆਪਣੀ ਰਚਨਾ ਗੁਲਸ਼ਨ-ਏ-ਪੰਜਾਬ ਵਿਚ ਪੰਜ ਤਖ਼ਤਾਂ ਦਾ ਜ਼ਿਕਰ ਕਰਦਿਆਂ (ਸ੍ਰੀ ਅੰਮ੍ਰਿਤਸਰ, ਦੂਜਾ ਪਟਨਾ ਸਾਹਿਬ, ਤੀਜਾ ਆਨੰਦਪੁਰ ਸਾਹਿਬ, ਚੌਥਾ ਅਬਿਚਲ ਨਗਰ ਸਾਹਿਬ) ਅਤੇ ਪੰਜਵੇਂ ਤਖ਼ਤ ਬਾਰੇ ਲਿਖਿਆ ਹੈ ਕਿ ਪੰਜਵਾਂ ਉਹ ਸਥਾਨ ਹੈ ਜਿੱਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਵੇ ਅਤੇ ਝੰਡਾ ਵੀ ਹੋਵੇ ਅਤੇ ਜਿਹੜਾ ਆਦਮੀ ਰੋਟੀ ਵੇਲੇ ਉੱਥੇ ਆ ਜਾਵੇ, ਉਸ ਨੂੰ ਰੋਟੀ ਦਿੱਤੀ ਜਾਵੇ।[71]

ਬੁੱਢਾ ਦਲ ਦੇ ਹੈੱਡਗ੍ਰੰਥੀ ਬਾਬਾ ਮੱਘਰ ਸਿੰਘ ਅਤੇ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਹੈੱਡਗ੍ਰੰਥੀ ਮਹੰਤ ਤ੍ਰਿਲੋਚਨ ਸਿੰਘ ਜੀ ਅਨੁਸਾਰ "ਮੁਗਲਾਂ ਦੇ ਚਾਰ ਤਖ਼ਤ ਸਨ: ਦਿੱਲੀ, ਆਗਰਾ, ਲਾਹੌਰ, ਕਲਾਨੌਰ।

---

67 ਕ੍ਰਿਪਾਲ ਸਿੰਘ ਲਿਖਾਰੀ ਬੁੱਢਾ ਦਲ (ਗਿਆਨੀ), ਸਿੰਘ ਸਾਹਿਬ ਜਥੇਦਾਰ ਬਾਬਾ ਬਿਨੋਦ ਸਿੰਘ ਜੀ ਸੰਸਥਾਪਕ ਤਤ ਖਾਲਸਾ (ਬੁੱਢਾ ਦਲ), ਪੰਨਾ 42.

68 ਸੁਖਦੇਵ ਸਿੰਘ (ਗਿਆਨੀ) (ਕਥਾਵਾਚਕ ਚੰਡੀਗੜ੍ਹ ਵਾਲੇ), ਖਾਲਸਾ ਪੰਥ ਦੇ ਮਾਤਾ ਮਾਤਾ ਸਾਹਿਬ ਕੌਰ ਜੀ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਨਵੰਬਰ 2009, ਪੰਨਾ 95.

69 ਇਹ ਜਾਣਕਾਰੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਹੈਡ ਗ੍ਰੰਥੀ ਬਾਬਾ ਮੱਘਰ ਸਿੰਘ ਅਤੇ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਹੈਡ ਗ੍ਰੰਥੀ ਮਹੰਤ ਤ੍ਰਿਲੋਚਨ ਸਿੰਘ ਜੀ ਪਾਸੋਂ ਬੁੱਢਾ ਦਲ ਦੀ ਛਾਉਣੀ 'ਸ਼ਹੀਦ ਬਾਬਾ ਮਿੱਤ ਸਿੰਘ ਜੀ ਅਤੇ ਛੇ ਹਜ਼ਾਰ ਨਿਹੰਗ ਸਿੰਘਾਂ' ਸ਼ੰਭੂ, ਵਿਖੇ ਮਿਤੀ 19-5-2018 ਨੂੰ ਵੀਡਿਉ ਰਿਕਾਰਡਿੰਗ ਰਾਹੀਂ ਇੰਟਰਵਿਊ ਵਿਚ ਇੱਕਤਰ ਕੀਤੀ ਗਈ।

70 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਤੀਜਾ, ਪੰਨੇ 1028-1029.

71 ਦੇਬੀ ਪ੍ਰਸਾਦ (ਪੰਡਿਤ), ਗੁਲਸ਼ਨ-ਏ-ਪੰਜਾਬ ਅਰਥਾਤ ਤਾਰੀਖ਼-ਇ-ਪੰਜਾਬ, ਡਾ. ਫ਼ੌਜਾ ਸਿੰਘ ਅਤੇ ਹਰਮਿੰਦਰ ਸਿੰਘ ਕੋਹਲੀ (ਅਨੁ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003, ਪੰਨਾ 219.

ਗੁਰੂ ਜੀ ਨੇ ਉਨ੍ਹਾਂ ਤਖ਼ਤ ਦੇ ਬਰਾਬਰ ਚਾਰ ਤਖ਼ਤ ਬਣਾਏ ਅਤੇ ਪੰਜਵਾਂ ਤਖ਼ਤ 'ਪੰਥ' ਨੂੰ ਰਖਿਆ। ਦਮਦਮਾ ਸਾਹਿਬ ਨੂੰ ਗੁਰੂ ਜੀ ਨੇ ਗੁਰੂ ਕੀ ਕਾਸ਼ੀ ਦਾ ਵਰ ਦਿੱਤਾ ਸੀ। ਬੁੱਢਾ ਦਲ ਚਕਰਵਰਤੀ ਵਿਚਰ ਕੇ ਚਾਰ ਸਥਾਈ ਤਖ਼ਤਾਂ ਦੀ ਦੇਖਭਾਲ ਅਤੇ ਪ੍ਰਬੰਧ ਕਰਦਾ ਸੀ।"[72] ਬੁੱਢਾ ਦਲ ਦੇ ਮੁਖਤਿਆਰੇ ਆਮ ਬਾਬਾ ਦਿਆਲ ਸਿੰਘ ਨੇ ਵੀ ਇਹੀ ਵਿਚਾਰ ਦਿੱਤਾ ਹੈ।[73] ਪੰਜਵਾਂ ਤਖ਼ਤ ਚਲਦਾ ਵਹੀਰ ਹੋਣ ਕਾਰਨ ਬੁੱਢਾ ਦਲ ਨੂੰ ਇਹ ਰਵਾਇਤੀ ਅਧਿਕਾਰ ਪ੍ਰਾਪਤ ਸੀ ਕਿ ਉਹ ਬਾਕੀ ਚਾਰ ਤਖ਼ਤਾਂ ਦਾ ਪ੍ਰਬੰਧ ਆਪਣੇ ਅਧੀਨ ਲੈ ਸਕਦਾ ਹੈ।[74]

ਬੁੱਢਾ ਦਲ ਪਹਿਲਾਂ ਤੋਂ ਹੀ ਸ੍ਰੀ ਦਮਦਮਾ ਸਾਹਿਬ ਦੀ ਸੇਵਾ ਕਰਦਾ ਆ ਰਿਹਾ ਸੀ ਇਸੇ ਕਰਕੇ ਬੁੱਢਾ ਦਲ ਆਪਣੇ ਨਾਂ ਨਾਲ 'ਪੰਜਵਾਂ ਤਖ਼ਤ' ਲਗਾਉਂਦਾ ਆ ਰਿਹਾ ਹੈ। ਦਮਦਮਾ ਸਾਹਿਬ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਮਤਾ ਨੰ. 32 ਵਿਚ ਮਿਤੀ 18 ਨਵਬੰਰ ਨੂੰ 1966 ਈ. ਨੂੰ ਪਾਸ ਕਰਕੇ ਇਸ ਅਸਥਾਨ ਨੂੰ ਪੰਜਵਾਂ ਤਖ਼ਤ ਐਲਾਨਿਆ ਹੈ।[75] ਪਿਆਰਾ ਸਿੰਘ ਪਦਮ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਨੂੰ 'ਬੁੱਢਾ ਦਲ ਦੀ ਰਾਜਧਾਨੀ' ਆਖਿਆ ਹੈ।[76]

ਬਾਬਾ ਦੀਪ ਸਿੰਘ ਜੀ 1707 ਈ. ਤੋਂ ਅੰਤਿਮ ਸਮੇਂ ਤੱਕ ਦਮਦਮਾ ਸਾਹਿਬ ਦੀ ਸੇਵਾ ਕਰਦੇ ਰਹੇ। 1963 ਈ. ਵਿਚ ਇਹ ਅਸਥਾਨ ਪੁਜਾਰੀਆਂ ਦੇ ਹੱਥੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਚਲਾ ਗਿਆ।[77] ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਪਹਿਲਾਂ ਇਹ ਗੁਰਦੁਆਰੇ ਨਾ ਹੋਣ ਕਰਕੇ,

---

72 ਇਹ ਜਾਣਕਾਰੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਹੈਡ ਗ੍ਰੰਥੀ ਬਾਬਾ ਮੱਘਰ ਸਿੰਘ ਅਤੇ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਹੈਡ ਗ੍ਰੰਥੀ ਮਹੰਤ ਤ੍ਰਿਲੋਚਨ ਸਿੰਘ ਜੀ ਪਾਸੋਂ ਬੁੱਢਾ ਦਲ ਦੀ ਛਾਉਣੀ 'ਸ਼ਹੀਦ ਬਾਬਾ ਮਿੱਤ ਸਿੰਘ ਜੀ ਅਤੇ ਛੇ ਹਜ਼ਾਰ ਨਿਹੰਗ ਸਿੰਘਾਂ' ਸ਼ੰਭੂ, ਵਿਖੇ ਮਿਤੀ 19-5-2018 ਨੂੰ ਵੀਡਿਉ ਰਿਕਾਰਡਿੰਗ ਰਾਹੀਂ ਇੰਟਰਵਿਊ ਵਿਚ ਇੱਕਤਰ ਕੀਤੀ ਗਈ।

73 ਇਹ ਜਾਣਕਾਰੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 'ਮੁਖਤਿਆਰੇ ਆਮ' ਬਾਬਾ ਦਿਆਲ ਸਿੰਘ ਜੀ ਪਾਸੋਂ, ਸ੍ਰੀ ਨਿਰਮਲ ਪੰਚਾਇਤੀ ਅਖਾੜਾ ਡੇਰਾ ਧਰਮਧੱਜਾ, ਪਟਿਆਲਾ ਵਿਖੇ ਮਿਤੀ 9 ਮਾਰਚ 2019 ਨੂੰ ਵੀਡਿਉ ਰਿਕਾਰਡਿੰਗ ਰਾਹੀਂ ਇੰਟਰਵਿਊ ਵਿਚ ਇੱਕਤਰ ਕੀਤੀ ਗਈ।

74 Nidar Singh Nihang & Parmjit Singh, In the Master's Presence The Sikhs of Hazoor Sahib, Volume 1, Kashi House, London, 2008, p.164.

75 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਤੀਜਾ, ਪੰਨਾ 1086.

76 ਪਿਆਰਾ ਸਿੰਘ ਪਦਮ (ਸੰਪਾ.), ਰਹਿਤਨਾਮੇ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਦਸਵੀਂ ਵਾਰ, ਅਗਸਤ 2015, ਪੰਨਾ ੯.

77 ਸ਼ਮਸ਼ੇਰ ਸਿੰਘ ਅਸ਼ੋਕ, ਇਤਿਹਾਸ ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ, ਬਠਿੰਡਾ, ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਮਿਤੀਹੀਨ, ਪੰਨਾ 10.

ਦਮਦਮਾ ਸਾਹਿਬ ਦਾ ਪ੍ਰਬੰਧ ਬੁੱਢਾ ਦਲ ਹੀ ਕਰਦਾ ਸੀ। ਪੈਪਸੂ ਟੁੱਟਣ 'ਤੇ ਇਹ ਸਾਰੇ ਗੁਰਦੁਆਰੇ 1956ਈ. ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੇਠ ਆਏ ਤਾਂ ਦਮਦਮਾ ਸਾਹਿਬ ਨੂੰ ਪੰਜਵਾਂ ਤਖ਼ਤ ਦੀ ਪ੍ਰਵਾਨਗੀ ਮਿਲੀ ਪਰ ਬੁੱਢਾ ਦਲ ਪਹਿਲਾਂ ਤੋਂ ਹੀ ਸ੍ਰੀ ਦਮਦਮਾ ਸਾਹਿਬ ਨੂੰ ਪੰਜਵਾਂ ਤਖ਼ਤ ਸਵੀਕਾਰ ਕਰਦਾ ਸੀ।[78]

### 3.2.10 ਰਹਿਤ:

ਨਿਹੰਗ ਸਿੰਘ ਰਹਿਤ ਮਰਯਾਦਾ ਦੇ ਪੱਕੇ ਧਾਰਨੀ ਹੁੰਦੇ ਹਨ। ਰਹਿਤ ਮਰਯਾਦਾ ਵਿਚ ਢਿੱਲੇ ਜਾਂ ਆਲਸੀ ਵਿਅਕਤੀ ਨੂੰ ਨਿਹੰਗ ਸਿੰਘ 'ਕੱਚਾ ਪਿੱਲਾ' ਆਖਦੇ ਹਨ। ਨਿਹੰਗ ਸਿੰਘਾਂ ਦੀ ਰਹਿਤ-ਬਹਿਤ ਨੂੰ ਜਾਣਨ ਤੋਂ ਪਹਿਲਾਂ 'ਰਹਿਤ' ਸ਼ਬਦ ਦੇ ਅਰਥ ਜਾਣਨੇ ਜ਼ਰੂਰੀ ਹਨ। ਰਹਿਤ ਤੋਂ ਭਾਵ ਹੈ ਸੰਜਮ ਵਿਚ ਰਹਿਣ ਦੀ ਕ੍ਰਿਆ, ਸਿੱਖੀ ਸਿਧਾਂਤਾਂ ਦੀ ਪਾਬੰਦੀ, ਖ਼ਾਲਸਾ ਪੰਥ ਦੇ ਨਿਯਮਾਂ ਅਨੁਸਾਰ ਰਹਿਣ ਦੀ ਕ੍ਰਿਆ।[79] ਭਾਈ ਕਾਨ੍ਹ ਸਿੰਘ ਨਾਭਾ ਨੇ ਸਿੱਖ ਨਿਯਮਾਂ ਦੀ ਪਾਬੰਦੀ, ਸਿੱਖ ਧਰਮ ਦੇ ਨਿਯਮ ਅਨੁਸਾਰ ਰਹਿਣ ਦੀ ਕ੍ਰਿਯਾ ਨੂੰ ਰਹਿਤ ਆਖਿਆ ਹੈ।[80] ਮਰਯਾਦਾ ਤੋਂ ਭਾਵ ਹੈ ਸਮਾਜ ਅਥਵਾ ਰਾਜ ਵੱਲੋਂ ਥਾਪਿਆ ਗਿਆ ਨਿਯਮ।[81] ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਮਰਯਾਦਾ' ਸ਼ਬਦ ਦੋ ਵੱਖ-ਵੱਖ ਰੂਪਾਂ (ਮਰਜਾਦੁ ਅਤੇ ਮਰਜਾਦ) ਵਿਚ ਲਿਖਿਆ ਮਿਲਦਾ ਹੈ:

ਨਾ ਮਰਜਾਦੁ ਆਇਆ ਕਲਿ ਭੀਤਰਿ ਬਾਹੁੜਿ ਜਾਸੀ ਨਾਗਾ॥[82]

ਨਾ ਮਰਜਾਦੁ ਆਇਆ ਕਲਿ ਭੀਤਰਿ ਨਾਂਗੋ ਬੰਧਿ ਚਲਾਇਆ॥[83]

ਸਭ ਤੇ ਊਚ ਊਚ ਤੇ ਊਚੋ ਅੰਤੁ ਨਹੀ ਮਰਜਾਦ॥[84]

---

78 ਕ੍ਰਿਪਾਲ ਸਿੰਘ ਵੜੈਚ, ਗਿਆਨੀ, ਦੋ ਗੁਰਸਿੱਖ ਨਿਰਮੋਲਕ ਹੀਰੇ, ਪੰਨਾ 77.

79 ਸੰਤਾ ਸਿੰਘ ਤਾਤਲੇ, ਖ਼ਾਲਸਈ ਵਚਿੱਤਰਤਾ, (ਪ੍ਰਕਾ.) ਲੇਖਕ ਆਪ, ਸਾਲਟਨ ਰੋਡ, ਕੈਨੇਡਾ, ਜੂਨ 1998, ਪੰਨਾ 85.

80 ਕਾਨ੍ਹ ਸਿੰਘ ਨਾਭਾ (ਭਾਈ), ਗੁਰੁ ਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 1015.

81 ਉਹੀ, ਪੰਨਾ 953.

82 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੪.

83 ਉਹੀ, ਪੰਨਾ ੫੯੨.

84 ਉਹੀ, ਪੰਨਾ ੧੨੧੯.

ਪਿਆਰਾ ਸਿੰਘ ਪਦਮ ਅਨੁਸਾਰ, ਸਿੱਖ ਤੋਂ ਸਿੰਘ ਹੋਣ ਦਾ ਪ੍ਰਵੇਸ਼ ਦੁਆਰ ਅੰਮ੍ਰਿਤਪਾਨ ਹੈ ਤੇ ਇਸ ਉਚੇਰੇ ਮੰਡਲ ਦਾ ਇਕ ਖਾਸ ਵਿਧਾਨ ਹੈ, ਜਿਸਨੂੰ 'ਰਹਿਤ' ਆਖਿਆ ਜਾਂਦਾ ਹੈ।[85] ਸੌ ਸਾਖੀ ਵਿਚ ਅੰਕਿਤ ਹੈ ਕਿ ਗੁਰੂ ਸਾਹਿਬ ਨੂੰ ਸਿੱਖ ਨਾਲੋਂ ਰਹਿਤ ਵੱਧ ਪਿਆਰੀ ਹੈ:

ਭੇਖ ਪਿਆਰਾ ਨਾਹਿ ਮਮ ਵਰਨੁ ਪਿਆਰਾ ਨਾਹਿ।

ਰਹਿਤ ਪਿਆਰੀ ਮੋਹ ਕੋ ਸਿਦਕ ਪਿਆਰਾ ਆਹੁ।[86]

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਕਾਸ਼ਿਤ ਰਹਿਤ ਮਰਯਾਦਾ ਸੰਬੰਧੀ ਕਿਤਾਬਚੇ ਵਿਚ ਦੋ ਤਰ੍ਹਾਂ ਦੀ ਰਹਿਤ ਦਾ ਜ਼ਿਕਰ ਹੈ: ਪੰਥਕ ਰਹਿਣੀ ਅਤੇ ਸ਼ਖਸੀ ਰਹਿਣੀ। ਪ੍ਰੋ. ਪਿਆਰਾ ਸਿੰਘ ਪਦਮ ਨੇ ਅੰਦਰਲੀ ਅਤੇ ਬਾਹਰਲੀ ਰਹਿਤ ਦਾ ਜ਼ਿਕਰ ਕੀਤਾ ਹੈ। ਅੰਦਰਲੀ ਰਹਿਤ ਜੋ ਧਾਰਮਿਕ ਜੀਵਨ ਦਾ ਆਧਾਰ ਹੈ ਅਤੇ ਬਾਹਰਲੀ ਰਹਿਤ ਪੰਜ ਕਕਾਰਾਂ ਦੇ ਰੂਪ ਵਿਚ ਖਾਲਸਾ ਜਥੇਬੰਦੀ ਲਈ ਜ਼ਰੂਰੀ ਹੈ।[87] ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਅਨੁਸਾਰ ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਰਹਿਤ ਦਾ ਦਾਨ ਦਿੱਤਾ:

ਰਹਿਤ ਬਬੇਕ ਪਿਆਰ ਮੁਹਬਤ ਖੁਲਕ ਸਿਖਾ ਨੂੰ ਸਿਖੀ ਦਾਨ ਦਿਤੀ।

ਦਸਵੇ ਪਾਤਸਾਹ ਜਬ ਜਗ ਤੇ ਸਵਾਰੀ ਕੀਤੀ।[88]

ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਸਿੱਖੀ ਦੇ ਅਸੂਲਾਂ ਨੂੰ ਆਮ ਮਨੁੱਖਾਂ ਲਈ ਰਹਿਤ ਦੀ ਸ਼ਕਲ ਵਿਚ ਬੱਧਾ ਤਾਂ ਉਹ ਕਈਆਂ ਨੂੰ ਦਾਇਰੇ ਦੀ ਤੰਗੀ ਭਾਸਣ ਲਗ ਪਈ, ਜੋ ਕਿ ਨਿਰੀ ਭੁੱਲ ਹੈ।[89] ਰਹਿਤ ਮਰਯਾਦਾ ਜਿੱਥੇ ਅੰਦਰੂਨੀ ਪੱਖ ਤੋਂ ਸਾਨੂੰ ਸੰਤ ਬਿਰਤੀ ਦੀ ਭਾਵਨਾ ਬਖਸ਼ਦੀ ਹੈ, ਉੱਥੇ ਬਾਹਰਲੇ ਰੂਪ ਤੋਂ ਇਕ

---

85 ਪਿਆਰਾ ਸਿੰਘ ਪਦਮ (ਪ੍ਰੋ.), ਪੰਥ ਤੇ ਪੰਥ ਦਾ ਵਾਲੀ, ਕਲਗੀਧਰ ਕਲਮ ਫਾਉਂਡੇਸ਼ਨ, ਕਲਮ ਮੰਦਿਰ, ਪਟਿਆਲਾ, 1999, ਪੰਨਾ 52.

86 ਸੌ ਸਾਖੀ ਖਰੜਾ, (ਗੰਡਾ ਸਿੰਘ ਕੁਲੈਕਸ਼ਨ, ਡਾ. ਗੰਡਾ ਸਿੰਘ ਰੈਫਰੈਂਸ ਲਾਇਬ੍ਰੇਰੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ), ਫਾਈਲ ਨੰ. 214, ਪੰਨਾ 77.

87 ਪਿਆਰਾ ਸਿੰਘ ਪਦਮ (ਸੰਪਾ.), ਰਹਿਤਨਾਮੇ, ਪੰਨੇ 12-27.

88 ਕੇਸਰ ਸਿੰਘ ਛਿੱਬਰ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਤੇਰਵਾਂ ਚਰਨ, ਡਾ. ਰਾਇਜਸਬੀਰ ਸਿੰਘ (ਸੰਪਾ.), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2001, ਪੰਨਾ 153.

89 ਜੋਧ ਸਿੰਘ (ਭਾਈ), ਗੁਰਮਤਿ ਨਿਰਣਯ, ਭਾਸ਼ਾ ਵਿਭਾਗ, ਪੰਜਾਬ, ਦੂਜੀ ਵਾਰ, 1990, ਪੰਨਾ 264.

ਸਿਪਾਹੀ, ਚੜ੍ਹਦੀ ਕਲਾ ਵਾਲਾ ਸਾਹਸ ਪ੍ਰਦਾਨ ਕਰਦੀ ਹੈ। ਆਜ਼ਾਦੀ ਲਈ ਆਪਣੇ ਬੁਨਿਆਦੀ ਹੱਕਾਂ ਲਈ ਕੁਰਬਾਨੀ ਦਾ ਜਜ਼ਬਾ ਪੈਦਾ ਕਰਦੀ ਹੈ। ਕਾਜ਼ੀ ਨੂਰ ਮੁਹੰਮਦ ਨੇ ਸਿੰਘਾਂ ਦੇ ਆਚਰਣ ਬਾਰੇ ਲਿਖਿਆ ਹੈ ਕਿ ਇਕ ਵਾਰੀ ਸਿੱਖਾਂ ਨੇ ਮੁਗਲਾਂ ਦੇ ਕੈਂਪ 'ਤੇ ਹਮਲਾ ਕੀਤਾ। ਜਦ ਪਤਾ ਲੱਗਾ ਕਿ ਇਹ ਕੈਂਪ ਮੁਗਲਾਂ ਦਾ ਨਹੀਂ ਬਲਕਿ ਉਨ੍ਹਾਂ ਦੀਆਂ ਬੇਗਮਾਂ ਦਾ ਹੈ ਤਾਂ ਸਿੱਖਾਂ ਨੇ ਉਸੇ ਵੇਲੇ ਆਪਣੇ ਘੋੜੇ ਵਾਪਿਸ ਮੋੜ ਲਏ ਅਤੇ ਤੇਗਾਂ ਮਿਆਨਾਂ ਵਿਚ ਪਾ ਲਈਆਂ।[90]

ਬੁੱਢਾ ਦਲ ਦੀ ਮਰਯਾਦਾ ਵਿਚ ਇਹ ਰਹਿਤ ਮੁੱਢਲੇ ਤੌਰ 'ਤੇ ਅਮਲ ਵਿਚ ਲਿਆਂਦੀ ਜਾਂਦੀ ਹੈ ਜਿਸਦੇ ਕੁਝ ਕੁ ਅੰਸ਼ ਇਸ ਤਰ੍ਹਾਂ ਹਨ: ਸਵੇਰੇ ਤਿੰਨ ਵਜੇ ਉੱਠ ਕੇ ਸਰੀਰਕ ਕ੍ਰਿਆ ਸੋਧਣੀ। ਨੰਗੇ ਮੌਢੇ ਕਛਹਿਰਾ ਨਹੀਂ ਬਦਲਣਾ। ਇਸ਼ਨਾਨ ਕਰਨ ਜਾਂਦੇ ਸਮੇਂ ਕਛਹਿਰਾ ਮੌਢਿਆਂ 'ਤੇ ਨਹੀਂ ਰਖਣਾ। ਕਛਹਿਰਾ ਲੱਕ ਦੁਆਲੇ ਜਾਂ ਝੋਲੇ ਵਿਚ ਪਾ ਕੇ ਰਖ ਸਕਦੇ ਹਾਂ। ਜੰਗਲ ਮੈਦਾਨ ਜਿਨ੍ਹਾਂ ਬਸਤਰਾਂ ਨਾਲ ਗਏ ਹੋਈਏ ਉਹ ਗੁਰੂ ਘਰ ਦੀ ਸੇਵਾ ਕਰਨ ਸਮੇਂ ਨਹੀਂ ਪਹਿਨਣੇ। ਕਛਹਿਰਾ ਪੰਜ ਗਜ ਨਹੀਂ ਤਾਂ ਢਾਈ ਗਜ ਦਾ ਹੋਵੇ। ਰੰਗ ਸਫੈਦ ਅਤੇ ਇਕ ਪੈਰ ਪਾ ਕੇ ਫੇਰ ਦੂਜੇ ਚੋਂ ਲਾਹੁਣਾ ਚਾਹੀਦਾ ਹੈ। ਤੇੜ ਪਜਾਮਾ ਨਹੀਂ ਪਾਉਣਾ, ਚੋਲਾ ਗੋਡਿਆਂ ਤੋਂ ਥੱਲੇ ਤੱਕ ਕਲੀਆਂ ਵਾਲਾ, ਕਮਰਕੱਸਾ, ਗਲ ਵਿਚ ਹਜ਼ੂਰੀਆ ਚਿਹਰਾ ਸਜਾਉਣ ਲਈ। ਕੇਸਾਂ ਦੀ ਸਫਾਈ ਲਈ ਕੰਘਾ ਅਤੇ ਨਾਲ ਪੰਜ ਛੋਟੇ ਸ਼ਸਤਰ ਰਖਣੇ ਜ਼ਰੂਰੀ ਹਨ (ਖੰਡਾ, ਕ੍ਰਿਪਾਨ, ਤੀਰ, ਬਾਘ, ਚਕ੍ਰ) ਨੀਲੀ ਦਸਤਾਰ ਦੀ ਕੇਸਕੀ ਜੋ ਹਰ ਵਕਤ ਕੇਸਾਂ ਨਾਲ ਰਖਣੀ ਹੈ। ਇਸਦੀ ਲੰਬਾਈ ਦੀ ਖਾਸ ਪਾਬੰਦੀ ਨਹੀਂ, ਘੱਟੋ-ਘੱਟ ਢਾਈ ਗਜ ਹੋਣੀ ਜਰੂਰੀ ਹੈ। ਕਲਫ ਨਹੀਂ ਵਰਤਣੀ। ਕੁੱਠਾ ਮੁਸਲਮਾਨੀ ਤਰੀਕੇ ਨਾਲ ਬਣਿਆ ਮਾਸ ਨਹੀਂ ਵਰਤਣਾ। ਆਪਣੇ ਹੱਥੀਂ ਝਟਕਾ ਕੇ ਛਕਣਾ ਹੈ। ਇਹ ਜ਼ਰੂਰੀ ਪਾਬੰਦੀ ਨਹੀਂ ਜੇ ਕੋਈ ਨਾ ਛਕਣਾ ਚਾਹੇ ਤਾਂ ਉਸਦੀ ਮਰਜ਼ੀ। ਜਗਤ ਜੂਠ ਬਿਖਿਆ ਤੰਬਾਕੂ ਦੀ ਕਿਸੇ ਵੀ ਢੰਗ ਨਾਲ ਵਰਤੋਂ ਨਹੀਂ ਕਰਨੀ।[91] ਸਵਾ ਪਹਿਰ ਅੰਮ੍ਰਿਤ ਵੇਲੇ ਉਠਣਾ। ਕੇਸ ਨੰਗੇ ਨਹੀਂ ਰਖਣੇ ਅਤੇ ਨੰਗੇ ਕੇਸੀਂ ਕੁਝ ਨਹੀਂ ਛਕਣਾ ਨਾ ਕੋਈ ਕੰਮ ਕਰਨਾ, ਦੋਨੋਂ ਸਮੇਂ ਕੰਘਾ ਕਰਕੇ ਦੁਮਾਲਾ ਸਜਾਉਣਾ। ਦੁਮਾਲਾ ਟੋਪੀ ਵਾਂਗ ਨਹੀਂ

---

[90] ਬਲਬੀਰ ਸਿੰਘ ਭਾਈ, ਹਜੂਰੀ ਸੇਵਕ, ਨਿਹੰਗ ਸਿੰਘ ਸੰਦੇਸ਼, ਅੰਕ 1, ਸਾਲ 27, ਬਗੀਚੀ ਬਾਬਾ ਬੰਬਾ ਸਿੰਘ ਜੀ, ਲੋਇਰ ਮਾਲ ਰੋਡ, ਪਟਿਆਲਾ, ਜਨਵਰੀ 1996, ਪੰਨਾ 27.

[91] ਦਿਆਲ ਸਿੰਘ ਲਿਖਾਰੀ, ਮੁਖਤਿਆਰੇ ਆਮ (ਮੁਖ ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 5, ਸਾਲ 4, ਬਗੀਚੀ ਬਾਬਾ ਬੰਬਾ ਸਿੰਘ ਜੀ, ਲੋਇਰ ਮਾਲ ਰੋਡ, ਪਟਿਆਲਾ, ਅਪ੍ਰੈਲ 1976, ਪੰਨਾ 13.

ਉਤਾਰਨਾ, ਸਗੋਂ ਇਕ-ਇਕ ਪੇਚ ਕਰ ਕੇ ਉਤਾਰਨਾ ਹੈ।[92] ਬੁੱਢਾ ਦਲ ਦੇ ਗੁਟਕਾ ਸਾਹਿਬ ਅਤੇ ਲਾਇਸੰਸ ਵਿਚ ਵੀ ਨਿਹੰਗ ਸਿੰਘਾਂ ਦੀ ਰਹਿਤ-ਮਰਯਾਦਾ ਲਿਖਤੀ ਰੂਪ ਵਿਚ ਦਰਜ ਹੈ।

**ਤਨਖਾਹ ਲਗਾਉਣੀ:**

ਕਿਸੇ ਸਿੰਘ ਦੀ ਗਲਤੀ ਜਾਂ ਭੁੱਲ ਦੀ ਸਜ਼ਾ ਨੂੰ ਤਨਖਾਹ ਲਗਾਉਣੀ ਕਿਹਾ ਜਾਂਦਾ ਹੈ। ਨਿਹੰਗ ਸਿੰਘਾਂ ਵਿਚ ਜੇ ਕੋਈ ਬੱਜਰ ਕੁਰਹਿਤ ਕਰਦਾ ਹੈ ਤਾਂ ਉਸ ਨੂੰ ਦੁਬਾਰਾ ਅੰਮ੍ਰਿਤ ਛਕਾ ਕੇ ਜੋੜ ਲਿਆ ਜਾਂਦਾ ਹੈ ਅਤੇ ਗੁਰਬਾਣੀ ਦਾ ਪਾਠ ਕਰਨ, ਘੋੜਿਆਂ ਦੀ ਸੇਵਾ ਕਰਨ ਜਾਂ ਲੰਗਰਾਂ ਦੀ ਸੇਵਾ ਕਰਨ ਦੀ ਤਨਖਾਹ ਲਗਾਈ ਜਾਂਦੀ ਹੈ। ਜੇਕਰ ਕੋਈ ਦੁਬਾਰਾ ਵੱਡੀ ਗਲਤੀ ਕਰਦਾ ਹੈ ਤਾਂ ਉਸਨੂੰ ਦਲ ਵਿਚੋਂ ਬਾਹਰ ਕੱਢ ਦਿੱਤਾ ਜਾਂਦਾ ਹੈ।

**ਅੰਮ੍ਰਿਤ ਛਕਾਉਣ ਸੰਬੰਧੀ:**

ਅਜੋਕੇ ਸਮੇਂ ਨਿਹੰਗ ਸਿੰਘ ਜਥੇਬੰਦੀ ਵਿਚ ਅੰਮ੍ਰਿਤ ਛਕਾਉਣ ਦੀ ਮਰਯਾਦਾ ਉਹੀ ਹੈ ਜੋ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਪ੍ਰਵਾਨਿਤ ਕੀਤੀ ਗਈ ਹੈ। ਬੁੱਢਾ ਦਲ ਦੀ ਪੁਰਾਤਨ ਮਰਯਾਦਾ ਸੀ ਕਿ ਅੰਮ੍ਰਿਤ ਅਭਿਲਾਖੀ ਨੂੰ ਪਹਿਲਾਂ ਦਸ-ਬਾਰ੍ਹਾਂ ਸਾਲ ਸੇਵਾ 'ਤੇ ਲਗਾਉਂਦੇ ਸਨ, ਲੰਗਰ ਵਿਚ ਸਰਬ ਲੋਹ ਦੇ ਬਰਤਨ ਮਾਂਜਣ, ਚੁੱਲ੍ਹਿਆਂ ਲਈ ਬਾਲਣ ਲਿਆਉਣਾ, ਘੋੜਿਆਂ ਲਈ ਘਾਹ-ਪੱਠਾ ਵੱਢ ਕੇ ਲਿਆਉਣਾ, ਘੋੜਿਆਂ ਨੂੰ ਖਰਖਰਾ ਕਰਨਾ, ਲਿੱਦ ਚੁਕਣੀ ਅਤੇ ਹੋਰ ਕਈ ਤਰ੍ਹਾਂ ਦੀ ਸੇਵਾ 'ਤੇ ਲਾਇਆ ਜਾਂਦਾ ਸੀ। ਇਸ ਘਾਲਣਾ ਤੋਂ ਬਾਅਦ ਹੀ ਅੰਮ੍ਰਿਤ ਦੀ ਦਾਤ ਦਿੱਤੀ ਜਾਂਦੀ ਸੀ। ਪਹਿਲਾਂ ਕਛਹਿਰਾ, ਦਸਤਾਰ ਅਤੇ ਕੋਰੀ ਖੱਦਰ ਦੀ ਚਾਦਰ ਹੀ ਮਿਲਦੀ। ਜਦੋਂ ਸੇਵਾ ਸਿਮਰਨ ਕਰਕੇ ਮਨ ਪਰਪੱਕ ਹੋ ਜਾਂਦਾ ਸੀ ਤਾਂ ਇਹ ਅਮੋਲਕ ਦਾਤ ਮਿਲਦੀ ਸੀ।[93] ਪਹਿਲਾਂ ਪਹਿਲ ਇਹ ਮਰਯਾਦਾ ਸੀ ਕਿ ਨਿਹੰਗ ਸਿੰਘਾਂ ਦੇ ਡੇਰਿਆਂ ਜਾਂ ਛਾਉਣੀਆਂ ਦੇ ਜਥੇਦਾਰ ਅੰਮ੍ਰਿਤ ਨਹੀਂ ਛਕਾ ਸਕਦੇ ਸੀ। ਜਦੋਂ ਬੁੱਢਾ ਦਲ ਚਕਰਵਰਤੀ ਵਿਚਰਦਾ ਹੋਇਆ ਕਿਧਰੇ ਪੜਾਅ ਕਰਦਾ ਜਾਂ ਗੁਰਪੁਰਬ ਮੌਕੇ 'ਤੇ ਬੁੱਢੇ ਦਲ ਦੇ ਜਥੇਦਾਰ ਵਲੋਂ ਹੀ ਪੰਜ ਪਿਆਰਿਆਂ ਵਿਚ ਸ਼ਾਮਿਲ ਹੋ ਕੇ ਅੰਮ੍ਰਿਤ

---

[92] ਦਿਲਜੀਤ ਸਿੰਘ ਬੇਦੀ (ਸੰਪਾ.), ਵਿਰਾਸਤ ਖ਼ਾਲਸਾ ਪੰਥ ਬੁੱਢਾ ਦਲ ਪੰਜਵਾਂ ਤਖ਼ਤ, (ਪ੍ਰਕਾ.) ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ, ਪੰਜਵਾਂ ਤਖ਼ਤ ਚਲਦਾ ਵਹੀਰ ਚੱਕ੍ਰਵਰਤੀ ਨਿਹੰਗ ਸਿੰਘਾਂ ਪੰਜਾਬ ਭਾਰਤ (ਵਿਸ਼ਵ), ਦਸੰਬਰ 2019, ਪੰਨੇ 106-111.

[93] ਕ੍ਰਿਪਾਲ ਸਿੰਘ ਵੜੈਚ (ਗਿਆਨੀ), ਦੋ ਗੁਰਸਿੱਖ ਨਿਰਮੋਲਕ ਹੀਰੇ, ਪੰਨਾ 52.

ਛਕਾਇਆ ਜਾਂਦਾ ਸੀ।[94] ਨਿਹੰਗ ਸਿੰਘ ਅੰਮ੍ਰਿਤ ਤਿਆਰ ਕਰਦਿਆਂ, ਛਕਾਉਣ ਲੱਗਿਆਂ ਪੰਜ ਬਾਣੀਆਂ ਤੋਂ ਇਲਾਵਾ ਚੰਡੀ ਦੀ ਵਾਰ ਦਾ ਪਾਠ ਵੀ ਕਰਦੇ ਸਨ।[95] ਬੁੱਢਾ ਦਲ ਵਲੋਂ ਅੰਮ੍ਰਿਤ ਛਕਣ ਵਾਲਿਆਂ ਅਭਿਲਾਖੀਆਂ ਨੂੰ ਜਥੇਦਾਰ ਵਲੋਂ ਹਦਾਇਤ ਕੀਤੀ ਜਾਂਦੀ ਹੈ ਕਿ ਨਿੱਤਨੇਮ ਵਿਚ ਚੰਡੀ ਦੀ ਵਾਰ ਅਤੇ ਅਕਾਲ ਉਸਤਤ ਦਾ ਪਾਠ ਵੀ ਕਰਨ।[96] ਮੌਜੂਦਾ ਸਮੇਂ ਵਿਚ ਗੁਰਪੁਰਬਾਂ ਜਾਂ ਜੋੜ ਮੇਲਿਆਂ ਦੇ ਸਮੇਂ ਛਾਉਣੀਆਂ ਵਿਚ ਅੰਮ੍ਰਿਤ ਤਿਆਰ ਕਰ ਕੇ ਛਕਾਇਆ ਜਾਂਦਾ ਹੈ।

### 3.2.11 **ਖੱਬੇ ਹੱਥ ਦੀ ਪਰਕਰਮਾ**:

ਪਰਕਰਮਾ ਦਾ ਭਾਵ ਹੈ: ਚਾਰੇ ਪਾਸੇ ਫਿਰਨ ਦੀ ਕ੍ਰਿਯਾ, ਕਿਸੇ ਪੂਜਯ ਦੇਵਤਾ ਦੇ ਚੁਫੇਰੇ ਚੱਕਰ ਦੇਣਾ, ਮੰਦਿਰ ਦੇ ਚਾਰੇ ਪਾਸੇ ਪਰਕਰਮਾ ਲਈ ਬਣਿਆ ਮਾਰਗ।[97] ਆਮ ਤੌਰ 'ਤੇ ਇਹ ਕਹਿ ਦਿੱਤਾ ਜਾਂਦਾ ਹੈ ਕਿ ਨਿਹੰਗ ਸਿੰਘ ਪੁੱਠੀ ਪਰਕਰਮਾ ਕਰਦੇ ਹਨ। ਨਿਹੰਗ ਸਿੰਘ ਸ਼ਸਤਰ (ਸ੍ਰੀ ਸਾਹਿਬ) ਅਤੇ ਸ਼ਾਸਤਰ (ਸ੍ਰੀ ਗੁਰੂ ਗ੍ਰੰਥ ਸਾਹਿਬ) ਦੋਹਾਂ ਨੂੰ ਇਕ ਦਿਸ਼ਾ ਵਲ ਰਖ ਕੇ ਪਰਕਰਮਾ ਕਰਦੇ ਹਨ ਭਾਵ ਕਿ ਗਾਤਰੇ ਪਾਈ ਸ੍ਰੀ ਸਾਹਿਬ ਜੋ ਖੱਬੇ ਹੱਥ ਪਾਈ ਜਾਂਦੀ ਹੈ, ਖੱਬੇ ਹੱਥ ਹੀ ਗੁਰੂ ਸਾਹਿਬ (ਸ੍ਰੀ ਗੁਰੂ ਗ੍ਰੰਥ ਸਾਹਿਬ) ਜੀ ਦੇ ਸਰੂਪ ਦੀ ਪਰਕਰਮਾ ਕੀਤੀ ਜਾਂਦੀ ਹੈ। ਖਾਲਸਾ ਰਾਜ ਜੋਗ ਦਾ ਧਾਰਨੀ ਹੈ ਭਾਵ ਇਕੋ ਸਮੇਂ ਸੰਤ ਵੀ ਹੈ ਅਤੇ ਸਿਪਾਹੀ ਵੀ। ਖਾਲਸਾ ਰਾਜ ਜੋਗ ਦਾ ਧਾਰਨੀ ਹੋਣ ਕਰਕੇ 'ਰਾਜ' ਸਰੂਪ ਸ਼ਸਤਰ ਦੀ ਵੀ ਪਰਕਰਮਾ ਇਕੋ ਸਮੇਂ ਹੀ ਕਰਦਾ ਹੈ।[98] Encyclopaedia of Sikh Religion and Culture ਅਨੁਸਾਰ, "The philosphy of the Nihangs is that of Raja Yogi, one who is a fakir (holyman) and yet involved in the affairs of the world."[99]

---

94 ਉਹੀ.

95 Kirpal Singh & Kharak Singh (Ed.), History of The Sikhs & Their Religion, Vol. I, Shiromani Gurdwara Prabandhak Committee, Sri Amritsar, Feb 2004, p. 404.

96 ibid, p. 404.

97 ਕਾਨ੍ਹ ਸਿੰਘ ਨਾਭਾ (ਭਾਈ), ਗੁਰੁ ਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 752.

98 ਕ੍ਰਿਪਾਲ ਸਿੰਘ ਵੜੈਚ (ਗਿਆਨੀ), ਦੋ ਗੁਰਸਿੱਖ ਨਿਰਮੋਲਕ ਹੀਰੇ, ਪੰਨੇ 218-219 (ਫੁਟਨੋਟ)

99 Ramesh Chander Dogra & Gobind Singh Mansukhani (Dr.), Encyclopaedia of Sikh Religion and Culture, Vikas Publishing house pvt.Ltd, 1995, p. 343-344.

### 3.2.12 ਨੀਲਾ ਬਾਣਾ:

ਡਾ. ਸਰਬਜਿੰਦਰ ਸਿੰਘ ਲਿਖਦੇ ਹਨ ਕਿ ਕਿਸੇ ਵੀ ਧਰਮ ਦੀ ਵੱਖਰੀ ਹੋਂਦ ਲਈ ਇਹ ਪੰਜ ਮੂਲ ਗੁਣਾਂ ਦਾ ਹੋਣਾ ਜ਼ਰੂਰੀ ਹੁੰਦਾ ਹੈ: ਪੈਗੰਬਰ, ਲਿਪੀ, ਸਭਿਆਚਾਰ, ਧਰਮ ਗ੍ਰੰਥ ਅਤੇ ਸਰੂਪ।[100] ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਨਿਆਰਾ ਸਰੂਪ ਦਿੱਤਾ ਹੈ। ਇਹ ਸਰੂਪ ਖਾਲਸੇ ਦੀ ਪੰਜ ਕਕਾਰੀ ਵਰਦੀ ਹੈ। ਨਿਹੰਗ ਸਿੰਘਾਂ ਨੇ ਗੁਰੂ ਸਾਹਿਬ ਵਲੋਂ ਬਖਸ਼ੇ ਬਾਣੀ-ਬਾਣੇ (ਸਰੂਪ) ਨੂੰ ਜਿਉਂ ਦਾ ਤਿਉਂ ਸੰਭਾਲ ਕੇ ਰਖਿਆ ਹੈ।

ਭਾਈ ਜੋਧ ਸਿੰਘ ਅਨੁਸਾਰ ਇਕ ਰੂਪ ਹੋਣਾ ਜਥੇਬੰਦੀ ਵਿਚ ਵੀ ਸਹਾਇਤਾ ਕਰਦਾ ਹੈ, ਇਸੇ ਲਈ ਪੁਲਿਸ, ਫੌਜ ਆਦਿ ਦੀ ਵਰਦੀ ਇਕੋ ਜਿਹੀ ਹੁੰਦੀ ਹੈ।[101] ਅਰਬ ਵਿਚ ਆਸਾ, ਅਸਤਾਵਾਂ, ਮੁੱਸਲਾ, ਕਿਤਾਬ, ਪੈਰਾਨ, ਨੀਲਾ ਰੰਗ, ਕਾਖੀਲ ਰੰਗ, ਸੇਲੀ ਏਹ ਫਕੀਰੀ ਬਾਣਾ ਪ੍ਰਚਲਿਤ ਸੀ।[102] ਖੁਸ਼ਵਕਤ ਰਾਇ ਆਪਣੀ ਫ਼ਾਰਸੀ ਕਿਰਤ 'ਤ੍ਵਾਰੀਖੇ ਸਿਖਾਂ' ਵਿਚ ਨੀਲੇ ਰੰਗ ਬਾਰੇ ਲਿਖਦਾ ਹੈ:

'ਵ ਲਿਬਾਸ ਨੀਲਗੂੰ ਅਖਤਯਾਰ ਕਰਦ ਜ਼ੇਵਰ ਆਹਨੀ ਗੁਜ਼ੀਦ'[103]

ਮੁਸਲਮਾਨਾਂ ਵਿਚ ਗਾਜ਼ੀ ਲੋਕ ਨੀਲਾ ਰੰਗ ਪਾਉਂਦੇ ਸਨ। ਗੁਰੂ ਕੀਆਂ ਸਾਖੀਆਂ ਵਿਚ ਇਹ ਸਪਸ਼ਟ ਹੁੰਦਾ ਹੈ ਕਿ ਚਮਕੌਰ ਦੇ ਯੁੱਧ ਵਿਚ ਤੁਰਕਾਂ ਦੀ ਸੈਨਾ ਦੇ ਕੱਪੜੇ ਨੀਲੇ ਰੰਗ ਦੇ ਸੀ। ਸ੍ਵਰੂਪ ਸਿੰਘ ਕੋਸ਼ਿਸ਼ ਨੇ ਗੁਰੂ ਕੀਆਂ ਸਾਖੀਆਂ ਵਿਚ ਇਸ ਪ੍ਰਕਾਰ ਲਿਖਿਆ ਹੈ: "ਫੌਜ ਗੜ੍ਹੀ ਸੇ ਪੀਛੇ ਹਟ ਚੁੱਕੀ ਸੀ, ਤੁਰਕ ਫੌਜ ਕਾ ਬਾਣਾ ਨੀਲਾ ਥਾ।"[104] ਅਹਿਮਦ ਸ਼ਾਹ ਅਬਦਾਲੀ ਦੇ ਸਮੇਂ ਜਲੰਧਰ ਦੇ ਸੂਬੇਦਾਰ ਨਾਸਰ ਅਲੀ ਨੇ ਗੁ: ਥੰਮ ਸਾਹਿਬ ਸਾੜ ਦਿੱਤਾ ਸੀ। ਅਦੀਨਾ ਬੇਗ ਅਤੇ ਸੋਢੀ ਵਡਭਾਗ ਸਿੰਘ ਨੇ ਨਾਸਰ ਅਲੀ ਉੱਤੇ ਹਮਲਾ ਕਰਨ ਲਈ ਸਾਂਝਾ ਮਤਾ ਬਣਾਇਆ। ਅਦੀਨਾ ਬੇਗ ਦੀ ਸੈਨਾ ਦੀ ਵਰਦੀ ਨੀਲੇ ਰੰਗ ਦੀ ਸੀ ਅਤੇ ਦੂਜੇ ਪਾਸੇ ਨਾਸਰ ਅਲੀ ਦੇ ਸਿਪਾਹੀਆਂ ਦੀ ਵਰਦੀ ਵੀ ਨੀਲੇ ਰੰਗ ਦੀ ਸੀ। ਉਸ ਸਮੇਂ ਖਾਲਸਾ ਜਥੇਦਾਰਾਂ ਨੇ ਆਪਣੇ

---

100 ਸਰਬਜਿੰਦਰ ਸਿੰਘ (ਡਾ.), ਧੁਰ ਕੀ ਬਾਣੀ ਸੰਪਾਦਨ ਜੁਗਤ, ਸਿੱਖ ਫਾਊਂਡੇਸ਼ਨ, ਨਵੀਂ ਦਿੱਲੀ, ਮਿਤੀਹੀਨ, ਪੰਨਾ 17.

101 ਜੋਧ ਸਿੰਘ (ਭਾਈ), ਗੁਰਮਤਿ ਨਿਰਣਯ, ਪੰਨਾ 255.

102 ਗਿਆਨ ਸਿੰਘ (ਗਿਆਨੀ), ਤਵਾਰੀਖ ਗੁਰੂ ਖਾਲਸਾ, ਭਾਗ ਪਹਿਲਾ, ਭਾਸ਼ਾ ਵਿਭਾਗ, ਪੰਜਾਬ, ਪੰਜਵੀਂ ਵਾਰ, 2011, ਪੰਨਾ 241.

103 ਉਧਰਿਤ, ਪਿਆਰਾ ਸਿੰਘ ਪਦਮ (ਪ੍ਰੋ.), ਪੰਥ ਤੇ ਪੰਥ ਦਾ ਵਾਲੀ, ਪੰਨਾ 56.

104 ਸ੍ਵਰੂਪ ਸਿੰਘ ਕੋਸ਼ਿਸ਼, ਗੁਰੂ ਕੀਆਂ ਸਾਖੀਆਂ, ਪ੍ਰੋ. ਪਿਆਰਾ ਸਿੰਘ ਪਦਮ (ਸੰਪਾ.)ਅਤੇ ਗਿਆਨੀ ਗਰਜਾ ਸਿੰਘ (ਸੰਪਾ.), ਕਲਮ ਮੰਦਿਰ, ਲੋਯਰ ਮਾਲ, ਪਟਿਆਲਾ, 1986, ਪੰਨਾ 180.

ਵਲੋਂ ਲੜ ਰਹੇ (ਅਦੀਨਾ ਬੇਗ ਦੇ ਸੈਨਿਕ) ਅਤੇ ਨਾਸਰ ਅਲੀ ਦੇ ਨੀਲੀ ਵਰਦੀ ਵਾਲੇ ਸੈਨਿਕਾਂ ਵਿਚ ਪਹਿਚਾਣ ਲਈ ਅਦੀਨਾ ਬੇਗ ਦੀ ਸੈਨਾ ਦੇ ਸਿਰਾਂ 'ਤੇ ਕਣਕ ਦੇ ਸਿੱਟੇ ਬੰਨ੍ਹ ਦਿੱਤੇ ਤਾਂ ਜੋ ਆਪਣੇ ਬੰਦਿਆਂ ਦੀ ਪਛਾਣ ਹੋ ਸਕੇ। ਇੱਥੋਂ ਪਤਾ ਲਗਦਾ ਹੈ ਕਿ ਤੁਰਕ ਵੀ ਨੀਲਾ ਰੰਗ ਪਹਿਨਦੇ ਸੀ।[105]

'ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਕੀ' ਅਨੁਸਾਰ ਜਦੋਂ ਗੁਰੂ ਜੀ ਮੱਕੇ ਦੀ ਯਾਤਰਾ 'ਤੇ ਗਏ ਉਸ ਵੇਲੇ ਗੁਰੂ ਜੀ ਦਾ ਲਿਬਾਸ ਨੀਲੇ ਰੰਗ ਦਾ ਸੀ।[106] ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਗੁਰੂ ਨਾਨਕ ਦੇਵ ਜੀ ਦੁਆਰਾ ਨੀਲੇ ਬਸਤ੍ਰ ਧਾਰਨ ਕਰ ਕੇ ਮੱਕੇ ਜਾਣ ਦਾ ਜ਼ਿਕਰ ਹੈ:

ਬਾਬਾ ਫਿਰਿ ਮੱਕੇ ਗਇਆ ਨੀਲ ਬਸਤ੍ਰ ਧਾਰੇ ਬਨਵਾਰੀ।
ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸੱਲਾ ਧਾਰੀ।[107]

'ਪੰਥ ਪ੍ਰਕਾਸ਼' ਵਿਚ ਗੁਰੂ ਨਾਨਕ ਦੇਵ ਜੀ ਦੁਆਰਾ ਨੀਲੇ ਬਸਤ੍ਰ ਧਾਰਨ ਕਰਨ ਦੀ ਪ੍ਰੋੜਤਾ ਕੀਤੀ ਗਈ ਹੈ:

ਏਕ ਅਕਾਲ ਰੂਪ ਗੁਰੁ ਨਾਨਕ ਦੁਤੀ ਡੂੰਮ ਮਰਦਾਨਾ।
ਸੇਲੀ ਟੋਪੀ ਚੋਲਾ ਨੀਲਾ ਰਖਤ ਹਾਜੀਅਨ ਬਾਨਾ।[108]

ਗੁਰੂ ਨਾਨਕ ਦੇਵ ਜੀ ਦੇ ਸਮੇਂ ਤੁਰਕ ਹਾਕਮਾਂ ਦੇ ਦਰਬਾਰ ਵਿਚ ਨੀਲੇ ਬਸਤ੍ਰ ਪਾ ਕੇ ਜਾਣ ਦਾ ਰਿਵਾਜ਼ ਸੀ। ਗੁਰੂ ਜੀ ਆਸਾ ਦੀ ਵਾਰ ਵਿਚ ਲਿਖਦੇ ਹਨ:

ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ।[109]
ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ। ਮਲੇਛ ਧਾਨੁ ਲੇ ਪੂਜਹਿ ਪੁਰਾਣੁ।[110]

ਭਾਰਤੀ ਲੋਕਾਂ ਦੀ ਰਹੁ ਰੀਤੀ ਵੀ ਇਸਲਾਮੀ ਚੁੱਕੀ ਸੀ। ਆਪਣੇ ਹਾਕਮਾਂ ਨੂੰ ਖੁਸ਼ ਕਰਨ ਲਈ ਲੋਕ ਅਜਿਹਾ ਕਰਦੇ ਸਨ।[111] ਡਾ. ਤ੍ਰਿਲੋਚਨ ਸਿੰਘ ਅਨੁਸਾਰ, "ਜਿਹੜਾ ਨੀਲੰਬਰ ਬਾਣਾ ਰਾਜ ਦਰਬਾਰਾਂ ਵਿਚ

---

105 ਵੀਰ ਸਿੰਘ (ਭਾਈ), ਸਤਵੰਤ ਕੌਰ, ਪੰਨੇ 114-115.

106 ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਕੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1969, ਪੰਨਾ 103.

107 ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਵਾਰਾਂ ਗਿਆਨ ਰਤਨਾਵਲੀ ਭਾਈ ਗੁਰਦਾਸ ਜੀ, ਪੰਨਾ 16.

108 ਗਿਆਨ ਸਿੰਘ (ਗਿਆਨੀ), ਪੰਥ ਪ੍ਰਕਾਸ਼, ਪੰਨਾ 65.

109 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੪੭੦.

110 ਉਹੀ, ਪੰਨਾ ੪੭੨.

111 ਤਾਰਨ ਸਿੰਘ (ਡਾ.), ਸਿੱਖ, ਸਿੱਖੀ ਅਤੇ ਸਿਧਾਂਤ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਦੂਜੀ ਵਾਰ, ਮਈ 1998, ਪੰਨਾ 201.

ਪਹਿਨਿਆ ਜਾਂਦਾ ਸੀ, ਗੁਰੂ ਜੀ ਨੇ ਉਸ ਨੂੰ ਸਰਬੱਤ ਖਾਲਸੇ ਨੂੰ ਪਹਿਨਾਇਆ।"[112] ਉਸ ਸਮੇਂ ਅਮੀਰਾਂ-ਵਜ਼ੀਰਾਂ ਦੀ ਸ਼ਾਹੀ ਜਮਾਤ ਵਧੇਰੇ ਨੀਲੰਬਰੀ ਪੁਸ਼ਾਕ ਪਾ ਕੇ ਤੁਰਕਾਂ ਦੇ ਦਰਬਾਰਾਂ ਵਿਚ ਹਾਜ਼ਰੀ ਭਰਦੀ ਸੀ, ਗੁਰੂ ਸਾਹਿਬ ਨੇ ਗਰੀਬ ਸਿੱਖਾਂ ਨੂੰ ਇਹੋ ਰੰਗ-ਰੂਪ ਦੇ ਕੇ ਖੰਡੇ ਦੀ ਪਾਹੁਲ ਛਕਾ ਕੇ ਵੱਡੇ ਰੁਤਬੇ ਤੇ ਪਹੁੰਚਾਇਆ ਅਤੇ ਨੀਲੇ ਬਾਣੇ ਨੂੰ 'ਮਹਾਂ ਕਾਲ' ਦਾ ਪਹਿਰਾਵਾ ਕਹਿ ਕੇ ਵਡਿਆਇਆ।[113] ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਆਪਣਾ ਸਰੂਪ ਖਾਲਸੇ ਨੂੰ ਬਖਸ਼ਿਸ਼ ਕੀਤਾ:

ਤਾਹਿ ਸਮੇ ਗੁਰ ਬੈਨ ਸੁਨਾਯੋ। ਖਾਲਸ ਆਪਨੋ ਰੂਪ ਬਤਾਯੋ।

ਖਾਲਸਾ ਹੀ ਸੇ ਹੈ ਮਮ ਕਾਮਾ। ਬਖ਼ਸ਼ ਕੀਉ ਖਾਲਸ ਕੋ ਜਾਮਾ।[114]

ਡਾ. ਤਾਰਨ ਸਿੰਘ ਅਨੁਸਾਰ, "ਪਹਿਲੀ ਵਾਰ ਅੰਮ੍ਰਿਤ ਤਿਆਰ ਕਰਨ ਸਮੇਂ ਗੁਰੂ ਗੋਬਿੰਦ ਸਿੰਘ ਜੀ ਦਾ ਬਾਣਾ ਗੂੜ੍ਹੇ ਨੀਲੇ ਰੰਗ ਦਾ ਸੀ। ਗੁਰੂ ਜੀ ਵਿਸ਼ੇਸ਼ ਮੌਕਿਆਂ 'ਤੇ ਇਹ ਪਹਿਰਾਵਾ ਪਾਉਂਦੇ ਸਨ। ਹੁਣ ਨਿਹੰਗ ਸਿੰਘ ਇਹ ਪਹਿਰਾਵਾ ਪਹਿਨਦੇ ਹਨ।"[115] ਗੁਰੂ ਜੀ ਨੇ ਆਪਣੀ ਸੈਨਾ ਲਈ ਇਕ ਵਿਸ਼ੇਸ਼ ਵਰਦੀ ਨੀਯਤ ਕੀਤੀ ਹੋਈ ਸੀ ਜਿਸ ਕਰਕੇ ਇਕ ਸਿੰਘ ਵੀ ਲੱਖਾਂ ਵਿਚੋਂ ਪਛਾਣਿਆ ਜਾਂਦਾ ਸੀ।[116] ਡਾ. ਸੁਖਦਿਆਲ ਸਿੰਘ ਨੇ ਪੰਜ ਪਿਆਰਿਆਂ ਦੇ ਨੀਲੇ ਲਿਬਾਸ ਦੀ ਪੁਸ਼ਟੀ ਕੀਤੀ ਹੈ, "ਚੁਣੇ ਗਏ ਪੰਜੇ ਸਿੰਘ ਨੀਲੇ ਲਿਬਾਸ ਵਿਚ ਸਨ ਅਤੇ ਇਨ੍ਹਾਂ ਦੇ ਗਾਤਰੇ ਕਿਰਪਾਨਾਂ ਲਮਕ ਰਹੀਆਂ ਸਨ।"[117] ਭਾਈ ਗੁਰਦਾਸ ਜੀ (ਦੂਸਰੇ) ਨੇ ਖਾਲਸੇ ਦੀ ਪੁਸ਼ਾਕ ਵੀ ਨੀਲੀ ਦਰਸਾਈ ਹੈ:

ਇਉਂ ਉਪਜੇ ਸਿੰਘ ਭੁਜੰਗੀਏ ਨੀਲ ਅੰਬਰ ਧਾਰਾ।[118]

---

112 ਤ੍ਰਿਲੋਚਨ ਸਿੰਘ (ਡਾ.), ਸੰਖੇਪ ਜੀਵਨ ਗੁਰੂ ਗੋਬਿੰਦ ਸਿੰਘ, ਗੁਰਦੁਆਰਾ ਪ੍ਰਬੰਧਕ ਕਮੇਟੀ, ਸੀਸ ਗੰਜ, ਚਾਂਦਨੀ ਚੌਂਕ, ਦਿੱਲੀ, 1968, ਪੰਨਾ 36.

113 ਪਿਆਰਾ ਸਿੰਘ ਪਦਮ (ਪ੍ਰੋ.), ਪੰਜਾਬ ਦੀ ਗੌਰਵ ਗਾਥਾ, ਪੰਨਾ 37.

114 ਸੈਨਾਪਤਿ (ਕਵੀ), ਸ੍ਰੀ ਗੁਰ ਸੋਭਾ, ਗੰਡਾ ਸਿੰਘ (ਸੰਪਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਚੌਥੀ ਵਾਰ 2017, ਪੰਨਾ 170.

115 ਤਾਰਨ ਸਿੰਘ (ਡਾ.), ਦਸਮੇਸ਼ ਦਰਪਣ, ਫਕੀਰ ਸਿੰਘ ਐਂਡ ਸਨਜ਼, ਘੰਟਾ ਘਰ, ਅੰਮ੍ਰਿਤਸਰ, 1967, ਪੰਨਾ 119.

116 ਸੁਰਿੰਦਰ ਸਿੰਘ ਕੋਹਲੀ (ਡਾ.), ਗੁਰੂ ਗੋਬਿੰਦ ਸਿੰਘ ਜੀਵਨ ਤੇ ਰਚਨਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996, ਪੰਨਾ 21.

117 ਸੁਖਦਿਆਲ ਸਿੰਘ (ਡਾ.), ਪੰਜਾਬ ਦਾ ਇਤਿਹਾਸ ਗੁਰੂ ਕਾਲ 1469-1708, ਜਿਲਦ ਪੰਜਵੀਂ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012, ਪੰਨਾ 201.

118 ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਵਾਰਾਂ ਗਿਆਨ ਰਤਨਾਵਲੀ ਭਾਈ ਗੁਰਦਾਸ ਜੀ, ਪੰਨਾ 440.

ਰਹਿਤਨਾਮਿਆਂ (ਭੱਟ ਵਹੀ ਦਾ ਰਹਿਤ ਬਾਰੇ ਪ੍ਰਾਚੀਨ ਲੇਖ) ਅਨੁਸਾਰ ਗੁਰੂ ਸਾਹਿਬ ਵਲੋਂ ਸਾਜੇ ਪੰਜ ਪਿਆਰਿਆਂ ਦਾ ਲਿਬਾਸ ਵੀ ਨੀਲਾ ਸੀ: "ਪ੍ਰਿਥਮੈ ਦੈਆ ਰਾਮ ਸੋਪਤੀ ਖਤ੍ਰੀ, ਬਾਸੀ ਲਾਹੌਰ ਖਲਾ ਹੂਆ, ਪਾਛੈ ਮੋਹਕਮ ਚੰਦ ਛੀਪਾ, ਬਾਸੀ ਦਵਾਰਕਾ, ਸਾਹਿਬਚੰਦ ਨਾਈ ਬਾਸੀ ਬਿਦਰ ਜ਼ਫਰਾਬਾਦ ਸ਼ਹਿਰ, ਧਰਮਚੰਦ ਜਵੰਦਾ ਜਾਟ ਬਾਸੀ ਹਸਤਨਾਪੁਰ, ਹਿੰਮਤਚੰਦ ਝੀਵਰ, ਬਾਸੀ ਜਗਨਨਾਥ ਬਾਰੋ ਬਾਰੀ ਖਲੇ ਹੂਏ। ਸਭ ਕੋ ਨੀਲੰਬਰ ਪਹਿਨਾਇਆ, ਵਹੀ ਵੇਸ ਅਪਨਾ ਕੀਆ।"[119] ਸੁੱਖਾ ਸਿੰਘ ਨੇ ਗੁਰ ਬਿਲਾਸ ਪਾਤਸ਼ਾਹੀ ੧੦ ਵਿਚ ਵੀ ਨੀਲੇ ਬਾਣੇ ਬਾਰੇ ਲਿਖਿਆ ਹੈ:

ਪੁਨ ਪਾਛੈ ਨੀਲਾਂਬਰ ਧਾਰੈ।[120]

ਸਭੈ ਨੀਲ ਚੀਰੰ ਸਜੈ ਅੰਗ ਆਛੈ। ਆਸੰ ਚਾਂਪ ਤੀਰੰ ਤੁਨੀਰੰ ਸੁ ਕਾਂਛੈ।[121]

ਰਤਨ ਸਿੰਘ ਭੰਗੂ ਨੇ ਸ੍ਰੀ ਗੁਰ ਪੰਥ ਪ੍ਰਕਾਸ਼ ਵਿਚ ਖਾਲਸੇ ਦੇ ਬਾਹਰੀ ਸਰੂਪ ਨੀਲੇ ਬਾਣੇ ਬਾਰੇ ਲਿਖਿਆ ਹੈ:

ਨੀਲ ਬਸਤ੍ਰ ਰਖ ਚੱਕ੍ਰ ਸਿਰ ਧਾਰੈ। ਮੀਣੇ ਮਸੰਦੀਏ ਤਜੇ ਬੇਟੀ ਜੋ ਮਾਰੈ।[122]

ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼ ਵਿਚ ਖਾਲਸੇ ਦੇ ਨੀਲੇ ਬਸਤ੍ਰਾਂ ਦਾ ਜ਼ਿਕਰ ਇਸ ਪ੍ਰਕਾਰ ਹੈ:

ਕਰਦ ਆਦਿ ਸਭ ਸਸਤ੍ਰ ਸਜਾਏ॥ ਬਸਨ ਨੀਲ ਪਹਿਰੇ ਮਨ ਭਾਏ॥[123]

ਗੁਰੂ ਗੋਬਿੰਦ ਸਿੰਘ ਜੀ ਨੇ ਨੀਲੇ ਬਾਣੇ ਵਾਲਾ ਖਾਲਸਾ ਸਾਜਿਆ ਜੋ ਕਿਸੇ ਦੀ ਈਨ ਨਹੀਂ ਮੰਨਦਾ:

ਧਾਰ ਭੁਜਾ ਬਲਦੰਡ ਅਖੰਡ ਹਨਿਯੋ ਛਿਤ ਮੰਡਲ ਤੇ ਦੁਰਕਾਨਾ।

ਕੀਟਨ ਤੇ ਮ੍ਰਿਗਰਾਜ ਕੀਏ ਸਜ ਸੁੰਦਰ ਪੰਥੁ ਨੀਲੰਬਰ ਬਾਨਾਂ।[124]

---

119 ਪਿਆਰਾ ਸਿੰਘ ਪਦਮ (ਸੰਪਾ.), ਰਹਿਤਨਾਮੇ, ਪੰਨਾ ੧੬੮.

120 ਸੁੱਖਾ ਸਿੰਘ (ਭਾਈ), ਗੁਰ ਬਿਲਾਸ ਪਾਤਿਸਾਹੀ ੧੦, ਅਧਿਆਇ 25, ਭਾਸ਼ਾ ਵਿਭਾਗ, ਪੰਜਾਬ, ਦੂਜੀ ਵਾਰ, 1989, ਪੰਨਾ 341.

121 ਉਹੀ, ਪੰਨਾ 350.

122 ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਡਾ. ਬਲਵੰਤ ਸਿੰਘ ਢਿਲੋਂ (ਸੰਪਾ.), ਪੰਨਾ 133.

123 ਸੁਮੇਰ ਸਿੰਘ (ਬਾਬਾ), ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼, ਡਾ. ਅੱਛਰ ਸਿੰਘ ਕਾਹਲੋਂ (ਸੰਪਾ.), ਪੰਨਾ 212.

124 ਵੀਰ ਸਿੰਘ ਬਲ (ਭਾਈ), ਸਿੰਘ ਸਾਗਰ, ਨੌਵਾਂ ਤਰੰਗ, ਡਾ. ਕ੍ਰਿਸ਼ਨਾ ਕੁਮਾਰੀ ਬਾਂਸਲ (ਸੰਪਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986, ਪੰਨਾ 110.

'ਸ਼ਹੀਦ ਬਿਲਾਸ ਭਾਈ ਮਨੀ ਸਿੰਘ ਜੀ' ਵਿਚ ਨੀਲੇ ਬਾਣੇ ਨੂੰ ਇਸ ਪ੍ਰਕਾਰ ਅੰਕਿਤ ਕੀਤਾ ਗਿਆ ਹੈ:

ਸੂਤ ਮਿਆਨੋਂ ਧੂਪ ਧੁਖਾਇ। ਫਤੇ ਵਾਹਿਗੁਰੂ ਮੁਖੋਂ ਬੁਲਾਇ।

ਨੀਲੰਬਰ ਗਜ ਸਵਾ ਕਛਹਿਰੈ। ਦੇਗ ਸਹੀਦੀ ਤੀਜੈ ਪਹਿਰੈ।[125]

History of the Sikhs and their Religion ਅਨੁਸਾਰ, ਪੰਜ ਪਿਆਰੇ ਜਦੋਂ ਸੰਗਤ ਸਾਹਮਣੇ ਆਏ ਤਾਂ ਉਨ੍ਹਾਂ ਦੀ ਪੁਸ਼ਾਕ ਨੀਲੀ ਸੀ ਜੋ ਬਾਅਦ ਵਿਚ ਨਿਹੰਗ ਅਖਵਾਏ।[126] ਮਹਿਮਾ ਪ੍ਰਕਾਸ਼ ਦੇ ਦੂਜੇ ਖੰਡ ਵਿਚ ਸਰੂਪ ਦਾਸ ਭੱਲਾ ਨੇ 'ਖਾਲਸੇ' ਦੇ ਸਰੂਪ ਬਾਰੇ ਲਿਖਿਆ ਹੈ:

ਤਵ ਤਨ ਪੰਥ ਮਿਰਜਾਦ ਭਰ ਧਰੇ ਕਲਕੀ ਧਰਮੁ ਪ੍ਰਕਾਸ।

ਸੀਸ ਕੇਸ ਨੀਲ ਅੰਬਰੀ ਸਿੰਘ ਸੰਞਿਆ ਤੇਜ ਨਿਵਾਸ।[127]

ਪੁਰਾਤਨ ਸਿੰਘ ਸ਼ਹੀਦੀ ਸਮੇਂ ਸਫੈਦ ਜਾਂ ਕੇਸਰੀ ਪੁਸ਼ਾਕ ਨੂੰ ਤਰਜੀਹ ਦਿੰਦੇ ਸਨ।[128] ਪਰ ਨਿਹੰਗ ਸਿੰਘ ਨੀਲੇ ਰੰਗ ਨੂੰ ਸਭ ਤੋਂ ਵੱਧ ਪਸੰਦ ਕਰਦੇ ਹਨ। ਡਾ. ਤਾਰਨ ਸਿੰਘ ਅਨੁਸਾਰ, "ਨੀਲਾ ਰੰਗ ਮਨੁਖੀ ਸੁਭਾ ਅਤੇ ਗਿਆਨ, ਉਚਾਈ ਅਤੇ ਵਿਕਾਸ, ਰੂਪ ਅਤੇ ਪ੍ਰਕਾਸ਼ ਦੀ ਅਸੀਮਤਾ ਦਾ ਚਿੰਨ੍ਹ ਹੈ।"[129] ਬਾਹਰਲਾ ਪਹਿਰਾਵਾ ਅੰਦਰਲੀ ਸ਼ਖਸੀਅਤ ਦਾ ਸੂਚਕ ਹੈ ਤੇ ਸ਼ਖਸੀਅਤ ਆਚਰਨ ਹੈ, ਸਾਡਾ ਵਤੀਰਾ ਹੈ। ਇਸ ਲਈ ਨੀਲਾ ਬਾਣਾ ਜਾਂ ਨੀਲੀ ਦਸਤਾਰ, ਆਕਾਸ਼ ਅਤੇ ਸਮੁੰਦਰ ਦੀ ਵਿਸ਼ਾਲਤਾ, ਉਚਾਈ, ਡੂੰਘਾਈ, ਪਵਿਤਰਤਾ ਅਤੇ ਨਿਰਲੇਪਤਾ ਦਾ ਸੂਚਕ ਹੈ।[130] Encyclopaedia of Sikh Religion and Culture ਅਨੁਸਾਰ, Blue colour is liked by God and that is why the sky, the purified flames of a fire and

---

125 ਸੇਵਾ ਸਿੰਘ (ਕਵੀ), ਸ਼ਹੀਦ ਬਿਲਾਸ ਭਾਈ ਮਨੀ ਸਿੰਘ ਜੀ, ਗਿਆਨੀ ਗਰਜਾ ਸਿਘ (ਸੰਪਾ.), ਪੰਜਾਬੀ ਸਾਹਿਤ ਅਕੈਡਮੀ, ਪੰਜਾਬੀ ਭਵਨ, ਲੁਧਿਆਣਾ, ਦੂਜੀ ਵਾਰ 2007, ਪੰਨਾ 64.

126 Kirpal Singh & Kharak Singh (Editor.), History of the Sikhs and their Religion, Vol. I, p. 403.

127 ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼, ਭਾਗ ਦੂਜਾ, (ਖੰਡ-2), ਡਾ. ਉੱਤਮ ਸਿੰਘ ਭਾਟੀਆ (ਸੰਪਾ.), ਭਾਸ਼ਾ ਵਿਭਾਗ, ਪੰਜਾਬ, ਦੂਜੀ ਵਾਰ, 2003, ਪੰਨਾ 799.

128 ਪਿਆਰਾ ਸਿੰਘ ਪਦਮ (ਪ੍ਰੋ.), ਪੰਥ ਤੇ ਪੰਥ ਦਾ ਵਾੱਲੀ, ਪੰਨਾ 22.

129 ਤਾਰਨ ਸਿੰਘ (ਡਾ.), ਦਸਮੇਸ਼ ਦਰਪਣ, ਪੰਨਾ 120.

130 ਉਹੀ ਲੇਖਕ, ਭਗਤੀ ਤੇ ਸ਼ਕਤੀ, ਭਾਈ ਫ਼ਕੀਰ ਸਿੰਘ ਐਂਡ ਸੰਨਜ਼, ਅੰਮ੍ਰਿਤਸਰ, 1962, ਪੰਨਾ 124.

the water all are blue.[131] ਸਿੱਖ ਪਹਿਰਾਵੇ ਵਿੱਚ ਨੀਲਾ, ਖੱਟ ਪੀਲਾ, ਕਾਲਾ, ਚਿੱਟਾ ਅਤੇ ਕੇਸਰੀ ਰੰਗ ਪ੍ਰਚਲਿਤ ਹਨ। ਪ੍ਰਧਾਨਤਾ ਨੀਲ ਬਸਤ੍ਰਾਂ ਦੀ ਰਹੀ ਹੈ।[132] ਖਾਲਸਾ ਧਰਮ ਸ਼ਾਸਤ੍ਰ ਦੀ ਪੂਰਬ ਮਿਮਾਂਸਾ ਵਿਚ ਜ਼ਿਕਰ ਹੈ ਕਿ ਨੀਲੇ ਰੰਗ ਦੇ ਸਤਿਕਾਰ ਵਜੋਂ ਇਸਤ੍ਰੀਆਂ ਲਈ ਤੇੜ ਨੀਲੇ ਰੰਗ ਦੀ ਸੁੱਥਣ ਜਾਂ ਘੱਗਰਾ ਪਹਿਨਣ ਦੀ ਮਨਾਹੀ ਕੀਤੀ ਗਈ ਹੈ।[133] ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀ ਰਹਿਤ ਮਰਯਾਦਾ ਅਨੁਸਾਰ ਕਛਹਿਰੇ ਅਤੇ ਦਸਤਾਰ ਤੋਂ ਛੁਟ ਪੁਸ਼ਾਕ ਸੰਬੰਧੀ ਕੋਈ ਪਾਬੰਦੀ ਨਹੀਂ।[134]

ਨਿਹੰਗ ਸਿੰਘਾਂ ਦੇ ਬਾਣੇ ਦਾ ਵੀ ਵਿਸ਼ੇਸ਼ ਨਿਆਰਾਪਣ ਹੈ। ਨਿਹੰਗ ਸਿੰਘ ਸ੍ਰੀ ਸਾਹਿਬ ਦੇ ਗਾਤਰੇ ਦੇ ਦੂਜੇ ਪਾਸੇ ਇਕ ਝੋਲਾ ਪਾਉਂਦੇ ਹਨ ਜਿਸਨੂੰ 'ਖਜ਼ਾਨਾ' ਆਖਿਆ ਜਾਂਦਾ ਹੈ। ਇਸ ਵਿਚ ਨਿਹੰਗ ਸਿੰਘ ਗੁਰਬਾਣੀ ਦੀ ਪੋਥੀ ਜਾਂ ਸਰਬਲੋਹ ਦਾ ਬਾਟਾ ਪਾ ਕੇ ਰਖਦੇ ਹਨ। ਨਿਹੰਗ ਸਿੰਘ ਹਰ ਸਮੇਂ ਕਮਰਕੱਸਾ ਸਜਾ ਕੇ ਰਖਦੇ ਹਨ। ਜੇ ਕੋਈ ਨਿਹੰਗ ਸਿੰਘ ਕਮਰਕੱਸੇ ਤੋਂ ਬਿਨਾਂ ਦਿਖਾਈ ਦਿੰਦਾ ਹੈ ਤਾਂ ਉਸਨੂੰ ਤਾੜਨਾ ਕੀਤੀ ਜਾਂਦੀ ਹੈ ਕਿਉਂਕਿ ਕਮਰਕੱਸਾ ਤਿਆਰ-ਬਰ-ਤਿਆਰ ਰਹਿਣ ਦੀ ਨਿਸ਼ਾਨੀ ਹੈ। ਅੱਜ ਵੀ ਪੁਲਿਸ ਅਤੇ ਫੌਜ ਵਿੱਚ ਕਮਰ ਦੀ ਪੇਟੀ ਨੂੰ ਤਰਜੀਹ ਦਿੱਤੀ ਜਾਂਦੀ ਹੈ ਕਿ ਫੋਜੀ ਜਾਂ ਪੁਲਿਸ ਅਫਸਰ ਇਸ ਤੋਂ ਬਿਨ੍ਹਾਂ ਅਧੂਰਾ ਹੈ। ਇਸੇ ਤਰ੍ਹਾਂ ਕਮਰਕੱਸੇ ਤੋਂ ਬਿਨ੍ਹਾਂ ਨਿਹੰਗ ਸਿੰਘ ਅਧੂਰਾ ਸਮਝਿਆ ਜਾਂਦਾ ਹੈ। ਕਮਰਕੱਸੇ ਤੋਂ ਇਲਾਵਾ ਨਿਹੰਗ ਸਿੰਘ ਆਪਣੇ ਕੋਲ ਮੋਢੇ 'ਤੇ ਇਕ ਕੱਪੜਾ ਰਖਦੇ ਹਨ ਜਿਸਨੂੰ 'ਹਜ਼ੂਰੀਆ' ਕਿਹਾ ਜਾਂਦਾ ਹੈ। ਪਾਠ ਕਰਦੇ ਸਮੇਂ, ਸ਼ਹੀਦੀ ਦੇਗਾਂ ਤਿਆਰ ਕਰਦੇ ਸਮੇਂ, ਕੜਾਹ ਪ੍ਰਸ਼ਾਦਿ ਵਰਤਾਉਂਦੇ ਹੋਏ, ਲੰਗਰ ਪਕਾਉਂਦੇ ਹੋਏ ਆਦਿ ਕਾਰਜਾਂ ਵਿਚ ਹਜ਼ੂਰੀਏ ਨਾਲ ਮੂੰਹ ਢੱਕ ਲੈਂਦੇ ਹਨ ਜਿਸਨੂੰ ਖਾਲਸਈ ਬੋਲਿਆਂ ਵਿਚ 'ਚਿਹਰਾ ਸਜਾਉਣਾ' ਆਖਿਆ ਜਾਂਦਾ ਹੈ।

---

131 Ramesh Chander Dogra & Gobind Singh Mansukhani (Dr.), Encyclopaedia of Sikh Religion and Culture, p. 344.

132 ਪਿਆਰਾ ਸਿੰਘ ਪਦਮ (ਪ੍ਰੋ.) ਪੰਥ ਤੇ ਪੰਥ ਦਾ ਵਾਲੀ, ਪੰਨਾ 22.

133 ਰਾਮਨਰੈਣ ਸਿੰਘ ਸੋਢੀ (ਟਿੱਕਾ ਸਾਹਿਬ), ਸਿੱਖ ਧਰਮ ਖਾਲਸਾ ਪੰਥ ਦੀ ਬਿਵਸਥਾ ਅਰਥਾਤ ਖਾਲਸਾ ਧਰਮ ਸ਼ਾਸਤ੍ਰ ਦੀ ਪੂਰਬ ਮਿਮਾਂਸਾ, ਸ੍ਰੀ ਗੁਰਮਤ ਪ੍ਰਕਾਸ਼ਕ, 1914, ਪੰਨਾ ੧੪੬.

134 ਸਿੱਖ ਰਹਿਤ ਮਰਯਾਦਾ, ਧਰਮ ਪ੍ਰਚਾਰ ਕਮੇਟੀ, ਪੰਨਾ ੨੧.

### 3.2.13 ਦੁਮਾਲਾ:

ਨਿਹੰਗ ਸਿੰਘਾਂ ਦੇ ਬਾਣੇ ਤੋਂ ਇਲਾਵਾ ਉਨ੍ਹਾਂ ਦੇ ਸਰੂਪ ਦੀ ਇਕ ਹੋਰ ਵਿਸ਼ੇਸ਼ ਖਾਸੀਅਤ ਹੈ: ਦੁਮਾਲਾ। ਨਿਹੰਗ ਸਿੰਘਾਂ ਦੇ ਦੁਮਾਲੇ ਸਭ ਨੂੰ ਆਕਰਸ਼ਿਤ ਕਰਦੇ ਹਨ। ਨਿਹੰਗ ਸਿੰਘ ਸਿਰ 'ਤੇ ਵੱਡੀ ਦੂਹਰੀ ਦਸਤਾਰ ਸਜਾਉਂਦੇ ਹਨ ਜਿਸਨੂੰ 'ਦੁਮਾਲਾ' ਕਿਹਾ ਜਾਂਦਾ ਹੈ। ਡਾ. ਰਤਨ ਸਿੰਘ ਜੱਗੀ ਅਨੁਸਾਰ, ਦੁਮਾਲਾ ਫ਼ਾਰਸੀ ਦੇ ਸ਼ਬਦ 'ਦੁੰਬਾਲਹ' ਤੋਂ ਬਣਿਆ ਹੈ ਜਿਸਦਾ ਅਰਥ ਹੈ ਸ਼ਮਲਾ ਜਾਂ ਦਸਤਾਰ ਅਥਵਾ ਸਾਫ਼ੇ ਦਾ ਲਟਕਦਾ ਹੋਇਆ ਸਿਰਾ। ਪਹਿਲਾਂ ਕੇਵਲ ਫਰਹਰੇ ਨੂੰ ਹੀ ਦੁਮਾਲਾ ਕਿਹਾ ਜਾਂਦਾ ਸੀ, ਹੁਣ ਨਿਹੰਗ ਸਿੰਘ ਦੀ ਸਮੁੱਚੀ ਦਸਤਾਰ ਨੂੰ ਹੀ 'ਦੁਮਾਲਾ' ਕਿਹਾ ਜਾਣ ਲੱਗ ਪਿਆ ਹੈ।[135] ਕਵੀਰਾਜ ਸੰਤ ਨਿਹਾਲ ਸਿੰਘ ਨੇ ਇਸ ਸੰਬੰਧੀ ਲਿਖਿਆ ਹੈ ਕਿ ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਜੀ ਤੋਂ ਸ਼ੁਰੂ ਹੋਈ ਮਰਯਾਦਾ ਅਨੁਸਾਰ ਹੀ ਦੁਮਾਲੇ ਸਜਾਏ ਜਾਂਦੇ ਹਨ:

ਕੈਧੌ ਮਨ ਫੀਲ ਭਾਰੀ ਅੰਕਸ ਬਨਾਯੋ ਨਾਥ ਸੀਸ ਪੈ ਸੁ ਨੀਲ ਰੰਗ ਚਾਲਯੋ ਕਿਧੌ ਬਯੋਮ ਦੇਸ।
ਕਾਲੋ ਮਣੀ ਪੁੰਜ ਕੋ ਨਿਰਾਲੋ ਕੈ ਸਿਵਾਲੋ ਖੂਬ ਕੈਧੌ ਫਤੇ ਸਿੰਘ ਜੂ ਕੋ ਸੋਭਤੇ ਦੁਮਾਲੇ ਬੇਸ।[136]

ਸਿੱਖ ਧਰਮ ਵਿਚ ਸਭ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਦੁਮਾਲਾ' ਸ਼ਬਦ ਵਰਤਿਆ ਗਿਆ ਹੈ:

ਹਉ ਗੋਸਾਈ ਦਾ ਪਹਿਲਵਾਨੜਾ॥ ਮੈ ਗੁਰ ਮਿਲਿ ਉਚ ਦੁਮਾਲੜਾ॥

ਭਾਵ ਕਿ ਅਖਾੜਾ ਜਿੱਤਣ ਵਾਲੇ ਪਹਿਲਵਾਨ ਨੂੰ ਮਾਨ ਦਾ ਚਿੰਨ੍ਹ ਦਸਤਾਰ ਰੂਪ ਵਿਚ ਮਿਲਦਾ ਹੈ, ਜਿਸ ਨੂੰ ਉਹ ਸਿਰ 'ਤੇ ਬੰਨ੍ਹ ਕੇ ਅਖਾੜੇ ਵਿਚ ਫਿਰ ਕੇ ਆਪਣੀ ਜਿੱਤ ਦੀ ਖੁਸ਼ੀ ਪ੍ਰਗਟ ਕਰਦਾ ਹੈ।[137] ਗਿਆਨੀ ਗਿਆਨ ਸਿੰਘ ਲਿਖਦੇ ਹਨ ਕਿ ਗੁਰਬਾਣੀ ਦੇ ਇਸ ਫੁਰਮਾਨ ਕਾਰਨ ਹੀ ਨਿਹੰਗ ਸਿੰਘ ਉੱਚੇ ਦੁਮਾਲੇ ਸਜਾਉਣ ਲੱਗ ਪਏ:

ਗੁਰੂ ਪੰਚਮ ਕਾ ਬਚਨ ਸੰਭਾਲਾ। ਮੇਰਾ ਗੁਰ ਮਿਲ ਊਚ ਦੁਮਾਲਾ।
ਏਸ ਬਚਨ ਅਨੁਸਾਰ ਨਿਹੰਗ। ਸਜਨ ਦੁਮਾਲੇ ਲਗੇ ਨਿਸ਼ੰਗ।[138]

---

[135] ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਤੀਜਾ, ਪੰਨਾ 1125.

[136] ਨਿਹਾਲ ਸਿੰਘ (ਸੰਤ), ਨ੍ਰਿਮਲ ਪ੍ਰਭਾਕਰ ਅਤੇ ਸਿਖੀ ਪ੍ਰਭਾਕਰ, ਪੰਨੇ 322-323.

[137] ਕਾਨ੍ਹ ਸਿੰਘ ਨਾਭਾ (ਭਾਈ), ਗੁਰੁਮਤ ਮਾਰਤੰਡ, ਭਾਗ ਪਹਿਲਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਫਰਵਰੀ 2010, ਪੰਨਾ ੭੩.

[138] ਗਿਆਨ ਸਿੰਘ (ਗਿਆਨੀ), ਪੰਥ ਪ੍ਰਕਾਸ਼, ਪੰਨਾ 1264.

ਨਿਹੰਗ ਸਿੰਘ ਦਿਨ ਵਿਚ ਦੋ ਵਾਰ (ਸਵੇਰ ਵੇਲੇ ਅਤੇ ਸ਼ਾਮ ਸਮੇਂ) ਦੁਮਾਲਾ ਸਜਾਉਂਦੇ ਹਨ। ਨਿਹੰਗ ਸਿੰਘਾਂ ਨੂੰ ਇਹ ਹਦਾਇਤ ਹੈ ਕਿ ਸਿਰ 'ਤੇ ਦਸਤਾਰ ਨੀਲੀ, ਬਸੰਤੀ ਜਾਂ ਸਫੈਦ ਆਦਿ ਰੰਗ ਦੀ ਸਜਾ ਸਕਦੇ ਹਨ ਪਰ ਕੇਸਾਂ ਵਾਲੀ ਕੇਸਕੀ ਹਮੇਸ਼ਾ ਨੀਲੇ ਰੰਗ ਦੀ ਹੀ ਹੋਣੀ ਚਾਹੀਦੀ ਹੈ। ਦੁਮਾਲਾ ਸਜਾਉਣ ਲੱਗਿਆਂ ਸਭ ਤੋਂ ਪਹਿਲਾਂ ਕੇਸਾਂ ਨੂੰ ਲੱਕੜ ਦੇ ਕੰਘੇ ਨਾਲ ਸਫਾਈ ਕਰਕੇ ਨੀਲੇ ਰੰਗ ਦੀ ਕੇਸਕੀ ਨਾਲ ਕੇਸਾਂ ਦਾ ਜੂੜਾ ਕੀਤਾ ਜਾਂਦਾ ਹੈ। 'ਸ੍ਰੀ ਗੁਰ ਕਥਾ' ਵਿਚ ਜ਼ਿਕਰ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਖੁਦ ਆਪਣੇ ਦੁਮਾਲੇ ਹੇਠਾਂ ਕੇਸਕੀ ਸਜਾਉਂਦੇ ਸਨ:

ਪਾਤਸਾਹ ਦਿਆਲ ਪੁੰਜ ਸਿਖਨ ਬਿਸਾਲ ਮਾਨੋ ਅੰਬਰ ਮਹਿ ਸਸਿ ਤਾਰਾਗਣ ਮਹਿ ਸੁਹਾਤ ਹੈਂ।
ਕਚ ਲਾਂਬੇ ਘਨੇ ਕੇਸੋਂ ਪਰ ਕੇਸਕੀ ਬਿਸੇਸ ਫੁਨ ਸੀਸ ਦਸਤਾਰ ਮੁਖ ਅਤਿ ਸੋਭਾ ਪਾਤ ਹੈਂ।[139]

ਕੇਸਾਂ ਨਾਲ ਸਜਾਈ ਜਾਣ ਵਾਲੀ ਕੇਸਕੀ ਨੂੰ 'ਬੁੰਗਾ' ਆਖਿਆ ਜਾਂਦਾ ਹੈ। ਬੁੰਗੇ ਦੇ ਉੱਪਰ ਵੱਡੀ ਦਸਤਾਰ ਸਜਾਈ ਜਾਂਦੀ ਹੈ। ਕੇਸਾਂ ਵਾਲੀ ਕੇਸਕੀ ਵਿਚ ਕੰਘਾ ਟਿਕਾ ਕੇ ਰਖਿਆ ਜਾਂਦਾ ਹੈ ਅਤੇ ਨਾਲ ਹੀ ਕੇਸਾਂ ਵਾਲੇ ਸ਼ਸਤਰ ਵੀ ਸਜਾਏ ਜਾਂਦੇ ਹਨ। ਇਹ ਸ਼ਸਤਰ ਬਹੁਤ ਛੋਟੇ ਆਕਾਰ ਦੇ ਹੁੰਦੇ ਹਨ। ਗਿਣਤੀ ਦੇ ਵਿਚ ਇਹ ਪੰਜ ਹੁੰਦੇ ਹਨ ਜਿਸ ਵਿਚ ਇਕ ਚੱਕਰ, ਇਕ ਖੰਡਾ, ਇਕ ਤੀਰ ਅਤੇ ਦੋ ਕਰਦਾਂ ਹੁੰਦੀਆਂ ਹਨ। ਇਹ ਸ਼ਸਤਰ ਡੋਰੀ ਦੀ ਸਹਾਇਤਾ ਨਾਲ ਆਪਸ ਵਿਚ ਬੰਨ੍ਹੇ ਹੁੰਦੇ ਹਨ। ਦੁਮਾਲੇ ਵਿਚ ਕਈ ਤਰ੍ਹਾਂ ਦੇ ਸ਼ਸਤਰ ਜਿਵੇਂ ਖੰਡਾ, ਕਰਦ, ਤੀਰ, ਗਜਗਾਹ ਆਦਿ ਸਜਾਏ ਜਾਂਦੇ ਹਨ। ਨਿਹੰਗ ਸਿੰਘ ਦੁਮਾਲੇ ਵਿਚ ਛੋਟੀ ਕਿਰਪਾਨ ਜ਼ਰੂਰ ਸਜਾਉਂਦੇ ਹਨ:

ਅਬ ਸੁਨੋ ਪ੍ਰਥਮ ਜਿਉ ਗੁਰੂ ਕਿਰਪਾਨ ਇਸਟ ਉੱਚਾਰਿਓ।
ਜਿਸ ਹੇਤ ਗੁਰ ਕੇ ਸਿਖ ਰਾਖਤ ਸੀਸ ਮੈ ਨਿਰ ਧਾਰਿਓ।[140]

ਕਈ ਨਿਹੰਗ ਸਿੰਘ ਦੁਮਾਲਾ ਸਜਾਉਣ ਵੇਲੇ ਆਪਣੇ ਦੁਮਾਲੇ ਉੱਤੇ ਚੰਨ-ਤੋੜਾ ਲਗਾਉਂਦੇ ਹਨ। ਖੰਡੇ ਨੂੰ ਚੰਨ ਆਖਿਆ ਜਾਂਦਾ ਹੈ ਅਤੇ ਤੋੜਾ, ਲੋਹੇ ਦੀ ਲੰਬੀ ਡੋਰੀ ਨੂੰ ਕਿਹਾ ਜਾਂਦਾ ਹੈ। ਪ੍ਰੇਮ ਸੁਮਾਰਗ ਗ੍ਰੰਥ

---

[139] Neeti Singh, Bhai Jaita's Sri Gur Katha, p. 68.

[140] ਗਿਆਨ ਸਿੰਘ (ਗਿਆਨੀ), ਪੰਥ ਪ੍ਰਕਾਸ਼, ਪੰਨਾ 235.

ਅਨੁਸਾਰ ਲੋਹੇ ਦੀ ਪਤਲੀ ਜ਼ੰਜੀਰ ਨੂੰ ਨਿਹੰਗ ਸਿੰਘ ਦਸਤਾਰ ਉਪਰ ਸਜਾਉਂਦੇ ਸਨ।[141] ਇਸ ਨਾਲ ਦੁਮਾਲੇ ਦੀ ਮਜ਼ਬੂਤੀ ਬਣ ਜਾਂਦੀ ਹੈ ਜਿਸ ਨਾਲ ਘੋੜਸਵਾਰੀ ਜਾਂ ਸ਼ਸਤਰ ਵਿੱਦਿਆ ਦਾ ਅਭਿਆਸ ਕਰਦਿਆਂ ਦੁਮਾਲਾ ਖੁੱਲਦਾ ਜਾਂ ਡਿੱਗਦਾ ਨਹੀਂ। ਇਸ ਤੋਂ ਇਲਾਵਾ ਹੋਰ ਵੀ ਕਈ ਤਰ੍ਹਾਂ ਦੇ ਸ਼ਸਤਰ ਦਸਤਾਰ ਵਿਚ ਲਗਾਏ ਜਾਂਦੇ ਹਨ ਜਿਵੇਂ: ਗਜਗਾਹ, ਚੱਕਰ, ਛੋਟੀ ਗੁਰਜ, ਬਾਘਨਖਾ, ਸੰਜੋਅ ਆਦਿ।

### 3.2.14 ਫਰਲਾਧਾਰੀ (ਮਹਾਂਕਾਲ ਸਿੰਘ) ਨਿਹੰਗ ਸਿੰਘ:

ਫਰਲੇ ਨੂੰ ਫਰਹਰਾ ਵੀ ਆਖਿਆ ਜਾਂਦਾ ਹੈ। ਇਸ ਤੋਂ ਭਾਵ ਹੈ- ਹਵਾ ਵਿੱਚ ਲਹਰਾਉਣ ਵਾਲਾ ਨਿਸ਼ਾਨ ਦਾ ਬਸਤ੍ਰ।[142] ਜਿਸ ਤਰ੍ਹਾਂ ਤਖ਼ਤ ਉਪਰ ਬੈਠ ਕੇ ਗੱਦੀ ਧਾਰਨ ਕਰਨਾ ਸਿਰਫ ਬਾਦਸ਼ਾਹਾਂ ਦਾ ਹੀ ਅਧਿਕਾਰ ਹੁੰਦਾ ਹੈ ਉਸੇ ਤਰ੍ਹਾਂ ਨਿਸ਼ਾਨ ਸਾਹਿਬ (ਝੰਡੇ) ਵੀ ਸੁੰਤਤਰ ਹੋਂਦ ਦੇ ਪ੍ਰਤੀਕ ਹੁੰਦੇ ਹਨ।[143] ਜਿਸ ਪ੍ਰਕਾਰ ਨਿਸ਼ਾਨ ਸਾਹਿਬ ਦਾ ਫਰਲਾ ਝੂਲਦਾ ਦਿਖਾਈ ਦਿੰਦਾ ਹੈ ਉਸੇ ਤਰ੍ਹਾਂ ਕਈ ਨਿਹੰਗ ਸਿੰਘਾਂ ਦੇ ਦੁਮਾਲਿਆਂ ਦੇ ਉੱਪਰ ਵਾਲੇ ਪਾਸੇ ਨੀਲੇ ਰੰਗ ਦੇ ਕੱਪੜੇ ਦਾ ਟੁਕੜਾ ਨਿਕਲਿਆ ਦਿਖਾਈ ਦਿੰਦਾ ਹੈ ਜਿਸਨੂੰ ਫਰਲਾ ਕਿਹਾ ਜਾਂਦਾ ਹੈ। The Sikhs should always respect it as the Sikh national flag.[144] The tradition of Farra was started by Guru Gobind Singh Sahib, in November 1703. During the battles, the Nihangs with Farra in their Dastar, used to fight in the forefront of the battle. A Farra meant that the flag of the nation was furling high upwards.[145] ਫਰਲਾ ਨਿਸ਼ਾਨ ਸਾਹਿਬ ਦਾ ਪ੍ਰਤੀਕ ਹੁੰਦਾ ਹੈ।"[146] ਸਿੱਖ ਧਰਮ ਦੀਆਂ ਅਜੋਕੀਆਂ ਸਾਰੀਆਂ

---

[141] ਰਣਧੀਰ ਸਿੰਘ (ਸੰਪਾ.), ਗ੍ਰੰਥ ਪ੍ਰੇਮ ਸੁਮਾਰਗ ਅਰਥਾਤ ਖਾਲਸਈ ਜੀਵਨ ਜਾਚ, ਨਿਊ ਬੁਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ, ਦੂਜੀ ਵਾਰ, ਦਸੰਬਰ 1965, ਪੰਨੇ 27.

[142] ਕਾਨ੍ਹ ਸਿੰਘ ਨਾਭਾ (ਭਾਈ), ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 809.

[143] ਸੁਖਦਿਆਲ ਸਿੰਘ (ਡਾ.), ਖਾਲਸਾ ਪੰਥ ਦੇ ਪੰਜ ਤਖ਼ਤ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ, 2002, ਪੰਨਾ 3.

[144] Harjinder Singh Dilgeer (Dr.), The Sikh Reference book, The Sikh educational trust, Canada, 1997, p. 553.

[145] Ibid, p. 48.

[146] ਇਹ ਜਾਣਕਾਰੀ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਪ੍ਰਚਾਰਕ ਗਿਆਨੀ ਗੁਰਵਿੰਦਰ ਸਿੰਘ ਨੰਗਲੀ ਪਾਸੋਂ, ਅੰਮ੍ਰਿਤਸਰ ਵਿਖੇ 23 ਜਨਵਰੀ 2020 ਨੂੰ ਵੀਡਿਉ ਰਿਕਾਰਡਿੰਗ ਰਾਹੀਂ ਇੰਟਰਵਿਊ ਵਿਚ ਇੱਕਤਰ ਕੀਤੀ ਗਈ।

ਸੰਪਰਦਾਵਾਂ ਅਤੇ ਟਕਸਾਲਾਂ ਵਿਚੋਂ ਸਿਰਫ਼ ਨਿਹੰਗ ਸਿੰਘ ਜਥੇਬੰਦੀ ਵਿਚ ਹੀ ਇਸ ਰਵਾਇਤ ਦਾ ਪਾਲਣ ਕੀਤਾ ਜਾਂਦਾ ਹੈ। ਨਿਰਮਲ ਸੰਪਰਦਾ ਵਿਚ ਕੋਈ ਵਿਰਲਾ ਸਿੰਘ ਹੀ ਫਰਲਾ ਸਜਾਉਂਦਾ ਹੈ। ਫਰਲੇ ਦੀ ਮਰਯਾਦਾ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਹੀ ਸ਼ੁਰੂ ਹੋ ਗਈ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀ ਟਹਿਕਣ ਨੇ ਇਸ ਸੰਬੰਧੀ ਲਿਖਿਆ ਹੈ ਜਿਸਦਾ ਜ਼ਿਕਰ ਅਸੀਂ ਉਪਰੋਕਤ ਨਿਹੰਗ ਸਿੰਘਾਂ ਦੇ ਆਰੰਭ ਸੰਬੰਧੀ ਵਿਚਾਰਾਂ ਵਿਚੋਂ ਭਾਈ ਮਾਨ ਸਿੰਘ ਜੀ ਨਾਲ ਸੰਬੰਧਿਤ ਚੌਥੇ ਵਿਚਾਰ ਵਿਚ ਕਰ ਆਏ ਹਾਂ।[147] ਸਭ ਤੋਂ ਪਹਿਲੇ ਫਰਲਾਧਾਰੀ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਨ ਜਿਨ੍ਹਾਂ ਨੇ ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਜੀ ਨੂੰ ਫਰਲਾ ਦਿੱਤਾ। ਮਗਰੋਂ ਗੁਰੂ ਜੀ ਨੇ ਜਿਹੜੇ ਪੰਜ ਸਿੰਘਾਂ ਨੂੰ ਬਾਬਾ ਫ਼ਤਿਹ ਸਿੰਘ ਜੀ ਦੀ ਜਥੇਦਾਰੀ ਹੇਠ ਸਭ ਤੋਂ ਪਹਿਲਾਂ ਇਹ ਅਕਾਲੀ ਬਾਣਾ ਦਿੱਤਾ, ਉਨ੍ਹਾਂ ਦੇ ਨਾਮ ਕਵੀ ਟਹਿਕਣ ਜੀ ਨੇ ਇਸ ਪ੍ਰਕਾਰ ਦੱਸੇ ਹਨ:

ਆਲਮ ਸਿੰਘ ਤੇ ਉਦੇ ਸਿੰਘ, ਹਿੰਮਤ ਸਿੰਘ ਸੁਜਾਨ।
ਮੁਹਕਮ ਸਿੰਘ ਤੇ ਸਾਹਿਬ ਸਿੰਘ, ਪਾਚੋਂ ਬਲੀ ਪਛਾਣ।[148]

ਇਸ ਪ੍ਰਕਾਰ ਨਿਸ਼ਾਨ ਸਾਹਿਬ ਦੇ ਰੂਪ ਵਿਚ ਦੁਮਾਲਿਆਂ ਉੱਤੇ ਫਰਲਾ ਸਜਾਉਣ ਦੀ ਰਵਾਇਤ ਸ਼ੁਰੂ ਹੋਈ। ਡਾ. ਭਾਈ ਵੀਰ ਸਿੰਘ ਅਨੁਸਾਰ, "ਸਾਹਿਬਜਾਦਾ ਬਾਬਾ ਫ਼ਤਿਹ ਸਿੰਘ ਜੀ ਦੀ ਪੁਸ਼ਾਕ ਅਤੇ ਦੁਮਾਲੇ ਦਾ ਰੰਗ ਨੀਲਾ ਹੋਣ ਕਰਕੇ ਉਨ੍ਹਾਂ ਦੇ ਨਾਮ 'ਤੇ ਇਕ ਫੌਜ ਨੀਲਾਂਬਰੀ ਰਚੀ ਗਈ, ਜਿਨ੍ਹਾਂ ਦੇ ਦੁਮਾਲੇ ਦਾ ਲੜ੍ਹ ਖੁੱਲਾ ਅਤੇ ਉਪਰਵਾਰ (ਫਰਲਾ) ਹੁੰਦਾ ਹੈ।"[149] ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਹੈੱਡਗ੍ਰੰਥੀ ਬਾਬਾ ਮੱਘਰ ਸਿੰਘ ਅਤੇ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਹੈੱਡਗ੍ਰੰਥੀ ਮਹੰਤ ਤ੍ਰਿਲੋਚਨ ਸਿੰਘ ਜੀ ਅਨੁਸਾਰ, "'ੳ' ਵਾਲਾ ਗੁਰਮੁਖੀ ਦੁਮਾਲੇ ਵਾਲਾ ਸਿੰਘ ਭਾਵ ਜਿਸਦੇ ਸਿਰ 'ਤੇ ਫਰਲਾ ਨਾ ਹੋਵੇ ਅਤ 'ੳ' ਜਿਸ ਊੜੇ ਦਾ ਮੂੰਹ ਖੁੱਲਾ ਹੁੰਦਾ ਹੈ, ਉਸ ਤਰ੍ਹਾਂ ਫਰਲੇ ਵਾਲਾ ਸਿੰਘ ਹੈ। ਜਿਵੇਂ ੧ੳ ਵਿਚ 'ੳ' ਦਾ ਮੂੰਹ ਖੁਲਾ ਹੈ ਉਸੇ ਤਰ੍ਹਾਂ ਫਰਲੇ

---

[147] ਜੰਗ ਸਿੰਘ (ਗਿਆਨੀ), ਅੰਮ੍ਰਿਤਸਰ ਸਿਫਤੀ ਦਾ ਘਰੁ, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1977, ਪੰਨਾ 137.

[148] ਉਹੀ.

[149] ਵੀਰ ਸਿੰਘ (ਭਾਈ), ਸਤਵੰਤ ਕੌਰ, 26ਵੀਂ ਵਾਰ, ਭਾਈ ਵੀਰ ਸਿੰਘ ਸਾਹਿਤ ਸਦਨ, ਗੋਲ ਮਾਰਕਿਟ, ਨਵੀਂ ਦਿੱਲੀ, ਜਨਵਰੀ 2015, ਪੰਨਾ 204.

ਵਾਲਾ ਸਿੰਘ ਅਕਾਲ ਪੁਰਖ ਦਾ ਸਰੂਪ ਹੈ। ਫਰਲੇ ਵਾਲੇ ਸਿੰਘ ਨੂੰ ਹੀ 'ਨਿਹੰਗ ਸਿੰਘ' ਕਿਹਾ ਜਾਂਦਾ ਸੀ।[150] ਗਿਆਨੀ ਇੰਦਰਜੀਤ ਸਿੰਘ (ਰਕਬੇ ਵਾਲੇ) ਅਨੁਸਾਰ, "ਫਰਲਾ ਖਾਲਸੇ ਦਾ ਸੰਨਿਆਸ ਹੈ।"[151] ਫਰਲੇ ਵਾਲੇ ਸਿੰਘ ਨੂੰ 'ਮਹਾਂਕਾਲ ਸਿੰਘ' ਆਖਿਆ ਜਾਂਦਾ ਹੈ। ਪਿਆਰਾ ਸਿੰਘ ਪਦਮ ਅਨੁਸਾਰ ਗੁਰੂ ਜੀ ਨੇ ਇਸ ਸਰੂਪ ਨੂੰ 'ਮਹਾਂ ਕਾਲ' ਦਾ ਪਹਿਰਾਵਾ ਕਹਿਕੇ ਵਡਿਆਇਆ।[152]

**ਫਰਲੇ ਦੀ ਰਵਾਇਤ**:

ਕੇਸਾਂ ਨਾਲ ਸਜਾਈ ਕੇਸਕੀ ਵਿਚੋਂ ਜੂੜੇ ਦੇ ਵਿਚਕਾਰ ਗਿੱਠ-ਸਵਾ ਗਿੱਠ, ਬਾਹਰ ਕਢਿਆ ਹੋਇਆ, ਛੋਟੀ ਦਸਤਾਰ ਕੇਸਕੀ ਦਾ ਇਕ ਲੜ (ਪੱਲਾ) ਹੁੰਦਾ ਹੈ। ਅੰਮ੍ਰਿਤਧਾਰੀ ਨਿਹੰਗ ਸਿੰਘ ਇਹ 'ਫਰਲਾ' ਆਪਣੇ ਆਪ ਨਹੀਂ ਸਜਾ ਸਕਦੇ। ਬੁੱਢਾ ਦਲ ਦੇ ਜਥੇਦਾਰ ਪੰਜ ਫਰਲੇ ਵਾਲੇ ਸਿੰਘਾਂ ਸਮੇਤ ਅਰਦਾਸ ਕਰਕੇ ਯੋਗ ਅਤੇ ਨਿਪੁੰਨਤਾ ਵਾਲੇ ਸਿੰਘ ਨੂੰ 'ਫਰਲਾ' ਦੇ ਕੇ ਦਸਤਾਰ ਸਜਾਉਂਦੇ ਹਨ। ਅੰਮ੍ਰਿਤਧਾਰੀ ਨਿਹੰਗ ਸਿੰਘ ਸੇਵਾ, ਸਿਮਰਨ ਦੀ ਨਿਪੁੰਨਤਾ, ਸੰਸਾਰਕ ਆਸਾਂ, ਤ੍ਰਿਸ਼ਨਾ ਤੋਂ ਰਹਿਤ ਜਦ ਤਕ ਉਹ *'ਊਠਤਿ ਬੈਠਤ ਸੋਵਤ ਨਾਮ'* ਦੀ ਅਵਸਥਾ ਪ੍ਰਾਪਤ ਨਹੀਂ ਕਰ ਲੈਂਦਾ, ਉਦੋਂ ਤੱਕ ਉਹ ਫਰਲੇ ਦੀ ਦਾਤ ਪ੍ਰਾਪਤ ਕਰਨ ਦਾ ਹੱਕਦਾਰ ਨਹੀਂ ਹੁੰਦਾ।[153] ਫਰਲਾ ਸਿਰਫ ਬੁੱਢਾ ਦਲ ਦੇ ਜਥੇਦਾਰ ਸਾਹਿਬ ਹੀ ਦੇ ਸਕਦੇ ਹਨ।[154] ਫਰਲਾ ਲੈਣ ਵਾਲੇ ਯੋਗ ਨਿਹੰਗ ਸਿੰਘ ਨੂੰ ਇਨ੍ਹਾਂ ਕਸਵੱਟੀਆਂ ਵਿਚੋਂ ਲੰਘਣਾ ਪੈਂਦਾ ਹੈ:

- ਅੰਮ੍ਰਿਤਧਾਰੀ ਨਿਹੰਗ ਸਿੰਘ, ਜੋ ਕਈ ਸਾਲਾਂ ਤਕ ਬਾਣੇ ਵਿਚ ਪ੍ਰਪੱਕ ਹੋ ਕੇ ਦਲ ਵਿਚ ਜਾਂ ਪੜਾਵਾਂ ਤੇ ਸੇਵਾ ਕਰਦਾ ਹੋਵੇ, ਉਸ ਨੂੰ ਫਰਲਾ ਦਿੱਤਾ ਜਾਂਦਾ ਹੈ।

---

150 ਇਹ ਜਾਣਕਾਰੀ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਹੈਡ ਗ੍ਰੰਥੀ ਮਹੰਤ ਤ੍ਰਿਲੋਚਨ ਸਿੰਘ ਜੀ ਪਾਸੋਂ ਬੁੱਢਾ ਦਲ ਦੀ ਛਾਉਣੀ 'ਸ਼ਹੀਦ ਬਾਬਾ ਮਿੱਤ ਸਿੰਘ ਜੀ ਅਤੇ ਛੇ ਹਜ਼ਾਰ ਨਿਹੰਗ ਸਿੰਘਾਂ' ਸ਼ੰਭੂ, ਵਿਖੇ ਮਿਤੀ 20-5-2018 ਨੂੰ ਵੀਡਿਓ ਰਿਕਾਰਡਿੰਗ ਰਾਹੀਂ ਇੰਟਰਵਿਊ ਵਿਚ ਇੱਕਤਰ ਕੀਤੀ ਗਈ।

151 ਇਹ ਜਾਣਕਾਰੀ ਸੰਤ ਗਿਆਨੀ ਇੰਦਰਜੀਤ ਸਿੰਘ ਜੀ ਪਾਸੋਂ ਨਿਰਮਲ ਬੁੰਗਾ ਚੇਤਨ ਬਿਲਾਸ ਹਰੀ, ਸਹੌੜਾ ਪਿੰਡ, ਮੋਹਾਲੀ ਵਿਖੇ ਮਿਤੀ 11 ਫਰਵਰੀ 2019 ਨੂੰ ਵੀਡਿਓ ਰਿਕਾਰਡਿੰਗ ਰਾਹੀਂ ਇੰਟਰਵਿਊ ਵਿਚ ਇੱਕਤਰ ਕੀਤੀ ਗਈ।

152 ਪਿਆਰਾ ਸਿੰਘ ਪਦਮ (ਪ੍ਰੋ.), ਪੰਜਾਬ ਦੀ ਗੌਰਵ ਗਾਥਾ, ਕਲਗੀਧਰ ਕਲਮ ਫਾਉਂਡੇਸ਼ਨ, ਕਲਮ ਮੰਦਿਰ, ਲੋਯਰ ਮਾਲ, ਪਟਿਆਲਾ, 2000, ਪੰਨਾ 37.

153 ਕ੍ਰਿਪਾਲ ਸਿੰਘ ਵੜੈਚ (ਗਿਆਨੀ), ਦੋ ਗੁਰਸਿੱਖ ਨਿਰਮੋਲਕ ਹੀਰੇ, ਪੰਨਾ 59.

154 ਉਹੀ, ਪੰਨਾ 58.

- ਜੋ ਸਿੰਘ ਤਿਆਰ ਬਰ ਤਿਆਰ, ਬਿਹੰਗਮ ਅਤੇ ਆਪਣੇ ਇੰਦਰਿਆਂ ਨੂੰ ਸੰਜਮ ਵਿਚ ਰਖਣਾ ਜਾਣਦਾ ਹੋਵੇ। ਜੇ ਗ੍ਰਹਿਸਥੀ ਨੂੰ ਫਰਲਾ ਦਿੱਤਾ ਜਾਂਦਾ ਹੈ ਤਾਂ ਉਸਨੂੰ ਹਦਾਇਤ ਹੁੰਦੀ ਹੈ ਕਿ ਫਰਲਾ ਮਿਲਣ ਤੋਂ ਬਾਅਦ ਉਹ ਗ੍ਰਹਿਸਥ (ਸੰਭੋਗ) ਨਾ ਕਰੇ।
- ਜੋ ਸਿੰਘ ਦਲ-ਪੰਥ ਦੇ ਕਠਿਨ ਹਠ-ਤਪ, ਜਿਵੇਂ ਕਿ ਗਰਮੀ-ਸਰਦੀ ਵਿਚ ਪ੍ਰਭੂ ਰਜ਼ਾ ਵਿਚ ਜਿਹੋ ਜਿਹਾ ਸਮਾਂ ਆਵੇ ਸ਼ੁਕਰਾਨੇ ਨਾਲ ਗੁਜ਼ਾਰਾ ਕਰੇ। ਹੰਕਾਰ, ਹਉਮੈ, ਕੁੜੱਤਣ ਦਾ ਤਿਆਗ ਕਰਕੇ ਮਿੱਠ ਬੋਲੜਾ ਅਤੇ ਦੁਖ-ਸੁਖ ਨੂੰ ਜਰ ਸਕਣ ਦਾ ਪੱਕਾ ਆਦੀ ਬਣ ਚੁੱਕਾ ਹੋਵੇ।
- 'ਸਤਿ ਬਚਨ' ਜੋ ਸਾਧੂ ਉਪਦੇਸ਼ ਹੈ, ਉਸ ਦੀ ਕਦੇ ਭੀ ਉਲੰਘਣਾ ਨਾ ਕਰਦਾ ਹੋਵੇ, ਸੇਵਾ ਭਾਂਵੇ ਕਿੰਨੀ ਵੀ ਕਠਿਨ ਕਿਉਂ ਨਾ ਹੋਵੇ, ਖਿੜੇ ਮੱਥੇ ਸਤ ਬਚਨ ਕਹਿ ਕੇ ਕਰੇ।
- ਖਾਲਸਾ ਧਰਮ ਸ਼ਾਸਤ੍ਰ ਅਨੁਸਾਰ, "ਫਰਲਾ ਝੁਲਾਉਣ ਦਾ ਨੇਮ ਇਹ ਸੀ ਕਿ ਸੰਬੰਧਿਤ ਸਿੰਘ ਧਰਮ ਯੁੱਧਾਂ ਵਿਚ ਸ਼ਾਮਿਲ ਹੋਇਆ ਹੋਵੇ। ਫਰਲਾ ਜੰਗ ਯੁੱਧ ਦੀ ਬਹਾਦਰੀ ਦੇ ਤਮਗੇ ਹੁੰਦੇ ਹਨ।"[155] ਪੁਰਾਤਨ ਸਮੇਂ ਵਿਚ ਜੰਗਾਂ-ਯੁੱਧਾਂ ਵਿਚ ਬਹਾਦਰੀ ਦਿਖਾਉਣ ਵਾਲੇ ਸਿੰਘ ਨੂੰ 'ਫਰਲਾ' ਦਿੱਤਾ ਜਾਂਦਾ ਸੀ।
- ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 'ਮੁਖਤਿਆਰੇ ਆਮ' ਬਾਬਾ ਦਿਆਲ ਸਿੰਘ ਜੀ ਅਨੁਸਾਰ, "ਫਰਲਾ ਨਿਸ਼ਾਨ ਸਾਹਿਬ ਦਾ ਰੂਪ ਹੈ। ਇਹ ਬੁੱਢੇ ਦਲ ਦਾ ਉੱਚ ਅਹੁਦਾ (ਰੈਂਕ) ਹੈ। ਫਰਲਾ ਵੱਧ ਤੋਂ ਵੱਧ ਬਾਣੀ ਕੰਠ ਕਰਨ, ਰਹਿਤ ਮਰਯਾਦਾ ਵਿਚ ਪਰਪੱਕ ਰਹਿਣ ਵਾਲੇ ਸਿੰਘ ਨੂੰ ਦਿੱਤਾ ਜਾਂਦਾ ਹੈ।"[156]

**ਫਰਲਾ ਦੇਣ ਦੀ ਮਰਯਾਦਾ:**

ਜਦੋਂ ਕਿਸੇ ਸਿੰਘ ਨੂੰ ਫਰਲਾ ਦੇਣਾ ਹੁੰਦਾ ਤਾਂ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ, ਸ਼ਹੀਦੀ ਦੇਗ ਤਿਆਰ ਕਰਕੇ ਅਰਦਾਸ ਕਰਨ ਤੋਂ ਉਪਰੰਤ ਯੋਗ ਸਿੰਘ ਆਪਣੀ ਪੁਰਾਣੀ ਦਸਤਾਰ ਲਾਹ ਦਿੰਦਾ ਹੈ। ਫੇਰ

---

155 ਰਾਮਨਰੈਣ ਸਿੰਘ ਸੋਢੀ (ਟਿੱਕਾ ਸਾਹਿਬ), ਸਿੱਖ ਧਰਮ ਖਾਲਸਾ ਪੰਥ ਦੀ ਬਿਵਸਥਾ ਅਰਥਾਤ ਖਾਲਸਾ ਧਰਮ ਸ਼ਾਸਤ੍ਰ ਦੀ ਪੂਰਬ ਮਿਮਾਂਸਾ, ਪੰਨਾ ੩੬੨.

156 ਇਹ ਜਾਣਕਾਰੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 'ਮੁਖਤਿਆਰੇ ਆਮ' ਬਾਬਾ ਦਿਆਲ ਸਿੰਘ ਜੀ ਪਾਸੋਂ, ਸ੍ਰੀ ਨਿਰਮਲ ਪੰਚਾਇਤੀ ਅਖਾੜਾ ਡੇਰਾ ਧਰਮਧੱਜਾ, ਪਟਿਆਲਾ ਵਿਖੇ ਮਿਤੀ 9 ਮਾਰਚ 2019 ਨੂੰ ਵੀਡਿਉ ਰਿਕਾਰਡਿੰਗ ਰਾਹੀਂ ਇੰਟਰਵਿਊ ਵਿਚ ਇੱਕਤਰ ਕੀਤੀ ਗਈ.

ਪੰਜ ਫਰਲੇ ਵਾਲੇ ਸਿੰਘ ਅਰਦਾਸ ਕਰ ਕੇ ਉਸ ਸਿੰਘ ਦੇ ਸਿਰ 'ਤੇ ਨਵੀਂ ਦਸਤਾਰ ਨਾਲ ਫਰਲਾ ਸਜਾਉਂਦੇ ਹਨ ਅਤੇ ਫਰਲੇ ਦੀ ਮਰਯਾਦਾ ਬਾਰੇ ਜਾਣਕਾਰੀ ਦਿੰਦੇ ਹਨ। ਇੱਥੇ ਇਹ ਗੱਲ ਵਰਨਣਯੋਗ ਹੈ ਕਿ ਫਰਲਾ ਉਹੀ ਨਿਹੰਗ ਸਿੰਘ ਦੇ ਸਕਦੇ ਹਨ ਜੋ ਪਹਿਲਾਂ ਆਪ ਫਰਲਾਧਾਰੀ ਹੋਣ। ਫਰਲਾ ਦੇਣ ਵੇਲੇ ਦਸਤਾਰ ਦਾ ਰੰਗ ਨੀਲਾ ਹੁੰਦਾ ਹੈ। ਹੋਰ ਕਿਸੇ ਵੀ ਰੰਗ ਦਾ ਫਰਲਾ ਨਹੀਂ ਸਜਾਇਆ ਜਾ ਸਕਦਾ।

**ਫਰਲਾ ਪ੍ਰਾਪਤ ਕਰਨ ਤੋਂ ਬਾਅਦ ਨਿਹੰਗ ਸਿੰਘ ਦੀ ਕ੍ਰਿਆ:**

- ਦਿਨ ਰਾਤ ਪ੍ਰਭੂ ਸਿਮਰਨ ਦੀ ਸਵਾਸ-ਸਵਾਸ ਅਰਾਧਨਾ ਕਰਨੀ। ਵੱਧ ਤੋਂ ਵੱਧ ਬਾਣੀ ਪੜ੍ਹਨੀ।
- ਆਸਾ ਤ੍ਰਿਸ਼ਨਾ ਤੋਂ ਰਹਿਤ ਹੋ ਕੇ ਕੇਵਲ ਪ੍ਰਭੂ ਭਗਤੀ ਅਤੇ ਸੇਵਾ ਹੀ ਉਸਦਾ ਜੀਵਨ ਲਕਸ਼ ਹੁੰਦਾ ਹੈ।
- ਫਰਰਾ ਨਿਸ਼ਾਨ ਸਾਹਿਬ ਦਾ ਪ੍ਰਤੀਕ ਹੈ, ਜੋ ਸਿੱਧਾ ਉਪਰ ਖੜਾ ਝੂਲਦਾ ਰਹੇ, ਜਿਸ ਤਰ੍ਹਾਂ ਨਿਸ਼ਾਨ ਸਾਹਿਬ ਟੇਢਾ ਜਾਂ ਲੰਮਾ ਨਹੀਂ ਪਾਇਆ ਜਾ ਸਕਦਾ ਅਤੇ ਸਦਾ ਸਤਿਗੁਰੂ ਦੇ ਦਰਬਾਰ ਦੀ ਸੰਪੂਰਨਤਾ ਦਰਸਾਉਂਦਾ ਹੈ, ਉਸੇ ਤਰ੍ਹਾਂ ਫਰਲੇ ਵਾਲਾ ਸਿੰਘ ਵੀ ਲੰਮਾ ਨਹੀਂ ਪੈ ਸਕਦਾ। ਫਰਲਾਧਾਰੀ ਸਿੰਘ, ਬੈਠ ਕੇ ਹੀ ਨੀਂਦ ਪੂਰੀ ਕਰ ਲਵੇ ਜਾਂ ਸੌਣ ਲੱਗਿਆਂ ਆਪਣਾ ਸਿਰ ਉੱਚਾ ਰਖੇ। ਫਰਰੇ ਵਾਲਾ ਸਿੰਘ ਗੁਰਮੁਖੀ ਦੁਮਾਲੇ ਵਾਲੇ ਸਿੰਘ ਵਾਂਗ ਸਿੱਧਾ ਹੋ ਕੇ ਨਹੀਂ ਸੌਂ ਸਕਦਾ।[157]
- ਬੁੱਢੇ ਦਲ ਦੀ ਪੁਰਾਤਨ ਮਰਯਾਦਾ ਮੁਤਾਬਿਕ 'ਫਰਲੇ' ਵਾਲਾ ਸਿੰਘ ਜਾਂ ਅੰਮ੍ਰਿਤ ਧਾਰੀ ਸਿੰਘ ਦੋ ਸਮੇਂ (ਸਵੇਰ ਅਤੇ ਸ਼ਾਮ) ਦਸਤਾਰ ਪੇਚ-ਪੇਚ ਕਰਕੇ ਉਤਾਰੇ, ਫੇਰ ਚੁਣ ਕੇ ਦੁਬਾਰਾ ਸਜਾਵੇ ਅਤੇ ਦੁਮਾਲੇ ਦਾ ਸਲੋਕ ਪੜ੍ਹੇ।[158] ਦਸਤਾਰ ਹਮੇਸ਼ਾਂ ਬੈਠ ਕੇ ਸਜਾਵੇ।[159]
- ਫਰਲਾ ਹਮੇਸ਼ਾ ਨੀਲੇ ਰੰਗ ਦਾ ਹੀ ਹੁੰਦਾ ਹੈ। ਫਰਲੇ ਵਾਲਾ ਸਿੰਘ ਆਪਣੇ ਸਿਰ 'ਤੇ ਕੋਈ ਪੰਡ ਜਾਂ ਗਠੜੀ ਨਹੀਂ ਚੁੱਕ ਸਕਦਾ।
- ਫਰਲੇਧਾਰੀ ਨਿਹੰਗ ਸਿੰਘ ਆਪਣੇ ਸਿਰ ਦੇ ਉੱਪਰੋਂ ਕੋਈ ਬਸਤ੍ਰ (ਬਨੈਣ ਆਦਿਕ) ਨਹੀਂ ਪਾ ਸਕਦਾ ਅਤੇ ਨਾ ਹੀ ਛਤਰੀ ਲੈ ਸਕਦਾ ਹੈ।

---

157 ਕ੍ਰਿਪਾਲ ਸਿੰਘ ਵੜੈਚ (ਗਿਆਨੀ), ਦੋ ਗੁਰਸਿੱਖ ਨਿਰਮੋਲਕ ਹੀਰੇ, ਪੰਨੇ 59-60.

158 ਉਹੀ, ਪੰਨਾ 62.

159 ਉਹੀ, ਪੰਨਾ 683.

- ਕੇਸੀ ਇਸ਼ਨਾਨ ਕਰਨ ਸਮੇਂ ਫਰਲੇ ਨੂੰ ਗੰਢ ਮਾਰ ਕੇ ਵਿਚ ਕੇਸਾਂ ਵਾਲੇ ਛੋਟੇ ਸ਼ਸਤਰ ਲਪੇਟ ਕੇ, ਮੋਢੇ 'ਤੇ ਰਖ ਲਵੇ। ਕੇਸ ਹਰੇ ਕਰਨ (ਧੋਣ) ਤੋਂ ਬਾਅਦ ਦੁਮਾਲਾ ਸਜਾ ਲੈਣਾ। ਫਰਲੇ ਵਾਲੇ ਸਿੰਘ ਨੂੰ ਭੋਗ ਵਿਲਾਸ ਕਰਨ ਦਾ ਹੁਕਮ ਨਹੀਂ।[160]

ਬੁੱਢਾ ਦਲ ਦੇ ਹਠੀ-ਤਪੀ ਨਿਹੰਗ ਸਿੰਘ ਬਾਬਾ ਕਰਮ ਸਿੰਘ ਡੰਡਿਆਂ ਵਾਲਿਆਂ ਨੇ ਉਪਰੋਕਤ ਦਰਸਾਈ ਸਾਰੀ ਮਰਯਾਦਾ ਜੀਵਨ ਪ੍ਰਯੰਤ ਨਿਭਾਈ ਸੀ। ਨਿਹੰਗ ਸਿੰਘ ਦਸਤਾਰ ਸਜਾਉਣ ਲੱਗਿਆਂ 'ਦੁਮਾਲੇ ਦਾ ਸਲੋਕ' ਪੜ੍ਹਦੇ ਹਨ ਜੋ ਬੁੱਢਾ ਦਲ ਦੇ ਗੁਟਕਾ ਸਾਹਿਬ ਵਿਚ ਦਰਜ ਹੈ। ਇਸ ਸਲੋਕ ਸੰਬੰਧੀ ਸੰਤ ਨਿਹਾਲ ਸਿੰਘ ਲਿਖਦੇ ਹਨ:

ਪ੍ਰਾਤ ਤ੍ਰਿਤੀਯ ਸੁ ਪਹਰ ਮੈਂ ਕੰਘਾ ਕਰ ਯਸ ਪ੍ਰੀਤਿ।
ਚੁਨ ਦਸਤਾਰ ਸਜਾਯ ਭਲ ਪਢਯ ਸਲੋਕ ਪ੍ਰਤੀਤਿ।[161]

ਜਿਸਨੂੰ ਬੁੱਢਾ ਦਲ ਵਲੋਂ 'ਫਰਲਾ' ਮਿਲਦਾ ਹੈ, ਉਹ ਦਸਤਾਰ ਸਜਾਉਣ ਸਮੇਂ ਇਹ ਸ਼ਬਦ ਪੜ੍ਹਦਾ ਹੈ:

"ਸਲੋਕ॥ ਪਤਿ ਰਾਖੀ ਗੁਰ ਪਾਰਬ੍ਰਹਮ ਤਜਿ ਪਰਪੰਚ ਮੋਹ ਬਿਕਾਰ॥
ਨਾਨਕ ਸੋਊ ਆਰਾਧੀਐ ਅੰਤੁ ਨ ਪਾਰਾਵਾਰ॥
ਸਜੈ ਜੋ ਦੁਮਾਲਾ ਛੁਟੈ ਖੂਬ ਫਰਰਾ॥
ਅਜਬ ਸੋਹੇ ਚੱਕਰ ਖੰਡੇ ਤੋੜੇ ਵਾਲਾ
ਗੁਰੂ ਜੀ ਨੇ ਫਤਿਹ ਸਿੰਘ ਜੀ ਕੋ ਬੁਲਾਇਆ॥
ਚਲੈਗੋ ਤੋਰ ਜੈਸਾ ਪੰਥ, ਐਸਾ ਮੁਖ ਸੇ ਅਲਾਇਆ॥
ਹਮ ਅਕਾਲੀ ਸਭ ਕੇ ਵਾਲੀ ਹਮਰਾ ਪੰਥ ਨਿਆਰਾ ਹੈ।
ਦੀਨ ਮਜ਼ਬ ਕਾ ਜੁਧ ਜੋ ਕੀਨਾ ਖੰਡ ਫੜਿਆ ਦੁਧਾਰਾ ਹੈ।
ਛਈ ਮਈ ਮਾਰ ਸਭ ਦੂਰ ਕੀਨੀ ਸਲੋਤਰ ਫੜਿਆ ਕਰਾਰਾ ਹੈ।

---

160 ਇਹ ਜਾਣਕਾਰੀ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਹੈਡ ਗ੍ਰੰਥੀ ਮਹੰਤ ਤ੍ਰਿਲੋਚਨ ਸਿੰਘ ਜੀ ਪਾਸੋਂ ਬੁੱਢਾ ਦਲ ਦੀ ਛਾਉਣੀ 'ਸ਼ਹੀਦ ਬਾਬਾ ਮਿੱਤ ਸਿੰਘ ਜੀ ਅਤੇ ਛੇ ਹਜ਼ਾਰ ਨਿਹੰਗ ਸਿੰਘਾਂ' ਸ਼ੰਭੂ, ਵਿਖੇ ਮਿਤੀ 20-5-2018 ਨੂੰ ਵੀਡਿਓ ਰਿਕਾਰਡਿੰਗ ਰਾਹੀਂ ਇੰਟਰਵਿਊ ਵਿਚ ਇੱਕਤਰ ਕੀਤੀ ਗਈ।

161 ਕ੍ਰਿਪਾਲ ਸਿੰਘ ਵੜੈਚ (ਗਿਆਨੀ), ਦੋ ਗੁਰਸਿੱਖ ਨਿਰਮੋਲਕ ਹੀਰੇ, ਪੰਨਾ 229.

ਗਗਨ ਮੰਡਲ ਮਹਿ ਬੁੰਗਾ ਹਮਾਰਾ ਮਹਾਂ ਕਾਲ ਰਖਵਾਰਾ ਹੈ।

ਸਿਰ ਪਰ ਮੁਕਟ ਮੁਕਟ ਪਰ ਚੱਕਰ ਆਇਆ ਅਜਬ ਹੁਲਾਰਾ ਹੈ।

ਨਾਨਕ ਗੁਰੂ ਗੋਬਿੰਦ ਸਿੰਘ ਜੀ ਤੁਧ ਆਗੇ ਸੀਸ ਹਮਾਰਾ ਹੈ।

ਲਟ ਪਟ ਫਰਰੇ ਸਜ ਰਹੇ ਗੁਰ ਸਬਦਨ ਕੀ ਪਈ ਝੰਕਾਰ।

ਪ੍ਰਗਟੇ ਗੁਰੂ ਗੋਬਿੰਦ ਸਿੰਘ ਜੀ ਜਿਨ ਸਭ ਕੁਲ ਲੀਆ ਉਧਾਰ।"[162]

ਫਰਲੇਧਾਰੀ ਸਿੰਘਾਂ ਨੂੰ ਜਥੇਬੰਦੀ ਵਿਚ ਵਿਸ਼ੇਸ਼ ਸਤਿਕਾਰ ਦਿੱਤਾ ਜਾਂਦਾ ਹੈ। ਫਰਲਾ ਨਾਮ ਸਿਮਰਨ ਭਗਤੀ ਭਾਵ ਅਤੇ ਸੇਵਾ ਦਾ ਪ੍ਰਤੀਕ ਹੈ।[163] ਫਰਲੇ ਵਾਲੇ ਸਿੰਘ ਨੂੰ ਕੜਾਹ ਪ੍ਰਸ਼ਾਦਿ ਦਾ ਦੂਹਰਾ ਗੱਫਾ ਦਿੱਤਾ ਜਾਂਦਾ ਹੈ।[164] ਜਥੇਦਾਰ ਬਾਬਾ ਸੰਤਾ ਸਿੰਘ ਅਨੁਸਾਰ, ਜਦੋਂ ਵੀ ਕੋਈ ਫਰਲੇ ਵਾਲਾ ਨਿਹੰਗ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਜਾਂਦਾ ਸੀ ਤਾਂ ਅਕਾਲ ਤਖ਼ਤ ਸਾਹਿਬ ਵਲੋਂ ਸਵਾ ਰੁਪਇਆ ਭੇਟ ਦਿੱਤੀ ਜਾਂਦੀ ਸੀ। ਇਹ ਮਾਣ ਫਰਲੇ ਵਾਲੇ ਸਿੰਘ ਨੂੰ ਮਿਲਦਾ ਸੀ।[165]

### 3.2.15 ਲੰਗਰ ਦੀ ਮਰਯਾਦਾ:

ਗੁਰੂ ਨਾਨਕ ਦੇਵ ਜੀ ਦੁਆਰਾ ਸ਼ੁਰੂ ਕੀਤੀ ਲੰਗਰ ਸੰਸਥਾ ਅਤੇ ਵੰਡ ਛਕੋ ਦੇ ਸਿਧਾਂਤ ਅਨੁਸਾਰ ਨਿਹੰਗ ਸਿੰਘ ਜਥੇਬੰਦੀ ਵਿਚ ਲੰਗਰ ਦੀ ਵਿਸ਼ੇਸ਼ ਮਹਾਨਤਾ ਹੈ। ਗੁਰਮਤਿ ਵਿਚ ਦੇਗ ਅਤੇ ਤੇਗ ਦੋਹਾਂ ਦੀ ਪ੍ਰਧਾਨਤਾ ਹੈ।

ਅਚਰਜ ਬੀਰ ਪੰਥ ਪ੍ਰਭ ਕੀਆ। ਦੇਗ ਤੇਗ ਦੋਨੋ ਤਿਨ ਦੀਆ।

ਕਾਹੂ ਕਾ ਕਹਿਆ ਨਹੀ ਮਾਨੇ। ਸਤਗੁਰ ਆਗਿਆ ਮਨ ਦਿੜ ਠਾਨੇ।[166]

---

162 ਖਾਲਸਾ ਨਿੱਤਨੇਮ, ਪੰਨੇ ੩੩੮-੩੪੨.

163 ਕ੍ਰਿਪਾਲ ਸਿੰਘ ਵੜੈਚ (ਗਿਆਨੀ), ਦੋ ਗੁਰਸਿੱਖ ਨਿਰਮੋਲਕ ਹੀਰੇ, ਪੰਨਾ 60.

164 ਉਹੀ, ਪੰਨਾ 683.

165 ਸੰਤਾ ਸਿੰਘ ਬਾਬਾ, ਅਕਾਲੀ (ਟੀਕਾਕਾਰ), ਪ੍ਰਾਚੀਨ ਪੰਥ ਪ੍ਰਕਾਸ਼ ਸਟੀਕ, ਭਾਗ ਦੂਜਾ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ, ਚਲਦਾ ਵਹੀਰ, ਪੰਜਾਬ, ਨਵੰਬਰ 2000, ਪੰਨਾ ੩੨੬ (ਫੁਟਨੋਟ)

166 ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼, ਭਾਗ ਦੂਜਾ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਜਨਵਰੀ 1971, ਪੰਨਾ 827

ਸ੍ਰੀ ਚਰਣਹਰਿ ਵਿਸਥਾਰ ਵਿਚ ਦੇਗ ਤੇਗ ਭਾਵ ਲੰਗਰ ਅਤੇ ਸ਼ਸਤਰ ਦੋਹਾਂ ਦੀ ਮਹਾਨਤਾ ਦਰਸਾਈ ਹੈ:

ਏਕ ਜਪਹੁ ਅਰ ਸ਼ਸਤ੍ਰ ਸਜਾਵਹੁ ਗੁਰ ਉਪਦੇਸ਼ ਸੁਨਾਵੈਂ ਜੀ।

ਲੰਗਰ ਯੱਗ ਅਤੋਟ ਚਲੇ ਸਦ ਜੋ ਆਵੈ ਸੋ ਖਾਵੈ ਜੀ।[167]

ਗੁਰੂ ਘਰ ਦੇ ਲੰਗਰਾਂ ਵਿਚ ਵਿਚ ਪ੍ਰੇਮ ਸਤਿਕਾਰ ਅਤੇ ਸ਼ਰਧਾ ਨਾਲ ਲੰਗਰ ਤਿਆਰ ਕੀਤਾ ਜਾਂਦਾ ਹੈ:

ਵਾਹਗੁਰੂ ਕੀ ਦੇਗ ਲਖ ਸਿੰਘਹਿ ਪ੍ਰੇਮ ਪਸਾਰ॥

ਭਲੀ ਭਾਂਤ ਜੋ ਛਕਾਵਈ ਸੋਈ ਸਿੰਘ ਉਦਾਰ॥[168]

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਬਾਬਾ ਆਲਾ ਸਿੰਘ ਆਪਣੇ ਹੱਥੀਂ ਲੰਗਰ ਦੀ ਸੇਵਾ ਕਰਦੇ ਸਨ।[169] ਨਿਹੰਗ ਸਿੰਘ ਜਦੋਂ ਲੰਗਰ ਤਿਆਰ ਕਰ ਲੈਂਦੇ ਹਨ ਤਾਂ ਨਗਾਰੇ ਉੱਤੇ ਚੋਬ ਲਗਾ ਕੇ ਲੰਗਰ ਤਿਆਰ ਹੋਣ ਦਾ ਇਸ਼ਾਰਾ ਕੀਤਾ ਜਾਂਦਾ ਹੈ। ਲਾਂਗਰੀ ਸਿੰਘ ਉੱਚੀ ਅਵਾਜ਼ ਵਿਚ ਲੰਗਰ ਛਕ ਲੈਣ ਲਈ ਹੋਕਾ ਦਿੰਦਾ ਹੈ। ਇਸ ਸੰਬੰਧੀ ਗਿਆਨੀ ਗਿਆਨ ਲਿਖਦੇ ਹਨ:

ਦੇਤ ਅਵਾਜਾ ਭੂਖਾ ਕੋਈ। ਆਓ ਦੇਗ ਤਯਾਰ ਗੁਰੂ ਹੋਈ।

ਓਸ ਸਮੇ ਬੈਰੀ ਦਿਣ ਆਵੈ। ਪਰਮ ਮੀਤ ਸਮ ਤਾਹਿ ਛਕਾਵੈ।

ਬੈਰੀ ਮਿੱਤਰ ਕੋ ਸਮ ਦੈਹੈ। ਬਚੈ ਤ ਪੀਛੇ ਖੁਦ ਖਾ ਲੈਹੈਂ।[170]

ਸਾਰੀ ਸੰਗਤ ਨੂੰ ਲੰਗਰ ਛਕਾਉਣ ਉਪਰੰਤ ਜੋ ਪਿੱਛੇ ਬਚ ਜਾਂਦਾ, ਉਹ ਲਾਂਗਰੀ ਸਿੰਘ ਛਕ ਲੈਂਦੇ ਹਨ। ਜੇਕਰ ਕਦੇ ਲੰਗਰ ਨਾ ਬਚੇ ਤਾਂ ਲੰਗਰ 'ਮਸਤਾਨਾ' ਆਖ ਕੇ ਸਬਰ ਕੀਤਾ ਜਾਂਦਾ ਹੈ। ਨਿਹੰਗ ਸਿੰਘਾਂ ਨੇ ਜੰਗਲਾਂ, ਬੇਲਿਆਂ ਵਿਚ ਵੀ ਗੁਰੂ ਕੇ ਲੰਗਰਾਂ ਦੀ ਮਰਯਾਦਾ ਨੂੰ ਸੁਰਜੀਤ ਰਖਿਆ। ਕਈ-ਕਈ ਦਿਨ ਖਾਲਸੇ ਨੂੰ ਪ੍ਰਸ਼ਾਦਾ ਨਸੀਬ ਨਹੀਂ ਸੀ ਹੁੰਦਾ। ਭੁੱਖ ਅਤੇ ਲੰਮੇ-ਲੰਮੇ ਪੈਂਡਿਆਂ ਦੇ ਸਫ਼ਰ ਵੀ ਖਾਲਸੇ ਦੀ ਚੜ੍ਹਦੀ ਕਲਾ ਨੂੰ ਨਾ ਡੁਲਾ ਸਕੇ।

---

167 ਬਲਬੀਰ ਸਿੰਘ (ਡਾ.), ਸ੍ਰੀ ਚਰਣਹਰਿ ਵਿਸਥਾਰ, ਜਿਲਦ ਦੂਜੀ, ਮੈਨੇਜਰ ਖਾਲਸਾ ਸਮਾਚਾਰ, ਹਾਲ ਬਾਜ਼ਾਰ, ਅੰਮ੍ਰਿਤਸਰ, ਅਪ੍ਰੈਲ 1941, ਪੰਨਾ 126.

168 ਸੁਮੇਰ ਸਿੰਘ (ਬਾਬਾ), ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼, ਡਾ. ਅੱਛਰ ਸਿੰਘ ਕਾਹਲੋਂ (ਸੰਪਾ.), ਪੰਨਾ 131.

169 ਕਾਨ੍ਹ ਸਿੰਘ ਨਾਭਾ (ਭਾਈ), ਗੁਰਮਤ ਸੁਧਾਕਾਰ, ਸ੍ਰੀ ਗੁਰੁਮਤ ਪ੍ਰੈਸ, ਸ੍ਰੀ ਅੰਮ੍ਰਿਤਸਰ, ਤੀਜੀ ਵਾਰ, 1922, ਪੰਨਾ ੮੫ (ਫੁਟਨੋਟ)

170 ਗਿਆਨ ਸਿੰਘ (ਗਿਆਨੀ), ਪੰਥ ਪ੍ਰਕਾਸ਼, ਪੰਨਾ 728.

ਅੱਧੀ ਮੌਤ ਮੁਸਾਫਰੀ ਸਾਰੀ ਮੌਤ ਸੁ ਭੁੱਖ।

ਊਹਾਂ ਆਇ ਦੋਊ ਮਿਲੀ ਯਹ ਭਯੋ ਖਾਲਸੇ ਦੁੱਖ।[171]

ਨਿਹੰਗ ਸਿੰਘ ਸਰਬਲੋਹ ਦੇ ਬਾਟਿਆਂ ਵਿਚ ਲੰਗਰ ਪਕਾਉਂਦੇ ਅਤੇ ਛਕਦੇ ਹਨ। ਇੱਕੋ ਬਾਟੇ ਵਿੱਚ ਬੈਠ ਕੇ ਛਕਣ ਵਾਲਿਆਂ ਨੂੰ 'ਸੁਨਹਿਰੀਏ' ਕਿਹਾ ਜਾਂਦਾ ਹੈ।[172]

**ਬਿਬੇਕ ਦਾ ਲੰਗਰ:**

ਇਹ ਸ਼ਬਦ ਸੰਸਕ੍ਰਿਤ ਦੇ 'ਵਿਵੇਕ' ਦਾ ਤਦਭਵ ਰੂਪ ਹੈ ਅਤੇ ਇਸਦਾ ਅਰਥ ਹੈ ਬੌਧਿਕ ਦਸ਼ਾ। ਜਦੋਂ ਵਿਅਕਤੀ ਹੰਸ ਵਾਂਗ ਦੁੱਧ ਅਤੇ ਪਾਣੀ ਨੂੰ ਨਿਤਾਰ ਸਕਦਾ ਹੈ, ਉਹ ਬਿਬੇਕੀ ਕਹਿਲਾਉਂਦਾ ਹੈ। ਨਿਹੰਗ ਸਿੰਘਾਂ ਦੇ ਲੰਗਰ ਵਿਚ 'ਬਿਬੇਕ' ਦਾ ਲੰਗਰ ਪਕਾਇਆ ਜਾਂਦਾ ਹੈ। ਬਿਬੇਕ ਦੇ ਲੰਗਰ ਤੋਂ ਭਾਵ ਹੈ ਕਿ ਸਰਬਲੋਹ ਦੇ ਬਰਤਨਾਂ ਵਿਚ ਬਣਾਇਆ ਜਾਂਦਾ ਲੰਗਰ। ਬਿਬੇਕ ਦੇ ਲੰਗਰ ਲਈ ਖੂਹ ਦਾ ਜਲ ਵਰਤਦੇ ਸਨ। ਤਿਆਰ-ਬਰ-ਤਿਆਰ ਸਿੰਘ ਹੀ ਬਿਬੇਕ ਦੇ ਲੰਗਰ (ਰਸੋਈ) ਵਿਚ ਜਾ ਸਕਦਾ ਹੈ। ਸੱਚ-ਸੁੱਚ ਦਾ ਨਾਂ ਹੀ ਬਿਬੇਕ ਹੈ।[173] ਨਿਹੰਗ ਸਿੰਘ ਸਰਬਲੋਹ ਨੂੰ ਬਹੁਤ ਪਸੰਦ ਕਰਦੇ ਹਨ। ਤਨ ਉੱਤੇ ਸਰਬਲੋਹ ਦੇ ਸ਼ਸਤਰ ਧਾਰਨ ਕਰਦੇ ਹਨ ਅਤੇ ਸਰਬਲੋਹ ਦੇ ਬਾਟਿਆਂ ਵਿਚ ਹੀ ਛਕਦੇ ਹਨ।

ਬਾਬਾ ਮਿੱਤ ਸਿੰਘ ਜੀ ਦੇ ਬੁੱਢੇ ਦਲ ਵਿਚ ਪ੍ਰਵੇਸ਼ ਹੋਣ ਤੋਂ ਪਹਿਲਾਂ ਪਿੱਤਲ ਦਾ ਕੜਛਾ ਚਲਦਾ ਸੀ, ਭਾਵ ਕਿਸੇ ਭੀ ਧਾਤੂ ਦੇ ਬਰਤਨਾਂ ਵਿਚ ਲੰਗਰ ਬਣਾ ਲਿਆ ਜਾਂਦਾ ਸੀ, ਪਹਿਲਾਂ ਲੰਗਰ ਮਰਯਾਦਾ ਬੱਧ (ਸਰਬਲੋਹ) ਦੇ ਬਰਤਨਾਂ ਵਿਚ ਨਹੀਂ ਸੀ ਸਜਾਇਆ ਜਾਂਦਾ। ਭਾਂਵੇ ਸਿੰਘਾਂ ਕੋਲ ਸਰਬਲੋਹ ਦੇ ਬਾਟੇ ਤਾਂ ਹੁੰਦੇ ਸਨ ਪਰ ਲੰਗਰ ਦੇ ਬਰਤਨਾਂ ਲਈ ਰਲਵੇਂ-ਮਿਲਵੇਂ ਬਰਤਨ ਵਰਤ ਲਏ ਜਾਂਦੇ ਸਨ। ਬਾਬਾ ਮਿੱਤ ਸਿੰਘ ਜੀ ਨੇ ਬਿਬੇਕ ਦੀ ਮਰਯਾਦਾ ਨੂੰ ਦੁਬਾਰਾ ਕਾਇਮ ਕੀਤਾ ਸੀ। ਇਸ ਕ੍ਰਿਆ ਦਾ ਪ੍ਰਭਾਵ ਉਸ ਸਮੇਂ ਦੇ ਬੁੱਢਾ ਦਲ ਦੇ

---

171 ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਡਾ. ਬਲਵੰਤ ਸਿੰਘ ਢਿਲੋਂ (ਸੰਪਾ.), ਪੰਨਾ ੨੯੪.

172 ਸੰਤਾ ਸਿੰਘ ਬਾਬਾ, ਅਕਾਲੀ, (ਟੀਕਾਕਾਰ), ਪ੍ਰਾਚੀਨ ਪੰਥ ਪ੍ਰਕਾਸ਼ ਸਟੀਕ, ਭਾਗ ਪਹਿਲਾ, (ਪ੍ਰਕਾ.) ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ, ਲੋਇਰ ਮਾਲ ਰੋਡ, ਪਟਿਆਲਾ, 5 ਜੂਨ 2000, ਪੰਨਾ 6.

173 ਇਹ ਜਾਣਕਾਰੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 'ਮੁਖਤਿਆਰੇ ਆਮ' ਬਾਬਾ ਦਿਆਲ ਸਿੰਘ ਜੀ ਪਾਸੋਂ, ਸ੍ਰੀ ਨਿਰਮਲ ਪੰਚਾਇਤੀ ਅਖਾੜਾ ਡੇਰਾ ਧਰਮਧੱਜਾ, ਪਟਿਆਲਾ ਵਿਖੇ ਮਿਤੀ 9 ਮਾਰਚ 2019 ਨੂੰ ਵੀਡਿਉ ਰਿਕਾਰਡਿੰਗ ਰਾਹੀਂ ਇੰਟਰਵਿਊ ਵਿਚ ਇੱਕਤਰ ਕੀਤੀ ਗਈ।

ਜਥੇਦਾਰ ਬਾਬਾ ਤੇਜਾ ਸਿੰਘ ਜੀ ਉੱਤੇ ਵੀ ਪਿਆ ਅਤੇ ਬਾਬਾ ਜੀ ਨੇ ਮੁੜ ਤੋਂ 'ਬਿਬੇਕ' ਦੀ ਮਰਯਾਦਾ ਚਲਾ ਦਿੱਤੀ।[174]

**ਕੜਾਹ ਪ੍ਰਸ਼ਾਦਿ ਦੀ ਮਰਯਾਦਾ:**

ਨਿਹੰਗ ਸਿੰਘ ਬਾਣੀ ਪੜ੍ਹਦੇ ਹੋਏ ਸੁੱਚਮਤਾ ਨਾਲ ਕੜਾਹ ਪ੍ਰਸ਼ਾਦਿ ਤਿਆਰ ਕਰਦੇ ਹਨ। ਭਾਈ ਨੰਦ ਲਾਲ ਜੀ ਆਪਣੇ ਰਹਿਤਨਾਮੇ ਵਿਚ ਕੜਾਹ ਪ੍ਰਸ਼ਾਦਿ ਤਿਆਰ ਕਰਨ ਦੀ ਵਿਧੀ ਇਸ ਤਰ੍ਹਾਂ ਲਿਖਦੇ ਹਨ:

ਕੜਾਹ ਪ੍ਰਸਾਦਿ ਕੀ ਬਿਧਿ ਸੁਨ ਲੀਜੈ। ਤੀਨ ਭਾਂਤ ਕੋ ਸਮਸਰ ਕੀਜੈ।
ਲੇਪਨ ਆਗੇ ਬਹੁਕਰ ਦੀਜੈ। ਮਾਂਜਨ ਕਰ ਭਾਂਜਨ ਧੋਵੀਜੈ।
ਕਰਿ ਇਸਨਾਨ ਪਵਿਤ੍ਰ ਹੁਇ ਬਹਹਿ। ਵਾਹਿਗੁਰੂ ਬਿਨ ਅਵਰ ਨ ਕਹਹਿ।
ਨਵਤਨ ਕੁੰਭ ਪੂਰਿ ਜਲ ਲੇਹੁ। ਗੋਬਿੰਦ ਸਿੰਘ ਸਫਲ ਤਿਹ ਦੇਹ।
ਕਰਿ ਤਿਆਰ ਚਉਕੀ ਪਰ ਧਰੈ। ਚਾਰ ਓਰ ਕੀਰਤਨ ਬਹਿ ਕਰੈ।[175]

ਨਿਹੰਗ ਸਿੰਘਾਂ ਵਿਚ ਇਹ ਮਰਯਾਦਾ ਹੈ ਕਿ ਕੜਾਹ ਪ੍ਰਸ਼ਾਦਿ ਬਣਾਉਂਦੇ ਹੋਏ ਪਹਿਲਾਂ ਜਲ ਵਿਚ ਖੰਡ ਮਿਲਾ ਕੇ ਚਾਸ਼ਨੀ ਤਿਆਰ ਕਰ ਲੈਂਦੇ ਹਨ ਅਤੇ ਅੱਗ ਮੱਧਮ ਕਰਕੇ ਫੇਰ ਚਾਸ਼ਨੀ ਮਿਲਾਈ ਜਾਂਦੀ ਹੈ। ਨਿਹੰਗ ਸਿੰਘ ਹਮੇਸ਼ਾ ਸਰਬਲੋਹ ਦੇ ਬਰਤਨਾਂ ਵਿਚ ਹੀ ਕੜਾਹ ਪ੍ਰਸ਼ਾਦਿ ਤਿਆਰ ਕਰਦੇ ਹਨ। ਭਾਈ ਦੇਸਾ ਸਿੰਘ ਦੇ ਰਹਿਤਨਾਮੇ ਵਿਚ ਕੜਾਹ ਪ੍ਰਸ਼ਾਦਿ ਦੀ ਮਰਯਾਦਾ ਬਾਰੇ ਵਰਨਣ ਕੀਤਾ ਗਿਆ ਹੈ।[176]

ਇਸੇ ਤਰ੍ਹਾਂ ਹੀ ਬੁੱਢਾ ਦਲ ਦੇ 'ਮੁਖਤਿਆਰੇ ਆਮ' ਬਾਬਾ ਦਿਆਲ ਸਿੰਘ ਜੀ ਕੜਾਹ ਪ੍ਰਸ਼ਾਦਿ ਵਰਤਾਉਣ ਸੰਬੰਧੀ ਦਸਦੇ ਹਨ ਕਿ, "ਨਿਹੰਗ ਸਿੰਘ ਕੜਾਹ ਪ੍ਰਸ਼ਾਦਿ ਨੂੰ ਭੋਗ ਲਗਵਾ ਕੇ ਛੇਵਾਂ ਵਰਤਾਰਾ ਜਲ ਵਿਚ ਪਾਉਂਦੇ ਹਨ। ਕੜਾਹ ਪ੍ਰਸ਼ਾਦਿ ਵਰਤਾਉਣ ਵੇਲੇ ਤਾਬਿਆ ਬੈਠੇ ਗ੍ਰੰਥੀ ਸਿੰਘ ਲਈ ਕੱਢੇ ਗੱਫੇ ਨੂੰ 'ਨਾਨਕ ਬਾਟਾ' ਆਖਿਆ ਜਾਂਦਾ ਹੈ।"[177] ਖਾਲਸਾ ਧਰਮ ਸ਼ਾਸਤ੍ਰ ਅਨੁਸਾਰ ਇਸ ਵਰਤਾਰੇ ਨੂੰ 'ਨਾਨਕ

---

174 ਕ੍ਰਿਪਾਲ ਸਿੰਘ ਵੜੈਚ (ਗਿਆਨੀ), ਦੋ ਗੁਰਸਿੱਖ ਨਿਰਮੋਲਕ ਹੀਰੇ, ਪੰਨਾ 92.

175 ਪਿਆਰਾ ਸਿੰਘ ਪਦਮ (ਸੰਪਾ.), ਰਹਿਤਨਾਮੇ, ਪੰਨਾ ੫੭.

176 ਉਹੀ, ਪੰਨਾ ੧੩੫.

177 ਇਹ ਜਾਣਕਾਰੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 'ਮੁਖਤਿਆਰੇ ਆਮ' ਬਾਬਾ ਦਿਆਲ ਸਿੰਘ ਜੀ ਪਾਸੋਂ, ਸ੍ਰੀ ਨਿਰਮਲ ਪੰਚਾਇਤੀ ਅਖਾੜਾ ਡੇਰਾ ਧਰਮਧੱਜਾ, ਪਟਿਆਲਾ ਵਿਖੇ ਮਿਤੀ 9 ਮਾਰਚ 2019 ਨੂੰ ਵੀਡਿਉ ਰਿਕਾਰਡਿੰਗ ਰਾਹੀਂ ਇੰਟਰਵਿਊ ਵਿਚ ਇੱਕਤਰ ਕੀਤੀ ਗਈ।

ਵੰਡਾ' ਵੀ ਆਖਿਆ ਜਾਂਦਾ ਹੈ।[178] ਫਰਲੇਧਾਰੀ ਸਿੰਘ ਨੂੰ 'ਨਿਸ਼ਾਨ ਸਾਹਿਬ' ਦਾ ਸਤਿਕਾਰ ਜਾਣ ਕੇ ਕੜਾਹ ਪ੍ਰਸ਼ਾਦਿ ਦਾ ਦੂਹਰਾ ਗੱਫਾ ਦਿੱਤਾ ਜਾਂਦਾ ਹੈ।

### 3.2.16 ਝਟਕਾ:

ਨਿਹੰਗ ਸਿੰਘ ਜਥੇਬੰਦੀ ਵਿਚ ਝਟਕਾ ਕਰਨ ਦੀ ਰਵਾਇਤ ਹੈ। ਨਿਹੰਗ ਸਿੰਘ ਝਟਕੇ ਨੂੰ ਮਹਾ ਪ੍ਰਸ਼ਾਦ, ਅਜਾ, ਅਜਾ ਸੂਨ, ਡਲੇ, ਚੋਟੰਗਾ ਜਾਂ ਛੱਤ੍ਰੀ ਭੋਜਨ ਆਦਿਕ ਨਾਵਾਂ ਨਾਲ ਸੰਬੋਧਨ ਕਰਦੇ ਹਨ। ਨਿਹੰਗ ਸਿੰਘਾਂ ਦੇ ਲਗਭਗ ਹਰ ਦਲ ਵਿਚ ਹੀ ਝਟਕਾ ਕੀਤਾ ਜਾਂਦਾ ਹੈ। ਕਈ ਨਿਹੰਗ ਸਿੰਘ ਝਟਕਾ ਨਹੀਂ ਛਕਦੇ।

**ਝਟਕੇ ਦੀ ਪਰਿਭਾਸ਼ਾ:**

ਸਤਿ ਸ੍ਰੀ ਅਕਾਲ ਕਹਿ ਕੇ ਸ਼ਸਤਰ ਦੇ ਇਕ ਵਾਰ ਨਾਲ ਹੀ ਜੀਵ ਦਾ ਸਿਰ ਵੱਢਣ ਨੂੰ ਝਟਕਾ ਆਖਦੇ ਹਨ।[179] ਮਸ਼ੀਨ ਅਥਵਾ ਬਿਜਲੀ ਦੀ ਲਹਿਰ ਨਾਲ ਛਿਨ ਭਰ ਵਿਚ ਮਾਰੇ ਹੋਏ ਜੀਵ ਦਾ ਮਾਸ ਵੀ ਝਟਕਾ ਸਮਝਿਆ ਜਾਂਦਾ ਹੈ।[180] ਝਟਕੇ ਤੋਂ ਭਾਵ ਹੈ ਕਿ ਜਾਨਵਰ ਨੂੰ ਜਿਸ ਤਰ੍ਹਾਂ ਹੋ ਸਕੇ ਛੇਤੀ ਤੋਂ ਛੇਤੀ ਮਾਰਿਆ ਜਾਵੇ, ਤਲਵਾਰ ਨਾਲ ਜਾਂ ਗੋਲੀ ਨਾਲ ਮਾਰਨਾ, ਪਾਣੀ ਵਿਚੋਂ ਕਢਿਆਂ ਸਹਿਜੇ ਹੀ ਮੱਛੀ ਨੇ ਮਰ ਜਾਣਾ, ਏਹ ਸਭ ਝਟਕਾ ਹੈ, ਭਾਵ ਛੇਤੀ ਅਤੇ ਅਸਾਨੀ ਨਾਲ ਮਾਰਨਾ, ਝਟਕਾ ਹੈ।[181] ਝਟਕੇ ਦਾ ਅਰਥ ਹੈ ਕਿ ਜਾਨਵਰ ਨੂੰ ਝਟ ਪਟ ਤੁਰੰਤ ਮਾਰਿਆ ਜਾਵੇ।[182] A Popular Dictionary of Sikhism ਅਨੁਸਾਰ, "Jhatka is a technical term used to describe the approved method of animal slaughter and the meat which results from it. The words Sat Sri Akal should be said

---

178 ਰਾਮਨਰੈਣ ਸਿੰਘ ਸੋਢੀ (ਟਿੱਕਾ ਸਾਹਿਬ), ਸਿੱਖ ਧਰਮ ਖਾਲਸਾ ਪੰਥ ਦੀ ਬਿਵਸਥਾ ਅਰਥਾਤ ਖਾਲਸਾ ਧਰਮ ਸ਼ਾਸਤ੍ਰ ਦੀ ਪੂਰਬ ਮਿਮਾਂਸਾ, ਪੰਨਾ ੮੯.

179 ਕਾਨ੍ਹ ਸਿੰਘ ਨਾਭਾ (ਭਾਈ), ਗੁਰੁ ਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 542.

180 ਉਹੀ ਲੇਖਕ, ਗੁਰੁਮਤ ਮਾਰਤੰਡ, ਭਾਗ ਪਹਿਲਾ, ਪੰਨਾ ੩੦੫ (ਫੁਟਨੋਟ); Gurbir Singh, Gagandeep Kaur, The Valiant Ones, Kesar Media Private Limited, Chandigarh & Lahore Books, Ludhiana, 2011, p.44.

181 ਸ਼ੇਰ ਸਿੰਘ (ਗਿਆਨੀ), ਧਰਮ ਦਾ ਛਤ੍ਰ ਅਰਥਾਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਬ੍ਰਿਤਾਂਤ, (ਪ੍ਰਕਾ.) ਮੈਨੇਜਰ ਗੁਰਮਤ ਪ੍ਰਚਾਰ ਲੜੀ, ਹਾਲ ਬਾਜ਼ਾਰ, ਰਾਵਲਪਿੰਡੀ, ਮਿਤੀਹੀਨ, ਪੰਨਾ 194.

182 ਨਰਿੰਜਨ ਸਿੰਘ ਸਰਲ, ਝਟਕਾ ਪ੍ਰਕਾਸ਼, ਅਕਾਲ ਸਹਾਇ ਚੈਰੀਟੇਬਲ ਟ੍ਰਸਟ, ਚੰਡੀਗੜ੍ਹ, ਦੂਜੀ ਵਾਰ, ਮਈ 2008, ਪੰਨਾ 1.

over the animal and then its head severed from his body by a single blow with a sharp sword or other instrument. Although this is how Sikhs may kil animals there is a little evidence to suggest that they will only eat meat which is jhatka."[183] ਡਾ. ਰਤਨ ਸਿੰਘ ਜੱਗੀ ਨੇ ਝਟਕੇ ਨੂੰ ਇਉਂ ਪਰਿਭਾਸ਼ਿਤ ਕੀਤਾ ਹੈ:

ਕਿਸੇ ਖਾਏ ਜਾਣ ਯੋਗ ਪਸ਼ੂ ਜਾਂ ਪੰਛੀ ਦਾ ਝਟਪਟ ਸਿਰ ਗਰਦਨ ਨਾਲੋਂ ਜੁਦਾ ਕਰਨਾ। ਮੂਲ ਰੂਪ ਵਿਚ ਤਲਵਾਰ ਦੇ ਇਕੋ ਵਾਰ ਨਾਲ ਪਸ਼ੂ ਦਾ ਸਿਰ ਕੱਟਿਆ ਜਾਂਦਾ ਸੀ, ਪਰ ਬਾਅਦ ਵਿਚ ਬੰਦੂਕ ਜਾਂ ਕਿਸੇ ਹੋਰ ਸ਼ਸਤਰ ਨਾਲ ਪਸ਼ੂ ਨੂੰ ਮਾਰਨਾ ਵੀ ਝਟਕੇ ਦੇ ਅੰਤਰਗਤ ਹੋ ਗਿਆ, ਬਸ ਸ਼ਰਤ ਇਹ ਹੈ ਕਿ ਪਸ਼ੂ ਜਾਂ ਪੰਛੀ ਨੂੰ ਇਕਦਮ ਮਾਰ ਦਿੱਤਾ ਜਾਏ, ਨਾ ਕਿ ਉਸ ਨੂੰ ਹੌਲੀ-ਹੌਲੀ ਦੁਖ ਦੇ ਕੇ ਕੋਹਿਆ ਜਾਏ। ਆਮ ਤੌਰ 'ਤੇ ਝਟਕਾਉਣ ਵੇਲੇ 'ਸਤਿ ਸ੍ਰੀ ਅਕਾਲ' ਉਕਤੀ ਉਚਾਰੀ ਜਾਂਦੀ ਹੈ।[184] ਬੁੱਢਾ ਦਲ ਦੇ ਹੈੱਡਗ੍ਰੰਥੀ ਬਾਬਾ ਮੱਘਰ ਸਿੰਘ ਅਤੇ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਹੈੱਡਗ੍ਰੰਥੀ ਮਹੰਤ ਤ੍ਰਿਲੋਚਨ ਸਿੰਘ ਅਨੁਸਾਰ "ਜਿਸ ਜੀਵ ਵਿਚੋਂ ਸ੍ਰੀ ਸਾਹਿਬ ਲੰਘ ਗਈ, ਸਮਝੋ ਉਹ ਪਵਿਤਰ ਹੋ ਗਿਆ।"[185] ਕੋਇਰ ਸਿੰਘ ਦੁਆਰਾ ਲਿਖੇ ਗੁਰ ਬਿਲਾਸ ਪਾਤਸ਼ਾਹੀ ੧੦ ਵਿਚ ਝਟਕੇ ਦਾ ਜ਼ਿਕਰ ਹੈ:

ਝਟਕਾ ਕਰਯੋ ਤੈਸ ਬਿਧਿ ਜਾਈ। ਰੁਧਿਰ ਪ੍ਰਵਾਹ ਚਲਯੋ ਤਬ ਧਾਈ।[186]

ਝਟਕਾ ਬੰਦੂਕ ਨਾਲ ਵੀ ਕੀਤਾ ਜਾਂਦਾ ਹੈ।[187] ਭਾਈ ਸੰਤੋਖ ਸਿੰਘ ਜੀ ਨੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਰੁਤ ੬ ਦੇ ਅੰਸੂ ੪੫ ਵਿਚ ਲਿਖਿਆ ਹੈ ਕਿ ਗੁਲਾਬੇ ਦੇ ਘਰ ਨਿਵਾਸ ਕਰਦਿਆਂ ਹੋਇਆਂ ਗੁਰੂ ਗੋਬਿੰਦ ਸਿੰਘ ਜੀ ਨੇ ਬੰਦੂਕ ਨਾਲ ਬੱਕਰੇ ਦਾ ਝਟਕਾ ਕੀਤਾ:

---

183 W. Owen Cole and Piara Singh Sambhi, A Popular Dictionary of Sikhism, Rupa.Co, 1990, pp. 89-90.

184 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਤੀਜਾ, ਗਰੇਸ਼ੀਅਸ ਬੁਕਸ, ਪਟਿਆਲਾ, 2014, ਪੰਨਾ 997.

185 ਇਹ ਜਾਣਕਾਰੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਹੈਡ ਗ੍ਰੰਥੀ ਬਾਬਾ ਮੱਘਰ ਸਿੰਘ ਅਤੇ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਹੈਡ ਗ੍ਰੰਥੀ ਮਹੰਤ ਤ੍ਰਿਲੋਚਨ ਸਿੰਘ ਜੀ ਪਾਸੋਂ ਬੁੱਢਾ ਦਲ ਦੀ ਛਾਉਣੀ 'ਸ਼ਹੀਦ ਬਾਬਾ ਮਿੱਤ ਸਿੰਘ ਜੀ ਅਤੇ ਛੇ ਹਜ਼ਾਰ ਨਿਹੰਗ ਸਿੰਘਾਂ' ਸ਼ੰਭੂ, ਵਿਖੇ ਮਿਤੀ 19-5-2018 ਨੂੰ ਵੀਡਿਉ ਰਿਕਾਰਡਿੰਗ ਰਾਹੀਂ ਇੰਟਰਵਿਊ ਵਿਚ ਇੱਕਤਰ ਕੀਤੀ ਗਈ।

186 ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦਸੰਬਰ 1968, ਪੰਨਾ 128.

187 ਕਾਨ੍ਹ ਸਿੰਘ ਨਾਭਾ (ਭਾਈ), ਗੁਰੁਮਤ ਮਾਰਤੰਡ, ਭਾਗ ਪਹਿਲਾ, ਪੰਨਾ ੩੦੬.

ਤੁਪਕ ਮਾਰਿ ਝਟਕਾ ਕਰਯੋ ਭਾ ਸ਼ਬਦ ਉਚੇਰੋ।[188]

**ਨਿਹੰਗ ਸਿੰਘ ਜਥੇਬੰਦੀ ਵਿਚ ਝਟਕਾ ਕਰਨ ਦੀ ਵਿਧੀ:**

ਨਿਹੰਗ ਸਿੰਘਾਂ ਵਿਚ ਗੁਰਪੁਰਬਾਂ ਮੌਕੇ ਝਟਕਾ ਕੀਤਾ ਜਾਂਦਾ ਹੈ। ਕਈ ਪ੍ਰੇਮੀ ਸੱਜਣਾਂ ਵਲੋਂ ਅਰਦਾਸ ਕਰਵਾਉਣ ਸਮੇਂ ਵੀ ਦਲਾਂ ਵਿਚ ਚੋਟੰਗਾ (ਬੱਕਰਾ) ਭੇਟ ਕੀਤਾ ਜਾਂਦਾ ਹੈ। ਝਟਕਾ ਕਰਨ ਵਾਲੇ ਸਿੰਘ ਨੂੰ ਸ਼ਸਤਰ ਵਿੱਦਿਆ ਦਾ ਅਭਿਆਸ ਹੋਣਾ ਜ਼ਰੂਰੀ ਹੁੰਦਾ ਹੈ ਭਾਵ ਉਸਨੂੰ ਤੇਗ ਚਲਾਉਣ ਵਿਚ ਮੁਹਾਰਤ ਹਾਸਿਲ ਹੋਵੇ। ਅਜਿਹਾ ਨਾ ਹੋਣ ਨਾਲ ਕਈ ਵਾਰ 'ਫਟਕਾ' ਹੋ ਜਾਂਦਾ ਹੈ। ਝਟਕਾ ਕਰਨ ਦੀ ਮਰਯਾਦਾ ਇਹ ਹੈ ਕਿ ਸਭ ਤੋਂ ਪਹਿਲਾਂ ਬੱਕਰੇ ਨੂੰ ਨੁਹਾ ਕੇ ਬੰਨ੍ਹ ਦਿੱਤਾ ਜਾਂਦਾ ਹੈ। ਜੇਕਰ ਇਕ ਤੋਂ ਵੱਧ ਬੱਕਰੇ ਹੋਣ ਤਾਂ ਸਭ ਨੂੰ ਨੁਹਾ ਕੇ ਇਕ ਥਾਂ ਬੰਨ੍ਹ ਦਿੱਤਾ ਜਾਂਦਾ ਹੈ। ਬੱਕਰੇ ਦੇ ਕੰਨਾਂ ਵਿਚ ਪਾਣੀ ਪਾਉਂਦੇ ਹਨ। ਨਿਹੰਗ ਸਿੰਘਾਂ ਵਿਚ ਇਹ ਮੰਨਣਾ ਹੈ ਕਿ ਕੰਨਾਂ ਵਿਚ ਪਾਣੀ ਪਾਉਣ ਨਾਲ ਬੱਕਰਾ ਆਪਣੀ ਗਰਦਨ ਨਹੀਂ ਅਕੜਾਉਂਦਾ, ਜਿਸ ਨਾਲ 'ਫਟਕਾ' ਹੋਣ ਦੀ ਸੰਭਾਵਨਾ ਬਹੁਤ ਘਟ ਜਾਂਦੀ ਹੈ। ਫੇਰ ਇਕ ਸਿੰਘ ਜਾਂ ਜਥੇਦਾਰ ਚੰਡੀ ਦੀ ਵਾਰ ਦਾ ਪਾਠ ਕਰਦਾ ਹੈ। ਜਿਸ ਤੇਗ ਨਾਲ ਝਟਕਾ ਕਰਨਾ ਹੁੰਦਾ ਹੈ ਉਹ ਤੇਗ ਲਿਆ ਕੇ ਪਾਠ ਕਰਨ ਵਾਲੇ ਸਿੰਘ ਕੋਲ ਰਖੀ ਜਾਂਦੀ ਹੈ। ਪਾਠ ਦੀ ਸਮਾਪਤੀ ਉਪਰੰਤ ਅਰਦਾਸ ਕੀਤੀ ਜਾਂਦੀ ਹੈ ਜਿਸ ਵਿਚ ਬੱਕਰੇ ਨੂੰ ਇਸ ਜੂਨ ਤੋਂ ਮੁਕਤ ਹੋਣ ਅਤੇ ਗੁਰੂ ਸਾਹਿਬ ਤੋਂ ਝਟਕਾ ਕਰਨ ਦੀ ਆਗਿਆ ਮੰਗੀ ਜਾਂਦੀ ਹੈ। ਇਸ ਤੋਂ ਬਾਅਦ ਝਟਕਾ ਕਰਨ ਵਾਲਾ ਸਿੰਘ ਤੇਗ ਲੈ ਕੇ ਕੋਲ ਖੜੀ ਸੰਗਤ ਕੋਲੋਂ ਆਗਿਆ ਮੰਗ ਕੇ ਤੇਗ ਦੇ ਇਕੋ ਵਾਰ ਨਾਲ ਝਟਕਾ ਕਰਦਾ ਹੈ। ਸੰਗਤ ਵਲੋਂ 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਗਜਾਇਆ ਜਾਂਦਾ ਹੈ। ਜੇਕਰ ਤੇਗ ਦੇ ਇਕੋ ਵਾਰ ਨਾਲ ਸਿਰ ਧੜ ਨਾਲੋਂ ਵੱਖ ਨਾ ਹੋਵੇ ਤਾਂ ਉਹ 'ਫਟਕਾ' ਸਮਝਿਆ ਜਾਂਦਾ ਹੈ। ਉਸਦਾ ਭੋਗ ਨਹੀਂ ਲੱਗਦਾ ਅਤੇ ਨਾ ਹੀ ਬਿਬੇਕ ਦੇ ਲੰਗਰ ਵਿਚ ਬਣਾਇਆ ਜਾਂਦਾ ਹੈ। ਝਟਕਾ ਹੋਣ ਤੋਂ ਬਾਅਦ ਕਈ ਸਿੰਘ ਆਪਣੇ ਸ਼ਸਤਰਾਂ ਨੂੰ ਬੱਕਰੇ ਦੇ ਖ਼ੂਨ ਨਾਲ 'ਤਿਲਕ' ਲਗਵਾਉਂਦੇ ਹਨ।

---

[188] ਸੰਤੋਖ ਸਿੰਘ (ਭਾਈ), ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਚੌਦਵੀਂ, ਡਾ. ਭਾਈ ਵੀਰ ਸਿੰਘ (ਸੰਪਾ.), ਭਾਸ਼ਾ ਵਿਭਾਗ, ਪੰਜਾਬ, 2011, ਪੰਨਾ ੫੯੨੩.

ਤਖ਼ਤ ਸਚਖੰਡ ਸ੍ਰੀ ਅਬਿਚਲ ਨਗਰ ਹਜ਼ੂਰ ਸਾਹਿਬ, ਨਾਂਦੇੜ ਬੋਰਡ ਦੇ ਮੈਂਬਰ ਅਤੇ ਝਟਕਈ ਰਜਿੰਦਰ ਸਿੰਘ ਪੁਜਾਰੀ ਨਾਲ ਝਟਕੇ ਸੰਬੰਧੀ ਕੀਤੀ ਇੰਟਰਵਿਊ ਵਿਚ ਉਨ੍ਹਾਂ ਨੇ ਦੱਸਿਆ ਕਿ, "ਬੱਕਰਾ ਰੋਜ਼ ਨਹੀਂ ਝਟਕਾਇਆ ਜਾਂਦਾ, ਸਿਰਫ ਖਾਸ ਗੁਰਪੁਰਬਾਂ ਜਿਵੇਂ ਵਿਸਾਖੀ, ਹੋਲਾ ਮਹੱਲਾ, ਦੁਸਹਿਰਾ, ਦੀਵਾਲੀ ਦੇ ਮੌਕਿਆਂ 'ਤੇ ਹੀ ਝਟਕਾ ਕੀਤਾ ਜਾਂਦਾ ਹੈ। ਝਟਕਾ ਬੱਕਰੇ ਦਾ ਹੀ ਕੀਤਾ ਜਾਂਦਾ ਹੈ, ਮਾਦਾ ਜੀਵ ਦਾ ਨਹੀਂ। ਪਹਿਲਾਂ ਗੁਰੂ ਸਾਹਿਬ ਅੱਗੇ ਅਰਦਾਸ ਕੀਤੀ ਜਾਂਦੀ ਹੈ ਕਿ ਜੀਵ ਦਾ ਭਲਾ ਕਰੋ, ਫੇਰ ਝਟਕਾ ਕੀਤਾ ਜਾਂਦਾ ਹੈ। ਮੁਖ ਲੰਗਰ ਵਿਚ ਝਟਕਾ ਨਹੀਂ ਤਿਆਰ ਕੀਤਾ ਜਾਂਦਾ। ਇਸ ਨੂੰ ਵੱਖਰੇ ਲੰਗਰ ਵਿਚ ਪਕਾਇਆ ਜਾਂਦਾ ਹੈ।"[189] ਉਨ੍ਹਾਂ ਨੇ ਇਹ ਵੀ ਦੱਸਿਆ ਕਿ ਉਹ 17 ਸਾਲ ਤੋਂ ਇਹ ਸੇਵਾ ਕਰਦੇ ਆ ਰਹੇ ਹਨ ਅਤੇ ਇਹ ਝਟਕੇ ਦੀ ਸੇਵਾ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਹੀ ਉਨ੍ਹਾਂ ਦੇ ਪਰਿਵਾਰ ਕੋਲ ਪੀੜ੍ਹੀ ਦਰ ਪੀੜ੍ਹੀ ਤਖ਼ਤ ਸਾਹਿਬ ਵਿਖੇ ਚਲੀ ਆ ਰਹੀ ਹੈ। ਅਕਾਲੀ ਕੌਰ ਸਿੰਘ ਨੇ ਸ੍ਰੀ ਹਜ਼ੂਰ ਸਾਹਿਬ ਬਾਰੇ ਲਿਖਿਆ ਹੈ ਕਿ ਪੁਰਾਤਨ ਮਰਯਾਦਾ ਅਨੁਸਾਰ ਬਕਰੇ ਝਟਕ ਕੇ ਸ਼ਸਤਰਾਂ ਦੇ 'ਰਕਤ ਭਛਨ ਕਰਨ' ਦੀ ਰਸਮ ਅਦਾ ਕੀਤੀ ਜਾਂਦੀ ਹੈ।[190] ਗੁ: ਸ਼ਹੀਦੀ ਬਾਗ ਵਿਖੇ ਇਹ ਮਰਯਾਦਾ ਹੈ ਕਿ ਕੋਈ ਵੀ ਸਿੰਘ ਝਟਕਾ ਛਕ ਕੇ ਇਸ਼ਨਾਨ ਕਰਨ ਤੋਂ ਬਿਨ੍ਹਾਂ ਲੰਗਰ ਵਿਚ ਨਹੀਂ ਜਾ ਸਕਦਾ। ਝਟਕਾ ਕਰਨ ਵਿਚ ਬੱਕਰੇ ਆਦਿਕ ਨਰ ਜਾਨਵਰ ਦੇ ਝਟਕਾਉਣ ਦੀ ਮਰਯਾਦਾ ਹੈ ਪਰ ਬੱਕਰੀ ਆਦਿਕ ਮਾਦਾ ਜਾਨਵਰ ਤੇ ਵਾਰ ਕਰਨਾ ਪ੍ਰਵਾਨ ਨਹੀਂ।[191]

**ਮਹਾਂ ਪ੍ਰਸ਼ਾਦ:**

ਗਿਆਨੀ ਲਾਲ ਸਿੰਘ ਸੰਗਰੂਰ ਅਨੁਸਾਰ ਕੜਾਹ ਪ੍ਰਸ਼ਾਦ ਨੂੰ ਮਹਾਂ ਪ੍ਰਸ਼ਾਦ ਆਖਿਆ ਜਾਂਦਾ ਹੈ।[192] ਪਰ ਕਈ ਲਿਖਤਾਂ ਵਿਚ ਝਟਕੇ ਨੂੰ ਮਹਾਂ ਪ੍ਰਸ਼ਾਦ ਵੀ ਲਿਖਿਆ ਮਿਲਦਾ ਹੈ:

---

189 ਇਹ ਜਾਣਕਾਰੀ ਤਖ਼ਤ ਸ੍ਰੀ ਅਬਿਚਲ ਨਗਰ ਹਜ਼ੂਰ ਸਾਹਿਬ, ਨਾਂਦੇੜ ਬੋਰਡ ਦੇ ਮੈਂਬਰ ਅਤੇ ਝਟਕਈ ਰਜਿੰਦਰ ਸਿੰਘ ਪੁਜਾਰੀ ਪਾਸੋਂ ਤਖ਼ਤ ਸ੍ਰੀ ਅਬਿਚਲ ਨਗਰ ਹਜ਼ੂਰ ਸਾਹਿਬ, ਨਾਂਦੇੜ ਕੰਪਲੈਕਸ ਵਿਖੇ, ਦੁਸਿਹਰੇ ਮੌਕੇ 30 ਸਤੰਬਰ 2017 ਨੂੰ ਵੀਡਿਓ ਰਿਕਾਰਡਿੰਗ ਰਾਹੀਂ ਇੰਟਰਵਿਊ ਵਿਚ ਇਕੱਤਰ ਕੀਤੀ ਗਈ।

190 ਕੌਰ ਸਿੰਘ ਨਿਹੰਗ (ਅਕਾਲੀ), ਹਜ਼ੂਰੀ ਸਾਥੀ, ਅਕਾਲੀ ਪਤ੍ਰਕਾ ਪ੍ਰੈਸ, ਬ੍ਰਾਂਡਰਥ ਰੋਡ, ਲਾਹੌਰ, 1934, ਪੰਨਾ 127.

191 ਰਾਮਨਰੈਣ ਸਿੰਘ ਸੋਢੀ (ਟਿੱਕਾ ਸਾਹਿਬ), ਸਿੱਖ ਧਰਮ ਖਾਲਸਾ ਪੰਥ ਦੀ ਬਿਵਸਥਾ ਅਰਥਾਤ ਖਾਲਸਾ ਧਰਮ ਸ਼ਾਸਤ੍ਰ ਦੀ ਪੂਰਬ ਮਿਮਾਂਸਾ, ਪੰਨਾ ੪੦੪.

192 ਲਾਲ ਸਿੰਘ ਸੰਗਰੂਰ (ਗਿਆਨੀ), ਗੁਰਦਾਸ ਦਰਸ਼ਨ, (ਪ੍ਰਕਾ.) ਲੇਖਕ ਆਪ, ਭਦੌੜ ਹਾਊਸ, ਲੁਧਿਆਣਾ, ਅਕਤੂਬਰ, 1950, ਪੰਨਾ ੧੧੧.

ਛਾਗ ਮਹਾਂ ਪਰਸਾਦ ਕਰੋ ਗੁਰ ਸ੍ਰੀ ਮੁਖ ਤੇ ਇਹ ਵਾਕ ਉਚਾਰੇ।[193]

ਸਿੱਖ ਪੰਥ ਵਿਸ਼ਵਕੋਸ਼ ਅਨੁਸਾਰ, "ਮਹਾਪ੍ਰਸ਼ਾਦ ਦਾ ਅਰਥ ਹੈ ਵੱਡਾ ਜਾਂ ਸ੍ਰੇਸ਼ਠ ਪ੍ਰਸਾਦ। ਧਾਰਮਿਕ ਵਿਵਸਥਾ ਵਿਚ ਇਸ ਤੋਂ ਭਾਵ ਹੈ ਕਿਸੇ ਇਸ਼ਟ ਦੇਵ ਨੂੰ ਭੇਂਟ ਕੀਤਾ ਖਾਣ ਯੋਗ ਪਦਾਰਥ, ਜੋ ਅਰਪਣ ਤੋਂ ਬਾਅਦ ਅਕਸਰ ਸ਼ਰਧਾਲੂਆਂ ਵਿਚ ਵੰਡ ਦਿੱਤਾ ਜਾਂਦਾ ਹੈ। ਸਿੱਖ ਧਰਮ ਵਿਚ ਖਾਣ ਯੋਗ ਕਿਸੇ ਜੀਵ ਦੇ ਮਾਸ ਨੂੰ ਵੀ 'ਮਹਾਪ੍ਰਸ਼ਾਦ' ਕਿਹਾ ਜਾਂਦਾ ਹੈ ਜਿਸ ਦਾ 'ਸਤਿ ਸ੍ਰੀ ਅਕਾਲ' ਉਚਾਰ ਕੇ ਝਟਕਾ ਕੀਤਾ ਗਿਆ ਹੋਵੇ। ਅਜਿਹੇ ਮਾਸ ਲਈ 'ਮਹਾਪ੍ਰਸ਼ਾਦ' ਸ਼ਬਦ ਦੀ ਵਰਤੋਂ ਸਿੰਘ ਸਭਾ ਲਹਿਰ ਦੇ ਨਾਲ ਸ਼ੁਰੂ ਹੋਈ ਪ੍ਰਤੀਤ ਹੁੰਦੀ ਹੈ।"[194]

**ਝਟਕਾ ਅਤੇ ਕੁੱਠਾ (ਹਲਾਲ) ਵਿਚ ਅੰਤਰ:**

ਝਟਕਾ ਅਤੇ ਕੁੱਠੇ (ਹਲਾਲ) ਵਿਚ ਅੰਤਰ ਹੈ। ਕੁੱਠਾ ਹਲਾਲ ਮਾਸ ਨੂੰ ਆਖਿਆ ਜਾਂਦਾ ਹੈ। ਹਲਾਲ ਤੋਂ ਭਾਵ ਹੈ, ਮੁਸਲਮਾਨੀ ਰੀਤ ਅਨੁਸਾਰ ਕਲਮਾਂ ਪੜ੍ਹ ਕੇ ਕੱਟਿਆ ਹੋਇਆ ਜੀਵ। ਸਿੱਖ ਜਗਤ ਵਿਚ ਇਸ ਦਾ ਸੇਵਨ ਨਿਸ਼ੇਧ ਹੈ। ਕੁੱਠਾ ਖਾਣਾ ਚਾਰ ਬੱਜਰ ਕੁਰਹਿਤਾਂ ਵਿਚੋਂ ਇਕ ਹੈ। ਸਿੱਖਾਂ ਵਿਚ ਖਾਲਸਾ ਰੀਤ ਅਨੁਸਾਰ ਸਤਿ ਸ੍ਰੀ ਅਕਾਲ ਕਹਿ ਕੇ ਖਾਣ ਯੋਗ ਜੀਵ ਨੂੰ ਇਕੋ ਵਾਰ ਨਾਲ ਸਿਰੋਂ ਕੱਟਣ ਦੀ ਕਿਰਿਆ ਝਟਕਾ ਅਖਵਾਉਂਦੀ ਹੈ।[195] ਮੁਸਲਮਾਨੀ ਤਰੀਕੇ ਨਾਲ ਜ਼ਿਬਾਹ ਕੀਤੇ ਪਸ਼ੂ ਦਾ ਮਾਸ 'ਹਲਾਲ' ਕਿਹਾ ਜਾਂਦਾ ਹੈ। ਸਿੱਖ ਧਰਮ ਵਿਚ ਹਲਾਲ ਕੀਤੇ ਪਸ਼ੂ ਦਾ ਮਾਸ ਖਾਣਾ ਵਰਜਿਤ ਹੈ।[196] ਰਤਨ ਸਿੰਘ ਭੰਗੂ ਨੇ ਝਟਕਾ ਅਤੇ ਕੁੱਠੇ ਨੂੰ ਵੱਖ ਕਰਦਿਆਂ ਹੋਇਆਂ ਲਿਖਿਆ ਹੈ ਕਿ ਸਿੱਖ ਮੁਰਦੇ ਕੁੱਠੇ ਦੇ ਨੇੜੇ ਵੀ ਨਾ ਜਾਵੇ:

ਕਰ ਝਟਕੈ ਬਕਰਨ ਕੋ ਖੱਯੋ। ਮੁਰਦੈ ਕੁੱਠੈ ਨਿਕਟ ਨ ਜੱਯੋ।[197]

ਭਾਈ ਦੇਸਾ ਸਿੰਘ ਦੇ ਰਹਿਤਨਾਮੇ ਵਿਚ ਬੱਕਰੇ ਦਾ ਝਟਕਾ ਛਕਣ ਦਾ ਜ਼ਿਕਰ ਹੈ ਪਰ ਹੋਰ ਕਿਸੇ ਵੀ ਜੀਵ ਦਾ ਮਾਸ ਖਾਣ ਦੀ ਮਨਾਹੀ ਕੀਤੀ ਗਈ ਹੈ:

---

193 ਵੀਰ ਸਿੰਘ ਬਲ (ਭਾਈ), ਸਿੰਘ ਸਾਗਰ, ਡਾ. ਕ੍ਰਿਸ਼ਨਾ ਕੁਮਾਰੀ ਬਾਂਸਲ (ਸੰਪਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ, 1998, ਪੰਨਾ 131.

194 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਚੌਥਾ, ਗਰੇਸ਼ੀਅਸ ਬੁਕਸ, ਪਟਿਆਲਾ, 2014, ਪੰਨਾ 1555.

195 ਉਹੀ, ਭਾਗ ਦੂਜਾ, ਗਰੇਸ਼ੀਅਸ ਬੁਕਸ, ਪਟਿਆਲਾ, 2014, ਪੰਨਾ 587.

196 ਉਹੀ, ਪੰਨਾ 490.

197 ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਡਾ. ਬਲਵੰਤ ਸਿੰਘ ਢਿਲੋਂ (ਸੰਪਾ.), ਪੰਨਾ 36.

ਬਕਰਾ ਝਟਕਾ ਛਕੇ ਤਾਂ ਛਕੈ। ਔਰ ਮਾਸ ਵਲ ਕਬੀ ਨ ਤਕੈ।[198]

**ਸਿੱਖ ਇਤਿਹਾਸ ਵਿਚ ਝਟਕਾ**:

ਡਾ. ਤਾਰਨ ਸਿੰਘ ਅਨੁਸਾਰ, "ਭਾਰਤ ਵਿਚ ਮਾਸ ਖਾਣ ਦਾ ਰਿਵਾਜ਼ ਸੀ। ਅਸ਼੍ਵਮੇਧ ਯੱਗ ਅਤੇ ਹੋਰ ਕਈ ਪ੍ਰਕਾਰ ਦੇ ਯੱਗ ਕੀਤੇ ਜਾਂਦੇ ਸਨ। ਦੇਵ ਮੰਦਰਾਂ ਵਿਚ ਵੀ ਬਲੀਆਂ ਦਿੱਤੀਆਂ ਜਾਂਦੀਆਂ ਸਨ ਪਰ ਇਨ੍ਹਾਂ ਸਭਨਾਂ ਹਾਲਾਤਾਂ ਵਿਚ 'ਝਟਕਾ' ਹੀ ਤਰੀਕਾ ਵਰਤਿਆ ਜਾਂਦਾ ਸੀ। ਅਨਮਤੀ ਹਾਕਮਾਂ ਦੇ ਅਧੀਨ ਬੇਗੈਰਤੀ ਵਧੀ ਅਤੇ ਲੋਕਾਂ ਨੇ ਕਲਮਾਂ ਪੜ ਕੇ 'ਕੁੱਠਾ' ਬੱਕਰਾ ਪਰਵਾਨ ਕਰਨਾ ਸ਼ੁਰੂ ਕਰ ਦਿੱਤਾ। ..."[199] ਭਾਈ ਜੋਧ ਸਿੰਘ ਅਨੁਸਾਰ ਮੁਸਲਮਾਨਾਂ ਦੇ ਆਉਣ ਤੋਂ ਪਹਿਲਾਂ ਜੋ ਹਿੰਦੂ ਮਾਸ ਖਾਂਦੇ ਸਨ ਉਹ ਝਟਕਾ ਹੀ ਖਾਂਦੇ ਸਨ।[200] ਡਾ. ਤਾਰਨ ਸਿੰਘ ਅਨੁਸਾਰ, "ਬੁਨਿਆਦੀ ਗੱਲ ਝਟਕੇ ਵਿਚ ਪਰਾਧੀਨਤਾ ਦੀ ਹੈ। ਬੀਰ ਕੌਮਾਂ ਪਰਾਧੀਨ ਨਹੀਂ ਹੁੰਦੀਆਂ। ਮੁਸਲਮਾਨਾਂ ਨੇ ਜਬਰਨ ਝਟਕਾ ਬੰਦ ਕਰਵਾਇਆ ਸੀ ਤਾਂ ਜੋ ਭਾਰਤੀਆਂ ਵਿਚ ਬੀਰਤਾ ਤੇ ਯੁੱਧ ਦੀ ਭਾਵਨਾ ਨਾ ਰਹੇ। ਇਸ ਤਰ੍ਹਾਂ ਕੁੱਠਾ ਪਰਾਧੀਨਤਾ ਦਾ ਚਿੰਨ੍ਹ ਬਣ ਗਿਆ।"[201] ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜ਼ਿਕਰ ਆਉਂਦਾ ਹੈ ਕਿ ਜਨੇਊ ਸੰਸਕਾਰ ਸਮੇਂ ਵੀ ਬੱਕਰੇ ਦਾ ਮਾਸ ਰਿੰਨਿਆ ਜਾਂਦਾ ਸੀ:

ਤਗ ਕਪਾਹਹੁ ਕਤੀਐ ਬਾਮਣ ਵਟੇ ਆਇ॥
ਕੁਹਿ ਬਕਰਾ ਰਿੰਨਿ ਖਾਇਆ ਸਭੁ ਕੋ ਆਖੈ ਪਾਇ॥[202]

ਬਾਬਾ ਗਣੇਸ਼ਾ ਸਿੰਘ ਬੇਦੀ ਨੇ ਜਨੇਊ ਸੰਸਕਾਰ ਦੀ ਰੀਤ ਨੂੰ ਇਸ ਪ੍ਰਕਾਰ ਬਿਆਨ ਕੀਤਾ ਹੈ:

ਕੀਨ ਤਿਯਾਰੀ ਜੰਞੂ ਕੇਰੀ। ਲਗਨ ਮਹੂਰਤ ਨੀਕੋ ਹੇਰੀ।
ਬਕਰੇ ਕਾਟ ਰਸੋਈ ਪਾਏ। ਅਪਰ ਬਿਬਿਧ ਬਿੰਜਨ ਬਨਵਾਏ।[203]

ਸਰੂਪ ਦਾਸ ਭੱਲਾ ਅਨੁਸਾਰ ਗੁਰੂ ਅੰਗਦ ਦੇਵ ਜੀ ਦੇ ਵੇਲੇ ਲੰਗਰ ਵਿਚ ਮਹਾਪ੍ਰਸ਼ਾਦ ਵੀ ਵਰਤਦਾ ਹੁੰਦਾ ਸੀ:

ਮਾਸ ਭਇਓ ਸਿਧ ਰਸੋਈ। ਅਵਰ ਦਾਲ ਭਾਤ ਭੀ ਹੋਈ।[204]

---

198 ਪਿਆਰਾ ਸਿੰਘ ਪਦਮ (ਸੰਪਾ.), ਰਹਿਤਨਾਮੇ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਦਸਵੀਂ ਵਾਰ, ਅਗਸਤ 2015, ਪੰਨਾ 130.

199 ਤਾਰਨ ਸਿੰਘ (ਡਾ.), ਸਿੱਖ, ਸਿੱਖੀ ਅਤੇ ਸਿਧਾਂਤ, ਪੰਨਾ 201.

200 ਜੋਧ ਸਿੰਘ ਭਾਈ, ਗੁਰਮਤਿ ਨਿਰਣਯ, ਪੰਨਾ 258.

201 ਤਾਰਨ ਸਿੰਘ (ਡਾ.), ਦਸਮੇਸ਼ ਦਰਪਣ, ਪੰਨਾ ੨੩੯.

202 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੭੧.

203 ਗਣੇਸ਼ਾ ਸਿੰਘ ਬੇਦੀ (ਬਾਬਾ), ਗੁਰੂ ਨਾਨਕ ਸੂਰਜੋਦੇ ਜਨਮਸਾਖੀ, ਡਾ. ਰਾਮ ਸਿੰਘ ਸੈਣੀ (ਸੰਪਾ.), ਪੰਨਾ 57.

204 ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼, ਭਾਗ ਦੂਜਾ, (ਖੰਡ-1), ਭਾਸ਼ਾ ਵਿਭਾਗ, ਪੰਜਾਬ, ਤੀਜੀ ਵਾਰ, 1999, ਪੰਨਾ 111.

ਗੁਰੂ ਅੰਗਦ ਦੇਵ ਜੀ ਨੇ ਮਾਸ ਦੀ ਵਰਤੋਂ ਪ੍ਰਤੀ (ਗੁਰੂ) ਅਮਰਦਾਸ ਜੀ ਦੇ ਵੈਸ਼ਨਵ ਪ੍ਰਤਿਭਾਵ ਨੂੰ ਦੂਰ ਕੀਤਾ ਅਤੇ ਜੀਵਨ ਵਿਚ ਅਸਲੀ ਪਰਿਵਰਤਨ ਤੋਂ ਬਿਨਾਂ ਤਪੱਸਿਆ ਦੀ ਵਿਅਰਥਤਾ ਦਾ ਗਿਆਨ ਕਰਵਾਇਆ।[205] ਮਹਿਮਾ ਪ੍ਰਕਾਸ਼ (ਵਾਰਤਕ) ਵਿਚ ਵੀ ਇਹ ਜ਼ਿਕਰ ਆਉਂਦਾ ਹੈ: "ਗੁਰੂ ਅਮਰਦਾਸ ਜੀ ਦੇਖੈ ਤੋ ਥਾਲੀ ਕੇ ਵਿਚ ਮਹਾ ਪ੍ਰਸਾਦਿ ਬਕਰੇ ਕਾ ਪਰੋਸਾ ਹੈ।"[206] ਇਸੀ ਪ੍ਰਕਾਰ ਗੁਰੂ ਹਰਿਰਾਏ ਜੀ ਦੇ ਸਮੇਂ ਵੀ ਲੰਗਰ ਵਿਚ ਮਹਾਂ ਪ੍ਰਸ਼ਾਦ ਵਰਤਦਾ ਸੀ:

ਲੰਗਰ ਕਾ ਵਰਤਾਰਾ ਭੀਨਾ। ਮਹਾਪ੍ਰਸਾਦਿ ਸੰਗਤ ਸਭ ਲੀਨਾ।[207]

ਮਹਿਮਾ ਪ੍ਰਕਾਸ਼ ਗੁਰੂ ਹਰਿਰਾਏ ਜੀ ਨੇ ਬਾਬਾ ਗੁਰਦਿੱਤਾ ਜੀ ਦੇ ਅਕਾਲ ਚਲਾਣੇ ਤੋਂ ਉਪਰੰਤ ਲੰਗਰ ਵਿਚ ਮਾਸ ਨਾ ਪਕਾਉਣ ਆਦੇਸ਼ ਦਿੱਤਾ ਸੀ:

ਮਾਸ ਆਦਕ ਲੰਗਰ ਨਹੀ ਹੋਇ। ਗੁਰ ਆਗਿਆ ਕਰੀ ਨ ਖਾਵੈ ਕੋਇ।

ਬਾਬੇ ਗੁਰਦਿਤੇ ਜਬ ਤੇ ਤਨ ਤਜਾ। ਨਹੀ ਲੰਗਰ ਪੜੇ ਅਹੇੜਾ ਅਜਾ।[208]

ਰਹਿਤਨਾਮਿਆਂ ਵਿਚ (ਦੇਸਾ ਸਿੰਘ) ਜ਼ਿਕਰ ਆਇਆ ਹੈ ਕਿ ਜਿਥੇ ਸਾਂਝਾ ਲੰਗਰ ਪੱਕਦਾ ਹੋਵੇ ਉੱਥੇ ਮਾਸ ਲੰਗਰ ਵਿਚ ਨਾ ਬਣੇ, ਸਗੋਂ ਲੰਗਰ ਤੋਂ ਵੱਖ ਕਿਧਰੇ ਹੋਰ ਬਣਾਇਆ ਜਾਵੇ:

ਬਕਰਾ ਝਟਕਾ ਬੀਚ ਨ ਕਰੇ। ਅਵਰ ਮਾਸ ਨਹਿ ਲੰਗਰ ਧਰੇ।

ਜੋ ਮਨ ਹੋਇ ਤੇ ਦੂਰ ਕਰਾਵੈ। ਨਿਜ ਬਰਤਾਰਾ ਤਹਾ ਲੈ ਜਾਵੈ।

ਦੇਗ ਆਸਨ ਕੇ ਹੈ ਸਭ ਭਾਗੀ। ਬ੍ਰਹਮਨ ਖਤ੍ਰੀ ਸਭ ਅਨੁਰਾਗੀ

ਤਾਂਤੇ ਯਹ ਸਿੱਛਾ ਸੁਨ ਲੀਜੈ। ਦੇਗ ਮਾਹਿ ਨਹਿ ਮਾਸ ਅਨੀਜੈ।[209]

---

205 ਤੇਜਾ ਸਿੰਘ (ਪ੍ਰਿੰ.) ਅਤੇ ਗੰਡਾ ਸਿੰਘ (ਡਾ.), ਸਿੱਖ ਇਤਿਹਾਸ (1469-1765), ਡਾ. ਭਗਤ ਸਿੰਘ (ਅਨੁ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013, ਪੰਨਾ 20.

206 ਕੁਲਵਿੰਦਰ ਸਿੰਘ ਬਾਜਵਾ (ਡਾ.)(ਸੰਪਾ.), ਮਹਿਮਾ ਪ੍ਰਕਾਸ਼ (ਵਾਰਤਕ), ਸਿੰਘ ਬ੍ਰਦਰਜ਼, ਅੰਮ੍ਰਿਤਸਰ, ਜਨਵਰੀ 2004, ਪੰਨਾ 65.

207 ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼, ਭਾਗ ਦੂਜਾ, (ਖੰਡ-2), ਡਾ. ਗੋਬਿੰਦ ਸਿੰਘ ਲਾਂਬਾ (ਸੰਪਾ.), ਭਾਸ਼ਾ ਵਿਭਾਗ, ਪੰਜਾਬ, ਦੂਜੀ ਵਾਰ 2003, ਪੰਨੇ 566.

208 ਉਹੀ, ਪੰਨੇ 518-519.

209 ਜੋਧ ਸਿੰਘ (ਭਾਈ), ਗੁਰਮਤਿ ਨਿਰਣਯ, ਭਾਸ਼ਾ ਵਿਭਾਗ, ਪੰਜਾਬ, ਦੂਜੀ ਵਾਰ, 1990, ਪੰਨਾ 257; ਪਿਆਰਾ ਸਿੰਘ ਪਦਮ (ਸੰਪਾ.), ਰਹਿਤਨਾਮੇ, ਪੰਨਾ 150.

ਕਿਉਂਕਿ ਲੰਗਰ ਵਿਚੋਂ ਹਰ ਤਰ੍ਹਾਂ ਦੇ ਵਿਅਕਤੀ ਲੰਗਰ ਛਕ ਸਕਦੇ ਹਨ, ਇਸ ਲਈ ਮੁੱਖ ਲੰਗਰ ਵਿਚ ਮਾਸ ਨਹੀਂ ਬਣਾਇਆ ਜਾਂਦਾ ਤਾਂ ਕਿ ਸਾਰੇ ਉੱਥੇ ਬਿਨਾਂ ਸੰਕੋਚ ਤੋਂ ਪ੍ਰਸ਼ਾਦ ਛਕ ਸਕਣ। ਵੀਰ ਸਿੰਘ ਬਲ ਨੇ ਆਪਣੀ ਰਚਨਾ 'ਸਿੰਘ ਸਾਗਰ' ਵਿਚ 'ਹੁਸੈਨੀ ਯੁਧ' ਦੇ ਪ੍ਰਸੰਗ ਵਿਚ ਗੁਰੂ ਜੀ ਦੁਆਰਾ ਮਹਾਂ ਪ੍ਰਸ਼ਾਦ ਤਿਆਰ ਕਰਵਾਉਣ ਦਾ ਜ਼ਿਕਰ ਕੀਤਾ ਹੈ:

ਮੂਲ ਫਲਾਦਕ ਔਰ ਅਚਾਰ ਲੈ ਸੀਤਲ ਬਾਰ ਸੋ ਕੁੰਭ ਭਰੇ ਹੈ।

ਦੂਸਰੀ ਓਰ ਪਿਛਾਰੀ ਕਿਲੇ ਗੁਰ ਛਾਗ ਮਹਾਪਰਸਾਦ ਕਰੇ ਹੈ।[210]

ਉਸ ਸਮੇਂ ਮੁਗਲੀਆ ਹਕੂਮਤ ਪੂਰੇ ਜਾਹੋ-ਜਲਾਲ ਵਿਚ ਸੀ। ਉਸ ਸਮੇਂ ਜੇ ਕੋਈ ਵੀ ਮਾਸ ਖਾਣਾ ਚਾਹੇ ਤਾਂ ਕੁੱਠਾ ਜਾਂ ਹਲਾਲ ਢੰਗ ਨਾਲ ਜ਼ਿਬਾਹ ਕੀਤਾ ਹੋਇਆ ਮਾਸ ਹੀ ਖਾ ਸਕਦਾ ਸੀ। ਇਹ ਇਕ ਮਨੋਵਿਗਿਆਨਿਕ ਢੰਗ ਸੀ, ਜਿਸ ਰਾਹੀਂ ਪਰਜਾ ਸੁਭਾਵਿਕ ਹੀ ਇਸਲਾਮਿਕ ਦੀਨ ਵਿਚ ਪ੍ਰਵੇਸ਼ ਕਰ ਜਾਂਦੀ। ਇਹ ਇਕ ਵੱਡਾ ਕਾਰਨ ਵੀ ਬਣਿਆ ਕਿ ਦਸਮੇਸ਼ ਪਿਤਾ ਜੀ ਨੇ ਸਿੱਖ ਰਹਿਤ ਮਰਯਾਦਾ ਬੜੀ ਦ੍ਰਿੜਤਾ ਨਾਲ ਲਾਗੂ ਕਰਵਾਈ।[211] ਜਦੋਂ ਗੁਰੂ ਜੀ ਨੇ ਗੁਲਾਬੇ ਦੇ ਘਰ ਰਾਤ ਬਿਤੀਤ ਕੀਤੀ ਤਾਂ ਗੁਰੂ ਜੀ ਨੇ ਬੱਕਰੇ ਦਾ ਝਟਕਾ ਕੀਤਾ ਸੀ। ਸਰੂਪ ਦਾਸ ਭੱਲਾ ਨੇ ਇਸ ਸੰਬੰਧੀ ਲਿਖਿਆ ਹੈ: "ਰਾਤ ਕੋ ਬਕਰਾ ਮੰਗਾਇ ਕੈ ਝਟਕਾ ਕਰਵਾਇਆ। ਪਰਸਾਦ ਛਕਾ ਅਰ ਛਿੰਗਾ ਉਸ ਕੀਆ ਪਿਛਵਾੜੇ ਮੁਸਲਮਾਨਾ ਕਾ ਘਰ ਥਾ ਊਹਾ ਫੈਕੀ।"[212] ਡਾ. ਗੰਡਾ ਸਿੰਘ ਦੁਆਰਾ ਸੰਪਾਦਿਤ 'ਅਮਰਨਾਮਾ' ਵਿੱਚ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਮਾਧੋ ਦਾਸ ਦੇ ਡੇਰੇ ਵਿਚ ਜਾ ਕੇ ਸਿੰਘਾਂ ਨੂੰ ਬੱਕਰੇ ਫੜ ਕੇ ਝਟਕਾ ਦੇਣ ਦਾ ਹੁਕਮ ਕੀਤਾ ਗਿਆ:

"ਹਯੱਬਰੇ ਮਨ ਆਨਸਤ ਫ਼ਰਮਾਂ ਪਜ਼ੀਰ

ਹਮਾਂ ਗੋਸ਼ਫੰਦਾਨਿ ਬੰਦਾਂ ਬ-ਗੀਰ

ਚੁ ਸ਼ੇਰ ਆ ਚੁਨੀ ਹੁਕਮਿ ਮਾਰਾ ਸ਼ੁਨੀਦ

ਸੂਏ ਗੋਸਫੰਦਾਨ ਖ਼ੰਜਰ ਕਸ਼ੀਦ"[213]

---

210 ਵੀਰ ਸਿੰਘ ਬਲ (ਭਾਈ), ਸਿੰਘ ਸਾਗਰ, ਡਾ. ਕ੍ਰਿਸ਼ਨਾ ਕੁਮਾਰੀ ਬਾਂਸਲ (ਸੰਪਾ.), ਪੰਨਾ 122.

211 ਸੰਤਾ ਸਿੰਘ ਤਾਤਲੇ, ਖ਼ਾਲਸਈ ਵਚਿੱਤਰਤਾ, (ਪ੍ਰਕਾ.) ਲੇਖਕ ਆਪ, ਸਾਲਟਨ ਰੋਡ, ਕੈਨੇਡਾ, ਜੂਨ, 1998, ਪੰਨਾ 134.

212 ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼, ਭਾਗ ਦੂਜਾ, ਭਾਸ਼ਾ ਵਿਭਾਗ, ਪੰਜਾਬ, 1971, ਪੰਨਾ 880.

213 ਗੰਡਾ ਸਿੰਘ (ਸੰਪਾ.), ਅਮਰਨਾਮਾ ਫਾਰਸੀ ਮੂਲ ਪੰਜਾਬੀ ਉਤਾਰਾ ਤੇ ਅਰਥ, ਸਿਖ ਹਿਸਟਰੀ ਸੋਸਾਇਟੀ, ਅੰਮ੍ਰਿਤਸਰ, ਪਟਿਆਲਾ, 1953, ਪੰਨਾ 19.

ਭਾਵ ਕਿ ਸਿੰਘਾਂ ਨੇ ਗੁਰੂ ਜੀ ਦੀ ਆਗਿਆ ਮੰਨ ਕੇ ਸਾਰੇ ਬੱਕਰੇ ਫੜ ਕੇ ਝਟਕਾ ਦਿੱਤੇ। ਕਰਮ ਸਿੰਘ ਹਿਸਟੋਰੀਅਨ ਨੇ ਇਸ ਘਟਨਾ ਨੂੰ ਲਿਖਿਆ ਹੈ ਕਿ ਗੁਰੂ ਜੀ ਨੇ ਸਿੱਧ (ਮਾਧੋ ਦਾਸ) ਦੇ ਬਾਗ ਵਿਚੋਂ ਲੋਕਾਂ ਦੇ ਸੁੱਖਣਾ ਦੇ ਚੜ੍ਹਾਏ ਹੋਏ ਬੱਕਰਿਆਂ ਵਿਚੋਂ ਕੁਝ ਕੁ ਝਟਕਾ ਕੇ ਮਹਾਂ ਪ੍ਰਸ਼ਾਦ ਤਿਆਰ ਕਰਵਾਇਆ।[214] ਤਾਰਾ ਸਿੰਘ ਵਾਂ ਦੇ ਲੰਗਰਾਂ ਵਿਚ ਹਰ ਸਮੇਂ ਸਭ ਨੂੰ ਪ੍ਰਸ਼ਾਦਾ-ਪਾਣੀ ਮਿਲ ਜਾਂਦਾ ਸੀ, ਅਨੇਕਾਂ ਸਿੰਘ ਜੰਗਲਾਂ ਵਿਚੋਂ ਸ਼ਿਕਾਰ ਮਾਰ ਕੇ ਮਹਾਂਪ੍ਰਸ਼ਾਦ ਦੀ ਦੇਗ ਵੱਖਰੀ ਤਿਆਰ ਕਰਦੇ।[215] ਤਾਰਾ ਸਿੰਘ ਵਾਂ ਨੇ ਆਪਣੇ ਡੇਰੇ ਵਿਚ ਇਕ ਬੱਕਰਾ ਝਟਕਾ ਕੇ ਨਗਾਰਾ ਮੜ੍ਹ ਲਿਆ ਸੀ ਤਾਂ ਜੋ ਵੇਲੇ ਕੁਵੇਲੇ ਸਿੰਘਾਂ ਨੂੰ ਖਬਰ ਕੀਤੀ ਜਾ ਸਕੇ।[216] ਇਸ ਤੋਂ ਇਲਾਵਾ ਕੋਇਰ ਸਿੰਘ ਨੇ ਗੁਰ ਬਿਲਾਸ ਪਾਤਸ਼ਾਹੀ ੧੦ ਵਿਚ ਲਿਖਿਆ ਹੈ ਕਿ ਸ਼ਸਤਰ ਪੂਜਾ ਦੇ ਸਮੇਂ ਸ਼ਸਤਰਾਂ ਨੂੰ ਝਟਕਾ ਕਰ ਕੇ ਖ਼ੂਨ ਦਾ ਤਿਲਕ ਲਾਇਆ ਜਾਂਦਾ ਸੀ:

ਰਾਮਾਯਨ ਕਲ ਪਾਠ ਸਭਨ ਮੁਖ ਗਾਇਯੋ।

ਅਜਾ ਸੂਨ ਜਮ ਬਾਹਨ ਭੇਟ ਚੜ੍ਹਾਇਯੋ।[217]

ਇਹ ਰਵਾਇਤ ਅੱਜ ਵੀ ਨਿਹੰਗ ਸਿੰਘਾਂ ਵਿਚ ਪ੍ਰਚਲਿਤ ਹੈ। ਇਸ ਕਾਰਨ ਹੀ ਨਿਹੰਗ ਸਿੰਘਾਂ ਨੇ ਸ਼ਸਤਰ ਅਭਿਆਸ ਕਾਇਮ ਰਖੇ ਹਨ।[218] ਰਣਧੀਰ ਸਿੰਘ ਨੇ ਆਪਣੀ ਰਚਨਾ ਗ੍ਰੰਥ ਪ੍ਰੇਮ ਸੁਮਾਰਗ ਵਿਚ ਲਿਖਿਆ ਹੈ: "ਪ੍ਰਿਥਮ ਤਉ ਅਖੇਟ ਬ੍ਰਿਤ (ਸ਼ਿਕਾਰ) ਕਰਿ ਖਾਏ। ਜਿਸ ਹਥਿਆਰ ਨਾਲ ਮਾਰੇ, ਉਸੀ ਕੋ ਪਵਿਤ੍ਰ ਕਰਿ ਜਾਨੈ।"[219] ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਸਿੱਖਾਂ ਵਿਚ ਝਟਕੇ ਦਾ ਮਾਸ ਦਾ ਵਿਧਾਨ ਇਸ ਲਈ ਹੈ ਕਿ ਇਕ ਤਾਂ ਸ਼ਸਤ੍ਰ ਪ੍ਰਹਾਰ ਦਾ ਅਭਯਾਸ ਹੋਂਦਾ ਹੈ, ਦੂਜੇ ਜੀਵ ਮਾਰਨ ਵਿੱਚ ਨਿਰਦਯਤਾ ਘੱਟ

---

214 ਕਰਮ ਸਿੰਘ ਹਿਸਟੋਰੀਅਨ, ਬੰਦਾ ਬਹਾਦਰ ਅਤੇ ਬੰਦਾ ਬਹਾਦਰ ਕੌਣ ਸੀ?, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਦਸੰਬਰ 1998, ਪੰਨਾ ੬.

215 ਗਿਆਨ ਸਿੰਘ (ਗਿਆਨੀ), ਤਵਾਰੀਖ ਗੁਰੂ ਖਾਲਸਾ ਹਿੱਸਾ ਦੂਜਾ ਅਰਥਾਤ ਸ਼ਮਸ਼ੇਰ ਖਾਲਸਾ, ਭਾਸ਼ਾ ਵਿਭਾਗ, ਪੰਜਾਬ, 1970, ਪੰਨਾ 101.

216 ਹੀਰਾ ਸਿੰਘ 'ਦਰਦ' (ਸੰਪਾ.), ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਕ ਖੋਜ, (ਸਿੱਖ ਰਾਜ ਪੂਰਬਲਾ ਸਮਾਂ), ਭਾਗ ਤੀਜਾ, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਜੁਲਾਈ 2014, ਪੰਨਾ ੩੨.

217 ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਪੰਨਾ 175.

218 ਨਰਿੰਜਨ ਸਿੰਘ ਸਰਲ, ਝਟਕਾ ਪ੍ਰਕਾਸ਼, ਪੰਨਾ 139.

219 ਰਣਧੀਰ ਸਿੰਘ (ਸੰਪਾ.), ਗ੍ਰੰਥ ਪ੍ਰੇਮ ਸੁਮਾਰਗ ਅਰਥਾਤ ਖਾਲਸਈ ਜੀਵਨ ਜਾਚ, ਨਿਊ ਬੁਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ, ਦੂਜੀ ਵਾਰ, ਦਸੰਬਰ 1965, ਪੰਨਾ 64.

ਹੋਂਦੀ ਹੈ।"[220] ਡਾ. ਸੁਖਦਿਆਲ ਸਿੰਘ ਅਨੁਸਾਰ, "ਸਿੱਖ ਧਰਮ ਵਿਚ ਜੇਕਰ ਮਾਸ ਖਾਣ 'ਤੇ ਕੋਈ ਪਾਬੰਦੀ ਵਾਲੀ ਗੱਲ ਨਹੀਂ ਹੈ ਤਾਂ ਸਿੱਖ ਧਰਮ ਵਿਚ ਮਾਸ ਖਾਣ ਦੀ ਕੋਈ ਇਜ਼ਾਜ਼ਤ ਵੀ ਨਹੀਂ ਪਰ ਪਰੰਪਰਾ ਦੇ ਤੌਰ 'ਤੇ ਮਾਸ ਖਾਣ ਦੀ ਮਨਾਹੀ ਜ਼ਰੂਰ ਹੈ।"[221] ਗਿਆਨੀ ਲਾਲ ਸਿੰਘ ਸੰਗਰੂਰ ਅਨੁਸਾਰ, "ਰੁਚੀ ਅਤੇ ਲੋੜ ਮੂਜਬ ਝਟਕੇ ਮਾਸ ਦਾ ਖਾਣਾ ਮਨ੍ਹਾ ਨਹੀਂ ਹੈ। ਜੰਗੀ ਸਪਿਰਟ ਪੰਥ ਵਿਚ ਕਾਇਮ ਰਖੀ ਹੈ। ਮਾਸ ਖਾਣ ਜਾਂ ਨਾ ਖਾਣ ਪਰ ਬਹਿਸ ਕਰਨਾ ਮੂਰਖਾਂ (ਅਗਿਆਨੀਆਂ) ਦਾ ਕੰਮ ਹੈ।"[222]

ਸਿੱਖ ਰਾਜ ਦੇ ਖ਼ਤਮ ਹੋਣ ਤੋਂ ਬਾਅਦ ਮੁਸਲਮਾਨਾਂ ਨੇ ਝਟਕੇ ਦੇ ਵਿਰੋਧ ਵਿਚ ਆਵਾਜ਼ ਉਠਾਉਣੀ ਸ਼ੁਰੂ ਕਰ ਦਿੱਤੀ। ਅੰਗਰੇਜ਼ ਸਰਕਾਰ ਵਲੋਂ ਜੇਲ੍ਹਾਂ ਵਿਚ ਇਸ ਦੀ ਵਰਤੋਂ ਰੋਕ ਦਿੱਤੀ ਗਈ। ਪੰਜਾਬ ਦੀ ਯੂਨੀਅਨਿਸਟ ਸਰਕਾਰ ਨੇ ਅਕਾਲੀਆਂ ਦੀ ਮੰਗ ਨੂੰ ਪ੍ਰਵਾਨ ਕਰਦੇ ਹੋਇਆਂ ਸੰਨ 1942 ਈ. ਵਿਚ ਪਬਲਿਕ ਅਦਾਰਿਆਂ ਵਿਚ ਝਟਕੇ ਦੀ ਵਰਤੋਂ ਦੀ ਖੁਲ੍ਹ ਕਰ ਦਿੱਤੀ ਸੀ।[223]

ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਝਟਕਾ ਸਿੱਖ ਧਰਮ ਵਿਚ ਜ਼ਰੂਰੀ ਅਤੇ ਵਿਵਰਜਿਤ ਵੀ ਨਹੀਂ, ਪਰ ਕੁੱਠਾ ਵਿਵਰਜਿਤ ਹੈ। ਬੁੱਢਾ ਦਲ ਦੇ ਹੈੱਡਗ੍ਰੰਥੀ ਬਾਬਾ ਮੱਘਰ ਸਿੰਘ ਅਤੇ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਹੈੱਡਗ੍ਰੰਥੀ ਮਹੰਤ ਤ੍ਰਿਲੋਚਨ ਸਿੰਘ ਜੀ ਅਨੁਸਾਰ, "ਖਾਲਸਾ ਪੰਥ ਤਿੰਨ ਭੋਗ ਲਗਾਉਂਦਾ ਹੈ। ਕੜਾਹ ਪ੍ਰਸਾਦਿ ਦਾ ਭੋਗ ਗੁਰੂ ਸਾਹਿਬਾਨ ਨੂੰ, ਸ਼ਹੀਦੀ ਦੇਗਾਂ ਦਾ ਭੋਗ ਸ਼ਹੀਦਾਂ ਸਿੰਘਾਂ ਨੂੰ ਲੱਗਦਾ ਹੈ ਅਤੇ ਤੀਸਰਾ ਭੋਗ ਪੀਰਾਂ ਨੂੰ, ਭਾਵ ਸ਼ਸਤਰਾਂ ਨੂੰ। ਝਟਕਾ ਕਰਕੇ ਸ਼ਸਤਰਾਂ ਨੂੰ ਖ਼ੂਨ ਦਾ ਤਿਲਕ ਲੱਗਦਾ ਹੈ।"[224] ਝਟਕਾ ਕਰ ਕੇ ਤੀਰ ਜਾਂ ਬਰਛੇ ਨਾਲ ਖ਼ੂਨ ਦਾ ਤਿਲਕ ਨਿਸ਼ਾਨ ਸਾਹਿਬ ਅਤੇ ਨਗਾਰੇ ਨੂੰ ਲਗਾ ਦਿੱਤਾ ਜਾਂਦਾ ਹੈ।[225]

---

220 ਕਾਨ੍ਹ ਸਿੰਘ ਨਾਭਾ (ਭਾਈ), ਗੁਰੁਮਤ ਮਾਰਤੰਡ, ਭਾਗ ਪਹਿਲਾ, ਪੰਨਾ ੩੦੫.

221 ਸੁਖਦਿਆਲ ਸਿੰਘ (ਡਾ.), ਖਾਲਸਾ ਪੰਥ ਦੇ ਪੰਜ ਤਖ਼ਤ, ਦੂਜੀ ਵਾਰ, ਪੰਨਾ 25.

222 ਲਾਲ ਸਿੰਘ ਸੰਗਰੂਰ (ਗਿਆਨੀ), ਗੁਰਦਾਸ ਦਰਸ਼ਨ, ਪੰਨਾ ੧੧੬.

223 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਤੀਜਾ, ਪੰਨਾ 997.

224 ਇਹ ਜਾਣਕਾਰੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਹੈਡ ਗ੍ਰੰਥੀ ਬਾਬਾ ਮੱਘਰ ਸਿੰਘ ਅਤੇ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਹੈਡ ਗ੍ਰੰਥੀ ਮਹੰਤ ਤ੍ਰਿਲੋਚਨ ਸਿੰਘ ਜੀ ਪਾਸੋਂ ਬੁੱਢਾ ਦਲ ਦੀ ਛਾਉਣੀ 'ਸ਼ਹੀਦ ਬਾਬਾ ਮਿੱਤ ਸਿੰਘ ਜੀ ਅਤੇ ਛੇ ਹਜ਼ਾਰ ਨਿਹੰਗ ਸਿੰਘਾਂ' ਸ਼ੰਭੂ, ਵਿਖੇ ਮਿਤੀ 19-5-2018 ਨੂੰ ਵੀਡਿਉ ਰਿਕਾਰਡਿੰਗ ਰਾਹੀਂ ਇੰਟਰਵਿਊ ਵਿਚ ਇੱਕਤਰ ਕੀਤੀ ਗਈ।

225 ਇਹ ਜਾਣਕਾਰੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 'ਮੁਖਤਿਆਰੇ ਆਮ' ਬਾਬਾ ਦਿਆਲ ਸਿੰਘ ਜੀ ਪਾਸੋਂ, ਸ੍ਰੀ ਨਿਰਮਲ ਪੰਚਾਇਤੀ ਅਖਾੜਾ ਡੇਰਾ ਧਰਮਧੱਜਾ, ਪਟਿਆਲਾ ਵਿਖੇ ਮਿਤੀ 9 ਮਾਰਚ 2019 ਨੂੰ ਵੀਡਿਉ ਰਿਕਾਰਡਿੰਗ ਰਾਹੀਂ ਇੰਟਰਵਿਊ ਵਿਚ ਇੱਕਤਰ ਕੀਤੀ ਗਈ।

### 3.2.17 ਸ਼ਹੀਦੀ ਦੇਗਾਂ:

ਸਿੱਖ ਧਰਮ ਦੀਆਂ ਸਾਰੀਆਂ ਸੰਪਰਦਾਵਾਂ, ਜਥੇਬੰਦੀਆਂ ਵਿੱਚੋਂ ਸਿਰਫ ਨਿਹੰਗ ਸਿੰਘਾਂ ਵਿੱਚ ਹੀ ਸ਼ਹੀਦੀ ਦੇਗਾਂ ਬਣਾਉਣ ਦੀ ਰਵਾਇਤ ਕਾਇਮ ਹੈ। ਕੜਾਹ ਪ੍ਰਸ਼ਾਦਿ ਦੀ ਤਰ੍ਹਾਂ ਸ਼ਹੀਦੀ ਦੇਗਾਂ ਲਈ ਵੀ ਸੰਗਤਾਂ ਵਲੋਂ ਰਸਦ ਭੇਟ ਕਰ ਕੇ ਅਰਦਾਸ ਕਰਵਾਈ ਜਾਂਦੀ ਹੈ:

ਸਿਮਰਹਿੰ ਮਨ ਸੁਧ ਤੇ ਸਿਖ ਜੋਇ। ਕਰੈਂ ਸ਼ਹੀਦੀ ਦੇਗ ਜੁ ਕੋਇ।[226]

ਸ਼ਹੀਦੀ ਦੇਗਾਂ ਨੂੰ ਸੁੱਖਾ, ਰਗੜਾ, ਦੇਗਾਂ, ਗਾੜ੍ਹੇ ਗੜ੍ਹਾਨ, ਸੁਖ ਨਿਧਾਨ, ਬਿਜੀਆ, ਸ਼ਰਦਾਈ, ਸ਼ਰਬਤੀ ਆਦਿਕ ਨਾਂਵਾਂ ਨਾਲ ਸੰਬੋਧਨ ਕੀਤਾ ਜਾਂਦਾ ਹੈ। ਆਮ ਤੌਰ 'ਤੇ ਇਹ ਸਮਝ ਲਿਆ ਜਾਂਦਾ ਹੈ ਕਿ ਨਿਹੰਗ ਸਿੰਘ ਨਸ਼ਾ ਕਰਦੇ ਹਨ ਪਰ ਇਹ ਕਹਿਣਾ ਸਹੀ ਨਹੀਂ। ਨਿਹੰਗ ਸਿੰਘਾਂ ਵਿਚ ਕਿਸੇ ਤਰ੍ਹਾਂ ਦਾ ਨਸ਼ਾ ਵਰਤਣ ਦੀ ਸਖ਼ਤ ਮਨਾਹੀ ਹੈ। ਸ਼ਹੀਦੀ ਦੇਗਾਂ ਨੂੰ ਤਿਆਰ ਕਰਨ ਲਈ ਇਸ ਵਿਚ ਬਹੁਤ ਥੋੜੀ ਮਾਤਰਾ ਵਿਚ 'ਭੰਗ' ਮਿਲਾਈ ਜਾਂਦੀ ਹੈ। They take bhang/hashish (sukha) which they call Sukh Nidhan (tresure of bliss). They believe that the use of hashish helps them to meditate and concentrate.[227] ਡਾ. ਰਤਨ ਸਿੰਘ ਜੱਗੀ ਸ਼ਹੀਦੀ ਦੇਗਾਂ ਬਾਰੇ ਲਿਖਦੇ ਹਨ ਕਿ "ਨਿਹੰਗ ਸਿੰਘਾਂ ਵਿਚ ਇਹ ਨਾਮ 'ਭੰਗ ਦੀ ਮਿੱਠੀ ਸ਼ਰਦਾਈ' ਲਈ ਵਰਤਾਇਆ ਜਾਂਦਾ ਹੈ। ਇਸ ਵਿਚ ਬਦਾਮ, ਮਗ਼ਜ਼, ਖਸਖ਼ਾਸ ਤੋਂ ਇਲਾਵਾ ਸੁਕੀ ਹੋਈ ਭੰਗ ਨੂੰ ਕੂੰਡੇ ਸੋਟੇ ਨਾਲ ਚੰਗੀ ਤਰ੍ਹਾਂ ਰਗੜਿਆ ਜਾਂਦਾ ਹੈ। ਲੋੜ ਅਨੁਸਾਰ ਉਸ ਵਿਚ ਜਲ ਅਤੇ ਮਿੱਠਾ ਪਾਇਆ ਜਾਂਦਾ ਹੈ। ਕਈ ਵਾਰ ਦੁੱਧ ਵੀ ਪਾ ਦਿੱਤਾ ਜਾਂਦਾ ਹੈ। ਆਮ ਤੌਰ 'ਤੇ ਨਿਹੰਗ ਸਿੰਘ ਗੁਰੂ ਕੇ ਲੰਗਰ ਵਾਂਗ ਅਰਦਾਸ ਕਰਕੇ ਅਤੇ ਭੋਗ ਲਗਵਾ ਕੇ, ਨਗਾਰੇ ਉਤੇ ਚੋਟ ਮਾਰ ਕੇ, ਇਸ ਨੂੰ ਆਪਣੀ ਸੰਗਤ ਵਿਚ ਵਰਤਾਉਂਦੇ ਹਨ। ਇਸ ਲਈ ਉਨ੍ਹਾਂ ਦਾ ਪਰਿਭਾਸ਼ਿਕ ਸ਼ਬਦ ਹੈ 'ਸੁਖ ਨਿਧਾਨ'। ਸੰਭਵ ਹੈ ਕਿ ਜੰਗਾਂ-ਯੁੱਧਾਂ ਵੇਲੇ ਇਸ ਦਾ ਪ੍ਰਚਲਨ ਨਿਹੰਗ ਸਿੰਘਾਂ ਵਿਚ ਰਿਹਾ ਹੋਵੇ।"[228] ਗਿਆਨੀ ਗਿਆਨ ਸਿੰਘ ਸ਼ਹੀਦੀ ਦੇਗਾਂ ਸੰਬੰਧੀ ਲਿਖਦੇ ਹਨ:

---

[226] ਪ੍ਰੇਮ ਸਿੰਘ (ਕਵੀ) (ਸੰਪਾ.), ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ, ਭਾਗ ਚੌਥਾ, (ਪ੍ਰਕਾ.) ਲੇਖਕ ਆਪ, ਚੌਥੀ ਵਾਰ, ਅੰਮ੍ਰਿਤਸਰ, ਮਿਤੀਹੀਨ, ਪੰਨਾ ੧੭੦੩.

[227] Ramesh Chander Dogra & Gobind Singh Mansukhani (Dr.), Encyclopaedia of Sikh Religion and Culture, p. 344.

[228] ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਪਹਿਲਾ, ਪੰਨਾ 186.

ਦੇਗ ਸ਼ਹੀਦੀ ਸੁਖਾ ਮਿੱਠਾ। ਲੰਗਰ ਕਰਵਾ ਛਕਿਓ ਇਕੱਠਾ।[229]

ਡਾਕਟਰ ਚਰਨ ਸਿੰਘ ਨੇ ਆਪਣੀ ਇਕ ਰਚਨਾ 'ਸ੍ਰੀ ਮਹਾਂਰਾਣੀ ਸ਼ਰਾਬ ਕੌਰ' ਵਿਚ ਜ਼ਿਕਰ ਕੀਤਾ ਹੈ ਕਿ ਮਗ਼ਜ਼, ਕਾਸ਼ਨੀ, ਬਦਾਮ, ਮੁਲੱਠੀ, ਮਿਰਚਾਂ, ਖਸ਼ਖਾਸ਼, ਦੁੱਧ, ਮਿੱਠਾ ਆਦਿ ਮਸਾਲੇਦਾਰ ਪਦਾਰਥ ਪਾ ਕੇ ਰਗੜ ਕੇ ਅਤੇ ਪੁਣਕੇ ਭੰਗ ਤਿਆਰ ਕੀਤੀ ਜਾਂਦੀ ਹੈ।[230] ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੀ ਰਚਨਾ ਜ਼ਫਰਨਾਮਾ ਵਿਚ ਲਿਖਦੇ ਹਨ:

ਬਿਦਿਹ ਸਾਕੀਯਾ ਜਾਮ ਫੀਰੋਜ਼ਹ ਰੰਗ॥

ਕਿ ਦਰ ਵਕਤਿ ਸਬ ਚੂੰ ਖੁਸੇ ਰੋਜ਼ ਜੰਗ॥

"ਹੇ ਸਤਿਗੁਰੂ ਜੀ, ਮੈਨੂੰ ਹਰੇ ਰੰਗ ਦਾ ਪਿਆਲਾ ਬਖਸ਼ੋ, ਜੋ ਮੈਨੂੰ ਰਾਤ ਸਮੇਂ ਤੇ ਜੰਗ ਦੇ ਮੈਦਾਨ ਵਿਚ ਅਨੰਦ ਬਖਸ਼ਣ ਵਾਲਾ ਹੋਵੇ।"[231] ਡਾ. ਰਤਨ ਸਿੰਘ ਜੱਗੀ ਨੇ ਵੀ ਇਹੀ ਅਰਥ ਕੀਤੇ ਹਨ।[232] ਸਿੱਖ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਜਦੋਂ ਮਸਤ ਹਾਥੀ ਨਾਲ ਮੁਕਾਬਲਾ ਕਰਨ ਲਈ ਭਾਈ ਬਚਿੱਤਰ ਸਿੰਘ ਨੂੰ ਭੇਜਿਆ ਗਿਆ ਤਾਂ ਗੁਰੂ ਜੀ ਨੇ ਸ਼ਹੀਦੀ ਦੇਗਾਂ ਤਿਆਰ ਕਰਵਾਈਆਂ ਅਤੇ ਭਾਈ ਬਚਿੱਤਰ ਸਿੰਘ ਨੂੰ ਛਕਾ ਕੇ ਤੋਰਿਆ:

ਸੁਖ ਨਿਧਾਨ ਸੁਖ ਨਿਧਿ ਬਨਵਾਯੋ॥

ਸੁਖ ਬਰਧਕ ਸੋਂ ਮੰਗ ਛਕਾਯੋ॥[233]

ਸ੍ਰੀ ਗੁਰ ਤੀਰਥ ਸੰਗ੍ਰਹਿ ਪੁਸਤਕ ਅਨੁਸਾਰ ਗੁਲਾਬੇ ਦੇ ਘਰ ਭਾਈ ਮਾਨ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਸੁੱਖਾ ਛਕਾਇਆ ਸੀ: "ਗੁਰੂ ਜੀ ਕੀ ਖਬਰ ਸੁਣ ਗੁਲਾਬੇ ਨੇ ਸਭ ਸੇਵਾ ਕਰੀ। ਮਾਨ ਸਿੰਘ ਨੇ

---

229 ਗਿਆਨ ਸਿੰਘ (ਗਿਆਨੀ), ਪੰਥ ਪ੍ਰਕਾਸ਼, ਪੰਨਾ 621.

230 ਚਰਨ ਸਿੰਘ (ਡਾ.), ਮਦਯ ਮਦ ਭੰਜਨ, ਮਿਤ੍ਰ ਮਨ ਰੰਜਨ ਸ੍ਰੀ ਮਹਾਂਰਾਣੀ ਸ਼ਰਾਬ ਕੌਰ, (ਪ੍ਰਕਾ.) ਬਲਬੀਰ ਸਿੰਘ ਪੀਐਚ.ਡੀ ਲੰਡਨ, ਸ੍ਰੀ ਅੰਮ੍ਰਿਤਸਰ, ਮਾਰਚ, 1953, ਪੰਨਾ 41.

231 ਨਰੈਣ ਸਿੰਘ (ਗਿਆਨੀ) (ਟੀਕਾਕਾਰ), ਸ੍ਰੀ ਦਸਮ ਗ੍ਰੰਥ ਸਾਹਿਬ ਜੀ ਸਟੀਕ, ਸੈਂਚੀ ਅੱਠਵੀਂ, ਭਾ. ਚਤਰ ਸਿੰਘ ਜੀਵਨ ਸਿੰਘ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, ਜੁਲਾਈ 1994, ਪੰਨਾ 694.

232 ਰਤਨ ਸਿੰਘ ਜੱਗੀ (ਡਾ.) ਅਤੇ ਗੁਰਸ਼ਰਨ ਕੌਰ ਜੱਗੀ (ਡਾ.), ਸ੍ਰੀ ਦਸਮ ਗ੍ਰੰਥ ਸਾਹਿਬ, ਪਾਠ ਸੰਪਾਦਨ ਅਤੇ ਵਿਆਖਿਆ, ਭਾਗ ਪੰਜਵਾਂ, ਗੋਬਿੰਦ ਸਦਨ, ਮਹਿਰੋਲੀ, ਨਵੀਂ ਦਿੱਲੀ, ਅਪ੍ਰੈਲ 1999, ਪੰਨਾ 769.

233 ਸੁਮੇਰ ਸਿੰਘ (ਬਾਬਾ), ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼, ਡਾ. ਅੱਛਰ ਸਿੰਘ ਕਾਹਲੋਂ (ਸੰਪਾ.), ਪੰਨਾ 174.

ਸੁੱਖਾ ਛਕਾਇਆ। ਪੱਗ ਖੁੱਸ ਉਚੀ ਜੈਸੀ ਹੋ ਗਈ ਥੀ। ਖੁਸ਼ ਹੋ ਕੇ ਗੁਰੋਂ ਨੇ ਵਰ ਦੀਆ।"[234] ਇਸ ਵਾਰਤਾ ਦਾ ਜ਼ਿਕਰ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਅੰਦਰ ਦਰਜ਼ ਹੈ:

ਸੁੱਖਾ ਮਿਰਚਾਂ ਤਯਾਰ ਕਰ ਲਯਾਇ ਗੁਲਾਬਾ ਪਾਸ।

ਪੂਰਿ ਕਟੋਰਾ ਅੱਗ੍ਰ ਧਰਿ ਗੁਰ ਉਠਾਇ ਤ੍ਰਿਖ ਨਾਸ਼।[235]

ਤਾਰਾ ਸਿੰਘ ਵਾਂ ਦੇ ਲੰਗਰਾਂ ਵਿਚ ਸੁੱਖੇ ਦੀ ਦੇਗ ਅਤੇ ਲੰਗਰ ਹਰ ਵੇਲੇ ਤਿਆਰ ਹੁੰਦੇ ਸਨ ਅਤੇ ਸਭ ਨੂੰ ਪ੍ਰਸ਼ਾਦਾ ਮਿਲਦਾ ਸੀ।[236] ਜ਼ਕਰੀਆਂ ਖਾਂ ਵਲੋਂ ਸਿੰਘਾਂ ਨੂੰ ਨਵਾਬੀ ਦੀ ਖਿੱਲਤ ਭੇਜਣ ਸਮੇਂ, ਉਨ੍ਹਾਂ ਨੂੰ ਖੁਸ਼ ਕਰਨ ਲਈ ਪੁੱਛਣ 'ਤੇ ਭਾਈ ਸੁਬੇਗ ਸਿੰਘ ਨੇ ਕਿਹਾ ਕਿ ਸਿੰਘ ਮਿੱਠੀ ਭੰਗ (ਸ਼ਹੀਦੀ ਦੇਗ) ਨਾਲ ਖੁਸ਼ ਹੁੰਦੇ ਹਨ:

ਸਿੰਘ ਸੁਬੇਗ ਕਹਿ ਜੇ ਖੁਸ਼ੀ ਸਿੰਘਹਿ ਅਧਕ ਕਰਯੋ ਤੁਮ ਚੈਹੋ।

ਤੌਂ ਕੁਣਕੋ ਅਰ ਦੇਗ ਸ਼ਹੀਦੀ ਹਿਤ ਨਕਦੀ ਕੁਛ ਦੈਹੌ।

ਮਿਠੀ ਭੰਗ ਛਕਾ ਹਮ ਉਨਕੋ ਬਾਛਿਤ ਬਾਤ ਮਨੈ ਹੋ।

ਸੁੱਖਾ ਛਕੇ ਬਿਨਾਂ ਨਹਿ ਮੰਨਹੈ ਖੁਦ ਖੁਦਾਇ ਜੇ ਕੈਹੈ।[237]

ਨਵਾਬ ਕਪੂਰ ਸਿੰਘ ਦੇ ਸਮੇਂ ਭਾਈ ਥਰਾਜ ਸਿੰਘ ਸ਼ਹੀਦੀ ਦੇਗਾਂ ਬਣਾਉਣ ਦੀ ਸੇਵਾ ਕਰਦੇ ਸਨ।[238] ਕਨ੍ਹੱਈਆ ਲਾਲ ਅਨੁਸਾਰ ਲਾਹੌਰ ਦੇ ਨਖਾਸ ਚੌਂਕ ਵਿਚ ਬਣੇ ਸ਼ਹੀਦ ਗੰਜ ਵਿਖੇ ਸੁਖ ਨਿਧਾਨ ਦੀਆਂ ਦੇਗਾਂ ਚਲਦੀਆਂ ਸਨ।[239] ਮਹਾਰਾਜਾ ਰਣਜੀਤ ਸਿੰਘ ਵਲੋਂ ਲਾਹੌਰ ਦੇ ਸ਼ਹੀਦ ਗੰਜ ਵਿਖੇ ਸ਼ਹੀਦੀ

---

234 ਤਾਰਾ ਹਰਿ ਨਰੋਤਮ, ਸ੍ਰੀ ਗੁਰ ਤੀਰਥ ਸੰਗ੍ਰਹਿ, (ਪ੍ਰਕਾ.) ਸ੍ਰੀ ਮਹੰਤ ਸੁੱਚਾ ਸਿੰਘ ਜੀ, ਸ੍ਰੀ ਨਿਰਮਲ ਪੰਚਾਇਤੀ ਅਖਾੜਾ, ਹਰਿਦਵਾਰ (ਕਨਖਲ), ਦੂਜੀ ਵਾਰ, ਮਈ 1975, ਪੰਨਾ 165.

235 ਸੰਤੋਖ ਸਿੰਘ (ਭਾਈ), ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰੁਤ ੬, ਅੰਸੂ ੪੫, ਜਿਲਦ ਚੌਦਵੀਂ, ਡਾ. ਭਾਈ ਵੀਰ ਸਿੰਘ (ਸੰਪਾ.), ਭਾਸ਼ਾ ਵਿਭਾਗ, ਪੰਜਾਬ, 2011, ਪੰਨਾ ੫੯੨੧.

236 ਗਿਆਨ ਸਿੰਘ (ਗਿਆਨੀ), ਤਵਾਰੀਖ ਗੁਰੂ ਖਾਲਸਾ ਹਿੱਸਾ ਦੂਜਾ ਅਰਥਾਤ ਸ਼ਮਸ਼ੇਰ ਖਾਲਸਾ, ਪੰਨਾ 101.

237 ਉਹੀ ਲੇਖਕ, ਪੰਥ ਪ੍ਰਕਾਸ਼, ਪੰਨਾ 650.

238 ਉਹੀ, ਪੰਨਾ 683.

239 ਕਨ੍ਹੱਈਆ ਲਾਲ, ਤਾਰੀਖ਼-ਇ-ਪੰਜਾਬ, ਜੀਤ ਸਿੰਘ ਸੀਤਲ (ਅਨੁ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1968, ਪੰਨਾ 63.

ਦੇਗਾਂ ਲਈ ਪੰਜ ਰੁਪਏ ਰੋਜ਼ਾਨਾ ਦਿੱਤੇ ਜਾਂਦੇ ਸਨ।[240] ਨਿਹੰਗ ਸਿੰਘ ਸੁਖ ਨਿਧਾਨ ਛਕ ਕੇ ਭਜਨ-ਸਿਮਰਨ ਕਰਦੇ ਹਨ:

ਸੁਖ ਨਿਧਾਨ ਦੋ ਵਕਤ ਛਕੈਂ ਸਿੰਘ ਮੱਜਨ ਭਜਨ ਸੁ ਕਰਹੀਂ
ਬਾਨੀ ਪਢੈਂ ਸੇਵ ਅੱਸ੍ਰ ਆਯੁਧ ਦੇਗਨ ਕੀ ਬਹੁ ਧਰਹੀਂ।[241]

ਸ਼ਮਸ਼ੇਰ ਸਿੰਘ ਅਸ਼ੋਕ ਦੁਆਰਾ ਸੰਪਾਦਿਤ, ਪ੍ਰਾਚੀਨ ਵਾਰਾਂ ਤੇ ਜੰਗ-ਨਾਮੇ ਵਿਚ ਵੀ ਜ਼ਿਕਰ ਹੈ:

ਭੰਗਾਂ ਬਹੁਤ ਛਕਾਇਕੈ ਮੁਛ ਮੋੜੀ ਨਜ਼ਰ ਅਸਮਾਨ ਦੀ।[242]

'ਗ੍ਰੰਥ ਪ੍ਰੇਮ ਸੁਮਾਰਗ' ਅਨੁਸਾਰ, "ਭਾਂਗ ਖਾਏ ਤਾਂ ਅਢਾਈ ਮਾਸਾ ਮਸਾਲੇ ਪਾਇ ਖਾਏ- ਲੌਂਗ, ਮਿਰਚਾਂ, ਜਾਇਫਲ, ਜਾਵਿਤ੍ਰੀ, ਕੇਸਰ, ਮੁਸ਼ਕੰਬਰ ਪਾਣਾ। ਇਹ ਐਬ ਨਾਹੀ।"[243] ਸ਼ਹੀਦੀ ਦੇਗਾਂ ਬਾਰੇ ਕਵੀ ਸੰਤੋਖ ਸਿੰਘ ਜੀ ਨੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਤੀਜੀ ਰੁਤਿ ਦੇ ਇਕੀਵੇਂ ਅਧਿਆਇ ਵਿਚ ਜ਼ਿਕਰ ਕਰਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਸਮੇਂ 'ਸੁੱਖੇ' ਦੀ ਦੇਗ ਤਿਆਰ ਕੀਤੀ ਜਾਂਦੀ ਸੀ ਜਿਸ ਵਿਚ ਮਿਰਚ (ਕਾਲੀ ਮਿਰਚ) ਆਦਿਕ ਪਾਈ ਜਾਂਦੀ ਸੀ:

ਯਾਂਤੇ ਸ੍ਰੀ ਮੁਖ ਬਾਕ ਉਚਾਰਾ। 'ਹੁਇ ਸੁੱਖੇ ਕੀ ਦੇਗ ਉਦਾਰਾ।
ਸਿੰਘ ਹੋਇ ਜਬਿ ਆਯੁਧ ਧਾਰੀ। ਮਾਦਕ ਚਹੀ ਯਤਿ ਅਨੰਦ ਮਝਾਰੀ।
ਸਭਿ ਮਾਦਿਕ ਤੇ ਬਿਜੀਆ ਆਛੀ। ਕਯੋਂ ਕਿ ਮਹੇਸ਼ ਆਦਿ ਇਹੁ ਬਾਛੀ।
ਸਤਿਗੁਰ ਚਰਨ ਕਿ ਸਿਮਰਨ ਨਾਮੂ। ਨਿਸ਼ਚਲ ਬ੍ਰਿਤਿ ਟਿਕਹਿ ਅਭਿਰਾਮੂ।
ਚਿਤ ਕੀ ਚਿੰਤਾ ਦੇਤਿ ਮਿਟਾਈ। ਰਿਦੈ ਸੰਤੋਸ਼ ਕਰਹਿਂ ਸੁਖਦਾਈ।
ਕਰਯੋ ਸੁਖਾ ਦੁਖ ਹਰਿਬੇ ਹੇਤੁ। ਛਕਹਿ ਖਾਲਸਾ ਮਿਰਚ ਸਮੇਤ।

---

240 ਪ੍ਰੇਮ ਸਿੰਘ ਹੋਤੀ (ਬਾਬਾ), ਮਹਾਰਾਜਾ ਰਣਜੀਤ ਸਿੰਘ, (ਪ੍ਰਕਾ.) ਲੇਖਕ ਆਪ, ਪੰਜਵੀਂ ਵਾਰ, ਮਾਰਚ 1938, ਪੰਨਾ ੪੩੦.

241 ਗਿਆਨ ਸਿੰਘ (ਗਿਆਨੀ), ਪੰਥ ਪ੍ਰਕਾਸ਼, ਪੰਨਾ 659.

242 ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਪ੍ਰਾਚੀਨ ਵਾਰਾਂ ਤੇ ਜੰਗ-ਨਾਮੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਤੀਜੀ ਵਾਰ, 1983, ਪੰਨਾ 117.

243 ਰਣਧੀਰ ਸਿੰਘ (ਸੰਪਾ.), ਗ੍ਰੰਥ ਪ੍ਰੇਮ ਸੁਮਾਰਗ ਅਰਥਾਤ ਖਾਲਸਈ ਜੀਵਨ ਜਾਚ, ਪੰਨਾ 67.

ਛੁਧਾ ਲਗਾਇ ਸਰੀਰ ਨਿਰੋਵਾ। ਕਸ਼ਟ ਸਮੂਹਨਿ ਕੋ ਇਹ ਖੋਵਾ'।

ਹੋਨਿ ਲਗੀ ਤਬਿ ਦੇਗ਼ ਬਿਸਾਲਾ। ਛਕਹਿ ਸਿੰਘ ਕੋ ਇਕ ਦ੍ਵੈ ਕਾਲਾ।[244]

**ਭੰਗ ਅਤੇ ਸੁੱਖੇ ਵਿਚ ਅੰਤਰ:**

ਖਾਲਸਾ ਧਰਮ ਸ਼ਾਸਤ੍ਰ ਵਿਚ ਭੰਗ ਅਤੇ ਸੁੱਖੇ ਦੀ ਮਾਤਰਾ ਨੂੰ ਸਪਸ਼ਟ ਕੀਤਾ ਗਿਆ ਹੈ ਤਾਂ ਜੋ ਭੰਗ ਅਤੇ ਸੁੱਖੇ ਵਿਚ ਅੰਤਰ ਕੀਤਾ ਜਾ ਸਕੇ। ਖਾਲਸਾ ਧਰਮ ਸ਼ਾਸਤ੍ਰ ਵਿਚ ਜ਼ਿਕਰ ਹੈ ਕਿ ਜੇਕਰ ਸੁੱਖਾ ਸਵਾ ਮਾਸੇ ਤੋਂ ਉੱਪਰ ਦੀ ਮਾਤਰਾ ਵਿਚ ਹੈ ਤਾਂ ਉਹ ਭੰਗ ਹੈ। ਇਸ ਲਈ ਸਵਾ ਮਾਸੇ ਦੀ ਮਾਤਰਾ ਦਾ ਪ੍ਰਯੋਗ ਕਰਨ ਦਾ ਵਿਧਾਨ ਹੈ।[245] ਇਸ ਤੋਂ ਵੱਧ ਮਾਤਰਾ ਵਰਤਣੀ 'ਭੰਗ' ਅਖਵਾਉਂਦੀ ਹੈ। ਭਾਈ ਦੇਸਾ ਸਿੰਘ ਦੇ ਰਹਿਤਨਾਮੇ ਵਿਚ ਸ਼ਹੀਦੀ ਦੇਗਾਂ ਵਿਚ ਭੰਗ ਪਾਉਣ ਦੀ ਮਾਤਰਾ ਦਰਸਾਈ ਗਈ ਹੈ:

ਰਤੀ ਅਫੀਮ ਮਾਸਾ ਭੰਗ। ਇਨ ਕੋ ਖਾਵਹਿ ਕਦੀ ਨਿਸੰਗ।

ਇਸ ਤੇ ਅਧਿਕ ਨ ਅਮਲ ਵਧਾਵੈ। ਵਧੇ ਅਮਲ ਤਉ ਨਰ ਦੁਖ ਪਾਵੈ।[246]

ਸੁੱਖੇ ਅਤੇ ਭੰਗ ਵਿਚ ਦੂਜਾ ਅੰਤਰ ਇਹ ਹੈ ਕਿ ਜਦੋਂ ਭੰਗ ਦੇ ਪੱਤੇ ਤੋੜੇ ਜਾਂਦੇ ਹਨ ਤਾਂ ਉਹਨਾਂ ਪੱਤਿਆਂ ਦੀ ਉੱਪਰਲੀ ਪਰਤ ਵਿਚ ਨਸ਼ਾ ਹੁੰਦਾ ਹੈ ਜਿਸਨੂੰ ਭੰਗ ਕਿਹਾ ਜਾਂਦਾ ਹੈ। ਪਰ ਸ਼ਹੀਦੀ ਦੇਗਾਂ ਬਣਾਉਣ ਲਈ ਭੰਗ ਦੇ ਪੱਤਿਆਂ ਨੂੰ ਤੋੜ ਕੇ ਕਈ ਦਿਨ ਤੱਕ ਕਿਸੇ ਚਲਦੇ ਪਾਣੀ ਦੇ ਪ੍ਰਵਾਹ ਵਿਚ ਰਖਿਆ ਜਾਂਦਾ ਹੈ ਤਾਂ ਜੋ ਪੱਤੇ ਚੰਗੀ ਤਰ੍ਹਾਂ ਸਾਫ਼ ਹੋ ਜਾਣ। ਇਸ ਤਰ੍ਹਾਂ ਜਦੋਂ ਉਨ੍ਹਾਂ ਪੱਤਿਆਂ ਦੀ ਪਰਤ ਦਾ ਨਸ਼ਾ ਨਿਕਲ ਜਾਂਦਾ ਹੈ ਤਾਂ ਉਨ੍ਹਾਂ ਪੱਤਿਆਂ ਨੂੰ ਸਾਫ ਕਰਕੇ ਸ਼ਹੀਦੀ ਦੇਗਾਂ ਵਿਚ ਵਰਤਿਆ ਜਾਂਦਾ ਹੈ ਪਰ ਉਹ ਵੀ ਥੋੜੀ ਮਾਤਰਾ ਵਿਚ ਭਾਵ ਪੰਜ ਪੱਤੇ ਜਾਂ ਚੁਟਕੀ ਭਰ।

---

[244] ਸੰਤੋਖ ਸਿੰਘ (ਭਾਈ), ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ੧੨, ਡਾ. ਭਾਈ ਵੀਰ ਸਿੰਘ (ਸੰਪਾ.), ਭਾਸ਼ਾ ਵਿਭਾਗ ਪੰਜਾਬ, 1993, ਪੰਨਾ ੫੦੬੬-੬੭.

[245] ਰਾਮਨਰੈਣ ਸਿੰਘ ਸੋਢੀ (ਟਿੱਕਾ ਸਾਹਿਬ), ਸਿੱਖ ਧਰਮ ਖਾਲਸਾ ਪੰਥ ਦੀ ਬਿਵਸਥਾ ਅਰਥਾਤ ਖਾਲਸਾ ਧਰਮ ਸ਼ਾਸਤ੍ਰ ਦੀ ਪੂਰਬ ਮਿਮਾਂਸਾ, ਪੰਨਾ ੪੧੧.

[246] ਪਿਆਰਾ ਸਿੰਘ ਪਦਮ (ਸੰਪਾ.), ਰਹਿਤਨਾਮੇ, ਪੰਨਾ ੧੩੦.

**ਸ਼ਹੀਦੀ ਦੇਗਾਂ ਬਣਾਉਣ ਦੀ ਵਿਧੀ:**

ਕੜਾਹ ਪ੍ਰਸ਼ਾਦਿ ਵਾਂਗ ਸ਼ਹੀਦੀ ਦੇਗਾਂ ਵਿਚ ਵੀ ਮੁੱਖ ਤੌਰ 'ਤੇ ਪੰਜ ਚੀਜਾਂ ਪੈਂਦੀਆਂ ਹਨ: ਬਦਾਮ, ਖਸਖਾਸ, ਕਾਲੀ ਮਿਰਚ, ਛੋਟੀ ਇਲਾਇਚੀ ਅਤੇ ਸੁੱਖਾ।[247] ਸ਼ਹੀਦੀ ਦੇਗ ਬਣਾਉਣ ਦੀ ਮਰਯਾਦਾ ਇਹ ਹੈ ਕਿ ਸਲੋਤਰ (ਲੱਕੜ ਦਾ ਮੋਟਾ ਸੋਟਾ) ਅਤੇ ਸੁਨਹਿਰੇ (ਕੂੰਡਾ) ਨੂੰ ਜਲ ਨਾਲ ਧੋ ਕੇ ਸਾਫ਼ ਸੁਨਿਹਰੇ ਵਿਚ ਬਦਾਮ, ਕਾਲੀ ਮਿਰਚ, ਇਲਾਇਚੀ, ਚੁਟਕੀ ਭਰ ਸੁੱਖਾ ਆਦਿ ਪਾ ਕੇ ਰਗੜਿਆ ਜਾਂਦਾ ਹੈ। ਕਈ ਸਿੰਘ ਸਮੱਗਰੀ ਵਿਚ ਮਗਜ਼ ਅਤੇ ਗੁਲਾਬ ਦੇ ਕੁਝ ਪੱਤੇ ਜਾਂ ਕੇਸਰ ਵੀ ਪਾ ਲੈਂਦੇ ਹਨ। ਰਗੜਨ ਲਈ ਨਿੰਮ ਦੀ ਲੱਕੜ ਦੇ ਬਣੇ ਸਲੋਤਰ ਦੀ ਵਰਤੋਂ ਕੀਤੀ ਜਾਂਦੀ ਹੈ। ਸ਼ਹੀਦੀ ਦੇਗਾਂ ਵਿਚ ਸੁੱਖੇ ਦੇ ਪੰਜ ਪੱਤੇ ਜਾਂ ਚੁਟਕੀ ਭਰ ਪਾਉਣ ਨਾਲ ਸ਼ਹੀਦੀ ਦੇਗ ਨੂੰ 'ਸੁਹਾਗਣ' ਕਰਨਾ ਆਖਦੇ ਹਨ। ਨਿਹੰਗ ਸਿੰਘ ਬਿਨਾਂ ਸੁੱਖੇ ਤੋਂ ਦੇਗ 'ਰੰਡੀ' ਆਖਦੇ ਹਨ। ਬਿਨ੍ਹਾਂ ਭੰਗ ਪਾਉਣ ਤੋਂ ਸ਼ਹੀਦੀ ਦੇਗਾਂ ਦਾ ਸ਼ਹੀਦਾਂ ਸਿੰਘਾਂ ਨੂੰ ਭੋਗ ਨਹੀਂ ਲੱਗਦਾ।"[248] ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 'ਮੁਖਤਿਆਰੇ ਆਮ' ਬਾਬਾ ਦਿਆਲ ਸਿੰਘ ਜੀ ਅਨੁਸਾਰ, "ਸ਼ਹੀਦੀ ਦੇਗ ਵਿਚ ਸੁੱਖਾ ਪੈਂਦਾ ਹੈ। ਬਿਨਾਂ ਸੁੱਖੇ ਤੋਂ ਸ਼ਹੀਦੀ ਦੇਗ ਤਿਆਰ ਨਹੀਂ ਹੁੰਦੀ। ਸ਼ਹੀਦੀ ਦੇਗ ਵਿਚ ਕੇਸਰ ਵੀ ਪਾ ਦਿੱਤਾ ਜਾਂਦਾ ਸੀ ਪਰ ਸ਼ਹੀਦੀ ਦੇਗ ਵਿਚ ਖਸਖਾਸ ਨਹੀਂ ਪੈਂਦੀ।[249] ਰਗੜਾ ਲਗਾਉਂਦੇ ਸਮੇਂ ਨਿਰੰਤਰ ਬਾਣੀ ਪੜ੍ਹੀ ਜਾਂਦੀ ਹੈ। ਇਸ ਤੋਂ ਬਾਅਦ ਖੰਡ ਅਤੇ ਲੋੜ ਅਨੁਸਾਰ ਦੁੱਧ ਮਿਲਾਇਆ ਜਾਂਦਾ ਹੈ। ਤਿਆਰ ਹੋਣ ਤੋਂ ਬਾਅਦ ਸਾਫ ਮਲਮਲ ਦੇ ਕੱਪੜੇ ਨਾਲ ਛਾਣਾ ਲਾਇਆ ਜਾਂਦਾ ਹੈ ਅਤੇ ਸਲੋਤਰ ਨੂੰ ਧੋਇਆ ਜਾਂਦਾ ਹੈ। ਇਕ ਬਰਤਨ ਵਿੱਚ ਸ਼ਹੀਦੀ ਦੇਗ ਪਾ ਕੇ ਛਾਣੇ ਵਾਲੇ ਬਸਤ੍ਰ ਨਾਲ ਢਕ ਦਿੱਤਾ ਜਾਂਦਾ ਹੈ ਅਤੇ ਸ਼ਹੀਦੀ ਦੇਗਾਂ ਦੇ ਸਲੋਕ ਪੜ੍ਹੇ

---

[247] ਇਹ ਜਾਣਕਾਰੀ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਪ੍ਰਚਾਰਕ ਗਿਆਨੀ ਗੁਰਵਿੰਦਰ ਸਿੰਘ ਨੰਗਲੀ ਪਾਸੋਂ, ਅੰਮ੍ਰਿਤਸਰ ਵਿਖੇ 23 ਜਨਵਰੀ 2020 ਨੂੰ ਵੀਡਿਉ ਰਿਕਾਰਡਿੰਗ ਰਾਹੀਂ ਇੰਟਰਵਿਊ ਵਿਚ ਇੱਕਤਰ ਕੀਤੀ ਗਈ।

[248] ਇਹ ਜਾਣਕਾਰੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਹੈਡ ਗ੍ਰੰਥੀ ਬਾਬਾ ਮੱਘਰ ਸਿੰਘ ਅਤੇ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਹੈਡ ਗ੍ਰੰਥੀ ਮਹੰਤ ਤ੍ਰਿਲੋਚਨ ਸਿੰਘ ਜੀ ਪਾਸੋਂ ਬੁੱਢਾ ਦਲ ਦੀ ਛਾਉਣੀ 'ਸ਼ਹੀਦ ਬਾਬਾ ਮਿੱਤ ਸਿੰਘ ਜੀ ਅਤੇ ਛੇ ਹਜ਼ਾਰ ਨਿਹੰਗ ਸਿੰਘਾਂ' ਸ਼ੰਭੂ, ਵਿਖੇ ਮਿਤੀ 19-5-2018 ਨੂੰ ਵੀਡਿਉ ਰਿਕਾਰਡਿੰਗ ਰਾਹੀਂ ਇੰਟਰਵਿਊ ਵਿਚ ਇੱਕਤਰ ਕੀਤੀ ਗਈ।

[249] ਇਹ ਜਾਣਕਾਰੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 'ਮੁਖਤਿਆਰੇ ਆਮ' ਬਾਬਾ ਦਿਆਲ ਸਿੰਘ ਜੀ ਪਾਸੋਂ, ਸ੍ਰੀ ਨਿਰਮਲ ਪੰਚਾਇਤੀ ਅਖਾੜਾ ਡੇਰਾ ਧਰਮਧੱਜਾ, ਪਟਿਆਲਾ ਵਿਖੇ ਮਿਤੀ 9 ਮਾਰਚ 2019 ਨੂੰ ਵੀਡਿਉ ਰਿਕਾਰਡਿੰਗ ਰਾਹੀਂ ਇੰਟਰਵਿਊ ਵਿਚ ਇੱਕਤਰ ਕੀਤੀ ਗਈ।

ਜਾਂਦੇ ਹਨ। ਸ਼ਹੀਦੀ ਦੇਗਾਂ ਦੇ ਸਲੋਕ ਕਈ ਗੁਟਕਿਆਂ ਵਿਚ ਛਪੇ ਮਿਲਦੇ ਹਨ।[250] ਅਰਦਾਸ ਕਰਕੇ ਫੇਰ ਸ਼ਹੀਦੀ ਪ੍ਰਸ਼ਾਦਿ ਸਮਝ ਕੇ ਵਰਤਾਇਆ ਜਾਂਦਾ ਹੈ। ਪਿਛੇ ਬਚੇ ਹੋਏ ਫੋਕ ਨੂੰ 'ਨੁਗਦਾ' ਆਖਦੇ ਹਨ। ਨੁਗਦੇ ਦਾ ਸਲੋਕ ਪੜ੍ਹ ਕੇ ਦੁਸ਼ਮਣ ਦਾ ਨਾਂ ਲੈ ਕੇ ਨੁਗਦੇ ਦੇ ਫੋਕ ਨੂੰ ਦੂਰ ਸੁੱਟਿਆ ਜਾਂਦਾ ਹੈ। ਸੂਰਜ ਪ੍ਰਕਾਸ਼ ਗ੍ਰੰਥ ਵਿਚ ਇਸਦਾ ਜ਼ਿਕਰ ਇਸ ਪ੍ਰਕਾਰ ਹੈ:

ਸ਼ੱਤ੍ਰਨਿ ਕੇ ਸਿਰ ਨੁਗਦਾ ਮਾਰਹਿਂ। ਪਠਹਿਂ ਸ਼ਲੋਕ ਨਾਮ ਸੰਭਾਰਹਿਂ।
ਢਰਹਿ ਦੁਪਹਿਰੇ ਛਕਿ ਛਕਿ ਜਾਵਹਿਂ। ਸੌਚ ਸ਼ਨਾਨ ਕਰਹਿਂ ਹਰਖਾਵਹਿਂ।[251]

ਨਿਹੰਗ ਸਿੰਘਾਂ ਵਿਚ ਇਹ ਰਵਾਇਤ ਵੀ ਤੁਰੀ ਆਉਂਦੀ ਹੈ ਕਿ ਸ਼ਹੀਦੀ ਦੇਗਾਂ ਦੀ ਅਰਦਾਸ ਵੇਲੇ ਨੁਗਦੇ ਦਾ ਗੋਲਾ ਚਲਾ ਕੇ ਵੱਡੇ-ਵੱਡੇ ਬਾਦਸ਼ਾਹਾਂ ਦੇ ਰਾਜ ਨੂੰ ਚੂਰ ਕੀਤਾ ਜਾਂਦਾ ਹੈ:

ਖਾਲਸੇ ਨੁਗਦਨ ਸੋ ਨਵਾਬੈ ਮਾਰੇ। ਅਰਦਾਸਨ ਸੋਂ ਪਤਿਸ਼ਾਹ ਬਹੁ ਗਾਰੇ।[252]

ਇਹ ਸਲੋਕ ਤੁਰਕਾਂ ਨੂੰ ਭਾਜੜਾਂ ਪਵਾਉਣ ਲਈ ਸਿੰਘਾਂ ਦੇ ਬੋਲੇ ਸਨ ਜੋ ਸੁਖ ਨਿਧਾਨ ਦੇ ਨੁਗਦੇ ਨਾਲ ਸ਼ੇਰ ਭਬਕੀਆਂ ਦੇ ਰੂਪ ਵਿਚ ਬੋਲੇ ਜਾਂਦੇ ਸਨ।[253] ਇਸ ਸੰਬੰਧੀ ਗਿਆਨ ਗਿਆਨ ਸਿੰਘ ਲਿਖਦੇ ਹਨ:

ਕੋਈ ਪਢੈ ਬਾਣੀ ਕੋਈ ਲਯਾਵੈਂ ਭਰ ਪਾਣੀ ਕਰੈਂ ਗੁਰ ਕੀ ਕਹਾਣੀ ਬਿਨਾ ਛਾਣੀ ਭੰਗ ਚਾਰ ਹੈਂ।
ਕੋਊ ਘੋਟੈ ਛਾਣੈ ਭੰਗ ਬਾਂਛਤ ਨਿਸੰਗ ਜੰਗ ਨੁਗਦੇ ਚਲਾਇ ਮੂੰਡ ਤੁਰਕਨ ਕੇ ਮਾਰਹੈਂ।[254]

ਪੁਰਾਤਨ ਨਿਹੰਗ ਸਿੰਘ ਇਸਨੂੰ ਐਂਟੀਬਾਇਉਟਿਕ ਦੀ ਤਰ੍ਹਾਂ ਲੈਂਦੇ ਸਨ। ਪੁਰਾਣੇ ਸਮੇਂ ਜਦੋਂ ਕਿਸੇ ਸਿੰਘ ਦੇ ਫੱਟ ਲਗ ਜਾਂਦਾ ਤਾਂ ਸਰਕਾਰ ਤੋਂ ਡਰਦਾ ਕੋਈ ਵੀ ਵੈਦ, ਹਕੀਮ ਬਾਂਹ ਨਹੀਂ ਫੜ੍ਹਦਾ ਸੀ।[255] ਗੁਰੂ

250 ਖਾਲਸਾ ਨਿੱਤਨੇਮ, ਪੰਨਾ ੩੩੫; ਖ਼ਾਲਸਾ ਨਿਤਨੇਮ ਸੁੰਦਰ ਗੁਟਕਾ, ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਬਖ਼ਸ਼ਿਸ਼ ਦੇ ਪਾਤਰ ਬਾਬਾ ਬਿਧੀ ਚੰਦ ਜੀ ਦੀ ਅੰਸ ਬੰਸ ਦੇ ਗਿਆਰ੍ਹਵੇਂ ਜਥੇਦਾਰ ਸੰਤ ਬਾਬਾ ਦਯਾ ਸਿੰਘ ਜੀ, ਮੁਖੀ ਸੰਪ੍ਰਦਾਇ ਦਲ ਬਾਬਾ ਬਿਧੀ ਚੰਦ ਜੀ, ਸੁਰ ਸਿੰਘ, ਜ਼ਿਲਾ ਤਰਨਤਾਰਨ, ਪੰਨਾ ੧੨੯.

251 ਸੰਤੋਖ ਸਿੰਘ (ਭਾਈ), ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ੧੨, ਡਾ. ਭਾਈ ਵੀਰ ਸਿੰਘ (ਸੰਪਾ.), ਪੰਨਾ ੫੦੬੬-੬੭.

252 ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਡਾ. ਬਲਵੰਤ ਸਿੰਘ ਢਿਲੋਂ (ਸੰਪਾ.), ਪੰਨਾ ੨੮੨.

253 ਖਾਲਸਾ ਨਿੱਤਨੇਮ, ਪੰਨਾ ੩੩੪ (ਫੁਟਨੋਟ).

254 ਗਿਆਨ ਸਿੰਘ (ਗਿਆਨੀ), ਪੰਥ ਪ੍ਰਕਾਸ਼, ਪੰਨਾ 650.

255 ਇਹ ਜਾਣਕਾਰੀ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਪ੍ਰਚਾਰਕ ਗਿਆਨੀ ਗੁਰਵਿੰਦਰ ਸਿੰਘ ਨੰਗਲੀ ਪਾਸੋਂ, ਅੰਮ੍ਰਿਤਸਰ ਵਿਖੇ 23 ਜਨਵਰੀ 2020 ਨੂੰ ਵੀਡਿਓ ਰਿਕਾਰਡਿੰਗ ਰਾਹੀਂ ਇੰਟਰਵਿਊ ਵਿਚ ਇੱਕਤਰ ਕੀਤੀ ਗਈ।

ਗੋਬਿੰਦ ਸਿੰਘ ਜੀ ਦੇ ਸਮੇਂ ਜ਼ਖ਼ਮੀ ਸਿੰਘਾਂ ਦੀ ਮੱਲਮ-ਪੱਟੀ ਲਈ ਜ਼ਖ਼ਮਾਂ ਉੱਪਰ 'ਸਾਲ ਪੱਤ੍ਰ' ਬੰਨ੍ਹ ਦਿੱਤਾ ਜਾਂਦਾ ਸੀ ਅਤੇ ਗਾੜ੍ਹਾ ਸੁੱਖਾ ਛਕਾ ਦਿੱਤਾ ਜਾਂਦਾ ਸੀ ਤਾਂ ਜੋ ਜ਼ਖ਼ਮੀ ਸਿੰਘਾਂ ਨੂੰ ਦਰਦ ਨਾ ਵਿਆਪੇ:

ਮਰੇ ਦਗਧਕੀਨੇ ਅਰੇ ਆਇਲ ਆਨੇ ਸੰਗ॥

ਸਾਲ ਪਤ੍ਰ ਬੰਧਵਾਇਕੈ ਚੰਗੇ ਕਿਏ ਨਿਹੰਗ॥[256]

ਜੰਗਾਂ-ਯੁੱਧਾਂ ਦੇ ਸਮੇਂ ਵਿਚ ਸੁਖ ਨਿਧਾਨ ਦਵਾਈ ਦਾ ਕੰਮ ਦਿੰਦੀ ਸੀ। ਜੰਗਲਾਂ ਬੇਲਿਆਂ ਵਿਚ ਸਿੰਘਾਂ ਕੋਲ ਨਿੰਮ ਦੇ ਪੱਤੇ, ਲੂਣ, ਸਰੋਂ ਦਾ ਤੇਲ, ਹਲਦੀ ਆਦਿਕ ਚੀਜਾਂ ਹੁੰਦੀਆਂ ਸਨ। ਜੰਗ ਵਿੱਚ ਸ਼ਸਤਰ ਦੁਆਰਾ ਫੱਟ ਲੱਗ ਜਾਣ 'ਤੇ ਨਿੰਮ ਦੇ ਪਾਣੀ ਨੂੰ ਉਬਾਲ ਕੇ ਉਸ ਪਾਣੀ ਵਿਚ ਲੂਣ ਪਾ ਕੇ ਜ਼ਖ਼ਮ ਨੂੰ ਧੋ ਕੇ ਸਾਫ਼ ਕੀਤਾ ਜਾਂਦਾ ਸੀ। ਨਿੰਮ ਵਿਚ ਤਸੀਰ ਹੁੰਦੀ ਸੀ ਜਿਸ ਨਾਲ ਜ਼ਖ਼ਮ ਵਿਚ ਜ਼ਹਿਰ ਜਾਂ ਜੀਵਾਣੂ ਨਹੀਂ ਫੈਲਦੇ। ਸਰੋਂ ਦੇ ਤੇਲ ਨਾਲ ਸਾਫ ਕਰਕੇ ਹਲਦੀ ਲਗਾ ਕੇ ਬੰਨ੍ਹ ਦਿੰਦੇ ਸਨ। ਦਰਦ ਜ਼ਿਆਦਾ ਹੋਣ ਤੇ ਸੁੱਖਾ ਵੱਧ ਮਾਤਰਾ ਵਿਚ ਘੋਟ ਕੇ ਛਕਾ ਦਿੰਦੇ ਸਨ। ਇਸ ਲਈ ਸੁੱਖੇ ਦਾ ਪ੍ਰਯੋਗ ਸਿੰਘਾਂ ਵਿਚ ਉਸ ਸਮੇਂ ਵੀ ਪ੍ਰਚਲਿਤ ਰਿਹਾ।

ਖਾਲਸਾ ਧਰਮ ਸ਼ਾਸਤ੍ਰ ਅਨੁਸਾਰ, ਜੋਹਰੀ ਲੋਕ ਸੁੱਖਾ ਛਕ ਕੇ ਜਵਾਹਰਾਂ ਦੀ ਚੰਗੀ ਪਰਖ ਕਰਦੇ ਸਨ। ਇਸਦਾ ਕਾਰਨ ਇਹ ਸੀ ਕਿ ਇਹ ਮਨ ਦੀ ਬ੍ਰਿਤੀ ਨੂੰ ਇਕਾਗਰ ਕਰਦਾ ਹੈ। ਸੁੱਖਾ, ਦੁੱਧ, ਮੱਖਣ, ਘਿਓ ਆਦਿਕ ਨੂੰ ਪਚਾਉਣ ਵਿਚ ਸਹਾਇਤਾ ਕਰਦਾ ਹੈ। ਪਤਲੀ ਧਾਂਤ ਨੂੰ ਗਾੜਾ ਕਰਦਾ ਹੈ।[257]

ਸ੍ਰੀ ਅਨੰਦਪੁਰ ਸਾਹਿਬ ਵਿਖੇ ਗੁ: ਸ਼ਹੀਦੀ ਬਾਗ ਵਿਖੇ ਇਕ ਪੁਰਾਤਨ ਕਮਰਾ ਹੈ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦਾ ਹੈ। ਉੱਥੇ ਗੁਰੂ ਸਾਹਿਬ ਦੇ ਸਮੇਂ ਤੋਂ ਹੀ ਸ਼ਹੀਦੀ ਦੇਗਾਂ ਦੇ ਰਗੜੇ ਲਗਦੇ ਆ ਰਹੇ ਹਨ। ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਗਿਆਰ੍ਹਵੇਂ ਜਥੇਦਾਰ ਬਾਬਾ ਸਾਧੂ ਸਿੰਘ ਜੀ ਦੇ ਸਮੇਂ ਕੁਝ ਸੋਢੀਆਂ ਨੇ ਸ਼ਹੀਦੀ ਬਾਗ ਦੀ ਜ਼ਮੀਨ ਆਪਣੀ ਕਹਿ ਕੇ ਕੇਸ ਕਰ ਦਿੱਤਾ ਕਿ ਨਿਹੰਗ ਸਿੰਘਾਂ ਨੇ ਜ਼ਬਰਦਸਤੀ ਮੱਲ ਲਿਆ ਹੈ। ਇਹ ਕੇਸ ਲਾਹੌਰ ਅਦਾਲਤ ਵਿਚ ਗਿਆ ਤਾਂ ਬਾਬਾ ਜੀ ਨੇ ਸ਼ਹੀਦੀ ਦੇਗਾਂ ਵਾਲਾ ਅਸਥਾਨ ਪੁੱਟਵਾ ਕੇ ਹੇਠਾਂ ਤੋਂ ਦੋ ਮਟਕੀਆਂ ਅਤੇ ਸੁਨਹਿਰਾ ਕੱਢ ਕੇ ਇਹ ਸਿੱਧ ਕਰ ਦਿੱਤਾ ਕਿ ਇਹ ਅਸਥਾਨ ਆਦਿ

---

[256] ਸੁਮੇਰ ਸਿੰਘ (ਬਾਬਾ), ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼, ਡਾ. ਅੱਛਰ ਸਿੰਘ ਕਾਹਲੋਂ (ਸੰਪਾ.), ਪੰਨਾ 161.

[257] ਰਾਮਨਰੈਣ ਸਿੰਘ ਸੋਢੀ (ਟਿੱਕਾ ਸਾਹਿਬ), ਸਿੱਖ ਧਰਮ ਖਾਲਸਾ ਪੰਥ ਦੀ ਬਿਵਸਥਾ ਅਰਥਾਤ ਖਾਲਸਾ ਧਰਮ ਸ਼ਾਸਤ੍ਰ ਦੀ ਪੂਰਬ ਮਿਮਾਂਸਾ, ਪੰਨਾ ੪੧੦.

ਕਾਲ ਤੋਂ ਹੀ ਨਿਹੰਗ ਸਿੰਘਾਂ ਦਾ ਹੈ। ਇਸ ਪ੍ਰਕਾਰ ਕੇਸ ਬਾਬਾ ਸਾਧੂ ਸਿੰਘ ਦੇ ਹੱਕ ਵਿਚ ਹੋਇਆ।[258] ਇਸ ਤੋਂ ਸਿੱਧ ਹੁੰਦਾ ਹੈ ਕਿ ਗੁਰੂ ਸਾਹਿਬ ਦੇ ਸਮੇਂ ਤੋਂ ਹੀ ਸ਼ਹੀਦੀ ਦੇਗਾਂ ਦਾ ਪ੍ਰਚਲਨ ਸੀ। ਸ਼ਹੀਦੀ ਦੇਗਾਂ ਨਾਲ ਸੰਬੰਧਿਤ ਕਈ ਅਸਥਾਨ ਹਨ। ਗੁਰਦੁਆਰਾ ਸ਼ਹੀਦੀ ਬਾਗ, ਸ੍ਰੀ ਅਨੰਦਪੁਰ ਸਾਹਿਬ, ਗੁ: ਦੇਗ ਸਰ ਸਾਹਿਬ, ਸਾਬੋ ਕੀ ਤਲਵੰਡੀ, ਬਠਿੰਡਾ, ਸ੍ਰੀ ਸਰਬਲੋਹ ਬੁੰਗਾ, ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ, ਨਾਂਦੇੜ ਅਤੇ ਨਿਹੰਗ ਸਿੰਘਾਂ ਦੀਆਂ ਸਾਰੀਆਂ ਛਾਉਣੀਆਂ ਵਿਚ ਸ਼ਹੀਦੀ ਦੇਗਾਂ ਤਿਆਰ ਕੀਤੀਆਂ ਜਾਂਦੀਆਂ ਹਨ। ਗੁਰਦੁਆਰਾ ਦੇਗਸਰ ਸਾਹਿਬ ਪਾਤਸ਼ਾਹੀ ੭ਵੀਂ ਘੜੂੰਆਂ ਪਿੰਡ ਵਿਖੇ ਗੁਰੂ ਹਰਿ ਰਾਇ ਜੀ ਦੇ ਸਮੇਂ ਸ਼ਰਦਾਈ ਦੀ ਦੇਗ ਤਿਆਰ ਕਰਕੇ ਫੌਜਾਂ ਅਤੇ ਸੰਗਤ ਨੂੰ ਛਕਾਈ ਜਾਂਦੀ ਸੀ।

ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਦੋ ਵੱਡੇ ਕੜਾਹੇ ਜਿਨ੍ਹਾਂ ਨੂੰ ਸਾਉਣ ਅਤੇ ਭਾਦਰੋਂ ਕਿਹਾ ਜਾਂਦਾ ਹੈ। ਉਨ੍ਹਾਂ ਕੜਾਹਿਆਂ ਵਿਚ ਵੀ ਸ਼ਹੀਦੀ ਦੇਗ ਤਿਆਰ ਕੀਤੀ ਜਾਂਦੀ ਹੈ।[259] ਨਾਂਦੇੜ ਵਿਖੇ ਗੋਦਾਵਰੀ ਨਦੀ ਦੇ ਕੰਢੇ ਨਿਹੰਗ ਸਿੰਘਾਂ ਦੀ ਛਾਉਣੀ ਵਿਚ ਪੁਰਾਤਨ ਚੌਮੁਖੀ ਸੁਨਿਹਰਾ ਹੈ ਜੋ ਕਿ ਬਾਬਾ ਪ੍ਰਹਿਲਾਦਾ ਸਿੰਘ ਜੀ ਦੇ ਸਮੇਂ ਤੋਂ ਵੀ ਪਹਿਲਾਂ ਦਾ ਹੈ।[260]

ਦਿਨ ਦੇ ਵਿੱਚ ਦੋ ਵਾਰੀ (ਅੰਮ੍ਰਿਤ ਵੇਲੇ ਅਤੇ ਦੁਪਹਿਰ ਬਾਅਦ ਪਿਛਲੇ ਪਹਿਰ) ਦੇਗ ਤਿਆਰ ਕੀਤੀ ਜਾਂਦੀ ਹੈ। ਸ੍ਰੀ ਹਜ਼ੂਰ ਸਾਹਿਬ ਵਿਖੇ ਸ਼ਹੀਦੀ ਦੇਗਾਂ ਨੂੰ ਭੋਗ ਲਗਵਾਉਣ ਦਾ ਸਮਾਂ ਅੰਮ੍ਰਿਤ ਵੇਲੇ ਸਵਾ ਤਿੰਨ, ਸਵੇਰੇ ਸਵਾ ਛੇ ਅਤੇ ਦੁਪਹਿਰ ਚਾਰ ਵਜੇ ਹੁੰਦਾ ਹੈ। 'ਸ਼ਹੀਦ ਬਿਲਾਸ ਭਾਈ ਮਨੀ ਸਿੰਘ ਜੀ' ਵਿਚ ਤੀਜੇ ਪਹਿਰ ਦੀਆਂ ਸ਼ਹੀਦੀ ਦੇਗਾਂ ਦਾ ਜ਼ਿਕਰ ਹੈ:

ਸੂਤ ਮਿਆਨੋਂ ਧੂਪ ਧੁਖਾਇ। ਫਤੇ ਵਾਹਿਗੁਰੂ ਮੁਖੋਂ ਬੁਲਾਇ।
ਨੀਲੰਬਰ ਗਜ ਸਵਾ ਕਛਹਿਰੈ। ਦੇਗ ਸਹੀਦੀ ਤੀਜੈ ਪਹਿਰੈ।[261]

---

[258] ਗੱਜਣ ਸਿੰਘ ਜੀ ਜਥੇਦਾਰ ਬਾਬਾ, ਸਿੰਘ ਸਾਹਿਬ (ਸੰਪਾ.), ਤਰਨਾ ਦਲ ਸ੍ਰੀ ਮਿਸਲ ਸ਼ਹੀਦਾਂ ਦਾ ਬੰਸਾਵਲੀ ਨਾਮਹ ਅਤੇ ਇਤਿਹਾਸਕ ਰਚਨਾ, (ਪ੍ਰਕਾ.) ਸਿੰਘ ਸਾਹਿਬ ਜਥੇਦਾਰ ਬਾਬਾ ਮੱਖਣ ਸਿੰਘ ਜੀ, ਮੌਜੂਦਾ ਚੌਦਵੇਂ ਮੁਖੀ ਤਰਨਾ ਦਲ ਸ੍ਰੀ ਮਿਸਲ ਸ਼ਹੀਦਾਂ, ਸ੍ਰੀ ਬਾਬਾ ਬਕਾਲਾ ਸਾਹਿਬ, ਜੂਨ 2015, ਪੰਨਾ 77.

[259] ਕ੍ਰਿਪਾਲ ਸਿੰਘ ਵੜੈਚ (ਗਿਆਨੀ), ਦੋ ਗੁਰਸਿੱਖ ਨਿਰਮੋਲਕ ਹੀਰੇ, ਪੰਨਾ 327.

[260] ਉਹੀ, ਪੰਨਾ 121 (ਫੁਟਨੋਟ)

[261] ਸੇਵਾ ਸਿੰਘ (ਕਵੀ), ਸ਼ਹੀਦ ਬਿਲਾਸ ਭਾਈ ਮਨੀ ਸਿੰਘ ਜੀ, ਗਿਆਨੀ ਗਰਜਾ ਸਿਘ (ਸੰਪਾ.), ਪੰਨਾ 64.

ਅਕਾਲੀ ਕੌਰ ਸਿੰਘ ਨਿਹੰਗ, ਸ਼ਹੀਦੀ ਦੇਗਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਸ਼ੁਰੂ ਹੋਈਆਂ ਨਹੀਂ ਮੰਨਦੇ। ਅਕਾਲੀ ਕੌਰ ਸਿੰਘ ਸ੍ਰੀ ਹਜ਼ੂਰ ਸਾਹਿਬ ਵਿਖੇ ਲੱਗਦੇ ਸ਼ਹੀਦੀ ਦੇਗਾਂ ਦੇ ਭੋਗ ਬਾਰੇ ਲਿਖਦੇ ਹਨ ਕਿ, "150 ਸਾਲ ਤੋਂ ਪਹਿਲੇ ਖਾਲਸੇ ਵਿਚ ਭੰਗ ਪੀਣ ਦਾ ਰਵਾਜ ਬਹੁਤ ਘਟ ਸੀ, ਕੋਈ-ਕੋਈ ਸਿੰਘ ਛਕਦਾ ਹੋਂਦਾ ਸੀ, ਪਰੰਤੂ ਕਿਸੀ ਮੁੰਤਜ਼ਿਮ (ਪ੍ਰਬੰਧਕ) ਦੇ ਸੁਖਈ ਹੋਣ ਕਰਕੇ ਮਹਾਰਾਜ ਜੀ ਨੂੰ ਭੀ ਦੇਗ ਅਰਦਾਸ ਭੇਟ ਕਰਨ ਦੀ ਰੀਤ ਜਾਰੀ ਹੋਈ ਜੋ ਧੀਰੇ ਧੀਰੇ ਕਿਸੀ ਵੇਲੇ ਦਾ ਭੋਗ ਕਿਸੀ ਵਲੋਂ, ਕਿਸੀ ਵੇਲੇ ਦਾ ਕਿਸੀ ਵਲੋਂ ਮੁਕੱਰਰ ਹੋ ਕੇ ਸਿਲਸਿਲਾ ਚਲ ਪਿਆ।"[262] ਪਰ ਉਪਰੋਕਤ ਹਵਾਲਿਆਂ ਨਾਲ ਇਹ ਕਹਿ ਸਕਦੇ ਹਾਂ ਕਿ ਸ਼ਹੀਦੀ ਦੇਗਾਂ ਦੀ ਮਰਯਾਦਾ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਹੀ ਪ੍ਰਚਲਿਤ ਸੀ।

**ਨਿਹੰਗ ਸਿੰਘਾਂ ਵਿਚ ਭੰਗ ਦੇ ਵਧਦੇ ਰੁਝਾਨ ਦਾ ਕਾਰਨ:**

ਭਾਈ ਵੀਰ ਸਿੰਘ ਸੁਖ ਨਿਧਾਨ ਦੇ ਰੁਝਾਨ ਬਾਰੇ ਲਿਖਦੇ ਹਨ ਕਿ "ਨਿਹੰਗ ਸਿੰਘਾਂ ਵਿਚ ਸੁਖ ਨਿਧਾਨ (ਭੰਗ) ਦਾ ਰਿਵਾਜ, ਨਿਹਾਯਤ ਕਸ਼ਟ ਦੇ ਜੀਵਨਾਂ, ਥਕਾਨਾਂ ਤੇ ਦੁਖਾਂ ਤੋਂ ਸਰੀਰ ਨੂੰ ਸੁਖ ਦੇਣ ਲਈ ਪਿਆ ਸੀ, ਇਸ ਕਰਕੇ ਇਸ ਦਾ ਨਾਮ 'ਸੁਖ ਨਿਧਾਨ' ਪੈ ਗਿਆ ਪਰ ਪਿਛੋਂ ਇਹ ਨਸ਼ੇ ਦੀ ਸ਼ਕਲ ਵਿਚ ਵਧ ਕੇ ਉਨ੍ਹਾਂ ਦੇ ਗਿਰਾਉ ਦਾ ਮੂਲ ਕਾਰਨ ਬਣਿਆ।"[263] ਬੁੱਢਾ ਦਲ ਅਤੇ ਤਰਨਾ ਦਲ ਨੇ ਜੰਗਾਂ ਯੁੱਧਾਂ ਵਿਚ ਥਕਾਵਟ ਦੂਰ ਕਰਨ ਲਈ ਅਫੀਮ ਅਤੇ ਭੰਗ ਦਾ ਸੇਵਨ ਖ਼ਾਸ ਸਮੇਂ ਲਈ ਸ਼ੁਰੂ ਕੀਤਾ ਸੀ।[264] ਪੰਡਤ ਦੇਬੀ ਪ੍ਰਸਾਦ ਤਾਰੀਖ਼-ਇ-ਪੰਜਾਬ ਵਿਚ ਲਿਖਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸਿੱਖ ਭੰਗ ਪੀਂਦੇ ਸਨ।[265] ਪ੍ਰੋ. ਪਿਆਰਾ ਪਦਮ ਅਨੁਸਾਰ ਅਤਿ ਦੀ ਬਿਪਤਾ ਦੀ ਹਾਲਤ ਵਿਚ ਨਿਹੰਗ ਸਿੰਘਾਂ ਨੂੰ ਸੁੱਖਾ ਪੀਣ ਦੀ ਆਦਤ ਪੈ ਗਈ।[266]

---

[262] ਕੌਰ ਸਿੰਘ ਨਿਹੰਗ (ਅਕਾਲੀ), ਹਜ਼ੂਰੀ ਸਾਥੀ, ਪੰਨਾ 114.

[263] ਵੀਰ ਸਿੰਘ (ਭਾਈ), ਸਤਵੰਤ ਕੌਰ, 27ਵੀਂ ਵਾਰ, ਪੰਨਾ 208.

[264] ਕਾਨ੍ਹ ਸਿੰਘ ਨਾਭਾ (ਭਾਈ), ਗੁਰਮਤ ਸੁਧਾਕਾਰ, ਸ਼੍ਰੀ ਗੁਰੁਮਤ ਪ੍ਰੈਸ, ਸ਼੍ਰੀ ਅੰਮ੍ਰਿਤਸਰ, ਤੀਜੀ ਵਾਰ, 1922, ਪੰਨਾ ੫੦੫ (ਫੁਟਨੋਟ)

[265] ਦੇਬੀ ਪ੍ਰਸਾਦ (ਪੰਡਿਤ), ਗੁਲਸ਼ਨ-ਏ-ਪੰਜਾਬ ਅਰਥਾਤ ਤਾਰੀਖ਼-ਇ-ਪੰਜਾਬ, ਡਾ. ਫ਼ੌਜਾ ਸਿੰਘ ਅਤੇ ਹਰਮਿੰਦਰ ਸਿੰਘ ਕੋਹਲੀ (ਅਨੁ.), ਪੰਨਾ 173.

[266] ਪਿਆਰਾ ਸਿੰਘ ਪਦਮ (ਪ੍ਰੋ.), ਸਿੱਖ ਸੰਪ੍ਰਦਾਵਲੀ, ਪੰਨਾ 105.

ਵਿਸਾਖਾ ਸਿੰਘ ਨੇ ਆਪਣੀ ਰਚਨਾ 'ਮਾਲਵਾ ਇਤਿਹਾਸ' ਵਿਚ ਲਿਖਿਆ ਹੈ ਕਿ, "ਨਿਹੰਗ ਸਿੰਘਾਂ ਵਿਚ ਸੁੱਖਾ, ਅਫੀਮ ਜਿਹੇ ਅਮਲ ਵਧਣ ਦਾ ਕਾਰਨ ਸਿੱਖ ਰਿਆਸਤਾਂ ਦੇ ਰਾਜਿਆਂ ਦੀ ਚਾਲ ਸੀ, ਜਿਸ ਨਾਲ ਨਿਹੰਗ ਸਿੰਘ ਅਵੇਸਲੇ ਹੋ ਜਾਣ ਅਤੇ ਰਾਜੇ ਆਪਣੀਆਂ ਰੰਗਰਲੀਆਂ ਵਿਚ ਮਸਤ ਹੋ ਕੇ ਸਿੱਖ ਰਿਆਸਤਾਂ ਦਾ ਪੈਸਾ ਆਪਣੇ ਐਸ਼ੋ ਆਰਾਮ ਲਈ ਵਰਤ ਸਕਣ।"[267]

ਡਾਕਟਰ ਚਰਨ ਸਿੰਘ ਜੀ ਲਿਖਦੇ ਹਨ ਕਿ "ਭੰਗੀ ਨਸ਼ੇ ਵਿਚ ਭੁੱਖ ਲਗਣ ਕਾਰਨ ਅੱਲ-ਪੱਲ ਖਾ ਜਾਂਦਾ ਹੈ ਜਿਸ ਕਾਰਨ ਪੇਟ ਦੇ ਰੋਗ ਉਪਜਦੇ ਹਨ। ਰੋਜ਼ ਦੀ ਭੰਗ ਦਿਮਾਗ਼ ਤੇ ਪੱਠਿਆਂ ਉਪਰ ਮਾੜਾ ਅਸਰ ਕਰਦੀ ਹੈ।"[268] ਅਕਾਲੀ ਕੌਰ ਸਿੰਘ ਨਿਹੰਗ ਦਾ ਮੰਨਣਾ ਹੈ ਕਿ ਸੁਖ ਨਿਧਾਨ ਅਤੇ ਚਾਹ ਦਾ ਵਰਤਣਾ ਸਹੀ ਨਹੀਂ।[269] ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਰਦਾਰ ਮੋਹਨ ਸਿੰਘ ਜੀ ਖਡੂਰ ਸਾਹਿਬ, ਨੇ 1935 ਈ. ਦੇ ਜਨਰਲ ਸਮਾਗਮ ਵਿਚ ਖੜੇ ਹੋ ਕੇ ਸਵੀਕਾਰ ਕੀਤਾ ਸੀ ਕਿ ਜ਼ੁਕਾਮ ਲੱਗਣ ਕਾਰਨ ਉਨ੍ਹਾਂ ਥੋੜੀ ਅਫੀਮ ਖਾਧੀ ਅਤੇ ਭੰਗ ਵੀ ਪੀਤੀ ਸੀ।[270]

ਡਾ. ਮਹਿੰਦਰ ਕੌਰ ਗਿੱਲ ਅਨੁਸਾਰ, "ਨਿਹੰਗ ਸਿੰਘਾਂ ਵਿਚ ਸੁਖ ਨਿਧਾਨ ਦੇ ਸੇਵਨ ਕਰਨ ਦਾ ਮਕਸਦ ਇਹ ਸੀ ਕਿ ਚਿਰੰਕਾਲ ਤੱਕ ਇਨ੍ਹਾਂ ਵਿਚ ਸਾਹਸ ਬਣਿਆ ਰਹੇ, ਤਾਂਕਿ ਯੁੱਧ ਵਿਚ ਦੁਸ਼ਮਣਾਂ ਦਾ ਟਾਕਰਾ ਕਰ ਸਕਣ। ਇਸੇ ਕਾਰਜ ਲਈ ਸ਼ਾਇਦ ਸੁਖ ਨਿਧਾਨ ਦਾ ਸੇਵਨ ਕੀਤਾ ਜਾਂਦਾ ਹੋਵੇ।"[271] ਇਸ ਗੱਲ ਵਿਚ ਕੋਈ ਅਤਿਕਥਨੀ ਨਹੀਂ ਹੈ ਕਿ ਨਿਹੰਗ ਸਿੰਘਾਂ ਵਿਚ ਜਿੱਥੇ ਪੰਜ ਪੱਤੇ ਸੁੱਖੇ ਦੇ ਪਾ ਕੇ ਭੋਗ ਲਗਵਾਉਣ ਦੀ ਹਦਾਇਤ ਸੀ, ਉਹ ਮਾਤਰਾ ਬਹੁਤੀ ਵਧਣ ਕਾਰਨ ਨਿਹੰਗ ਸਿੰਘਾਂ ਨੂੰ 'ਭੰਗੀ' ਕਿਹਾ ਜਾਂਦਾ ਹੈ।

**ਮੁਰੀਦੀ ਦੇਗ:**

ਮੁਰੀਦੀ ਦੇਗ ਔਖੇ ਸਮੇਂ ਵਿਚ ਸਿੱਖਾਂ ਦੀ ਮਦਦ ਕਰਨ ਵਾਲੇ ਮੁਸਲਮਾਨਾਂ ਦੀ ਯਾਦ ਵਿਚ ਬਣਾਈ ਜਾਂਦੀ ਹੈ। ਮੁਰੀਦੀ ਦੇਗ ਬਾਰੇ 'The Valiant Ones' ਵਿਚ ਇਸ ਤਰ੍ਹਾਂ ਲਿਖਿਆ ਹੈ, "The same drink

---

267 ਵਿਸਾਖਾ ਸਿੰਘ (ਸੰਤ ਸਿਪਾਹੀ ਜਨੇਤ ਪੁਰਾ), ਮਾਲਵਾ ਇਤਿਹਾਸ, ਪੰਨਾ ੪੪੧.

268 ਚਰਨ ਸਿੰਘ (ਡਾ.), ਮਦਯ ਮਦ ਭੰਜਨ, ਮਿਤ੍ਰ ਮਨ ਰੰਜਨ ਸ੍ਰੀ ਮਹਾਂਰਾਣੀ ਸ਼ਰਾਬ ਕੌਰ, ਪੰਨਾ 43.

269 ਕੌਰ ਸਿੰਘ ਨਿਹੰਗ (ਅਕਾਲੀ), ਹਜ਼ੂਰੀ ਸਾਥੀ, ਪੰਨੇ 45-46.

270 ਸ਼ਮਸ਼ੇਰ ਸਿੰਘ ਅਸ਼ੋਕ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ (ਸੰਨ 1926 ਤੋਂ 1976 ਤੱਕ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਚੌਥੀ ਵਾਰ, ਮਾਰਚ 2017, ਪੰਨਾ 141.

271 ਮਹਿੰਦਰ ਕੌਰ ਗਿਲ (ਡਾ.), ਸੂਰਾ ਸੋ ਪਹਿਚਾਨੀਐ, ਸ਼ਿਲਾਲੇਖ, ਦਿੱਲੀ, 2012, ਪੰਨਾ 201.

when served without sugar is called mureedi deg. It is served in the memory of all Muslims who offered protection to Sikhs and defended them while. Sikhs were hunted by the oppressive Muslim regime."[272] ਮੁਰੀਦੀ ਦੇਗ ਵਿਚ ਖੰਡ ਨਹੀਂ ਪੈਂਦੀ।

**ਸ਼ਰਬਤੀ ਦੇਗ ਜਾਂ ਸ਼ਰਦਾਈ:**

ਸ਼ਰਬਤੀ ਦੇਗ ਉਹ ਹੁੰਦੀ ਹੈ ਜਿਸ ਵਿਚ ਬਦਾਮ, ਖਸਖਸ, ਕਾਲੀ ਮਿਰਚ, ਦੁੱਧ, ਜਲ ਤੋਂ ਇਲਾਵਾ ਕਿਣਕਾ ਮਾਤਰ ਸੁੱਖਾ ਪਾਇਆ ਜਾਂਦਾ ਹੈ।[273] ਅੱਜ ਵੀ ਪਹਿਲਵਾਨ ਅਖਾੜਿਆਂ ਵਿਚ ਬਦਾਮਾਂ ਦੀ ਸ਼ਰਦਾਈ ਛਕਦੇ ਹਨ। ਭੰਗ ਸੰਬੰਧੀ ਨਿਹੰਗ ਸਿੰਘਾਂ ਵਲੋਂ ਕਈ ਪ੍ਰਕਾਰ ਦੀਆਂ ਹਾਸ-ਰਸ ਕਵਿਤਾਵਾਂ ਜਾਂ ਅਖਾਣ ਤਿਆਰ ਕੀਤੇ ਗਏ ਹਨ। ਡਾ. ਚਰਨ ਸਿੰਘ ਨੇ ਭੰਗ ਸੰਬੰਧੀ ਕਈ ਹਾਸ-ਰਸ ਦੇ ਅਖਾਣ ਲਿਖੇ ਹਨ:

ਭੰਗ ਪੀ ਨਿਸ਼ੰਗ ਜਿਨ ਤੀਨ ਲੋਕ ਤਾਰੇ ਹੈਂ।
ਸੋਈ ਨਰਕ ਜਾਣਗੇ ਜੋ ਭੰਗ ਸੇ ਨਿਆਰੇ ਹੈਂ।[274]

ਅਫੀਮ ਚਬਾਏ ਰੇਵੜੀਆਂ ਤੇ ਪੋਸਤ ਚਬਾਏ ਗੰਨੇ
ਭੰਗ ਵਿਚਾਰੀ ਆਲੀ ਭੋਲੀ ਜੋ ਆਵੇ ਸੋ ਬੰਨੇ।[275]

### 3.2.18 ਜਥੇਦਾਰ:

ਖਾਲਸਾ ਇਕ ਵਿਸ਼ੇਸ਼ ਜ਼ਾਬਤੇ ਵਾਲਾ ਜਾਂ ਸ੍ਵੈ-ਜ਼ਾਬਤੇ ਵਾਲਾ ਜਥੇਬੰਦਕ ਢਾਂਚਾ ਸੀ।[276] ਇਸ ਢਾਂਚੇ ਦੀ ਅਗਵਾਈ ਕਰਨ ਵਾਲੇ ਨੂੰ ਜਥੇਦਾਰ ਕਿਹਾ ਜਾਂਦਾ ਸੀ। ਜਥਾ ਸ਼ਬਦ ਤੋਂ ਭਾਵ ਹੈ ਟੋਲਾ।[277] ਬੰਦਾ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਸਿੱਖਾਂ ਨੇ ਜਾਨਾਂ ਬਚਾਉਣ ਲਈ ਛੋਟੇ-ਛੋਟੇ ਟੋਲਿਆਂ ਵਿਚ ਵਿਚਰਨਾ ਸ਼ੁਰੂ ਕਰ ਦਿੱਤਾ। ਇਹ ਟੋਲੇ ਹੀ ਜਥਿਆਂ ਦੇ ਨਾਂ ਨਾਲ ਪ੍ਰਸਿੱਧ ਹੋਏ। ਹਰ ਟੋਲੇ ਦਾ ਮੁਖੀ ਜਥੇਦਾਰ ਅਖਵਾਉਂਦਾ

---

272 Gurbir Singh & Gagandeep Kaur, The Valiant Ones, p.45.

273 ibid, p.45.

274 ਹਰਨਾਮ ਦਾਸ ਸਹਿਰਾਈ, ਅਕਾਲੀ ਫੂਲਾ ਸਿੰਘ, ਦੀਪਕ ਪਬਲਿਸ਼ਰਜ਼, ਮਾਈ ਹੀਰਾਂ ਗੇਟ, ਜਲੰਧਰ, 1997, ਪੰਨਾ 45.

275 ਚਰਨ ਸਿੰਘ (ਡਾ.), ਮਦਯ ਮਦ ਭੰਜਨ, ਮਿਤ੍ਰ ਮਨ ਰੰਜਨ ਸ੍ਰੀ ਮਹਾਂਰਾਣੀ ਸ਼ਰਾਬ ਕੌਰ, ਪੰਨਾ 42.

276 ਸੁਖਦਿਆਲ ਸਿੰਘ (ਡਾ.), ਪੰਜਾਬ ਦਾ ਇਤਿਹਾਸ ਗੁਰੂ ਕਾਲ 1469-1708, ਜਿਲਦ ਪੰਜਵੀਂ, ਪੰਨਾ 203.

277 ਕਾਨ੍ਹ ਸਿੰਘ ਨਾਭਾ (ਭਾਈ), ਗੁਰੁ ਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 502.

ਸੀ। ਜਥੇ ਦੀ ਗਿਣਤੀ ਕੋਈ ਨਿਸਚਿਤ ਨਹੀਂ ਸੀ।[278] ਪ੍ਰਿੰਸੀਪਲ ਗੰਗਾ ਸਿੰਘ ਅਨੁਸਾਰ, ਜੇਕਰ ਦੋ ਸਿੰਘ ਵੀ ਇਕੱਠੇ ਹੋ ਕੇ ਤੁਰ ਪੈਣ ਤਾਂ ਜਥਾ ਬਣ ਜਾਂਦਾ ਹੈ ਤੇ ਮਰਯਾਦਾ ਅਨੁਸਾਰ ਇਕ ਨੂੰ ਜਥੇਦਾਰ ਥਾਪ ਲਿਆ ਜਾਂਦਾ ਹੈ।[279]

ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ, "ਖਾਲਸੇ ਦੀ ਜਥੇਬੰਦੀ ਇਸ ਤਰ੍ਹਾਂ ਦੀ ਸੀ ਕਿ ਹਰ ਵਹੀਰ ਦਾ ਇਕ ਜਥੇਦਾਰ ਹੁੰਦਾ ਸੀ, ਜਿਸ ਦੀ ਸਭ ਤੋਂ ਵੱਡੀ ਮਹਿਮਾ ਨਾਮ ਰਸੀਆ ਤੇ ਅਭੈ ਹੋਣਾ ਹੁੰਦੀ ਸੀ, ਇਸ ਨੂੰ ਜਥੇਦਾਰ ਜਾਂ ਵਹੀਰੀਆ ਵੀ ਆਖਦੇ ਸਨ। ਕਈ ਵਾਰ ਜਥੇਦਾਰ ਨੂੰ 'ਗੁਰਦੇਵ ਸਿੰਘ' ਵੀ ਸੱਦਦੇ ਸਨ, ਅੰਮ੍ਰਿਤ ਛਕਾਉਣਾ ਵੀ ਇਸ ਦਾ ਕੰਮ ਹੁੰਦਾ ਸੀ।"[280] ਉਸ ਵੇਲੇ ਜਥੇਦਾਰ ਦਾ ਇਨਾਂ ਆਦਰ-ਸਨਮਾਨ ਸੀ ਕਿ ਜਥੇਦਾਰ ਜੋ ਕੁਝ ਕਹਿ ਦਿੰਦਾ ਸੀ, ਸਾਰਾ ਪੰਥ ਉਸਨੂੰ ਖੁਸ਼ੀ-ਖੁਸ਼ੀ ਮੰਨ ਲੈਂਦਾ ਸੀ:

ਜਥੇਦਾਰ ਜੋ ਕੁਛ ਕਹਿ ਦੇਤਾ। ਸੋਈ ਪੰਥ ਮਾਨ ਸਭ ਲੇਤਾ।[281]

ਜਥੇਦਾਰ ਤੋਂ ਭਾਵ ਹੈ ਜਥਾ ਰਖਣ ਵਾਲਾ ਮੁਖੀਆ, ਮੰਡਲੀ ਦਾ ਸਰਦਾਰ।[282] ਗੁਰਮਤ ਨਿਰਣਯ ਕੋਸ਼ ਅਨੁਸਾਰ, "ਜਥੇ ਦਾ ਨਿਰਮਾਣ ਕਿਸੇ ਮੰਤਵ ਦੀ ਪ੍ਰਾਪਤੀ ਲਈ ਹੁੰਦਾ ਹੈ। ਮੰਤਵ ਦੀ ਪ੍ਰਾਪਤੀ ਤੋਂ ਬਾਅਦ ਜਥੇ ਦੀ ਹੋਂਦ ਖ਼ਤਮ ਹੋ ਜਾਂਦੀ ਹੈ। ਵੱਖ-ਵੱਖ ਜਥਿਆਂ ਦੇ ਆਗੂ ਨੂੰ 'ਜਥੇਦਾਰ' ਕਿਹਾ ਜਾਂਦਾ ਸੀ।"[283] ਸ੍ਰੀ ਗਣੇਸ਼ ਦਾਸ ਨੇ ਆਪਣੀ ਰਚਨਾ 'ਫ਼ਤਿਹ ਨਾਮਾ ਗੁਰੂ ਖ਼ਾਲਸਾ ਜੀ ਕਾ' ਵਿਚ ਜਥੇਦਾਰ ਸ਼ਬਦ ਦੀ ਵਰਤੋਂ ਇਸ ਪ੍ਰਕਾਰ ਕੀਤੀ ਹੈ:

ਰਾਜ ਬਾਜ ਚੜ੍ਹੇ ਆਇ ਬੇਗ ਲੜੇ ਹਥਿਆਰ ਜੜੇ ਯਾਹੀ ਸਿੰਘ ਸੁ ਘਾਏ।
ਸਾਰ ਸੁਣੀ ਸਰਕਾਰ ਜਬੈ, ਜਥੇਦਾਰਨ ਸੰਗ ਲੈ ਆਪ ਸਿਧਾਏ।[284]

---

278 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਤੀਜਾ, ਪੰਨਾ 926.

279 ਗੰਗਾ ਸਿੰਘ (ਪ੍ਰਿੰ.)(ਫਿਲਾਸਫਰ), ਸਿੱਖ ਧਰਮ ਫ਼ਿਲਾਸਫ਼ੀ, ਭਾਈ ਮੇਹਰ ਸਿੰਘ ਐਂਡ ਸਨਜ਼, ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ, ਚੌਥੀ ਵਾਰ, ਜਨਵਰੀ, 1988, ਪੰਨਾ ੨੩੯ (ਫੁਟਨੋਟ).

280 ਵੀਰ ਸਿੰਘ (ਭਾਈ), ਸਤਵੰਤ ਕੌਰ, 27ਵੀਂ ਵਾਰ, ਪੰਨਾ 206.

281 ਗਿਆਨ ਸਿੰਘ (ਗਿਆਨੀ), ਪੰਥ ਪ੍ਰਕਾਸ਼, ਪੰਨਾ 661.

282 ਕਾਨ੍ਹ ਸਿੰਘ ਨਾਭਾ (ਭਾਈ), ਗੁਰੁ ਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 502.

283 ਗੁਰਸ਼ਰਨ ਜੀਤ ਸਿੰਘ (ਡਾ.), ਗੁਰਮਤ ਨਿਰਣਯ ਕੋਸ਼, ਪੰਨਾ 90.

284 ਗਣੇਸ਼ ਦਾਸ, ਫ਼ਤਿਹਨਾਮਾ ਗੁਰੂ ਖਾਲਸਾ ਜੀ ਕਾ, ਸੀਤਾ ਰਾਮ ਕੋਹਲੀ (ਸੰਪਾ.), ਮਹਿਕਮਾ ਪੰਜਾਬੀ, ਪਟਿਆਲਾ, 1952, ਪੰਨਾ 171.

**ਜਥੇਦਾਰ ਦੀ ਚੋਣ:**

ਬੁੱਢਾ ਦਲ ਵਿਚ ਮੁਖ ਪੰਜ ਜਥੇਦਾਰ ਮੰਨੇ ਜਾਂਦੇ ਹਨ: ਗ੍ਰੰਥੀ ਸਿੰਘ, ਦੇਗੀਆ ਸਿੰਘ, ਨਿਸ਼ਾਨਚੀ ਸਿੰਘ, ਨਗਾਰਚੀ ਸਿੰਘ ਅਤੇ ਮੁਖ ਜਥੇਦਾਰ। ਜੇਕਰ ਕਿਸੇ ਕਾਰਨ ਮੁਖ ਜਥੇਦਾਰ ਅਚਨਚੇਤ ਅਕਾਲ ਚਲਾਣਾ ਕਰ ਜਾਵੇ ਤਾਂ ਗ੍ਰੰਥੀ ਸਿੰਘ, ਦੇਗੀਆ ਸਿੰਘ, ਨਿਸ਼ਾਨਚੀ ਸਿੰਘ, ਨਗਾਰਚੀ ਸਿੰਘ ਅਤੇ ਲਾਂਗਰੀ ਸਿੰਘ ਸਰਬ ਸੰਮਤੀ ਨਾਲ ਜਥੇਦਾਰ ਦੀ ਚੋਣ ਕਰ ਲੈਂਦੇ ਹਨ। ਨਿਹੰਗ ਸਿੰਘਾਂ ਵਿਚ ਇਹ ਮਰਯਾਦਾ ਹੈ ਕਿ ਜਦੋਂ ਦਲ ਦਾ ਜਥੇਦਾਰ ਚੜ੍ਹਾਈ ਕਰ ਜਾਵੇ ਤਾਂ ਉਸ ਦੇ ਸੰਸਕਾਰ ਤੋਂ ਪਹਿਲਾਂ ਹੀ ਦੂਸਰਾ ਜਥੇਦਾਰ ਥਾਪ ਲਿਆ ਜਾਂਦਾ ਹੈ।[285] ਜਥੇਦਾਰ ਦੇ ਅਕਾਲ ਚਲਾਣਾ ਕਰ ਜਾਣ 'ਤੇ ਉਸਦੇ ਸੰਸਕਾਰ ਤੋਂ ਪਹਿਲਾਂ ਕਾਰਜਕਾਰੀ ਜਥੇਦਾਰ ਬਣਾਇਆ ਜਾਂਦਾ ਹੈ।[286] ਮੁਖ ਜਥੇਦਾਰ ਤੋਂ ਬਾਅਦ ਦੂਜਾ ਸਥਾਨ ਨਗਾਰਚੀ ਸਿੰਘ ਦਾ ਆਉਂਦਾ ਹੈ।[287] ਬੁੱਢਾ ਦਲ ਦੀ ਇਹ ਮਰਯਾਦਾ ਹੈ ਕਿ ਜਿਸ ਕਿਸੇ ਸਿੰਘ ਨੂੰ ਕਿਸੇ ਅਸਥਾਨ ਦੀ ਸੇਵਾ ਸੌਂਪੀ ਜਾਂਦੀ ਹੈ, ਉਸਨੂੰ ਹਟਾਇਆ ਨਹੀਂ ਜਾ ਸਕਦਾ ਜਦੋਂ ਤਕ ਉਹ ਜਾਂ ਤਾਂ ਆਪ ਛੱਡ ਕੇ ਚਲਾ ਜਾਵੇ ਜਾਂ ਰੂਪੋਸ਼ ਹੋ ਜਾਵੇ, ਜਾਂ ਫਿਰ ਅਕਾਲ ਚਲਾਣਾ ਕਰ ਜਾਵੇ।[288]

ਜਥੇਦਾਰ ਨੂੰ ਕਈ ਅਸਥਾਨਾਂ 'ਤੇ 'ਪੁਜਾਰੀ' ਕਹਿ ਕੇ ਵੀ ਬੁਲਾਇਆ ਜਾਂਦਾ ਹੈ। ਸ੍ਰੀ ਅਬਿਚਲ ਨਗਰ ਦੇ ਮੁਖ ਜਥੇਦਾਰ ਨੂੰ ਵੀ ਪੁਜਾਰੀ ਕਿਹਾ ਜਾਂਦਾ ਸੀ। ਇਸਦਾ ਕਾਰਨ ਅਕਾਲੀ ਕੌਰ ਸਿੰਘ ਨਿਹੰਗ ਇਹ ਦਸਦੇ ਹਨ ਕਿ, ਸਰਕਾਰ ਵਲੋਂ ਗੁਰਦੁਆਰਾ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਪ੍ਰਬੰਧ ਵਿਚ ਕਾਫੀ ਦਖਲ ਦਿੱਤਾ ਗਿਆ, ਜਿਸ ਕਰਕੇ ਰਾਇ ਹਨਵੰਤ ਪ੍ਰਸ਼ਾਦ ਨੂੰ ਭੇਜਕੇ ਮੁਲਾਜਮਾਂ ਨੂੰ ਤਾਇਨਾਤ ਕੀਤਾ ਗਿਆ ਅਤੇ ਸਾਰਾ ਕਾਇਦਾ ਨਵਾਂ ਬਣਾਇਆ ਅਤੇ ਇਸੀ ਸਮੇਂ ਤੋਂ ਜਥੇਦਾਰ ਨੂੰ ਕੇਵਲ 'ਪੁਜਾਰੀ ਸਿੰਘ' ਦੇ ਨਾਮ ਨਾਲ

---

[285] ਗੱਜਣ ਸਿੰਘ ਬਾਬਾ ਜਥੇਦਾਰ, ਸਿੰਘ ਸਾਹਿਬ (ਸੰਪਾ.), ਤਰਨਾ ਦਲ ਸ੍ਰੀ ਮਿਸਲ ਸ਼ਹੀਦਾਂ ਦਾ ਬੰਸਾਵਲੀ ਨਾਮਹ ਅਤੇ ਇਤਿਹਾਸਕ ਰਚਨਾ, ਪੰਨਾ 26.

[286] ਇਹ ਜਾਣਕਾਰੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 'ਮੁਖਤਿਆਰੇ ਆਮ' ਬਾਬਾ ਦਿਆਲ ਸਿੰਘ ਜੀ ਪਾਸੋਂ, ਸ੍ਰੀ ਨਿਰਮਲ ਪੰਚਾਇਤੀ ਅਖਾੜਾ ਡੇਰਾ ਧਰਮਧੱਜਾ, ਪਟਿਆਲਾ ਵਿਖੇ ਮਿਤੀ 9 ਮਾਰਚ 2019 ਨੂੰ ਵੀਡਿਉ ਰਿਕਾਰਡਿੰਗ ਰਾਹੀਂ ਇੰਟਰਵਿਊ ਵਿਚ ਇੱਕਤਰ ਕੀਤੀ ਗਈ।

[287] ਗੱਜਣ ਸਿੰਘ ਬਾਬਾ, ਜਥੇਦਾਰ, ਸਿੰਘ ਸਾਹਿਬ (ਸੰਪਾ.), ਤਰਨਾ ਦਲ ਸ੍ਰੀ ਮਿਸਲ ਸ਼ਹੀਦਾਂ ਦਾ ਬੰਸਾਵਲੀ ਨਾਮਹ ਅਤੇ ਇਤਿਹਾਸਕ ਰਚਨਾ, ਪੰਨਾ 101.

[288] ਕ੍ਰਿਪਾਲ ਸਿੰਘ ਵੜੈਚ (ਗਿਆਨੀ), ਦੋ ਗੁਰਸਿੱਖ ਨਿਰਮੋਲਕ ਹੀਰੇ, ਪੰਨਾ 271 (ਫੁਟਨੋਟ).

ਬੁਲਾਉਣ ਦਾ ਰਿਵਾਜ ਪਿਆ।[289] ਡਾਕਟਰ ਹਰਜਿੰਦਰ ਸਿੰਘ ਦਿਲਗੀਰ ਅਨੁਸਾਰ 'ਜਥੇਦਾਰ' ਲਫਜ਼ 1920 ਤੋਂ ਵੀ ਬਾਅਦ ਦੇ ਸਮੇਂ ਦਾ ਹੈ।[290] ਪਰ ਇਹ ਕਥਨ ਸਹੀ ਨਹੀਂ ਜਾਪਦਾ। ਨਵਾਬ ਕਪੂਰ ਸਿੰਘ ਜੀ ਵੇਲੇ ਬਣੇ ਬੁੱਢਾ ਦਲ ਅਤੇ ਤਰਨਾ ਦਲ ਦੇ ਜਥੇਦਾਰ ਹੁਣ ਤੱਕ ਬਣਦੇ ਚਲੇ ਆ ਰਹੇ ਹਨ।

**ਮੁਖਤਿਆਰੇ-ਆਮ:**

ਦਲ ਦੇ ਵਿਚ ਜਿੱਥੇ ਦੇਗੀਆ ਸਿੰਘ, ਨਿਸ਼ਾਨਚੀ ਸਿੰਘ, ਨਗਾਰਚੀ ਸਿੰਘ ਆਦਿ ਹੁੰਦੇ ਹਨ ਉੱਥੇ ਹੀ ਦਲ ਵਿਚ ਇਕ ਪਦਵੀ ਹੁੰਦੀ ਹੈ ਜਿਸਨੂੰ 'ਮੁਖਤਿਆਰੇ-ਆਮ' ਆਖਿਆ ਜਾਂਦਾ ਹੈ। ਜਥੇਦਾਰ ਬਾਬਾ ਸੰਤਾ ਸਿੰਘ ਅਨੁਸਾਰ ਮੁਖਤਿਆਰੇ ਆਮ ਦਾ ਭਾਵ ਹੈ ਕਿ ਬਾਦਸ਼ਾਹ ਦਾ ਆਪਣਾ ਖਾਸੁਲ ਖਾਸ ਵਿਅਕਤੀ।[291] ਬੁੱਢਾ ਦਲ ਵਿਚ ਮੁਖਤਿਆਰੇ ਆਮ ਦਾ ਕਾਰਜ ਅਦਾਲਤੀ ਕਾਰਵਾਈ, ਲਿਖਤ ਪੜ੍ਹਤ, ਚਿੱਠੀ ਪੱਤਰ ਅਤੇ ਬੁੱਢਾ ਦਲ ਦੇ ਲਾਇਸੰਸ ਬਣਾਉਣੇ ਅਤੇ ਰੀਨਿਊ ਕਰਨਾ ਹੁੰਦਾ ਹੈ।[292] ਜਥੇਦਾਰ ਬਾਬਾ ਸੰਤਾ ਸਿੰਘ ਸਮੇਂ ਬੁੱਢਾ ਦਲ ਦੇ ਮੁਖਤਿਆਰੇ-ਆਮ ਬਾਬਾ ਦਿਆਲ ਸਿੰਘ ਜੀ ਸਨ ਜੋ ਹੁਣ ਨਿਰਮਲ ਅਖਾੜਾ, ਪਟਿਆਲਾ ਵਿਖੇ ਨਿਵਾਸ ਰਖਦੇ ਹਨ।

**ਲਿਖਾਰੀ ਸਿੰਘ:**

ਬੁੱਢਾ ਦਲ ਦੇ ਕਈ ਲਿਖਾਰੀ ਰਹੇ ਹਨ ਜਿਵੇਂ ਲਿਖਾਰੀ ਭਾਈ ਕ੍ਰਿਪਾਲ ਸਿੰਘ, ਲਿਖਾਰੀ ਭਾਈ ਦਿਆਲ ਸਿੰਘ, ਲਿਖਾਰੀ ਭਾਈ ਮਾਨ ਸਿੰਘ ਆਦਿ। ਲਿਖਾਰੀ ਸਿੰਘ ਦਾ ਬਹੁਤ ਭਾਰੀ ਯੋਗਦਾਨ ਹੁੰਦਾ ਹੈ। ਨਿਹੰਗ ਸਿੰਘਾਂ ਦੇ ਸ਼ਨਾਖਤੀ ਕਾਰਡਾਂ ਦੀ ਚਿਤ੍ਰਕਾਰੀ, ਗੁਰ ਅਸਥਾਨਾਂ ਦੀ ਨਵੀਂ ਇਮਾਰਤ ਦਾ ਨਕਸ਼ਾ ਤਿਆਰ ਕਰਨਾ, ਗੁਰਬਾਣੀ ਦੀਆਂ ਪੋਥੀਆਂ ਆਦਿ ਦੀ ਸੇਵਾ।[293]

---

289 ਕੌਰ ਸਿੰਘ ਨਿਹੰਗ (ਅਕਾਲੀ), ਹਜ਼ੂਰੀ ਸਾਥੀ, ਪੰਨਾ 16.

290 ਹਰਜਿੰਦਰ ਸਿੰਘ ਦਿਲਗੀਰ (ਡਾ.), ਸਿੱਖ ਤਵਾਰੀਖ਼ 'ਚ ਤਖ਼ਤ ਸਾਹਿਬ ਦਾ ਰੋਲ, ਪੰਜਵੀਂ ਐਡੀਸ਼ਨ, ਸਿੱਖ ਯੂਨੀਵਰਸਿਟੀ ਪ੍ਰੈੱਸ, ਬੈਲਜੀਅਮ, 2005, ਪੰਨਾ 16.

291 ਸਤਵੰਤ ਸਿੰਘ ਢਿਲੋਂ, (ਸੰਪਾ.), ਨਿਹੰਗ ਸਿੰਘ ਸੰਦੇਸ਼, ਗੁਰੂ ਕਾ ਬਾਗ, ਅਨੰਦਪੁਰ ਸਾਹਿਬ, ਅੰਕ 1, ਸਾਲ 3, ਅਪ੍ਰੈਲ 1974, ਪੰਨਾ 7.

292 ਇਹ ਜਾਣਕਾਰੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 'ਮੁਖਤਿਆਰੇ ਆਮ' ਬਾਬਾ ਦਿਆਲ ਸਿੰਘ ਜੀ ਪਾਸੋਂ, ਸ੍ਰੀ ਨਿਰਮਲ ਪੰਚਾਇਤੀ ਅਖਾੜਾ ਡੇਰਾ ਧਰਮਧੱਜਾ, ਪਟਿਆਲਾ ਵਿਖੇ ਮਿਤੀ 9 ਮਾਰਚ 2019 ਨੂੰ ਵੀਡਿਉ ਰਿਕਾਰਡਿੰਗ ਰਾਹੀਂ ਇੰਟਰਵਿਊ ਵਿਚ ਇੱਕਤਰ ਕੀਤੀ ਗਈ।

293 ਕ੍ਰਿਪਾਲ ਸਿੰਘ ਵੜੈਚ (ਗਿਆਨੀ), ਦੋ ਗੁਰਸਿੱਖ ਨਿਰਮੋਲਕ ਹੀਰੇ, ਪੰਨਾ 29.

### 3.2.19 ਨਿਹੰਗ ਸਿੰਘਾਂ ਦੇ ਦਲਾਂ ਦੀ ਵਿਚਰਨ ਦੀ ਕ੍ਰਿਆ:

ਦਲ ਦੋ ਤਰ੍ਹਾਂ ਨਾਲ ਵਿਚਰਦਾ ਹੈ: ਇਕ ਚਕਰਵਰਤੀ ਹੋ ਕੇ ਅਤੇ ਦੂਜਾ ਛਾਉਣੀ ਵਿਚ ਪੱਕਾ ਟਿਕਾਣਾ ਕਰ ਕੇ। ਚਕਰਵਰਤੀ ਤੋਂ ਭਾਵ ਪਿੰਡਾਂ, ਨਗਰਾਂ ਵਿਚ ਤਿੰਨ-ਚਾਰ ਦਿਨ ਪੜਾਅ ਕਰਦੇ ਹੋਏ ਅੰਮ੍ਰਿਤ ਸੰਚਾਰ ਕਰਨਾ ਅਤੇ ਗੁਰਮਤਿ ਦਾ ਪ੍ਰਚਾਰ ਕਰਨਾ। ਜੋ ਦਲ ਪੱਕਾ ਟਿਕਾਣਾ ਬਣਾ ਕੇ ਛਾਉਣੀਆਂ ਵਿਚ ਰਹਿੰਦੇ ਹਨ, ਉੱਥੇ ਸਵੇਰੇ ਸ਼ਾਮ ਦੀਵਾਨ ਸਜਾਏ ਜਾਂਦੇ ਹਨ। ਛਾਉਣੀਆਂ ਵਿਚ ਮਹੀਨਾਵਾਰੀ ਜਾਂ ਗੁਰਪੁਰਬ ਦੇ ਮੌਕਿਆਂ 'ਤੇ ਅੰਮ੍ਰਿਤ ਸੰਚਾਰ ਕੀਤਾ ਜਾਂਦਾ ਹੈ। ਇੱਥੇ ਇਹ ਗੱਲ ਵਰਨਣਯੋਗ ਹੈ ਕਿ ਨਿਹੰਗ ਸਿੰਘਾਂ ਦਾ ਚਕਰਵਰਤੀ ਵਿਚਰਨ ਵਾਲਾ ਦਲ ਆਪਣੇ ਆਪ ਕਿਸੇ ਪਿੰਡ ਵਿਚ ਨਹੀਂ ਪਹੁੰਚਦਾ, ਸਗੋਂ ਜਿੱਥੇ ਸੰਗਤ ਬੇਨਤੀ ਕਰਦੀ ਹੈ, ਉੱਥੇ ਦਲ, ਗੁਰਮਤਿ ਦਾ ਪ੍ਰਚਾਰ ਅਤੇ ਅੰਮ੍ਰਿਤ ਸੰਚਾਰ ਕਰਨ ਲਈ ਪਹੁੰਚਦਾ ਹੈ। ਤਿੰਨ-ਚਾਰ ਦਿਨ ਪੜਾਅ ਕਰਕੇ, ਅਖੰਡ ਪਾਠ ਸਾਹਿਬ ਦੇ ਭੋਗ ਪਾ ਕੇ ਢਾਡੀ-ਕਵੀਸ਼ਰੀ ਅਤੇ ਕਥਾ ਦੇ ਦੀਵਾਨ ਸਜਾਏ ਜਾਂਦੇ ਹਨ ਅਤੇ ਫੇਰ ਅੰਮ੍ਰਿਤ ਸੰਚਾਰ ਕੀਤਾ ਜਾਂਦਾ ਹੈ। ਨਿਹੰਗ ਸਿੰਘਾਂ ਦੇ ਨੀਲੇ-ਕੇਸਰੀ ਬਾਣੇ, ਸਰਬਲੋਹ ਦੇ ਲੰਗਰ, ਵਿਲੱਖਣ ਮਰਯਾਦਾ, ਸ਼ਸਤਰਾਂ ਦੇ ਅਭਿਆਸ ਅਤੇ ਘੋੜਿਆਂ ਦੀਆਂ ਦੋੜਾਂ ਨੂੰ ਦੇਖ ਕੇ ਪੁਰਾਤਨ ਸਿੰਘਾਂ ਦਾ ਝਲਕਾਰਾ ਪੈਂਦਾ ਹੈ ਅਤੇ ਸੰਗਤ ਆਪ ਮੁਹਾਰੇ ਅੰਮ੍ਰਿਤ ਛਕਣ ਲਈ ਆ ਜਾਂਦੀ ਹੈ। ਚਕਰਵਰਤੀ ਵਿਚਰਨ ਵਾਲੇ ਦਲ ਕੋਲ ਇਕ ਵਿਸ਼ੇਸ਼ ਗੱਡੀ ਹੁੰਦੀ ਹੈ ਜਿਸ ਨੂੰ ਪਾਲਕੀ ਸਾਹਿਬ ਆਖਿਆ ਜਾਂਦਾ ਹੈ, ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ। ਪਿਛਲੇ ਸਮੇਂ ਵਿਚ ਜਦੋਂ ਗੱਡੀਆਂ ਦੀ ਘਾਟ ਸੀ, ਉਸ ਵੇਲੇ ਦਲ-ਪੰਥ ਇਕ ਗੱਡੇ ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦਾ ਪ੍ਰਕਾਸ਼ ਕਰਦਾ ਸੀ ਜਿਸਨੂੰ ਖਾਲਸਈ ਬੋਲਿਆਂ ਵਿਚ 'ਜਹਾਜ਼' ਆਖਿਆ ਜਾਂਦਾ ਹੈ। ਇਹ ਪਾਲਕੀ ਸਾਹਿਬ (ਗੱਡਾ) ਹੁਣ ਸ੍ਰੀ ਦੇਗਸਰ ਸਾਹਿਬ, ਛਾਉਣੀ ਨਿਹੰਗ ਸਿੰਘਾਂ ਵਿਖੇ ਸੰਗਤਾਂ ਦੇ ਦਰਸ਼ਨ ਕਰਨ ਲਈ ਰਖਿਆ ਹੈ ਤਾਂ ਜੋ ਬੁੱਢਾ ਦਲ ਦੀ ਵਿਰਾਸਤ ਅਤੇ ਪੁਰਾਤਨ ਰਹਿਣੀ-ਬਹਿਣੀ ਦਾ ਪਤਾ ਚਲ ਸਕੇ।

ਪਹਿਲਾਂ ਪਹਿਲ ਚਕਰਵਰਤੀ ਵਿਚਰਨ ਵਾਲੇ ਦਲਾਂ ਕੇਵਲ ਤੰਬੂ, ਕੰਬਲ ਅਤੇ ਲੰਗਰ ਦੇ ਬਰਤਨ ਹੁੰਦੇ ਸਨ ਜੋ ਗੱਡਿਆਂ ਉੱਪਰ ਲੱਦੇ ਹੁੰਦੇ ਸਨ। ਕਰਨਲ ਪੋਲੀਅਰ ਦੀ ਦਿੱਲੀ ਤੋਂ 22 ਮਈ 1776 ਈ. ਨੂੰ ਲਿਖੀ ਚਿੱਠੀ ਵਿਚ ਉਸਨੇ ਲਿਖਿਆ ਹੈ ਕਿ, "ਧਾਵਾ ਕਰਨ ਸਮੇਂ ਉਹ ਤੰਬੂ ਤੇ ਹੋਰ ਬਹੁਤਾ ਸਮਾਨ ਆਪਣੇ ਨਾਲ ਨਹੀਂ ਲਿਜਾਂਦੇ, ਕੇਵਲ ਸਰਦਾਰ ਲਈ ਇਕ ਤੰਬੂ ਹੁੰਦਾ ਹੈ, ਬਾਕੀ ਕੰਬਲਾਂ ਨਾਲ ਗੁਜ਼ਾਰਾ ਕਰਦੇ ਹਨ।

ਹੱਲਾ ਬੋਲਣ ਵੇਲੇ ਉਹ ਇਨ੍ਹਾਂ ਕੰਬਲਾਂ ਨੂੰ ਕਾਠੀਆਂ ਉਤੇ ਪਾ ਲੈਂਦੇ ਹਨ।"[294] ਇਸ ਤਰ੍ਹਾਂ ਇਕ ਥਾਂ ਤੋਂ ਦੂਜੀ ਥਾਂ ਚਲਦੇ ਰਹਿਣ ਅਤੇ ਪੜਾਅ ਕਰਨ ਨਾਲ ਦਲ ਨੂੰ 'ਚਲਦਾ ਵਹੀਰ' ਵੀ ਆਖਿਆ ਜਾਂਦਾ ਹੈ।

**ਚਲਦਾ ਵਹੀਰ:**

ਭਾਈ ਕਾਨ੍ਹ ਸਿੰਘ ਨਾਭਾ ਨੇ ਵਹੀਰ ਦੇ ਅਰਥ ਕੀਤੇ ਹਨ: ਵਿਚਰਣ ਵਾਲਾ ਟੋਲਾ, ਜੋ ਇਕ ਥਾਂ ਨਾ ਵਸੇ।[295] ਜੋ ਪੜਾਅ ਦਰ ਪੜਾਅ ਕਰਦਾ ਤੁਰਿਆ ਜਾਂਦਾ ਹੈ, ਉਸਨੂੰ ਵਹੀਰ ਆਖਿਆ ਜਾਂਦਾ ਹੈ।[296] ਵਹੀਰ ਦਾ ਦ੍ਰਿਸ਼ ਨਿਰਾਲਾ ਅਤੇ ਸਾਦਗੀ ਭਰਿਆ ਹੁੰਦਾ ਸੀ। ਕਿਸੇ ਸਿੰਘ ਦੇ ਸਿਰਫ ਕਛਹਿਰਾ ਅਤੇ ਸੀਸ ਉੱਪਰ ਫਟਿਆ ਦੁਮਾਲਾ, ਕਿਸੇ ਦੇ ਨੰਗੇ ਪੈਰ, ਵੱਡੇ ਵੱਡੇ ਦੇਗੇ, ਪਰਾਂਤਾਂ, ਸਰਬ ਲੋਹ ਦੇ ਬਰਤਨ ਪਰ ਚਾਂਦੀ ਵਾਂਗ ਲਿਸ਼ਕਦੇ ਹੋਏ, ਨਗਾਰਿਆਂ ਉਪਰ ਚੋਬ ਲਗਾਉਂਦੇ ਹੋਏ ਦਲ ਤੁਰਦਾ ਸੀ।[297] ਗੁਰੂ ਗੋਬਿੰਦ ਸਿੰਘ ਜੀ, ਅਨੰਦਪੁਰ ਸਾਹਿਬ ਛੱਡਣ ਵੇਲੇ ਇਕ ਵਹੀਰ ਦੇ ਰੂਪ ਵਿਚ ਨਿਕਲੇ ਸਨ। ਦੱਖਣ ਵਲ ਜਾਣ ਲੱਗਿਆਂ ਵੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਵੀ ਕਈ ਹਜ਼ਾਰ ਸਿੰਘ ਵਹੀਰ ਦੇ ਰੂਪ ਵਿਚ ਗਏ ਸਨ:

ਜਬ ਸਤਿਗੁਰ ਦੱਖਣ ਪੁੱਜੇ ਜਹਿਂ ਥੋ ਦਾਦੂ ਦ੍ਵਾਰ।

ਡੇਰਾ ਲਾਯਾ ਦੇਖ ਥਾਮ ਸੰਗ ਪੰਜ ਸਤ ਸਿੰਘ ਹਜ਼ਾਰ।

ਬਜੈਂ ਨਗਾਰੇ ਝੂਲਹਿਂ ਨਿਸ਼ਾਨ। ਪੜ੍ਹੈਂ ਬਾਣੀਆਂ ਕਿਸ ਕਰੈਂ ਨ ਕਾਣ।[298]

ਨਵਾਬ ਕਪੂਰ ਸਿੰਘ ਦੇ ਸਮੇਂ ਜਥੇਬੰਦੀ ਵਿਚ ਅਨੁਸ਼ਾਸਨ ਇਸ ਹੱਦ ਤਕ ਸੀ ਕਿ ਕੋਈ ਵੀ ਸਿੰਘ ਬਿਨਾਂ ਪੁੱਛੇ ਜਥੇ ਤੋਂ ਬਾਹਰ ਨਹੀਂ ਜਾ ਸਕਦਾ ਸੀ। ਕੋਈ ਗਲਤੀ ਹੋਣ 'ਤੇ ਬਕਾਇਦਾ ਤਨਖਾਹ (ਦੰਡ) ਲਾਈ ਜਾਂਦੀ ਸੀ:

---

[294] ਉਧਰਿਤ, ਪਿਆਰਾ ਸਿੰਘ ਪਦਮ (ਪ੍ਰੋ.), ਸੰਖੇਪ ਸਿੱਖ ਇਤਿਹਾਸ (1469-1989), ਕਲਮ ਮੰਦਿਰ, ਪਟਿਆਲਾ, 1990, ਪੰਨਾ 126.

[295] ਕਾਨ੍ਹ ਸਿੰਘ ਨਾਭਾ (ਭਾਈ), ਗੁਰੁ ਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 828.

[296] ਇਹ ਜਾਣਕਾਰੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 'ਮੁਖਤਿਆਰੇ ਆਮ' ਬਾਬਾ ਦਿਆਲ ਸਿੰਘ ਜੀ ਪਾਸੋਂ, ਸ੍ਰੀ ਨਿਰਮਲ ਪੰਚਾਇਤੀ ਅਖਾੜਾ ਡੇਰਾ ਧਰਮਧੱਜਾ, ਪਟਿਆਲਾ ਵਿਖੇ ਮਿਤੀ 9 ਮਾਰਚ 2019 ਨੂੰ ਵੀਡਿਉ ਰਿਕਾਰਡਿੰਗ ਰਾਹੀਂ ਇੰਟਰਵਿਊ ਵਿਚ ਇੱਕਤਰ ਕੀਤੀ ਗਈ।

[297] ਕ੍ਰਿਪਾਲ ਸਿੰਘ ਵੜੈਚ (ਗਿਆਨੀ), ਦੋ ਗੁਰਸਿੱਖ ਨਿਰਮੋਲਕ ਹੀਰੇ, ਪੰਨੇ 84-85.

[298] ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਡਾ. ਬਲਵੰਤ ਸਿੰਘ ਢਿਲੋਂ (ਸੰਪਾ.), ਪੰਨਾ 69.

ਸਿੰਘ ਜੁ ਰਹੇ ਰਾਤ ਇਕ ਬਾਹਰ ਕੈ ਬਿਨ ਪੂਤੇ ਜਾਵੈ।

ਬਿਨ ਤਨਖਾਹ ਲਗਾਏ ਕੋਊ ਮਿਲਣ ਪੰਥ ਨਹਿ ਪਾਵੈ।[299]

ਦਲ ਦੇ ਵਿਚ ਸਿੰਘਾਂ ਦੀ ਗਿਣਤੀ ਕੋਈ ਮੁਕੱਰਰ ਨਹੀਂ ਹੁੰਦੀ। ਦਲ ਵਿਚ ਜਥੇਦਾਰ ਤੋਂ ਇਲਾਵਾ ਮੀਤ ਜਥੇਦਾਰ ਵੀ ਹੁੰਦਾ ਹੈ ਜੋ ਮੁਖ ਜਥੇਦਾਰ ਦੀ ਗੈਰ ਹਾਜ਼ਰੀ ਵਿਚ ਕਾਰਜ ਕਰਦਾ ਹੈ। ਲਾਂਗਰੀ ਸਿੰਘ ਜੋ ਲੰਗਰਾਂ ਦਾ ਹਿਸਾਬ ਰਖਦਾ ਹੈ। ਘੋੜਿਆਂ ਦੀ ਸੇਵਾ ਕਰਨ ਵਾਲੇ ਸੇਵਾਦਾਰ ਨੂੰ ਘੋੜਿਆਂ ਦਾ ਜਥੇਦਾਰ ਆਖਿਆ ਜਾਂਦਾ ਹੈ। ਮੁਖ ਜਥੇਦਾਰ ਸੰਗਤ ਦਾ ਸੇਵਾਦਾਰ ਹੀ ਹੁੰਦਾ ਹੈ ਜੋ ਸੰਗਤ ਅਤੇ ਦਲ ਦੇ ਸਿੰਘਾਂ ਦੀ ਸਲਾਹ ਨਾਲ ਕਾਰਜ ਕਰਦਾ ਹੈ। ਦਲ ਦੇ ਵਿਚ ਬਿਬੇਕੀ, ਬਿਹੰਗਮ ਅਤੇ ਗ੍ਰਹਿਸਥੀ ਸਿੰਘ ਰਹਿੰਦੇ ਹਨ।

**ਬਿਹੰਗਮ:**

ਨਿਹੰਗ ਸਿੰਘਾਂ ਵਿਚ 'ਬਿਹੰਗਮ' ਉਨ੍ਹਾਂ ਸਿੰਘਾਂ ਲਈ ਵਰਤਿਆ ਜਾਂਦਾ ਹੈ ਜੋ ਵਿਆਹ ਨਹੀਂ ਕਰਵਾਉਂਦੇ। ਐਸੇ ਨਿਹੰਗ ਸਿੰਘ ਗ੍ਰਹਿਸਥ ਜੀਵਨ ਤੋਂ ਬਿਨਾਂ ਸਾਰੀ ਉਮਰ ਦਲ-ਪੰਥ ਵਿਚ ਰਹਿ ਕੇ, ਸੇਵਾ ਕਰਕੇ ਬਤੀਤ ਕਰਦੇ ਹਨ ਪਰ ਗੁਰਮਤਿ ਵਿਚ ਗ੍ਰਹਿਸਥ ਜੀਵਨ ਨੂੰ ਪ੍ਰਧਾਨਤਾ ਦਿੱਤੀ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਿਹੰਗਮ ਸ਼ਬਦ ਆਇਆ ਹੈ:

ਰਹੈ ਬਿਹੰਗਮ ਕਤਹਿ ਨ ਜਾਈ॥[300]

ਭਾਈ ਦਇਆ ਸਿੰਘ ਜੀ ਨੇ ਆਪਣੇ ਰਹਿਤਨਾਮੇ ਵਿਚ ਬਿਹੰਗਮ ਦੇ ਇਹ ਲੱਛਣ ਦਰਸਾਏ ਹਨ: "ਜਗਤ ਮੇਂ ਮਾਯਾ ਕਾ ਸੰਗ ਤਯਾਗ ਕਰਿ ਰਹੈ, ਇਸਤ੍ਰੀ ਕੋ ਦੇਖਤ ਭਾਗੇ, ਧਨ ਕਾ ਹੇਤ ਨ ਲਾਗੇ, ਸਵਾ ਗਜ਼ ਕੀ ਕੱਛ ਰਾਖੇ, ਏਕ ਸਰਬਲੋਹ ਕੀ ਗੜਵੀ ਰਖੈ, ਏਕਾਕੀ ਬਿਚਰੇ, ਧਾਤੂ ਕੋ ਸਪਰਸ਼ ਨ ਕਰੇ, ਸ਼ਹਰ ਮੈਂ ਨਾ ਰਹੈ, ਅਸਵਾਰੀ ਪੈ ਨ ਚੜ੍ਹੈ, ਔਰ ਗੁਰਦੁਆਰੇ ਮੇਂ ਫਿਰਤਾ ਰਹੈ, ਭੱਲਾ ਬੇਦੀ, ਤ੍ਰੇਹਨ, ਉਦਾਸੀ, ਸੋਢੀ ਇਨ ਕੋ ਨਿੰਦੇ ਨਾਹੀ, ਮਦਰਾ ਮਾਸ ਕੋ ਛੁਏ ਨਾਹੀ, ਪ੍ਰਿਥਮੈਂ ਤੋ ਬੈਰਾਗ ਕਰੇ, ਖਾਣਾ ਪੀਣਾ ਹੱਸਣਾ ਛੋਡੇ, ਸ੍ਵਾਦ ਅਸ੍ਵਾਦ ਸਭ ਛੋਡੇ, ਜੋ ਕਰਮ ਤੀਨ ਕਾਲ ਮੋਂ ਕਹੇ ਹੈਂ, ਖਾਲਸੇ ਕੋ। ਸੌ ਚੌਗੁਨੇ ਕਰੇ ਤੋ ਸੁਧ ਹੈ। ਦ੍ਵੈ ਚਾਦਰੇ ਰਖੇ,

---

[299] ਗਿਆਨ ਸਿੰਘ (ਗਿਆਨੀ), ਪੰਥ ਪ੍ਰਕਾਸ਼, ਪੰਨਾ 659.

[300] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੪੦.

ਇਸਤ੍ਰੀ ਕੋ ਦਰਸ਼ਨ ਤਜੈ, ਰਕਤ ਬਸਤ੍ਰ ਤਜੈ, ਮਨ ਕੋ ਅਸੰਭ ਰਖੇ, ਇਸਤ੍ਰੀ ਕੇ ਹਾਥ ਕਾ ਅੰਨ ਜਲ ਨ ਛਕੇ, ਇਤਯਾਦਿ ਧਰਮ ਚਾਰੋਂ ਆਸ਼੍ਰਮੋਂ ਕੇ ਲੀਏ ਕਹੇ ਹੈਂ, ਸੋ ਯਥਾ ਬਿਧਿ ਕਰਿ ਸਮਝ ਲੇਵੇ।"[301]

ਸਿੱਖ ਪੰਥ ਵਿਸ਼ਵਕੋਸ਼ ਵਿਚ ਬਿਹੰਗਮ ਦੇ ਅਰਥ ਇਸ ਤਰ੍ਹਾਂ ਹਨ: "ਸੰਸਕ੍ਰਿਤ ਦੇ 'ਵਿਹੰਗਮ' ਸ਼ਬਦ ਦਾ ਤਦਭਵ ਰੂਪ ਹੈ ਅਤੇ ਇਸ ਦਾ ਅਰਥ ਹੈ ਆਕਾਸ਼ ਵਿਚ ਗਮਨ ਕਰਨ ਵਾਲਾ, ਨਭਚਾਰੀ, ਪੰਛੀ। ਭਾਰਤੀ ਸੰਸਕ੍ਰਿਤੀ ਅਨੁਸਾਰ 'ਬਿਹੰਗਮ' ਉਹ ਹੈ ਜੋ ਪੰਛੀ ਬਿਰਤੀ ਵਾਲਾ ਹੋਵੇ ਅਤੇ ਅਧਿਆਤਮਿਕ ਪਵਿਤਰਤਾ ਨੂੰ ਅਰਜਿਤ ਕਰਦਾ ਹੋਇਆ ਸੰਸਾਰਿਕਤਾ ਪ੍ਰਤਿ ਵਿਰਕਤ ਰਹੇ। ਜੋ ਸੰਸਾਰਿਕ ਇੱਛਾਵਾਂ ਨੂੰ ਤਿਆਗ ਦਿੰਦੇ ਹਨ ਉਨ੍ਹਾਂ ਨੂੰ ਵੀ 'ਬਿਹੰਗਮ' ਕਿਹਾ ਜਾਂਦਾ ਹੈ।"[302] ਗਿਆਨ ਗਿਆਨ ਸਿੰਘ 'ਬਿਹੰਗਮ' ਸਿੰਘ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕਰਦੇ ਹਨ:

ਸਿੰਘ ਬਿਹੰਗਮ ਮੂੰਹੋਂ ਨਾ ਮੰਗਦੇ ਭਾਂਵੇਂ ਭੁੱਖੇ ਰਹਿੰਦੇ।
ਬੁਰੀ ਵਸਤ ਪੂਜਾ ਕੋ ਕਹਿਤੇ ਧਰਮਸਾਲ ਨਾ ਬਹਿੰਦੇ।[303]

ਇਸ ਬਿਰਤੀ ਵਾਲੇ ਨਿਹੰਗ ਸਿੰਘ ਜ਼ਿਆਦਾਤਰ ਚਕਰਵਰਤੀ ਦਲ ਵਿਚ ਵਿਚਰਦੇ ਹਨ। ਨਿਹੰਗ ਸਿੰਘਾਂ ਦੀ ਜਥੇਬੰਦੀ ਵਿਚ ਗ੍ਰਹਿਸਥੀ ਸਿੰਘ ਅਤੇ 'ਬਿਬੇਕੀ' ਜਾਂ 'ਬਿਹੰਗਮ' ਸਿੰਘ ਵਿਚਰਦੇ ਹਨ:

ਇਕ ਨਿਹੰਗ ਸਿੰਘ ਬਿਮਲ ਮਤ ਇਕ ਗ੍ਰਹਸਤ ਦਵੈ ਭਾਂਤ॥
ਤਿਨ ਦਵੈ ਮਹਿ ਤੇ ਦਵੈ ਦਵੈ ਪ੍ਰਗਟ ਨਿਰਖਤ ਚਿਰ ਕਰ ਸਾਂਤ॥
ਗ੍ਰਸਤ ਬਿਰਕਤ ਨਿਹੰਗ ਦਵੈ ਤਿਨ ਕੇ ਦਵੈ ਪਰਕਾਰ॥
ਤਿਨ ਮੈ ਏਕ ਬਿਬੇਕ ਨਿਧਿ ਏਕ ਭੇਖ ਮਿਤ ਧਾਰ॥[304]

**ਬਿਬੇਕੀ ਸਿੰਘ:**

ਆਪਣੇ ਹੱਥੀਂ ਸਰਬਲੋਹ ਦੇ ਬਰਤਨਾਂ ਵਿਚ ਹੱਥੀਂ ਪਕਾ ਕੇ ਖਾਣ ਵਾਲੇ, ਜੋ ਕਿਸੇ ਦੂਜੇ ਦੇ ਭਾਂਡੇ ਨਾ ਵਰਤਣ, ਉਹ ਬਿਬੇਕੀਏ ਕਹਿਲਾਉਂਦੇ ਹਨ।[305] ਇਹੀ ਅਰਥ ਪਿਆਰਾ ਸਿੰਘ ਪਦਮ ਨੇ ਕੀਤੇ ਹਨ।[306]

---

301 ਪਿਆਰਾ ਸਿੰਘ ਪਦਮ (ਸੰਪਾ.), ਰਹਿਤਨਾਮੇ, ਪੰਨੇ ੭੫-੭੬.

302 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਚੌਥਾ, ਪੰਨਾ 1443.

303 ਗਿਆਨ ਸਿੰਘ (ਗਿਆਨੀ), ਪੰਥ ਪ੍ਰਕਾਸ਼, ਪੰਨਾ 633.

304 ਸੁਮੇਰ ਸਿੰਘ (ਬਾਬਾ), ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼, ਡਾ. ਅੱਛਰ ਸਿੰਘ ਕਾਹਲੋਂ (ਸੰਪਾ.), ਪੰਨਾ 511.

305 ਗਣੇਸ਼ਾ ਸਿੰਘ ਮਹੰਤ (ਸ੍ਰੀ ਮਾਨ), ਭਾਰਤ ਮਤ ਦਰਪਣ, ਭਾ.ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਦੂਜੀ ਵਾਰ, ਸਤੰਬਰ 1992, ਪੰਨਾ 22.

306 ਪਿਆਰਾ ਸਿੰਘ ਪਦਮ (ਪ੍ਰੋ.), ਸਿੱਖ ਸੰਪ੍ਰਦਾਵਲੀ, ਕਲਗੀਧਰ ਕਲਮ ਫਾਊਂਡੇਸ਼ਨ, ਕਲਮ ਮੰਦਿਰ, ਪਟਿਆਲਾ, 2000, ਪੰਨਾ 104.

ਅਕਾਲੀ ਕੌਰ ਸਿੰਘ ਜੀ ਵੀ ਆਪਣੇ ਹੱਥੀਂ ਲੰਗਰ ਤਿਆਰ ਕਰਦੇ ਅਤੇ ਸਰਬਲੋਹ ਦੇ ਬਰਤਨਾਂ ਵਿਚ ਭੋਜਨ ਛਕਦੇ ਸਨ।[307] ਬਿਬੇਕ ਰਖਣ ਵਾਲੇ ਸਿੰਘ ਸਾਬਣ, ਸੋਢੇ ਨਾਲ ਕੇਸੀਂ ਇਸ਼ਨਾਨ ਨਹੀਂ ਕਰਦੇ ਸਗੋਂ ਰੀਠਿਆਂ ਨਾਲ ਜਾਂ ਦਹੀਂ ਨਾਲ ਇਸ਼ਨਾਨ ਕਰਦੇ ਹਨ। ਤੇਲ ਦੀ ਬਜਾਏ ਦੇਸੀ ਘਿਓ ਕੇਸਾਂ ਨੂੰ ਲਗਾਉਂਦੇ ਹਨ। ਸਰੀਰਕ ਸੋਧ ਦਾ ਭਾਵ ਰਖਦੇ ਹਨ, ਜਿਸ ਨਾਲ ਮਨ ਦੀ ਭਟਕਣਾ ਬਹੁਤ ਹੱਦ ਤਕ ਕਾਬੂ ਹੋ ਜਾਂਦੀ ਹੈ।[308]

**ਛਾਉਣੀ:**

ਨਿਹੰਗ ਸਿੰਘਾਂ ਦੇ ਇਕ ਥਾਂ ਪੱਕੇ ਟਿਕਾਣੇ ਜਾਂ ਰਹਿਣ ਦੀ ਥਾਂ ਨੂੰ ਛਾਉਣੀ ਆਖਿਆ ਜਾਂਦਾ ਹੈ। ਛਾਉਣੀ ਤੋਂ ਭਾਵ ਹੈ- ਅੰਮ੍ਰਿਤਸਰ ਵਿਖੇ ਅਕਾਲੀ ਫੂਲਾ ਸਿੰਘ ਦੀ ਰਹਿਣ ਦੀ ਥਾਂ।[309] ਭਾਵ ਜਿੱਥੇ ਨਿਹੰਗ ਸਿੰਘ ਪੱਕਾ ਟਿਕਾਣਾ ਬਣਾ ਕੇ ਰਹਿੰਦੇ ਹਨ। ਕਈ ਛਾਉਣੀਆਂ ਨੂੰ ਬੁੰਗੇ ਵੀ ਆਖਿਆ ਜਾਂਦਾ ਹੈ। ਨਿਰਮਲੇ ਸੰਤ ਨਿਹਾਲ ਸਿੰਘ ਨੇ 'ਗ੍ਰੰਥ ਭਵ ਸਾਗਰ ਸੇਤੁ' ਵਿਚ 'ਬੁੰਗਾ' ਸ਼ਬਦ ਦਾ ਅਰਥ ਇਸ ਪ੍ਰਕਾਰ ਕੀਤਾ ਹੈ: "ਬੁੰਗਾ ਲਫਜ਼ ਪਾਰਸੀ ਬੋਸਤਾਂ ਕੇ ਦੂਸਰੇ ਬਾਬ ਮੈ ਹਾਤਮ ਕੀ ਹਿਕਾਯਤ ਬੀਚ ਆਵਤਾ ਹੈ। ਨਿਵਾਸ ਸਥਾਨ ਕਾ ਵਾਚਕ ਹੈ।"[310] ਬੁੰਗਾ ਸ਼ਬਦ ਫ਼ਾਰਸੀ ਦੇ 'ਬੰਗਹ' ਸ਼ਬਦ ਤੋਂ ਬਣਿਆ ਹੈ ਜਿਸ ਦਾ ਅਰਥ ਹੈ ਰਹਿਣ ਦਾ ਸਥਾਨ। ਬੁੰਗਿਆਂ ਦੀ ਕੁਲ ਗਿਣਤੀ 72 ਮੰਨੀ ਗਈ ਹੈ। ਇਹ ਅਸਲ ਵਿਚ ਟਕਸਾਲਾਂ ਜਾਂ ਪਾਠਸ਼ਾਲਾਂ ਸਨ।[311] ਇਨ੍ਹਾਂ ਛਾਉਣੀਆਂ ਵਿਚ ਬੱਚਿਆਂ ਨੂੰ ਵਿਸ਼ੇਸ਼ ਤੌਰ 'ਤੇ ਗੁਰਮਤਿ, ਗੁਰਮਤਿ ਸੰਗੀਤ, ਸੰਥਿਆ, ਘੋੜ ਸਵਾਰੀ, ਗੱਤਕਾ, ਕਥਾ, ਢਾਢੀ ਵਾਰਾਂ ਅਤੇ ਕਵੀਸ਼ਰੀ ਆਦਿ ਦੀ ਸਿਖਲਾਈ ਦਿੱਤੀ ਜਾਂਦੀ ਹੈ।

ਨਿਹੰਗ ਸਿੰਘ ਜਥੇਬੰਦੀਆਂ ਦੀਆਂ ਪੱਕੇ ਤੌਰ 'ਤੇ ਵੀ ਕਈ ਛਾਉਣੀਆਂ ਹਨ। ਮੁਖ ਛਾਉਣੀ ਨੂੰ ਹੈੱਡਕੁਆਰਟਰ ਬੋਲਿਆ ਜਾਂਦਾ ਹੈ। ਬੁੱਢਾ ਦਲ ਦਾ ਹੈੱਡਕੁਆਰਟਰ ਸ੍ਰੀ ਬੇਰ ਸਾਹਿਬ ਦਮਦਮਾ ਸਾਹਿਬ, ਸਾਬੋ ਕੀ ਤਲਵੰਡੀ, ਬਠਿੰਡਾ ਹੈ ਅਤੇ ਮੁੱਖ ਛਾਉਣੀ ਬਗੀਚੀ ਬਾਬਾ ਬੰਬਾ ਸਿੰਘ ਜੀ, ਲੋਅਰ ਮਾਲ, ਪਟਿਆਲਾ ਵਿਖੇ ਹੈ। ਇਸੇ ਤਰ੍ਹਾਂ ਮਿਸਲ ਸ਼ਹੀਦਾਂ ਸ੍ਰੀ ਤਰਨਾ ਦਲ ਦਾ ਮੁਖ ਹੈੱਡਕੁਆਰਟਰ ਬਾਬਾ ਬਕਾਲਾ

---

307 ਹਿੰਮਤ ਸਿੰਘ, ਅਕਾਲੀ ਕੌਰ ਸਿੰਘ, ਜੀਵਨ, ਵਿਅਕਤੀਤ੍ਵ ਤੇ ਸਾਹਿਤ ਰਚਨਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ, 2000, ਪੰਨਾ 31.

308 ਕ੍ਰਿਪਾਲ ਸਿੰਘ ਵੜੈਚ (ਗਿਆਨੀ), ਦੋ ਗੁਰਸਿੱਖ ਨਿਰਮੋਲਕ ਹੀਰੇ, ਪੰਨਾ 204 (ਫੁਟਨੋਟ).

309 ਕਾਨ੍ਹ ਸਿੰਘ ਨਾਭਾ (ਭਾਈ), ਗੁਰੁ ਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 36.

310 ਨਿਹਾਲ ਸਿੰਘ (ਭਾਈ), ਗ੍ਰੰਥ ਭਵ ਸਾਗਰ ਸੇਤੁ, ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ, 1907. ਪੰਨਾ 28.

311 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਚੌਥਾ, ਪੰਨੇ 1458-1459.

ਸਾਹਿਬ ਵਿਖੇ ਹੈ ਅਤੇ ਮੁੱਖ ਛਾਉਣੀ ਸਮਾਧ ਬਾਬਾ ਨੌਧ ਸਿੰਘ, ਚੱਬਾ ਵਿਖੇ ਹੈ। ਦਲ ਬਾਬਾ ਬਿਧੀ ਚੰਦ ਦਾ ਹੈੱਡਕੁਆਰਟਰ ਸੁਰ ਸਿੰਘ ਵਿਖੇ ਹੈ।

### 3.2.20 ਗੁਰਪੁਰਬ ਅਤੇ ਸਮਾਗਮ:

ਨਿਹੰਗ ਸਿੰਘ ਜਥੇਬੰਦੀ ਵਿਚ ਸਾਰੇ ਹੀ ਗੁਰਪੁਰਬ ਬੜੀ ਸ਼ਰਧਾ ਭਾਵਨਾ ਨਾਲ ਮਨਾਏ ਜਾਂਦੇ ਹਨ। ਨਿਹੰਗ ਸਿੰਘ ਆਪੋ ਆਪਣੇ ਦਲਾਂ ਸਮੇਤ ਗੁਰਪੁਰਬ ਵਾਲੇ ਅਸਥਾਨ 'ਤੇ ਪਹੁੰਚਦੇ ਹਨ ਅਤੇ ਮਹੱਲਾ ਕੱਢਦੇ ਹਨ। ਨਿਹੰਗ ਸਿੰਘ ਮਾਘੀ ਦਾ ਮੇਲਾ ਮੁਕਤਸਰ ਸਾਹਿਬ ਵਿਖੇ ਮਨਾਉਂਦੇ ਹਨ। ਖਾਲਸਾ ਸਾਜਨਾ ਦਿਵਸ (ਵੈਸਾਖੀ) ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ, ਹੋਲਾ ਮਹੱਲਾ ਸ੍ਰੀ ਅਨੰਦਪੁਰ ਸਾਹਿਬ, ਰੱਖੜ ਪੁੰਨਿਆ ਦਾ ਜੋੜ ਮੇਲਾ ਬਾਬਾ ਬਕਾਲਾ, ਦੁਸਿਹਰਾ ਚਮਕੌਰ ਸਾਹਿਬ, ਦੀਵਾਲੀ ਸ੍ਰੀ ਅੰਮ੍ਰਿਤਸਰ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਸੁਲਤਾਨਪੁਰ ਲੋਧੀ ਵਿਖੇ ਮਨਾਉਂਦੇ ਹਨ। ਪਾਕਿਸਤਾਨ ਬਣਨ ਤੋਂ ਪਹਿਲਾਂ ਬੁੱਢਾ ਦਲ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਸ੍ਰੀ ਨਨਕਾਣਾ ਸਾਹਿਬ ਵਿਖੇ ਮਨਾਇਆ ਜਾਂਦਾ ਸੀ। 1947 ਈ. ਤੋਂ ਬਾਅਦ ਸੁਲਤਾਨਪੁਰ ਲੋਧੀ ਵਿਖੇ ਮਨਾਇਆ ਜਾਣ ਲੱਗਾ।[312] ਨਿਹੰਗ ਸਿੰਘ, ਵੱਡੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਜੋੜ-ਮੇਲ ਚਮਕੌਰ ਸਾਹਿਬ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਜੋੜ-ਮੇਲ ਸ੍ਰੀ ਫਤਹਿਗੜ ਸਾਹਿਬ ਵਿਖੇ ਮਨਾਉਂਦੇ ਹਨ। ਇਸ ਤੋਂ ਇਲਾਵਾ ਜਿੱਥੇ-ਜਿੱਥੇ ਨਿਹੰਗ ਸਿੰਘਾਂ ਦੀਆਂ ਮੁੱਖ ਛਾਉਣੀਆਂ ਹਨ, ਉੱਥੇ ਉਸ ਇਲਾਕੇ ਨਾਲ ਸੰਬੰਧਿਤ ਦਿਹਾੜੇ ਮਨਾਏ ਜਾਂਦੇ ਹਨ। ਜਿਵੇਂ ਬੁੱਢਾ ਦਲ ਬਸੰਤ ਪੰਚਮੀ ਦਾ ਤਿਉਹਾਰ ਪਟਿਆਲਾ ਵਿਖੇ ਮਨਾਉਂਦਾ ਹੈ। ਗੁਰੂ ਹਰਿਰਾਇ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਤਰਨਾ ਦਲ ਹਰੀਆਂ ਵੇਲਾਂ ਵਲੋਂ ਆਪਣੀ ਛਾਉਣੀ ਵਿਚ ਮਨਾਇਆ ਜਾਂਦਾ ਹੈ। ਗਿਆਨੀ ਭਾਈ ਠਾਕੁਰ ਸਿੰਘ ਨੇ ਖਾਲਸੇ ਦੁਆਰਾ ਮਨਾਏ ਜਾਂਦੇ ਗੁਰਪੁਰਬ ਇਸ ਪ੍ਰਕਾਰ ਲਿਖੇ ਹਨ:

ਇਕ ਦੀਵਾਨ ਬੈਸਾਖੀ ਮਾਂਹੀ। ਦੂਸਰ ਦੀਪਮਾਲ ਸੁਭ ਚਾਹੀ।
ਤੀਸਰ ਦੁਸਹਰਾ ਲਖ ਲੀਜੈ। ਚੌਥਾ ਹੋਲਾ ਮਿਲ ਸੁਭ ਕੀਜੈ।

---

[312] ਕ੍ਰਿਪਾਲ ਸਿੰਘ ਵੜੈਚ (ਗਿਆਨੀ), ਦੋ ਗੁਰਸਿੱਖ ਨਿਰਮੋਲਕ ਹੀਰੇ, ਪੰਨਾ 105.

ਦੇਸ ਬਦੇਸਨ ਕੇ ਸਿਖ ਸਾਰੇ। ਹੋਇ ਇਕਤ੍ਰ ਸਭ ਇਨਹੁ ਮਝਾਰੇ।

ਪੰਥ ਸੁਧਾਰ ਗੁਰਮਤੇ ਕਰੀਐ। ਗੁਰ ਮਿਰਜਾਦਾ ਜਗ ਵਿਸਤਰੀਐ।[313]

1947 ਈ. ਤੋਂ ਪਹਿਲਾਂ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਡੇਹਰਾ ਸਾਹਿਬ ਲਾਹੌਰ ਵਿਖੇ ਮਨਾਇਆ ਜਾਂਦਾ ਸੀ ਪਰ ਹੁਣ ਜਿੱਥੇ ਵੀ ਦਲ ਹੋਵੇ, ਉੱਥੇ ਹੀ ਮਨਾ ਲੈਂਦੇ ਹਨ।[314] ਇਨ੍ਹਾਂ ਪੁਰਬਾਂ ਉੱਤੇ ਨਿਹੰਗ ਸਿੰਘਾਂ ਦੇ ਦਲ ਇਕੱਤਰ ਹੋ ਕੇ ਪੰਥਕ ਗੁਰਮਤੇ ਅਤੇ ਅੰਮ੍ਰਿਤ ਸੰਚਾਰ ਕਰਦੇ ਹਨ।

ਇਸ ਤੋਂ ਇਲਾਵਾ ਵੱਖ-ਵੱਖ ਦਲਾਂ ਵਿਚ ਪਹਿਲਾਂ ਹੋ ਚੁੱਕੇ ਜਥੇਦਾਰਾਂ ਦੀਆਂ ਬਰਸੀਆਂ ਵੀ ਮਨਾਈਆਂ ਜਾਂਦੀਆਂ ਹਨ ਜਿਵੇਂ ਬੁੱਢਾ ਦਲ ਵਲੋਂ ਜਥੇਦਾਰ ਬਾਬਾ ਸਾਹਿਬ ਸਿੰਘ ਕਲਾਧਾਰੀ ਜੀ, ਜਥੇਦਾਰ ਬਾਬਾ ਚੇਤ ਸਿੰਘ, ਜਥੇਦਾਰ ਬਾਬਾ ਸੰਤਾ ਸਿੰਘ ਜੀ ਦੀ ਬਰਸੀ ਮਨਾਈ ਜਾਂਦੀ ਹੈ। ਇਸੇ ਤਰ੍ਹਾਂ ਦਲ ਬਾਬਾ ਬਿਧੀ ਚੰਦ ਵਲੋਂ ਬਾਬਾ ਦਇਆ ਸਿੰਘ ਜੀ ਸੁਰ ਸਿੰਘ ਵਾਲਿਆਂ ਦੀ ਬਰਸੀ, ਸ੍ਰੀ ਮਿਸਲ ਸ਼ਹੀਦਾ ਤਰਨਾ ਦਲ (ਬਾਬਾ ਬਕਾਲਾ) ਵਲੋਂ ਬਾਬਾ ਕੀਰਤਨ ਸਿੰਘ, ਬਾਬਾ ਮੱਖਣ ਸਿੰਘ ਜੀ ਦੀ ਬਰਸੀ ਮਨਾਈ ਜਾਂਦੀ ਹੈ। ਇਹ ਗੱਲ ਵੀ ਵਰਨਣਯੋਗ ਹੈ ਕਿ ਬੁੱਢਾ ਦਲ ਵਲੋਂ ਹਰ ਸਾਲ 'ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ' ਦਾ ਸਥਾਪਨਾ ਦਿਵਸ ਬੁੱਢਾ ਦਲ ਪਬਲਿਕ ਸਕੂਲ, ਪਟਿਆਲਾ ਵਿਖੇ ਵੱਡੇ ਪੱਧਰ ਉੱਤੇ ਮਨਾਇਆ ਜਾਂਦਾ ਹੈ। ਬਾਬਾ ਬੰਦਾ ਸਿੰਘ ਬਹਾਦਰ ਵਲੋਂ ਸਰਹੰਦ ਨੂੰ ਜਿੱਤਣ ਦੀ ਯਾਦ ਵਿਚ ਸਰਹੰਦ ਫ਼ਤਿਹ ਦਿਵਸ ਮਨਾਇਆ ਜਾਂਦਾ ਹੈ ਜਿਸ ਵਿਚ ਨਿਹੰਗ ਸਿੰਘ ਜਥੇਬੰਦੀ ਵਲੋਂ ਚੱਪੜਚਿੜੀ ਦੇ ਮੈਦਾਨ ਤੋਂ ਲੈ ਕੇ ਫ਼ਤਿਹਗੜ ਸਾਹਿਬ ਤੱਕ ਮਹੱਲਾ ਕੱਢਿਆ ਜਾਂਦਾ ਹੈ। ਇਸੇ ਤਰ੍ਹਾਂ ਹੀ ਬਾਬਾ ਬਘੇਲ ਸਿੰਘ ਵਲੋਂ ਦਿੱਲੀ ਨੂੰ ਫ਼ਤਿਹ ਕਰਨ ਦੀ ਯਾਦ ਵਿਚ ਦਿੱਲੀ ਵਿਖੇ ਲਾਲ ਕਿਲ੍ਹੇ ਅੱਗੇ ਸਮਾਗਮ ਕੀਤੇ ਜਾਂਦੇ ਹਨ ਅਤੇ ਮਹੱਲਾ ਕੱਢਿਆ ਜਾਂਦਾ ਹੈ।

**ਮਹੱਲਾ:**

ਮਹੱਲਾ ਦਾ ਅਰਥ ਹੈ- ਜਿਸ ਥਾਂ ਨੂੰ ਫ਼ਤਿਹ ਕਰਕੇ ਉਤਾਰਾ ਕਰੀਏ ਜਾਂ ਦੌੜਨ ਦਾ ਅਸਥਾਨ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਨਗਾਰੇ ਅਤੇ ਨਿਸ਼ਾਨ ਸਾਹਿਬ ਸਹਿਤ ਖਾਲਸਾ ਦਲ ਨੂੰ ਸਜ-ਧਜ

---

313 ਠਾਕੁਰ ਸਿੰਘ (ਗਿਆਨੀ), ਗਿਆਨੀ ਮਨੀ ਸਿੰਘ ਜੀ ਸ਼ਹੀਦ ਦਾ ਜੀਵਨ ਬ੍ਰਿਤਾਂਤ, ਸਿਦਕ ਜੀਵਨ, ਸ੍ਰੀ ਗੁਰਮਤ ਪ੍ਰੈਸ, ਅੰਮ੍ਰਿਤਸਰ, ਚੌਥੀ ਵਾਰ, ਮਾਰਚ 1933, ਪੰਨੇ 31-32.

314 ਕ੍ਰਿਪਾਲ ਸਿੰਘ ਵੜੈਚ (ਗਿਆਨੀ), ਦੋ ਗੁਰਸਿੱਖ ਨਿਰਮੋਲਕ ਹੀਰੇ, ਪੰਨਾ 106.

ਨਾਲ ਇਕ ਗੁਰਧਾਮ ਤੋਂ ਦੂਜੇ ਗੁਰਧਾਮ ਤੱਕ ਫੌਜੀ ਢੰਗ ਨਾਲ ਲੈ ਕੇ ਜਾਣ ਨੂੰ ਮਹੱਲਾ ਕੱਢਣਾ ਆਖਿਆ ਜਾਂਦਾ ਹੈ।"[315] ਨਿਸ਼ਾਨ ਸਾਹਿਬ, ਨਗਾਰੇ ਅਤੇ ਨਾਲ-ਨਾਲ ਦੋ ਸਿੰਘ 'ਸੂਰਜਮੁਖੀ' ਲੈ ਕੇ ਚਲਦੇ ਹਨ। ਸੂਰਜਮੁਖੀ ਰਾਜਸੀ ਠਾਠ ਦੀ ਨਿਸ਼ਾਨੀ ਹੁੰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਵੇਲੇ ਵੀ ਸਿੰਘ, ਗੁਰੂ ਸਾਹਿਬ ਦੇ ਨਾਲ ਸੂਰਜਮੁਖੀ ਲੈ ਕੇ ਚਲਦੇ ਸਨ:

ਸੂਰਜਮੁਖੀ ਸਮ ਸੂਰਜੈ ਬਿਜਨ ਸੁ ਬਿੱਜ ਸਮਾਨ।[316]

ਇੱਥੇ ਇਹ ਗੱਲ ਵਰਨਣਯੋਗ ਹੈ ਕਿ ਸੂਰਜਮੁਖੀ ਸਿਰਫ਼ ਬੁੱਢਾ ਦਲ ਦੇ ਜਥੇਦਾਰ ਦੇ ਨਾਲ ਹੀ ਰਖੇ ਜਾ ਸਕਦੇ ਹਨ, ਕਿਸੇ ਵੀ ਹੋਰ ਜਥੇਦਾਰ ਨਾਲ ਨਹੀਂ। ਨਿਹੰਗ ਸਿੰਘਾਂ ਵਿਚ ਅਕਸਰ ਦੁਪਹਿਰ ਵੇਲੇ ਮਹੱਲਾ ਕੱਢਿਆ ਜਾਂਦਾ ਹੈ ਜੋ ਸ਼ਾਮ ਤੱਕ ਸਮਾਪਤ ਹੋ ਜਾਂਦਾ ਹੈ। ਰਾਹ ਵਿਚ ਨਿਸ਼ਾਨ ਸਾਹਿਬਾਂ ਦੀ ਤਾਬਿਆ ਵਿਚ ਜਥੇਦਾਰ ਵਲੋਂ ਨਗਾਰਾ ਵਜਾਉਂਦੇ ਹੋਏ, ਸ਼ਸਤਰਾਂ ਨਾਲ ਸਜ ਧਜ ਕੇ, ਘੋੜਿਆਂ, ਹਾਥੀਆਂ ਨਾਲ ਮਹੱਲਾ ਕੱਢਿਆ ਜਾਂਦਾ ਹੈ ਜੋ ਕਿਸੇ ਖੁੱਲੇ ਮੈਦਾਨ ਵਿਚ ਜਾ ਕੇ ਸਮਾਪਤ ਹੁੰਦਾ ਹੈ ਜਿੱਥੇ ਘੋੜ ਸਵਾਰੀ ਅਤੇ ਗੱਤਕਾ ਖੇਡਿਆ ਜਾਂਦਾ ਹੈ। ਨਿਹੰਗ ਸਿੰਘਾਂ ਵਲੋਂ ਖਾਲਸਈ ਰਵਾਇਤ ਅਤੇ ਜਾਹੋ-ਜਲਾਲ ਨੂੰ ਦਰਸਾਉਂਦਾ ਵਿਸ਼ੇਸ਼ ਮਹੱਲਾ ਕੱਢਿਆ ਜਾਂਦਾ ਹੈ ਜਿਸ ਨੂੰ ਹੋਲਾ ਮਹੱਲਾ ਆਖਦੇ ਹਨ। ਇਸ ਲਈ ਹੋਲੇ ਮਹੱਲੇ ਸੰਬੰਧੀ ਦਰਸਾਉਣਾ ਜ਼ਰੂਰੀ ਹੈ।

**ਹੋਲਾ ਮਹੱਲਾ:**

ਹੋਲਾ ਮਹੱਲਾ ਨਿਹੰਗ ਸਿੰਘਾਂ ਵਲੋਂ ਪ੍ਰਮੁੱਖ ਤੌਰ 'ਤੇ ਮਨਾਇਆ ਜਾਣ ਵਾਲਾ ਤਿਉਹਾਰ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੇ ਮਨੋਬਲ ਨੂੰ ਉੱਚਾ ਚੁੱਕਣ ਲਈ ਹੋਲੇ ਮਹੱਲੇ ਦੀ ਰੀਤ ਚਲਾਈ। ਹੋਲਾ ਅਰਬੀ ਭਾਸ਼ਾ ਦਾ ਸ਼ਬਦ ਹੈ ਅਤੇ ਮਹੱਲਾ ਫ਼ਾਰਸੀ ਭਾਸ਼ਾ ਦਾ। ਹੋਲਾ ਦਾ ਅਰਥ ਹੈ : 'ਹਮਲਾ' ਅਤੇ ਮਹੱਲਾ ਦਾ ਅਰਥ ਹੈ 'ਜਾਇ ਹਮਲਾ' ਭਾਵ ਹਮਲਾ ਕਰਨ ਦੀ ਥਾਂ। ਮਹੱਲਾ ਇਕ ਪ੍ਰਕਾਰ ਦੀ ਮਸਨੂਈ ਲੜਾਈ ਹੈ ਜਿਸ ਵਿਚ ਦੋ ਦਲ ਬਣਾ ਕੇ ਮੁਕਾਬਲਾ ਹੁੰਦਾ ਸੀ। ਇਸ ਜੰਗਜੂ ਤਿਉਹਾਰ ਮੌਕੇ ਸਿੰਘਾਂ ਦੀਆਂ ਅਭਿਆਸ ਰੂਪੀ ਮਸਨੂਈ ਲੜਾਈਆਂ ਨੇ ਭਾਰਤੀ ਲੋਕਾਂ ਦੇ ਮਨੋਬਲ ਨੂੰ ਉੱਚਾ ਕੀਤਾ।

---

[315] ਕਾਨ੍ਹ ਸਿੰਘ ਨਾਭਾ (ਭਾਈ), ਗੁਰੁ ਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 934.

[316] ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਡਾ. ਬਲਵੰਤ ਸਿੰਘ ਢਿਲੋਂ (ਸੰਪਾ.), ਪੰਨਾ ੭੦.

ਵੈਸਾਖੀ ਕ੍ਰਿਤ ਸੁਧਾਸਰ ਦੀਪ ਮਾਲ ਭੀ ਤਾਂਹ।

ਹੋਲਾ ਕਰੈ ਅਨੰਦ ਪੁਰ ਮਕਤਿ ਪਦਾਰਥ ਪਾਂਹਿ।[317]

**ਹੋਲਾ ਮਹੱਲਾ ਮਨਾਉਣ ਦਾ ਆਰੰਭ:**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀ ਦੀ ਥਾਂ 'ਹੋਲੇ ਮਹੱਲੇ' ਨੂੰ ਗੁਰਪੁਰਬ ਰੂਪ ਵਿਚ ਅਜਿਹੇ ਮਰਦਾਨਗੀ ਢੰਗ ਨਾਲ ਮਨਾਇਆ, ਕਿ ਹੋਲੇ ਮਹੱਲੇ ਦਾ ਤਿਉਹਾਰ ਅਧਿਆਤਮਿਕ ਦਿਵਸ ਵੀ ਹੋ ਨਿਬੜਿਆ। ਹੋਲਾ ਮਹੱਲਾ ਮਨਾਉਣ ਦੀ ਪ੍ਰਥਾ ਗੁਰੂ ਗੋਬਿੰਦ ਸਿੰਘ ਜੀ ਨੇ 1680 ਈ: ਵਿਚ ਚਲਾਈ। ਪਹਿਲਾਂ ਹੋਲਾ ਮਹੱਲਾ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੀ ਮਨਾਇਆ ਗਿਆ।[318] ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਅਨੁਸਾਰ, "ਹੋਲੇ ਮਹੱਲੇ ਦਾ ਆਰੰਭ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚੇਤ ਵਦੀ ਇਕ ਸੰਮਤ 1757 ਬਿਕ੍ਰਮੀ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਿਲਾ ਹੋਲਗੜ੍ਹ ਦੇ ਸਥਾਨ 'ਤੇ ਕੀਤਾ।"[319] ਇਹੋ ਗੱਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਅਵਤਾਰ ਸਿੰਘ ਨੇ ਦਰਸਾਈ ਸੀ।[320] ਜਿਆਦਾਤਰ ਵਿਦਵਾਨਾਂ ਦੀ ਰਾਇ ਅਨੁਸਾਰ ਪਹਿਲਾ ਹੋਲਾ ਮਹੱਲਾ 1 ਚੇਤ ਵਦੀ, 1757 ਬਿਕ੍ਰਮੀ ਸੰਮਤ ਅਨੁਸਾਰ 1700 ਈ. ਵਿਚ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਮਨਾਇਆ ਗਿਆ।

'ਸ੍ਰੀ ਹਜ਼ੂਰੀ ਮ੍ਰਿਯਾਦਾ ਪ੍ਰਬੋਧ' ਵਿਚ ਹੋਲੇ ਮਹੱਲੇ ਨੂੰ ਮਨਾਉਣ ਦੇ ਢੰਗ ਦਾ ਜ਼ਿਕਰ ਹੈ ਕਿ, "ਹੋਲੇ ਮਹੱਲੇ ਮੌਕੇ ਦੋ ਦਲ ਬਣਾਏ ਜਾਂਦੇ ਸਨ ਜਿਸ ਵਿਚ ਗੋਲੀਆਂ ਅਤੇ ਤੀਰਾਂ ਨੂੰ ਚਲਾਉਣ ਦੀ ਪਾਬੰਦੀ ਸੀ ਕਿਉਂਕਿ ਦੋਹਾਂ ਪਾਸੇ ਹੀ ਖਾਲਸਾ ਫੌਜ ਸੀ। ਇਹ ਨਕਲੀ ਜੰਗ ਸਿਰਫ ਜੰਗੀ ਹੁਨਰ ਦੀ ਜਾਂਚ ਸਿਖਾਉਣ ਲਈ ਸੀ। ਰੋਕਣ ਵਾਲੇ ਦਲ ਦੇ ਕੱਪੜੇ ਸਫੈਦ ਹੁੰਦੇ ਸਨ ਅਤੇ ਜਿਸ ਦਲ ਵਿਚ ਗੁਰੂ ਸਾਹਿਬ ਸ਼ਾਮਿਲ ਹੁੰਦੇ, ਉਸ ਦਲ ਦੇ ਕੱਪੜੇ ਹਲਕੇ ਕੇਸਰ ਰੰਗੇ ਹੁੰਦੇ ਸਨ। ਇਸ ਤਰ੍ਹਾਂ ਦੋਹਾਂ ਦਲਾਂ ਦੀਆਂ ਵਰਦੀਆਂ ਦੇ ਰੰਗਾਂ ਵਿਚ

---

[317] ਸੰਪੂਰਨ ਸਿੰਘ (ਸੰਤ), ਸੁਧਰਮ ਮਾਰਗ ਗ੍ਰੰਥ, ਪੰਨੇ 183-184.

[318] ਜੋਗਿੰਦਰ ਸਿੰਘ (ਪ੍ਰੋ.), ਖਾਲਸੇ ਦਾ ਦਰਸ਼ਨ, ਪ੍ਰੀਤ ਪ੍ਰਕਾਸ਼ਨ, ਨਵੀਂ ਦਿੱਲੀ, ਅਪ੍ਰੈਲ 1980, ਪੰਨਾ 94.

[319] ਗੋਬਿੰਦ ਸਿੰਘ ਲੌਂਗੋਵਾਲ (ਭਾਈ), ਪ੍ਰਧਾਨ ਸ਼੍ਰੋ.ਗੁ.ਪ੍ਰੰ.ਕ. ਅੰਮ੍ਰਿਤਸਰ, ਜਗਬਾਣੀ ਅਖਬਾਰ, ਲੁਧਿਆਣਾ, ਸੋਮਵਾਰ, 18 ਮਾਰਚ 2019, ਪੰਨਾ 4.

[320] ਬਰਿੰਦਰਜੀਤ ਸਿੰਘ ਢਿਲੋਂ, (ਸੰਪਾ.), ਨਿਹੰਗ ਸਿੰਘ ਸੰਦੇਸ਼, ਮਾਰਚ ਅਪ੍ਰੈਲ ਅੰਕ, ਮਾਰਚ 2016, ਪੰਨਾ 12.

ਫਰਕ ਹੁੰਦਾ ਸੀ।"[321] ਭਾਈ ਨੰਦ ਲਾਲ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਹੋਲੇ ਮਹੱਲੇ ਨੂੰ ਮਨਾਉਦਿਆਂ ਦੇਖ ਕੇ ਇਹ ਸੱਤਰਾਂ ਲਿਖੀਆਂ:

ਗੁਲਿ ਹੋਲੀ ਬਬਾਗ਼ਿ ਦਹਰ ਬੂ ਕਰਦ ।
ਲਬਿ ਚੂੰ ਗੁੰਚਹ ਰਾ ਫ਼ਰਖ਼ੰਦਾ ਖ਼ੂ ਕਰਦ॥੧॥
ਗੁਲਾਬੋ ਅੰਬਰੋ ਮੁਸ਼ਕੋ ਅਬੀਰੇ।
ਚੁ ਬਾਰਾਂ ਬਾਰਸ਼ੇ ਅਜ਼ ਸੂ ਬਸੂ ਕਰਦ॥੨॥
ਜ਼ਹੇ ਪਚਕਾਰੀਏ ਪੁਰ ਜ਼ਾਫ਼ਰਾਨੀ।
ਕਿ: ਹਰ ਬੇਰੰਗ ਰਾ ਖ਼ੁਸ਼ ਰੰਗੋ ਬੂ ਕਰਦ॥੩॥[322]

ਹੋਲਾ ਮਹੱਲਾ ਜਿੱਥੇ ਖਾਲਸੇ ਦੀ ਸੁਤੰਤਰ ਹੋਂਦ ਦਾ ਪ੍ਰਮਾਣ ਹੈ ਉੱਥੇ ਨਾਲ ਹੀ ਖਾਲਸੇ ਨੂੰ ਨਿਆਰਾਪਣ ਦਾ ਅਹਿਸਾਸ ਕਰਵਾਉਂਦਾ ਹੈ। ਹੋਲੇ ਮਹੱਲੇ ਦਾ ਲਾਭ ਇਹ ਸੀ ਕਿ ਸਿੰਘ ਸਾਰਾ ਸਾਲ ਸ਼ਸਤਰ ਵਿੱਦਿਆ ਦਾ ਅਭਿਆਸ ਕਰਦੇ ਅਤੇ ਹਰ ਇਕ ਨੂੰ ਇਹ ਚਾਅ ਰਹਿੰਦਾ ਹੋਲੇ ਮਹੱਲੇ ਵਾਲੇ ਦਿਨ ਮੈਂ ਸਭ ਤੋਂ ਵਧੀਆ ਕਲਾ ਦਾ ਪ੍ਰਦਰਸ਼ਨ ਕਰਕੇ ਦਿਖਾਵਾਂ, ਇਸ ਕਰਕੇ ਸਿੱਖਾਂ ਵਿਚ ਸਰੀਰ ਦੀ ਤਾਕਤ ਅਤੇ ਜੰਗ ਦੇ ਹੁਨਰ ਸਿੱਖਣ ਦਾ ਸ਼ੌਕ ਮੌਜੂਦ ਰਹਿੰਦਾ ਸੀ।[323] ਅਜੋਕੇ ਸਮੇਂ ਵਿਚ ਸਾਰੀਆਂ ਨਿਹੰਗ ਸਿੰਘ ਜਥੇਬੰਦੀਆਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਲ ਮਿਲ ਕੇ ਹੋਲਾ ਮਹੱਲਾ ਮਨਾਉਂਦੀਆਂ ਹਨ। ਨਿਸ਼ਾਨ ਸਾਹਿਬਾਂ ਦੀ ਤਾਬਿਆ ਵਿਚ ਬੁੱਢਾ ਦਲ ਦੇ ਜਥੇਦਾਰ ਦੀ ਸਰਪ੍ਰਸਤੀ ਹੇਠ ਮਹੱਲਾ ਕੱਢਿਆ ਜਾਂਦਾ ਹੈ ਜੋ ਕਿ ਗੁਰਦੁਆਰਾ ਸ਼ਹੀਦੀ ਬਾਗ ਤੋਂ ਸ਼ੁਰੂ ਹੁੰਦਾ ਹੈ। ਸਭ ਤੋਂ ਅੱਗੇ ਬੁੱਢਾ ਦਲ ਦਾ ਜਥੇਦਾਰ ਨੀਲੇ ਅਤੇ ਬਸੰਤੀ ਨਿਸ਼ਾਨ ਸਾਹਿਬ, ਸੂਰਜਮੁਖੀ, ਨਗਾਰਿਆਂ ਨਾਲ ਮਹੱਲੇ ਦੀ ਅਗਵਾਈ ਕਰਦੇ ਹਨ, ਨਾਲ ਹੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਪੰਜ ਪਿਆਰੇ ਅਤੇ ਸਿੰਘ ਸਾਹਿਬਾਨ ਵੱਖਰੀ ਪਾਲਕੀ(ਵਾਹਨ) ਵਿਚ ਮੌਜੂਦ ਹੁੰਦੇ ਹਨ। ਪਿੱਛੇ ਬਾਕੀ ਨਿਹੰਗ ਸਿੰਘਾਂ ਦੇ ਦਲ ਜਿਵੇਂ ਤਰਨਾ ਦਲ, ਦਲ ਬਾਬਾ ਬਿਧੀ ਚੰਦ ਜੀ, ਮਿਸਲ ਸ਼ਹੀਦਾਂ ਤਰਨਾ ਦਲ

321 ਜਗਿੰਦਰ ਸਿੰਘ, ਸੰਤ ਬਾਬਾ (ਹੈਡ ਪੁਜਾਰੀ ਜਥੇਦਾਰ), ਸ੍ਰੀ ਹਜ਼ੂਰੀ ਮ੍ਰਿਯਾਦਾ ਪ੍ਰਬੋਧ, ਪੰਨਾ 195.

322 ਹਰਿਭਜਨ ਸਿੰਘ (ਅਨੁਵਾਦਕ), ਸਾਚੀ ਪ੍ਰੀਤਿ ਗ਼ਜ਼ਲਾਂ ਭਾਈ ਨੰਦ ਲਾਲ ਜੀ ਸਟੀਕ, ਸਿੰਘ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ, ਦੂਜੀ ਵਾਰ, 1975, ਪੰਨੇ 163-65.

323 ਸ਼ੇਰ ਸਿੰਘ (ਗਿਆਨੀ), ਧਰਮ ਦਾ ਛਤ੍ਰ ਅਰਥਾਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਉਅੰਕਾਰ ਪ੍ਰੈਸ ਹਾਲ ਬਜ਼ਾਰ, ਮਿਤੀਹੀਨ, ਪੰਨਾ 148.

ਹਰੀਆਂ ਵੇਲਾਂ, ਮਾਲਵਾ ਤਰਨਾ ਦਲ, ਦਲ ਬਾਬਾ ਜੀਵਨ ਸਿੰਘ ਰੰਘਰੇਟਾ ਪੰਜਵਾਂ ਨਿਸ਼ਾਨ ਆਦਿ ਦਲ ਘੋੜਿਆਂ, ਹਾਥੀਆਂ ਅਤੇ ਜੀਪਾਂ 'ਤੇ ਸਵਾਰ ਹੋ ਕੇ ਚਲਦੇ ਹਨ। ਚਰਨ ਗੰਗਾ ਸਟੇਡੀਅਮ 'ਤੇ ਪਹੁੰਚ ਕੇ ਘੋੜ ਸਵਾਰੀ ਦੇ ਕਰਤਬ ਦਿਖਾਏ ਜਾਂਦੇ ਹਨ ਅਤੇ ਸ਼ਸਤਰ ਵਿੱਦਿਆ ਦੇ ਅਖਾੜੇ ਸਜਾਏ ਜਾਂਦੇ ਹਨ ਜਿਸ ਵਿਚ ਗੱਤਕੇ ਦੇ ਜੌਹਰ ਦਿਖਾਏ ਜਾਂਦੇ ਹਨ। ਇੱਥੇ ਇਹ ਗੱਲ ਵਰਨਣਯੋਗ ਹੈ ਕਿ ਮਹੱਲਾ ਕਢੱਦੇ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਨਹੀਂ ਲਿਜਾਇਆ ਜਾਂਦਾ। ਹੋਲੇ ਮਹੱਲੇ ਤੋਂ ਪਹਿਲਾਂ ਬੁੱਢਾ ਦਲ ਵਲੋਂ ਗੁਰੂ ਕਾ ਬਾਗ ਛਾਉਣੀ ਵਿਖੇ ਹਰ ਸਾਲ ਗੱਤਕਾ ਮੁਕਾਬਲੇ ਕਰਵਾਏ ਜਾਂਦੇ ਹਨ।

### 3.2.21 ਨਗਾਰਾ:

ਹੋਲੇ ਮਹੱਲੇ ਵੇਲੇ ਮਹੱਲਾ ਕੱਢਦੇ ਸਮੇਂ ਬੁੱਢਾ ਦਲ ਦੇ ਪੰਜ ਨਿਸ਼ਾਨਾਂ ਵਿਚ ਇਕ ਉਹ ਇਤਿਹਾਸਿਕ ਨਿਸ਼ਾਨ ਸਾਹਿਬ ਵੀ ਹੁੰਦਾ ਹੈ ਜੋ ਦਸਮੇਸ਼ ਜੀ ਨੇ ਨਾਂਦੇੜ ਤੋਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਦੇ ਕੇ ਪੰਜਾਬ ਵੱਲ ਤੋਰਿਆ ਸੀ।[324] ਅੱਜ ਵੀ ਬੁੱਢਾ ਦਲ ਕੋਲ ਗੁਰੂ ਗੋਬਿੰਦ ਸਿੰਘ ਜੀ ਵਲੋਂ ਬਾਬਾ ਬੰਦਾ ਸਿੰਘ ਬਹਾਦਰ, ਬਾਬਾ ਬਿਨੋਦ ਸਿੰਘ ਜੀ ਨੂੰ ਦਿੱਤੇ ਹੋਏ ਨਿਸ਼ਾਨ ਸਾਹਿਬ ਅਤੇ ਨਗਾਰੇ ਮੌਜੂਦ ਹਨ। ਬੁੱਢਾ ਦਲ ਵਲੋਂ ਇਸ ਪੁਰਾਤਨ ਨਿਸ਼ਾਨ ਸਾਹਿਬ ਅਤੇ ਪੁਰਾਤਨ ਨਗਾਰੇ ਦੇ ਕਈ ਗੁਰਪੁਰਬਾਂ ਮੌਕੇ ਸੰਗਤ ਨੂੰ ਦਰਸ਼ਨ ਕਰਵਾਏ ਜਾਂਦੇ ਹਨ। ਸ੍ਰੀ ਗੁਰ ਪੰਥ ਪ੍ਰਕਾਸ਼ ਵਿਚ ਜ਼ਿਕਰ ਹੈ ਕਿ ਪਟਿਆਲਾ ਦੇ ਰਾਜਾ ਅਮਰ ਸਿੰਘ ਨੂੰ ਇਕ ਚੈਨ ਸਿੰਘ ਨਾਂ ਦੇ ਸਿੰਘ ਨੇ ਪੰਥ ਖਾਲਸੇ ਦੀ ਅਜ਼ਮਤ ਅਤੇ ਨਿਸ਼ਾਨ-ਨਗਾਰਿਆਂ ਬਾਰੇ ਦੱਸਿਆ ਸੀ:

ਪੰਥ ਮੱਧ ਹੈ ਗੁਰ ਕੀ ਸ਼ਕਤਿ। ਪੰਥ ਮੱਧ ਜਪਿ ਤਪੀਏ ਭਗਤ।
ਆਦਿ ਪੰਥ ਕੈ ਨਿਸ਼ਾਨ ਨਗਾਰੇ। ਤੁਮ ਬਡੇ ਮਨਤ ਥੇ ਤਿਨ ਕੀ ਆਨ।[325]

ਭਾਰਤੀਆਂ ਵਿਚ ਕੌਮੀ ਜਜ਼ਬਾ ਭਰਨ ਦੀ ਅਤੇ ਖੋਈ ਹੋਈ ਧਾਰਮਿਕ, ਸਿਆਸੀ ਅਤੇ ਸਮਾਜਿਕ ਆਜ਼ਾਦੀ ਮੁੜ ਪ੍ਰਾਪਤ ਕਰਨ ਦੇ ਉਦੇਸ਼ ਦੀ ਪ੍ਰਾਪਤੀ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਅਨੇਕਾਂ ਸਾਧਨ ਵਰਤੇ ਜਿਨ੍ਹਾਂ ਵਿਚੋਂ ਰਣਜੀਤ ਨਗਾਰਾ ਇਕ ਸੀ।[326]

---

324 ਗੁਰਮੁਖ ਸਿੰਘ (ਸੰਪਾ.), ਗਿਆਨੀ ਗਰਜਾ ਸਿੰਘ ਦੀ ਇਤਿਹਾਸਕ ਖੋਜ, ਪੰਨਾ 146 (ਫੁਟਨੋਟ).

325 ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਡਾ. ਬਲਵੰਤ ਸਿੰਘ ਢਿਲੋਂ (ਸੰਪਾ.), ਪੰਨਾ ੪੧੧.

326 ਕਰਮ ਸਿੰਘ ਰਾਜੂ, ਦਸਮੇਸ਼ ਪਿਆਰ, ਰਤਨਾ ਮੈਮੋਰੀਅਲ ਟਰੱਸਟ, 35-ਏ, ਚੰਡੀਗੜ੍ਹ, ਦੂਜੀ ਵਾਰ, 1993, ਪੰਨਾ 221.

### 3.2.22 ਨਿਸ਼ਾਨ ਸਾਹਿਬ:

ਭਾਈ ਕਾਨ੍ਹ ਸਿੰਘ ਨਾਭਾ ਨੇ 'ਨਿਸ਼ਾਨ' ਦੇ ਅਰਥ ਕੀਤੇ ਹਨ: "ਚਿੰਨ੍ਹ, ਲੱਛਣ, ਸ਼ਾਹੀ ਫ਼ੁਰਮਾਨ, ਤਮਗਾ, ਸੰਗੀਤ ਅਨੁਸਾਰ ਲੰਮਾ ਨਗਾਰਾ, ਜਿਸ ਦਾ ਭਾਂਡਾ ਤਿੰਨ ਹੱਥ ਦਾ ਗਹਿਰਾ (ਡੂੰਘਾ) ਹੋਵੇ, ਪਰ ਹੁਣ ਨਿਸ਼ਾਨ ਸ਼ਬਦ ਨਗਾਰੇ ਮਾਤ੍ਰ ਵਾਸਤੇ ਵਰਤੀਦਾ ਹੈ। ਹੋਰ ਅਰਥ ਨਿਸ਼ਾਨ, ਤਿੱਖਾ (ਤੇਜ਼) ਕਰਨਾ ਹੈ।"[327] ਸਿੱਖ ਧਰਮ ਵਿਚ ਨਿਸ਼ਾਨ ਸਾਹਿਬ ਦਾ ਰਿਵਾਜ਼ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਤੋਂ ਸ਼ੁਰੂ ਹੋਇਆ। ਉਸ ਸਮੇਂ ਨਿਸ਼ਾਨ ਸਾਹਿਬ ਨੂੰ 'ਝੰਡਾ ਸਾਹਿਬ' ਆਖਿਆ ਜਾਂਦਾ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਤੱਕ ਝੰਡਾ ਸਾਹਿਬ ਨਹੀਂ ਹੁੰਦਾ ਸੀ।[328] ਪੰਜ ਗੁਰੂ ਸਾਹਿਬਾਨ ਵੇਲੇ ਨਗਾਰਾ-ਨਿਸ਼ਾਨ ਗੁਰੂ ਘਰ ਵਿਚ ਨਹੀਂ ਸੀ। ਗੁਰੂ ਹਰਿਗੋਬਿੰਦ ਜੀ ਨੇ ਗੁਰੂ ਘਰ ਵਿਚ ਨਿਸ਼ਾਨ ਅਤੇ ਨਗਾਰਾ ਪ੍ਰਵਿਰਤ ਕੀਤਾ।[329] ਗੁਰੂ ਹਰਿਗੋਬਿੰਦ ਜੀ ਨੇ ਬਾਬਾ ਬੁੱਢਾ ਜੀ ਨੂੰ ਭੇਜ ਕੇ ਨਿਸ਼ਾਨ ਸਾਹਿਬ, ਇਕ ਛੋਟਾ ਨਗਾਰਾ ਅਤੇ ਢਾਢੀ ਬੁਲਵਾਏ ਸਨ:

ਸਾਹਿਬ ਬੁੱਢੇ ਅਸ ਕਹਾ ਸੁਨੋ ਪ੍ਰਭੂ ਸੁਖ ਪਾਇ।
ਸ਼ੁਤਰੀ ਔਰ ਨਿਸ਼ਾਨ ਕੋ ਢਾਢੀ ਲੇਹੁ ਸਦਾਇ।

ਗੁਰੂ ਹਰਿਗੋਬਿੰਦ ਜੀ ਦੇ ਹੁਕਮ ਨਾਲ ਬਾਬਾ ਬੁੱਢਾ ਜੀ ਨਿਸ਼ਾਨ, ਨਗਾਰੇ ਅਤੇ ਢਾਢੀ ਲੈ ਕੇ ਹਾਜ਼ਰ ਹੋਏ:

ਬੁੱਢੇ ਬਚ ਸੁਨ ਸਿਖ ਪਠਯੋ ਗੁਰੂ ਪ੍ਰਭੂ ਸੁਖ ਪਾਇ।
ਸ਼ੁਤਰੀ ਨਿਸ਼ਾਨ ਮੰਗਾਯੋ ਅਬਦੁਲ ਲੀਓ ਮੰਗਾਇ।[330]

ਗੁਰੂ ਤੇਗ ਬਹਾਦਰ ਜੀ ਨੇ ਧਮਧਾਨ ਸਾਹਿਬ ਵਿਖੇ ਆਪਣੇ ਸਿਦਕੀ ਸਿੱਖ ਭਾਈ ਮੀਹੇਂ ਦੀ ਸੇਵਾ ਤੋਂ ਖ਼ੁਸ਼ ਹੋ ਕੇ ਉਸ ਨੂੰ ਇਕ ਦੇਗ, ਇਕ ਨਗਾਰਾ ਅਤੇ ਇਕ ਨਿਸ਼ਾਨ ਸਾਹਿਬ ਬਖ਼ਸ਼ਿਆ।[331] ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਭਾਈ ਮਾਨ ਸਿੰਘ ਜੀ ਨਿਸ਼ਾਨਚੀ ਸਨ:

ਮਾਨ ਸਿੰਘ ਕਰ ਲੀਏ ਨਿਸਾਨਾ॥ ਸੁਰਮਈ ਰੰਗ ਅਧਿਕ ਸੁਖ ਸਾਨਾ॥[332]

---

327 ਕਾਨ੍ਹ ਸਿੰਘ ਨਾਭਾ (ਭਾਈ), ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 702.

328 ਉਹੀ, ਪੰਨਾ 702.

329 ਕਾਨ੍ਹ ਸਿੰਘ ਨਾਭਾ (ਭਾਈ), ਗੁਰੁਮਤ ਮਾਰਤੰਡ, ਭਾਗ ਦੂਜਾ, ਪੰਨਾ ੬੧੬.

330 ਗੁਰਬਿਲਾਸ ਪਾਤਸ਼ਾਹੀ ਛੇਵੀਂ, ਭਾਸ਼ਾ ਵਿਭਾਗ, ਪੰਜਾਬ, 1970, ਪੰਨਾ 141.

331 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਤੀਜਾ, ਪੰਨਾ 1138.

332 ਸੁਮੇਰ ਸਿੰਘ (ਬਾਬਾ), ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼, ਡਾ. ਅੱਛਰ ਸਿੰਘ ਕਾਹਲੋਂ (ਸੰਪਾ.), ਪੰਨਾ 226.

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਹੀ ਹੋਲੇ ਮਹੱਲੇ ਦੇ ਮੌਕੇ 'ਤੇ ਜਥਿਆਂ ਦੇ ਅੱਗੇ ਨਿਸ਼ਾਨ ਸਾਹਿਬ ਲੈ ਕੇ ਜਾਣਾ ਪ੍ਰਚਲਿਤ ਹੋਇਆ।[333] ਗੁਰ ਬਿਲਾਸ ਪਾਤਿਸਾਹੀ ੧੦ ਦੇ ਕਰਤਾ ਭਾਈ ਸੁੱਖਾ ਸਿੰਘ ਅਨੁਸਾਰ ਸਿੰਘਾਂ ਦੇ ਨਿਸ਼ਾਨ ਸਾਹਿਬ ਨੀਲੇ ਰੰਗ ਦੇ ਸਨ:

ਨੀਲੇ ਫਰਰੇ ਛੁਟੈ ਨਿਸਾਨ। ਕਈ ਲਛ ਜੋਧਾ ਬਲਵਾਨ।[334]

ਸਿੱਖ ਇਤਿਹਾਸ ਵਿਚ ਨਿਹੰਗ ਸਿੰਘ ਜੰਗਾਂ-ਯੁੱਧਾਂ ਵਿਚ ਨੀਲੇ ਰੰਗ ਦੇ ਬਸਤ੍ਰਾਂ ਨਾਲ ਸਜਿਆ ਨਿਸ਼ਾਨ ਸਾਹਿਬ ਆਪਣੇ ਨਾਲ ਰਖਦੇ ਅਤੇ ਇਸ ਅਕਾਲੀ ਨਿਸ਼ਾਨ ਸਾਹਿਬ ਦੀ ਚੜ੍ਹਤ ਲਈ ਆਪਣਾ ਸਭ ਕੁਝ ਨਿਛਾਵਰ ਕਰ ਦੇਣਾ ਆਪਣਾ ਧਰਮ ਸਮਝਦੇ ਸਨ।[335] ਅਕਾਲੀ ਜਾਂ ਨਿਹੰਗ ਸਿੰਘ ਹੀ ਨਿਸ਼ਾਨ ਸਾਹਿਬ ਨੂੰ ਚੁੱਕ ਕੇ ਅੱਗੇ-ਅੱਗੇ ਤੁਰਦੇ ਸਨ। ਨਿਹੰਗ ਸਿੰਘ ਕਟ ਮਰਦੇ ਸਨ ਪਰ ਆਪਣੇ ਹੱਥਾਂ ਵਿਚ ਫੜੇ ਨਿਸ਼ਾਨ ਸਾਹਿਬ ਨੂੰ ਡਿੱਗਣ ਨਹੀਂ ਸੀ ਦਿੰਦੇ। ਇਸ ਕਰਕੇ ਹੀ ਇਹ ਸਿੱਖ, ਸ਼ਹੀਦ ਹੋਣ ਵਾਲੇ ਸਿੰਘਾਂ ਦੇ ਤੌਰ 'ਤੇ ਜਾਣੇ ਜਾਂਦੇ ਸਨ।[336]

ਇੱਥੇ ਇਹ ਗੱਲ ਵਰਨਣਯੋਗ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਨਾਂਦੇੜ ਦੀ ਧਰਤੀ ਤੋਂ ਬੰਦਾ ਬਹਾਦਰ ਨੂੰ ਤੋਰਨ ਵੇਲੇ ਨਿਸ਼ਾਨਚੀ ਸਿੰਘ ਅਤੇ ਨਗਾਰਚੀ ਸਿੰਘ ਨੂੰ ਇਕ-ਇਕ ਸ੍ਰੀ ਸਾਹਿਬ ਬਖਸ਼ਿਸ਼ ਕੀਤੀ ਸੀ। ਇਸ ਕਰਕੇ ਬੁੱਢਾ ਦਲ ਦੀ ਇਹ ਪੁਰਾਤਨ ਮਰਯਾਦਾ ਸੀ ਕਿ ਮਹੱਲਾ ਚੜ੍ਹਨ ਸਮੇਂ ਨਗਾਰਚੀ ਸਿੰਘ ਦੋ ਸ੍ਰੀ ਸਾਹਿਬਾਂ ਪਾ ਕੇ ਮਹੱਲੇ ਚੜ੍ਹਦਾ ਸੀ।[337] ਸੰਤ ਨਿਹਾਲ ਸਿੰਘ ਗੁਰੂ ਦਰਬਾਰ ਦੇ ਨਿਸ਼ਾਨ-ਨਗਾਰਿਆਂ ਦੀ ਸੋਭਾ ਵਿਚ ਲਿਖਿਆ ਹੈ:

ਵਾਹਿਨ ਸਿੰਘਾਰੇ ਰਹੈ ਵਾਜਤੇ ਨਗਾਰੇ ਰਹੈਂ ਦੁਜਨ ਡਰਾਰੇ ਰਹੈਂ ਭਾਗੇ ਭੀਮ ਰਾਹਕੇ।
ਸੰਗਤੈ ਅਬਾਦ ਰਹੈਂ ਆਵਤੇ ਪਰਸਾਦ ਰਹੈਂ ਲਾਖੌ ਅਹਲਾਦ ਰਹੈਂ ਦੇਖਿਯੇ ਉਮਾਹ ਕੇ।

---

333 ਕਾਨ੍ਹ ਸਿੰਘ ਨਾਭਾ (ਭਾਈ), ਗੁਰੁਮਤ ਮਾਰਤੰਡ, ਭਾਗ ਦੂਜਾ, ਪੰਨਾ ੬੧੬.

334 ਸੁੱਖਾ ਸਿੰਘ, ਗੁਰ ਬਿਲਾਸ ਪਾਤਿਸਾਹੀ ੧੦, ਅਧਿਆਇ 25, ਭਾਸ਼ਾ ਵਿਭਾਗ, ਪੰਜਾਬ, ਦੂਜੀ ਵਾਰ, 1989, ਪੰਨਾ 391.

335 ਸਰੂਪ ਸਿੰਘ ਅਲੱਗ (ਡਾ.), ਹਰਿਮੰਦਰ ਦਰਸ਼ਨ, (ਪ੍ਰਕਾ.) ਲੇਖਕ ਆਪ, ਫੋਕਲ ਪੁਆਇੰਟ, ਲੁਧਿਆਣਾ, 29ਵੀਂ ਵਾਰ, ਅਗਸਤ 2001, ਪੰਨਾ 227.

336 ਸੁਖਦਿਆਲ ਸਿੰਘ (ਡਾ.), ਸਿਰੀ ਅਕਾਲ ਤਖ਼ਤ ਸਾਹਿਬ (1606-1982), ਪੰਨਾ 50.

337 ਇਹ ਜਾਣਕਾਰੀ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਹੈਡ ਗ੍ਰੰਥੀ ਮਹੰਤ ਤ੍ਰਿਲੋਚਨ ਸਿੰਘ ਜੀ ਪਾਸੋਂ ਬੁੱਢਾ ਦਲ ਦੀ ਛਾਉਣੀ 'ਸ਼ਹੀਦ ਬਾਬਾ ਮਿੱਤ ਸਿੰਘ ਜੀ ਅਤੇ ਛੇ ਹਜ਼ਾਰ ਨਿਹੰਗ ਸਿੰਘਾਂ' ਸ਼ੰਭੂ, ਵਿਖੇ ਮਿਤੀ 20-5-2018 ਨੂੰ ਵੀਡਿਉ ਰਿਕਾਰਡਿੰਗ ਰਾਹੀਂ ਇੰਟਰਵਿਊ ਵਿਚ ਇੱਕਤਰ ਕੀਤੀ ਗਈ।

ਗਾਦਿਯਾਂ ਅਟਲ ਰਹੈ ਚੌਕਿਯਾਂ ਅਚੱਲ ਰਹੈਂ ਬੁੰਗੇ ਝਲਾ ਝਲ ਰਹੈਂ ਪੂਰੇ ਉਤਸਾਹ ਕੇ।

ਲਾਗਤੇ ਦਿਵਾਨ ਰਹੈਂ ਗਾਵਤੇ ਸੁ ਜਾਨ ਰਹੈਂ ਝੂਲਤੇ ਨਿਸਾਨ ਰਹੈਂ ਸਚੇ ਪਾਤਸ਼ਾਹ ਕੇ।[338]

### 3.2.23 ਧੂਪ ਧੁਖਾਉਣਾ:

ਨਿਹੰਗ ਸਿੰਘਾਂ ਦੀਆਂ ਛਾਉਣੀਆਂ ਵਿਚ ਧੂਪ ਧੁਖਾਈ ਜਾਂਦੀ ਹੈ। ਕਈ ਤਰ੍ਹਾਂ ਦੀਆਂ ਚੀਜਾਂ ਤੋਂ ਤਿਆਰ ਕੀਤੀ ਹੋਈ ਸਮੱਗਰੀ ਮਘਦੇ ਕੋਲਿਆਂ ਉੱਪਰ ਪਾਈ ਜਾਂਦੀ ਹੈ। ਇਸ ਨਾਲ ਮੱਠਾ-ਮੱਠਾ ਸੁੰਗਧੀ ਵਾਲਾ ਧੂੰਆ ਉੱਠਦਾ ਹੈ ਜਿਸ ਨਾਲ ਆਲੇ ਦੁਆਲੇ ਦਾ ਵਾਤਾਵਾਰਣ ਖੁਸ਼ਬੂਦਾਰ ਬਣ ਜਾਂਦਾ ਹੈ ਅਤੇ ਮੱਖੀ-ਮੱਛਰ ਨਹੀਂ ਆਉਂਦਾ। ਗੁਰ ਦਰਬਾਰਾਂ ਵਿਚ, ਮਹੱਲੇ ਉੱਤੇ ਚੜ੍ਹਨ ਵੇਲੇ ਅਤੇ ਅਖੰਡ ਪਾਠ ਸਾਹਿਬ ਵੇਲੇ ਧੂਪ ਧੁਖਾਈ ਜਾਂਦੀ ਹੈ। ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਧੂਪ ਧੁਖਾਉਣ ਦਾ ਜ਼ਿਕਰ ਆਇਆ ਹੈ:

ਧੂਪ ਜਗਾਇਕੈ ਸੰਖ ਬਜਾਇਕੈ ਸੀਸ ਨਿਵਾਇਕੈ ਬੈਨ ਸੁਨਾਇਓ॥[339]

ਸ੍ਰੀ ਗੁਰ ਪੰਥ ਪ੍ਰਕਾਸ਼ ਵਿਚ ਧੂਪ ਧੁਖਾਉਣ ਦਾ ਜਿਕਰ ਹੈ:

ਧੂਪ ਧੁਖਾਇ ਕਈ ਗਿਰਦੈ ਫਿਰਾਹਿ।[340]

ਸ੍ਰੀ ਹਜ਼ੂਰੀ ਮ੍ਰਿਯਾਦਾ ਪ੍ਰਬੋਧ ਅੰਦਰ ਸੰਤ ਬਾਬਾ ਜਗਿੰਦਰ ਸਿੰਘ ਨੇ ਧੂਪ ਧੁਖਾਉਣ ਸੰਬੰਧੀ ਇਸ ਪ੍ਰਕਾਰ ਲਿਖਿਆ ਹੈ: "ਸੁੰਗਧੀ ਆਦਿਕ ਧੂਪ ਦਾ ਧੁਖਾਉਨਾ ਭੀ ਉਤਸਾਹ ਨੂੰ ਪਰਗਟ ਕਰਨ ਦਾ ਚਿਹਨ ਹੈ ਤਥਾ ਨਾਲ ਹੀ ਪਵਨ ਦੀ ਸੁੱਧੀ ਦਾ ਉਪਾਉ ਹੈ ਜੋ ਬਾਹਲੀ ਸੰਗਤ ਦੀ ਭੀੜ ਵਿਚ ਪ੍ਰਸ੍ਵਾਸਾਂ ਕਰਕੇ ਮੰਦ੍ਰ ਸਥਾਨ ਦੇ ਅੰਦਰ ਦੀ ਪਵਨ ਜੂਠੀ ਅਸੁਧ ਅਤੇ ਅਰੋਗਤਾ ਦੇ ਉਲਟ ਹੋ ਜਾਂਦੀ ਹੈ ਤਾਂ ਧੂਪ ਧੁਖਾਉਨ ਕਰ ਓਹ ਪਵਨ ਸੁੱਧ ਹੋ ਕਰ ਸੁਚਤਾ ਅਤੇ ਅਰੋਗਤਾ ਦੇ ਪ੍ਰਾਪਤ ਕਰਨ ਵਾਲੀ ਹੋ ਜਾਂਦੀ ਹੈ ਤਥਾ ਹਿਰਦਾ ਕਮਲ ਖਿੜ ਆਂਵਦਾ ਹੈ।"[341]

---

338 ਨਿਹਾਲ ਸਿੰਘ (ਸੰਤ), ਨ੍ਰਿਮਲ ਪ੍ਰਭਾਕਰ ਅਤੇ ਸਿਖੀ ਪ੍ਰਭਾਕਰ, ਪੰਨਾ 295.

339 ਦਸਮ ਸ੍ਰੀ ਗੁਰੂ ਗੁਰੂ ਗ੍ਰੰਥ ਸਾਹਿਬ ਜੀ, ਸੈਂਚੀ ਪਹਿਲੀ, (ਪ੍ਰਕਾ.) ਬਾਬਾ ਤੇਜਾ ਸਿੰਘ ਜੀ ਨਿਹੰਗ ਸਿੰਘ ਮਹਿਰੋਂ ਵਾਲੇ, ਗੁਰਦੁਆਰਾ ਰਾਜਧਾਨੀ ਬੁੰਗਾ ਨਿਹੰਗ ਸਿੰਘਾਂ, ਪਿੰਡ ਮਹਿਰੋਂ, ਜ਼ਿਲ੍ਹਾ ਮੋਗਾ, 2011, ਪੰਨਾ ੯੯.

340 ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਡਾ. ਬਲਵੰਤ ਸਿੰਘ ਢਿਲੋਂ (ਸੰਪਾ.), ਪੰਨਾ ੭੦.

341 ਜਗਿੰਦਰ ਸਿੰਘ, ਸੰਤ ਬਾਬਾ (ਹੈਡ ਪੁਜਾਰੀ, ਜਥੇਦਾਰ), ਸ੍ਰੀ ਹਜ਼ੂਰੀ ਮ੍ਰਿਯਾਦਾ ਪ੍ਰਬੋਧ, ਪੰਨਾ 203.

**ਧੂਪ ਦੀ ਸਮੱਗਰੀ:**

ਧੂਪ ਬਣਾਉਣ ਵਿਚ ਕੇਸਰ, ਕਸਤੂਰੀ, ਮੁਸ਼ਕੰਬਰ, ਚੰਦਨ ਆਦਿ 101 ਚੀਜ਼ਾਂ ਪੈਂਦੀਆਂ ਸਨ।[342] ਧੂਪ ਸਮੱਗਰੀ ਜੋ ਕਿ 101 ਸੁਗੰਧੀ ਵਾਲੀਆਂ ਚੀਜ਼ਾਂ ਪਾ ਕੇ, ਕੁਟ ਛਾਣ ਕੇ ਬਣਾਈ ਜਾਂਦੀ ਸੀ। ਅਗਰਬੱਤੀਆਂ ਦਾ ਪ੍ਰਯੋਗ ਨਹੀਂ ਕੀਤਾ ਜਾਂਦਾ। ਧੂਪ ਬਣਾਉਣ ਵਿਚ ਇਹ ਚੀਜ਼ਾਂ ਦੀ ਵਰਤੋਂ ਹੁੰਦੀ ਹੈ: ਬਦਾਮ, ਸਾਉਗੀ, ਛੁਹਾਰੇ, ਛੋਟੀ ਇਲਾਇਚੀ, ਲੌਂਗ, ਸੰਧੂਰ, ਮੁਸ਼ਕਕਾਫੂਰ, ਸੁਪਾਰੀਆਂ, ਲਾਲ ਚੰਦਨ, ਸਫੈਦ ਚੰਦਨ, ਕੇਸਰ, ਕਸਤੂਰੀ, ਮੁਥਰਾਂ, ਕਾਲੀ ਛੜ, ਇੰਦਰ ਜੌਂ, ਦੇਸੀ ਜੌਂ, ਤਿਲ, ਗੁੱਗਲ, ਭੋਜ ਪਤ੍ਰ, ਖੰਡ, ਘਿਓ, ਗਰੀ ਖੋਪਾ।[343] ਸੂਰਜ ਵੰਸ਼ੀਯ ਖਾਲਸਾ ਪੰਥ ਵਿਚ ਧੂਪ ਬਣਾਉਣ ਲਈ ਇਹ ਵਸਤੂਆਂ ਦੱਸੀਆਂ ਗਈਆਂ ਹਨ: "ਗੁਗਲ , ਛੁਹਾਰੇ , ਖੋਪਾ, ਬਦਾਮ, ਕਪੂਰ, ਲੈਚੀ , ਛੜ, ਦੋਨੋ ਚੰਦਨ ਦੋ ਤੋਲੇ, ਸੋਗੀ , ਕਸਤੂਰੀ , ਕੇਸਰ , ਭੋਜਪਤ੍ਰ , ਖਸ , ਨਾਗਰਮੋਥਾ , ਜੈਫਲ , ਜਾਵੱਤਰੀ , ਲੌਂਗ, ਗੋਰੋਚਨ, ਮੁਸ਼ਕੰਬਰ, ਤਿਲ, ਦੇਸੀ ਜੌਂ, ਖੰਡ, ਘ੍ਰਿਤ, ਲੋਹਬਾਣ, ਛਲੀਰਾ, ਵੱਚ ਕਚੂਰ, ਕੰਕੋਲ, ਇੰਦ੍ਰ ਜੌਂ, ਦੇਵਦਾਰ, ਅਣਟੁਟ ਚੌਲ, ਕਪੂਰ ਕਚਰੀ, ਸੰਦਲ ਸਪੈਦ, ਸੁਰਖ ਸੰਦਲ, ਬਾਲਛੜ, ਸੁਪਾਰੀ, ਜੈਫਲ, ਖੋਪੇ ਠੂਠੀ, ਮਿਸਰੀ ਦੇਸੀ ਕੂਜੇ, ਬਦਾਮ, ਸੌਗੀ, ਦਰਿਆਈ, ਨਲੇਰ, ਚਰਣਾਠੀ, ਲੈਚੀਆਂ ਛੋਟੀਆਂ।"[344] ਨਾਮਧਾਰੀ ਸੰਪਰਦਾ ਵਿਚ ਵੀ ਵਿਚ ਧੂਪ ਧੁਖਾਉਣ ਦੀ ਮਰਯਾਦਾ ਪ੍ਰਚਲਿਤ ਹੈ। ਨਾਮਧਾਰੀ ਸੰਪਰਦਾ ਦੇ ਧਾਰਨੀ ਧੂਪ ਬਣਾਉਣ ਲੱਗਿਆਂ 21 ਵਸਤੂਆਂ ਦਾ ਪ੍ਰਯੋਗ ਕਰਦੇ ਹਨ।[345] ਉਦਾਸੀਆਂ ਦੇ ਡੇਰਿਆਂ 'ਤੇ ਵੀ ਧੂਪ ਧੁਖਾਈ ਜਾਂਦੀ ਹੈ। ਧੂਪ ਧੁਖਾਉਣ ਵਾਲੇ ਸਿੰਘ ਨੂੰ ਧੂਪੀਆ ਸਿੰਘ ਕਿਹਾ ਜਾਂਦਾ ਹੈ।

---

342 ਕ੍ਰਿਪਾਲ ਸਿੰਘ ਵੜੈਚ (ਗਿਆਨੀ), ਦੋ ਗੁਰਸਿੱਖ ਨਿਰਮੋਲਕ ਹੀਰੇ, ਪੰਨਾ 498.

343 ਜਸਵੀਰ ਸਿੰਘ ਕੋਹਾਲਾ (ਗਿਆਨੀ)(ਲੇਖਕ), ਗੁਰਵਿੰਦਰ ਸਿੰਘ ਨੰਗਲੀ (ਗਿਆਨੀ)(ਟੀਕਾਕਾਰ), ਦਸਮ ਬਾਣੀ ਦਾ (ਪੰਥਕ ਸੰਪ੍ਰਦਾਈ ਸ਼੍ਰੋਮਣੀ ਟੀਕਾ) ਭਗਉਤੀ ਬ੍ਰਹਮ ਕਵਚ ਭਗਉਤੀ ਅਸਤੋਤ੍ਰ ਅਤੇ (ਜੀਵਨ ਬਾਬਾ ਪਾਲਾ ਸਿੰਘ ਜੀ ਗਊਆਂ ਵਾਲੇ), ਪੰਨਾ 41.

344 ਸੰਪੂਰਣ ਸਿੰਘ ਨਿਹੰਗ, ਸੂਰਜ ਵੰਸ਼ੀਯ ਖਾਲਸਾ ਪੰਥ, (ਪ੍ਰਕਾ.) ਸ੍ਵਾਮੀ ਸੰਤੋਸ਼ਾਨੰਦ, ਸ੍ਰੀਚੰਦ ਪ੍ਰੈਸ, ਅੰਮ੍ਰਿਤਸਰ, ਮਿਤੀਹੀਨ, ਪੰਨਾ ੨੪੨-੨੪੪.

345 ਨਿਧਾਨ ਸਿੰਘ ਆਲਿਮ (ਸੰਤ), ਨਾਮਧਾਰੀ ਸਿਧਾਂਤ ਪ੍ਰਦਰਸ਼ਨ, (ਪ੍ਰਕਾ.) ਟਿੱਕਾ ਤਿਰਲੋਚਨ ਸਿੰਘ, ਪੰਜਾਬੀ ਬਾਗ, ਆਲਿਮ ਨਿਵਾਸ, ਪਟਿਆਲਾ, ਮਿਤੀਹੀਨ, ਪੰਨਾ 27.

## 0.3 ਸਾਰੰਸ਼:

ਸਾਰੰਸ਼ ਵਜੋਂ ਕਿਹਾ ਜਾ ਸਕਦਾ ਹੈ ਕਿ ਨਿਹੰਗ ਸਿੰਘ ਜਥੇਬੰਦੀ ਦੇ ਸਿਧਾਂਤ ਅਤੇ ਅਮਲ ਗੁਰੂ ਸਾਹਿਬਾਨ ਦੇ ਸਮੇਂ ਤੋਂ ਸ਼ੁਰੂ ਹੋਈਆਂ ਰਵਾਇਤਾਂ ਅਨੁਸਾਰ ਚਲੇ ਆ ਰਹੇ ਹਨ। ਇਹ ਰਵਾਇਤਾਂ ਅਤੇ ਸਿਧਾਂਤ ਇਸ ਜਥੇਬੰਦੀ ਨੂੰ ਵਿਲੱਖਣਤਾ ਪ੍ਰਦਾਨ ਕਰਦੇ ਹਨ।

## 0.4 ਭੂਮਿਕਾ:

ਇਸ ਅਧਿਆਇ ਵਿਚ ਅਠਾਰ੍ਹਵੀਂ ਸਦੀ ਵਿਚ ਖਾਲਸੇ ਵਲੋਂ ਜੰਗਾਂ-ਯੁੱਧਾਂ ਸਮੇਂ ਵਰਤੀ ਜਾਂਦੀ ਗੁਪਤ ਬੋਲੀ ਦਾ ਵੱਖ-ਵੱਖ ਸੰਦਰਭਾਂ ਤੋਂ ਵਿਸ਼ਲੇਸ਼ਣ ਕੀਤਾ ਗਿਆ ਹੈ। ਇਸਦੇ ਨਾਲ ਹੀ ਖਾਲਸੇ ਦੀ ਤੇਗ ਦੀ ਕਲਾ ਨੂੰ ਦਰਸਾਉਂਦੀ ਸ਼ਸਤਰ ਵਿੱਦਿਆ, ਗੁਰੀਲਾ ਯੁੱਧ ਨੀਤੀ ਦੇ ਪੈਂਤੜੇ, ਘੋੜ ਸਵਾਰੀ ਅਤੇ ਗੱਤਕੇ ਦੇ ਸਰੂਪ ਬਾਰੇ ਅਧਿਐਨ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ।

## 4.1 ਭਾਸ਼ਾ:

ਜਿਨ੍ਹਾਂ ਧੁਨੀਆਂ ਦੁਆਰਾ ਮਨੁੱਖ ਆਪਸ ਵਿਚ ਵਿਚਾਰ ਵਟਾਂਦਰਾ ਕਰਦਾ ਹੈ, ਉਨ੍ਹਾਂ ਦੇ ਸਮੂਹ ਨੂੰ ਭਾਸ਼ਾ ਆਖਿਆ ਜਾਂਦਾ ਹੈ।[1] ਭਾਸ਼ਾ ਮਨੁੱਖ ਨੂੰ ਦੂਜੇ ਮਨੁੱਖਾਂ ਨਾਲ ਵਿਚਰਨ ਜਾਂ ਸਮਾਜ ਦਾ ਅੰਗ ਬਣਨ ਵਿਚ ਸਹਾਇਕ ਸਰੋਤ ਵਜੋਂ ਵੀ ਕਾਰਜਸ਼ੀਲ ਹੁੰਦੀ ਹੈ।[2] ਭਾਸ਼ਾ ਸ਼ਬਦ ਦੀ ਨਿਰੁਕਤੀ ਸੰਸਕ੍ਰਿਤ ਧਾਤੂ (root) 'ਭਾਸ਼' ਤੋਂ ਹੋਈ ਹੈ। 'ਭਾਸ਼' ਧਾਤੂ ਦਾ ਅਰਥ ਹੈ- ਬੋਲਣਾ, ਕਹਿਣਾ, ਸੰਬੋਧਨ ਕਰਨਾ, ਵਾਰਤਾਲਾਪ ਕਰਨਾ, ਨਿਰੂਪਣ ਕਰਨਾ, ਵਰਣਨ ਕਰਨਾ।[3] ਭਾਸ਼ਾ ਦੇ ਪ੍ਰਗਟਾਵੇ ਲਈ ਧੁਨੀ, ਲਿਪੀ, ਚਿੰਨ੍ਹ, ਹੱਥ ਦੇ ਇਸ਼ਾਰੇ ਆਦਿ ਕਿਸੇ ਵੀ ਮਾਧਿਅਮ ਦੀ ਵਰਤੋਂ ਕੀਤੀ ਜਾ ਸਕਦੀ ਹੈ।[4] 'ਭਾਸ਼ਾ' ਸ਼ਬਦ ਤੋਂ ਪਹਿਲਾਂ ਮੱਧਕਾਲੀ ਤੇ ਪੁਰਾਤਨਕਾਲੀ ਪੰਜਾਬੀ ਵਿੱਚ 'ਭਾਸ਼ਾ' ਦੀ ਥਾਂ 'ਭਾਖਾ' ਜਾਂ 'ਭਾਖਿਆ' ਦਾ ਪ੍ਰਯੋਗ ਹੁੰਦਾ ਰਿਹਾ ਹੈ।[5] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਭਾਖਿਆ ਸ਼ਬਦ ਵਰਤਿਆ ਗਿਆ ਹੈ:

ਖਤ੍ਰੀਆ ਤ ਧਰਮ ਛੋਡਿਆ ਮਲੇਛ ਭਾਖਿਆ ਗਹੀ॥[6]

ਸ੍ਰੀ ਦਸਮ ਗ੍ਰੰਥ ਸਾਹਿਬ ਜੀ ਵਿਚ ਵੀ 'ਭਾਖਾ' ਸ਼ਬਦ ਮਿਲਦਾ ਹੈ:

---

1 ਬਾਬੂ ਰਾਮ ਸਕਸੈਨਾ, ਭਾਸ਼ਾ ਵਿਗਿਆਨ, ਭਾਸ਼ਾ ਵਿਭਾਗ ਪੰਜਾਬ, 1970, ਪੰਨਾ 5.

2 ਸੁਖਵਿੰਦਰ ਸਿੰਘ (ਡਾ.), ਸਾਹਿਤ, ਭਾਸ਼ਾ ਅਤੇ ਭਾਸ਼ਾ ਵਿਗਿਆਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003, ਪੰਨਾ 1.

3 ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ (ਡਾ.), ਸਿਧਾਂਤਕ ਭਾਸ਼ਾ ਵਿਗਿਆਨ, ਮਦਾਨ ਪਬਲੀਕੇਸ਼ਨਜ਼, ਪਟਿਆਲਾ, 2001, ਪੰਨਾ 15.

4 ਅੰਮ੍ਰਿਤਾਲ ਕੌਰ (ਡਾ.)(ਸੰਪਾ.), ਖੋਜ ਪਤ੍ਰਿਕਾ, ਅੰਕ 56 (ਸਤੰਬਰ 2002), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007, ਪੰਨਾ 231.

5 ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ (ਡਾ.), ਸਿਧਾਂਤਕ ਭਾਸ਼ਾ ਵਿਗਿਆਨ, ਪੰਨਾ 15.

6 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੬੬੩.

ਦਸਮ ਕਥਾ ਭਾਗਉਤ ਕੀ ਭਾਖਾ ਕਰੀ ਬਨਾਇ॥[7]

### 4.2 ਬੋਲੇ :

ਇਕ ਇਨਸਾਨ ਦੀ ਪਛਾਣ ਤਿੰਨ ਗੱਲਾਂ ਤੋਂ ਸਹਿਜੇ ਹੀ ਹੋ ਜਾਂਦੀ ਹੈ: ਦਸਤਾਰ, ਰਫ਼ਤਾਰ ਅਤੇ ਗੁਫ਼ਤਾਰ। ਬੋਲੀ ਕਿਸੇ ਵਿਅਕਤੀ ਦੀ ਪਛਾਣ ਕਰਵਾਉਣ ਵਿਚ ਸਹਾਇਕ ਮਾਧਿਅਮ ਸਿੱਧ ਹੁੰਦੀ ਹੈ। ਬੋਲੀ ਸਾਡੇ ਮਨ ਦੇ ਭਾਵਾਂ ਨੂੰ ਵਿਅਕਤ ਕਰਨ ਦਾ ਜ਼ਰੀਆ ਹੈ। ਇਕ ਖਾਸ ਪ੍ਰਕਾਰ ਦੀ ਬੋਲੀ ਨੂੰ 'ਬੋਲੇ' ਆਖਦੇ ਹਨ। ਇਸ ਪ੍ਰਕਾਰ ਦੀ ਬੋਲੀ ਨੂੰ ਵਰਤੋਂ ਵਿਚ ਲਿਆਉਣ ਵਾਲਿਆਂ ਦਾ ਮੁਖ ਮੰਤਵ ਆਪਣੇ ਮਨ ਦੇ ਭੇਦ ਲੁਕਾਉਣਾ, ਭੁਲੇਖਾ ਪਾਉਣ ਜਾਂ ਹਾਸੀ-ਮਖੌਲ ਕਰਨ ਦਾ ਹੁੰਦਾ ਹੈ। ਇਸ ਪ੍ਰਕਾਰ ਦੀ ਬੋਲੀ ਪੜ੍ਹੇ-ਲਿਖੇ ਜਾਂ ਉੱਚ ਸ਼੍ਰੇਣੀ ਦੇ ਲੋਕ ਘੱਟ ਵਰਤਦੇ ਹਨ।[8] ਖਾਲਸਈ ਬੋਲੇ ਜੰਗੀ ਸੂਝ ਲਈ ਸੰਕੇਤਕ ਸ਼ਬਦਾਂ ਦੀ ਵਰਤੋਂ ਹੈ। ਕਿਤੇ-ਕਿਤੇ ਇਹ ਸੰਕੇਤਾਵਲੀ ਵਿਚ ਕਠੋਰਤਾ ਅਤੇ ਤਲਖੀ ਵੀ ਹੈ ਪਰ ਇਹ ਸਭ ਕੁਝ ਸਮੇਂ ਦੇ ਹਾਕਮਾਂ ਦੀ ਜਾਬਰਾਨਾ ਕਾਰਵਾਈ ਦੀ ਪ੍ਰਤੀਕ੍ਰਿਆ ਮਾਤਰ ਸੀ।[9] ਅੱਜ ਵੀ ਨਵੀਨ ਵਿਗਿਆਨਿਕ ਯੁਗ ਵਿਚ ਫੌਜੀ ਦ੍ਰਿਸ਼ਟੀਕੋਣ ਤੋਂ ਅਤੇ ਦੁਸ਼ਮਣ ਦੇ ਸੂਹੀਆਂ ਤੋਂ ਬਚਣ ਲਈ ਗੁਪਤ ਸੰਕੇਤਕ ਭਾਸ਼ਾ ਦਾ ਪ੍ਰਯੋਗ ਕੀਤਾ ਜਾਂਦਾ ਹੈ।[10] ਇਸਨੂੰ Code Language ਆਖਿਆ ਜਾਂਦਾ ਹੈ। ਖਾਲਸੇ ਦੇ ਬੋਲੇ ਪੰਜਾਬੀ ਭਾਸ਼ਾ ਦੇ ਸ਼ਬਦ ਭੰਡਾਰ ਵਿਚ ਵਿਲੱਖਣ ਅਤੇ ਵਿਸ਼ੇਸ਼ ਸ਼ਬਦਾਵਲੀ ਦਾ ਦਰਜਾ ਰਖਦੇ ਹਨ। ਇਹ ਬੋਲੇ ਪੰਜਾਬੀ ਬੋਲੀ ਨੂੰ ਹੋਰ ਵੀ ਅਮੀਰ ਬਣਾਉਂਦੇ ਹਨ।

#### 4.2.1 ਗੁਪਤ ਭਾਸ਼ਾ:

ਗੁਪਤ ਭਾਸ਼ਾ ਅਜਿਹਾ ਭਾਸ਼ਾਈ ਰੂਪ ਹੈ ਜਿਸ ਦੀ ਵਰਤੋਂ ਇਸ ਕਰਕੇ ਕੀਤੀ ਗਈ ਤਾਂ ਕਿ ਉਨ੍ਹਾਂ ਦੀ ਗੱਲਬਾਤ ਦੂਜੇ ਵਰਗ ਦੇ ਲੋਕਾਂ ਤੱਕ ਨਾ ਪਹੁੰਚ ਸਕੇ।[11] ਮਿਸਟਰ ਫਰੈਂਕਲਿਨ ਨੇ ਸ਼ਾਹ ਆਲਮ ਦੀ

---

7 ਨਰੈਣ ਸਿੰਘ ਗਿਆਨੀ (ਟੀਕਾਕਾਰ), ਅਜੀਤ ਸਿੰਘ ਔਲਖ (ਡਾ.)(ਸੋਧਕ), ਸ੍ਰੀ ਦਸਮ ਗ੍ਰੰਥ ਸਾਹਿਬ ਜੀ ਸਟੀਕ, ਭਾਗ ਚੌਥਾ, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਚੌਥੀ ਵਾਰ, ਜੁਲਾਈ, 2004, ਪੰਨਾ ੩੬੬.

8 ਰਾਮ ਸਿੰਘ (ਗਿਆਨੀ), ਸ਼ਬਦ ਚਮਤਕਾਰ ਅਰਥਾਤ ਭਾਸ਼ਾ ਵਿਗਿਆਨ, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਦੂਜੀ ਵਾਰ, ਫਰਵਰੀ 1950, ਪੰਨੇ 233-234.

9 ਪਿਆਰਾ ਸਿੰਘ ਪਦਮ (ਪ੍ਰੋ.), ਪੰਥ ਅਤੇ ਪੰਥ ਦਾ ਵਾੱਲੀ, ਕਲਗੀਧਰ ਕਲਮ ਫਾਉਂਡੇਸ਼ਨ, ਕਲਮ ਮੰਦਿਰ, ਪਟਿਆਲਾ, 1999, ਪੰਨਾ 70.

10 ਮਹਿੰਦਰ ਕੌਰ ਗਿੱਲ (ਡਾ.), ਸੂਰਾ ਸੋ ਪਹਿਚਾਨੀਐ, ਸ਼ਿਲਾਲੇਖ, ਦਿੱਲੀ, 2012, ਪੰਨਾ 95.

11 ਸੁਖਵਿੰਦਰ ਸਿੰਘ (ਡਾ.), ਸਾਹਿਤ, ਭਾਸ਼ਾ ਅਤੇ ਭਾਸ਼ਾ ਵਿਗਿਆਨ, ਪੰਨਾ 14.

ਤਵਾਰੀਖ ਵਿਚ ਇਹ ਲਿਖਿਆ ਹੈ ਕਿ, "ਇਹ ਉੱਚੇ ਦਿਓ ਲੰਮੇ ਕੱਦਾਂ ਵਾਲੇ ਨੀਲੰਬਰੀ ਸਿੰਘ, ਭੂਰਿਆਂ ਦੀਆਂ ਗਿਲਤੀਆਂ ਮਾਰ ਕੇ ਕਮਰਕੱਸੇ ਕਰਕੇ ਤੇ ਸਿਰਾਂ ਉਤੇ ਖੁੱਲ੍ਹੇ-ਡੁੱਲ੍ਹੇ ਦਸਤਾਰੇ ਸਜਾ ਕੇ ਰਖਦੇ ਸਨ ਅਤੇ ਪਸ਼ਤੋ ਵੀ ਚੰਗੀ ਬੋਲ ਲੈਂਦੇ ਸਨ, ਜਿਸ ਵਿਚ ਅਰਬੀ, ਫ਼ਾਰਸੀ ਤੇ ਹਿੰਦਵੀ ਦੀ ਮਿੱਸ ਹੁੰਦੀ ਸੀ।"[12]

### 4.2.2 ਗੜਗੱਜ ਬੋਲੇ:

ਖਾਲਸਈ ਬੋਲਿਆਂ ਨੂੰ ਗੜਗੱਜ ਬੋਲੇ, ਸੰਕੇਤਕ ਸ਼ਬਦਾਵਲੀ, ਗੁਪਤ ਭਾਸ਼ਾ, ਖ਼ੁਫ਼ੀਆ ਬੋਲੀ ਆਦਿ ਆਖਿਆ ਜਾਂਦਾ ਹੈ। ਗੜਗੱਜ ਬੋਲੇ ਜਿੱਥੇ ਸਿੱਖਾਂ ਦੀ ਉੱਚੀ ਮਾਨਸਿਕ ਅਵਸਥਾ ਦਾ ਪ੍ਰਮਾਣ ਪੇਸ਼ ਕਰਦੇ ਹਨ, ਉੱਥੇ ਉਨ੍ਹਾਂ ਦੀ ਰਾਜਨੀਤਕ ਸੂਝ-ਬੂਝ ਦੇ ਵੀ ਲਖਾਇਕ ਹਨ।"[13] ਇਹ ਬੋਲੇ ਸਿੰਘਾਂ ਦੀ ਗਰਜਵੀਂ ਨੁਹਾਰ ਦੇ ਸਨ, ਇਸ ਕਰਕੇ ਇਨ੍ਹਾਂ ਦਾ ਇਕ ਨਾਮ 'ਗੜਗੱਜ ਬੋਲੇ' ਵੀ ਪ੍ਰਚਲਿਤ ਹੋ ਗਿਆ।[14] ਬੋਲਿਆਂ ਨੂੰ ਚੋਰ ਜ਼ੁਬਾਨ ਵੀ ਆਖਿਆ ਜਾਣ ਲੱਗ ਪਿਆ ਸੀ।[15] ਬੋਲੇ ਕੁਝ ਅਜਿਹੇ ਘੜੇ ਗਏ ਜਿਹੜੇ ਬੁਜ਼ਦਿਲ ਨੂੰ ਸ਼ੇਰ ਬਣਾ ਦਿੰਦੇ ਸਨ। ਸਾਰੀਆਂ ਵਸਤੂਆਂ, ਜਾਨਵਰਾਂ, ਪੰਛੀਆਂ ਦੇ ਨਾਂ ਬਦਲ ਦਿੱਤੇ ਗਏ ਸਨ। ਇਥੋਂ ਤੱਕ ਕਿ ਬੰਦਿਆਂ ਦੇ ਨਾਂ ਵੀ ਬਦਲ ਕੇ ਨਵੇਂ ਰਖੇ ਗਏ। ਪੁਰਾਣੇ ਨਾਂ ਨਾਲ ਭਾਂਵੇ ਕੋਈ ਪੰਜਾਹ ਅਵਾਜਾਂ ਮਾਰੇ, ਕੋਈ ਜਵਾਬ ਨਹੀਂ ਸੀ ਦਿੰਦਾ ਅਤੇ ਨਾ ਹੀ ਸੁਣਦਾ ਸੀ।[16] ਸਗੋਂ ਅਣਗੌਲਿਆਂ ਕਰ ਦਿੱਤਾ ਜਾਂਦਾ ਸੀ। ਨਵੇਂ ਨਾਂ ਨਾਲ ਬੁਲਾਉਣ 'ਤੇ ਝਟ ਹੀ ਜਵਾਬ ਦੇ ਦਿੰਦੇ ਸਨ।

### 4.2.3 ਖਾਲਸਈ ਬੋਲਿਆਂ ਦਾ ਰਚਨ ਕਾਲ:

ਡਾ. ਸੁਖਦਿਆਲ ਸਿੰਘ ਅਨੁਸਾਰ, "ਖਾਲਸੇ ਦੀ ਸਾਜਨਾ ਨਾਲ ਸਿੱਖਾਂ ਵਿਚ ਇਕ ਨਵੀਂ ਭਾਸ਼ਾ ਅਤੇ ਨਵੀਂ ਸ਼ਬਦਾਵਲੀ ਦਾ ਸੰਚਾਰ ਹੋ ਗਿਆ ਸੀ। ਜਿਵੇਂ ਕਿ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਿਹ, ਸਿੰਘ, ਕੌਰ, ਪੰਜ ਪਿਆਰੇ, ਇੱਥੋਂ ਤੱਕ ਕਿ ਖਾਲਸਾ, ਸਰਬੱਤ

---

[12] ਉਧਰਿਤ, ਵਰਿਆਮ ਸਿੰਘ (ਸੰਪਾ.), ਗੁਰਮਤਿ ਪ੍ਰਕਾਸ਼, ਅੰਕ 4, ਗੁਰਦੁਆਰਾ ਪ੍ਰਿਟਿੰਗ ਪ੍ਰੈਸ, ਰਾਮਸਰ ਰੋਡ, ਅੰਮ੍ਰਿਤਸਰ, ਜੁਲਾਈ 1985, ਪੰਨੇ 13-14.

[13] ਪਿਆਰਾ ਸਿੰਘ ਪਦਮ (ਪ੍ਰੋ.), ਸੰਖੇਪ ਸਿੱਖ ਇਤਿਹਾਸ (1469-1989 ਈ.), ਕਲਮ ਮੰਦਿਰ, ਪਟਿਆਲਾ, 1990, ਪੰਨਾ 122.

[14] ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਦੂਜਾ, ਗਰੇਸ਼ੀਅਸ ਬੁੱਕਸ, ਪਟਿਆਲਾ, 2014, ਪੰਨਾ 640.

[15] ਹਰਨਾਮ ਦਾਸ ਉਦਾਸੀ, ਗਗਨ ਦਮਾਮਾ ਬਾਜਿਓ, ਸਵੇਰਾ ਪ੍ਰਕਾਸ਼ਨ, ਅੰਦਰੂਨ ਮਾਈ ਹੀਰਾਂ ਗੇਟ, ਜਲੰਧਰ 1996, ਪੰਨਾ 56.

[16] ਉਹੀ, ਪੰਨੇ 57-58.

ਖਾਲਸਾ, ਪੰਥ, ਗੁਰਮਤਾ, ਫ਼ਤਿਹ, ਇਕ ਨੂੰ ਸਵਾ ਲੱਖ, ਚੜ੍ਹਦੀਆਂ ਕਲਾਂ ਆਦਿ ਸ਼ਬਦ ਪੰਜਾਬੀ ਬੋਲੀ ਵਿਚ ਨਵੇਂ ਸ਼ਾਮਿਲ ਹੋ ਗਏ ਅਤੇ ਇਹ ਸ਼ਬਦਾਵਲੀ ਕੇਵਲ ਤੇ ਕੇਵਲ ਖਾਲਸੇ ਦੀ ਹੀ ਦੇਣ ਹੈ।"[17] ਡਾ. ਰਾਏਜਸਬੀਰ ਸਿੰਘ ਅਨੁਸਾਰ ਖਾਲਸਈ ਬੋਲਿਆਂ ਦਾ ਮੁੱਢ ਸ੍ਰੀ ਦਸਮ ਗ੍ਰੰਥ ਸਾਹਿਬ ਵਿਚਲੀ 'ਸਸਤ੍ਰ ਨਾਮ ਮਾਲਾ' ਰਚਨਾ ਨੂੰ ਮੰਨਿਆ ਜਾ ਸਕਦਾ ਹੈ ਜਿਸ ਵਿਚ ਤਲਵਾਰ, ਤੀਰ ਆਦਿ ਸ਼ਸਤਰਾਂ ਦੇ ਪਰਿਆਇ ਦਿੱਤੇ ਗਏ ਹਨ।[18]

ਖਾਲਸਾਈ ਬੋਲਿਆਂ ਦਾ ਜਨਮ ਕਾਲ ਅਠਾਰ੍ਹਵੀਂ ਸਦੀ ਦਾ ਉਹ ਭਿਆਨਕ ਸਮਾਂ ਹੈ, ਜਦੋਂ ਦਿੱਲੀ ਦੀ ਮੁਗਲ ਸਰਕਾਰ ਸਿੱਖਾਂ ਦਾ ਹਰ ਤਰ੍ਹਾਂ ਨਾਲ ਸ਼ਿਕਾਰ ਕਰਨ ਉੱਤੇ ਤੁਲੀ ਹੋਈ ਸੀ। 10 ਦਸੰਬਰ 1710 ਈ: ਦਾ ਸ਼ਾਹੀ ਫੁਰਮਾਨ ਸੀ ਕਿ ਜਿੱਥੇ ਵੀ ਕੋਈ ਨਾਨਕ ਨਾਮ ਲੇਵਾ ਮਿਲੇ, ਉਸ ਨੂੰ ਜਾਨੋਂ ਮਾਰ ਦਿੱਤਾ ਜਾਵੇ:

ਨਾਨਕ ਪ੍ਰਸਤਾਂ ਰਾ ਹਰ ਜ ਕਿ ਬਾਯਾਬੰਦ, ਬ ਕਤਲ ਰਸਾਨੰਦ।[19]

ਇਹ ਫੁਰਮਾਨ ਅਗਲੇ ਚਾਲੀ ਸਾਲ ਦਿੱਲੀ-ਲਾਹੌਰ ਤੱਕ ਜਾਰੀ ਰਿਹਾ।[20] ਪਿਆਰਾ ਸਿੰਘ ਪਦਮ ਲਿਖਦੇ ਹਨ ਕਿ, "'ਅਖਬਾਰਾਤਿ ਦਰਬਾਰ ਮੁਅੱਲਾ' ਵਿਚ ਦਰਜ ਹੈ ਕਿ 9 ਜਨਵਰੀ 1711 ਈ. ਨੂੰ ਬਾਦਸ਼ਾਹ ਬਹਾਦਰਸ਼ਾਹ ਸਾਮ੍ਹਣੇ ਰਿਪੋਰਟ ਹੋਈ ਕਿ ਇਕ ਇੱਕਲਾ ਸਿੱਖ ਆਪਣੇ ਆਪ ਨੂੰ 'ਫੌਜ' ਕਹਾਉਂਦਾ ਹੈ। ਇਸ ਤੋਂ ਜ਼ਾਹਿਰ ਹੈ ਕਿ ਇਹ ਖਾਲਸਾਈ ਬੋਲੇ ਅਠਾਰ੍ਹਵੀਂ ਸਦੀ ਦੇ ਮੁੱਢ ਵਿਚ ਹੀ ਸਿਰਜੇ ਜਾਣ ਲੱਗ ਪਏ ਸਨ।"[21] ਉਸ ਬਿਖੜੇ ਸਮੇਂ ਦੇ ਸਿੰਘਾਂ ਦੀ ਹਾਲਤ ਨੂੰ ਗਿਆਨੀ ਗਿਆਨ ਸਿੰਘ ਨੇ ਇਸ ਪ੍ਰਕਾਰ ਲਿਖਿਆ ਹੈ:

ਫਿੱਡਾ ਜੈਸਾ ਟੱਟੂਆ ਜੁਲੜੂ ਕਾ ਕਾਠੂ ਪਾਇ ਰੱਸੜੂ ਲਗਾਮ ਤੇ ਰਸੜੂ ਰਕਾਬ ਜੂ।
ਪਾਟਿਆ ਜੈਸਾ ਕੱਛੜੂ ਤੇ ਨੀਲੜੂ ਸਾ ਚਾਦਰੂ ਡੁਚੇ ਜੈਸਾ ਪੱਗੜੂ ਬਣਾਯਾ ਸਿਰਤਾਜ ਜੂ।

---

17 ਸੁਖਦਿਆਲ ਸਿੰਘ (ਡਾ.), ਪੰਜਾਬ ਦਾ ਇਤਿਹਾਸ (ਗੁਰੂ ਕਾਲ 1469-1708), ਜਿਲਦ ਪੰਜਵੀਂ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012, ਪੰਨਾ 208.

18 ਚਮਕੌਰ ਸਿੰਘ (ਸੰਪਾ.), ਗੁਰਮਤਿ ਪ੍ਰਕਾਸ਼, ਜਿਲਦ 47, ਅੰਕ 1, ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ, ਅਪ੍ਰੈਲ 2003, ਪੰਨਾ ੪੬.

19 ਉਧਰਿਤ, ਵਰਿਆਮ ਸਿੰਘ (ਸੰਪਾ.), ਗੁਰਮਤਿ ਪ੍ਰਕਾਸ਼, ਅੰਕ 4, ਗੁਰਦੁਆਰਾ ਪ੍ਰਿਟਿੰਗ ਪ੍ਰੈਸ, ਰਾਮਸਰ ਰੋਡ, ਅੰਮ੍ਰਿਤਸਰ, ਜੁਲਾਈ 1985, ਪੰਨਾ 11.

20 ਉਹੀ

21 ਪਿਆਰਾ ਸਿੰਘ ਪਦਮ (ਪ੍ਰੋ.), ਪੰਥ ਅਤੇ ਪੰਥ ਦਾ ਵਾੱਲੀ, ਪੰਨਾ 68.

ਟੁਟਿਆ ਸਾ ਤੇਗੜੂ ਲੀਰੜੂ ਮਿਆਨ ਜਾ ਕੋ ਗੱਠ ਸੱਤ ਗਾਤ੍ਰਾ ਬਣਾਇਆ ਸਬ ਸਾਜ ਜੂ।

ਨਾਮ ਤੋ ਅਕਾਲੜੂ ਸੋ ਫਿਰੈ ਬੁਰੇ ਹਾਲੜੂ ਪੈ ਲੂਟ ਕੂਟ ਖਾਵਣੇ ਕੋ ਡਾਢੇ ਉਸਤਾਦ ਜੂ।[22]

ਖਾਲਸਈ ਬੋਲਿਆਂ ਦਾ ਜ਼ਿਆਦਾ ਸੰਬੰਧ 1716-1765 ਈ. ਦੇ ਸਿੱਖ ਸੰਘਰਸ਼ ਦੇ ਸਮੇਂ ਨਾਲ ਹੈ।[23] ਜਥੇਦਾਰ ਕਪੂਰ ਸਿੰਘ ਅਤੇ ਦੀਵਾਨ ਦਰਬਾਰਾ ਸਿੰਘ ਜੀ ਨੇ ਪਹਿਲਾਂ ਪਹਿਲ ਲਗਭਗ 235 ਬੋਲੇ ਰਚੇ ਸਨ।[24] ਜਿਆਦਾਤਰ ਬੋਲੇ ਉਸ ਸਮੇਂ ਦੀ ਕਾਢ ਹਨ ਜਦੋਂ ਪਠਾਣ ਹਮਲਾਵਰ ਬਦਾਮਾਂ ਅਤੇ ਸੌਗੀਆਂ ਨਾਲ ਜੇਬਾਂ ਭਰੀ ਫਿਰਦੇ ਸਨ, ਪਰ ਸਿੱਖਾਂ ਨੂੰ ਇਹ ਮੇਵੇ ਕਿੱਥੋਂ ਹਾਸਲ ਹੋਣੇ ਸਨ, ਉਹ ਛੋਲਿਆਂ ਨੂੰ ਹੀ ਬਦਾਮ ਕਹਿ ਕੇ ਤਸੱਲੀ ਕਰ ਲੈਂਦੇ ਸਨ।[25] ਕਈ ਕਈ ਦਿਨ ਕੜਾਕੇ (ਭੁੱਖ) ਕੱਟਦੇ ਜਾਂ ਦਰਖੱਤਾਂ ਦੇ ਛਿੱਲ-ਪੱਤੇ ਬਿਨਾਂ ਲੂਣ ਮਿਰਚ ਦੇ ਖਾਂਦੇ ਅਤੇ ਵਾਹਿਗੁਰੂ ਦੇ ਭਾਣੇ ਨੂੰ ਮਿੱਠਾ ਕਰ ਕੇ ਮੰਨਦੇ।[26] ਡਾ. ਗੰਡਾ ਸਿੰਘ ਅਨੁਸਾਰ, "ਸਿੱਖਾਂ ਵਿਚ ਇਕ ਨਵੀਂ ਸ਼ਬਦਾਵਲੀ ਚਲ ਪਈ ਸੀ ਜੋ ਉਨ੍ਹਾਂ ਦੀ ਅਜਿੱਤ ਦ੍ਰਿੜਤਾ ਅਤੇ ਹੁਲਾਸਮਈ ਸੁਭਾਅ ਨੂੰ ਪ੍ਰਗਟਾਉਂਦੀ ਸੀ ਜਿਸ ਰਾਹੀਂ ਉਹ ਕਸ਼ਟਾਂ ਦੀ ਪ੍ਰਵਾਹ ਨਾ ਕਰਦੇ ਅਤੇ ਔਕੜਾਂ ਨੂੰ ਮਖੌਲ ਕਰਦੇ ਸਨ।"[27] ਖਾਲਸਈ ਬੋਲੇ ਪ੍ਰਾਚੀਨ ਸਿੰਘਾਂ ਵਲੋਂ ਪਰਸਪਰ ਪ੍ਰਯੋਗ ਵਿਚ ਲਿਆਈ ਜਾਣ ਵਾਲੀ ਸੰਕੇਤਕ ਸ਼ਬਦਾਵਲੀ ਸੀ ਜੋ ਉਹੀ ਸਮਝ ਸਕਦੇ ਸਨ। ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ 'ਦਲ ਖ਼ਾਲਸਾ' ਹੀ ਮੂਲ ਰੂਪ ਵਿਚ ਹੀ ਇਸ ਪ੍ਰਕਾਰ ਦੀ ਸ਼ਬਦਾਵਲੀ ਨੂੰ ਜਨਮ ਦਿੰਦਾ ਹੈ।[28]

### 4.2.4 ਬੋਲਿਆਂ ਦੇ ਰਚਨ ਦਾ ਕਾਰਨ:

ਸਿੱਖ ਪੰਥ ਵਿਸ਼ਵਕੋਸ਼ ਅਨੁਸਾਰ ਖਾਲਸਈ ਬੋਲੇ ਘੜਨ ਦੇ ਚਾਰ ਕਾਰਨ ਮੰਨੇ ਗਏ ਹਨ: ਇਕ ਤਾਂ ਇਹ ਕਿ ਗੁਪਤ ਸੰਕੇਤਾਂ ਰਾਹੀਂ ਸਿੰਘ ਇਕ ਦੂਜੇ ਤੱਕ ਆਪਣੀ ਗੱਲ ਪਹੁੰਚਾਉਂਦੇ ਸਨ, ਤਾਂ ਜੋ

---

22 ਗਿਆਨ ਸਿੰਘ (ਗਿਆਨੀ), ਪੰਥ ਪ੍ਰਕਾਸ਼, ਭਾਸ਼ਾ ਵਿਭਾਗ, ਪੰਜਾਬ, 1987, ਪੰਨਾ 751.

23 ਚਮਕੌਰ ਸਿੰਘ (ਸੰਪਾ.), ਗੁਰਮਤਿ ਪ੍ਰਕਾਸ਼, ਜਿਲਦ 47, ਅੰਕ 1, ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ, ਅਪ੍ਰੈਲ 2003, ਪੰਨਾ ੪੬.

24 ਪ੍ਰੇਮ ਸਿੰਘ ਹੋਤੀ (ਬਾਬਾ), ਜੀਵਨ ਬ੍ਰਿਤਾਂਤ ਨਵਾਬ ਕਪੂਰ ਸਿੰਘ, ਲਾਹੌਰ ਬੁਕ ਸ਼ਾਪ, ਲੁਧਿਆਣਾ, 2017, ਪੰਨਾ 48.

25 ਸੰਤਾ ਸਿੰਘ ਬਾਬਾ, ਜਥੇਦਾਰ (ਸੰਪਾ.), ਖਾਲਸਈ ਬੋਲੇ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ, ਪੰਜਵਾਂ ਤਖਤ, ਚਲਦਾ ਵਹੀਰ, ਪੰਜਾਬ, ਮਿਤੀਹੀਨ, ਪੰਨਾ 7.

26 ਗੰਡਾ ਸਿੰਘ, ਮਹਾਰਾਜਾ ਕੌੜਾ ਮੱਲ ਬਹਾਦੁਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ, 2000, ਪੰਨਾ 9.

27 ਤੇਜਾ ਸਿੰਘ (ਪ੍ਰਿੰ.) ਅਤੇ ਗੰਡਾ ਸਿੰਘ (ਡਾ.), ਸਿੱਖ ਇਤਿਹਾਸ (1469-1765), ਡਾ. ਭਗਤ ਸਿੰਘ (ਅਨੁ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013, ਪੰਨਾ 115.

28 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਦੂਜਾ, ਪੰਨਾ 639.

ਦੁਸ਼ਮਣ ਨੂੰ ਕਿਸੇ ਪ੍ਰਕਾਰ ਦੀ ਭਿਣਕ ਨ ਪੈ ਸਕੇ। ਦੂਜਾ ਕਾਰਨ ਇਹ ਕਿ ਇਨ੍ਹਾਂ ਸ਼ਬਦਾਂ ਰਾਹੀਂ ਤੁਛ ਵਸਤੂ ਨੂੰ ਉੱਤਮ ਵਸਤੂ ਦੇ ਨਾਂ ਨਾਲ ਪੁਕਾਰਿਆ ਜਾਂਦਾ ਸੀ, ਜਿਵੇਂ ਛੋਲਿਆਂ ਨੂੰ ਬਦਾਮ, ਛੋਲੂਏ ਲਈ ਸਾਉਗੀ। ਤੀਜਾ ਕਾਰਨ ਇਹ ਕਿ ਇਨ੍ਹਾਂ ਸ਼ਬਦਾਂ ਰਾਹੀਂ ਸੰਕਟ ਕਾਲ ਵਿਚ ਨ ਪ੍ਰਾਪਤ ਹੋ ਸਕਣ ਵਾਲੀ ਉੱਤਮ ਵਸਤੂ ਪ੍ਰਤੀ ਨਾਕਾਰਤਮਕ ਬਿਰਤੀ ਨੂੰ ਅਪਣਾਇਆ ਜਾਂਦਾ ਸੀ ਜਿਵੇਂ ਹਾਥੀ ਨੂੰ ਕੱਟਾ, ਮੁਰਗੇ ਨੂੰ ਕਾਜ਼ੀ। ਚੌਥਾ ਕਾਰਨ ਇਹ ਸੀ ਕਿ ਇਨ੍ਹਾਂ ਸ਼ਬਦਾਂ ਦੁਆਰਾ ਅਸਾਧਾਰਣ ਪ੍ਰਭਾਵ ਪਾਇਆ ਜਾਂਦਾ ਸੀ, ਜਿਵੇਂ ਲਾਲ ਮਿਰਚ ਲਈ ਲੜਾਕੀ, ਸੁਚੇਤੇ ਜਾਣ ਲਈ ਮੈਦਾਨ ਜਾਣਾ ਆਦਿ।[29]

ਇਹ ਬੋਲੇ ਅਠਾਰ੍ਹਵੀਂ ਸਦੀ ਦੀ ਸਰਕਾਰ ਦੀ ਜਾਬਰਾਨਾ ਕਾਰਵਾਈ ਦਾ ਸਿੱਟਾ ਸੀ। ਜਦੋਂ ਨਾਦਰ ਸ਼ਾਹ ਦਿੱਲੀ ਨੂੰ ਲੁੱਟ ਕੇ ਵਾਪਸ ਜਾ ਰਿਹਾ ਸੀ ਤਾਂ ਸਿੰਘਾਂ ਨੇ ਨਾਦਰ ਸ਼ਾਹ ਦੇ ਖਜ਼ਾਨੇ ਨੂੰ ਗੁਰੀਲਾ ਪੈਂਤੜਿਆਂ ਨਾਲ ਲੁੱਟਿਆ ਅਤੇ ਉਸਦੇ ਨੱਕ ਵਿਚ ਦਮ ਕੀਤਾ। ਨਾਦਰ ਸ਼ਾਹ ਇਹ ਪੁੱਛਣ 'ਤੇ ਮਜਬੂਰ ਹੋ ਗਿਆ ਕਿ ਇਹ ਲੋਕ ਕੌਣ ਹਨ ਜੋ ਮੇਰੇ ਖਜ਼ਾਨੇ ਨੂੰ ਵੀ ਲੁੱਟਣ ਦੀ ਹਿੰਮਤ ਰਖਦੇ ਹਨ। ਨਾਦਰ ਸ਼ਾਹ ਨੇ ਜ਼ਕਰੀਆ ਖਾਂ ਤੋਂ ਸਿੰਘਾਂ ਬਾਰੇ ਪੁੱਛਿਆ ਤਾਂ ਉਸਨੇ ਸਿੰਘਾਂ ਬਾਰੇ ਇਸ ਤਰ੍ਹਾਂ ਦੱਸਿਆ:

> ਤਬ ਖਾਨੂੰ ਨੇ ਐਸ ਬਖ਼ਾਨੀ। ਮੁਲਕ ਉਸੈ ਕੋ ਨਾਂਹਿ ਨਿਸ਼ਾਨੀ।
> ਖੜੇ ਸੋਵੈਂ ਔ ਚਲਤੇ ਖਾਂਹਿ। ਨਹਿਂ ਬੈਠੇਂ ਵੈ ਕਿਤੇ ਗਿਰਾਇਂ।
> ਨੂਨ ਘਿਰਤ ਕੋ ਸ੍ਵਾਦ ਨ ਜਾਨੈਂ। ਹਮ ਦੁਖ ਦੇਵੈਂ ਵੈ ਸੁਖ ਮਾਨੈਂ।
> ਹਾੜ ਨ ਦਿਨ ਭਰ ਪੀਵੈਂ ਪਾਨੀ। ਸਯਾਲੇ ਰਖੈਂ ਨ ਅਗਨ ਨਿਸ਼ਾਨੀ।
> ਨਹਿਂ ਖਾਵੈਂ ਵੈ ਪੀਸਯੋ ਨਾਜ। ਲੜੈਂ ਬਹੁਤ ਵੈ ਕਰਕੇ ਭਾਜ।
> ਏਕ ਹੋਇ ਤਾਂ ਸੌ ਸੌ ਲਰੈਂ। ਮਰਨੇ ਤੇ ਵੈ ਮੂਲ ਨ ਡਰੈਂ।[30]

ਖਾਲਸਈ ਬੋਲਿਆਂ ਦੇ ਦੋ ਮੁਖ ਪ੍ਰਯੋਜਨ ਸਨ, ਇਕ ਤਾਂ ਇਹ ਕਿ, ਸਿੱਖਾਂ ਦੀ ਗੱਲਬਾਤ ਅਤੇ ਚਿੱਠੀ ਪੱਤਰ ਦੀ ਸਮਝ ਦੁਸ਼ਮਣਾਂ ਨੂੰ ਨਾ ਲੱਗੇ ਅਤੇ ਦੂਜਾ ਇਹ ਕਿ ਬਿਪਤਾ ਦੇ ਸਮੇਂ ਵਿਚ ਚੜ੍ਹਦੀ ਕਲਾ ਦੀ ਬਿਰਤੀ

---

[29] ਉਹੀ, ਪੰਨਾ 640.

[30] ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਡਾ. ਬਲਵੰਤ ਸਿੰਘ ਢਿਲੋਂ (ਸੰਪਾ.), ਸਿੰਘ ਬ੍ਰਦਰਜ਼, ਅੰਮ੍ਰਿਤਸਰ, ਅਪ੍ਰੈਲ 2004, ਪੰਨੇ 223-224.

ਬਣੀ ਰਹੇ।[31] ਤੇਜਾ ਸਿੰਘ ਨੇ ਆਪਣੀ ਰਚਨਾ 'ਸਿੰਘਾ ਦਾ ਪੰਥ ਨਿਆਰਾ' ਵਿਚ ਬੋਲਿਆਂ ਬਾਰੇ ਇਸ ਪ੍ਰਕਾਰ ਲਿਖਿਆ ਹੈ:

ਗੋਡਿਆਂ ਤਾਂਈ ਕਛਾ ਸਿਵਾਂਦੇ ਗਿਟਿਆਂ ਤਾਂਈ ਨਾਰਾ।
ਕੇਸ ਸੀਸ ਪਰ ਰਖਨ ਜਮਾਂਦਰ ਕੰਘਾ ਕਰਦ ਸੰਗਾਰਾ।
ਬੋਲੇ ਇਨਕੇ ਬਾਲੇ ਕੰਹਦੇ ਵਿਚ ਸਾਰੇ ਸੰਸਾਰਾ।
ਫਤੇ ਵਾਹਿਗੁਰੂ ਅਕਾਲ ਸ੍ਰੀ ਸਤ ਮਾਰਨ ਊਚਾ ਨਾਰਾ।[32]

### 4.2.5 ਬੋਲਿਆਂ ਦਾ ਲਿਖਤੀ ਰੂਪ:

ਖਾਲਸਈ ਬੋਲਿਆਂ ਦਾ ਲਿਖਤੀ ਰੂਪ ਬਹੁਤ ਹੀ ਘੱਟ ਮਿਲਦਾ ਹੈ। ਇਹ ਬੋਲੇ ਸੀਨੇ-ਬ-ਸੀਨੇ ਖਾਲਸੇ ਦੇ ਵਿਚ ਰਹੇ ਅਤੇ ਹੁਣ ਸਿਰਫ ਨਿਹੰਗ ਸਿੰਘਾਂ ਦੇ ਵਿਚ ਇਹ ਬੋਲੇ ਆਮ ਬੋਲ ਚਾਲ ਦੇ ਰੂਪ ਵਿਚ ਸੁਣਨ ਨੂੰ ਮਿਲਦੇ ਹਨ। ਅਠਾਰ੍ਹਵੀਂ ਸਦੀ ਵਿੱਚ ਨਿਹੰਗ ਸਿੰਘਾਂ ਨੇ ਜਦੋਂ ਬੋਲੇ ਇਜ਼ਾਦ ਕੀਤੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਕੁਝ ਸ਼ਬਦਾਂ ਨੂੰ ਆਪਣੇ ਬੋਲਿਆਂ ਦੇ ਰੂਪ ਵਿਚ ਬਣਾਇਆ। ਉਦਾਹਰਣ ਵਜੋਂ ਆਸਾ ਦੀ ਵਾਰ ਵਿਚ ਗੁਰੂ ਸਾਹਿਬ ਜੀ ਫੁਰਮਾਉਂਦੇ ਹਨ:

ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ ਪੰਜਵਾ ਪਾਇਆ ਘਿਰਤੁ॥[33]

ਨਿਹੰਗ ਸਿੰਘ ਆਪਣੀ ਬੋਲੀ ਵਿਚ ਘਿਓ ਨੂੰ 'ਪੰਜਵਾ' ਕਹਿੰਦੇ ਹਨ ਅਤੇ ਤੇਲ ਨੂੰ 'ਛੇਵਾਂ' ਆਖਦੇ ਹਨ। ਇਸੇ ਤਰ੍ਹਾਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰਬਾਣੀ ਦੇ ਕਈ ਸ਼ਬਦਾਂ ਤੋਂ ਬੋਲੇ ਬਣਾਏ ਗਏ ਸਨ। ਇਸ ਤੋਂ ਬਾਅਦ ਭਾਈ ਰਤਨ ਸਿੰਘ ਭੰਗੂ ਦੇ ਸ੍ਰੀ ਗੁਰ ਪੰਥ ਪ੍ਰਕਾਸ਼ (1841 ਈ.) ਵਿਚ ਖਾਲਸਈ ਬੋਲਿਆਂ ਦਾ ਕੁਝ ਕੁ ਸੰਕੇਤ ਮਿਲਦਾ ਹੈ। ਪ੍ਰੋ. ਪਿਆਰਾ ਸਿੰਘ ਪਦਮ ਅਨੁਸਾਰ ਸਭ ਤੋਂ ਪਹਿਲਾਂ 1854 ਈ. ਵਿਚ ਅਲਾਉਦੀਨ ਮੁਫਤੀ ਦੇ ਇਬਰਤਨਾਮੇ ਵਿਚ ਕੁਝ ਖਾਲਸਈ ਬੋਲਿਆਂ ਦੇ ਸੰਕੇਤ ਮਿਲਦੇ ਹਨ।[34] ਸ੍ਰੀ ਮਤਿ ਪੰਡਿਤ ਤਾਰਾ ਹਰਿ ਨਰੋਤਮ ਨੇ ਸ੍ਰੀ ਗੁਰ ਤੀਰਥ ਸੰਗ੍ਰਹਿ ਵਿਚ ਟੂਕ ਮਾਤਰ ਜ਼ਿਕਰ ਕਰਦਿਆਂ ਹੋਇਆਂ ਲਿਖਿਆ ਹੈ, "ਨਿਹੰਗ ਬਹੁਤ ਕਰ ਨੀਲੇ ਔਰ ਸੁਰਮਈ ਬਸਤ੍ਰ ਰਖਤੇ ਹੈਂ। ਨਿਯਮ ਸੇ ਸ਼ਸਤ੍ਰ ਪਾਸ ਰਖਤੇ

---

31 ਵਜੀਰ ਸਿੰਘ (ਸੰਪਾ.), ਗੜਗੱਜ ਬੋਲੇ, ਖਾਲਸਾ ਟ੍ਰੈਕਟ ਸੁਸਾਇਟੀ, ਵਜੀਰ ਹਿੰਦ ਪ੍ਰੈਸ, ਅੰਮ੍ਰਿਤਸਰ, 1960, ਪੰਨਾ 25.

32 ਤੇਜਾ ਸਿੰਘ, ਸਿੰਘਾਂ ਦਾ ਪੰਥ ਨਿਆਰਾ, ਵਜ਼ੀਰ ਹਿੰਦ ਪ੍ਰੈਸ, ਸ੍ਰੀ ਅੰਮ੍ਰਿਤਸਰ, ਵਿਸਾਖੀ ਸੰਮਤ 202 ਖਾਲਸਾ, ਪੰਨੇ 8-9.

33 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੋਥੀ ਦੂਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਤੀਜੀ ਵਾਰ, ਅਕਤੂਬਰ 1959, ਪੰਨਾ 473.

34 ਪਿਆਰਾ ਸਿੰਘ ਪਦਮ (ਪ੍ਰੋ.), ਖਾਲਸਈ ਬੋਲੇ, ਕਲਮ ਮੰਦਿਰ, ਲੋਅਰ ਮਾਲ, ਪਟਿਆਲਾ, 1997, ਪੰਨਾ 13.

ਹੈਂ। ਏਕ ਕਾ ਨਾਮ ਸਵਾ ਲਾਖ, ਲੰਗੜੇ ਕਾ ਸੁਚਾਲਾ, ਕਾਣੇ ਕਾ ਪੰਜੱਖਾਂ, ਅੰਧੇ ਕਾ ਸੂਰਮਾ, ਗੰਜੇ ਕਾ ਕਲਗਾ, ਇਕ ਬਾਂਹੇ ਕਾ ਲਖ ਬਾਹਾਂ ਸਿੰਘ, ਐਸੇ ਅਪਣੇ ਸੰਕੇਤ ਮੇਂ ਸਭ ਚੀਜ਼ੋ ਕੇ ਨਾਮ ਬੋਲਤੇ ਹੈਂ।"[35] ਇਸ ਤੋਂ ਮਗਰੋਂ ਗਿਆਨੀ ਗਿਆਨ ਸਿੰਘ ਨੇ ਆਪਣੀ ਰਚਨਾ 'ਪੰਥ ਪ੍ਰਕਾਸ਼' ਵਿਚ ਖਾਲਸਈ ਬੋਲਿਆਂ ਦਾ ਵਿਸਥਾਰ ਵਿਚ ਜ਼ਿਕਰ ਕੀਤਾ ਹੈ:

ਸਵਾ ਲਾਖ ਕਹਿ ਏਕ ਜਨੇ ਕੋ। ਪਾਂਚ ਲਾਖ ਕੈ ਪਾਂਚ ਤਨੇ ਕੋ।
ਮਾਨਤ ਸੁਖ ਦੁਖ ਆਇ ਬਨੇ ਕੋ। ਪੀਲੂ ਦਾਖ ਬਦਾਮ ਚਨੇ ਕੋ।
...
ਰੀਤਿ ਹਿੰਦੂਆਂ ਵਾਰੀ ਜੇਤੀ। ਤਜ ਰਾਖੀ ਇਨ ਸਬ ਬਿਧਿ ਤੇਤੀ। [36]

ਵੀਹਵੀਂ ਸਦੀ ਵਿਚ ਤੇਜਾ ਸਿੰਘ ਨੇ ਆਪਣੀ ਪੁਸਤਕ 'ਸਿੰਘਾਂ ਦਾ ਪੰਥ ਨਿਆਰਾ' (1901 ਈ.) ਵਿਚ ਖਾਲਸਈ ਬੋਲਿਆਂ ਦਾ ਕਵਿਤਾ ਰੂਪ ਵਿਚ ਜ਼ਿਕਰ ਕੀਤਾ ਹੈ। ਭਾਈ ਭਗਵਾਨ ਸਿੰਘ ਦੁਆਰਾ ਰਚਿਤ ਖਾਲਸਾ ਮਤ ਹੁਲਾਸ (1909) ਵਿਚ ਵੀ ਖਾਲਸਈ ਬੋਲਿਆਂ ਦਾ ਵਰਨਣ ਮਿਲਦਾ ਹੈ:

ਬੋਲੇ ਸਿੰਘਾਂ ਦੇ ਕੁਛਕ ਮੈਂ ਅਰਜ ਕਰਦਾ ਸੁਣੋ ਲਾਇ ਕੈ ਤੁਸੀਂ ਧਿਆਨ ਬੇਲੀ।
ਬੋਲੀ ਤਾਈਂ ਕੈਂਹਦੇ ਸਿੰਘ ਸਾਹਿਬ ਬੋਲਾ, ਘੋਟੀ ਭੰਗ ਨੂੰ ਸੁਖ ਨਿਧਾਨ ਬੇਲੀ।
...
ਦਾਸ ਸਿੰਘ ਭਗਵਾਨ ਦੇ ਗੁਰਾਂ ਤਾਂਈ ਰੂਪ ਜਾਣ ਦੇ ਸਤਿ ਕਰਤਾਰ ਦੇ ਸੀ।[37]

ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ (1930 ਈ.) ਵਿਚ ਇਨ੍ਹਾਂ ਬੋਲਿਆਂ ਨੂੰ ਦਰਜ ਕੀਤਾ ਹੈ। 1933 ਈ. ਵਿਚ ਪ੍ਰੋ. ਸਾਹਿਬ ਸਿੰਘ (ਬੀ.ਏ.) ਅਤੇ ਮਾਸਟਰ ਗਿਆਨੀ ਮਹਿਤਾਬ ਸਿੰਘ ਜੀ (ਬੀ.ਏ) ਵਲੋਂ 'ਪੰਜਾਬੀ ਸੋਹਜ ਪ੍ਰਕਾਸ਼ ਅਰਥਾਤ ਪੰਜਾਬੀ ਮੁਹਾਵਰੇ, ਅਖਾਉਤਾਂ: ਬਹੁ ਅਰਥਕ ਸ਼ਬਦ ਤੇ ਗੜਗੱਜ ਬੋਲੇ ਆਦਿਕ ਦੀ ਪਟਾਰੀ' ਨਾਂ ਦੀ ਪੁਸਤਕ ਵਿਚ ਗੜਗੱਜ ਬੋਲੇ ਛਪੇ ਹਨ। ਇਹ ਪੁਸਤਕ ਪਹਿਲੀ ਵਾਰ ਲਾਲਾ

---

35 ਤਾਰਾ ਹਰਿ ਨਰੋਤਮ, ਸ੍ਰੀ ਗੁਰੁ ਤੀਰਥ ਸੰਗ੍ਰਹਿ, (ਪ੍ਰਕਾ.) ਸ੍ਰੀ ਮਹੰਤ ਸੁੱਚਾ ਸਿੰਘ ਜੀ ਸ੍ਰੀ ਨਿਰਮਲ ਪੰਚਾਇਤੀ ਅਖਾੜਾ, ਹਰਿਦਵਾਰ (ਕਨਖਲ), ਦੂਜੀ ਵਾਰ, ਮਈ 1975, ਪੰਨਾ 285.

36 ਗਿਆਨ ਸਿੰਘ (ਗਿਆਨੀ), ਪੰਥ ਪ੍ਰਕਾਸ਼, ਪੰਨੇ 732-734.

37 ਭਗਵਾਨ ਸਿੰਘ (ਭਾਈ), ਖਾਲਸਾ ਮਤ ਹੁਲਾਸ, (ਪ੍ਰਕਾ.) ਭਾਈ ਅਮਰ ਸਿੰਘ, ਮੈਨੇਜਰ ਖਾਲਸਾ ਏਜੰਸੀ, ਬਜਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ, ਸੰਮਤ ਨਾਨਕਸ਼ਾਹੀ ੪੪੦(1909), ਪੰਨੇ ੮੯-੯੦.

ਆਤਮ ਰਾਮ ਐਂਡ ਸਨਜ਼ ਐਜੂਕੇਸ਼ਨਲ ਪਬਲਿਸ਼ਰਜ਼, ਅਨਾਰਕਲੀ, ਲਾਹੌਰ ਤੋਂ ਪ੍ਰਕਾਸ਼ਿਤ ਕੀਤੀ ਗਈ ਸੀ ਅਤੇ ਫੇਰ ਇਹ ਪੁਸਤਕ ਲਾਹੌਰ ਬੁੱਕ ਸ਼ਾਪ, ਘੰਟਾਘਰ, ਲੁਧਿਆਣਾ ਵਲੋਂ ਵੀ ਪ੍ਰਕਾਸ਼ਿਤ ਕੀਤੀ ਗਈ ਸੀ।

'ਗੜਗੱਜ ਬੋਲੇ' ਟ੍ਰੈਕਟ ਨੰ. 300, ਜੋ ਛੋਟੀ ਪੁਸਤਕ ਦੇ ਰੂਪ ਵਿਚ ਖਾਲਸਾ ਟ੍ਰੈਕਟ ਸੁਸਾਇਟੀ, ਅੰਮ੍ਰਿਤਸਰ ਨੇ 1960 ਈ. ਵਿਚ ਛਪਾਇਆ ਸੀ, ਵਿਚ ਡਾਕਟਰ ਚਰਣ ਸਿੰਘ ਦੁਆਰਾ ਰਚਿਤ ਪੁਸਤਕ 'ਗੜਗੱਜ ਬੋਲੇ' ਦਾ ਹੂਬਹੂ ਉਤਾਰਾ ਹੈ। ਇਹ ਪੁਸਤਕ 1914 ਈ. ਵਿਚ ਛਾਪੀ ਗਈ ਸੀ।[38] ਇਸ ਕਰਕੇ ਕਹਿ ਸਕਦੇ ਹਾਂ ਕਿ ਸਭ ਤੋਂ ਪਹਿਲਾਂ ਖਾਲਸਈ ਬੋਲਿਆਂ 'ਤੇ ਲਿਖਣ ਦਾ ਕਾਰਜ ਡਾਕਟਰ ਚਰਣ ਸਿੰਘ ਨੇ ਕੀਤਾ ਸੀ। ਉਨ੍ਹਾਂ ਦੀ ਹੀ ਲਿਖਤ ਨੂੰ ਖਾਲਸਾ ਟ੍ਰੈਕਟ ਸੁਸਾਇਟੀ ਨੇ ਟ੍ਰੈਕਟ ਦੇ ਰੂਪ ਵਿਚ 1960 ਈ. ਵਿਚ ਛਪਵਾਇਆ। ਇਸ ਤੋਂ ਇਲਾਵਾ ਭਾਈ ਭਗਵਾਨ ਸਿੰਘ 'ਕਲਰਕ' ਨੇ 1979 ਈ. ਵਿਚ ਆਪਣੀ ਰਚਨਾ 'ਖਾਲਸਾ ਮਤ ਹੁਲਾਸ' ਵਿਚ ਗੜਗੱਜ ਬੋਲਿਆਂ ਦਾ ਕਾਵਿ ਰੂਪ ਵਿਚ ਵਰਨਣ ਕੀਤਾ ਹੈ। ਪ੍ਰੋ. ਪਿਆਰਾ ਸਿੰਘ ਪਦਮ ਨੇ 1997 ਈ. ਵਿਚ ਖਾਲਸਈ ਬੋਲਿਆਂ ਬਾਰੇ ਇਕ ਪੁਸਤਕ ਵੀ ਲਿਖੀ ਹੈ। ਬੁੱਢਾ ਦਲ ਦੇ ਲਿਖਾਰੀ ਕ੍ਰਿਪਾਲ ਸਿੰਘ ਨੇ 1983 ਈ. ਵਿਚ ਲਿਖੇ ਆਪਣੇ ਇਕ ਹੱਥ ਲਿਖਤ ਪਰਚੇ ਵਿੱਚ ਕੁਝ ਕੁ ਬੋਲਿਆਂ ਦਾ ਜ਼ਿਕਰ ਕੀਤਾ ਹੈ।[39] ਗੁਰੁਮਤ ਮਾਰਤੰਡ ਦੇ ਪਹਿਲੇ ਭਾਗ ਵਿਚ ਵੀ ਕੁਝ ਬੋਲੇ ਦਿੱਤੇ ਗਏ ਹਨ।[40] ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਵਲੋਂ ਪ੍ਰਕਾਸ਼ਿਤ ਪੰਥਕ ਸੰਪ੍ਰਦਾਈ ਗੁਰਬਾਣੀ ਉੱਚਾਰਣ ਬੋਧ (ਭਾਗ ਪਹਿਲਾ) ਵਿਚ ਵੀ ਨਿਹੰਗ ਸਿੰਘਾਂ ਦੇ ਕੁਝ ਕੁ ਬੋਲੇ ਦਿੱਤੇ ਗਏ ਹਨ।[41] ਬਾਕੀ ਸਾਹਿਤ ਵਿਚੋਂ ਕਿਧਰੇ-ਕਿਧਰੇ ਹੀ ਇਨ੍ਹਾਂ ਬੋਲਿਆਂ ਦਾ ਜ਼ਿਕਰ ਮਿਲਦਾ ਹੈ ਜਿਵੇਂ ਕਿ:

'ਮਦ ਕੋ ਛੋਡੇ ਉਚ ਰਹਤ, ਚੀਤੇ ਪੀਛੈ ਅੰਭ।'

---

[38] ਬਲਬੀਰ ਸਿੰਘ (ਡਾ.)(ਸੰਪਾ.), ਸ੍ਰੀ 'ਚਰਣਹਰਿ' ਵਿਸਥਾਰ, ਜਿਲਦ ੨, ਅਪ੍ਰੈਲ 1941, ਪੰਨਾ (ਸੂਚੀ ਪੱਤ੍ਰ)

[39] ਕ੍ਰਿਪਾਲ ਸਿੰਘ ਲਿਖਾਰੀ ਬੁੱਢਾ ਦਲ, ਨਿਹੰਗ ਸਿੰਘ, ਸਤੰਬਰ 1983, ਪੰਨਾ 5 (ਡਾ. ਗੰਡਾ ਸਿੰਘ ਰੈਂਫਰੈਂਸ ਲਾਇਬ੍ਰੇਰੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, File no. (GS). 677)

[40] ਕਾਨ੍ਹ ਸਿੰਘ ਨਾਭਾ (ਭਾਈ), ਗੁਰੁਮਤ ਮਾਰਤੰਡ, ਭਾਗ ਪਹਿਲਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਫਰਵਰੀ 2010, ਪੰਨੇ ੩੪੬- ੩੬੬.

[41] ਗੁਰਵਿੰਦਰ ਸਿੰਘ ਨੰਗਲੀ, ਪੰਥਕ ਸੰਪ੍ਰਦਾਈ ਗੁਰਬਾਣੀ ਉਚਾਰਣ ਬੋਧ, ਭਾਗ ਪਹਿਲਾ, ਸਿੰਘ ਸਾਹਿਬ ਜਥੇਦਾਰ ਬਾਬਾ ਗੱਜਣ ਸਿੰਘ ਜੀ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ, ਦਸੰਬਰ 2017, ਪੰਨੇ 102-107.

ਚੀਤੇ ਤੋਂ ਭਾਵ ਪਿਸ਼ਾਬ ਕਰਨਾ ਅਤੇ ਅੰਭ ਤੋਂ ਭਾਵ ਪਾਣੀ ਵਰਤਣ ਤੋਂ ਹੈ। ਨਿਹੰਗ ਸਿੰਘਾਂ ਦੇ ਬੋਲਿਆਂ ਵਿਚ ਪਿਸ਼ਾਬ ਕਰਨ ਨੂੰ 'ਚੀਤਾ ਭਜਾਉਣਾ' ਆਖਿਆ ਜਾਂਦਾ ਹੈ। ਇਸੇ ਤਰ੍ਹਾਂ ਹੀ ਸ਼ੌਚ ਜਾਣ ਨੂੰ 'ਕਾਵ੍ਹੇ ਬੈਠਣਾ' ਆਖਿਆ ਜਾਂਦਾ ਹੈ।[42]

### 4.2.6 ਖਾਲਸਈ ਬੋਲਿਆਂ ਦੀ ਗਿਣਤੀ:

ਪੰਜਾਬੀ ਭਾਸ਼ਾ ਨੇ ਕਈ ਦੂਜੀਆਂ ਭਾਸ਼ਾਵਾਂ ਦੇ ਸ਼ਬਦਾਂ ਨੂੰ ਆਪਣੇ ਵਿਚ ਸਮੋਇਆ ਹੋਇਆ ਹੈ। ਸੰਸਕ੍ਰਿਤ, ਫ਼ਾਰਸੀ ਅਤੇ ਅਰਬੀ ਭਾਸ਼ਾ ਦੇ ਸ਼ਬਦ ਵੀ ਪੰਜਾਬੀ ਭਾਸ਼ਾ ਵਿਚ ਮੌਜੂਦ ਹਨ ਜਿਵੇਂ: ਅਸ਼ਟ, ਅਸੁਰ, ਗਰਭ, ਵਿਘਨ, ਸ਼ਸਤਰ, ਅਫ਼ਸੋਸ, ਕਮਰਬੰਦ, ਖ਼ੁਰਾਕ, ਗੋਲਾ, ਗੋਸ਼ਤ, ਅੱਲਾ, ਇਮਾਨ, ਕਿਸਮਤ, ਤਖ਼ਤ, ਮਿਸਾਲ ਆਦਿ।[43] ਖਾਲਸਈ ਬੋਲਿਆਂ ਦੀ ਗਿਣਤੀ ਮੁਕੱਰਰ ਨਹੀਂ ਹੈ। ਸਮੇਂ ਦੇ ਬਦਲਾਅ ਨਾਲ ਇਨ੍ਹਾਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ ਪਰ ਇਸਦੇ ਨਾਲ ਹੀ ਕਈ ਪੁਰਾਤਨ ਬੋਲੇ ਸਾਡੀ ਰੋਜ਼ਾਨਾ ਦੀ ਬੋਲਚਾਲ ਵਿਚ ਨਾ ਬੋਲੇ ਜਾਣ ਕਾਰਨ ਅਲੋਪ ਵੀ ਹੋ ਚੁੱਕੇ ਹਨ ਅਤੇ ਸਿਰਫ਼ ਨਿਹੰਗ ਸਿੰਘਾਂ ਤੱਕ ਹੀ ਸੀਮਤ ਰਹਿ ਗਏ ਹਨ। ਕਿਰਪਾਲ ਸਿੰਘ ਅਤੇ ਖੜਕ ਸਿੰਘ ਨੇ ਨਿਹੰਗ ਸਿੰਘਾਂ ਦੀ ਗੁਪਤ ਭਾਸ਼ਾ ਦੇ 1000 ਤੋਂ ਵੱਧ ਸ਼ਬਦ ਦਸੇ ਹਨ।[44] ਡਾ. ਰਜਿੰਦਰ ਕੌਰ ਨੇ ਆਪਣੇ ਪੀਐਚ.ਡੀ ਦੇ ਸ਼ੋਧ ਪ੍ਰਬੰਧ (2010) ਵਿਚ ਲਗਭਗ 508 ਬੋਲਿਆਂ ਦਾ ਵਰਨਣ ਕੀਤਾ ਹੈ। ਸਮੇਂ ਦੇ ਬਦਲਾਅ ਨਾਲ ਨਿਹੰਗ ਸਿੰਘਾਂ ਵਲੋਂ ਬੋਲੇ ਸਹਿਜੇ ਹੀ ਘੜ ਲਏ ਜਾਂਦੇ ਹਨ ਇਸ ਲਈ ਇਨ੍ਹਾਂ ਦੀ ਨਿਸ਼ਚਿਤ ਗਿਣਤੀ ਲਿਖ ਸਕਣਾ ਮੁਸ਼ਕਿਲ ਹੈ।

### 4.2.7 ਸ਼ੈਲੀ:

ਬੁੱਲੇ ਸ਼ਾਹ ਨੇ ਨਿਹੰਗ ਸਿੰਘਾਂ ਨੂੰ 'ਭੂਰਿਆਂ ਵਾਲੇ' ਕਹਿ ਕੇ ਸੰਬੋਧਨ ਕੀਤਾ ਹੈ ਅਤੇ ਵਾਰਸ ਸ਼ਾਹ ਨੇ ਸਿੰਘਾਂ ਲਈ 'ਭੂਤ ਮੰਡਲੀ' ਸ਼ਬਦ ਵਰਤਿਆ ਹੈ।[45] ਖਾਲਸਈ ਬੋਲਿਆਂ ਦੀ ਸ਼ੈਲੀ ਇਹ ਸਿੱਧ ਕਰਦੀ ਹੈ ਕਿ

---

[42] ਕਾਵ੍ਹੇ ਬੈਠੇ ਸ੍ਰੀ ਸਾਹਿਬ ਪਾਸ ਰਖੇ, ਸੋ ਭੀ ਤਨਖਾਹੀਆ
ਪਿਆਰਾ ਸਿੰਘ ਪਦਮ (ਸੰਪਾ.), ਰਹਿਤਨਾਮੇ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਦਸਵੀਂ ਵਾਰ, ਅਗਸਤ 2015, ਪੰਨਾ 142.

[43] ਕਾਲਾ ਸਿੰਘ ਬੇਦੀ (ਡਾ.), ਪੰਜਾਬੀ ਭਾਸ਼ਾ ਵਿਗਿਆਨ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਫਰਵਰੀ 1971, ਪੰਨਾ 470.

[44] Kirpal Singh & Kharak Singh (Ed.), History of The Sikhs & Their Religion, Vol.I, Shiromani Gurdwara Prabandhak Committee, Sri Amritsar, Feb 2004, p. 408.

[45] ਪਿਆਰਾ ਸਿੰਘ ਪਦਮ (ਪ੍ਰੋ.), ਖਾਲਸਈ ਬੋਲੇ, ਪੰਨਾ 4.

'ਸਿੰਘ ਭਾਸ਼ਾ' ਪਤਵੰਤੇ ਪੁਰਸ਼ਾ ਦੀ ਭਾਸ਼ਾ ਰਹੀ ਹੈ ਜੋ ਕਿ ਉੱਚੇ ਸਭਿਆਚਾਰ ਦੀ ਪ੍ਰਤੀਕ ਹੈ।[46] ਇਹ ਬੋਲੇ ਪੰਜਾਬੀ ਮਾਂ ਬੋਲੀ ਨੂੰ ਖਾਲਸੇ ਦੀ ਇਕ ਅਦੁੱਤੀ ਦੇਣ ਹਨ। ਇਨ੍ਹਾਂ ਨਵੇਂ ਰਚੇ ਸ਼ਬਦਾਂ ਤੇ ਦੂਹਰੇ ਅਰਥਾਂ ਵਾਲੇ ਵਾਕਾਂ ਜਾਂ ਬੋਲਿਆਂ ਨੇ ਪੰਜਾਬੀ ਸਾਹਿਤ ਦੇ ਭੰਡਾਰ ਨੂੰ ਹੋਰ ਅਮੀਰ ਬਣਾਉਣ ਲਈ ਨਿੱਘਰ ਵਾਧਾ ਕੀਤਾ ਹੈ।[47] ਇਨ੍ਹਾਂ ਬੋਲਿਆਂ ਵਿਚ ਹਾਸ ਰਸ, ਵਿਅੰਗ, ਸੁਹਜ ਅਤੇ ਕਟਾਖ਼ ਵੀ ਸ਼ਾਮਿਲ ਹੈ।

### 4.3 ਮਨੋਵਿਗਿਆਨਿਕ ਅਧਿਐਨ:

ਮਨੁੱਖ ਆਪਣੇ ਇਰਦ ਗਿਰਦ ਦੀਆਂ ਵਸਤੂਆਂ ਸੰਬੰਧੀ ਜਾਣਕਾਰੀ ਹਾਸਿਲ ਕਰਨ ਲਈ ਉਤਸੁਕ ਰਹਿੰਦਾ ਹੈ, ਪਰ ਉਸਦੇ ਵਿਚਾਰ ਦਾ ਕੇਂਦਰ ਵਧੇਰੇ ਕਰਕੇ ਮਨੁੱਖ ਹੀ ਹੁੰਦਾ ਹੈ। ਉਹ ਵਧੇਰੇ ਮਨੁੱਖ ਦੇ ਸੰਦਰਭ ਵਿੱਚ ਹੀ ਵਿਚਾਰ ਕਰਦਾ ਹੈ। ਮਨੁੱਖ ਪ੍ਰਤੀ ਮਨੁੱਖ ਦੀ ਚਿੰਤਾ, ਸਮਝਣ-ਸਮਝਾਉਣ ਦੇਖਣ ਅਤੇ ਜਾਣਨ ਦੇ ਪ੍ਰਯਤਨ ਨੂੰ ਮਨੋਵਿਗਿਆਨਿਕ ਅਧਿਐਨ ਕਿਹਾ ਜਾਂਦਾ ਹੈ।[48] ਮਨੋਵਿਗਿਆਨੀ ਜਾਣਦੇ ਹਨ ਕਿ ਜੇਕਰ ਅਸਫਲ ਆਦਮੀ ਨੂੰ ਉਤਸ਼ਾਹ ਨਾ ਦੇਈਏ ਤਾਂ ਉਹ ਉਸ ਕੰਮ ਤੋਂ ਨਫਰਤ ਕਰਨ ਲੱਗ ਪੈਂਦਾ ਹੈ। ਇਸੇ ਲਈ ਨਿਹੰਗ ਸਿੰਘਾਂ ਨੇ ਹਰ ਛੋਟੇ ਤੋਂ ਛੋਟੇ ਕੰਮ ਦੇ ਵੱਡੇ-ਵੱਡੇ ਨਾਂ ਰਖੇ ਹੋਏ ਹਨ। ਡਿੱਗ ਪੈਣ ਵਾਲੇ ਨੂੰ ਆਖਦੇ ਹਨ ਕਿ 'ਤੂੰ ਤਾਂ ਛਾਲ ਮਾਰੀ ਹੈ।' ਇਸ ਤਰ੍ਹਾਂ 'ਡਿੱਗ ਡਿੱਗ ਕੇ ਸਵਾਰ ਹੁੰਦੇ ਹਨ', ਨਾਲੋਂ 'ਛਾਲ ਮਾਰੀ' ਵਧੇਰੇ ਮਨੋਵਿਗਿਆਨਿਕ ਅਤੇ ਉਤਸ਼ਾਹ ਭਰੂਪਰ ਕਥਨ ਹੈ।[49] ਜੇਕਰ ਰੋਟੀ-ਪਾਣੀ ਸਮਾਪਤ ਹੋ ਜਾਵੇ ਜਾਂ ਲੰਗਰ ਮੁੱਕ ਜਾਵੇ ਤਾਂ ਨਿਹੰਗ ਸਿੰਘ ਆਖਦੇ ਹਨ ਕਿ ਅੱਜ ਲੰਗਰ ਮਸਤਾਨੇ ਹਨ, ਭਾਵ ਸਮਾਪਤ ਹੋ ਗਿਆ। ਗਿਆਨੀ ਗਿਆਨ ਸਿੰਘ ਲਿਖਦੇ ਹਨ:

ਬਚੈ ਤ ਪੀਛੈ ਖੁਦ ਖਾ ਲੈਹੈਂ। ਨਹੀ ਤੁ ਲੰਗਰ ਮਸਤ ਬਤੈਹੈਂ।[50]

ਖਾਲਸਈ ਬੋਲਿਆਂ ਵਿਚ ਵਿਧਵਾ ਨਾਰੀ ਦੇ ਪੁਨਰ ਵਿਆਹ ਨੂੰ 'ਅਨੰਦ ਚਾਦ੍ਰਾ' ਆਖਦੇ ਹਨ।[51] ਵਿਧਵਾ ਨੂੰ ਇੱਜ਼ਤ ਅਤੇ ਮਾਨ-ਸਨਮਾਨ ਦੀ ਦ੍ਰਿਸ਼ਟੀ ਤੋਂ ਇਹ ਬੋਲਾ ਪ੍ਰਭਾਵਸ਼ਾਲੀ ਹੈ। ਜਿਸ ਪ੍ਰਕਾਰ ਚਾਦਰ

---

[46] ਵਰਿਆਮ ਸਿੰਘ (ਸੰਪਾ.), ਗੁਰਮਤਿ ਪ੍ਰਕਾਸ਼, ਅੰਕ 4, ਗੁਰਦੁਆਰਾ ਪ੍ਰਿਟਿੰਗ ਪ੍ਰੈਸ, ਰਾਮਸਰ ਰੋਡ, ਅੰਮ੍ਰਿਤਸਰ, ਜੁਲਾਈ 1985, ਪੰਨਾ 16.

[47] ਦਾਨ ਸਿੰਘ ਕੋਮਲ, ਮਰਜੀਵੜਾ ਖ਼ਾਲਸਾ ਪੰਥ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਅਗਸਤ 2003, ਪੰਨਾ 65.

[48] ਤਰਲੋਚਨ ਸਿੰਘ ਬਾਸੀ (ਡਾ.), ਪੰਜਾਬੀ ਨਾਵਲ ਦਾ ਮਨੋਵਿਗਿਆਨਿਕ ਅਧਿਐਨ (1947-1975), ਭਾਸ਼ਾ ਵਿਭਾਗ, ਪੰਜਾਬ, 1989, ਪੰਨੇ 18-19.

[49] ਚਮਕੌਰ ਸਿੰਘ (ਸੰਪਾ.), ਗੁਰਮਤਿ ਪ੍ਰਕਾਸ਼, ਜਿਲਦ ੪੭, ਅੰਕ ੧, ਅਪ੍ਰੈਲ 2003, ਪੰਨੇ ੫੮.

[50] ਗਿਆਨ ਸਿੰਘ (ਗਿਆਨੀ), ਪੰਥ ਪ੍ਰਕਾਸ਼, ਪੰਨਾ 728.

[51] ਰਾਮਨਰੈਣ ਸਿੰਘ ਸੋਢੀ (ਟਿੱਕਾ ਸਾਹਿਬ), ਸਿੱਖ ਧਰਮ ਖਾਲਸਾ ਪੰਥ ਦੀ ਬਿਵਸਥਾ ਅਰਥਾਤ ਖਾਲਸਾ ਧਰਮ ਸ਼ਾਸਤ੍ਰ ਦੀ ਪੂਰਬ ਮਿਮਾਂਸਾ, 1914, ਪੰਨਾ ੪੨੮.

ਪਾ ਕੇ ਕਿਸੇ ਨੂੰ ਕੱਜਿਆ ਜਾਂਦਾ ਹੈ ਉਸੇ ਪ੍ਰਕਾਰ 'ਅਨੰਦ ਚਾਦ੍ਰਾ' ਭਾਵ ਅਨੰਦ ਕਾਰਜ ਕਰਕੇ ਵਿਧਵਾ ਨੂੰ 'ਪਤੀ' ਰੂਪੀ ਚਾਦਰ ਮਿਲ ਪੈਂਦੀ ਹੈ। ਪ੍ਰਿੰਸੀਪਲ ਗੰਗਾ ਸਿੰਘ ਅਨੁਸਾਰ, "ਖਾਲਸਈ ਵਰਤੋਂ ਦਾ ਹਰ ਇਕ ਫਿਕਰਾ ਕੋਈ ਨਾ ਕੋਈ ਤਅੱਲਕ, ਇਸ ਕੌਮੀ ਉਸਾਰੀ ਨਾਲ ਰਖਦਾ ਹੈ, ਨਿਰਾਰਥ ਕੋਈ ਵੀ ਨਹੀਂ। ਇਹ ਗਲ ਵੱਖ ਹੈ ਕਿ ਅਸੀਂ ਉਸ ਦਾ ਸਹੀ ਮਤਲਬ ਸਮਝਣ ਵਿਚ ਟਪਲਾ ਖਾ ਗਏ ਹੋਈਏ।"[52] ਕੇਸ ਗੁਰੂ ਕੀ ਮੋਹਰ ਹਨ ਅਤੇ ਸਿੱਖ ਲਈ ਸਭ ਤੋਂ ਪਿਆਰੀ ਵਸਤੂ ਹੈ। ਕੰਘਾ ਵਾਹੁਣ ਤੋਂ ਬਾਅਦ ਚਿੱਟੇ ਕੇਸ ਚੁਗਣ ਨੂੰ ਹੀਰੇ ਚੁਗਣਾ ਆਖ ਕੇ ਕੇਸਾਂ ਪ੍ਰਤੀ ਸਤਿਕਾਰ ਵਿਅਕਤ ਕੀਤਾ ਗਿਆ ਹੈ। ਜਖ਼ਮਾਂ 'ਤੇ ਮਰਹਮ ਲਗਾਉਣ ਵਾਲਾ ਲੇਪ 'ਗੋਪਾਲ ਚੰਦਨ' ਦੀ ਨਿਆਈਂ ਹੈ। ਸ਼ੀਸ਼ੇ ਨੂੰ 'ਚੁਗਲ' ਆਖ ਦਿੱਤਾ ਜਾਂਦਾ ਹੈ ਕਿਉਂਕਿ ਨਿਹੰਗ ਸਿੰਘ ਅਕਸਰ ਸ਼ੀਸ਼ਾ ਦੇਖੇ ਤੋਂ ਬਿਨਾਂ ਹੀ ਦਸਤਾਰ ਸਜਾ ਲੈਂਦੇ ਹਨ। ਚੁਗਲੀ ਕਰ ਕੇ ਕੰਮ ਕਢਵਾਉਣ ਵਾਲੇ ਬੰਦੇ ਵਾਂਗ, ਸ਼ੀਸ਼ੇ ਵਿਚ ਦੇਖ ਕੇ ਸੌਖੇ ਹੀ ਦਸਤਾਰ ਸਜਾ ਲਈ ਜਾਂਦੀ ਹੈ। ਭਾਵ ਕਿ ਖਾਲਸਈ ਬੋਲਿਆਂ ਵਿਚ ਹਰ ਚੀਜ਼ ਦੇ ਨਾਂ ਉਸਦੇ ਗੁਣਾਂ ਤੋਂ ਵਧ ਕੇ ਰਖੇ ਗਏ ਹਨ। ਪ੍ਰੋ. ਪਿਆਰਾ ਸਿੰਘ ਪਦਮ ਨੇ ਖਾਲਸਈ ਬੋਲਿਆਂ ਦੁਆਰਾ ਸਿੰਘਾਂ ਦੇ ਆਚਰਣ ਦੇ ਹੇਠ ਲਿਖੇ ਪਹਿਲੂ ਉਜਾਗਰ ਕੀਤੇ ਹਨ:

1) ਚੜ੍ਹਦੀ ਕਲਾ (ਆਤਮ ਗੌਰਵ)
2) ਬੌਧਿਕਤਾ
3) ਸੁਹਜਾਤਮਿਕਤਾ
4) ਨਿਰਭੈਤਾ

ਇਨ੍ਹਾਂ ਪਹਿਲੂਆਂ ਨੂੰ ਹੀ ਆਧਾਰ ਬਣਾ ਕੇ ਇਨ੍ਹਾਂ ਬੋਲਿਆਂ ਬਾਰੇ ਵਿਸਥਾਰ ਪੂਰਵਕ ਵਰਨਣ ਇਸ ਪ੍ਰਕਾਰ ਹੈ:

### 4.3.1 ਚੜ੍ਹਦੀ ਕਲਾ (ਆਤਮ ਗੌਰਵ)

ਚੜ੍ਹਦੀ ਕਲਾ ਦਾ ਅਰਥ ਹੈ ਉੱਚਤਮ ਸ਼ਕਤੀ ਜਾਂ ਸਰਬ ਸ੍ਰੇਸ਼ਟ ਹੁਨਰਮੰਦੀ। ਖਾਲਸੇ ਦੀ ਵਿਸ਼ੇਸ਼ ਬੋਲੀ ਵਿਚ ਇਸਦਾ ਅਰਥ ਹੈ 'ਉੱਚੀ ਸੁਰਤਿ', 'ਬੁਲੰਦ ਹੌਂਸਲਾ' ਤੇ 'ਭਰੋਸੇਵਾਨ ਆਸ਼ਾਵਾਨਤਾ'।[53] 'ਸੁਰਤ ਦੀ ਬਲਵਾਨਤਾ' ਅਤੇ 'ਚੜ੍ਹਦੀ ਕਲਾ' ਦੀ ਪ੍ਰਵੇਸ਼ਤਾ ਹੀ ਸਿੱਖ ਵਿਚਾਰਧਾਰਾ ਦਾ ਮੂਲ ਜਾਪਦੀ ਹੈ। ਸਿੱਖ

---

[52] ਗੰਗਾ ਸਿੰਘ (ਪ੍ਰਿੰ.)(ਫਿਲਾਸਫਰ), ਸਿੱਖ ਧਰਮ ਫ਼ਿਲਾਸਫ਼ੀ, ਭਾਈ ਮੇਹਰ ਸਿੰਘ ਐਂਡ ਸਨਜ਼, ਬਜ਼ਾਰਾ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ, ਚੌਥੀ ਵਾਰ, ਜਨਵਰੀ, 1988, ਪੰਨਾ ੩੦੪.

[53] ਜਸਵੰਤ ਸਿੰਘ ਨੇਕੀ, ਗੁਰਮਤਿ ਮਨੋਵਿਗਿਆਨ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਤੀਜੀ ਵਾਰ, ਜੁਲਾਈ 2016, ਪੰਨਾ 135.

ਆਚਰਣ ਦਾ ਮੂਲ ਆਧਾਰ ਅਤੇ ਸਿੱਖ ਸ਼ਖਸੀਅਤ ਦਾ ਸਤਿਕਾਰ ਵੀ ਇਨ੍ਹਾਂ ਬੋਲਿਆਂ ਦੀ ਉਪਜ ਹੈ।[54] ਚੜ੍ਹਦੀ ਕਲਾ ਵਿਚ ਮਨੁੱਖ ਦਾ ਹਿਰਦਾ ਅਕਾਲ ਪੁਰਖ ਦੀ ਪ੍ਰਸੰਸਾ ਨਾਲ ਇਕਸੁਰ ਹੁੰਦਾ ਹੈ।[55] ਲਗਾਤਾਰ 50-60 ਵਰ੍ਹੇ ਬਨਵਾਸ ਦਾ ਜੀਵਨ ਗੁਜ਼ਾਰਦਿਆਂ, ਜ਼ਾਲਮਾਂ ਤੇ ਜਾਬਰਾਂ ਦੇ ਤਰ੍ਹਾਂ-ਤਰ੍ਹਾਂ ਦੇ ਤਸੀਹੇ ਸਹਾਰਦਿਆਂ, ਫਿਰ ਹਮਲਾਵਰਾਂ ਨਾਲ ਸਫ਼ਲ ਟਾਕਰੇ ਕਰਦਿਆਂ ਸਿੰਘਾਂ ਨੇ ਆਪਣੀ ਚੜ੍ਹਦੀ ਕਲਾ ਵਾਲੇ ਆਸ਼ੇ ਨੂੰ ਨਹੀਂ ਗੁਆਇਆ।

ਇਨ੍ਹਾਂ ਬੋਲਿਆਂ ਦੇ ਪਿਛੋਕੜ ਵਿਚ ਜਿੱਥੇ ਖੁਫੀਆ ਬੋਲੀ ਦੀ ਵਜ੍ਹਾ ਮੰਨੀ ਜਾਂਦੀ ਹੈ, ਉੱਥੇ ਸਿੰਘਾਂ ਦੀ ਚੜ੍ਹਦੀ ਕਲਾ ਵੀ ਇਸ ਦਾ ਪਿਛੋਕੜ ਮੰਨਿਆ ਜਾਂਦਾ ਹੈ।[56] ਚੜ੍ਹਦੀ ਕਲਾ ਵਿਚ ਰਹਿਣ ਲਈ ਨਿਹੰਗ ਸਿੰਘ ਇਕ ਦੂਜੇ ਨੂੰ ਵੀ ਹੱਲਾ ਸ਼ੇਰੀ ਦਿੰਦੇ ਹਨ। ਕਾਣੇ ਨੂੰ ਲੱਖ ਨੇਤਰਾ, ਟੁੰਡੇ ਨੂੰ ਲੱਖ ਬਾਹਾਂ, ਅੰਨ੍ਹੇ ਨੂੰ ਸੂਰਮਾ ਕਹਿ ਕੇ ਹੌਸਲਾ ਦਿੰਦੇ ਹਨ। ਝਾੜੂ ਮਾਰਨ ਵਾਲੇ ਨੂੰ 'ਸੂਬੇਦਾਰ ਜੀ' ਕਹਿ ਕੇ ਸਤਿਕਾਰਦੇ ਹਨ ਤਾਂ ਕਿ ਉਸਦੇ ਮਨ ਵਿਚ ਹੀਣ ਭਾਵਨਾ ਨਾ ਆਵੇ। ਇਕੱਲੇ ਸਿੰਘ ਨੂੰ ਸਵਾ ਲੱਖ ਜਾਂ ਫੌਜ ਆਖਕੇ ਸੰਬੋਧਨ ਕੀਤਾ ਜਾਂਦਾ ਹੈ। ਸਵਾ ਲੱਖ ਤੋਂ ਬਾਅਦ ਦੋ ਲੱਖ, ਤਿੰਨ ਲੱਖ। ਇਹ ਗਿਣਤੀ ਦਸ ਲੱਖ ਤੱਕ ਚਲਦੀ ਹੈ। ਦਸ ਤੋਂ ਬਾਅਦ ਫੇਰ ਗਿਣਤੀ ਸਮਾਪਤ ਕਰਕੇ 'ਬੇਅੰਤ' ਆਖਦੇ ਹਨ।[57] ਸਰੀਰ ਨੂੰ ਨਾਸ਼ਵਾਨ ਸਮਝਦੇ ਹੋਏ ਨਿਹੰਗ ਸਿੰਘ ਸਰੀਰ ਨੂੰ ਮੜੋਲੀ, ਪ੍ਰਾਣੀ ਦੇ ਮਰ ਜਾਣ 'ਤੇ ਪਾਏ ਜਾਂਦੇ ਸਿਆਪੇ ਨੂੰ ਮਾਰੂ ਰਾਗ ਆਖਦੇ ਹਨ। ਕੋਈ ਬੰਦਾ ਮਰ ਜਾਂਦਾ ਤਾਂ ਜੈਕਾਰੇ ਗਜਾਉਂਦੇ ਹੋਏ ਆਖਦੇ ਕਿ ਚੜ੍ਹਾਈ ਕਰ ਗਿਆ, ਗੁਰੂ ਦੀ ਅਮਾਨਤ ਗੁਰੂ ਕੋਲ ਚਲੀ ਗਈ ਹੈ।[58] ਇਸੇ ਕਰਕੇ ਸਿੰਘ, ਸ਼ਰੀਰ ਨੂੰ ਨਾਸ਼ਮਾਨ ਜਾਣ ਕੇ ਸ਼ਹੀਦੀ ਪਾਉਣ ਨੂੰ ਤਿਆਰ ਰਹਿੰਦੇ ਸਨ।

ਚੜ੍ਹਦੀ ਕਲਾ ਉਕਤੀ ਦੀ ਸਿਰਜਨਾ ਪਿੱਛੇ ਬਾਬਾ ਬੰਦਾ ਸਿੰਘ ਬਹਾਦਰ ਦੇ ਯੁੱਧ ਪਰਾਕ੍ਰਮ ਤੋਂ ਬਾਅਦ ਸੰਕਟ ਅਤੇ ਜ਼ੁਲਮ ਵਿਚ ਗ੍ਰਸੇ ਸਿੱਖ ਸਮਾਜ ਦੀ ਮਾਨਸਿਕਤਾ ਨੂੰ ਚੜ੍ਹਦੀ ਕਲਾ ਪ੍ਰਦਾਨ ਕਰਨ ਦੀ

---

[54] ਹਰਨਾਮ ਸਿੰਘ ਸ਼ਾਨ (ਡਾ.), ਚੜ੍ਹਦੀ ਕਲਾ ਅਤੇ ਚੜ੍ਹਦੀ ਕਲਾ ਦੇ ਪੁੰਜ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2001, ਪੰਨਾ 17.

[55] ਜਸਵੰਤ ਸਿੰਘ ਨੇਕੀ, ਗੁਰਮਤਿ ਮਨੋਵਿਗਿਆਨ, ਪੰਨਾ 135.

[56] ਹਰਜਿੰਦਰ ਸਿੰਘ ਦਿਲਗੀਰ (ਡਾ.), ਸਿੱਖ ਕਲਚਰ, (ਪ੍ਰਕਾ.) ਲੇਖਕ ਆਪ, ਡੈਨਮਾਰਕ, 1994, ਪੰਨਾ 108.

[57] ਸੁਰਜੀਤ ਖ਼ੁਰਸ਼ੀਦੀ, ਪੰਜਾਬੀ ਸ਼ਬਦਾਰਥ ਦੀ ਰੂਪ ਰੇਖਾ, ਪ੍ਰਾਗਰੈਸਿਵ ਬੁਕ ਸੈਂਟਰ, ਜਲੰਧਰ, ਫਰਵਰੀ, 1973, ਪੰਨਾ 105.

[58] ਹਰਨਾਮ ਦਾਸ ਉਦਾਸੀ, ਗਗਨ ਦਮਾਮਾ ਬਾਜਿਓ, ਪੰਨਾ 60.

ਭਾਵਨਾ ਪ੍ਰਤੀਤ ਹੁੰਦੀ ਹੈ।[59] ਇਸ ਤਰ੍ਹਾਂ ਖਾਲਸਈ ਬੋਲੇ ਮਨੁੱਖ ਵਿਚ ਹਾਂ-ਪੱਖੀ ਰਵੱਈਆ ਬਣਾਈ ਰਖਣ ਲਈ ਉਤਸ਼ਾਹਿਤ ਕਰਦੇ ਹਨ।

### 4.3.2 ਬੋਧਿਕਤਾ:

ਸਮੇਂ ਦੀ ਜ਼ਾਲਮ ਸਰਕਾਰ ਦੁਆਰਾ ਲਗਾਈਆਂ ਪਾਬੰਦੀਆਂ ਕਾਰਨ ਸਿੱਖਾਂ ਨੇ ਗੁਰਮੁਖੀ ਨੂੰ ਹੀ ਆਪਣੀ ਵਿੱਦਿਆ ਦਾ ਆਧਾਰ ਬਣਾਇਆ। ਇਕ ਸਿੱਖ, ਦੂਜੇ ਸਿੱਖ ਨੂੰ ਗੁਰਮੁਖੀ ਅੱਖਰ ਸਿਖਾ ਦਿੰਦਾ ਸੀ। ਸਿਰਫ਼ ਨਿੱਤਨੇਮ ਦੀ ਸੰਥਿਆ ਲੈ ਕੇ ਹੀ ਇਨ੍ਹਾਂ ਨੇ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ ਪਰ ਐਸੇ ਹਾਲਾਤਾਂ ਦੇ ਬਾਵਜੂਦ ਵੀ ਜੋ ਸਿੰਘਾਂ ਨੇ ਸੰਕੇਤਕ ਸ਼ਬਦਾਵਲੀ ਘੜੀ ਸੀ, ਉਸ ਤੋਂ ਉਨ੍ਹਾਂ ਦੀ ਬੋਧਿਕਤਾ ਦਾ ਪਤਾ ਲਗਦਾ ਹੈ। ਦਾਤਣ ਨੂੰ ਮੁਖ ਮਾਂਜਣਾ, ਮਿਰਚ ਨੂੰ ਲੜਾਕੀ, ਲੂਣ ਨੂੰ ਸਰਬਰਸ, ਭੂਤ ਨੂੰ ਰੰਘੜ ਕਹਿਣਾ ਉਨ੍ਹਾਂ ਦੀ ਬੋਧਿਕਤਾ ਦਾ ਹੀ ਪ੍ਰਗਟਾਵਾ ਹੈ। ਕਿਉਂਕਿ ਦਾਤਣ ਨਾਲ ਮੂੰਹ ਦੀ ਸਫਾਈ ਹੁੰਦੀ ਹੈ, ਇਸ ਲਈ ਦਾਤਣ ਦਾ ਨਾਂ ਮੁਖ ਮਾਂਜਣਾ ਰਖਿਆ। ਲੂਣ ਐਸਾ ਪਦਾਰਥ ਹੈ ਜੋ ਸਾਰੇ ਪਕਵਾਨਾਂ ਵਿਚ ਸਵਾਦ ਪੈਦਾ ਕਰ ਦਿੰਦਾ ਹੈ। ਇਸ ਲਈ ਲੂਣ ਨੂੰ ਸਰਬ ਰਸ ਦਾ ਨਾਂ ਦੇਣਾ ਖਾਲਸੇ ਦੀ ਬੋਧਿਕਤਾ ਨੂੰ ਦਰਸਾਉਂਦਾ ਹੈ।

ਪੀਲੂ ਨੂੰ 'ਮੇਵੇ', ਬੋਲਣ ਨੂੰ 'ਗਰਜਣਾ', ਦਮੜੀ ਨੂੰ 'ਰੁਪਈਆ'। ਇਸ ਦੇ ਉਲਟ ਰੁਪਈਏ ਨੂੰ 'ਛਿੱਲੜ' ਸਮਝਿਆ ਜਾਂਦਾ। ਉਨ੍ਹਾਂ ਲਈ ਦੁੱਖ, ਬਿਪਤਾ ਜਿਹੇ ਸ਼ਬਦ ਹੀ ਉੱਡ ਗਏ ਸਨ। ਗਰੀਬੀ ਤੇ ਮੁਸ਼ਕਿਲਾਂ ਨੇ ਉਨ੍ਹਾਂ ਨੂੰ ਇਕ ਦੂਜੇ ਨਾਲ ਜੋੜਨ ਦਾ ਕੰਮ ਕੀਤਾ।[60] 'ਹਜ਼ੂਰੀ ਸਾਥੀ' ਵਿਚ ਅਕਾਲੀ ਕੌਰ ਸਿੰਘ ਨਿਹੰਗ ਨੇ 'ਰੱਸਿਆਂ' ਨੂੰ 'ਵੀਲੰਗੜੇ' ਆਖਿਆ ਹੈ।[61] ਨੌਕਰੀ ਵਿਚ ਤਨਖਾਹ (ਤਲਬ) ਮਜ਼ਦੂਰੀ ਲੈਣੀ ਹੈ ਪਰ ਗੁਰੂ ਖਾਲਸੇ ਦੀ ਤਨਖਾਹ (ਡੰਡ-ਸਜ਼ਾ) ਹੈ, ਮਾਇਆ ਮਜ਼ਦੂਰੀ ਦੇਣੀ ਨਹੀਂ, ਸਗੋਂ ਤਨਖਾਹ ਲਾਉਣੀ ਭਾਵ ਸਜ਼ਾ ਵਜੋਂ ਕੋਈ ਵੀ ਦੰਡ ਜੋ ਗੁਰਮਤਿ ਅਨੁਸਾਰ ਹੋਵੇ ਜਿਵੇਂ ਕਿ ਅਖੰਡ ਪਾਠ, ਗੁਰਬਾਣੀ ਦਾ ਪਾਠ ਕਰਨਾ, ਸੰਗਤ ਦੇ ਜੂਠੇ ਬਰਤਨ ਮਾਂਜਣੇ, ਜੋੜਿਆਂ ਦੀ ਸੇਵਾ, ਝਾੜੂ ਦੀ ਸੇਵਾ, ਦਰੀਆਂ ਵਿਛਾਉਣ ਦੀ ਜਾਂ ਦਾਤਣਾਂ ਲਿਆ ਕੇ ਸੰਗਤ ਵਿਚ ਵੰਡਣੀਆਂ ਆਦਿ।[62]

---

[59] ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਦੂਜਾ, ਪੰਨਾ 861.

[60] ਜਗਜੀਤ ਸਿੰਘ, ਸਿੱਖ ਇਨਕਲਾਬ, ਬਾਹਰੀ ਪਬਲੀਕੇਸ਼ਨਜ਼ ਪ੍ਰਾਈਵੇਟ ਲਿਮਟਿਡ, ਨਵੀਂ ਦਿੱਲੀ, ਅਪ੍ਰੈਲ 1982, ਪੰਨੇ 221-222.

[61] ਕੌਰ ਸਿੰਘ ਨਿਹੰਗ (ਅਕਾਲੀ), ਹਜ਼ੂਰੀ ਸਾਥੀ, ਅਕਾਲੀ ਪਤ੍ਰਕਾ ਪ੍ਰੈਸ, 9 ਬ੍ਰਾਂਡਰਥ ਰੋਡ, ਲਾਹੌਰ, 1934, ਪੰਨਾ 151.

[62] ਕ੍ਰਿਪਾਲ ਸਿੰਘ ਵੜੈਚ (ਗਿਆਨੀ), ਦੋ ਗੁਰਸਿਖ ਨਿਰਮੋਲਕ ਹੀਰੇ, ਪੰਨਾ 442.

#### 4.3.3 ਸੁਹਜਾਤਮਿਕਤਾ:

ਖਾਲਸੇ ਦੇ ਬੋਲਿਆਂ ਤੋਂ ਸੁਹਜ ਦਾ ਪ੍ਰਗਟਾਵਾ ਸਹਿਜੇ ਹੀ ਹੋ ਜਾਂਦਾ ਹੈ। ਸਾਧਾਰਨ ਚੀਜਾਂ ਦੇ ਨਾਮ ਵੀ ਖਾਲਸੇ ਨੇ ਬਹੁਤ ਸੁਹਜ ਢੰਗ ਨਾਲ ਰਖੇ ਹੋਏ ਸਨ ਜਿਵੇਂ ਕਿ ਦਸਤਾਰ ਬੰਨ੍ਹਣ ਨੂੰ ਦਸਤਾਰ ਸਜਾਉਣਾ, ਤਲਵਾਰ ਨੂੰ ਸ੍ਰੀ ਸਾਹਿਬ, ਜੁੱਤੀ ਨੂੰ ਚਰਨਦਾਸੀ ਆਦਿ। 'ਸਮੇਤ' ਸ਼ਬਦ ਦੀ ਥਾਂ 'ਪ੍ਰਯੰਤ' ਵਧੇਰੇ ਖ਼ੂਬਸੂਰਤ ਜਾਪਦਾ ਹੈ। ਉਸ ਦੇ 'ਸੰਬੰਧ' ਦੀ ਥਾਂ 'ਤੇ ਉਸ ਦੇ 'ਪ੍ਰਥਾਇ' ਕਹਿਣਾ ਵਧੇਰੇ ਸੁਹਜ ਜਾਪਦਾ ਹੈ। ਸਿੰਘ ਦੋ ਵੀ ਇਕੱਠੇ ਹੋ ਕੇ ਤੁਰ ਪੈਣ ਤਾਂ ਜਥਾ ਬਣ ਜਾਂਦਾ ਹੈ।[63] ਕਿੱਕਰ ਜਾਂ ਬਬੂਲ ਦੀ ਦਾਤਣ ਨੂੰ 'ਸਦਾ ਗੁਲਾਬ' ਆਖ ਕੇ ਸੁਹਜਾਤਮਿਕਤਾ ਦਰਸਾਈ ਗਈ ਹੈ। ਗਲ ਵਿਚ ਪਾਏ ਪਰਨੇ ਨੂੰ 'ਹਜ਼ੂਰੀਆ' ਆਖਿਆ ਜਾਂਦਾ ਹੈ। ਅਖੰਡ ਪਾਠ ਸਾਹਿਬ ਵੇਲੇ ਕੱਪੜੇ ਨਾਲ ਮੂੰਹ ਢੱਕ ਕੇ ਪਾਠ ਕਰਨ ਨੂੰ 'ਚਿਹਰਾ ਸਜਾਉਣਾ' ਆਖਦੇ ਹਨ। ਬ੍ਰਹਮ ਮਹੂਰਤ ਨੂੰ 'ਅੰਮ੍ਰਿਤ ਵੇਲਾ' ਆਖਿਆ ਜਾਂਦਾ ਹੈ। ਇਸੇ ਤਰ੍ਹਾਂ ਬੱਕਰੀ ਲਈ 'ਅਕਾਸ਼ਪਰੀ', ਸੁੱਖੇ ਲਈ 'ਸ਼ਹੀਦੀ ਦੇਗ' ਅਤੇ ਛੋਲਿਆਂ ਨੂੰ 'ਬਦਾਮ' ਆਖਿਆ ਜਾਂਦਾ ਹੈ।

ਗੁਰਸਿੱਖ ਇਹ ਨਹੀਂ ਕਹਿੰਦਾ ਕਿ ਅਮਕਾ ਜਾਂ ਫਲਾਣਾ ਬੰਦਾ ਮਰ ਗਿਆ ਹੈ ਸਗੋਂ ਕਹਿੰਦਾ ਹੈ ਕਿ 'ਫ਼ਤਹਿ ਗਜਾ ਗਿਆ ਹੈ', 'ਚੜ੍ਹਾਈ ਕਰ ਗਿਆ ਹੈ','ਅਕਾਲ ਚਲਾਣਾ ਕਰ ਗਿਆ ਹੈ' ਜਾਂ 'ਗੁਰਪੁਰੀ ਸਿਧਾਰ ਗਿਆ ਹੈ'।[64] ਕਿਸੇ ਭੈ ਭੀਤ ਗੱਲ ਜਿਵੇਂ ਮੌਤ, ਬਿਮਾਰੀ ਅਤੇ ਹੋਰ ਭੈੜੀ ਗੱਲ ਨੂੰ ਦਰਸਾਉਣ ਵਾਲੇ ਸ਼ਬਦ ਦਾ ਉਚਾਰਨ ਆਮ ਕਰਕੇ ਨਹੀਂ ਕੀਤਾ ਜਾਂਦਾ ਸਗੋਂ ਉਸਨੂੰ ਖੁਸ਼ ਬੋਲਿਆਂ ਰਾਹੀਂ ਘੱਟ ਭੈ ਭੀਤ ਬਣਾ ਕੇ ਦਰਸਾਇਆ ਜਾਂਦਾ ਹੈ।[65] ਹਰ ਇਕ ਬੋਲੇ ਪਿੱਛੇ ਕੋਈ ਨਾ ਕੋਈ ਤਰਕ, ਸੁਹਜ ਜਾਂ ਵਿਸ਼ੇਸ਼ ਗੱਲ ਬਣੀ ਹੋਈ ਹੈ ਜਿਸ ਨਾਲ ਨਿਹੰਗ ਸਿੰਘਾਂ ਨੇ ਇਹ ਬੋਲੇ ਇਜ਼ਾਦ ਕੀਤੇ।

#### 4.3.4 ਨਿਰਭੈਤਾ:

ਸਿੱਖ ਇਤਿਹਾਸ ਵਿਚ ਕਿਸੇ ਵੀ ਸਿੱਖ ਨੇ ਈਨ ਨਹੀਂ ਮੰਨੀ ਅਤੇ ਨਾ ਹੀ ਆਪਣਾ ਧਰਮ ਤਿਆਗਿਆ। ਸਿੰਘ ਨਿਰਭੈ ਹੋ ਕੇ ਜ਼ਾਲਿਮ ਸਰਕਾਰ ਸਾਹਮਣੇ ਗੱਜ ਕੇ ਜੈਕਾਰਾ ਲਗਾਉਂਦੇ ਸਨ। ਪਿਆਰਾ ਸਿੰਘ ਪਦਮ ਅਨੁਸਾਰ, "ਖਾਲਸਈ ਬੋਲਿਆਂ ਵਿਚ ਸਰਕਾਰ ਦੇ ਅਹੁਦਿਆਂ ਬਾਰੇ ਕਈ ਕਟਾਖ਼ਮਈ ਸੰਕੇਤ

---

63 ਗੰਗਾ ਸਿੰਘ (ਪ੍ਰਿੰ.)(ਫਿਲਾਸਫਰ), ਸਿੱਖ ਧਰਮ ਫ਼ਿਲਾਸਫ਼ੀ, ਪੰਨਾ ੨੩੯(ਫੁਟਨੋਟ).

64 ਰੂਪ ਸਿੰਘ (ਸੰਪਾ.), ਸਿੱਖ ਸੰਕਲਪ ਸਿਧਾਂਤ ਤੇ ਸੰਸਥਾਵਾਂ, ਪੰਨਾ 488.

65 ਸੁਰਜੀਤ ਖ਼ੁਰਸ਼ੀਦੀ, ਪੰਜਾਬੀ ਸ਼ਬਦਾਰਥ ਦੀ ਰੂਪ ਰੇਖਾ, ਪੰਨੇ 134-135.

ਮਿਲਦੇ ਹਨ। ਇਨ੍ਹਾਂ ਤੋਂ ਸਿੰਘਾਂ ਦੀ ਨਿਰਭੈਤਾ ਤੇ ਦਲੇਰੀ ਦਾ ਪਤਾ ਲਗਦਾ ਹੈ ਕਿ ਉਹ ਇਨ੍ਹਾਂ ਸਰਕਾਰੀ ਅਹੁਦੇਦਾਰਾਂ ਨੂੰ ਕੁਝ ਨਹੀਂ ਸੀ ਸਮਝਦੇ। ਪੈਸੇ ਉਨ੍ਹਾਂ ਲਈ 'ਛਿੱਲੜ' ਸੀ ਤੇ ਸ਼ਾਹੀ ਜਾਗੀਰ 'ਟੁੱਕੜ।'"[66] ਮੌਤ ਨੂੰ ਮਖੌਲ ਕਰਨ ਵਾਲੇ ਸਿੰਘਾਂ ਨੇ ਮੁਸੀਬਤ ਦਾ ਨਾਮ 'ਸੁਰਗ' ਰਖਿਆ ਹੋਇਆ ਹੈ।[67] ਇਸ ਤੋਂ ਇਲਾਵਾ ਖਾਲਸਈ ਬੋਲਿਆਂ ਦੇ ਕੁਝ ਹੋਰ ਪੱਖ ਵੀ ਹਨ ਜਿਵੇਂ:

### 4.3.5 ਵਿਲੱਖਣਤਾ:

ਖਾਲਸਾ ਸਾਜਣ ਦੀ ਘਟਨਾ ਤੋਂ ਲੈਕੇ ਖਾਲਸੇ ਦੀ ਰਹਿਤ ਮਰਯਾਦਾ ਅਤੇ ਜੀਵਣ ਜੀਊਣ ਦੇ ਢੰਗ ਤੱਕ ਸਭ ਕੁਝ ਵਿਲੱਖਣ ਹੈ। ਇਸੇ ਵਿਲੱਖਣਤਾ ਵਿਚੋਂ ਖਾਲਸਈ ਬੋਲੇ ਆਪਣਾ ਵਿਸ਼ੇਸ਼ ਸਥਾਨ ਰਖਦੇ ਹਨ। ਡਾ. ਜੋਗਾ ਸਿੰਘ ਅਨੁਸਾਰ, "ਬੋਲਿਆਂ ਦੀ ਭਾਖਾ ਦੀ ਵਿਲੱਖਣ ਸੁਰ ਦਰਸਾਉਂਦੀ ਹੈ ਕਿ ਖਾਲਸੇ ਦੀ ਚੇਤਨਤਾ ਸੀ ਕਿ ਕਿਸੇ ਵਿਲੱਖਣ ਸਮਾਜਿਕ ਲਹਿਰ ਲਈ ਵਿਲੱਖਣ ਚਿੰਨ੍ਹਾਂ ਦਾ ਹੋਣਾ ਅਵੱਸ਼ਕ ਹੈ ਅਤੇ ਇਨ੍ਹਾਂ ਚਿੰਨ੍ਹਾਂ ਵਿਚ ਭਾਖਾਈ ਚਿੰਨ੍ਹ ਵੀ ਸ਼ਾਮਿਲ ਹਨ।"[68] ਖਾਲਸਾ ਸਮਕਾਲੀ ਸਮਾਜਿਕ ਧਾਰਾਵਾਂ (ਹਿੰਦੂ ਅਤੇ ਇਸਲਾਮ ਧਾਰਾਵਾਂ) ਨਾਲੋਂ ਆਪਣੀ ਨਿਵੇਕਲੀ ਪਛਾਣ ਪ੍ਰਤੀ ਜਾਗਰੂਕ ਸੀ ਜਿਸ ਕਰਕੇ ਖਾਲਸੇ ਨੇ ਆਪਣੀ ਭਾਖਾ ਨੂੰ ਵੀ ਵਿਲੱਖਣ ਰੰਗਤ ਦਿੱਤੀ ਅਤੇ ਆਪਣੇ ਸੰਚਾਰ ਨੂੰ ਗੁਪਤ ਰਖਣ ਲਈ ਇਹ ਨਵੇਂ ਸ਼ਬਦ ਘੜੇ ਗਏ।[69]

### 4.3.6 ਕਟਾਖ਼ਮਈ ਸੁਰ:

ਬੋਲਿਆਂ ਦੀ ਭਾਖਾ ਦਾ ਸੁਰ ਕਟਾਖ਼ਮਈ ਹੈ ਜਿਵੇਂ: ਸ਼ਰਾਬ ਲਈ 'ਗੰਗਾਜਾਲ', ਮੁਰਗੇ ਨੂੰ 'ਕਾਜ਼ੀ', ਛੋਲਿਆਂ ਲਈ 'ਬਦਾਮ' ਆਦਿ। ਜੇਕਰ ਕੋਈ ਸਿੰਘ ਪਖਾਨੇ ਜਾ ਕੇ ਆਇਆ ਹੋਵੇ ਤਾਂ ਆਖਦੇ ਹਨ ਕਿ ਕਾਜ਼ੀ ਨੂੰ ਰਸਦਾਂ ਦੇ ਕੇ ਆਇਆ ਹੈ:

ਚਲੋ ਮੈਦਾਨੀ ਕਾਬੇ ਹੋਈਏ। ਰਸਤ ਕਾਂਜੀਆਂ ਕੋ ਦੈ ਅਈਏ।[70]

ਬੋਲਿਆਂ ਦੀ ਕਟਾਖ਼ਮਈ ਸੁਰ ਦਾ ਦੂਜਾ ਭਾਵ ਖਾਲਸੇ ਦੀ ਹਮਲਾਵਰ (ਹਾਂ ਪੱਖੀ ਅਰਥਾਂ ਵਿਚ) ਅਵਸਥਾ ਹੈ। ਇਹ ਕਟਾਖ਼ਮਈ ਸੁਰ ਰਖਿਆਤਮਕ ਬਿਰਤੀ ਦੇ ਉਲਟ ਹਮਲਾਵਰ ਬਿਰਤੀ ਨੂੰ ਦਰਸਾਉਂਦਾ

---

66 ਪਿਆਰਾ ਸਿੰਘ ਪਦਮ, ਪ੍ਰੋ., ਖਾਲਸਈ ਬੋਲੇ, ਪੰਨਾ9.

67 ਚਮਕੌਰ ਸਿੰਘ (ਸੰਪਾ.), ਗੁਰਮਤਿ ਪ੍ਰਕਾਸ਼, ਗੁਰਮਤਿ ਪ੍ਰਕਾਸ਼, ਅੰਕ 1, ਜਿਲਦ 47, ਅਪ੍ਰੈਲ 2003, ਪੰਨਾ 54.

68 ਅਜਮੇਰ ਸਿੰਘ (ਡਾ.)(ਸੰਪਾ.), ਖੋਜ ਪਤ੍ਰਿਕਾ, ਪ੍ਰਗਟਯੋ ਖਾਲਸਾ ਵਿਸ਼ੇਸ਼ ਅੰਕ, ਅੰਕ 48, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸਤੰਬਰ 1998, ਪੰਨਾ 98.

69 ਉਹੀ, ਪੰਨਾ 96.

70 ਗਿਆਨ ਸਿੰਘ (ਗਿਆਨੀ), ਪੰਥ ਪ੍ਰਕਾਸ਼, ਪੰਨਾ 641.

ਹੈ। ਬੋਲਿਆਂ ਵਿਚ ਕਟਾਖ਼ਮਈ ਸੁਰ ਖਾਲਸੇ ਦੀ ਨਿਰਵੈਰ ਬਿਰਤੀ ਨੂੰ ਵੀ ਰੂਪਮਾਨ ਕਰਦਾ ਹੈ।[71] ਇਸੇ ਤਰ੍ਹਾਂ ਬੀੜੀ ਜਾਂ ਹੁੱਕਾ ਪੀਣ ਵਾਲੇ ਨੂੰ ਆਖਦੇ ਹਨ ਕਿ ਗਧੀ ਚੁੰਘ ਰਿਹਾ ਹੈ। ਖਾਲਸੇ ਦੁਆਰਾ ਤੁਰਕਾਂ ਪ੍ਰਤੀ ਬਹੁਤ ਕਟਾਖ਼ਮਈ ਸੁਰ ਸਨ ਜੋ ਬੋਲਿਆਂ ਵਿਚੋਂ ਦਿਖਾਈ ਦਿੰਦੇ ਹਨ:

ਸੁਖ ਨਿਧਾਨ ਛਕ ਮਾਰੈਂ ਨੁਗਦਾ। ਕਹੈਂ ਜਾਹ ਜੜ ਤੁਰਕਨ ਚੁਗਦਾ।[72]

ਜੂਤੇ ਝਾੜ ਤਲੇ ਫੜਕਾਵੈਂ। ਕਹੈਂ ਪਠਾਨਨ ਮੂੰਡ ਭਿੜਾਂਵੈਂ।[73]

ਰੁੱਪੇ ਭੰਨ ਕਹੈਂ ਸਿਰ ਮੁਗਲਨ।[74]

ਤੁਰਕਾਂ ਦੇ ਸਿਰ 'ਤੇ ਸ਼ਹੀਦੀ ਦੇਗਾਂ ਦਾ ਨੁਗਦਾ ਮਾਰਦੇ ਸਨ। ਜਦੋਂ ਜੁੱਤੀਆਂ ਝਾੜਦੇ ਸਨ ਤਾਂ ਆਖਦੇ ਸਨ ਕਿ ਪਠਾਣਾਂ ਦੇ ਸਿਰ ਆਪਸ ਵਿਚ ਭਿੜਾ ਰਹੇ ਹਾਂ। ਪਿਆਜ ਨੂੰ ਭੰਨਣ ਵੇਲੇ ਮੁਗਲਾਂ ਦੇ ਸਿਰ ਭੰਨਣ ਨਾਲ ਸੰਗਿਆ ਦਿੱਤੀ ਜਾਂਦੀ ਸੀ। ਬਿਨਾਂ ਕਛਹਿਰੇ ਤੋਂ ਨੰਗੇ ਹੀ ਕੀਤਾ ਇਸ਼ਨਾਨ ਮੁਹੰਮਦੀ ਇਸ਼ਨਾਨ ਅਖਵਾਉਂਦਾ ਹੈ।[75]

### 4.3.7 ਸਾਕਾਰਾਤਮਕ ਸੁਰ:

ਬੋਲਿਆਂ ਵਿਚ ਜਿੱਥੇ ਕਟਾਖ਼ਮਈ ਸੁਰ ਹਨ ਉੱਥੇ ਕਈ ਸਾਕਾਰਾਤਮਕ ਸੁਰ ਵੀ ਹਨ ਜਿਸ ਵਿਚ ਵਡਿਆਉਣ ਵਾਲੇ ਪ੍ਰਗਟਾਵਾਂ ਦੀ ਵਰਤੋਂ ਕਰਕੇ ਬਿੰਬਤ ਕੀਤਾ ਗਿਆ ਹੈ। ਚਿਤਾ ਲਈ 'ਅੰਗੀਠਾ', ਕਿੱਕਰ ਲਈ 'ਸਦਾ ਗੁਲਾਬ', ਥੋੜੇ ਲਈ 'ਸਵਾਇਆ', ਟੁੱਟੀ ਛੰਨ ਲਈ 'ਸ਼ੀਸ਼ ਮਹੱਲ, ਆਦਿ ਸ਼ਬਦ ਖਾਲਸੇ ਦੀ ਵਡਿਆਉਣ ਅਤੇ ਹਾਂ ਪੱਖੀ ਮਾਨਸਿਕਤਾ ਨੂੰ ਚਿਤਰਦੇ ਹਨ।[76] ਦੁੱਖਾਂ ਮੁਸੀਬਤਾਂ ਵਿਚ ਵੀ 'ਰਾਜ ਕਰੇਗਾ ਖਾਲਸਾ' ਦਾ ਬੋਲਾ, ਸਾਕਾਰਾਤਮਕ ਬਿਰਤੀ ਨੂੰ ਹੀ ਰੂਪਮਾਨ ਕਰਦਾ ਹੈ। ਇਨਾਂ ਬੋਲਿਆਂ ਦੀ ਭਾਖਾ ਖਾਲਸੇ ਦੀ ਨਿਰਵੈਰ, ਸ੍ਵੈ-ਵਿਸ਼ਵਾਸ ਅਤੇ ਸੰਤੋਖੀ ਬਿਰਤੀ ਨੂੰ ਰੂਪਮਾਨ ਕਰਦੀ ਹੈ।

---

71 ਅਜਮੇਰ ਸਿੰਘ (ਡਾ.)(ਸੰਪਾ.), ਖੋਜ ਪਤ੍ਰਿਕਾ (ਪ੍ਰਗਟਯੋ ਖ਼ਾਲਸਾ ਵਿਸ਼ੇਸ਼ ਅੰਕ), ਪੰਨੇ 96-97.

72 ਗਿਆਨ ਸਿੰਘ (ਗਿਆਨੀ), ਪੰਥ ਪ੍ਰਕਾਸ਼, ਪੰਨਾ 641.

73 ਉਹੀ, ਪੰਨਾ 641.

74 ਉਹੀ.

75 ਕ੍ਰਿਪਾਲ ਸਿੰਘ ਵੜੈਚ (ਗਿਆਨੀ), ਦੋ ਗੁਰਸਿੱਖ ਨਿਰਮੋਲਕ ਹੀਰੇ, ਪੰਨਾ 443(ਫੁਟਨੋਟ).

76 ਅਜਮੇਰ ਸਿੰਘ (ਡਾ.)(ਸੰਪਾ.), ਖੋਜ ਪਤ੍ਰਿਕਾ (ਪ੍ਰਗਟਯੋ ਖ਼ਾਲਸਾ ਵਿਸ਼ੇਸ਼ ਅੰਕ), ਪੰਨਾ 97.

### 4.3.8 ਬਹੁਖੇਤਰੀ:

ਗੜਗੱਜ ਬੋਲਿਆਂ ਦਾ ਜੀਵਨ ਦੇ ਕਈ ਖੇਤਰਾਂ ਨਾਲ ਸੰਬੰਧਿਤ ਹੋਣਾ ਵੀ ਇਨ੍ਹਾਂ ਬੋਲਿਆਂ ਦੀ ਵਿਸ਼ੇਸ਼ਤਾ ਹੈ। ਬੋਲਿਆਂ ਵਿਚ ਕਈ ਅਜਿਹੇ ਸ਼ਬਦ ਵੀ ਹਨ ਜੋ ਬਹੁਤ ਹੀ ਸੰਕੋਚਵੇਂ ਪ੍ਰਸੰਗਾਂ ਵਿਚ ਵਰਤੇ ਜਾਂਦੇ ਹਨ। ਇੰਦ੍ਰੀ ਲਈ 'ਘੋੜਾ', ਕਣਕ ਲਈ 'ਭਗਮੁਖੀ', ਸੌਣ ਲਈ 'ਧਰਮਰਾਜ ਦੀ ਧੀ ਨਾਲ ਯੁੱਧ ਕਰਨਾ', ਯੋਨੀ ਲਈ 'ਹਿਰਨਖੁਰੀ' ਆਦਿ ਪ੍ਰਗਟਾਉ ਦਰਸਾਉਂਦੇ ਹਨ ਕਿ ਬੋਲਿਆਂ ਦੀ ਭਾਖਾ ਜੀਵਨ ਦੇ ਕਿਸੇ ਇਕ ਖੇਤਰ ਨਾਲ ਸੰਬੰਧਿਤ ਸ਼ਬਦਾਵਲੀ ਜਾਂ ਭਾਖਾ ਨਹੀਂ ਸਗੋਂ ਬਹੁਪਾਸਾਰੀ ਭਾਖਾ ਹੈ।[77] ਇੰਦ੍ਰੀਆਂ ਨੂੰ ਸੰਜਮ ਵਿਚ ਰਖਣ ਅਤੇ ਜਤ ਸਤ ਵਿਚ ਪੱਕੇ ਰਹਿਣ ਨੂੰ ਆਖਦੇ ਹਨ ਕਿ ਇਸਨੇ ਘੋੜਾ ਕਾਜੇ ਕਰ ਲਿਆ ਹੈ ਭਾਵ ਕਾਮ ਨੂੰ ਸੰਜਮ ਵਿਚ ਰਖਿਆ ਹੈ। ਵਿਆਹ ਨਾ ਕਰਵਾਉਣ ਵਾਲੇ ਨੂੰ 'ਬਿਹੰਗਮ' ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਇਸਤਰੀਆਂ ਵਿਚ ਦਿਲਚਸਪੀ ਦੀ ਬਿਰਤੀ ਰਖਣ ਵਾਲੇ ਵਿਅਕਤੀ ਨੂੰ 'ਸ਼ਿਕਾਰੀ' ਕਹਿ ਕੇ ਸੰਬੋਧਨ ਕੀਤਾ ਜਾਂਦਾ ਹੈ।

### 4.3.9 ਪੁਰਖ ਸੁਰ ਦੀ ਪ੍ਰਧਾਨਤਾ:

ਇਨ੍ਹਾਂ ਬੋਲਿਆਂ ਵਿਚ ਪੁਰਖ ਸੁਰ ਦੀ ਪ੍ਰਧਾਨਤਾ ਹੈ।[78] ਭਾਰਤੀ ਪਰੰਪਰਾਵਾਂ ਦੇ ਬਿਲਕੁਲ ਉਲਟ ਪੰਜਾਬੀ ਬੋਲਚਾਲ ਵਿਚ ਆਮ ਕਰਕੇ ਅਤੇ ਖਾਲਸੇ ਦੀ ਬੋਲਚਾਲ ਵਿਚ ਖਾਸ ਕਰਕੇ ਇਸਤਰੀ ਲਿੰਗ ਦੀ ਭਾਵਨਾ ਵਿਚ ਬੋਲੇ ਜਾਣ ਵਾਲੇ ਸ਼ਬਦਾਂ ਦੀ ਥਾਂ 'ਤੇ ਪੁਲਿੰਗ ਭਾਵਨਾ ਵਿਚ ਬੋਲੇ ਜਾਣ ਵਾਲੇ ਸ਼ਬਦ ਪ੍ਰਚਲਿਤ ਹੋ ਗਏ। ਜਿਵੇਂ ਤਲਵਾਰ ਨੂੰ ਕਿਰਪਾਨ ਜਾਂ ਸ੍ਰੀ ਸਾਹਿਬ, ਪੱਗ ਨੂੰ ਦਸਤਾਰਾ, ਮੁੱਛਾਂ ਨੂੰ ਮੁਛਿਹਰੇ, ਦਾੜ੍ਹੀ ਨੂੰ ਦਾੜ੍ਹਾ, ਕੱਛ ਨੂੰ ਕਛਿਹਰਾ, ਦਾਲ ਨੂੰ ਦਾਲਾ, ਚਾਹ ਨੂੰ ਚਾਹਟਾ, ਹੋਲੀ ਨੂੰ ਹੋਲਾ, ਖੁਸ਼ੀ ਨੂੰ ਖੁਸ਼ੇ ਆਦਿ। ਇਨ੍ਹਾਂ ਸ਼ਬਦਾਂ ਰਾਹੀਂ ਇਕ ਵਿਸ਼ੇਸ਼ ਭਾਈਚਾਰੇ ਦੀ ਚੜ੍ਹਦੀ ਕਲਾ ਦਾ ਪ੍ਰਗਟਾਵਾ ਹੁੰਦਾ ਸੀ ਜਿਸ ਨਾਲ ਪੰਜਾਬੀ ਬੋਲੀ ਦੀ ਸ਼ਬਦਾਵਲੀ ਵਿਚ ਪੁਰਖ ਸੁਰ ਦੀ ਪ੍ਰਧਾਨਤਾ ਭਰ ਗਈ ਸੀ।"[79] ਅਠਾਰ੍ਹਵੀਂ ਸਦੀ ਦੇ ਸਿੰਘਾਂ ਦੇ ਨਾਮ ਵੀ

---

[77] ਉਹੀ, ਪੰਨਾ 98.

[78] ਚਮਕੌਰ ਸਿੰਘ (ਸੰਪਾ.), ਗੁਰਮਤਿ ਪ੍ਰਕਾਸ਼, ਗੁਰਮਤਿ ਪ੍ਰਕਾਸ਼, ਅੰਕ 1, ਜਿਲਦ 47, ਅਪ੍ਰੈਲ 2003, ਪੰਨਾ 54.

[79] ਸੁਖਦਿਆਲ ਸਿੰਘ (ਡਾ.), ਪੰਜਾਬ ਦਾ ਇਤਿਹਾਸ (ਗੁਰੂ ਕਾਲ 1469-1708), ਜਿਲਦ ਪੰਜਵੀਂ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012, ਪੰਨਾ 208.

ਗਰਜਵੇਂ ਢੰਗ ਦੇ ਰਖੇ ਹੋਏ ਸਨ ਜਿਨ੍ਹਾਂ ਨੂੰ ਸੁਣਨ ਵਾਲੇ ਹੈਰਾਨ ਹੋ ਜਾਂਦੇ ਸਨ ਜਿਵੇਂ ਕਿ ਬਖੇੜਾ ਸਿੰਘ, ਬਘੇਲ ਸਿੰਘ, ਗਰਜਾ ਸਿੰਘ, ਬਾਘੜ ਸਿੰਘ, ਅਘੜ ਸਿੰਘ, ਗੱਜਣ ਸਿੰਘ, ਸੁੱਖਾ ਸਿੰਘ, ਬੋਤਾ ਸਿੰਘ।[80]

### 4.3.10 ਭਾਣਾ ਮੰਨਣ ਅਤੇ ਸਬਰ-ਸ਼ੁਕਰ ਦੀ ਮਿਸਾਲ:

ਖਾਲਸਈ ਬੋਲੇ ਅਕਾਲ ਪੁਰਖ ਦੇ ਭਾਣੇ ਵਿਚ ਰਾਜ਼ੀ ਰਹਿਣ ਅਤੇ ਸਿੰਘਾਂ ਦੇ ਸਬਰ-ਸ਼ੁਕਰ ਦੀ ਅਨੋਖੀ ਮਿਸਾਲ ਹਨ। ਜੰਗਲਾਂ ਵਿਚ ਲੁਕ ਛਿਪ ਕੇ ਦਿਨ ਕੱਟ ਰਹੇ ਖਾਲਸੇ ਨੇ ਅਕਾਲ ਪੁਰਖ ਅਤੇ ਗੁਰਬਾਣੀ ਦੀ ਓਟ ਤੋਂ ਬਿਨਾਂ ਹੋਰ ਕਿਸੇ ਦਾ ਸਹਾਰਾ ਨਾ ਤੱਕਿਆ ਅਤੇ ਗੁਰਬਾਣੀ ਦੀਆਂ ਇਨ੍ਹਾਂ ਪੰਕਤੀਆਂ ਅਨੁਸਾਰ ਆਪਣੀ ਸੁਰਤ ਨੂੰ ਅਕਾਲ ਪੁਰਖ ਦੇ ਸ਼ੁਕਰ ਵਿਚ ਰਾਜੀ ਰਖਿਆ:

ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ॥
ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ॥[81]

ਨਿਹੰਗ ਸਿੰਘ ਭੋਜਨ ਨਾ ਮਿਲਣ ਨੂੰ 'ਕੜਾਕੇ-ਫਾਕੇ' ਆਖਦੇ ਹਨ ਅਤੇ ਸਬਰ ਸ਼ੁਕਰ ਕਰਦੇ ਹੋਏ ਗੁਰਬਾਣੀ ਦੀਆਂ ਇਨ੍ਹਾਂ ਪੰਕਤੀਆਂ ਦੇ ਉੱਪਰ ਪਹਿਰਾ ਦਿੰਦੇ ਰਹੇ:

ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥
ਫਰੀਦਾ ਦੇਖ ਪਰਾਈ ਚੋਪੜੀ ਨ ਤਰਸਾਏ ਜੀਉ॥[82]

ਜਦੋਂ ਵੀ ਗੁਰੂ ਖਾਲਸੇ ਦੇ ਲੰਗਰ ਨਹੀ ਪੱਕਦੇ ਜਾਂ ਜੰਗਲਾਂ ਵਿਚ ਬੈਠਿਆਂ ਨੂੰ ਕਈ-ਕਈ ਦਿਨ ਭੋਜਨ ਨਾ ਮਿਲਣਾ ਤਾਂ ਖਾਲਸੇ ਨੇ ਆਖਣਾ ਕਿ ਲੰਗਰ ਮਸਤਾਨਾ ਹੋ ਗਿਆ ਹੈ:

ਜਿਸ ਦਿਨ ਮਾਰਹਿਂ ਦੁਸ਼ਟ ਕੋ ਤਿਸ ਦਿਨ ਤੌ ਰਜ ਖਾਹਿਂ।
ਨਹੀਂ ਮਿਲੈ ਤੌ ਮਸਤ ਰਹਿਂ ਇਸ ਬਿਧ ਗੁਜਰ ਕਰਾਹਿਂ।[83]

---

80 ਗਿਆਨ ਸਿੰਘ (ਗਿਆਨੀ), ਸ੍ਰੀ ਗੁਰ ਪੰਥ ਪ੍ਰਕਾਸ਼, ਭਾਗ ਚੌਥਾ, ਉੱਤ੍ਰਾਰਧ ਬਿਸ੍ਰਾਮ ੨੬, ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ (ਸੰਪਾ.), (ਪ੍ਰਕਾ.) ਮਨਮੋਹਨ ਸਿੰਘ 'ਬਰਾੜ', ਗਲੀ ਸ਼ਹੀਦ ਬੁੰਗਾ, ਸ੍ਰੀ ਅੰਮ੍ਰਿਤਸਰ, ਫਰਵਰੀ ੧੯੭੪, ਪੰਨਾ ੨੧੪੦.

81 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੋਥੀ ਚੌਥੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਪੰਜਵੀਂ ਵਾਰ, ਫਰਵਰੀ 1979, ਪੰਨਾ 1302.

82 ਉਹੀ, ਪੰਨਾ 1379.

83 ਰਤਨ ਸਿੰਘ ਭੰਗੂ (ਸ਼ਹੀਦ), ਪ੍ਰਾਚੀਨ ਪੰਥ ਪ੍ਰਕਾਸ਼, ਭਾਈ ਵੀਰ ਸਿੰਘ (ਸੰਪਾ.), ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, ਅੱਠਵੀਂ ਵਾਰ, ਫਰਵਰੀ 2008, ਪੰਨਾ ੧੮੪.

#### 4.3.11 ਕਲਪਨਾ ਦੁਆਰਾ ਘਾਟੇ ਨੂੰ ਪੂਰਾ ਕਰਨਾ:

ਮਨੁੱਖ ਦੀ ਜਿੰਦਗੀ ਵਿਚ ਜਿੰਨੇ ਘਾਟੇ ਕਲਪਨਾ ਦੂਰ ਕਰਦੀ ਹੈ ਅਤੇ ਉੰਨੇ ਘਾਟੇ ਸੁਪਨੇ ਵੀ ਪੂਰੇ ਨਹੀਂ ਕਰ ਸਕਦੇ। ਖਾਲਸਈ ਬੋਲੇ ਅਜਿਹਾ ਸ਼ਬਦ ਭੰਡਾਰ ਹਨ ਜਿਸ ਨਾਲ ਘਾਟੇ ਨੂੰ ਕਲਪਨਾ ਦੁਆਰਾ ਦੂਰ ਕੀਤਾ ਜਾ ਸਕਦਾ ਹੈ।[84] ਜਿਵੇਂ ਘਾਹ ਉਪਰ ਸੌਣ ਨੂੰ 'ਮਖਮਲੀ ਫਰਸ਼', ਟੁੱਟੀ ਝੌਂਪੜੀ ਨੂੰ 'ਸ਼ੀਸ਼ ਮਹਿਲ'। 'ਭੂਤ' ਨੂੰ 'ਬਾਹਰ ਦੀ ਹਵਾ' ਕਹਿ ਕੇ ਸੱਦਦੇ ਹਨ।[85] ਸਲੂਣੀ ਕੜ੍ਹੀ ਨੂੰ 'ਅੰਮ੍ਰਿਤੀ' ਅਤੇ ਥੋੜੇ ਨੂੰ 'ਸਵਾਇਆ' ਕਹਿ ਕੇ ਯਾਦ ਕਰਦੇ ਹਨ। ਬੇਰਾਂ ਦੀਆਂ ਭੁਕੜੀਆਂ ਨੂੰ 'ਖਜ਼ੂਰਾਂ' ਆਖ ਕੇ ਸ਼ੁਕਰ ਕਰਦੇ ਹਨ। ਜੰਡ ਦੇ ਦਰੱਖਤ ਦੀਆਂ ਫਲੀਆਂ ਨੂੰ 'ਜਲੇਬੀਆਂ' ਆਖਦੇ ਹਨ ਅਤੇ ਬੇਰਾਂ ਨੂੰ ਖੁਰਮੇ ਕਹਿ ਕੇ ਖੁਸ਼ ਹੁੰਦੇ ਹਨ:

ਜੰਡ ਫਲੀ ਕੋ ਕਹਿਤ ਜਲੇਬੀ। ਬੇਰਨ ਕੋ ਖੁਰਮੇ ਬਡ ਸੇਬੀ।
ਲੱਡੂ ਟੀਢ ਪਿਦਾਨਾ ਬਾਟਾ। ਨਾਮ ਪਿਆਜ ਕਾ ਰੁੱਪਾ ਠਾਟਾ।[86]

#### 4.3.12 ਸਿੰਘਾਂ ਦੇ ਆਚਰਣ ਦੀ ਮਿਸਾਲ:

ਖਾਲਸਈ ਬੋਲੇ ਸਿੰਘਾਂ ਦੇ ਆਚਰਣ ਦੀ ਪਛਾਣ ਹਨ। ਸਿੰਘ ਔਰਤ ਨੂੰ, ਚਾਹੇ ਉਹ ਜਵਾਨ ਹੋਵੇ ਜਾਂ ਬੁੱਢੀ, ਉਸਨੂੰ 'ਬੀਬੀ' ਹੀ ਆਖਦੇ ਸਨ। ਗਿਆਨੀ ਗਿਆਨ ਸਿੰਘ ਲਿਖਦੇ ਹਨ:

ਦੁਨੀਆਂ ਦਾਰਨ ਏਹੁ ਫਕੀਰ। ਬੇਮੁਤਾਜ ਸਬ ਸਾਬਰ ਧੀਰ।
ਪਰ ਤੀਯਾ ਸਮਝਤ ਮਾਤ ਸਮਾਨੈ। ਚੋਰੀ ਯਾਰੀ ਨਿੰਦਕ ਠਾਨੈ।[87]

ਸਿੰਘ, ਪਰਾਈ ਇਸਤ੍ਰੀ ਨੂੰ ਆਪਣੀ ਮਾਤਾ ਸਮਾਨ ਜਾਣ ਕੇ ਸਤਿਕਾਰ ਕਰਦੇ ਸਨ। ਉਸ ਵੇਲੇ ਖਾਲਸਾ ਇੰਨਾ ਸਬਰ ਸੰਤੋਖੀ ਹੋ ਚੁੱਕਾ ਸੀ ਕਿ ਜੇਕਰ ਕਿਸੇ ਸਿੰਘ ਕੋਲੋਂ ਲੂਣ ਮਿਲ ਜਾਂਦਾ ਸੀ ਜਾਂ ਕਿਸੇ ਸਿੰਘ ਨੇ ਆਪਣੇ ਕੋਲ ਲੂਣ ਸਾਂਭ ਕੇ ਰਖਿਆ ਹੁੰਦਾ ਤਾਂ ਦੂਜੇ ਸਿੰਘ ਉਸਨੂੰ ਸੁਆਦੀ ਆਖਕੇ ਮਖੌਲ ਕਰਦੇ ਕਿ 'ਤੂੰ ਸੁਆਦਾਂ ਦੇ ਪਿੱਛੇ ਪਿਆ ਹੋਇਆ ਹੈ'।[88] ਕਈ-ਕਈ ਦਿਨਾਂ ਬਾਅਦ ਲੰਗਰ ਪ੍ਰਸ਼ਾਦਾ ਨਸੀਬ ਹੁੰਦਾ ਸੀ ਅਤੇ ਉਹ ਵੀ ਬਿਨਾਂ ਲੂਣ ਮਸਾਲਿਆਂ ਤੋਂ, ਤਾਂ ਵੀ ਸਿੰਘ ਖੁਸ਼ੀ ਮਨਾਉਂਦੇ ਸਨ:

---

[84] ਚਮਕੌਰ ਸਿੰਘ (ਸੰਪਾ.), ਗੁਰਮਤਿ ਪ੍ਰਕਾਸ਼, ਗੁਰਮਤਿ ਪ੍ਰਕਾਸ਼, ਅੰਕ 1, ਜਿਲਦ 47, ਅਪ੍ਰੈਲ 2003, ਪੰਨਾ 54.

[85] ਸੁਰਜੀਤ ਖੁਰਸ਼ੀਦੀ, ਪੰਜਾਬੀ ਸ਼ਬਦਾਰਥ ਦੀ ਰੂਪ ਰੇਖਾ, ਪੰਨਾ 13.

[86] ਗਿਆਨ ਸਿੰਘ (ਗਿਆਨੀ), ਪੰਥ ਪ੍ਰਕਾਸ਼, ਪੰਨਾ 732.

[87] ਉਹੀ, ਪੰਨਾ 734.

[88] ਜਿਸੈ ਸਿੰਘ ਪੈ ਨੂਣ ਜੁ ਹੋਇ। ਤਿਸ ਕੋ ਆਖੈਂ ਸ੍ਵਾਦੀ ਸੋਈ।
ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਡਾ. ਬਲਵੰਤ ਸਿੰਘ ਢਿਲੋਂ (ਸੰਪਾ.), ਪੰਨਾ ੨੨੫.

ਸਿੰਘ ਕੜਾਕੇ ਸਯੋਂ ਰਹੈਂ ਦੂਏ ਚੌਥੇ ਦਿਨ ਖਾਹਿਂ।

ਬਿਨਾ ਲੂਨ ਭਾਜੀ ਲਭੈ ਤੌਂ ਖਾਵੈਂ ਬਹੁਤ ਸਲਾਹਿ।[89]

ਨਿਹੰਗ ਸਿੰਘ ਰਹਿਤ ਮਰਯਾਦਾ ਦੇ ਪੱਕੇ ਧਾਰਨੀ ਹੁੰਦੇ ਹਨ। ਰਹਿਤ-ਮਰਯਾਦਾ ਵਿਚ ਢਿੱਲੇ ਵਿਅਕਤੀ ਨੂੰ 'ਕੱਚਾ ਪਿੱਲਾ' ਆਖਦੇ ਹਨ ਜਿਸ ਤੋਂ ਭਾਵ ਹੁੰਦਾ ਹੈ ਕਿ ਸੰਬੰਧਿਤ ਵਿਅਕਤੀ ਰਹਿਤ ਵਿਚ ਪਰਪੱਕ ਨਹੀਂ।

### 4.3.13 ਵਿਅੰਗਾਤਮਕ:

ਸਿੰਘਾਂ ਦੇ ਇਹ ਬੋਲੇ ਉਸ ਸਮੇਂ ਦੇ ਹਾਲਾਤ ਉੱਤੇ ਕਰਾਰਾ ਵਿਅੰਗ ਕਰਦੇ ਹਨ। ਹਿੰਦੂ ਨੂੰ 'ਅੰਨ੍ਹਾ' ਅਤੇ 'ਤੁਰਕ' ਨੂੰ ਕਾਣਾ ਕਹਿਣਾ ਗੁਰਬਾਣੀ ਵਿਚੋਂ ਲਿਆ ਗਿਆ ਹੈ ਕਿਉਂਕਿ ਉਸ ਵੇਲੇ ਪਾਖੰਡ ਦਾ ਬੋਲ ਬਾਲਾ ਸੀ ਜਿਸ ਕਰਕੇ ਹਿੰਦੂ ਲਈ ਅੰਨ੍ਹਾ ਅਤੇ ਮੁਸਲਮਾਨ ਲਈ ਕਾਣਾ ਸ਼ਬਦ ਵਰਤਿਆ ਗਿਆ ਹੈ। ਅਹਿੰਸਾਵਾਦੀ ਧਰਮਾਂ ਨੇ ਭਾਰਤ ਨੂੰ ਸ਼ਸਤਰਹੀਣ ਕਰ ਦਿੱਤਾ ਸੀ। ਉਸ ਦਾ ਸਿੱਟਾ ਸਾਡਾ ਸਦੀਆਂ ਭਰ ਦੀ ਗੁਲਾਮੀ ਦਾ ਅਹਿਸਾਸ ਹੈ। ਬੁੱਧ ਨੂੰ 'ਲੂਲ੍ਹਾ' ਕਹਿਣਾ ਉਸ ਦੀ ਅਹਿੰਸਾ ਦੀ ਫ਼ਿਲਾਸਫੀ ਦਾ ਸੁੰਦਰ ਸੰਕੇਤ ਹੈ। ਭਗਵੇਂ ਕੱਪੜਿਆਂ ਵਾਲੇ ਨੂੰ 'ਗਿੱਦੜ' ਕਹਿਣਾ ਪਖੰਡੀ ਸਾਧੂਆਂ ਬਾਰੇ ਵਿਅੰਗ ਹੈ ਕਿਉਂਕਿ ਗਿੱਦੜ ਹਮੇਸ਼ਾ ਕਿਸੇ ਦੇ ਮਾਰੇ ਸ਼ਿਕਾਰ ਨੂੰ ਖਾਂਦਾ ਹੈ, ਆਪ ਨਹੀਂ ਮਾਰਦਾ। ਆਪ ਮਿਹਨਤ ਨਹੀਂ ਕਰਦਾ ਅਤੇ ਚਲਾਕੀਆਂ ਕਰਨਾ ਇਸ ਦਾ ਸੁਭਾਅ ਹੈ। ਇਸੇ ਤਰ੍ਹਾਂ ਲੰਗੋਟ ਨੂੰ ਖਿਸਕੂ ਕਹਿ ਕੇ ਸੰਬੋਧਨ ਕੀਤਾ ਗਿਆ ਹੈ ਕਿਉਂਕਿ ਲੰਗੋਟ ਦੀ ਗੰਢ ਖਿਸਕ ਜਾਣ ਵਾਲੀ ਹੁੰਦੀ ਹੈ।[90] ਨਿਹੰਗ ਸਿੰਘ ਲੱਕੜ ਦੇ ਮੋਟੇ ਡੰਡੇ ਨੂੰ 'ਪੰਜਵਾਂ ਵੇਦ' ਆਖਦੇ ਹਨ। ਇਸ ਬੋਲੇ ਦਾ ਕਾਰਨ ਇਹ ਸੀ ਕਿ ਜੇਕਰ ਕੋਈ ਚਾਰ ਵੇਦਾਂ ਵਿਚੋਂ ਭਾਵ ਸਮਝਾਉਣ ਦੇ ਬਾਵਜੂਦ ਜਾਂ ਗੱਲੀਂ-ਬਾਤੀਂ ਨਾ ਮੰਨੇ ਤਾਂ ਉਸਨੂੰ 'ਪੰਜਵੇਂ ਵੇਦ' ਭਾਵ ਡੰਡੇ ਦੁਆਰਾ ਹੀ ਸਮਝਾਇਆ ਜਾ ਸਕਦਾ ਹੈ।

### 4.3.14 ਹਾਸ ਰਸ:

ਨਿਹੰਗ ਸਿੰਘਾਂ ਦੇ ਬੋਲਿਆਂ ਵਿਚੋਂ ਹਾਸ ਰਸ ਵੀ ਦੇਖਣ ਨੂੰ ਮਿਲਦਾ ਹੈ। ਕਈ ਵਸਤੂਆਂ ਦੇ ਨਾਮ ਐਸੇ ਢੰਗ ਨਾਲ ਰਖੇ ਹੋਏ ਹਨ ਕਿ ਨਾਮ ਸੁਣ ਕੇ ਹਾਸਾ ਆਉਣਾ ਸੁਭਾਵਿਕ ਹੈ। ਸੁੱਕੀਆਂ ਰੋਟੀਆਂ ਨੂੰ 'ਮਿੱਠੇ

---

89 ਉਹੀ.

90 ਚਮਕੌਰ ਸਿੰਘ (ਸੰਪਾ.), ਗੁਰਮਤਿ ਪ੍ਰਕਾਸ਼, ਗੁਰਮਤਿ ਪ੍ਰਕਾਸ਼, ਅੰਕ 1, ਜਿਲਦ 47, ਅਪ੍ਰੈਲ 2003, ਪੰਨਾ 53.

ਪਰਸ਼ਾਦੇ' ਕਹਿ ਦਿੱਤਾ ਜਾਂਦਾ ਹੈ। ਬੱਕਰੀ ਨੂੰ ਅਕਾਸ਼ਪਰੀ, ਘਰਾੜੇ ਮਾਰਨ ਨੂੰ ਅਨਹਤ ਸ਼ਬਦ, ਸੌਣ ਨੂੰ ਅੜਿੰਗ-ਬੜਿੰਗ ਹੋਣਾ ਆਖਿਆ ਜਾਂਦਾ ਹੈ। ਜੇਕਰ ਨੀਂਦ ਆਵੇ ਤਾਂ ਆਖਦੇ ਕਿ ਧਰਮਰਾਜ ਦੀ ਭੈਣ ਆ ਰਹੀ ਹੈ। ਰਜਾਈ ਨੂੰ ਅਫਲਾਤੂਨ ਆਖਦੇ ਹਨ। ਮੰਦ ਪੌਣ ਛੱਡਣ ਨੂੰ ਰਣਸਿੰਗਾ ਵਜਾਉਣਾ ਆਖਦੇ ਹਨ। ਜੇਕਰ ਕਿਸੇ ਨਿਹੰਗ ਸਿੰਘ ਨੇ ਪਿਸ਼ਾਬ ਜਾਣਾ ਹੁੰਦਾ ਤਾਂ ਆਖਦੇ ਕਿ ਗੜ੍ਹ ਭੰਨਣ ਜਾ ਰਿਹਾ ਜਾਂ ਚੀਤਾ ਭਜਾਉਣ ਚਲਿਆ। ਬਹੁਤਾਤ ਵਿਚ ਨਿਹੰਗ ਸਿੰਘ ਬਾਣੇ ਦੇ ਨਾਲ ਪਜਾਮਾ ਨਹੀਂ ਪਹਿਨਦੇ। ਪਜਾਮੇ ਨੂੰ ਨਿਹੰਗ ਸਿੰਘ 'ਦੋਨਾਲੀ' ਆਖਦੇ ਹਨ।

### 4.3.15 ਜੰਗੀ ਰਣਨੀਤੀ ਵਿੱਚ ਪ੍ਰਯੋਗ ਹੋਣ ਵਾਲੇ ਬੋਲੇ:

ਅਠ੍ਹਾਰਵੀਂ ਸਦੀ ਵਿਚ ਸਿੱਖਾਂ ਨੇ ਆਪਣੇ ਲਈ ਅੰਮ੍ਰਿਤਸਰ ਵਿਚ ਇਕੇ ਕਿਲ੍ਹੇ ਦੀ ਸਥਾਪਨਾ ਕੀਤੀ ਜਿਸ ਦਾ ਨਾਮ ਰਾਮ ਰੌਣੀ ਰਖਿਆ ਗਿਆ ਪਰ ਇਹ ਇਕ ਕਿਲ੍ਹਾ ਨਹੀਂ ਸੀ। ਦੁਸ਼ਮਣਾਂ ਤੋਂ ਆਪਣੇ ਬਚਾਉ ਲਈ ਜੋ ਛੋਟੀ ਜਿਹੀ ਕੱਚੀ ਕੰਧ ਕਰ ਲਈ ਜਾਵੇ, ਉਸ ਨੂੰ ਰੌਣੀ ਆਖਦੇ ਹਨ।[91] ਕਈ ਸਿੰਘ ਐਸੇ ਸਨ ਜੋ ਮੁਗਲਾਂ ਦੀ ਚਾਕਰੀ ਕਰਦੇ ਤੇ ਮੁਗਲਾਂ ਵਲੋਂ ਹੋ ਕੇ ਸਿੰਘਾਂ ਨਾਲ ਲੜਿਆ ਕਰਦੇ ਸਨ। ਐਸੇ ਸਿੰਘਾਂ ਨੂੰ 'ਚਕਰੈਲ' ਆਖਦੇ ਸਨ।[92] ਸਿੰਘਾਂ ਦੀ ਰਣਨੀਤੀ ਕਾਰਨ ਹੀ ਇਹ ਬੋਲੇ ਘੜੇ ਗਏ ਸਨ। ਜੰਗ ਦੀ ਵਿਉਂਤਬੰਦੀ ਕਰਦਿਆਂ ਜਦ ਸਾਰੀ ਫੌਜ ਅੱਗੇ ਵਧ ਕੇ ਲੜਨ ਨੂੰ ਚਲੀ ਜਾਂਦੀ ਸੀ ਤਾਂ ਪਿੱਛੇ ਮਾਲ ਡੇਰੇ ਤੇ ਨੌਕਰਾਂ ਚਾਕਰਾਂ ਦੀ ਰਾਖੀ ਲਈ (ਜਿਸਨੂੰ ਮੁਗਲ ਬਹੇਰੂ ਬੰਗਾਰ ਅਤੇ ਖਾਲਸਾ ਜੀ ਵਹੀਰ ਆਖਦੇ ਸਨ) ਤੇ ਪਿਛਲੇ ਪਾਸੇ ਵੱਲੋਂ ਵੈਰੀ ਦੇ ਹੱਲੇ ਨੂੰ ਰੋਕਣ ਲਈ ਕਿਸੇ ਤਕੜੇ ਸੂਰਮੇ ਨੂੰ ਛੱਡਿਆ ਜਾਇਆ ਕਰਦਾ ਸੀ। ਇਸ ਨੂੰ ਮੁਗਲ 'ਕਰਾਵਲ' ਆਖਦੇ ਅਤੇ ਨਿਹੰਗ ਸਿੰਘ 'ਥਿਤਾ' ਕਿਹਾ ਕਰਦੇ ਸਨ।[93] ਲਹੂ ਜਾਂ ਖ਼ੂਨ ਨੂੰ 'ਮੈਲਾ' ਆਖਿਆ ਜਾਂਦਾ ਹੈ।[94] ਘੋੜੇ ਨੂੰ 'ਜਾਨ ਭਾਈ' ਵੀ ਕਹਿ ਕੇ ਪਿਆਰਦੇ ਹਨ। ਹਮਲਾ ਕਰਨ ਨੂੰ 'ਹੱਲਾ' ਕਰਨਾ ਆਖਦੇ ਹਨ।

---

[91] ਹੀਰਾ ਸਿੰਘ ਦਰਦ (ਸੰਪਾ.), ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਕ ਖੋਜ, ਭਾਗ ਤੀਜਾ, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਜੁਲਾਈ 2014, ਪੰਨਾ 9.

[92] ਉਹੀ, ਪੰਨਾ 10.

[93] ਉਹੀ, ਪੰਨਾ 86(ਫੁਟਨੋਟ).

[94] ਸੁਰਜੀਤ ਖ਼ੁਰਸ਼ੀਦੀ, ਪੰਜਾਬੀ ਸ਼ਬਦਾਰਥ ਦੀ ਰੂਪ ਰੇਖਾ, ਪੰਨਾ 134.

### 4.3.16 ਵਸਤੂਆਂ ਦੇ ਛੋਟੇ ਵੱਡੇ ਨਾਮ:

ਇਨ੍ਹਾਂ ਬੋਲਿਆਂ ਵਿਚ ਇਹ ਪ੍ਰਵਿਰਤੀ ਵੀ ਕੰਮ ਕਰਦੀ ਹੈ ਜਿਸ ਰਾਹੀਂ ਸ਼ਬਦਾਂ ਦੇ ਆਕਾਰ ਛੋਟੇ ਹੋ ਜਾਂਦੇ ਹਨ ਜਿਵੇਂ ਕਿ ਬਾਈਸਾਇਕਲ ਤੋਂ ਸਾਇਕਲ, ਬਲਰਾਜ ਤੋਂ ਬਲੂ, ਬਲਬੀਰ ਸਿੰਘ ਤੋਂ ਬੀਰੀ, ਕਲਿਆਨਦਾਸ ਤੋਂ ਕਾਲੂ ਆਦਿ ਅਤੇ ਕਈ ਸ਼ਬਦਾਂ ਦੇ ਆਕਾਰ ਛੋਟੇ ਤੋਂ ਵੱਡੇ ਹੋ ਜਾਂਦੇ ਹਨ ਜੋ ਸ਼ਬਦਾਂ ਦੇ ਰੂਪ ਨੂੰ ਵਧਾਉਂਦੇ ਹਨ। ਆਮ ਤੌਰ ਤੇ ਸਿੱਖ ਬਹੁਤ ਸਾਰੇ ਨਾਵਾਂ ਦੇ ਅੰਤ ਵਿਚ 'ਆ' ਪਿਛੇਤਰ ਲਗਾ ਦਿੰਦੇ ਸਨ ਯਥਾ: ਸੰਤ ਸਿੰਘ ਦੀ ਥਾਂ ਸੰਤਾ ਸਿੰਘ, ਮੁਣਸ਼ੀ ਸਿੰਘ ਦੀ ਥਾਂ ਮੁਣਸ਼ਾ ਸਿੰਘ, ਦਾਲ ਦੀ ਥਾਂ ਤੇ ਦਾਲਾ, ਭਾਜੀ ਦਾ ਥਾਂ ਭਾਜਾ ਆਦਿ।[95] ਮੰਜਿਆਂ ਦੇ ਉੱਚੇ ਪਾਵਿਆਂ ਨੂੰ 'ਕੋਤਲ' ਆਖਦੇ ਹਨ।[96] ਵਸਤੂਆਂ ਜਮਾਂ ਕਰਕੇ ਰਖਣ ਵਾਲੇ ਸਟੋਰ ਨੂੰ 'ਕੁਠਾਰ' ਬੋਲਦੇ ਹਨ। ਕੁਠਾਰ ਦੇ ਅਰਥ ਕੋਠਾ (ਭੰਡਾਰ, ਦਾਣੇ ਰਖਣ ਵਾਲਾ ਕਮਰਾ) ਹੈ।[97] ਜੇਕਰ ਕਿਸੇ ਨਿਹੰਗ ਸਿੰਘ ਨੇ ਆਰਾਮ ਕਰਨਾ ਹੋਣਾ ਤਾਂ ਆਖਦੇ ਹਨ ਕਿ ਸੁੱਖ ਲੈ ਰਿਹਾ ਹੈ। ਭੋਜਨ ਛਕਣ ਨੂੰ 'ਗੱਫਾ ਛਕਣਾ' ਆਖਿਆ ਜਾਂਦਾ ਹੈ।

### 4.3.17 ਸ਼ਸਤਰਾਂ ਦੇ ਬਦਲਵੇਂ ਨਾਂ:

ਬੋਲਿਆਂ ਦਾ ਮੁਖ ਕਾਰਨ ਇਹ ਵੀ ਸੀ ਕਿ ਗੁਪਤ ਭਾਸ਼ਾ ਦੁਸ਼ਮਣ ਦੀ ਸਮਝ ਵਿਚ ਨਾ ਆਵੇ। ਇਸ ਲਈ ਸ਼ਸਤਰਾਂ ਦੇ ਨਾਂ ਬਦਲ ਦਿੱਤੇ ਗਏ ਤਾਂ ਕਿ ਦੁਸ਼ਮਣ ਸਮਝ ਹੀ ਨਾ ਸਕੇ ਕਿ ਕਿਹੜੇ ਸ਼ਸਤਰ ਦੀ ਗੱਲ ਹੋ ਰਹੀ ਹੈ। ਤਲਵਾਰ ਨੂੰ 'ਕ੍ਰਿਪਾਨ', 'ਸ੍ਰੀ ਸਾਹਿਬ' ਅਤੇ 'ਭਗੌਤੀ' ਆਖ ਕੇ ਦੁਸ਼ਮਣ ਨੂੰ ਭੁਲੇਖੇ ਵਿਚ ਪਾਇਆ ਜਾਂਦਾ ਹੈ। ਪਸਤੌਲ ਨੂੰ 'ਤਮੰਚਾ' ਅਤੇ ਵੱਡੀਆਂ ਬਦੂੰਕਾਂ ਨੂੰ 'ਰਾਮਜੰਗਾ', 'ਜਵਾਲਾਬਮਣੀ' ਜਾਂ 'ਕਰਾਚੌਲ' ਆਖਿਆ ਜਾਂਦਾ ਹੈ:

> ਰਾਮਜੰਗ ਸਿੰਘ ਖੂਬ ਚਲਾਵੈ। ਤੀਰ ਮਾਰ ਮਾਰ ਘੋੜੇ ਗਿਰਾਵੈ।[98]
>
> ਮਾਰ ਰਾਮ ਜੰਗਨ ਕੋ ਕਰੇ ਅੰਗ ਭੰਗਨ ਸੋ, ਭਾਗੇ ਭੂਮਿ ਰੰਗਨ ਸੋਂ ਜਾਨ ਕੋ ਬਚਾਇਕੈ।[99]

---

95 ਰਾਮ ਸਿੰਘ (ਗਿਆਨੀ), ਸ਼ਬਦ ਚਮਤਕਾਰ ਅਰਥਾਤ ਭਾਸ਼ਾ ਵਿਗਿਆਨ, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਦੂਜੀ ਵਾਰ, ਫਰਵਰੀ 1950, ਪੰਨਾ 235.

96 ਚਮਕੌਰ ਸਿੰਘ (ਸੰਪਾ.), ਗੁਰਮਤਿ ਪ੍ਰਕਾਸ਼, ਗੁਰਮਤਿ ਪ੍ਰਕਾਸ਼, ਅੰਕ 1, ਜਿਲਦ 47, ਅਪ੍ਰੈਲ 2003, ਪੰਨਾ 55.

97 ਕ੍ਰਿਪਾਲ ਸਿੰਘ ਵੜੈਚ (ਗਿਆਨੀ), ਦੋ ਗੁਰਸਿੱਖ ਨਿਰਮੋਲਕ ਹੀਰੇ, ਪੰਨਾ 652

98 ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਡਾ. ਬਲਵੰਤ ਸਿੰਘ ਢਿਲੋਂ (ਸੰਪਾ.), ਪੰਨਾ 239.

99 ਗਿਆਨ ਸਿੰਘ (ਗਿਆਨੀ), ਪੰਥ ਪ੍ਰਕਾਸ਼, ਪੰਨਾ 201.

ਨਿਹੰਗ ਸਿੰਘ ਕਮੰਦ ਕੋਰੜਾ ਨਾਂ ਦੇ ਸ਼ਸਤਰ ਨੂੰ 'ਅਕਲਦਾਨ' ਜਾਂ 'ਟੀ.ਟੀ ਸੁਧਾਰ' ਆਖਦੇ ਹਨ। ਸਫਾਜੰਗ ਨੂੰ 'ਟਕੂਆ' ਅਤੇ ਵੱਡੀ ਤਲਵਾਰ ਨੂੰ 'ਤੇਗਾ' ਆਖਦੇ ਹਨ। ਕੁਹਾੜੇ ਨੂੰ 'ਪਰਸਰਾਮ' ਅਤੇ ਲੱਕੜ ਦੇ ਮੋਟੇ ਡੰਡੇ ਨੂੰ 'ਸਲੋਤਰ' ਜਾਂ 'ਪੰਜਵਾਂ ਵੇਦ' ਆਖਿਆ ਜਾਂਦਾ ਹੈ।

#### 4.3.18 ਤੁਰਕਾਂ ਦੇ ਨਾਂ 'ਤੇ ਬਣਾਏ ਬੋਲੇ:

ਨਿਹੰਗ ਸਿੰਘ ਔਰੰਗਜੇਬ ਨੂੰ 'ਔਰੰਗਾ' ਕਹਿ ਕੇ ਸੱਦਦੇ ਸਨ। ਕੁਤਬਦੀਨ ਨੂੰ ਕੁੱਤਾ, ਵਜੀਦ ਖਾਂ ਨੂੰ ਵਜੀਦਾ, ਖ਼ਾਨ ਬਹਾਦਰ ਜ਼ਕਰੀਆ ਖਾਂ ਨੂੰ 'ਖਾਨੂੰ', ਨਾਦਰ ਸ਼ਾਹ ਅਤੇ ਅਹਿਮਦ ਸ਼ਾਹ ਅਬਦਾਲੀ ਨੂੰ ਕਾਬਲੀ ਕੁੱਤਾ ਕਹਿ ਕੇ ਸੱਦਦੇ ਸਨ। ਗਿਆਨੀ ਗਿਆਨ ਸਿੰਘ ਲਿਖਦੇ ਹਨ:

ਕਾਬਲ ਤੇ ਕੁਤਾ ਮਗਵਾਊਂ ਮੁਗਲੋ ਤਈਂ ਤੁੜਾਊਂ।[100]

ਪਰ ਇਸਦਾ ਭਾਵ ਇਹ ਨਹੀਂ ਕਿ ਖਾਲਸਾ ਕਿਸੇ ਹਿੰਦੂ ਜਾਂ ਮੁਸਲਮਾਨ ਨੂੰ ਨਫ਼ਰਤ ਕਰਦਾ ਹੈ ਸਗੋਂ ਔਖੇ ਸਮੇਂ ਵਿਚ ਸਿੰਘਾਂ ਦੀ ਮਦਦ ਕਰਨ ਵਾਲੇ ਮੁਸਲਮਾਨਾਂ ਦੀ ਯਾਦ ਵਿਚ ਨਿਹੰਗ ਸਿੰਘਾਂ ਵਲੋਂ ਮੁਰੀਦੀ ਦੇਗ ਬਣਾਈ ਜਾਂਦੀ ਹੈ। ਜੇਕਰ ਕੋਈ ਮੁਸਲਮਾਨ ਇਨ੍ਹਾਂ ਦੇ ਪੰਥ ਵਿਚ ਆ ਜਾਵੇ ਤਾਂ ਉਸਨੂੰ 'ਨਮਾਜ਼ੀ ਸਿੰਘ' ਆਖ ਕੇ ਬੁਲਾਇਆ ਜਾਂਦਾ ਸੀ।[101] ਸੁੱਚਾ ਨੰਦ ਨੂੰ 'ਝੂਠਾ ਨੰਦ' ਕਿਹਾ ਜਾਂਦਾ ਹੈ। ਲਖਪਤ ਰਾਇ ਨੂੰ 'ਲੱਖੂ' ਅਤੇ ਸਿੱਖਾਂ ਦੀ ਮਦਦ ਕਰਨ ਵਾਲੇ ਕੌੜਾ ਮੱਲ ਨੂੰ 'ਮਿੱਠਾ ਮਲ' ਆਖਦੇ ਸਨ। ਉਹ ਕਿਸੇ ਬਾਦਸ਼ਾਹ ਦਾ ਹੁਕਮ ਨਹੀਂ ਮੰਨਦੇ ਸਨ। ਇਸੇ ਕਾਰਨ ਅੰਗਰੇਜ਼ੀ ਸ਼ਾਸਨ ਕਾਲ ਸਮੇਂ ਅਕਾਲੀ ਨਿਹੰਗ ਸਿੰਘਾਂ ਨੂੰ ਸਤਿਕਾਰ ਨਾਲ ਨਹੀਂ ਦੇਖਿਆ ਜਾਂਦਾ ਸੀ।

#### 4.3.19 ਸਬਜ਼ੀਆਂ-ਫਲਾਂ ਦੇ ਨਾਂ:

ਦਰਖੱਤਾਂ ਦੇ ਪੱਤੇ ਪਾਣੀ ਵਿਚ ਉਬਾਲਣ ਨੂੰ ਸਬਜ਼ ਪੁਲਾਅ, ਮੱਕੀ ਦੇ ਫੁੱਲੇ ਚੱਬਣੇ ਤੇ ਆਖਣਾ ਚਾਂਦਨੀ ਪੁਲਾਅ, ਗੁੜ੍ਹ ਨੂੰ ਸੂਬੇਦਾਰ, ਕਿੱਕਰ ਦੇ ਫੁੱਲਾਂ ਨੂੰ ਅੰਗੂਰ ਆਖਦੇ ਹਨ।[102] ਕੁਇਰ ਸਿੰਘ ਨੇ ਗੁਰਬਿਲਾਸ ਪਾਤਸ਼ਾਹੀ ੧੦ ਪਿਆਜ ਨੂੰ 'ਰੁਪਾ' ਲਿਖਿਆ ਹੈ:

---

[100] ਉਹੀ, ਪੰਨਾ 725.

[101] ਗੰਡਾ ਸਿੰਘ (ਡਾ.), ਸਿੱਖ ਇਤਿਹਾਸ ਦੇ ਕੁਝ ਇਤਿਹਾਸਿਕ ਪੱਤਰੇ, ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ, 1998, ਪੰਨਾ ੫੭.

[102] ਹਰਨਾਮ ਦਾਸ ਉਦਾਸੀ, ਗਗਨ ਦਮਾਮਾ ਬਾਜਿਓ, ਪੰਨਾ 60.

ਰੁੱਪੇ ਸਮ ਰੂਪਾ ਲੈ ਖਾਹੀ। ਗਾਜਰ ਰੂਪੇ ਭੋਜ ਲਖਾਹੀ।[103]

ਇਸੇ ਤਰ੍ਹਾਂ ਭਾਈ ਰਤਨ ਸਿੰਘ ਭੰਗੂ ਨੇ ਵੀ ਪਿਆਜ ਨੂੰ ਰੁਪਾ ਲਿਖਿਆ ਹੈ:

ਸੋ ਗੱਠੇ ਕੋ ਰੁਪਾ ਭਾਖੈਂ। ਠੂਠਨ ਕੋ ਸੁਨਹਿਰੋ ਆਖੈਂ।

ਭੁੱਖੋਂ ਰਹੈਂ ਮਸਤ ਲੰਗਰ ਕਹੈਂ। ਖ਼ੂਹ ਖਾਤਨ ਮੱਧ ਬੇਲਨ ਰਹੈਂ।[104]

ਪੋਸਤ ਦੇ ਡੰਡਿਆਂ ਨੂੰ 'ਸ਼ਾਹਜਹਾਨ', ਅਫੀਮ ਨੂੰ ਛਤਰਧਾਰਾ, ਸ਼ਰਾਬ ਨੂੰ ਪੰਜ ਰਤਨੀ ਅਤੇ ਭੰਗ ਨੂੰ ਸੁਖ ਨਿਧਾਨ ਆਖਦੇ ਹਨ।[105] ਜੰਡ ਦੀਆਂ ਫਲੀਆਂ ਨੂੰ ਜਲੇਬੀਆਂ, ਬੇਰਾਂ ਨੂੰ ਖ਼ੁਰਮੇ, ਚੌਲਾਂ ਨੂੰ ਗਰੜੇ ਆਖ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਦੁੱਧ ਨੂੰ ਸਮੁੰਦਰ, ਸ਼ੱਕਰ ਨੂੰ ਸਿਰਖਿੰਡੀ ਅਤੇ ਗੁੜ ਨੂੰ ਸਿਰਜੋੜ ਆਖਿਆ ਜਾਂਦਾ ਹੈ। ਸਾਗ ਦੇ ਪੱਤਿਆਂ ਨੂੰ ਸਬਜ਼ ਪੁਲਾਅ ਅਤੇ ਮਾਸ ਨੂੰ ਮਹਾਂ ਪਰਸ਼ਾਦ ਕਹਿ ਕੇ ਸੰਬੋਧਨ ਕੀਤਾ ਜਾਂਦਾ ਹੈ। ਖੰਡ ਨੂੰ 'ਚੁਪ' ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਬੈਂਗਣ ਨੂੰ 'ਇਕ ਟੰਗੀ ਬਟੇਰਾ', ਆਲੂਆਂ ਨੂੰ 'ਆਂਡੇ' ਅਤੇ ਆਂਡਿਆਂ ਨੂੰ 'ਰਾਮ ਲੱਡੂ' ਦਾ ਨਾਂ ਦਿੱਤਾ ਗਿਆ ਹੈ। ਮਾਸ ਨੂੰ ਮਹਾ ਪਰਸ਼ਾਦ, ਝਟਕੇ ਨੂੰ ਚੌਟੰਗਾ, ਡਲੇ ਆਦਿ ਨਾਂ ਦਿੱਤੇ ਗਏ ਹਨ।

### 4.3.20 ਜਾਨਵਰਾਂ ਦੇ ਨਾਂ:

ਝੋਟੇ ਨੂੰ ਮਹਿਖਾਸੁਰ, ਬਿੱਲੀ ਨੂੰ ਮਲਿਕਾ, ਘੋੜੇ ਨੂੰ ਜਾਨਭਾਈ ਜਾਂ ਅਰਾਕਾ, ਊਠ ਨੂੰ ਮੁਹੰਮਦੀ ਸਵਾਰੀ, ਮੁਰਗੇ ਨੂੰ ਕਾਜ਼ੀ, ਬੱਕਰੀ ਨੂੰ ਅਕਾਸ਼ਪਰੀ, ਕੁੱਤੇ ਨੂੰ ਕੁਤਬਦੀਨ, ਬੱਕਰੇ ਨੂੰ ਚੌਟੰਗਾ, ਮੱਛੀ ਨੂੰ ਜਲਤੋਰੀ, ਜੰਗਲੀ ਸੂਰ ਨੂੰ ਕਸਤੂਰਾ, ਹਾਥੀ ਨੂੰ ਕੱਟਾ, ਗਧੇ ਨੂੰ ਥਾਣੇਦਾਰ ਕਿਹਾ ਜਾਂਦਾ ਹੈ।

### 4.3.21 ਉਤਸ਼ਾਹ ਭਰਨ ਵਾਲੇ:

ਨਿਹੰਗ ਸਿੰਘ ਕਦੇ ਵੀ ਸਰੀਰਕ ਪਖੋਂ ਅਪਾਹਿਜ ਵਿਅਕਤੀ ਦਾ ਮਜ਼ਾਕ ਨਹੀਂ ਉਡਾਉਂਦੇ। ਲੰਗੜੇ ਨੂੰ ਤੈਮੂਰ ਲੰਗ ਪਾਤਸ਼ਾਹ, ਕੰਨੋਂ ਬੋਲ਼ੇ ਨੂੰ ਚੁਬਾਰੇ ਚੜ੍ਹਿਆ ਹੋਇਆ ਅਤੇ ਟੁੰਡੇ ਨੂੰ ਲੱਖ ਬਾਹਵਾਂ ਵਾਲਾ ਆਖਦੇ

---

103 ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦਸੰਬਰ 1968, ਪੰਨਾ 96.

104 ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਡਾ. ਬਲਵੰਤ ਸਿੰਘ ਢਿਲੋਂ (ਸੰਪਾ.), ਪੰਨਾ ੨੪੯.

105 ਪਿਆਰਾ ਸਿੰਘ ਪਦਮ (ਪ੍ਰੋ.), ਸਿੱਖ ਸੰਪ੍ਰਦਾਵਲੀ, ਕਲਗੀਧਰ ਕਲਮ ਫਾਊਂਡੇਸ਼ਨ, ਕਲਮ ਮੰਦਿਰ, ਪਟਿਆਲਾ, 2000, ਪੰਨਾ 106.

ਹਨ। ਜੰਗ ਦੇ ਮੈਦਾਨ ਵਿਚ ਅੰਗ ਭੰਗ ਹੋਣ ਵਾਲੇ ਸਿੰਘਾਂ ਵਿਚ ਉਤਸ਼ਾਹ ਭਰਨ ਲਈ ਵੀ ਉਨ੍ਹਾਂ ਨੂੰ ਵੱਖ-ਵੱਖ ਬੋਲਿਆਂ ਨਾਲ ਬੁਲਾਇਆ ਜਾਂਦਾ ਸੀ ਤਾਂ ਕਿ ਉਨ੍ਹਾਂ ਵਿਚ ਹੀਣ ਭਾਵਨਾ ਪੈਦਾ ਨਾ ਹੋਵੇ:

ਗੰਜੇ ਕੋ ਕਲਗਾ ਸਿੰਘ ਭਾਖੈਂ। ਕਾਣੇ ਕੋ ਲੱਖ ਨੇਤ੍ਰਾ ਆਖੈਂ।
ਸੂਰਾ ਸਿੰਘ ਕਹਿ ਅੰਧੇ ਤਾਈਂ। ਲੁੰਜੇ ਕੋ ਲਖ ਬਾਹਾਂ ਭਾਈ।
ਲੂਲ੍ਹੇ ਬੁਧ ਅਵਤਾਰ ਕਹਾਵੈਂ। ਚੜ੍ਹਿਆ ਚਵਾਰੇ ਬਧੇਰੇ ਗਾਵੈਂ।
ਲੰਗੜੇ ਕੋ ਕਹਿ ਸਿੰਘ ਸੁਚਾਲਾ। ਨਕਟਾ ਸ੍ਵਰਗ ਦੁਵਾਰੀ ਵਾਲਾ।[106]

ਜੁੱਤੀ ਪਾਉਣ ਨੂੰ ਘੋੜੀ ਚੜ੍ਹਿਆ, ਘਾਹ ਖੋਤਣ ਨੂੰ ਬਾਜ਼ ਦਾ ਸ਼ਿਕਾਰ ਕਰਨਾ, ਚੱਕੀ ਪੀਹਣੀ ਨੂੰ ਫਿਰਨੀ ਦੀ ਸਵਾਰੀ ਕਰ ਰਹੇ, ਆਖਦੇ ਹਨ। ਕਿੱਕਰ ਦੀ ਦਾਤਣ ਨੂੰ ਗੁਲਾਬ, ਪਿਸ਼ਾਬ ਕਰਨ ਨੂੰ ਚਿਤੋੜ ਦਾ ਕਿਲ੍ਹਾ ਫਤਹਿ ਕਰਨਾ, ਰਾਤ ਕੱਟਣ ਨੂੰ ਛਾਉਣੀ ਪਾਉਣਾ, ਮੋਹਰਾਂ ਨੂੰ ਛਿਲੱੜ, ਠੀਕਰੀ, ਮਾਇਆ, ਡੈਣ, ਜੁਰਮਾਨਾ ਆਦਿ ਆਖਦੇ ਹਨ।[107] ਜਿਸਦੇ ਸਿਰ 'ਤੇ ਕੇਸ ਘੱਟ ਹੋਣ ਉਸਨੂੰ 'ਕਲਗਾ ਸਿੰਘ', ਇਕ ਅੱਖ ਤੋਂ ਕਾਣੇ ਨੂੰ 'ਲੱਖ ਨੇਤ੍ਰਾ ਸਿੰਘ' ਅਤੇ ਅੰਨ੍ਹੇ ਸਿੰਘ ਨੂੰ 'ਸੂਰਮਾ ਸਿੰਘ' ਕਹਿ ਕੇ ਸਤਿਕਾਰਿਆ ਜਾਂਦਾ ਹੈ ਅਤੇ ਸੁਣਨ ਵਾਲਾ ਵੀ ਖੁਸ਼ ਹੋ ਜਾਂਦਾ ਹੈ।

### 4.3.22 ਨਿਹੰਗ ਸਿੰਘਾਂ ਦੀਆਂ ਛਾਉਣੀਆਂ ਵਿਚ ਵਰਤੇ ਜਾਂਦੇ ਬੋਲੇ:

ਇੱਕੋ ਬਾਟੇ ਵਿੱਚ ਬੈਠ ਕੇ ਲੰਗਰ ਛਕਣ ਵਾਲਿਆਂ ਨੂੰ 'ਸੁਨਹਿਰੀਏ' ਕਿਹਾ ਜਾਂਦਾ ਹੈ।[108] ਸਰਬ ਲੋਹ ਦੇ ਬਰਤਨਾਂ ਵਿਚ ਲੰਗਰ ਪਕਾਉਣ ਅਤੇ ਛਕਣ ਦੀ ਮਰਯਾਦਾ ਨੂੰ 'ਬਿਬੇਕ' ਕਿਹਾ ਜਾਂਦਾ ਹੈ।[109] ਸਰਬ ਲੋਹ ਦੇ ਬਰਤਨਾਂ ਵਿਚ ਖੂਹ ਦੇ ਜਲ ਦੀ ਵਰਤੋਂ ਤੇ ਆਪਣ ਹੱਥੀਂ ਅਠ ਪਹਿਰ ਲੰਗਰ ਸਜਾ ਕੇ ਛਕਣ ਵਾਲੇ ਨੂੰ 'ਬਿਬੇਕਾ ਸਿੰਘ' ਕਿਹਾ ਜਾਂਦਾ ਹੈ।[110] ਛਾਉਣੀਆਂ ਵਿਚ ਸ਼ਹੀਦੀ ਦੇਗਾਂ ਬਣਾਉਣ ਵੇਲੇ ਭੰਗ ਨੂੰ

---

106 ਗਿਆਨ ਸਿੰਘ (ਗਿਆਨੀ), ਪੰਥ ਪ੍ਰਕਾਸ਼, ਪੰਨਾ 733.

107 ਹਰਨਾਮ ਦਾਸ ਉਦਾਸੀ, ਗਗਨ ਦਮਾਮਾ ਬਾਜਿਓ, ਪੰਨਾ 61.

108 ਸੰਤਾ ਸਿੰਘ ਬਾਬਾ ਅਕਾਲੀ, ਸਿੰਘ ਸਾਹਿਬ (ਟੀਕਾਕਾਰ), ਪ੍ਰਾਚੀਨ ਪੰਥ ਪ੍ਰਕਾਸ਼ ਸਟੀਕ ਸ਼ਹੀਦ ਭਾਈ ਰਤਨ ਸਿੰਘ ਭੰਗੂ ਵਾਲਾ, (ਪ੍ਰਕਾ.) ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ, ਪੰਜਵਾਂ ਤਖ਼ਤ, ਲੋਇਰ ਮਾਲ ਰੋਡ, ਪਟਿਆਲਾ, 5 ਜੂਨ 2000, ਪੰਨਾ 6.

109 ਕ੍ਰਿਪਾਲ ਸਿੰਘ ਵੜੈਚ (ਗਿਆਨੀ), ਦੋ ਗੁਰਸਿੱਖ ਨਿਰਮੋਲਕ ਹੀਰੇ, ਪੰਨਾ 92.

110 ਉਹੀ, ਪੰਨਾ 92.

ਸੁੱਖਾ ਜਾਂ ਸਰਦਾਈ ਆਖਿਆ ਜਾਂਦਾ ਹੈ ਅਤੇ ਰਗੜਨ ਲਈ ਕੁੰਡੇ-ਸੋਟੇ ਨੂੰ 'ਸੁਨਿਹਰਾ-ਸਲੋਤਰ' ਕਿਹਾ ਜਾਂਦਾ ਹੈ:

ਕਹੇ ਸੁਨਿਹਰਾ ਕੂੰਡੇ ਤਾਈਂ। ਭੰਗ ਤਈ ਸੁੱਖਾ ਸਰਦਾਈ।[111]

'ਜਥੇਦਾਰੀ' ਨਾਮ 'ਸੇਵਾਦਾਰ' ਦਾ ਹੈ। ਪੰਥ ਖਾਲਸੇ ਨੇ ਆਪਣੇ ਬੋਲਿਆਂ ਵਿਚ ਸੇਵਾਦਾਰ ਜਾਂ ਪਹਿਰੇਦਾਰ ਨੂੰ 'ਜਥੇਦਾਰ' ਸਬੰਧੋਨ ਕੀਤਾ ਹੈ।[112] ਸੁੱਖਾ ਘੋਟਣ ਨੂੰ ਰਗੜਾ ਲਾਉਣਾ, ਲੰਗਰ ਛਕਣ ਨੂੰ ਗੱਫੇ ਛਕਣਾ, ਭਾਰੀ ਲੱਕੜ ਦੇ ਸੋਟੇ ਨੂੰ ਸਲੋਤਰ, ਕੁੰਡੇ ਨੂੰ ਸੁਨਿਹਰਾ ਅਤੇ ਸ਼ਹੀਦੀ ਦੇਗਾਂ ਛਾਣਨ ਵਾਲੇ ਰੁਮਾਲੇ ਦੀਆਂ ਕੰਨੀਆਂ ਨੂੰ 'ਸ਼ੇਰ ਦੇ ਕੰਨ' ਕਿਹਾ ਜਾਂਦਾ ਹੈ। ਤੁਰਦੇ ਫਿਰਦੇ ਸਿੰਘਾਂ ਦੇ ਜਥੇ ਨੂੰ ਚਲਦਾ ਵਹੀਰ ਜਾਂ ਚਕਰਵਰਤੀ ਆਖਿਆ ਜਾਂਦਾ ਹੈ। ਫਰਲਾਧਾਰੀ ਸਿੰਘ ਨੂੰ 'ਮਹਾਂਕਾਲ ਸਿੰਘ' ਕਹਿ ਕੇ ਸਤਿਕਾਰ ਦਿੱਤਾ ਜਾਂਦਾ ਹੈ। ਜਿਸ ਪਾਲਕੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦਾ ਪ੍ਰਕਾਸ਼ ਹੁੰਦਾ ਹੈ ਉਸ ਪਾਲਕੀ ਦੀ ਗੱਡੀ ਨੂੰ ਖਾਲਸਈ ਬੋਲਿਆਂ ਵਿਚ 'ਜਹਾਜ਼' ਆਖਿਆ ਜਾਂਦਾ ਹੈ। ਨਿਹੰਗ ਸਿੰਘਾਂ ਦੀ ਇਕ ਪੁਰਾਤਨ ਪਾਲਕੀ (ਗੱਡਾ) ਗੁ: ਬੇਰ ਸਾਹਿਬ, ਸਾਬੋ ਕੀ ਤਲਵੰਡੀ, ਬਠਿੰਡਾ ਵਿਖੇ ਸੁਸ਼ੋਭਿਤ ਹੈ।

### 4.3.23 ਗੁਰਦੁਆਰਿਆਂ ਵਿਚ ਵਰਤੇ ਜਾਣ ਵਾਲੇ ਬੋਲੇ:

ਨਿਹੰਗ ਸਿੰਘਾਂ ਵਲੋਂ ਘੜੇ ਗਏ ਕੁਝ ਕੁ ਬੋਲੇ ਹੁਣ ਗੁਰਦੁਆਰਾ ਸਾਹਿਬਾਨ ਵਿਚ ਅਕਸਰ ਸੁਣਨ ਨੂੰ ਮਿਲਦੇ ਹਨ ਜੋ ਕਿ ਪੰਜਾਬੀ ਸ਼ਬਦਾਵਲੀ ਦਾ ਅੰਗ ਬਣ ਚੁੱਕੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨੂੰ ਅਸਥਾਪਨ ਕਰਨ ਸਮੇਂ 'ਅਸਵਾਰਾ' ਕਰਨਾ ਬੋਲਿਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੁਮਾਲ ਖੋਲਕੇ ਪ੍ਰਕਾਸ਼ ਕਰਨ ਨੂੰ 'ਅਸਵਾਰਾ ਸਾਹਿਬ ਪ੍ਰਕਾਸ਼ਨਾ' ਆਖਿਆ ਜਾਂਦਾ ਹੈ। ਇਸ ਤੋਂ ਇਲਾਵ ਅਖੰਡ ਪਾਠ, ਅਰਦਾਸਾ, ਅਰਦਾਸੀਆ, ਅੰਮ੍ਰਿਤ ਵੇਲਾ, ਸ਼ਹੀਦ, ਸਤਿ ਸ੍ਰੀ ਅਕਾਲ ਦਾ ਜੈਕਾਰਾ, ਸ਼ਬਦ ਕੀਰਤਨ, ਸ਼ਬਦ ਭੇਟ, ਸਵਾਇਆ, ਹਜ਼ੂਰੀਆ, ਹਾਜਰੀ ਭਰਨੀ, ਕੜਾਹ ਪ੍ਰਸ਼ਾਦਿ, ਕਾਰ ਭੇਟ, ਕੀਰਤਨ, ਕੁਰਹਿਤ, ਗੁਰਮਤਾ, ਜੋੜ ਮੇਲ, ਤਨਖਾਹੀਆ, ਦਸਤਾਰ, ਦੇਗ ਸਜਾਉਣੀ, ਨਿਸ਼ਾਨ ਸਾਹਿਬ, ਪ੍ਰਸ਼ਾਦਾ, ਮਨਮਤੀਆ, ਰਹਿਤਨਾਮਾ, ਜੋੜੇ ਆਦਿ ਸ਼ਬਦ ਖਾਲਸਈ ਬੋਲਿਆਂ ਦੀ ਹੀ ਉਪਜ ਹਨ।

---

111 ਗਿਆਨ ਸਿੰਘ (ਗਿਆਨੀ), ਪੰਥ ਪ੍ਰਕਾਸ਼, ਪੰਨਾ 733.

112 ਕ੍ਰਿਪਾਲ ਸਿੰਘ ਵੜੈਚ (ਗਿਆਨੀ), ਦੋ ਗੁਰਸਿੱਖ ਨਿਰਮੋਲਕ ਹੀਰੇ, ਪੰਨਾ 199.

### 4.3.24 ਮਜ਼ਹਬੀ ਸਿੰਘ:

ਪੁਰਾਤਨ ਨਿਹੰਗ ਸਿੰਘਾਂ ਨੇ ਕੁਝ ਹੋਰ ਵੀ ਬੋਲੇ ਬਣਾਏ ਸਨ ਜੋ ਕਿ ਜਾਤ-ਪਾਤ ਜਾਂ ਕਿਸੇ ਤਬਕੇ ਨਾਲ ਸੰਬੰਧਿਤ ਸਨ ਜਿਵੇਂ ਮਜ਼ਬੀ ਸਿੰਘ, ਰੰਘਰੇਟੇ, ਚੌਥੇ ਪੌੜੀਏ ਆਦਿ। ਮਜ਼ਬ (ਧਰਮ) ਵਿਚ ਪੱਕੇ ਰਹਿਣ ਵਾਲੇ ਨੂੰ ਮਜ਼ਬੀ ਜਾਂ ਧਰਮੀ ਕਿਹਾ ਜਾਂਦਾ ਹੈ। ਭਾਈ ਬੀਰ ਸਿੰਘ ਧੀਰ ਸਿੰਘ ਰੰਘਰੇਟੇ ਸਿੰਘ ਸਨ, ਜਿਹੜੇ ਭਾਈ ਡੱਲੇ ਵਲੋਂ ਭੇਟਾ ਕੀਤੀ ਬੰਦੂਕ ਦੀ ਪਰਖ ਵੇਲੇ ਖਰੇ ਨਿਕਲੇ ਸਨ। ਇਸੇ ਸਤਿਕਾਰ ਨੂੰ ਮੁਖ ਰਖਦਿਆਂ ਨਵਾਬ ਕਪੂਰ ਸਿੰਘ ਜੀ ਨੇ ਤਰਨਾ ਦਲ ਦੇ ਪੰਜ ਜਥਿਆਂ ਵਿਚੋਂ, ਮਜ਼ਬੀ ਸਿੰਘਾਂ ਦਾ ਇਕ ਦਲ ਬਣਾਇਆ ਸੀ।[113] ਨਿਹੰਗ ਸਿੰਘ ਜਥੇਬੰਦੀ ਵਿਚ ਰੰਘਰੇਟੇ ਸਿੱਖਾਂ ਨੂੰ 'ਚੌਥੇ ਪੌੜੀਏ' ਆਖਿਆ ਜਾਂਦਾ ਹੈ।[114] ਇਸਦਾ ਕਾਰਨ ਇਹ ਹੈ ਕਿ ਗਿਆਨੀ ਗਿਆਨ ਸਿੰਘ ਅਨੁਸਾਰ ਅੰਮ੍ਰਿਤਸਰ ਦੀ ਪੂਰਬ ਦਿਸ਼ਾ ਵਿਚ ਰੰਘਰੇਟੇ ਸਿੰਘਾਂ ਦਾ ਬੁੰਗਾ ਸੀ। ਉਸ ਬੁੰਗੇ ਵਲ ਦੀ ਬਾਹੀ (ਚੌਥੀ ਬਾਹੀ) ਕਰਕੇ ਇਹ ਨਾਮ ਪਿਆ:

ਤਬ ਤੈ ਮਜਬੀ ਸਿੰਘ ਹਠੀਲੇ। ਰਹੇ ਹਮੇਸ਼ੈਂ ਪੰਥ ਸੰਗੀਲੇ।
ਅੰਮ੍ਰਿਤਸਰ ਪੂਰਬ ਦਿਸ ਹੇਰੋ। ਹੈ ਅਬ ਲੌ ਬੁੰਗਾ ਤਿਨ ਕੇਰੋ।
ਮਾਲਕ ਚੌਥੇ ਪੌੜੇ ਕੇਰੈਂ। ਯਾਹੀ ਤੈ ਤਿਨ ਕੌ ਸਿਖ ਟੇਰੈਂ।[115]

ਹਰਿਮੰਦਰ ਸਾਹਿਬ ਦੇ ਸਰੋਵਰ ਦੇ ਚੜ੍ਹਦੇ ਵਾਲੇ ਪਾਸੇ ਮਜ਼ਬੀ ਸਿੰਘਾਂ ਦਾ ਬੁੰਗਾ ਬਣਿਆ ਹੋਇਆ ਸੀ ਜੋ 1834 ਬਿ: ਵਿਚ ਬਣਿਆ ਸੀ।[116] ਇਸੀ ਪ੍ਰਕਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਵੀ ਮਜ਼ਬੀ ਸਿੰਘਾਂ ਦਾ ਬੁੰਗਾ ਬਣਿਆ ਹੋਇਆ ਹੈ ਜਿਸਦੀ ਸਥਾਪਨਾ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਇਕ ਰੰਘਰੇਟੇ ਸਿੰਘ ਭਾਈ ਬੀਰ ਸਿੰਘ ਨੇ ਕੀਤੀ ਸੀ।[117]

---

113 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਚੌਥਾ, ਪੰਨਾ 1572.

114 ਹੀਰਾ ਸਿੰਘ ਦਰਦ (ਸੰਪਾ.), ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਕ ਖੋਜ, ਭਾਗ ਤੀਜਾ, ਪੰਨਾ 7.

115 ਗਿਆਨ ਸਿੰਘ (ਗਿਆਨੀ), ਪੰਥ ਪ੍ਰਕਾਸ਼, ਪੰਨਾ 663.

116 ਕਿਰਪਾਲ ਸਿੰਘ (ਗਿਆਨੀ) (ਸਿੰਘ ਸਾਹਿਬ), ਸ੍ਰੀ ਹਰਿਮੰਦਰ ਸਾਹਿਬ ਦਾ ਸੁਨਿਹਰੀ ਇਤਿਹਾਸ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਅਗਸਤ 2010, ਪੰਨਾ ੩੨੮.

117 ਅਮਰਜੀਤ ਸਿੰਘ (ਡਾ.) ਇਤਿਹਾਸ ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ, ਬਠਿੰਡਾ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਜੂਨ 2007, ਪੰਨਾ 25.

### 4.3.25 ਨਵੀਨ ਬੋਲੇ:

ਸਮੇਂ ਦੀ ਚਾਲ ਦੇ ਨਾਲ-ਨਾਲ ਖਾਲਸੇ ਦੇ ਇਨ੍ਹਾਂ ਬੋਲਿਆਂ ਵਿਚ ਵਾਧਾ ਹੁੰਦਾ ਰਿਹਾ ਜਿਵੇਂ ਰੇਲਗੱਡੀ ਨੂੰ ਭੂਤਨੀ, ਇੰਜਣ ਨੂੰ ਤੇਜਾ ਸਿੰਘ, ਚਾਹ ਨੂੰ ਢਿੱਡ ਫੂਕਣੀ ਅਤੇ ਮੋਟਰ ਗੱਡੀ (ਕਾਰ) ਨੂੰ 'ਗੜਬਹਿਲ'[118] ਆਖਿਆ ਜਾਂਦਾ ਹੈ। ਜੇਕਰ ਕਿਸੇ ਨਿਹੰਗ ਸਿੰਘ ਕੋਲ ਸਾਇਕਲ ਹੋਵੇ ਤਾਂ ਉਹ ਸਾਇਕਲ ਨੂੰ 'ਵਾ-ਵਰੋਲਾ' ਆਖਦਾ ਹੈ। ਕੁਝ ਕੁ ਬੋਲੇ ਸਮੇਂ ਦੇ ਨਾਲ-ਨਾਲ ਇਜ਼ਾਦ ਕਰ ਲਏ ਗਏ ਅਤੇ ਨਿਹੰਗ ਸਿੰਘਾਂ ਦੀ ਗੁਪਤ ਸ਼ਬਦਾਵਲੀ ਵਿਚ ਜੁੜਦੇ ਗਏ ਅਤੇ ਸਮੇਂ ਦੇ ਨਾਲ-ਨਾਲ ਹੀ ਪੁਰਾਤਨ ਬੋਲਿਆਂ ਵਿਚੋਂ ਬਹੁਤ ਸਾਰੇ ਬੋਲੇ ਅਲੋਪ ਵੀ ਹੁੰਦੇ ਰਹੇ ਹਨ। ਇਹ ਬੋਲੇ ਹੌਲੀ-ਹੌਲੀ ਅਲੋਪ ਹੋ ਰਹੇ ਹਨ। ਇਨ੍ਹਾਂ ਦੇ ਅਲੋਪ ਹੋਣ ਦੇ ਕਾਰਨ ਪੁਰਾਤਨ ਮਰਯਾਦਾ ਦਾ ਖਤਮ ਹੋ ਜਾਣਾ, ਸਾਡੇ ਰਹਿਣ ਸਹਿਣ ਅਤੇ ਖਾਣ ਪੀਣ ਆਦਿ ਵਿਚ ਪਰਿਵਰਤਨ ਅਤੇ ਨਿਹੰਗ ਸਿੰਘਾਂ ਪ੍ਰਤੀ ਨਫ਼ਰਤ ਭਰਿਆ ਰਵੱਈਆ ਹੋ ਸਕਦਾ ਹੈ।

ਜੰਗਲਾਂ ਵਿਚ ਰਹਿੰਦਿਆਂ 'ਦੁਖ ਵਿਚ ਸੁਖ ਮਨਾਈ' ਦਾ ਜਾਪ ਕਰਦੇ ਖਾਲਸੇ ਨੇ ਬੇਅੰਤ ਔਕੜਾਂ ਝੱਲਦਿਆਂ, ਆਪਣੇ ਵਜੂਦ ਨੂੰ ਕਾਇਮ ਰਖਦਿਆਂ ਹੋਇਆਂ ਵੀ ਸਿੱਖੀ ਦੀ ਲਾਟ ਨੂੰ ਜਗਦਾ ਰਖਿਆ। ਹੁਣ ਅਸੀਂ ਨਿਹੰਗ ਸਿੰਘਾਂ ਦੀ ਸ਼ਸਤਰ ਵਿੱਦਿਆ ਦੇ ਸੰਦਰਭ ਨੂੰ ਵੱਖ-ਵੱਖ ਪੱਖਾਂ ਤੋਂ ਵੇਖਣ ਦਾ ਯਤਨ ਕਰਾਂਗੇ।

## 4.4 ਗੁਰੂ ਨਾਨਕ ਦੇਵ ਜੀ ਤੋਂ ਸਿੱਖ ਸ਼ਸਤਰ ਵਿੱਦਿਆ ਦਾ ਮੁੱਢ:

ਸ਼ਸਤਰ ਬਹਾਦਰ ਕੌਮਾਂ ਦੀ ਵਿਰਾਸਤ ਹੁੰਦੇ ਹਨ। ਸ਼ਸਤਰ ਆਪੇ ਦੀ ਰੱਖਿਆ ਲਈ ਅਹਿਸਾਸ ਪੈਦਾ ਕਰਦਾ ਹੈ।[119] "ਗੁਰੂ ਮਤ ਵਿਚ ਸ਼ਸਤਰਾਂ ਦਾ ਦਰਸ਼ਨ ਵੀ ਇਕ ਤਰ੍ਹਾਂ ਨਾਲ ਅਕਾਲ ਪੁਰਖ ਜੀ ਦਾ ਦਰਸ਼ਨ ਮੰਨਿਆ ਜਾਂਦਾ ਹੈ।"[120] ਤ੍ਰੈਤਾ ਯੁੱਗ ਤੋਂ ਹੀ ਹਰ ਰਾਜੇ, ਮਹਾਰਾਜੇ ਵਲੋਂ ਸ਼ਸਤਰ ਵਰਤੇ ਜਾਂਦੇ ਰਹੇ ਹਨ। ਮਹਾਂਭਾਰਤ ਦਾ ਮਹਾਂ ਯੁੱਧ ਵੀ ਸ਼ਸਤਰਾਂ ਦੁਆਰਾ ਲੜਿਆ ਗਿਆ। ਅਹਿੰਸਾ ਦੇ ਮਾਰਗ ਉਤੇ ਚਲਣ ਵਾਲੇ ਧਰਮਾਂ ਨੂੰ ਛੱਡ ਕੇ ਲਗਪਗ ਹਰ ਧਰਮ ਵਿਚ ਸ਼ਸਤਰਾਂ ਦੀ ਵਰਤੋਂ ਕੀਤੀ ਜਾਂਦੀ ਰਹੀ ਹੈ। ਸ਼ੁਰੂ ਤੋਂ ਹੀ

---

118 ਕ੍ਰਿਪਾਲ ਸਿੰਘ ਵੜੈਚ (ਗਿਆਨੀ), ਦੋ ਗੁਰਸਿੱਖ ਨਿਰਮੋਲਕ ਹੀਰੇ, ਪੰਨਾ 656.

119 ਬਲਕਾਰ ਸਿੰਘ (ਡਾ.)(ਸੰਪਾ.), ਨਾਨਕ ਪ੍ਰਕਾਸ਼ ਪਤ੍ਰਿਕਾ, (ਜੂਨ-ਦਸੰਬਰ 1986), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995, ਪੰਨਾ 197.

120 ਕੌਰ ਸਿੰਘ ਨਿਹੰਗ (ਅਕਾਲੀ), ਹਜ਼ੂਰੀ ਸਾਥੀ, ਪੰਨਾ 144.

ਹਿੰਦੁਸਤਾਨ ਦੀ ਧਰਤੀ 'ਤੇ ਸ਼ਸਤਰਾਂ ਦੇ ਅਭਿਆਸ ਨੂੰ ਸਿੱਖਿਆ-ਸਿਖਾਇਆ ਜਾਂਦਾ ਰਿਹਾ। ਸਿੱਖ ਧਰਮ ਅੰਦਰ ਭਗਤੀ ਅਤੇ ਸ਼ਕਤੀ, ਮੀਰੀ ਅਤੇ ਪੀਰੀ, ਸ਼ਸਤਰ ਅਤੇ ਸ਼ਾਸਤਰ ਨਾਲ-ਨਾਲ ਚਲਦੇ ਹਨ। ਮਨ ਦੇ ਵੈਰੀਆਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਨਿੰਦਾ, ਈਰਖਾ ਆਦਿ) ਦਾ ਮੁਕਾਬਲਾ ਗਿਆਨ ਦੀ ਤਲਵਾਰ ਨਾਲ ਕੀਤਾ ਜਾ ਸਕਦਾ ਹੈ ਅਤੇ ਜ਼ੁਲਮ ਦਾ ਮੁਕਾਬਲਾ ਸ਼ਸਤਰਾਂ ਨਾਲ ਕੀਤਾ ਜਾਂਦਾ ਹੈ। ਗੁਰਬਾਣੀ ਵਿਚ ਇਸ ਵਿਚਾਰ ਦੀ ਪੁਸ਼ਟੀ ਹੁੰਦੀ ਹੈ ਕਿ ਗਿਆਨ ਖੜਗ ਰਾਹੀਂ ਅਗਿਆਨਤਾ ਨੂੰ ਕੱਟਿਆ ਜਾ ਸਕਦਾ ਹੈ:

ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ॥[121]

ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ॥[122]

ਗੁਰੂ ਸਾਹਿਬਾਨ ਵਲੋਂ ਆਪਣੇ ਅਨੁਯਾਈਆਂ ਨੂੰ ਇਹ ਸਿੱਖਿਆ ਦਿੱਤੀ ਗਈ ਹੈ ਕਿ ਗਿਆਨ ਦੀ ਤਲਵਾਰ ਨਾਲ ਮਨ ਦੇ ਵਿਕਾਰਾਂ ਨਾਲ ਜੰਗ ਕਰਨੀ ਅਤੇ ਬਾਹਰੀ ਤੌਰ 'ਤੇ ਲੋਹ ਖੜਗ ਫੜ੍ਹ ਕੇ ਜ਼ੁਲਮ ਨਾਲ ਟੱਕਰ ਲੈਣੀ ਹੈ। ਜ਼ੁਲਮ ਸਹਿਣਾ ਅਤੇ ਕਰਨਾ ਦੋਵੇਂ ਹੀ ਪਾਪ ਹਨ। ਗੁਰੂ ਨਾਨਕ ਦੇਵ ਜੀ ਨੇ ਕਲਜੁਗ ਦੇ ਸਮੇਂ ਵਿਚ ਧਰਮ ਦਾ ਰਾਜ ਚਲਾਇਆ:

ਕਰਾਂ ਚਾਰੋ ਜੁਗ ਵਿਚ ਕਲਜੁਗ ਅੰਦਰ ਰਾਜ।

ਪੰਥ ਚਲਾਇਆ ਧਰਮ ਦਾ ਸਭ ਲੇਕਰ ਸਾਜ ਸਮਾਜ।[123]

ਗੁਰੂ ਨਾਨਕ ਦੇਵ ਜੀ 'ਸਰਬ ਕਲਾ ਕਾ ਗਿਆਤਾ' ਸਨ। ਪੰਜਾਬੀ ਯੂਨੀਵਰਸਿਟੀ ਦੇ ਗੱਤਕਾ ਕੋਚ ਅਵਤਾਰ ਸਿੰਘ ਅਨੁਸਾਰ, "ਗੁਰੂ ਨਾਨਕ ਸਾਹਿਬ ਦਾ ਧਰਤੀ ਉਤੇ ਆਉਣਾ ਸ਼ਸਤਰ ਵਿੱਦਿਆ ਦੇ ਪਸਾਰ ਲਈ ਇਕ ਨਵਾਂ ਕਦਮ ਸੀ। ਗੁਰੂ ਸਾਹਿਬ ਨੇ ਇਹ ਗੁਣ ਬਾਬਾ ਬੁੱਢਾ ਜੀ ਨੂੰ ਸੌਂਪ ਦਿੱਤਾ ਅਤੇ ਇਸ ਨੂੰ ਸੰਭਾਲ ਕੇ ਰਖਣ ਦੀ ਆਗਿਆ ਦਿੱਤੀ।"[124] ਭਾਈ ਗੁਰਦਾਸ ਜੀ ਆਪਣੀ ਪਹਿਲੀ ਵਾਰ ਦੀ 32ਵੀਂ ਪਉੜੀ

---

121 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੧੪੧੪.

122 ਉਹੀ, ਪੰਨਾ ੧੦੨੨.

123 ਸਰੂਪ ਦਾਸ ਭੱਲਾ, ਗੁਰੂ ਨਾਨਕ ਮਹਿਮਾ ਅਰਥਾਤ ਮਹਿਮਾ ਪ੍ਰਕਾਸ਼, ਭਾਗ ਪਹਿਲਾ, ਡਾ. ਉੱਤਮ ਸਿੰਘ ਭਾਟੀਆ (ਸੰਪਾ.), ਭਾਸ਼ਾ ਵਿਭਾਗ, ਪੰਜਾਬ 1999, ਪੰਨਾ 361.

124 ਅਵਤਾਰ ਸਿੰਘ, ਗੱਤਕਾ-ਸਿਖਲਾਈ ਅਤੇ ਨਿਯਮਾਵਲੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012, ਪੰਨਾ 4.

ਵਿਚ ਲਿਖਦੇ ਹਨ ਕਿ ਗੁਰੂ ਨਾਨਕ ਦੇਵ ਜੀ ਜਦੋਂ ਮੱਕੇ ਗਏ ਤਾਂ ਉਨ੍ਹਾਂ ਦੇ ਹੱਥ ਵਿਚ 'ਆਸਾ' ਭਾਵ ਲੱਕੜ ਦਾ ਸੋਟਾ ਸੀ:

ਬਾਬਾ ਫਿਰ ਮਕੇ ਗਇਆ ਨੀਲ ਬਸਤ੍ਰ ਧਾਰੇ ਬਨਵਾਰੀ।
ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸੱਲਾ ਧਾਰੀ।[125]

ਗੁਰੂ ਨਾਨਕ ਸੂਰਜੋਦੇ ਜਨਮਸਾਖੀ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਨੀਲੇ ਬਸਤ੍ਰ ਪਾ ਕੇ, ਸੇਲੀ ਟੋਪੀ ਪਹਿਨੀ ਹੋਈ ਸੀ ਅਤੇ ਹੱਥ ਵਿਚ ਆਸਾ (ਲੱਕੜ ਦਾ ਸੋਟਾ) ਸੀ:

ਨੀਲੇ ਪਟ ਪਹਿਰੇ ਤਨ ਮਾਹੀ। ਕਾਖ ਕਤਾਬ ਧਰੀ ਤਬ ਤਾਹੀ।
ਉਚੀ ਟੋਪੀ ਧਾਰੀ ਸੀਸਾ। ਆਸਾ ਹਾਥ ਲੀਨ ਜਗਦੀਸਾ।[126]

ਗੁਰੂ ਸਾਹਿਬ ਨੇ ਆਪਣੇ ਅਨੁਯਾਈਆਂ ਨੂੰ ਪਹਿਲਾਂ ਸ਼ਸਤਰ ਵਿੱਦਿਆ ਸਿਖਾਉਣ ਦੀ ਬਜਾਏ ਨਾਮ ਸਿਮਰਨ ਅਤੇ ਗਿਆਨ ਦੀ ਪ੍ਰਾਪਤੀ ਕਰਨ ਲਈ ਪ੍ਰੇਰਿਤ ਕੀਤਾ।[127] ਅੱਜ ਵੀ 'ਸ਼ਾਓਲਿਨ ਕੁੰਗ ਫੂ' ਅਤੇ ਹੋਰ ਪ੍ਰਾਚੀਨ ਸ਼ਸਤਰ ਕਲਾਵਾਂ ਦੀ ਸਿਖਲਾਈ ਵਿਚ Meditation ਵਲ ਖਾਸ ਧਿਆਨ ਦਿੱਤਾ ਜਾਂਦਾ ਹੈ ਤਾਂ ਜੋ ਸਿਖਿਆਰਥੀ ਦਾ ਮਨ ਕਾਬੂ ਵਿਚ ਰਹੇ।[128]

### 4.5 ਬਾਕੀ ਗੁਰੂ ਸਾਹਿਬਾਨ ਦੁਆਰਾ ਸ਼ਸਤਰ ਵਿੱਦਿਆ ਦਾ ਪ੍ਰਸਾਰ:

ਗੁਰੂ ਅੰਗਦ ਦੇਵ ਜੀ ਨੇ ਸਰੀਰ ਦੀ ਤੰਦਰੁਸਤੀ ਲਈ ਸਿੱਖ ਧਰਮ ਅੰਦਰ ਮੱਲ ਅਖਾੜਿਆਂ ਦੀ ਸ਼ੁਰੂਆਤ ਕੀਤੀ। ਗੁਰੂ ਅੰਗਦ ਦੇਵ ਜੀ ਨੇ ਮੱਸੂ ਸ਼ਾਹੀ ਨਾਮ ਦੇ ਸਿੱਖ ਨੂੰ ਉਪਦੇਸ਼ ਦਿੰਦੇ ਹੋਏ ਕਿਹਾ:

ਜੇਕਰ ਜੁੱਧ ਆਨ ਕਿਤ ਪਰੇ॥ ਅਲਪ ਕਿ ਥੋਰੇ ਨਹੀਂ ਬਿਚਰੇ॥
ਪੀਠ ਨ ਦੇਹ ਸਮੁਖ ਰਿਪੁ ਰਹੈ॥ ਨਿਰਭੈ ਸ਼ਸਤ੍ਰ ਬਹੈ ਜਸੁ ਲਹੈ॥
ਜੇ ਰਣ ਮਹਿੰ ਸਨਮੁਖ ਮ੍ਰਿਤ ਪਾਵੈ॥ ਸ੍ਵਰਗ ਨਿਸੰਸੇ ਸੂਰ ਸਿਧਾਵੈ॥[129]

---

125 ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਵਾਰਾਂ ਗਿਆਨ ਰਤਨਾਵਲੀ ਭਾਈ ਗੁਰਦਾਸ ਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਤੀਜੀ ਐਡੀਸ਼ਨ, ਫਰਵਰੀ 1981, ਪੰਨਾ 16.

126 ਗਣੇਸ਼ਾ ਸਿੰਘ ਬੇਦੀ (ਬਾਬਾ), ਗੁਰੂ ਨਾਨਕ ਸੂਰਜੋਦੇ ਜਨਮਸਾਖੀ, ਡਾ. ਰਾਮ ਸਿੰਘ ਸੈਣੀ (ਸੰਪਾ.), ਭਾਸ਼ਾ ਵਿਭਾਗ ਪੰਜਾਬ, 1990, ਪੰਨਾ 266.

127 ਸਰਬਜਿੰਦਰ ਸਿੰਘ (ਡਾ.)(ਸੰਪਾ.), ਨਾਨਕ ਪ੍ਰਕਾਸ਼ ਪੱਤ੍ਰਿਕਾ, ਭਗਤ ਰਵਿਦਾਸ ਵਿਸ਼ੇਸ਼ ਅੰਕ, ਅੰਕ ਦੂਜਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦਸੰਬਰ (2011)2014, ਪੰਨਾ 245.

128 ਉਹੀ, ਪੰਨਾ 246.

129 ਪ੍ਰੇਮ ਸਿੰਘ (ਕਵੀ) (ਸੰਪਾ.), ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ, ਭਾਗ ਪਹਿਲਾ, (ਪ੍ਰਕਾ.) ਲੇਖਕ ਆਪ, ਮਿਤੀਹੀਨ, ਪੰਨਾ 352.

ਸੰਨ 1578 ਈ. ਵਿਚ ਗੁਰੂ ਰਾਮਦਾਸ ਜੀ ਨੇ ਕਸਰਤ ਕਰਨ ਲਈ ਇਕ ਅਖਾੜਾ ਤਿਆਰ ਕਰਵਾਇਆ। ਬਾਅਦ ਵਿਚ ਇੱਥੇ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਹੋਈ।[130] ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਾਂਤਮਈ ਸ਼ਹਾਦਤ ਨਾਲ ਜਬਰ ਦਾ ਮੁਕਾਬਲਾ ਸਬਰ ਨਾਲ ਕੀਤਾ ਗਿਆ। ਇਸ ਸ਼ਹਾਦਤ ਨਾਲ ਸਮੇਂ ਦੀ ਸਰਕਾਰ ਦੇ ਜ਼ੁਲਮ ਦੀ ਹੱਦ ਟੱਪੀ ਗਈ ਤਾਂ ਗੁਰੂ ਹਰਿਗੋਬਿੰਦ ਜੀ ਨੇ, ਬਾਬਾ ਬੁੱਢਾ ਜੀ ਪਾਸੋਂ ਸ਼ਸਤਰ ਵਿੱਦਿਆ ਸਿੱਖੀ ਅਤੇ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰਕੇ ਜ਼ੁਲਮ ਨੂੰ ਸਿੱਧੀ ਟੱਕਰ ਦਿੱਤੀ।[131] ਸ਼ਹਾਦਤ ਸਮੇਂ ਗੁਰੂ ਅਰਜਨ ਦੇਵ ਜੀ ਨੇ ਬਾਲਕ ਗੁਰੂ ਹਰਿਗੋਬਿੰਦ ਜੀ ਨੂੰ 'ਨਈ ਰੀਤਿ ਇਕ ਰਣ ਕੀ ਕੀਜਹਿ' ਸ਼ੁਰੂ ਕਰਨ ਦੀ ਤਾਗੀਦ ਕੀਤੀ।[132]

ਬਾਬਾ ਬੁੱਢਾ ਜੀ ਦੀ ਅਗਵਾਈ ਵਿਚ ਗੁਰੂ ਹਰਿਗੋਬਿੰਦ ਜੀ ਨੂੰ ਯੁੱਧ ਵਿੱਦਿਆ ਦੀ ਸਿਖਲਾਈ ਭਾਈ ਜੇਠਾ ਜੀ ਨੇ ਕਰਵਾਈ। ਭਾਈ ਪਰਾਗਾ ਜੀ ਨੇ ਸ਼ਸਤਰ ਵਿੱਦਿਆ ਅਤੇ ਗੰਗਾ ਸਹਿਗਲ ਜੀ ਨੇ ਘੋੜ ਸਵਾਰੀ ਦੇ ਦਾਅ-ਪੇਚ ਦੱਸੇ।[133] ਇਹ ਉਹ ਸਮਾਂ ਸੀ ਜਦੋਂ ਗੁਰੂ ਘਰ ਵਿਚ ਹੁਣ ਜਬਰ-ਜ਼ੁਲਮ ਦਾ ਮੁਕਾਬਲਾ ਸ਼ਾਂਤਮਈ ਢੰਗ ਨਾਲ ਨਹੀਂ ਸਗੋਂ ਤੇਗ ਨਾਲ ਹੋਣਾ ਸੀ। ਜਦ ਭਾਈ ਪਰਤਾਪੂ ਨੇ ਗੁਰੂ ਹਰਿਗੋਬਿੰਦ ਜੀ ਪਾਸੋਂ ਉਪਦੇਸ਼ ਮੰਗਿਆ ਤਾਂ ਗੁਰੂ ਜੀ ਨੇ ਉਸਨੂੰ ਧਰਮ ਯੁੱਧ ਦੀ ਤਿਆਰੀ ਲਈ ਪ੍ਰੇਰਿਤ ਕਰਦਿਆਂ ਹੋਇਆਂ ਆਖਿਆ ਕਿ, "ਸੂਰਮੇ ਨੂੰ ਚਾਹੀਦਾ ਹੈ ਕਿ ਧਰਮ ਦਾ ਯੁੱਧ ਕਰੇ। ਜੋ ਕੁਝ ਪਾਸ ਹੈ ਸੋ ਦਾਨ ਕਰੇ। ਲੁੱਟੇ ਨਾ, ਦਾਨ ਕਰਨ ਨਾਲ ਸ਼ਸਤਰਾਂ ਵਿੱਚ ਬਰਕਤ ਹੁੰਦੀ ਹੈ ਜਸ ਹੁੰਦਾ ਹੈ।"[134] ਅਕਾਲ ਬੁੰਗੇ ਉੱਪਰ ਬਿਰਾਜਮਾਨ ਹੋ ਕੇ ਗੁਰੂ ਜੀ ਨੇ ਢਾਢੀਆਂ ਤੋਂ ਬੀਰ ਰਸੀ ਵਾਰਾਂ ਦਾ ਗਾਇਨ ਕਰਵਾਇਆ। ਉਸ ਸਮੇਂ ਦੇ ਢਾਢੀ ਨੱਥਾ ਅਤੇ ਅਬਦੁੱਲਾ ਨੇ ਗੁਰੂ ਸਾਹਿਬ ਦੀ ਕੀਰਤੀ ਵਿਚ ਵਾਰ ਗਾਈ ਜਿਸਨੂੰ ਕਵੀ ਕੰਕਣ ਨੇ ਆਪਣੀ ਰਚਨਾ 'ਸੰਛੇਪ ਦਸ ਗੁਰ ਕਥਾ' ਵਿਚ ਇਸ ਪ੍ਰਕਾਰ ਲਿਖਿਆ ਹੈ:

---

130 ਸਤਨਾਮ ਸਿੰਘ ਖਾਲਸਾ, ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ ਅਤੇ 500 ਸਾਲਾਂ ਦੀ ਇਤਿਹਾਸਕ ਡਾਇਰੈਕਟਰੀ, ਮਿਤੀਹੀਨ, ਪੰਨਾ 64.

131 ਅਵਤਾਰ ਸਿੰਘ, ਗੱਤਕਾ-ਸਿਖਲਾਈ ਅਤੇ ਨਿਯਮਾਵਲੀ, ਪੰਨੇ 5-6.

132 ਸੰਤੋਖ ਸਿੰਘ (ਭਾਈ), ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੪, ਅੰਸੂ ੩੭, ਜਿਲਦ ਸੱਤਵੀਂ, ਡਾ. ਭਾਈ ਵੀਰ ਸਿੰਘ (ਸੰਪਾ.), ਭਾਸ਼ਾ ਵਿਭਾਗ, ਪੰਜਾਬ, ਦੂਜੀ ਵਾਰ, 2011, ਪੰਨਾ ੨੩੭੬.

133 ਸਤਿਬੀਰ ਸਿੰਘ, ਗੁਰ ਭਾਰੀ ਜੀਵਨੀ ਗੁਰੂ ਹਰਿਗੋਬਿੰਦ ਜੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ, 2015, ਪੰਨਾ 8.

134 ਉਹੀ, ਪੰਨਾ 16.

ਦੋ ਤਲਵਾਰੀ ਬਧੀਆ ਇਕ ਮੀਰੀ ਤੇ ਇਕ ਪੀਰ ਦੀ।

ਇਕ ਅਜਮਤ ਦੀ ਇਕ ਰਾਜ ਦੀ ਇਕ ਰਾਖੀ ਕਰੇ ਵਜੀਰ ਦੀ।

ਹਿੰਮਤ ਬਾਹੀਂ ਕੋਟਿ ਗੜ ਦਰਬਾਜਾ ਬਲਖ ਬਖੀਰ ਦੀ।

ਕਟਕ ਸਿਪਾਹੀ ਨੀਲ ਨਲ ਅਰ ਦੁਸਤਾ ਕਰੇ ਤਮੀਰ ਦੀ।

ਸਭ ਸਿਖ ਸੂਰਮੇ ਸਰਨ ਆਇ ਜਿਉ ਸੈਨਾ ਭਈ ਮਹਾਬੀਰ ਦੀ।

ਪਗ ਤੇਰੀ ਕੀ ਜਹਾਗੀਰ ਦੀ।[135]

ਗੁਰੂ ਸਾਹਿਬ ਨੇ ਬਵੰਜਾ ਚੋਣਵੇਂ ਸਿੱਖਾਂ ਨੂੰ ਆਪਣੇ ਅੰਗ ਰੱਖਿਅਕ ਵਜੋਂ ਨਿਯੁਕਤ ਕੀਤਾ ਸੀ।[136] ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਫੌਜ ਇਕੱਠੀ ਕਰਨੀ ਸ਼ੁਰੂ ਕੀਤੀ ਅਤੇ ਚਾਰ ਸੈਨਾਪਤੀ ਨਿਯੁਕਤ ਕੀਤੇ:

ਮੁਖ ਸੋ ਧਨ ਧਨ ਬਚਨ ਉਚਾਰੇ। ਦੀਏ ਅਸ੍ਰ ਪੁਨ ਸ਼ਸਤ੍ਰ ਅਪਾਰੇ।

ਚਾਰ ਸਹਿਸ ਹੈ ਦੀਏ ਅਮੋਲਾ। ਇੱਛਾਚਾਰੀ ਸੂਰ ਅਡੋਲਾ।

ਬਿਧੀਆ ਪੈੜਾ ਔਰ ਪਿਰਾਣਾ। ਚੌਥਾ ਜੇਠਾ ਕਹੋ ਬਖਾਣਾ।

ਸਹਸ ਸਹਸ ਤਾਬਿਆ ਇਨ ਦੀਏ। ਚਾਰੋਂ ਸਿੱਖ ਸੈਨ ਪਤਿ ਕੀਏ।[137]

ਚਾਰ ਜਥਿਆਂ ਦੇ ਜਥੇਦਾਰ: ਭਾਈ ਬਿਧੀ ਚੰਦ, ਪੈਂਦੇ ਖਾਂ, ਭਾਈ ਪਿਰਾਣਾ ਅਤੇ ਭਾਈ ਜੇਠਾ। ਕੁਝ ਲਿਖਤਾਂ ਵਿਚ ਜਥਿਆਂ ਦੀ ਗਿਣਤੀ ਪੰਜ ਦਸੀ ਗਈ ਹੈ ਕਿ ਪੰਜਵੇਂ ਜਥੇ ਦੀ ਜਥੇਦਾਰੀ ਭਾਈ ਲੰਗਾਹ ਕੋਲ ਸੀ।[138] ਹਰ ਜਥੇ ਦਾ ਇਕ ਜਥੇਦਾਰ ਨੀਯਤ ਕੀਤਾ ਗਿਆ ਸੀ, ਜੋ ਮਰਯਾਦਾ ਸਹਿਤ ਸਿਖਲਾਈ ਦਿੰਦਾ ਸੀ। ਇਨ੍ਹਾਂ ਪੰਜਾਂ ਜਥੇਦਾਰਾਂ ਨੇ ਆਪਣੇ ਕੰਮ ਨੂੰ ਇਸ ਬਾਖੂਬੀ ਢੰਗ ਨਾਲ ਚਲਾਇਆ ਕਿ ਫੌਜ ਦਾ ਉਤਸ਼ਾਹ ਕਈ ਗੁਣਾਂ ਵਧ ਗਿਆ।[139] ਗੁਰੂ ਜੀ ਨੇ ਆਪਣੇ ਤਬੇਲੇ ਵਿਚ ਸਤ ਸੌ ਘੋੜੇ, ਤਿੰਨ ਸੌ ਸਵਾਰ ਅਤੇ ਸੱਠ ਤੋਪਚੀ

---

135 ਕੰਕਣ (ਕਵੀ), ਸੰਛੇਪ ਦਸ ਗੁਰ ਕਥਾ, ਡਾ. ਗੁਰਮੁਖ ਸਿੰਘ (ਸੰਪਾ.), ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, 1991, ਪੰਨਾ 39.

136 ਤੇਜਾ ਸਿੰਘ (ਪ੍ਰਿੰ.) ਅਤੇ ਗੰਡਾ ਸਿੰਘ (ਡਾ.), ਸਿੱਖ ਇਤਿਹਾਸ (1469-1765), ਡਾ. ਭਗਤ ਸਿੰਘ (ਅਨੁ.), ਪੰਨਾ 38.

137 ਗੁਰਬਿਲਾਸ ਪਾਤਸ਼ਾਹੀ ਛੇਵੀਂ, ਪੰਨਾ 143.

138 ਸੁਖਦਿਆਲ ਸਿੰਘ (ਡਾ.), ਗੁਰੂ ਹਰਿਗੋਬਿੰਦ ਸਾਹਿਬ: ਜੀਵਨ ਯੁੱਧ ਅਤੇ ਯਾਤਰਾਵਾਂ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998, ਪੰਨਾ 18.

139 ਸਤਿਬੀਰ ਸਿੰਘ, ਗੁਰ ਭਾਰੀ ਜੀਵਨੀ ਗੁਰੂ ਹਰਿਗੋਬਿੰਦ ਜੀ, ਪੰਨੇ 37-38.

ਰਖੇ ਸਨ।[140] ਇਨ੍ਹਾਂ ਵਿਚੋਂ ਬਹੁਤ ਸਾਰੇ ਸੌਦਾਗਰੀ, ਨੌਕਰੀ ਜਾਂ ਹੋਰ ਕੰਮ ਕਰਦੇ ਸਨ। ਜਿਹੜਾ ਵੀ ਕੋਈ ਹੋਰ ਕਿਸੇ ਥਾਂ ਤੋਂ ਕੱਢਿਆ ਜਾਂਦਾ, ਉਹ ਗੁਰੂ ਜੀ ਕੋਲ ਆ ਕੇ ਪਨਾਹ ਲੈ ਲੈਂਦਾ ਸੀ।[141] ਗੁਰੂ ਹਰਿਗੋਬਿੰਦ ਜੀ ਵਲੋਂ ਗੁਰਦੁਆਰਾ ਬਿਬੇਕਸਰ ਸਰੋਵਰ ਕੋਲ ਸ਼ਸਤਰ ਵਿੱਦਿਆ ਦੀ ਸਿਖਲਾਈ ਦਿੱਤੀ ਜਾਂਦੀ ਸੀ।[142] ਗੁਰੂ ਹਰਿਗੋਬਿੰਦ ਜੀ ਨੇ ਲੋਹਗੜ੍ਹ ਵਿਖੇ ਬੇਰੀ ਦੇ ਤਣੇ ਵਿਚ ਮਘੋਰਾ ਕਰਕੇ ਬਰੂਦ ਭਰ ਕੇ ਤੋਪ ਵਾਂਗ ਚਲਾਇਆ।[143]

ਗੁਰੂ ਹਰਿਗੋਬਿੰਦ ਜੀ ਨੇ ਚਾਰ ਜੰਗਾਂ ਕੀਤੀਆਂ। ਤੀਸਰੀ ਜੰਗ ਸਮੇਂ ਗੁਰੂ ਜੀ ਨੇ ਭਾਈ ਬਿਧੀ ਚੰਦ ਨੂੰ ਸੱਤ ਕਿਸਮ ਦੇ ਲੋਕਾਂ ਉੱਤੇ ਵਾਰ ਕਰਨ ਤੋਂ ਵਰਜਿਆ ਸੀ: ਸੁੱਤੇ ਹੋਏ ਉੱਤੇ, ਰੋਗੀ, ਨਿਹੱਥੇ, ਇਸਤ੍ਰੀ, ਬਾਲਕ, ਬਜ਼ੁਰਗ ਅਤੇ ਜੋ ਪਨਾਹ ਵਿਚ ਆਏ ਹੋਣ।[144] ਗੁਰੂ ਸਾਹਿਬ ਨੂੰ ਕਸ਼ਮੀਰ ਦੇ ਦੌਰੇ ਸਮੇਂ ਸ਼ਿਵਾ ਜੀ ਮਰਹੱਟੇ ਦੇ ਧਾਰਮਿਕ ਆਗੂ ਸ੍ਰੀ ਸਮਰਥ ਰਾਮਦਾਸ ਮਿਲੇ। ਗੁਰੂ ਜੀ ਨੂੰ ਘੋੜੇ ਚੜ੍ਹੇ ਅਤੇ ਸ਼ਸਤਰ ਪਹਿਨੇ ਦੇਖ ਕੇ ਸਮਰਥ ਰਾਮਦਾਸ ਨੇ ਕਿਹਾ ਕਿ, "ਗੁਰੂ ਨਾਨਕ ਦੀ ਗੱਦੀ ਤੇ ਬਿਰਾਜਮਾਨ ਹੋ ਕੇ ਤੁਸੀਂ ਸ਼ਸਤਰ ਰਖੇ ਹਨ, ਫੌਜ ਅਤੇ ਘੋੜੇ ਰਖੇ ਹਨ, ਤੁਸੀਂ ਸੱਚਾ ਪਾਤਸ਼ਾਹ ਅਖਵਾਉਂਦੇ ਹੋ, ਜਦ ਕਿ ਗੁਰੂ ਨਾਨਕ ਦੇਵ ਜੀ ਤਿਆਗੀ ਸਾਧੂ ਸਨ, ਪਰ ਤੁਸੀਂ ਕੈਸੇ ਸਾਧੂ ਹੋ?" ਤਾਂ ਗੁਰੂ ਜੀ ਨੇ ਉੱਤਰ ਦਿੱਤਾ: ਬਾਤਨ ਫ਼ਕੀਰੀ, ਜ਼ਾਹਿਰ ਅਮੀਰੀ, ਸ਼ਸਤਰ ਗਰੀਬ ਕੀ ਰੱਖਿਆ ਜਰਵਾਣੇ ਕੀ ਭੱਖਿਆ, ਬਾਬਾ ਨਾਨਕ ਸੰਸਾਰ ਨਹੀਂ ਤਿਆਗਿਆ ਥਾ, ਮਾਇਆ ਤਿਆਗੀ ਥੀ।[145] ਗੁਰੂ ਹਰਿਰਾਇ ਜੀ ਨਾਲ 2200 ਘੋੜ ਸਵਾਰਾਂ ਦੀ ਫੌਜ ਹਰ ਵੇਲੇ ਤਿਆਰ-ਬਰ-ਤਿਆਰ ਰਹਿੰਦੀ ਸੀ। ਗੁਰੂ ਅੰਗਦ ਦੇਵ ਜੀ ਵਾਂਗ ਹੀ ਗੁਰੂ ਹਰਿ ਰਾਇ ਜੀ ਘੋਲ ਕਰਵਾਉਂਦੇ ਸਨ।

---

140 ਉਹੀ, ਪੰਨਾ 150.

141 ਗੰਡਾ ਸਿੰਘ (ਡਾ.), ਸਿੱਖ ਇਤਿਹਾਸ ਦੇ ਕੁਝ ਇਤਿਹਾਸਿਕ ਪੱਤਰੇ, ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ, 1998, ਪੰਨਾ ੧੬.

142 ਸਤਨਾਮ ਸਿੰਘ ਖਾਲਸਾ, ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ ਅਤੇ 500 ਸਾਲਾਂ ਦੀ ਇਤਿਹਾਸਕ ਡਾਇਰੈਕਟਰੀ, ਪੰਨਾ 53.

143 ਉਹੀ, ਪੰਨਾ 55.

144 ਹਰਿੰਦਰ ਸਿੰਘ ਮਹਿਬੂਬ, ਸਹਿਜੇ ਰਚਿਓ ਖਾਲਸਾ, (ਪ੍ਰਕਾ.) ਲੇਖਕ ਆਪ, ਖਾਲਸਾ ਕਾਲਜ, ਗੜ੍ਹਦੀਵਾਲਾ, ਹੁਸ਼ਿਆਰਪੁਰ, 1988, ਪੰਨਾ 167.

145 ਬਲਕਾਰ ਸਿੰਘ (ਡਾ.)(ਸੰਪਾ.), ਨਾਨਕ ਪ੍ਰਕਾਸ਼ ਪਤ੍ਰਿਕਾ, ਪੰਨੇ 195-196.

ਇਕ ਵਾਰ ਗੁਰੂ ਜੀ ਨੇ ਕਹਿਲੂਰ ਅਤੇ ਹੰਡੂਰ ਦੇ ਰਾਜੇ ਦਾ ਹੰਕਾਰ ਤੋੜਨ ਲਈ ਕੁਸ਼ਤੀ ਦੀ ਖੇਡ ਕਰਵਾਈ ਸੀ:

ਦੁਇ ਪਹਿਲਵਾਨ ਸਤਿਗੁਰ ਕੇ ਅਤ ਤਨ ਦੀਰਘ ਬਲਵੰਤ।
ਜੋ ਤਾ ਸੋ ਕੁਸਤੀ ਕਰੇ ਜੀਤੇਂ ਤਾ ਕੋ ਤੰਤ।[146]

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਰਤਾਰਪੁਰ ਦੀ ਜੰਗ ਵਿਚ ਤੇਗ ਦੇ ਜੌਹਰ ਦਿਖਾਏ ਜਿਸ ਕਾਰਨ ਗੁਰੂ ਹਰਿਗੋਬਿੰਦ ਜੀ ਨੇ ਉਨ੍ਹਾਂ ਦਾ ਨਾਂ 'ਤਿਆਗ ਮੱਲ' ਤੋਂ 'ਤੇਗ ਬਹਾਦਰ' ਰਖ ਦਿੱਤਾ ਸੀ। ਭਾਈ ਕੁਇਰ ਸਿੰਘ ਅਨੁਸਾਰ ਬਾਲ ਅਵਸਥਾ ਤੋਂ ਹੀ ਗੁਰੂ ਗੋਬਿੰਦ ਸਿੰਘ ਜੀ ਪਟਨੇ ਦੀ ਧਰਤੀ 'ਤੇ ਸ਼ਸਤਰ ਸਜਾਉਂਦੇ ਅਤੇ ਸ਼ਸਤਰਾਂ ਦਾ ਅਦਬ ਕਰਦੇ ਸਨ:

ਤੀਰ ਤੁਫੰਗਨ ਖੰਜਰ ਤੇਗਨ ਬੁਗਦ ਕਟਾਰਨ ਸੇਲ ਸੁਧਾਰੀ।
ਤੋਪ ਨਿਖੰਗ ਸੁ ਚਾਮਰ ਪੂਜਤ ਦੇਵਤ ਧੂਪ ਬਡੇ ਰੁਚਿ ਭਾਰੀ।
ਸੀਸ ਨਿਵਾਇ ਕਰੈ ਤਿਹ ਪੂਜਨ ਧਾਰ ਪ੍ਰਦਛਨ ਚੌਕ ਸੁਧਾਰੀ।
ਯਾ ਬਿਧਿ ਕੌਤਕ ਸ੍ਰੀ ਗੁਰ ਕੇ ਮਨ ਧਾਰ ਗਲੋਲ ਚਲਾਵਤ ਕਾਰੀ।[147]

ਗੁਰੂ ਗੋਬਿੰਦ ਸਿੰਘ ਜੀ ਸ਼ਸਤਰ ਦੇਖ ਕੇ ਬਹੁਤ ਪ੍ਰਸੰਨ ਹੁੰਦੇ ਸਨ। ਅਨੰਦਪੁਰ ਸਾਹਿਬ ਵਿਖੇ ਜਿੱਥੇ ਇਕ ਪਾਸੇ ਭਾਈ ਮਨੀ ਸਿੰਘ ਜੀ ਇਸ ਧਰਤੀ ਉੱਤੇ ਗੁਰਬਾਣੀ ਦੀ ਵਿਆਖਿਆ ਨਾਲ ਲੋਕਾਂ ਨੂੰ ਗੁਰੂ-ਚਿੰਤਨ ਨਾਲ ਜੋੜ ਰਹੇ ਸਨ, ਉੱਥੇ ਦੂਸਰੇ ਪਾਸੇ ਸ਼ਸਤਰ ਵਿੱਦਿਆ ਦੇ ਗਿਆਤਾ ਭਾਈ ਜੀਵਨ ਸਿੰਘ, ਭਾਈ ਉਦੈ ਸਿੰਘ ਅਤੇ ਭਾਈ ਬਚਿੱਤਰ ਸਿੰਘ ਦੀ ਅਗਵਾਈ ਵਿਚ ਜੰਗਜੂ ਵਿੱਦਿਆ ਦੀ ਸਿਖਲਾਈ ਦਿੱਤੀ ਜਾ ਰਹੀ ਸੀ।[148] ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਨੂੰ ਸਿਰਫ ਦਸ ਵਰ੍ਹਿਆਂ ਦੀ ਉਮਰ ਵਿਚ ਹੀ ਹਰ ਤਰ੍ਹਾਂ ਦੇ

---

146 ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼, ਭਾਗ ਦੂਜਾ, (ਖੰਡ-2), ਡਾ. ਗੋਬਿੰਦ ਸਿੰਘ ਲਾਂਬਾ (ਸੰਪਾ.), ਭਾਸ਼ਾ ਵਿਭਾਗ, ਪੰਜਾਬ, ਦੂਜੀ ਵਾਰ, 2003, ਪੰਨਾ 563.

147 ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.),ਪੰਨਾ 32.

148 ਦਿਲਜੀਤ ਸਿੰਘ ਬੇਦੀ (ਸੰਪਾ.), ਸ੍ਰੀ ਅਨੰਦਪੁਰ ਸਾਹਿਬ ਦੇ 350 ਸਾਲਾ ਸਥਾਪਨਾ ਦਿਵਸ ਨੂੰ ਸਮਰਪਿਤ ਸੋਵੀਨਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 19 ਜੂਨ 2015, ਪੰਨਾ 142.

ਸ਼ਸਤਰਾਂ ਦੀ ਸਿੱਖਿਆ ਦਿਤੀ ਗਈ ਸੀ।[149] ਸਤਿਬੀਰ ਸਿੰਘ ਲਿਖਦੇ ਹਨ ਕਿ ਗੁਰੂ ਸਾਹਿਬ ਨੇ ਆਪਣੇ ਖਾਲਸੇ ਨੂੰ ਮੀਰੀ, ਪੀਰੀ, ਫ਼ਕੀਰੀ, ਅਮੀਰੀ, ਤਦਬੀਰੀ, ਦਾਨ ਕੀ ਦਹੀਰੀ, ਬੰਦੂਕ ਤਰਕਸ਼ਗੀਰੀ ਆਦਿ ਰਹਿਮਤਾਂ ਬਖਸ਼ੀਆਂ।[150] ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਸ਼ਸਤਰ ਧਾਰਨ ਕਰਨ ਅਤੇ ਨਾਮ ਜਪਣ ਦਾ ਉਪਦੇਸ਼ ਦ੍ਰਿੜ ਕਰਵਾਇਆ:

ਖੜਗ ਧਰੋ ਤਨ ਉੱਜਲ ਹੋਈ। ਨਾਮ ਜਪੋ ਮੁਖ ਕੰਠ ਸੋ ਲੋਈ।[151]

ਗੁਰੂ ਗੋਬਿੰਦ ਸਿੰਘ ਜੀ ਨੇ ਵਾਹਿਗੁਰੂ ਨੂੰ ਸ੍ਰੀ ਅਸਿਧੁਜ, ਸਰਬਲੋਹ, ਖੜਗਕੇਤ ਕਹਿ ਕੇ ਸੰਬੋਧਨ ਕੀਤਾ।[152] ਗੁਰੂ ਜੀ ਦੇ ਕੋਲ ਖੱਪਰੇ ਤੀਰ ਹੁੰਦੇ ਸਨ ਜੋ ਚਾਰ-ਚਾਰ ਉਂਗਲਾਂ ਚੌੜੇ ਹੁੰਦੇ ਸਨ। ਗੁਰੂ ਜੀ ਕੋਲ ਨੌ ਟੰਕ ਦਾ ਕਮਾਨ ਸੀ ਜਿਸਦਾ ਚਿੱਲਾ ਚੜ੍ਹਾਉਣਾ ਬਹੁਤ ਮੁਸ਼ਕਿਲ ਸੀ:

ਕਰ ਮੈ ਖਪਰਾ ਸਬਜ ਕਮਾਨ ਤਰੇ ਦ੍ਰਿਸਟ ਕੀਨੇ ਪਰਬਾਨ।[153]

ਸ੍ਰੀ ਦਸਮੇਸ਼ ਭਾਰੀ ਲਾਇਕੈ ਦੀਵਾਨ ਤਬ, ਸ਼ਸਤਰ ਵਿਦਿਆ ਸੇ ਧਨੁਖ ਖਿਚਾਵਤੇ।

ਸਿੰਘਾਂ ਨੂੰ ਸਿਖਾਇ ਕਰ ਆਪ ਪ੍ਰਬੀਨ ਗੁਰੂ, ਨੌ ਟਾਂਕ ਧਨੁਖ ਕੋ ਸਹਿਜੇ ਹੀ ਚੜ੍ਹਾਵਤੇ।[154]

### 4.5.1 ਸੰਗਤ ਨੂੰ ਸ਼ਸਤਰਬੱਧ ਹੋਣ ਦਾ ਉਪਦੇਸ਼

ਗੁਰੂ ਦਰਬਾਰ ਵਿਚ ਇਕੋ ਵੇਲੇ ਗੁਰਬਾਣੀ ਅਤੇ ਕੁਰਬਾਨੀ, ਮੀਰੀ ਅਤੇ ਪੀਰੀ, ਸੰਤ ਅਤੇ ਸਿਪਾਹੀ, ਕਲਮ ਅਤੇ ਹਥਿਆਰ, ਜੁਝਾਰੂ ਯੋਧੇ, ਲਿਖਾਰੀ ਅਤੇ ਕਵੀ ਗੁਰੂ ਦਰਬਾਰ ਦਾ ਸ਼ਿੰਗਾਰ ਬਣੇ ਹੋਏ ਸਨ।[155] ਗੁਰੂ ਗੋਬਿੰਦ ਸਿੰਘ ਜੀ ਲੋਕਾਂ ਦੀ ਇਨਕਲਾਬੀ ਸ਼ਕਤੀ ਨੂੰ ਹਥਿਆਰਬੰਦ ਕਰਕੇ ਦੁਸ਼ਟਾਂ ਦਾ ਨਾਸ

---

149 ਮੈਕਸ ਆਰਥਰ ਮੈਕਾਲਿਫ, ਸਿੱਖ ਧਰਮ, ਗੁਰੂ ਸਾਹਿਬਾਨ, ਪਵਿੱਤਰ ਰਚਨਾਵਾਂ ਤੇ ਰਚਨਾਕਰ, ਜਿਲਦ ਪੰਜਵੀਂ, ਡਾ. ਧਰਮ ਸਿੰਘ (ਅਨੁ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ 56.

150 ਸਤਿਬੀਰ ਸਿੰਘ, ਆਦਿ ਸਿੱਖ ਤੇ ਆਦਿ ਸਾਖੀਆਂ, ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ, ਪੰਜਵੀਂ ਵਾਰ, 2014, ਪੰਨਾ 217.

151 ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਪੰਨਾ ੬੬.

152 ਕਰਮ ਸਿੰਘ ਰਾਜੂ, ਦਸਮੇਸ਼ ਪਿਆਰ, ਰਤਨਾ ਮੈਮੋਰੀਅਲ ਟਰੱਸਟ, 35-ਏ, ਚੰਡੀਗੜ੍ਹ, ਦੂਜੀ ਵਾਰ, 1993, ਪੰਨਾ 133.

153 ਗੁਰਸ਼ਰਨ ਕੌਰ ਜੱਗੀ (ਡਾ.)(ਸੰਪਾ.), ਗੁਰ ਬਿਲਾਸ ਪਾਤਸ਼ਾਹੀ ੧੦ ਕ੍ਰਿਤ ਸੁੱਖਾ ਸਿੰਘ, ਪੰਨਾ 312.

154 ਗੁਰਬਚਨ ਸਿੰਘ ਖਾਲਸਾ, ਸ੍ਰੀ ਗੁਰਮੁਖ ਪ੍ਰਕਾਸ਼, ਅਧਿਆਇ ਯਾਰ੍ਹਵਾਂ, ਪੰਨਾ 100.

155 ਦਿਲਜੀਤ ਸਿੰਘ ਬੇਦੀ (ਸੰਪਾ.), ਸ੍ਰੀ ਅਨੰਦਪੁਰ ਸਾਹਿਬ ਬਹੁਪੱਖੀ ਦਰਸ਼ਨ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਸਤੰਬਰ 2015, ਪੰਨਾ 239.

ਅਤੇ ਧਰਮੀਆਂ ਦਾ ਵਿਕਾਸ ਕਰਨਾ ਚਾਹੁੰਦੇ ਸਨ। ਇਸੇ ਕਰਕੇ ਗੁਰੂ ਜੀ ਨੇ ਸਿੱਖਾਂ ਨੂੰ ਸ਼ਸਤਰਧਾਰੀ ਹੋਣ ਲਈ ਪ੍ਰੇਰਿਆ ਅਤੇ ਸ਼ਸਤਰ ਨੂੰ ਸਭ ਤੋਂ ਪਿਆਰੀ ਭੇਟਾ ਕਰਾਰ ਦਿਤਾ:

ਸ਼ਸਤਰ ਬਸਤਰ ਹਯ ਵਿਦਯਾ ਜੇਤੀ। ਪ੍ਰਭੁ ਨਿਜ ਧਰ ਸਿੱਖ ਲਾਯਸਿ ਤੇਤੀ।
ਯਵਨ ਪਤਤ ਹਨ ਮੁਕਤਿ ਸੁ ਦੀਨੀ। ਭਗਤ ਅਨਾਥ ਸੰਤਨ ਰੱਛ ਕੀਨੀ।[156]

ਗੁਰੂ ਗੋਬਿੰਦ ਸਿੰਘ ਜੀ ਨੇ ਸ਼ਸਤਰਾਂ ਨੂੰ ਜੀਵਨ ਦਾ ਇਕ ਅੰਗ ਬਣਾਇਆ ਹੈ। ਸ਼ਸਤਰਾਂ ਨੂੰ ਆਤਮਿਕ ਸ਼ਕਤੀ ਦਾ ਸੋਮਾ ਸਮਝ ਕੇ 'ਅਕਾਲ' ਦੇ ਰੂਪ ਵਿਚ ਮੂਰਤੀਮਾਨ ਕੀਤਾ ਹੈ।[157] ਸ਼ਸਤਰਾਂ ਨੂੰ ਸਿਰ ਝੁਕਾਉਣਾ ਅਥਵਾ ਸ਼ਸਤਰਾਂ ਨੂੰ ਚਲਾਉਣ ਵੇਲੇ ਨਮਸਕਾਰ ਕਰਨੀ ਇਸ ਗੱਲ ਦਾ ਸੂਚਕ ਹੈ ਕਿ ਗੁਰੂ ਜੀ ਹਰ ਕੰਮ ਕਰਨ ਵੇਲੇ ਅਕਾਲ ਪੁਰਖ ਜੀ ਨੂੰ ਹਾਜ਼ਰ ਨਾਜ਼ਰ ਸਮਝਦੇ ਸਨ।[158] ਗੁਰੂ ਜੀ ਨੇ ਕੇਸ ਅਤੇ ਸ਼ਸਤਰ (ਸ੍ਰੀ ਸਾਹਿਬ) ਕਕਾਰਾਂ ਦੇ ਰੂਪ ਵਿਚ ਨਿਸ਼ਚਿਤ ਕਰਕੇ ਖਾਲਸੇ ਦੀ ਪੰਜ ਕਕਾਰੀ ਵਰਦੀ ਬਣਾ ਦਿੱਤੀ:

ਕੇਸ ਸ਼ਸਤ੍ਰ ਜਬਿ ਦੋਨਹੁ ਧਾਰੇ। ਤਬਿ ਨਰੁ ਰੂਪ ਹੋਤਿ ਹੈ ਸਾਰੇ।
ਸਿੰਘ ਰੂਪ ਸ਼ਸਤ੍ਰਨ ਜੁਤਿ ਹੇਰੈਂ। ਹੋਤਿ ਗੁਰੂ ਕੀ ਖੁਸ਼ੀ ਬਡੇਰੈ।
ਕਮਰ ਕਸੇ ਬਿਨ ਜੋ ਸਿਖ ਜਾਇ। ਤਿਸ ਪਰ ਰੁਖ਼ ਨਹਿੰ ਕਰੈ ਕਦਾਇ।[159]

ਅੰਮ੍ਰਿਤ ਦੀ ਦਾਤ ਦੇ ਕੇ 'ਸ੍ਰੀ ਸਾਹਿਬ' ਧਾਰਨ ਕਰਨੀ ਲਾਜ਼ਮੀ ਕਰ ਦਿੱਤੀ ਗਈ। ਸਾਰੀ ਸਿੱਖ ਸੰਗਤ ਸ਼ਸਤਰਧਾਰੀ ਹੋਣ ਲੱਗੀ। ਭਾਈ ਗੁਰਦਾਸ (ਦੂਸਰਾ) ਆਪਣੀ ੪੧ ਵੀਂ ਵਾਰ ਵਿਚ ਜ਼ਿਕਰ ਕਰਦੇ ਹੋਏ ਲਿਖਦੇ ਹਨ:

---

156 ਨਿਹਾਲ ਸਿੰਘ (ਸੰਤ), ਨਿਰਮਲ ਪ੍ਰਭਾਕਰ ਅਤੇ ਸਿਖੀ ਪ੍ਰਭਾਕਰ, ਪ੍ਰਕਾ. ਲਾਲਾ ਸ਼ਾਮ ਦਾਸ ਜੀ ਨਰੂਲਾ ਅਤੇ ਲਾਲ ਗੰਗਾ ਬਿਸ਼ਨ ਸਾਹਿਬ, ਖਾਲਸਾ ਪ੍ਰੈਸ ਲਾਹੌਰ, 1902, ਪੰਨੇ 52-53.

157 ਜੋਗਿੰਦਰ ਸਿੰਘ (ਪ੍ਰੋ.), ਗੁਰੂ ਗੋਬਿੰਦ ਸਿੰਘ: ਮੂਰਤਿ ਤੇ ਮੁਹਰ, ਪ੍ਰੀਤ ਪ੍ਰਕਾਸ਼ਨ, ਨਵੀਂ ਦਿੱਲੀ, 1973, ਪੰਨਾ 78

158 ਹਰਿਬੰਸ ਸਿੰਘ (ਗਿਆਨੀ) (ਟੀਕਾਕਾਰ), ਵਾਰ ਸ੍ਰੀ ਭਗਉਤੀ ਜੀ ਕੀ (ਚੰਡੀ ਦੀ ਵਾਰ), ਸੁੰਦਰ ਬੁਕ ਡਿਪੋ, ਮਾਈ ਹੀਰਾਂ ਗੇਟ, ਜਲੰਧਰ, ਦੂਜੀ ਵਾਰ, 1974, ਪੰਨੇ 66-67.

159 ਸੰਤੋਖ ਸਿੰਘ (ਭਾਈ), ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ 12, ਡਾ. ਭਾਈ ਵੀਰ ਸਿੰਘ (ਸੰਪਾ.), ਭਾਸ਼ਾ ਵਿਭਾਗ, ਪੰਜਾਬ, 1993, ਪੰਨਾ 5072.

ਤਬ ਭਇਓ ਜਗਤ ਸਭ ਖਾਲਸਾ ਮਨਮੁਖ ਭਰਮਾਏ।

ਇਉਂ ਉਠਿ ਭਬਕੇ ਬਲ ਬੀਰ ਸਿੰਘ ਸਸਤ੍ਰ ਝਮਕਾਏ।[160]

ਤਲਵਾਰ ਨੂੰ ਕ੍ਰਿਪਾਨ ਦੇ ਰੂਪ ਵਿਚ ਸਦਾ ਲਈ ਖਾਲਸੇ ਦੀ ਪੰਜ ਕਕਾਰੀ ਵਰਦੀ ਦਾ ਅੰਗ ਬਣਾ ਦਿੱਤਾ। ਕ੍ਰਿਪਾਨ ਸ਼ਬਦ ਦੇ ਅਰਥ ਬੋਧ ਲਈ ਕ੍ਰਿਪਾਨ ਨੂੰ ਦੋ ਹਿੱਸਿਆਂ ਵਿਚ ਵੰਡਿਆ ਜਾਏਗਾ 'ਕ੍ਰਿਪਾ' ਅਤੇ 'ਆਨ'। 'ਕ੍ਰਿਪਾ' ਦੇ ਅਰਥ ਹਨ: ਦਇਆ ਅਤੇ 'ਆਨ' ਦੇ ਅਰਥ ਹਨ: ਇੱਜ਼ਤ। ਕ੍ਰਿਪਾ, ਦਇਆ, ਤਰਸ ਜਾਂ ਰਹਿਮਤ ਆਮ ਤੌਰ ਤੇ ਦੂਸਰੇ ਪ੍ਰਾਣੀ ਉੱਤੇ ਹੀ ਕੀਤੀ ਜਾਂਦੀ ਹੈ। ਆਨ ਜਾਂ ਸ੍ਵੈ-ਮਾਨ ਦਾ ਸੰਬੰਧ ਨਿੱਜ-ਆਪੇ ਨਾਲ ਹੀ ਹੋਇਆ ਕਰਦਾ ਹੈ।[161] ਗੁਰੂ ਜੀ ਦੁਆਰਾ ਸੰਗਤ ਪ੍ਰਤੀ ਭੇਜੇ ਜਾਂਦੇ ਹੁਕਮਨਾਮਿਆਂ ਵਿਚ ਸੰਗਤ ਨੂੰ ਸ਼ਸਤਰਧਾਰੀ ਹੋ ਕੇ ਗੁਰੂ ਦਰਸ਼ਨਾਂ ਨੂੰ ਆਉਣ ਦੀ ਤਾਗੀਦ ਕੀਤੀ ਗਈ ਹੈ: ਸਰਬਤ ਸੰਗਤ ਮੇਰਾ ਖਾਲਸਾ ਹੈ ਅਸਵਾਰ ਪਿਆਦੇ ਬੰਦੂਕਚੀ ਭਲੇ ਭਲੇ ਜੁਆਨ ਸਾਥਿ ਲੈ ਕੇ ਹਜੂਰਿ ਆਵਣਾ ਜੋ ਸਿਖ ਪੁਤ੍ਰ ਦਰਸਨਿ ਆਵੈਗਾ ਸੋ ਨਿਹਾਲ ਹੋਗੁ।[162] ਸੰਗਤਿ ਹਥੀਆਰ ਬੰਨ ਕੇ ਦਰਸਨ ਆਵਣਾ ਜੋ ਸਿਖੁ ਦਰਸਨ ਆਵਗੁ ਸੋ ਨਿਹਾਲੁ ਹੋਗੁ।[163] ਹੁਕਮੁ ਦੇਖਦਿਆਂ ਈ ਪੰਜੇ ਹਥਿਆਰ ਬਧਿ ਆਵਣਾ॥[164] ਅਨੰਦਪੁਰ ਸਾਹਿਬ ਵਿਖੇ ਜਿੱਥੇ ਗੁਰੂ ਕੇ ਲੰਗਰ ਚਲਦੇ ਸਨ, ਉੱਥੇ ਸ਼ਸਤਰ ਵਿੱਦਿਆ ਦੇ ਅਭਿਆਸ ਵੀ ਹੁੰਦੇ ਸਨ:

ਕਰਤ ਕਵਾਇਦ ਨਿਤ ਖਾਲਸ ਸ਼ਸਤ੍ਰਨ ਸੇਵ ਕਰਾਵੈ ਜੀ।

ਕਿਲੇ ਕਿਲੇ ਮੇਂ ਜੰਗ ਸਮਿੱਗ੍ਰੀ ਭਾਰ ਅਤੋਟ ਸਜਾਵੈ ਜੀ।

ਏਕ ਜਪਹੁ ਅਰ ਸ਼ਸਤ੍ਰ ਸਜਾਵਹੁ ਗੁਰ ਉਪਦੇਸ਼ ਸੁਨਾਵੈਂ ਜੀ।

ਲੰਗਰ ਯੱਗ ਅਤੋਟ ਚਲੇ ਸਦ ਜੋ ਆਵੈ ਸੋ ਖਾਵੈ ਜੀ।[165]

---

160 ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਵਾਰਾਂ ਗਿਆਨ ਰਤਨਾਵਲੀ ਭਾਈ ਗੁਰਦਾਸ ਜੀ, ਪੰਨਾ 443.

161 ਕਰਮ ਸਿੰਘ ਰਾਜੂ, ਦਸਮੇਸ਼ ਪਿਆਰ, ਪੰਨਾ 225.

162 ਗੰਡਾ ਸਿੰਘ (ਸੰਪਾ.), ਹੁਕਮਨਾਮੇ, ਗੁਰੂ ਸਾਹਿਬਾਨ, ਮਾਤਾ ਸਾਹਿਬਾਨ, ਬੰਦਾ ਸਿੰਘ ਅਤੇ ਖਾਲਸਾ ਜੀ ਦੇ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ, 2013, ਪੰਨਾ 167.

163 ਉਹੀ, ਪੰਨਾ 159.

164 ਉਹੀ, ਪੰਨਾ 179.

165 ਬਲਬੀਰ ਸਿੰਘ (ਸੰਪਾ.), ਸ੍ਰੀ ਚਰਣਹਰਿ ਵਿਸਥਾਰ, ਜਿਲਦ ਦੂਜੀ, ਮੈਨੇਜਰ ਖਾਲਸਾ ਸਮਾਚਾਰ, ਹਾਲ ਬਾਜ਼ਾਰ, ਅੰਮ੍ਰਿਤਸਰ, ਅਪ੍ਰੈਲ 1941, ਪੰਨਾ 126.

"ਹੁਕਮ ਹੋਯਾ ਖਾਲਸਾ ਜੀ ਸ਼ਸਤਰ ਬਿਦਯਾ ਸਿੱਖੋ ਸਿਖਾਓ। ਜੋ ਸ਼ਸਤਰ ਚਲਾਉਣਾ ਨਾ ਸਿੱਖੇਗਾ ਉਸ ਨੂੰ ਸਿੰਘ ਧਰਮ ਨਹੀਂ ਪ੍ਰਾਪਤ ਹੋਵੇਗਾ।"[166] ਓਸ ਸਮੇਂ ਸਿੱਖ ਆਪਸ ਵਿਚ ਸਕੇ ਭਾਈਆਂ ਨਾਲੋਂ ਵੀ ਵੱਧ ਸਨੇਹ ਰਖਦੇ ਸਨ, ਜਿਹੜਾ ਗੁਣ ਜਿਸ ਨੂੰ ਆਉਂਦਾ ਸੀ, ਉਹ ਇੱਕ ਦੂਸਰੇ ਨੂੰ ਪ੍ਰੇਮ ਨਾਲ ਸਿਖਾ ਦਿੰਦਾ।[167] ਭਾਈ ਸੰਤੋਖ ਸਿੰਘ ਜੀ ਆਪਣੀ ਰਚਨਾ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਤੀਜੀ ਰੁਤਿ ਦੇ 24ਵੇਂ ਅਧਿਆਇ ਵਿਚ ਲਿਖਦੇ ਹਨ:

ਸ਼ਸਤ੍ਰਨਿ ਕੇ ਅਧੀਨ ਹੈ ਰਾਜ। ਜੋ ਨ ਧਰਹਿ ਤਿਸ ਬਿਗਰਹਿ ਕਾਜ।
ਯਾਂ ਤੇ ਸਰਬ ਖਾਲਸਾ ਸੁਨੀਅਹਿ। ਆਯੁਧ ਧਰਿਬੇ ਉੱਤਮ ਗੁਨੀਅਹਿ।
ਜਬਿ ਹਮਰੇ ਦਰਸ਼ਨ ਕੋ ਆਵਹੁ। ਬਨਿ ਸੁਚੇਤ ਤਨ ਸ਼ਸਤ੍ਰ ਸਜਾਵਹੁ।
ਕਮਰ ਕਸਾ ਕਰਿ ਦੇਹੁ ਦਿਖਾਈ। ਹਮਰੀ ਖੁਸ਼ੀ ਹੋਇ ਅਧਿਕਾਈ।[168]

ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਨੂੰ ਸ਼ਸਤਰਾਂ ਦੇ ਕਈ ਨਾਵਾਂ ਨਾਲ ਸੰਬੋਧਨ ਕੀਤਾ ਹੈ ਜਿਵੇਂ ਖੜਗਕੇਤ (ਜਿਸ ਦੇ ਝੰਡੇ ਉਤੇ ਤਲਵਾਰ ਦਾ ਚਿੰਨ੍ਹ ਹੈ), ਅਸਿਧੁਜ (ਜਿਸ ਦੀ ਧੁਜਾ 'ਤੇ ਕ੍ਰਿਪਾਨ ਦਾ ਚਿੰਨ੍ਹ ਹੈ), ਅਸਿਪਾਣਿ (ਜਿਸ ਦੇ ਹੱਥ ਵਿਚ ਤਲਵਾਰ ਹੈ)[169] ਜਦੋਂ ਜੰਗ ਦੇ ਮੈਦਾਨ ਵਿਚ ਸਿੰਘ ਯੋਧੇ ਸ਼ਸਤਰਾਂ ਦੇ ਵਾਰਾਂ ਨਾਲ ਫੱਟੜ ਹੋ ਜਾਦੇ ਸਨ ਤਾਂ ਗੁਰੂ ਜੀ ਦੁਆਰਾ ਸਿੰਘਾਂ ਦੇ ਜਖ਼ਮਾਂ ਨੂੰ ਛੇਤੀ ਠੀਕ ਕਰਨ ਲਈ ਉਸ ਸਮੇਂ ਸਾਲ ਪੱਤ੍ਰ ਲਾਏ ਜਾਂਦੇ ਸਨ:

ਸਾਲੂ ਪੱਤ੍ਰ ਗੁਰੂ ਜੀ ਦੇਵੈ ਸਿਖਨ ਅਨਾਇ।
ਜਖਮ ਮਿਟੈ ਘਾਇਲ ਖਰੋ ਇਹ ਬਿਧ ਦਈ ਬਤਾਇ।[170]

ਇਸੇ ਪ੍ਰਕਾਰ ਹੀ ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼ ਵਿਚ ਜ਼ਿਕਰ ਹੈ:

---

166 ਗਿਆਨ ਸਿੰਘ (ਗਿਆਨੀ), ਤਵਾਰੀਖ ਗੁਰੂ ਖਾਲਸਾ, ਭਾਗ ਪਹਿਲਾ, ਪੰਨਾ 1080.

167 ਉਹੀ, ਪੰਨਾ 865.

168 ਸੰਤੋਖ ਸਿੰਘ (ਭਾਈ), ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ 12, ਡਾ. ਭਾਈ ਵੀਰ ਸਿੰਘ (ਸੰਪਾ.), ਪੰਨਾ 5072.

169 ਸੁੱਖਾ ਸਿੰਘ (ਭਾਈ), ਗੁਰ ਬਿਲਾਸ ਪਾਤਿਸਾਹੀ ੧੦, ਡਾ. ਗੁਰਸ਼ਰਨ ਕੌਰ ਜੱਗੀ (ਸੰਪਾ.), ਪੰਨਾ xxvi.

170 ਗੁਰਬਚਨ ਸਿੰਘ ਨਈਅਰ (ਡਾ.)(ਸੰਪਾ.), ਗੁਰ ਰਤਨ ਮਾਲ ਸੌ ਸਾਖੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਤੀਜੀ ਵਾਰ, 1995, ਪੰਨਾ 87.

ਮਰੇ ਦਗਾਧਕੀਨੇ ਅਰੇ ਆਇਲ ਆਨੇ ਸੰਗ॥

ਸਾਲ ਪਤ੍ਰ ਬੰਧਵਾਇਕੈ ਚੰਗੇ ਕਿਏ ਨਿਹੰਗ॥[171]

ਨਿਹੰਗ ਸਿੰਘਾਂ ਤੋਂ ਇਲਾਵਾ ਹੋਰ ਵੀ ਸੰਪਰਦਾਵਾਂ ਵਿਚ ਸ਼ਸਤਰ ਵਿੱਦਿਆ ਦਾ ਅਭਿਆਸ ਹੁੰਦਾ ਸੀ। ਉਦਾਸੀ ਸੰਪਰਦਾ ਵਿਚ ਵੀ ਸ਼ਸਤਰਾਂ ਵਿੱਦਿਆ ਦੀ ਸਿਖਲਾਈ ਦਿੱਤੀ ਜਾਂਦੀ ਸੀ। ਉਦਾਸੀ ਸੰਪਰਦਾ ਦੇ ਮੋਢੀ ਬਾਬਾ ਸ੍ਰੀ ਚੰਦ ਜੀ ਦੁਆਰਾ ਸਥਾਪਿਤ ਗੁਰਮਤਿ ਵਿਦਿਆਲਿਆਂ ਵਿਚ ਸ਼ਸਤਰਾਂ ਦੇ ਅਭਿਆਸ ਵੀ ਹੁੰਦੇ ਸਨ।[172] ਗਿਆਨੀ ਗਿਆਨ ਸਿੰਘ ਅਨੁਸਾਰ, "ਵੈਰਾਗੀਆਂ ਸੰਨਿਆਸੀਆਂ ਦੀਆਂ ਜਮਾਤਾਂ ਵਿਚ ਪਟੇਬਾਜ਼ੀ, ਤੀਰਅੰਦਾਜ਼ੀ ਹਰ ਪ੍ਰਕਾਰ ਦੀ ਸ਼ਸਤਰ ਵਿੱਦਿਆ ਸਿੱਖਣੇ ਸਿਖਾਉਣੇ ਦਾ ਬਹੁਤ ਅਭਿਆਸ ਰਹਿੰਦਾ ਸੀ। ਬਲਕਿ ਛੋਟੀਆਂ ਤੋਪਾਂ, ਜੰਬੂਰੇ, ਬੰਦੂਕਾਂ, ਤੀਰਕਮਾਨ, ਹਾਥੀ, ਘੋੜੇ ਜਮਾਤਾਂ ਨਾਲ ਰਿਹਾ ਕਰਦੇ ਸੀ।"[173]

### 4.6 ਸਿੱਖ ਧਰਮ ਵਿਚ ਸ਼ਸਤਰਾਂ ਦੀ ਮਹੱਤਤਾ:

ਸ਼ਸਤਰ ਰਾਜ ਸ਼ਕਤੀ ਦਾ ਪ੍ਰਗਟਾਵਾ ਕਰਨ ਵਾਲੇ ਚਿੰਨ੍ਹ ਹਨ ਅਤੇ ਸ਼ਸਤਰਧਾਰੀ ਫੌਜ ਰਾਜ ਦਾ ਇਕ ਜ਼ਰੂਰੀ ਅੰਗ ਹੁੰਦੀ ਹੈ।[174] ਪਰਮਾਤਮਾ ਦੀ ਸ਼ਕਤੀ ਨੂੰ 'ਭਗਵਤੀ' ਜਾਂ 'ਭਗੌਤੀ' ਕਿਹਾ ਜਾਂਦਾ ਹੈ।[175] ਸਭ ਤੋਂ ਪਹਿਲਾਂ ਗੁਰੂ ਅਮਰਦਾਸ ਜੀ ਨੇ ਭਗਉਤੀ ਸ਼ਬਦ ਦੀ ਵਰਤੋਂ ਕੀਤੀ ਹੈ:

ਸੋ ਭਗਉਤੀ ਜੋ ਭਗਵੰਤੈ ਜਾਣੈ॥ ਗੁਰਪਰਸਾਦੀ ਆਪੁ ਪਛਾਣੈ॥[176]

ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ 'ਭਗਉਤੀ' ਸ਼ਬਦ ਦੀ ਵਰਤੋਂ ਲੋਹੇ ਤੋਂ ਤਿਆਰ ਕੀਤੇ ਹੋਏ ਸ਼ਸਤਰ ਨਾਲ ਕੀਤੀ ਹੈ:

ਜਾਣੁ ਕਥੂਰੀ ਮਿਰਗ ਤਨਿ ਨਾਉ ਭਗਉਤੀ ਲੋਹੁ ਘੜਾਇਆ॥[177]

---

171 ਸੁਮੇਰ ਸਿੰਘ (ਬਾਬਾ), ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼, ਡਾ. ਅੱਛਰ ਸਿੰਘ ਕਾਹਲੋਂ (ਸੰਪਾ.), ਪੰਨਾ 161.

172 ਦਿਲਜੀਤ ਸਿੰਘ ਬੇਦੀ (ਬਾਬਾ), ਬਾਬਾ ਸ੍ਰੀਚੰਦ, ਭਾਸ਼ਾ ਵਿਭਾਗ, ਪੰਜਾਬ, 2013. ਪੰਨਾ 108.

173 ਗਿਆਨ ਸਿੰਘ (ਗਿਆਨੀ), ਤਵਾਰੀਖ ਗੁਰੂ ਖਾਲਸਾ ਹਿੱਸਾ ਦੂਜਾ ਅਰਥਾਤ ਸ਼ਮਸ਼ੇਰ ਖਾਲਸਾ, ਭਾਸ਼ਾ ਵਿਭਾਗ, ਪੰਜਾਬ, 1970, ਪੰਨਾ 2.

174 ਜਸਪਾਲ ਸਿੰਘ (ਡਾ.), ਰਾਜ ਦਾ ਸਿੱਖ ਸੰਕਲਪ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 2009, ਪੰਨਾ 322.

175 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਚੌਥਾ, ਗਰੇਸ਼ੀਅਸ ਬੁਕਸ, ਪਟਿਆਲਾ, 2014, ਪੰਨਾ 1514.

176 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੮੮.

177 ਅਮਰ ਸਿੰਘ ਚਾਕਰ (ਸੰਪਾ.), ਵਾਰਾਂ ਗਿਆਨ ਰਤਨਾਵਲੀ ਭਾਈ ਗੁਰਦਾਸ ਜੀ, ਵਾਰ ੨੫, ਪਉੜੀ ੬, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਤੀਜੀ ਵਾਰ, ਫਰਵਰੀ 1981, ਪੰਨਾ ੨੬੯.

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਚੰਡੀ ਦੀ ਵਾਰ' ਦੀ ਪਹਿਲੀ ਪਉੜੀ ਵਿਚ 'ਭਗੌਤੀ' ਸ਼ਬਦ ਵਰਤਿਆ ਹੈ ਜੋ ਸਿੱਖ ਧਰਮ ਦੀ ਅਰਦਾਸ ਦਾ ਪਹਿਲਾ ਹਿੱਸਾ ਹੈ:

ਪ੍ਰਿਥਮ ਭਗੌਤੀ ਸਿਮਰ ਕੈ ਗੁਰ ਨਾਨਕ ਲਈਂ ਧਿਆਇ॥[178]

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਬਾਣੀ 'ਜ਼ਫ਼ਰਨਾਮਾ' ਵਿਚ ਲਿਖਿਆ ਹੈ ਕਿ ਜਦੋਂ ਇਹ ਨਿਸ਼ਚਿਤ ਹੋ ਜਾਵੇ ਕਿ ਹੁਣ ਸਾਰੇ ਹੀਲੇ ਵਸੀਲੇ ਖਤਮ ਹੋ ਚੁੱਕੇ ਹਨ, ਉਸ ਸਮੇਂ ਸ਼ਸਤਰਾਂ ਦੀ ਵਰਤੋਂ ਕਰਨੀ ਜਾਇਜ਼ ਹੈ:

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥

ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥[179]

ਜਿੱਥੇ ਦਸ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਗੁਰੂ' ਰੂਪ ਹਨ ਉੱਥੇ ਹੀ ਗੁਰੂ ਗੋਬਿੰਦ ਸਿੰਘ ਜੀ ਨੇ 'ਸਸਤ੍ਰ ਨਾਮ ਮਾਲਾ' ਬਾਣੀ ਵਿਚ ਸ਼ਸਤਰਾਂ ਨੂੰ 'ਪੀਰ' ਆਖ ਕੇ ਸੰਬੋਧਨ ਕੀਤਾ ਹੈ:

ਅਸਿ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ॥

ਸੈਫ ਸਰੋਹ ਸੈਹਥੀ ਯਹੈ ਹਮਾਰੇ ਪੀਰ॥[180]

ਇਨ੍ਹਾਂ ਸ਼ਸਤਰਾਂ ਨੂੰ 'ਯਹੈ ਹਮਾਰੇ ਪੀਰ', ਆਖਕੇ ਵਡਿਆਇਆ।[181] ਪੀਰ ਦਾ ਭਾਵ 'ਗੁਰੂ' ਹੈ ਅਤੇ 'ਗੁਰੂ' ਕੇਵਲ 'ਅਕਾਲ ਪੁਰਖ' ਹੈ ਅਤੇ 'ਅਕਾਲ ਪੁਰਖ' ਸ਼ਸਤਰ ਨਾਲ ਅਭੇਦ ਹੈ।[182] ਭਾਈ ਸੁੱਖਾ ਸਿੰਘ ਨੇ ਗੁਰ ਬਿਲਾਸ ਪਾਤਿਸਾਹੀ ੧੦ ਵਿਚ ਲਿਖਿਆ ਹੈ ਕਿ ਸ਼ਸਤਰਾਂ ਤੋਂ ਹੀਣ ਮਨੁੱਖ ਭੇਡ ਦੀ ਨਿਆਂਈ ਹੈ, ਜਿਸ ਨੂੰ ਕੋਈ ਵੀ ਕੰਨਾਂ ਤੋਂ ਫੜ੍ਹ ਕੇ ਕਿਧਰੇ ਵੀ ਲੈ ਜਾ ਸਕਦਾ ਹੈ:

ਪੁਨੰ ਸੰਗ ਸਾਰੇ ਪ੍ਰਭੂ ਜੀ ਸੁਨਾਈ। ਬਿਨਾ ਤੇਗ ਤੀਰੰ ਰਹੋ ਨਾਹ ਭਾਈ।

ਬਿਨਾ ਸਸਤ੍ਰ ਕੇਸੰ ਨਰੰ ਭੇਡ ਜਾਨੋ। ਗਹੇ ਕਾਨ ਤਾ ਕੋ ਕਿਤੈ ਲੈ ਸਿਧਾਨੋ।

ਇਹੈ ਮੋਰ ਆਗਿਆ ਸੁਨੋ ਲੈ ਪਿਆਰੇ। ਬਿਨਾ ਤੇਗ ਕੇਸੰ ਦਿਵੋ ਨ ਦਿਦਾਰੇ।

---

178 ਖ਼ਾਲਸਾ ਨਿੱਤਨੇਮ, (ਪ੍ਰਕਾ.) ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ, ਚਲਦਾ ਵਹੀਰ, ਪੰਜਾਬ, ਪੰਨਾ ੧੫੮.

179 ਰਣਧੀਰ ਸਿੰਘ ਭਾਈ (ਸੰਪਾ.), ਸ਼ਬਦਾਰਥ ਦਸਮ ਗ੍ਰੰਥ ਸਾਹਿਬ, ਪੋਥੀ ਤੀਜੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਤੀਜੀ ਵਾਰ, 1995, ਪੰਨਾ 1240.

180 ਉਹੀ, ਪੰਨਾ 1021.

181 ਪਿਆਰਾ ਸਿੰਘ ਪਦਮ, ਗੋਬਿੰਦ ਸਾਗਰ, ਸਰਦਾਰ ਸਾਹਿਤ ਭਵਨ, ਕਲਮ ਮੰਦਿਰ, ਲੋਇਰ ਮਾਲ, ਪਟਿਆਲਾ, 1967, ਪੰਨਾ 64.

182 ਤਾਰਨ ਸਿੰਘ (ਡਾ.), ਦਸਮੇਸ਼ ਦਰਪਣ, ਫਕੀਰ ਸਿੰਘ ਐਂਡ ਸਨਜ਼, ਘੰਟਾ ਘਰ, ਅੰਮ੍ਰਿਤਸਰ, 1967, ਪੰਨਾ 187.

ਇਹੈ ਮੋਰ ਬੈਨਾ ਮੰਨੇਗਾ ਸੁ ਜੋਈ। ਤਿਸੈ ਇਛ ਪੂਰੀ ਸਭੈ ਜਾਨ ਸੋਈ।[183]

ਭਾਈ ਜੈਤਾ ਜੀ ਦੀ ਰਚਨਾ 'ਸ੍ਰੀ ਗੁਰ ਕਥਾ' ਅਨੁਸਾਰ ਸ਼ਸਤਰਾਂ ਤੋਂ ਬਿਨਾਂ ਮਨੁੱਖ ਗਿੱਦੜ ਦੇ ਸਮਾਨ ਹੁੰਦਾ ਹੈ:

ਸਿੰਘ ਸਸਤ੍ਰ ਸਜਾਇ ਸਨੇਹ ਤਨਹਿ, ਜੋਊ ਨੀਕ ਨਿਸਾਨ ਹੈ ਈਸਰ ਕੇਰਾ।

ਬਿਨ ਸਸਤ੍ਰਨ ਨਰੁ ਸ੍ਰਿਗਾਲ ਬਨੇ, ਸਬ ਭਾਨ ਮਿਟੈ ਦ੍ਰਿਗ ਤੀਸਰ ਕੇਰਾ।

ਜਪ ਜਤ ਸਤ ਸੰਜਮ ਸਸਤ੍ਰਨ ਸੋਂ, ਤਪ ਦਾਇਮ ਚਲਹਿ ਤਪੀਸਰ ਕੇਰਾ।[184]

ਇਹ ਸ਼ਸਤਰ ਸੁੰਤਤਰਤਾ, ਸਵਰਾਜ ਅਤੇ ਆਤਮਿਕ-ਗਿਆਨ ਦੇ ਲਖਾਇਕ ਹਨ। ਇਹ 'ਸੰਤ-ਸਿਪਾਹੀ' ਅਤੇ 'ਰਾਜ ਜੋਗ' ਦੇ ਚਿੰਨ੍ਹ ਹਨ।[185] ਗੁਰ ਬਿਲਾਸ ਪਾਤਿਸਾਹੀ ੧੦ ਦੇ ਕਰਤਾ ਭਾਈ ਸੁੱਖਾ ਸਿੰਘ ਅਨੁਸਾਰ, ਖੜਗ ਕੇਤ (ਗੁਰੂ) ਅਤੇ ਸ਼ਸਤਰ ਵਿਚ ਕੁਝ ਭੇਦ ਨਹੀਂ ਹੈ:

ਖੜਗ ਕੇਤ ਅਰ ਖੜਗ ਮਹਿ ਤਨਕ ਭੇਦ ਨਹੀ ਕੋਇ।

ਸ੍ਰੀ ਆਨਨ ਸ੍ਰੀ ਮੁਖ ਕਹਯੋ ਏਕ ਰੂਪ ਕਰਿ ਸੋਇ।[186]

ਪੁਰਾਣੇ ਸਮੇਂ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਹੱਥ ਲਿਖਤ ਸਨ ਅਤੇ ਜਲਦੀ ਉਪਲਬਧ ਨਹੀਂ ਹੁੰਦੀਆਂ ਸਨ ਇਸ ਲਈ ਗੁਰੂ ਸਾਹਿਬਾਨ ਦੇ ਚਰਨ ਛੋਹ ਇਤਿਹਾਸਿਕ ਅਸਥਾਨਾਂ ਅਤੇ ਸ਼ਹੀਦਾਂ ਸਿੰਘਾਂ ਦੇ ਅੰਗੀਠਿਆਂ ਉੱਪਰ ਸ਼ਸਤਰ ਹੀ ਮੰਜੀ ਸਾਹਿਬ ਉੱਤੇ ਸੁਭਾਇਮਾਨ ਕੀਤੇ ਜਾਂਦੇ ਸਨ। ਅੱਜ ਵੀ ਖਾਲਸਾ ਪੰਥ ਦੇ ਪੰਜ ਤਖ਼ਤਾਂ ਉੱਪਰ ਸ਼ਸਤਰ ਸੁਭਾਇਮਾਨ ਹਨ। ਪਹਿਲਾਂ ਪਹਿਲ ਗੁ: ਫ਼ਤਿਹਗੜ੍ਹ ਸਾਹਿਬ ਵਿਖੇ ਸ਼ਸਤਰ ਹੀ ਮੰਜੀ ਸਾਹਿਬ ਉੱਤੇ ਪ੍ਰਕਾਸ਼ਮਾਨ ਸਨ। ਬਾਅਦ ਵਿਚ ਪਟਿਆਲਾ ਦੇ ਰਾਜਾ ਭੁਪਿੰਦਰ ਸਿੰਘ ਨੇ 1934 ਈ. ਵਿਚ ਇਹ ਪ੍ਰਥਾ ਬੰਦ ਕਰਵਾ ਦਿੱਤੀ ਸੀ।[187] ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਤੀਜੀ ਰੁਤ ਦੇ 33ਵੇਂ ਅਧਿਆਇ ਵਿਚ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਸ਼ਸਤਰਾਂ ਦੇ ਅੱਗੇ ਸਾਰਾ ਜਗਤ ਝੁਕਦਾ ਹੈ:

---

183 ਸੁੱਖਾ ਸਿੰਘ (ਭਾਈ), ਗੁਰ ਬਿਲਾਸ ਪਾਤਿਸਾਹੀ ੧੦, ਅਧਿਆਇ 23, ਡਾ. ਗੁਰਸ਼ਰਨ ਕੌਰ ਜੱਗੀ (ਸੰਪਾ.), ਪੰਨਾ 364.

184 Neeti Singh, Bhai Jaita's Sri Gur Katha, Singh Brothers, Amritsar, Aug 2015, p. 132.

185 ਤਾਰਨ ਸਿੰਘ (ਡਾ.), ਦਸਮੇਸ਼ ਦਰਪਣ, ਪੰਨਾ 123.

186 ਸੁੱਖਾ ਸਿੰਘ (ਭਾਈ), ਗੁਰ ਬਿਲਾਸ ਪਾਤਿਸਾਹੀ ੧੦, ਡਾ. ਗੁਰਸ਼ਰਨ ਕੌਰ ਜੱਗੀ (ਸੰਪਾ.), ਪੰਨਾ 2.

187 ਬਲਵਿੰਦਰ ਸਿੰਘ ਜੌੜ ਸਿੰਘਾ (ਪ੍ਰੋ.) (ਸੰਪਾ.), ਸਿੱਖ ਇਤਿਹਾਸ ਦੇ ਸੂਰਬੀਰ ਯੋਧੇ ਚਾਰ ਸਾਹਿਬਜ਼ਾਦੇ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਦਸੰਬਰ 2005, ਪੰਨਾ ੧੧੮.

ਸ਼ਸਤ੍ਰਨਿ ਕੋ ਅਧਿਕ ਪ੍ਰਤਾਪੂ। ਨਿਵੈਂ ਜਗਤ ਜਨੁ ਹ੍ਵੈ ਧ੍ਰਿਤ ਆਪੂ।[188]

### 4.6.1 ਸ਼ਸਤਰਾਂ ਦਾ ਸਤਿਕਾਰ:

ਡਾ. ਤਾਰਨ ਸਿੰਘ ਅਨੁਸਾਰ, "ਜਿਹੜੀ ਵਸਤੂ ਸਾਨੂੰ ਤਾਕਤ ਪ੍ਰਦਾਨ ਕਰਦੀ ਹੈ, ਸਾਡੀ ਰੱਖਿਆ ਕਰਦੀ ਹੈ ਜਾਂ ਸਾਨੂੰ ਹਰ ਦਿਨ ਦਾ ਆਹਾਰ ਦਿੰਦੀ ਹੈ ਉਸ ਦੀ ਆਰਾਧਨਾ ਦਾ ਮਨੋਭਾਵ ਸਾਰੇ ਮਾਨਵ ਇਤਿਹਾਸ ਵਿਚ ਸਾਂਝਾ ਹੈ। ਤਲਵਾਰ ਸਿੱਖਾਂ ਵਿਚ ਪੂਜਾ ਦੀ ਵਸਤੂ ਬਣ ਗਈ ਜਦ ਕਿ ਪਰਮਾਤਮਾ ਨੂੰ 'ਸਰਬਲੋਹ' ਦਾ ਨਾਂ ਦਿੱਤਾ ਗਿਆ।"[189] ਗੁਰੂ ਜੀ ਨੇ ਨਾ ਸਿਰਫ ਸ਼ਸਤਰ ਧਾਰਨ ਕਰਨ ਦਾ ਉਪਦੇਸ਼ ਦਿੱਤਾ ਸਗੋਂ ਸ਼ਸਤਰਾਂ ਦਾ ਸਤਿਕਾਰ ਕਰਨਾ ਵੀ ਸਿਖਾਇਆ:

ਸਸਤਰਨ ਕੋ ਸਤਕਾਰ ਗੁਰ ਇਵ ਕਰੈ ਸਦਾ ਸ੍ਰੀ ਸਾਹਿਬ ਸਸਤਰ ਰਾਜ ਜਾਨੈ ਸੋ ਬਰਨ ਮੈ॥
ਕਾਮ ਕ੍ਰੋਧ ਤਯੋ ਬਰੋਧ ਬਾਤਨ ਤੇ ਅਬਿਰੋਧ ਐਸੇ ਸਿੰਘ ਸੂਰ ਕੇ ਸੰਦੇਹ ਨ ਤਰਨ ਮੈਂ॥[190]

ਜਦੋਂ ਗੁਰੂ ਜੀ ਕਿਸੇ ਸਿੱਖ ਉੱਤੇ ਪ੍ਰਸੰਨ ਹੁੰਦੇ ਤਾਂ ਉਸਨੂੰ ਸ਼ਸਤਰਾਂ ਦੀ ਸੁਗਾਤ ਹੀ ਬਖਸ਼ਦੇ ਸਨ।[191] ਪਰਚੀਆਂ ਸੇਵਾ ਦਾਸ ਅਨੁਸਾਰ: "ਬਹੁੜਿ ਗੁਰੂ ਜੀ ਸਸਤ੍ਰ ਦੇਖਿ ਕਰਿ ਪ੍ਰਸੰਨ ਹੋਵਹਿ। ਜੋ ਸਿਖ ਮਾਇਆ ਭੇਟ ਲਿਆਵੈ ਤਿਸ ਕਉ ਐਸੀ ਖੁਸੀ ਨ ਮਿਲੈ ਜੈਸੀ ਖੁਸੀ ਸਸਤ੍ਰ ਭੇਟਿ ਲਿਆਵਨ ਵਾਲੇ ਕਉ ਮਿਲੇ। ਬਹੁੜਿ ਧੂਪ ਧੁਖਾਇ ਕਰਿ ਸਸਤ੍ਰਹੁ ਦੀ ਪੂਜ ਕਰਹਿ।"[192] ਗੁਰੂ ਗੋਬਿੰਦ ਸਿੰਘ ਜੀ ਆਪ ਇਕ ਪਲੰਘ ਉੱਤੇ ਬਿਰਾਜਦੇ ਅਤੇ ਦੂਜੇ ਪਲੰਘ ਉੱਤੇ ਸ਼ਸਤਰਾਂ ਨੂੰ ਸੁਸ਼ੋਭਿਤ ਕਰਵਾ ਕੇ ਚੌਰ ਕਰਵਾਉਂਦੇ ਸਨ:

ਇਕ ਪਲੰਘ ਆਪ ਬੈਠੇ ਨਿਧਾਨ। ਦੂਜੇ ਬਿਰਾਜ ਅਸ ਬਿਦਮਾਨ।
ਸਭ ਸਸਤ੍ਰ ਚਾਪ ਖੜਗਾਦਿ ਜੋਇ। ਪਰ ਧਰੇ ਮੰਚ ਧੁਨ ਧੂਪ ਹੋਇ।

---

188 ਸੰਤੋਖ ਸਿੰਘ (ਭਾਈ), ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ 12, ਡਾ. ਭਾਈ ਵੀਰ ਸਿੰਘ (ਸੰਪਾ.), ਪੰਨਾ 5115.

189 ਇੰਦੂਭੂਸ਼ਨ ਬੈਨਰਜੀ, ਖਾਲਸੇ ਦੀ ਉਤਪਤੀ, ਜਿਲਦ ਦੂਜੀ, ਪ੍ਰੀਤਪਾਲ ਸਿੰਘ ਅਤੇ ਐਸ.ਐਸ. ਸੋਢੀ (ਅਨੁਵਾਦਕ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 112.

190 ਸੁਮੇਰ ਸਿੰਘ (ਬਾਬਾ), ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼, ਡਾ. ਅੱਛਰ ਸਿੰਘ ਕਾਹਲੋਂ (ਸੰਪਾ.), ਪੰਨਾ 512.

191 ਪਿਆਰਾ ਸਿੰਘ ਪਦਮ, ਗੋਬਿੰਦ ਸਾਗਰ, ਪੰਨਾ 168.

192 ਪਰਚੀਆਂ ਸੇਵਾ ਦਾਸ, ਭਾਸ਼ਾ ਵਿਭਾਗ, ਪੰਜਾਬ, ਦੂਜੀ ਵਾਰ, 1978, ਪੰਨਾ 115.

ਚਵਰੀ ਸਪਤ੍ਰ ਇਨ ਪਰ ਨਿਹਾਰ। ਦੂਜੇ ਦਿਯਾਰ ਸਿਰ ਪਰ ਬਿਚਾਰ।[193]

ਤਵਾਰੀਖ ਗੁਰੂ ਖਾਲਸਾ ਵਿਚ ਗਿਆਨੀ ਗਿਆਨ ਸਿੰਘ ਲਿਖਦੇ ਹਨ, "ਗੁਰੂ ਕੇ ਪਾਸ ਦੂਜੇ ਪਲੰਘ ਉੱਤੇ ਸ਼ਸਤਰ ਪਏ ਸਨ, ਓਨ੍ਹਾਂ ਨੂੰ ਚੌਰ ਹੁੰਦਾ ਦੇਖਕੇ ਕਪੂਰੇ ਆਖਯਾ ਏਨਾਂ ਹਥਯਾਰਾਂ ਉਤੇ ਚੌਰ ਕਰਨ ਦੀ ਨਵੀਂ ਰੀਤ ਕਯੋਂ ਕੱਢੀ ਹੈ? ਗੁਰੂ ਜੀ ਨੇ ਉਤ੍ਰ ਦਿਤਾ ਸ਼ਸਤਰ ਅਕਾਲ ਪੁਰਖ ਦਾ ਸਰਗੁਣ ਸਰੂਪ ਹਨ ਏਨ੍ਹਾਂ ਦੀ ਉਪਾਸਨਾ, ਸੇਵਾ ਧਾਰਨੀ ਕਰਨੀ ਰਾਮ ਕ੍ਰਿਸ਼ਨ ਆਦਕਾਂ ਦੀਆਂ ਮੂਰਤਾਂ ਨਾਲੋਂ ਅਧਿਕ ਫਲ ਪ੍ਰਦਾਤੀ ਹੈ। ਚੌਰ ਨਾਲ ਮੱਖੀ ਨਹੀਂ ਬੈਠ ਸਕਦੀ, ਏਨ੍ਹਾਂ ਦੇ ਪ੍ਰਤਾਪ ਨਾਲ ਵੈਰੀਆਂ ਉਤੇ ਫਤੇ ਪਾਈ ਦੀ ਹੈ, ਏਸੇ ਕਰਕੇ ਸਾਰੇ ਸੁਰ, ਨਰ ਰਾਖਸ਼ ਏਨ੍ਹਾਂ ਦਾ ਅਦਬ ਪੂਜਨ ਕਰਦੇ ਰਹੇ ਹਨ।"[194] ਸੰਤ ਸੰਪੂਰਨ ਸਿੰਘ ਨੇ ਸੁਧਰਮ ਮਾਰਗ ਗੋਸ਼ਟ ਵਿਚ ਲਿਖਿਆ ਹੈ: "...ਗੁਰੂ ਜੀ ਨੇ ਉਠ ਕਰ ਸ਼ਸਤਰ ਕੋ ਗੁਰੂ ਰੂਪ ਜਾਨ ਕਰ ਨਮਸਕਾਰ ਕੀਆ ਆਪ ਤਖਤ ਪਰ ਬੈਠੇ।"[195] ਗੁਰੂ ਸਾਹਿਬ ਦਾ ਇਹ ਆਸ਼ਾ ਸੀ ਕਿ ਸ਼ਬਦ ਦੇ ਨਾਲ-ਨਾਲ ਸ਼ਸਤਰ ਦਾ ਵੀ ਸਤਿਕਾਰ ਹੋਵੇ।[196]

ਜਦੋਂ ਗੁਰੂ ਗੋਬਿੰਦ ਸਿੰਘ ਜੀ ਦੇ ਮਹਿਲ ਗੁਰੂ ਜੀ ਤੋਂ ਵਿਦਾ ਲੈ ਕੇ ਦਿੱਲੀ ਆਏ ਤਾਂ ਗੁਰੂ ਜੀ ਨੇ ਪੰਜ ਸ਼ਸਤਰ ਵੀ ਨਾਲ ਦਿੱਤੇ ਸਨ। ਦੋਨੋਂ ਮਾਤਾਵਾਂ ਹਰ ਰੋਜ਼ ਸ਼ਸਤਰਾਂ ਨੂੰ ਧੂਪ, ਦੀਪ ਕਰਕੇ ਫੁੱਲ ਅਰਪਣ ਕਰਦੀਆਂ ਅਤੇ ਗੁਰੂ ਜੀ ਦੇ ਦਰਸ਼ਨ ਕਰਦੀਆਂ ਸਨ।[197] ਸਿੰਘਾਂ ਦਾ ਸ਼ਸਤਰਾਂ ਲਈ ਇੰਨਾ ਸਤਿਕਾਰ ਸੀ ਕਿ ਸਰੀਰਕ ਕ੍ਰਿਆ ਸੋਧਣ ਤੋਂ ਬਾਅਦ ਚੰਗੀ ਤਰ੍ਹਾਂ ਜਲ ਨਾਲ ਹੱਥ ਸਾਫ ਕਰਕੇ ਹੀ ਸਿੰਘ ਸ਼ਸਤਰਾਂ (ਵੱਡੀ ਤੇਗ) ਨੂੰ ਸਰੀਰ 'ਤੇ ਧਾਰਨ ਕਰਦੇ ਸਨ:

---

193 ਸੁੱਖਾ ਸਿੰਘ (ਭਾਈ), ਗੁਰ ਬਿਲਾਸ ਪਾਤਿਸਾਹੀ ੧੦, ਡਾ. ਗੁਰਸ਼ਰਨ ਕੌਰ ਜੱਗੀ (ਸੰਪਾ.), ਪੰਨਾ 351.

194 ਗਿਆਨ ਸਿੰਘ (ਗਿਆਨੀ), ਤਵਾਰੀਖ ਗੁਰੂ ਖਾਲਸਾ, ਭਾਗ ਪਹਿਲਾ, ਭਾਸ਼ਾ ਵਿਭਾਗ, ਪੰਜਾਬ, ਪੰਜਵੀਂ ਵਾਰ, 2011, ਪੰਨਾ 1040.

195 ਸੰਪੂਰਨ ਸਿੰਘ (ਸੰਤ), ਸੁਧਰਮ ਮਾਰਗ ਗ੍ਰੰਥ ਗੋਸ਼ਟ, ਪ੍ਰਕਾ. ਭਾਈ ਰਲਾ ਸਿੰਘ ਐਂਡ ਸਨਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, ਮਿਤੀਹੀਨ, ਪੰਨਾ 51.

196 ਸਤਿਬੀਰ ਸਿੰਘ (ਪ੍ਰਿੰ.), ਅਠਾਰਵੀਂ ਸਦੀ ਵਿਚ ਬੀਰ ਪਰੰਪਰਾ ਦਾ ਵਿਕਾਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987, ਪੰਨਾ 3.

197 ਸੁਖਦੇਵ ਸਿੰਘ (ਗਿਆਨੀ) (ਕਥਾਵਾਚਕ ਚੰਡੀਗੜ੍ਹ ਵਾਲੇ), ਖਾਲਸਾ ਪੰਥ ਦੇ ਮਾਤਾ ਮਾਤਾ ਸਾਹਿਬ ਕੌਰ ਜੀ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਨਵੰਬਰ 2009, ਪੰਨਾ 72.

ਜਬ ਜਬ ਰਵਨੇ ਸਿੰਘ ਫਿਰੇਗੀ। ਜਲ ਭਰ ਹਾਥ ਕਮੰਡਲ ਲੇਈ।

ਪੁਨ ਜਲ ਮਿਦ ਸੋ ਮਾਰਜਨ ਕਰੇਈ। ਤਬ ਹੀ ਸ਼ਸਤ੍ਰ ਦੇਹ ਧਰੇਈ।[198]

ਸ਼ਸਤਰਾਂ ਦੇ ਸਤਿਕਾਰ ਵਜੋਂ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਤਲਵਾਰ ਨੂੰ 'ਕ੍ਰਿਪਾਨ' ਅਤੇ 'ਸ੍ਰੀ ਸਾਹਿਬ' ਕਹਿ ਕੇ ਸਤਿਕਾਰ ਦਿੱਤਾ ਹੈ। 'ਸ੍ਰੀ ਹਜ਼ੂਰੀ ਮ੍ਰਿਯਾਦਾ ਪ੍ਰਬੋਧ' ਵਿਚ ਲਿਖਿਆ ਹੈ ਕਿ "ਨਿਹੰਗ ਸਿੰਘ ਜਦੋਂ ਭੀ ਸ੍ਰੀ ਸਾਹਿਬ ਮਿਆਨ ਵਿਚੋਂ ਬਾਹਰ ਕੱਢਦੇ, ਦਰਸਨ ਕਰਕੇ ਨਮਸਕਾਰ ਕਰਕੇ ਮੱਥਾ ਟੇਕ ਕੇ ਫਿਰ ਮਿਆਨ ਵਿਚ ਪਾਉਂਦੇ ਹਨ।"[199]

### 4.6.2 ਜੰਗੀ ਲਿਬਾਸ:

ਡਾ. ਸੁਖਦਿਆਲ ਸਿੰਘ ਅਨੁਸਾਰ, "ਖਾਲਸੇ ਦਾ ਨੀਲਾ ਲਿਬਾਸ ਆਪਣੇ ਆਪ ਵਿਚ ਹੀ ਇਕ ਜੰਗੀ ਲਿਬਾਸ ਸੀ।"[200] History of the Sikhs and their Religion ਅਨੁਸਾਰ, "ਪੰਜ ਪਿਆਰੇ ਜਦੋਂ ਸੰਗਤ ਸਾਹਮਣੇ ਆਏ ਤਾਂ ਉਨ੍ਹਾਂ ਦੀ ਪੁਸ਼ਾਕ ਨੀਲੀ ਸੀ ਜੋ ਬਾਅਦ ਵਿਚ ਨਿਹੰਗ ਅਖਵਾਏ।"[201] ਸਿੰਘਾਂ ਨੇ ਆਪਣੀ ਫੌਜੀ ਵਰਦੀ (ਬਾਣਾ) ਕਾਇਮ ਰਖਿਆ ਜਿਸ ਵਿਚ ਨੀਲੇ ਰੰਗ ਦਾ ਚੋਲਾ, ਲੱਕ ਨੂੰ ਕਮਰਕੱਸਾ, ਤੇੜ ਗੋਡਿਆਂ ਤੱਕ ਕਛਹਿਰਾ, ਸਿਰ 'ਤੇ ਦੁਮਾਲਾ ਅਤੇ ਚੱਕਰ ਹੁੰਦੇ ਸਨ।[202] ਗੁਰੂ ਸਾਹਿਬ ਜੀ ਵਲੋਂ ਖਾਲਸੇ ਨੂੰ ਦਿੱਤਾ ਜੰਗੀ ਲਿਬਾਸ ਘੋੜ ਸਵਾਰੀ, ਸ਼ਸਤਰਾਂ ਨੂੰ ਚਲਾਉਣ, ਪੈਂਤਰਾ ਬਦਲਣ ਆਦਿ ਵਿਚ ਸਹਾਈ ਹੁੰਦਾ ਹੈ।

### 4.6.3 ਸ਼ਸਤਰਧਾਰੀ ਸਿੱਖ:

ਸ਼ਸਤਰਧਾਰੀ ਯੋਧੇ ਲਈ ਸਭ ਤੋਂ ਪਹਿਲਾਂ ਮੌਤ ਦੇ ਭੈ ਤੋਂ ਮੁਕਤ ਹੋਣਾ ਜ਼ਰੂਰੀ ਹੈ। ਭੈਭੀਤ ਆਦਮੀ ਨ ਹਥਿਆਰਬੰਦ ਹੋ ਸਕਦਾ ਹੈ ਤੇ ਨਾ ਹੀ ਰਣ ਤੱਤੇ ਵਲ ਮੂੰਹ ਕਰ ਸਕਦਾ ਹੈ।[203] ਗੁਰਬਾਣੀ ਅਨੁਸਾਰ ਸ਼ਸਤਰਧਾਰੀ ਸਿੱਖ ਨੇ ਅਕਾਲ ਪੁਰਖ ਦੇ ਭੈਅ ਹੇਠ ਹੀ ਸ਼ਸਤਰ ਵਰਤਣੇ ਹਨ ਅਤੇ ਹੰਕਾਰ ਨਹੀਂ ਕਰਨਾ:

---

198 ਪਿਆਰਾ ਸਿੰਘ ਪਦਮ (ਸੰਪਾ.), ਰਹਿਤਨਾਮੇ, ਪੰਨਾ 132.

199 ਜਗਿੰਦਰ ਸਿੰਘ (ਸੰਤ ਬਾਬਾ) (ਹੈਡ ਪੁਜਾਰੀ ਜਥੇਦਾਰ), ਸ੍ਰੀ ਹਜ਼ੂਰੀ ਮ੍ਰਿਯਾਦਾ ਪ੍ਰਬੋਧ, ਸ੍ਰੀ ਤਖਤ ਅਬਿਚਲ ਨਗਰ ਸੱਚਖੰਡ ਹਜ਼ੂਰ ਸਾਹਿਬ, ਨਾਂਦੇੜ, ਮਹਾਂਰਾਸ਼ਟਰ, ਮਿਤੀਹੀਨ, ਪੰਨਾ 120.

200 ਸੁਖਦਿਆਲ ਸਿੰਘ (ਡਾ.), ਖਾਲਸੇ ਦੀ ਜਨਮ ਭੂਮੀ ਸਿਰੀ ਆਨੰਦਪੁਰ ਸਾਹਿਬ, ਪੰਨਾ 23.

201 Kirpal Singh & Kharak Singh (Editor.), History of the Sikhs and their Religion, Vol. I, Shiromani Gurdwara Prabandhak Committee, Sri Amritsar, Feb 2004, p. 403.

202 ਦਾਨ ਸਿੰਘ ਕੋਮਲ, ਮਰਜੀਵੜਾ ਖ਼ਾਲਸਾ ਪੰਥ, ਪੰਨਾ 53.

203 ਪਿਆਰਾ ਸਿੰਘ ਪਦਮ, ਪੰਜਾਬ ਦੀ ਗੌਰਵ ਗਾਥਾ, ਕਲਗੀਧਰ ਕਲਮ ਫਾਉਂਡੇਸ਼ਨ, ਕਲਮ ਮੰਦਿਰ, ਲੋਅਰ ਮਾਲ, ਪਟਿਆਲਾ, 2000, ਪੰਨਾ 25.

ਕਮਰ ਕਟਾਰਾ ਬੰਕੁੜਾ ਬੰਕੇ ਕਾ ਅਸਵਾਰੁ॥

ਗਰਬੁ ਨ ਕੀਜੈ ਨਾਨਕਾ ਮਤੁ ਸਿਰਿ ਆਵੈ ਭਾਰੁ॥[204]

ਸ਼ਸਤਰਧਾਰੀ ਸਿੱਖ ਦੀ ਪਰਿਭਾਸ਼ਾ ਰਹਿਤਨਾਮਿਆਂ ਵਿਚ ਇਸ ਤਰ੍ਹਾਂ ਦਿੱਤੀ ਹੈ: "ਨਾਲੇ ਦਾ ਜਤੀ ਹੋਵੈ, ਹੱਥਾਂ ਦਾ ਸਖੀ ਹੋਵੈ। ਸ਼ਸਤਰ ਦਾ ਵਿਸਾਹੁ ਨਾ ਕਰੈ। ਕਾਵੇ ਬੈਠੇ, ਦੂਜੇ ਸਿੰਘ ਸ਼ਸਤਰ ਦੇ ਕਰਿ ਖੜੇ ਕਰੈ। ਦੂਤ-ਦੁਸ਼ਮਣ ਦੇਖੇ ਉਠਿ ਖੜਾ ਹੋਇ। ਸੋਚ ਕਰਨਿ ਬੈਠੇ ਤਾਂ ਵੀ ਸੁਚੇਤ ਹੋਇ ਬੈਠੇ, ਊਂਧਾ ਨਾ ਹੋਵੈ। ਜੈਸਾ ਜਾਨਵਰ ਦਾਣੇ ਭੀ ਚੁਗਦਾ ਹੈ ਅਤੇ ਤੱਕਦਾ ਭੀ ਰਹਿੰਦਾ ਹੈ। ਸ਼ਸਤਰਧਾਰੀ ਸਿੰਘ ਰਣ ਵਿਚ ਪਿਠ ਦੇਵੈ ਨਾਹੀ। ਜੀਤੇ ਜਸ ਪਾਵੇ, ਮੋਏ ਸੁਰਪੁਰੀ ਜਾਵੈ। ਸ਼ਸਤਰਧਾਰੀ ਸਿੰਘ ਰਾਤਿ ਨੂੰ ਐਕੜ ਨ ਸਵੈ। ਲੱਕੋਂ ਸਿਰੋਂ ਨੰਗਾ ਨ ਹੋਇ। ਪਗੜੀ ਤਕੜੀ ਬੰਨ੍ਹੈ। ਜੈਸੇ ਸ਼ੇਰ ਅਚੇਤ ਨਹੀਂ ਰਹਿੰਦਾ। ਸ਼ਸਤ੍ਰਧਾਰੀ ਸਿੰਘ ਨਾਰਿ ਉਪਰਿ ਸ਼ਸਤ੍ਰ ਨਾ ਉਠਾਵੈ। ਸ਼ਸਤ੍ਰਧਾਰੀ ਹੋਰ ਕਪੜੇ ਆਪਣੀ ਭਾਵਨਾ ਤੇ ਰਖੈ, ਕਛ ਮਾੜੀ ਨਾ ਰਖੇ।"[205] ਖਾਲਸਾ ਧਰਮ ਸ਼ਾਸਤ੍ਰ ਅਨੁਸਾਰ, "ਸ਼ਸਤ੍ਰਧਾਰੀ ਸਿਖ ਨਾਲੇ ਦਾ ਜਤੀ ਹੋਵੇ। ਸ਼ਸਤ੍ਰ ਦਾ ਵਿਸਾਹੁ ਨਾ ਕਰੇ। ਸ਼ਸਤ੍ਰਧਾਰੀ ਸਿੰਘ ਨਾਰੀ ਤੇ ਸ਼ਸਤ੍ਰ ਦਾ ਵਾਰ ਨਾ ਕਰੇ। ਕੱਛ ਮਾੜੀ ਰਖੇ ਤਾਂ ਜੋ ਜੇਕਰ ਦੁਸ਼ਮਣ ਪਕੜ ਵੀ ਲਵੇ ਤਾਂ ਵੀ ਕੱਛ ਮਾੜੀ ਸਮਝਕੇ ਨਾ ਉਤਾਰੇ। ਸ਼ਸਤ੍ਰਧਾਰੀ ਸਿਖ ਸ਼ਸਤ੍ਰ ਵਿਦਯਾ ਸਿੱਖਦਾ ਰਹੇ। ਸ਼ਸਤ੍ਰਾਂ ਨੂੰ ਧੂਪ ਦੇਵੇ। ਸ਼ਸਤ੍ਰਧਾਰੀ ਸਿਖ ਜਿੰਨਾ ਸੁਚੇਤ ਰਹੇ ਉੰਨਾਂ ਹੀ ਚੰਗਾ ਹੈ।"[206]

### 4.6.4 ਸ਼ਸਤਰ ਵਿੱਦਿਆ ਦਾ ਅਭਿਆਸ:

ਗੁਰੂ ਘਰ ਵਿਚ 'ਸ਼ਸਤਰ' ਅਤੇ 'ਸ਼ਾਸਤਰ' ਦੋਹਾਂ ਦੀ ਪ੍ਰਧਾਨਤਾ ਹੈ। ਕਲਗੀਧਰ ਜੀ ਦੇ ਦਰਬਾਰ ਵਿਚ ਦੋਹਾਂ ਕਲਾਵਾਂ ਦੇ ਅਭਿਆਸੀ ਸਿੱਖ ਸਨਮਾਨ ਪਾਉਂਦੇ ਸਨ:

ਸਸਤਰ ਸਾਸਤਰ ਬਿਦਯਾ ਜੋ ਜਾਨੈ॥ ਤਾ ਕਹਿ ਕਲਗੀਧਰ ਸਨਮਾਨੈ॥[207]

---

[204] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 956.

[205] ਪਿਆਰਾ ਸਿੰਘ ਪਦਮ (ਸੰਪਾ.), ਰਹਿਤਨਾਮੇ, ਪੰਨਾ 96.

[206] ਰਾਮਨਰੈਣ ਸਿੰਘ ਸੋਢੀ (ਟਿੱਕਾ ਸਾਹਿਬ), ਸਿੱਖ ਧਰਮ ਖਾਲਸਾ ਪੰਥ ਦੀ ਬਿਵਸਥਾ ਅਰਥਾਤ ਖਾਲਸਾ ਧਰਮ ਸ਼ਾਸਤ੍ਰ ਦੀ ਪੂਰਬ ਮਿਮਾਂਸਾ, 1914, ਪੰਨਾ ੧੮੩.

[207] ਉਹੀ, ਪੰਨਾ 115.

ਕਨ੍ਹੱਈਆ ਲਾਲ ਆਪਣੀ ਰਚਨਾ 'ਤਾਰੀਖ਼-ਇ-ਪੰਜਾਬ' ਵਿਚ ਲਿਖਦੇ ਹਨ ਕਿ "ਇਕ ਦਿਨ ਸੈਨਾਪਤੀ ਸੱਯਦ ਖਾਂ ਅਨੰਦਪੁਰ ਤੋਂ ਤਿੰਨ ਕੋਹ ਤੇ ਲਸ਼ਕਰ ਦੇ ਸਿਰੇ ਤੇ ਸ਼ਾਮਿਆਨੇ ਹੇਠ ਸ਼ਮਸੁੱਦੀਨ ਨਾਲ ਚੋਪੜ ਖੇਡ ਰਿਹਾ ਸੀ, ਗੁਰੂ ਜੀ ਨੇ ਦੂਰੋਂ ਤਾਕ ਕੇ ਇਕ ਅਜਿਹਾ ਤੀਰ ਮਾਰਿਆ ਕਿ ਚੋਪੜ ਨੂੰ ਉਡਾ ਦਿੱਤਾ। ਦੋਵੇਂ ਫੌਜੀ ਸਰਦਾਰ ਬੜੇ ਹੈਰਾਨ ਹੋਏ ਤੇ ਇੰਨੀ ਦੂਰੋਂ ਤੀਰ ਦੇ ਉੱਥੇ ਪੁੱਜਣ ਨੂੰ ਇਕ ਕਰਾਮਾਤ ਸਮਝੇ। ਗੁਰੂ ਜੀ ਨੇ ਇਕ ਤੀਰ ਹੋਰ ਮਾਰਿਆ ਜਿਸ ਨਾਲ ਇਕ ਪਰਚਾ ਪਰੋ ਦਿੱਤਾ, ਜਿਸ ਤੇ ਲਿਖਿਆ ਹੋਇਆ ਸੀ ਕਿ ਇਹ ਕਰਾਮਾਤ ਨਹੀਂ, ਅਭਿਆਸ ਤੇ ਹੁਨਰ ਹੈ।"[208] ਗੁਰੂ ਸਾਹਿਬ ਨੇ ਆਪਣੇ ਖਾਲਸੇ ਨੂੰ ਸਦਾ ਲਈ ਸ਼ਸਤਰਾਂ ਦੀ ਵਿੱਦਿਆ ਪ੍ਰਦਾਨ ਕਰ ਦਿੱਤੀ:

ਸੰਗ ਤ੍ਰਿਸੂਲ ਸਰਾਸਨ ਤੀਰ ਕੀ ਐਹੈ ਵਿਦਯਾ ਇਨ ਕੈ ਕਰ ਮਾਹੀ।
ਅਹੈ ਮਮ ਪੰਥ ਸਮੁੰਦ੍ਰ ਸਮਾਨ ਜੋ ਜਾਪ ਅਕਾਲ ਕੇ ਸੰਗ ਰਹਾਹੀ।[209]

ਸੰਨ 1696 ਈ. ਵਿਚ ਆਨੰਦਪੁਰ ਸਾਹਿਬ ਵਿਖੇ ਜੰਗੀ ਕਰਤੱਬਾਂ ਵਜੋਂ ਗੱਤਕੇਬਾਜੀ, ਤੀਰ ਅੰਦਾਜੀ, ਘੋੜਸਵਾਰੀ ਅਤੇ ਨੇਜੇਬਾਜੀ ਦੀ ਸ਼ੁਰੂਆਤ ਹੋਲੇ-ਮਹੱਲੇ ਦੇ ਰੂਪ ਵਿਚ ਹੋਈ।[210] ਗੁਰੂ ਗੋਬਿੰਦ ਸਿੰਘ ਜੀ ਦੁਆਰਾ ਨਾਂਦੇੜ ਵਿਖੇ ਕੀਤੇ ਬਵੰਜਾ ਬਚਨਾਂ ਵਿਚ ਵੀ ਸ਼ਸਤਰ ਵਿੱਦਿਆ ਦੇ ਅਭਿਆਸ ਨੂੰ ਕਰਦੇ ਰਹਿਣ ਦੀ ਤਾਗੀਦ ਕੀਤੀ ਗਈ ਹੈ।

### 4.6.5 ਸ਼ਸਤਰਾਂ ਦੀ ਸਫਾਈ:

ਸ਼ਸਤਰਾਂ ਦੇ ਸਤਿਕਾਰ ਵਿਚ, ਸ਼ਸਤਰਾਂ ਦੀ ਸਫ਼ਾਈ ਵੀ ਸ਼ਾਮਿਲ ਹੈ। ਸ਼ਸਤਰਾਂ ਦੀਆਂ ਬਹੁਤ ਸਾਰੀਆਂ ਕਿਸਮਾਂ ਅਤੇ ਰੂਪ ਹਨ। ਸੈਫ, ਸਰੋਹੀ, ਜ਼ੁਲਫਕਾਰ, ਤੇਗ, ਗੋਲੀਆ, ਖੰਡਾ, ਨਿਮਚਾ, ਸਕੇਲਾ ਆਦਿ ਇਹ ਕਿਰਪਾਨ ਦੇ ਨਾਮ ਹਨ। ਇਸੇ ਤਰ੍ਹਾਂ ਹੀ ਬੰਦੂਕ ਦੇ ਵੀ ਕਈ ਨਾਮ ਅੰਕਿਤ ਕੀਤੇ ਹਨ ਜਿਵੇਂ: ਕਾਸਟ ਭਿਸਟਣੀ, ਜਵਾਲਾਬਮਣੀ, ਨਮਸਕਾਰਣੀ, ਤਮੰਚਾ, ਕਰਾਚੌਲ ਆਦਿ। ਇਸ ਤੋਂ ਇਲਾਵਾ ਸ਼ਸਤਰਾਂ

[208] ਕਨ੍ਹੱਈਆ ਲਾਲ, ਤਾਰੀਖ਼-ਇ-ਪੰਜਾਬ, ਜੀਤ ਸਿੰਘ ਸੀਤਲ (ਅਨੁ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜਨਵਰੀ 1968, ਪੰਨਾ 48.

[209] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਪੰਨਾ 138.

[210] ਕੁਲਬੀਰ ਸਿੰਘ ਸਿੱਧੂ, ਬਾਬਾ ਬੰਦਾ ਸਿੰਘ ਬਹਾਦਰ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010, ਪੰਨਾ 15.

ਦੀਆਂ ਕਈ ਕਿਸਮਾਂ ਹਨ ਜਿਵੇਂ: ਊਨਾ, ਸਿਰੋਹੀ, ਧੋਪ, ਮਿਸਰੀ, ਗੁਜਰਾਤੀ, ਹਲੱਬੀ, ਜੁਨੱਬੀ, ਦੋਦਾਮੀ, ਮਗਰਬੀ, ਮਾਰਪੇਚੀ, ਤੋਤਾਪੁਰੀ, ਲਾਲੂ ਸ਼ਾਹੀ, ਚੌੜੇ ਤੇਗੇ, ਖੱਪਰੇ, ਬਾਰ ਧਰੇ, ਖੰਡੇ, ਸੂਲ, ਸੈਫਾਂ, ਗੁਜਰਾਤੀ ਬੱਲਮ ਦੇ ਫੱਰ੍ਹੇ, ਹੁਸੈਨੀ ਪਿਪਲੇ, ਕੰਧਾਰ ਦੇ ਗੋਲੀਏ, ਠੱਠੀ, ਭੱਖਰੀ, ਸੋਹਣਾ ਮੋਹਣਾ, ਓਤਾਖਾਨੀ, ਕੱਤਾਖ਼ਾਨੀ, ਸਰਹੰਦ ਦੇ ਸਫੈਦੇ ਤੇ ਲਾਹੌਰ ਦੇ ਤੂਤੀਏ, ਅੱਖਰਾਂ, ਭੁਅੱਖਰਾਂ, ਆਰਸਿਆਲੀਆਂ, ਸੋਨ-ਪਿਆਲੀਆਂ, ਕੇਵਜ਼ਾਂ, ਵਰਗਸਤਾਣੀਆਂ ਆਦਿ।[211] ਗੁਰੂ ਘਰ ਵਿਚ ਸ਼ਸਤਰਾਂ ਦਾ ਪ੍ਰਯੋਗ ਗੁਰੂ ਹਰਿਗੋਬਿੰਦ ਜੀ ਦੇ ਵੇਲੇ ਤੋਂ ਹੀ ਸ਼ੁਰੂ ਹੋ ਗਿਆ ਸੀ ਅਤੇ ਗੁਰੂ ਸਾਹਿਬ ਨੇ ਹੀ ਸਿਕਲੀਗਰਾਂ ਨੂੰ ਸ਼ਸਤਰਾਂ ਦੀ ਸੰਭਾਲ-ਸਫਾਈ ਲਈ ਨੀਯਤ ਕੀਤਾ। ਗੁਰੂ ਗੋਬਿੰਦ ਸਿੰਘ ਜੀ ਵੀ ਸ਼ਸਤਰਾਂ ਦੀ ਸਫਾਈ ਲਈ ਸਿਕਲੀਗਰਾਂ ਨੂੰ ਬੁਲਾ ਕੇ ਸ਼ਸਤਰ ਸਾਫ ਕਰਵਾਉਂਦੇ ਸਨ:

ਸਬੈ ਸਿੱਖ ਧਾਏ ਬੁਲਾਏ ਅਪਾਰੰ। ਦਏ ਸਸਤ੍ਰ ਅਸਤ੍ਰੰ ਜਿਨੇ ਨਾਮ ਭਾਰੰ।
ਸਿਕਲੀਗਰੰ ਤਾਹਿ ਅੰਤੰ ਨ ਪਾਰੰ। ਕਹੋ ਥੋਰ ਜੈਸੇ ਮਤੀ ਅਨੁਸਾਰੰ।
ਸੋ ਤੋਪੰ ਵਾ ਤੁਪਕੰ ਜਮੂਰੰ ਅਪਾਰੰ। ਸੁ ਸਾਂਗੰ ਵਾ ਸੈਫੰ ਹਜਾਰੰ ਸੁਧਾਰੰ।
ਸੁ ਖੰਡੰ ਬਿਹੰਡੰ ਸੁ ਤੀਰੰ ਵਾ ਸੇਲੰ। ਸੁ ਧੋਪੰ ਵਾ ਖੰਜਰ ਜੁ ਬੁਗਦੰ ਅਕੇਲੰ।
ਕਟਾਰੰ ਤਮਾਚੰ ਪਟੰ ਆਦਿ ਭਾਰੇ। ਵਾ ਸੈਥੀ ਅਨੰਤੰ ਜੰਜੀਰੰ ਸੁਧਾਰੇ।
ਧਰੇ ਆਯੁਧੰ ਹਾਥ ਮਾਂਜੈ ਅਪਾਰੰ। ਕਿਤੈ ਕਾਲ ਬੀਤੈ ਇਤੈ ਮਾਰਵਾਰੰ।[212]

ਐਸਾ ਹੀ ਵਰਨਣ ਭਾਈ ਸੁੱਖਾ ਸਿੰਘ ਦੁਆਰਾ ਰਚਿਤ ਗੁਰ ਬਿਲਾਸ ਪਾਤਸ਼ਾਹੀ ੧੦ ਵਿਚ ਵੀ ਮਿਲਦਾ ਹੈ ਕਿ ਗੁਰੂ ਜੀ ਦੁਸਹਿਰੇ ਦੇ ਦਿਨਾਂ ਵਿਚ ਸ਼ਸਤਰਾਂ ਦੀ ਸਫਾਈ ਕਰਵਾਉਂਦੇ ਸਨ:

ਇਕ ਦਿਨ ਸ੍ਰੀ ਮੁਖ ਬਾਕ ਉਚਾਰੇ। ਮਾਰਿਵਾਰਿਅਨ ਨਿਕਟ ਹਕਾਰੇ।
ਦਸਮੀ ਬਿਜੈ ਨਿਕਟ ਜਬ ਆਈ। ਕਰਹੈ ਪੂਜਾ ਖੜਗ ਬਨਾਈ।
...
ਜੋ ਜੋ ਆਯੁਧ ਖਾਸ ਖਜਾਨੈ। ਅਸ ਨਹਿ ਸੁਮਤ ਨਾਮ ਗਨਿ ਠਾਨੈ।[213]

---

211 ਸ਼ਮਸ਼ੇਰ ਸਿੰਘ ਅਸ਼ੋਕ, ਪੰਜਾਬੀ ਵੀਰ ਪੰਰਪਰਾ ਸਤਾਰ੍ਹਵੀਂ ਸਦੀ ਈ., ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ, 1988, ਪੰਨਾ 41.

212 ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਪੰਨਾ 174.

213 ਸੁੱਖਾ ਸਿੰਘ (ਭਾਈ), ਗੁਰ ਬਿਲਾਸ ਪਾਤਸ਼ਾਹੀ ੧੦, ਡਾ. ਗੁਰਸ਼ਰਨ ਕੋਰ ਜੱਗੀ (ਸੰਪਾ.), ਪੰਨਾ 242.

ਅੱਜ ਵੀ ਨਿਹੰਗ ਸਿੰਘਾਂ ਦੀਆਂ ਛਾਉਣੀਆਂ ਵਿਚ ਤਖ਼ਤ ਸ੍ਰੀ ਹਜ਼ੂਰ ਸਾਹਿਬ, ਅਬਿਚਲਨਗਰ ਨਾਂਦੇੜ ਵਿਖੇ ਦੁਸਹਿਰਾ ਅਤੇ ਦੀਵਾਲੀ ਦੇ ਮੌਕਿਆਂ 'ਤੇ ਸ਼ਸਤਰਾਂ ਦੀ ਸਫ਼ਾਈ ਅਤੇ ਪੂਜਾ ਕੀਤੀ ਜਾਂਦੀ ਹੈ।

### 4.6.6 ਸ਼ਸਤਰ ਪੂਜਨ:

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਮਾਜ ਵਿਚ ਪ੍ਰਚਲਿਤ ਤਿਉਹਾਰਾਂ ਨੂੰ ਨਿਵੇਕਲੇ ਢੰਗ ਨਾਲ ਮਨਾਉਣਾ ਆਰੰਭ ਕੀਤਾ। ਗੁਰੂ ਸਾਹਿਬ ਨੇ ਦੁਸਹਿਰੇ ਦੇ ਤਿਉਹਾਰ ਨੂੰ 'ਸ਼ਸਤਰ ਪੂਜਨ' ਦੇ ਰੂਪ ਵਿਚ ਮਨਾਏ ਜਾਣ ਦੀ ਰਵਾਇਤ ਆਰੰਭ ਕਰਵਾਈ। ਦੁਸਹਿਰੇ ਤੋਂ ਪਹਿਲਾਂ ਨੁਰਾਤੇ ਵਾਲੇ ਦਿਨਾਂ ਵਿਚ ਕੇਸਗੜ੍ਹ ਸਾਹਿਬ ਵਿਖੇ ਸ਼ਸਤਰਾਂ ਦੀ ਪੂਜਾ ਕਰਿਆ ਕਰਦੇ ਸਨ:

"ਆਜ ਨੁਰਾਤਾ ਆਦਿ ਨਿਹਾਰੋ। ਪੂਜ ਕਰੋ ਸਬ ਸਸਤ੍ਰ ਨਿਕਾਰੋ।"
ਸੁਨ ਕਰ ਬਚਨ ਖਾਲਸਾ ਧਾਯੋ। ਪੂਜਨ ਕੀ ਸਭ ਸੌਜ ਲਿਆਯੋ।
ਪਹਿਰ ਰਾਤ ਲੇ ਤੇ ਸਭ ਜਾਗੇ। ਪੂਜ ਕਾਲਿਕਾ ਕੀ ਮਧ ਲਾਗੇ।
ਸਭ ਜਨ ਸ੍ਰੀ ਕੇਸ ਗੜ੍ਹ ਆਵੈ। ਧੂਪ ਦੀਪ ਨੈਬੇਦ ਕਰਾਵੈ।
ਪਾਛੈ ਅੱਛੁਤ ਪੁਸਪ ਮੰਗਾਵੈ। ਕਰ ਚਰਨਾਮ੍ਰਿਤ ਚਮਰ ਝੁਲਾਵੈ।[214]

ਦੁਸਹਿਰੇ ਵਾਲੇ ਦਿਨ ਗੁਰੂ ਜੀ ਮਹੱਲਾ ਕੱਢਕੇ ਸ਼ਸਤਰ ਵਿੱਦਿਆ ਦੇ ਜੌਹਰ ਦੇਖਿਆ ਕਰਦੇ ਸਨ:

ਯੌਂ ਕਰ ਪੂਜ ਬਿਜੈ ਦਸਮੀ, ਤਬ ਬੀਰਨ ਕੋ ਬਿਧਿ ਯਾ ਫੁਰਮਾਈ।
ਮਤ ਮਤੰਗਨ ਸੁ ਬਾਜਿਨ ਪੈ, ਨਿਜ ਡਾਰਹੁ ਜੀਨ ਹਮੇਲਨ ਭਾਈ।
ਯੌ ਸੁ ਉਚਾਰ ਮਹਲਾ ਚੜੇ ਤਬ, ਦੇਖਨ ਕੋ ਸਭ ਸੰਗਤ ਆਈ।
ਦੁੰਦਭਿ ਨਾਦ ਨੀਸਾਨ ਬਜਾਇ ਕੈ, ਪੈ ਨਿਰਖੇ ਬਿਨਤਾ ਸੁਤ ਜਾਈ।
ਖੇਲ ਅਖੇਟ ਸੁ ਭਾਂਤਿ ਮਹੱਲਹਿ, ਪੈ ਕਰੁਨ ਨਿਧਿ ਡੇਰਨ ਆਏ।[215]

ਦੁਸਹਿਰੇ ਦਾ ਜੋੜ ਮੇਲ, ਬੁੱਢਾ ਦਲ ਚਮਕੌਰ ਸਾਹਿਬ ਵਿਖੇ ਸ਼ਸਤਰ ਪੂਜਾ ਦੇ ਰੂਪ ਵਿਚ ਮਨਾਉਂਦਾ ਹੈ। ਦੁਸਹਿਰੇ ਤੋਂ ਪਹਿਲਾਂ ਨੁਰਾਤਿਆਂ ਦੇ ਦਿਨਾਂ ਵਿਚ ਸ਼ਸਤਰ ਪੂਜਾ ਨਾਲ ਸੰਬੰਧਿਤ ਬਾਣੀ ਦਾ

---

[214] ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਪੰਨਾ 175.

[215] ਉਹੀ, ਪੰਨਾ 175.

ਪਾਠ ਕੀਤਾ ਜਾਂਦਾ ਹੈ।[216] ਨੁਰਾਤਿਆਂ ਦੇ ਦਿਨਾਂ ਵਿਚ ਤਖ਼ਤ ਸਾਹਿਬਾਂ ਤੇ ਵਿਸ਼ੇਸ਼ ਕਰਕੇ ਸ਼ਸਤਰਾਂ ਦੀ ਪੂਜਾ ਹੁੰਦੀ ਸੀ ਜਿਸ ਵਿਚ ਚੰਡੀ ਚਰਿਤਰ ਆਦਿਕ ਦਸਮ ਪਾਤਸ਼ਾਹ ਦੀ ਯੁੱਧ ਮਈ ਬਾਣੀ ਦਾ ਪਾਠ ਹੁੰਦਾ ਸੀ ਅਤੇ ਬਿਜੈ ਦਸਮੀ (ਦੁਸਹਿਰੇ) ਦੇ ਦਿਨ ਭੋਗ ਪੈਂਦਾ ਸੀ।[217] ਅਕਸਰ ਨਿਹੰਗ ਸਿੰਘ ਸ਼ਸਤਰਾਂ ਦੀ ਆਰਤੀ ਕਰਨ ਵੇਲੇ ਭਗਉਤੀ ਦੀ ਉਪਮਾ ਦੀ ਬਾਣੀ ਪੜ੍ਹਦੇ ਹਨ।[218]

### 4.6.7 ਪੰਜ ਸ਼ਸਤਰ:

ਖਾਲਸੇ ਵਿਚ ਪੰਚ ਪ੍ਰਧਾਨੀ ਦਾ ਸਿਧਾਂਤ ਰਿਹਾ ਹੈ। ਨਿਹੰਗ ਸਿੰਘ ਆਪਣੇ ਕੋਲ ਵੱਧ ਤੋਂ ਵੱਧ ਸ਼ਸਤਰ ਰਖਦੇ ਹਨ। ਪੁਰਾਤਨ ਨਿਹੰਗ ਸਿੰਘ ਤਾਂ ਸਵਾ-ਸਵਾ ਮਣ ਦੇ ਸ਼ਸਤਰ ਆਪਣੇ ਕੋਲ ਰਖਦੇ ਸਨ। ਜੇਕਰ ਵੱਧ ਸ਼ਸਤਰ ਨਾ ਹੋਣ ਤਾਂ ਨਿਹੰਗ ਸਿੰਘ ਘੱਟੋ-ਘੱਟ ਪੰਜ ਸ਼ਸਤਰ ਜ਼ਰੂਰ ਆਪਣੇ ਕੋਲ ਰਖਦੇ ਹਨ:

ਪੰਚ ਸਸਤ੍ਰ ਤਹਿ ਜਾਨ ਨਿਹੰਗੰ। ਜਨੁ ਆਯੋ ਇਕ ਕਾਲ ਭੁਯੰਗੰ।[219]

ਧਰੇ ਪਾਂਚ ਸਸਤ੍ਰੰ ਬਨੇ ਬੀਰ ਬਾਂਕੇ। ਕਨਾਤੰ ਸੁ ਤੰਬੂ ਲਏ ਬੀਨ ਜਾਂ ਕੇ।[220]

ਭਾਈ ਕਾਨ੍ਹ ਸਿੰਘ ਨਾਭਾ ਨੇ ਪੰਜ ਸ਼ਸਤਰ ਇਹ ਦੱਸੇ ਹਨ: ਕ੍ਰਿਪਾਨ, ਧਨੁੱਖ, ਬੰਦੂਕ, ਕਟਾਰ ਅਤੇ ਬਰਛਾ।[221] ਭਾਈ ਬੁੱਧ ਸਿੰਘ ਨੇ ਖਾਲਸਾ ਸ਼ਤਕ ਵਿਚ ਇਹ ਸ਼ਸਤਰ ਵਰਨਣ ਕੀਤੇ ਹਨ:

ਅਣੀ ਧਮਾਕਾ ਕੋਰੜਾ, ਸ਼ਸਤ੍ਰ ਧਾਰਿ ਕਮੰਦ।

ਇਨਕਾ ਕਮਰਕਸਾ ਰਖੈ, ਬਾਹਰ ਸਿਖ ਅਨੰਦ।[222]

---

216 ਦਿਆਲ ਸਿੰਘ ਲਿਖਾਰੀ, ਮੁਖਤਿਆਰੇ ਆਮ (ਮੁਖ ਸੰਪਾ.), ਨਿਹੰਗ ਸਿੰਘ ਸੰਦੇਸ਼ (ਮਾਘੀ ਅੰਕ), ਅੰਕ 9-10, ਸਾਲ 28, ਬਗੀਚੀ ਬਾਬਾ ਬੰਬਾ ਸਿੰਘ ਜੀ, ਲੋਇਰ ਮਾਲ ਰੋਡ, ਪਟਿਆਲਾ, ਸਤੰਬਰ ਅਕਤੂਬਰ 1996, ਪੰਨਾ 17.

217 ਰਾਮਨਰੈਣ ਸਿੰਘ ਸੋਢੀ (ਟਿੱਕਾ ਸਾਹਿਬ), ਸਿੱਖ ਧਰਮ ਖਾਲਸਾ ਪੰਥ ਦੀ ਬਿਵਸਥਾ ਅਰਥਾਤ ਖਾਲਸਾ ਧਰਮ ਸ਼ਾਸਤ੍ਰ ਦੀ ਪੂਰਬ ਮਿਮਾਂਸਾ, 1914, ਪੰਨਾ ੪੦੩.

218 ਉਹੀ, ਪੰਨਾ ੬੯.

219 ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਪੰਨਾ 199.

220 ਉਹੀ, ਪੰਨਾ 191.

221 ਕਾਨ੍ਹ ਸਿੰਘ ਨਾਭਾ (ਭਾਈ), ਗੁਰੁਮਤ ਮਾਰਤੰਡ, ਭਾਗ ਪਹਿਲਾ, ਪੰਨਾ ੨੯.

222 ਪਿਆਰਾ ਸਿੰਘ ਪਦਮ (ਸੰਪਾ.), ਰਹਿਤਨਾਮੇ, ਪੰਨਾ ੧੬੭.

ਬੁੱਢਾ ਦਲ ਵਲੋਂ ਪੜ੍ਹੀ ਜਾਂਦੀ ਆਰਤੀ- ਆਰਤੇ ਦੀ ਬਾਣੀ ਵਿਚ ਵੀ ਪੰਜ ਸ਼ਸਤਰਾਂ ਦਾ ਵਰਨਣ ਮਿਲਦਾ ਹੈ:

ਤੀਰੋ ਤੁਫੰਗੋ ਬਡੋ ਰਾਮ ਜੰਗੋ

ਧਮਕ ਧਾਰ ਅਣੀਆਰ ਕਮੰਦ ਕੋਰੜਾ ਪੰਜ ਸ਼ਸਤਰ ਪਰਵਾਣ।[223]

**4.7 ਖਾਲਸੇ ਦੀ ਗੁਰੀਲਾ ਰਣ ਨੀਤੀ:**

ਖਾਲਸੇ ਦੀ ਯੁੱਧ ਨੀਤੀ ਵਿਚ ਕਈ ਤਰ੍ਹਾਂ ਦੇ ਦਾਅ-ਪੇਚ ਸ਼ਾਮਿਲ ਸਨ। ਖਿਦਰਾਣੇ ਦੀ ਢਾਬ 'ਤੇ ਸਿੰਘਾਂ ਨੇ ਦੁਸ਼ਮਣ ਨੂੰ ਭੁਲੇਖਾ ਪਾਉਣ ਲਈ ਸਿੰਘਾਂ ਨੇ ਆਪਣੇ ਕਛਹਿਰੇ, ਚਾਦਰੇ ਆਦਿ ਬਸਤਰ ਝਾੜੀਆਂ ਉੱਤੇ ਪਾ ਦਿੱਤੇ, ਜਿਸ ਨਾਲ ਤੁਰਕਾਂ ਨੂੰ ਇਹ ਭੁਲੇਖਾ ਪਿਆ ਕਿ ਇੱਥੇ ਸਿੰਘਾਂ ਦੇ ਤੰਬੂ ਲੱਗੇ ਹੋਏ ਹਨ। ਗਿਆਨੀ ਗਿਆਨ ਸਿੰਘ ਲਿਖਦੇ ਹਨ:

ਢਿਗ ਖਿਦਰਾਣੇ ਤਬ ਲੇ ਤੁਰਕੀ ਢੁਕੀ ਸੈਨ ਨਿਕਟਾਈ।

ਲੜਨ ਹੇਤ ਝਟ ਬਾਂਧ ਮੋਰਚਾ ਉਨ ਇਹੁ ਬਯੋਤ ਬਨਾਈ।

ਬਸਤ੍ਰ ਤਾਣ ਦਏ ਬਿਰਛਨ ਪਰ ਤੰਬੂ ਸ਼ਕਲ ਦਿਖਾਈ।

ਦੇਖ ਤੁਰਕ ਇਨਕੀ ਦਿਸ ਝੁਕ ਪੇ ਜਾਨਿਓ ਗੁਰੂ ਇਠਾਈ।[224]

ਭਾਈ ਆਲਮ ਸਿੰਘ ਨੱਚਣਾ ਗੁਰੂ ਜੀ ਦਾ ਅਜਿਹਾ ਸਿੰਘ ਸੀ ਜੋ ਜੰਗ ਵਿਚ ਪੈਂਤੜੇਬਾਜੀ ਵਿਚ ਮਾਹਿਰ ਸੀ, ਜਿਸ ਕਰਕੇ ਗੁਰੂ ਜੀ ਉਸ ਨੂੰ 'ਨੱਚਣਾ' ਆਖਦੇ ਸਨ। 1746 ਈ. ਵਿਚ ਨਿਬਾਹੂ ਸਿੰਘ ਨਾਂ ਦੇ ਸਿੱਖ ਨੇ ਹਾਥੀ ਦੀ ਪੂਛ ਫੜ੍ਹ ਕੇ ਹਾਥੀ ਦੇ ਹੋਦੇ ਉੱਤੇ ਬੈਠੇ ਜਸਪਤ ਰਾਇ ਦਾ ਸਿਰ ਵੱਢ ਦਿੱਤਾ ਸੀ।[225] ਅਠਾਰ੍ਹਵੀਂ ਸਦੀ ਵਿਚ ਸਿੰਘ ਜੰਗਲਾਂ, ਬੇਲਿਆਂ ਵਿਚ ਲੁਕ ਛਿਪ ਕੇ ਗੁਰੀਲਾ ਯੁੱਧ ਨੀਤੀ ਦੇ ਦਾਅ ਪੇਚਾਂ ਨਾਲ ਹੀ ਨਾਦਰ ਸ਼ਾਹ, ਅਹਿਮਦ ਸ਼ਾਹ ਅਬਦਾਲੀ, ਮੀਰ ਮੰਨੂੰ ਦੇ ਨੱਕ ਵਿਚ ਦਮ ਕਰਕੇ ਰਖਦੇ ਸਨ। ਬਾਬਾ ਬੰਦਾ ਸਿੰਘ ਬਹਾਦਰ ਦੀਆਂ ਗੁਫਾਵਾਂ ਖਾਲਸੇ ਦੀ ਗੁਰੀਲਾ ਯੁੱਧ ਨੀਤੀ ਦਾ ਇਕ ਪ੍ਰਮਾਣ ਹੈ।

---

[223] ਖਾਲਸਾ ਨਿੱਤਨੇਮ, (ਪ੍ਰਕਾ.) ਸਿੰਘ ਸਾਹਿਬ ਜਥੇਦਾਰ ਬਾਬਾ ਸੰਤਾ ਸਿੰਘ ਜੀ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ, ਪੰਨਾ ੩੦੫.

[224] ਗਿਆਨ ਸਿੰਘ (ਗਿਆਨੀ), ਪੰਥ ਪ੍ਰਕਾਸ਼, ਭਾਸ਼ਾ ਵਿਭਾਗ, ਪੰਜਾਬ, 1987, ਪੰਨਾ 307.

[225] ਪਿਆਰਾ ਸਿੰਘ ਪਦਮ (ਪ੍ਰੋ.), ਪੰਜਾਬ ਦੀ ਗੌਰਵ ਗਾਥਾ, ਪੰਨਾ 40.

ਕਾਜ਼ੀ ਨੂਰ ਮੁਹੰਮਦ ਲਿਖਦਾ ਹੈ ਕਿ ਜਦੋਂ ਸਿੱਖ ਮੈਦਾਨ ਵਿਚੋਂ ਭੱਜ ਰਹੇ ਹੋਣ ਤਾਂ ਇਹ ਨਾ ਸਮਝ ਲੈਣਾ ਕਿ ਉਹ ਮੈਦਾਨ ਛੱਡ ਕੇ ਭੱਜ ਗਏ ਹਨ, ਸਗੋਂ ਇਹ ਤਾਂ ਉਨ੍ਹਾਂ ਦਾ ਜੰਗੀ ਪੈਂਤੜਾ ਹੁੰਦਾ ਹੈ। ਉਨ੍ਹਾਂ ਦੇ ਭੱਜੇ ਜਾਂਦੇ ਘੋੜ ਸਵਾਰ ਇਕ ਦਮ ਰੁਕ ਕੇ, ਅਜਿਹਾ ਭਰਵਾਂ ਵਾਰ ਕਰਦੇ ਹਨ, ਕਿ ਦੁਸ਼ਮਣ ਨੂੰ ਸਮਝ ਹੀ ਨਹੀਂ ਆਉਂਦੀ ਕਿ ਉਹ ਕੀ ਕਰੇ, ਜਦੋਂ ਤੱਕ ਉਹ ਆਪਣੇ-ਆਪ ਨੂੰ ਸੰਭਾਲਦਾ ਹੈ, ਸਿੱਖ ਆਪਣਾ ਵਾਰ ਕਰਕੇ, ਹਰਨ ਹੋ ਜਾਂਦੇ ਹਨ।[226] ਇਸ ਤੋਂ ਇਲਾਵਾ ਸਿੰਘ ਰਾਤ ਦੇ ਸਮੇਂ ਹਮਲਾ ਕਰਦੇ ਸਨ ਜਦੋਂ ਦੁਸ਼ਮਣ ਆਪਣੀ ਨੀਂਦ ਪੂਰੀ ਕਰ ਰਿਹਾ ਹੁੰਦਾ ਸੀ ਉਸ ਵੇਲੇ ਸਿੰਘ ਉਨ੍ਹਾਂ ਦਾ ਡੇਰਾ ਲੁੱਟ ਲੈਂਦੇ ਸਨ।

ਰਾਤ ਪੜੇ ਸਿੰਘ ਹੋਵਹਿਂ ਸ਼ੇਰ। ਦਿਨੈ ਲੁਕੇ ਰਹਿਂ ਝਾੜੀ ਸ਼ੇਰ।
ਬਹੁਤਨ ਕੋ ਡਰ ਸਿੰਘ ਨ ਗਨੈਂ। ਪਰੈਂ ਰਾਤ ਕੋ ਥੋੜੈ ਜਨੈਂ।[227]

ਕਿਸੇ ਵਿਚਾਰਧਾਰਕ ਪ੍ਰੇਰਨਾ ਤੋਂ ਬਗੈਰ ਗੁਰੀਲਾ ਜੰਗ ਮੁਮਕਿਨ ਹੀ ਨਹੀਂ ਸੀ। 'ਗੁਰੀਲਾ' ਇਕ ਡੂੰਘੀ ਪ੍ਰੇਰਨਾ ਵਾਲਾ ਅਤੇ ਉੱਚੀ ਲਗਨ ਵਾਲਾ ਸਿਪਾਹੀ ਹੁੰਦਾ ਹੈ, ਜਿਸਨੂੰ ਉਨ੍ਹਾਂ ਸਿਧਾਂਤਾਂ ਦੀ ਡੂੰਘੀ ਸੂਝ ਹੁੰਦੀ ਹੈ ਜਿਨ੍ਹਾਂ ਲਈ ਉਹ ਲੜ ਰਿਹਾ ਹੋਵੇ ਅਤੇ ਜਿਸ ਨੂੰ ਲੜਾਈ ਦੇ ਢੰਗਾਂ ਦਾ ਪੂਰਾ ਗਿਆਨ ਹੁੰਦਾ ਹੈ।[228]

### 4.7.1 ਢਾਈ ਫੱਟ:

ਢਾਈ ਫੱਟ ਤੋਂ ਭਾਵ ਹੈ ਕਿ ਕਿਸੇ ਗੱਲ ਦਾ ਝਟਪਟ ਨਬੇੜਾ ਕਰਨਾ।[229] ਡਾ. ਤੇਜਿੰਦਰਪਾਲ ਕੌਰ ਅਨੁਸਾਰ, "ਨਿਹੰਗ ਸਿੰਘਾਂ ਲਈ ਛਾਤੀ ਵਿਚ ਵਾਰ ਖਾ ਕੇ ਮਰਨਾ ਸਭ ਤੋਂ ਗੌਰਵ ਦੀ ਗੱਲ ਸੀ। ਪਿੱਠ ਵਿਚ ਲੱਗਾ ਵਾਰ ਜਿੰਦਾ ਜਾਂ ਮੁਰਦਾ ਨਿਹੰਗ ਸਿੰਘ ਲਈ ਸਭ ਤੋਂ ਵੱਧ ਅਪਮਾਨ ਦੀ ਗੱਲ ਹੁੰਦੀ ਸੀ।"[230] ਢਾਈ ਫੱਟ ਤੋਂ ਭਾਵ ਹੈ ਕਿ ਅਚਾਨਕ ਸਿੱਧਾ ਹਮਲਾ ਕਰਨਾ ਅਤੇ ਵਾਪਿਸ ਪਰਤ ਆਉਣਾ। ਜੇਕਰ ਦੁਸ਼ਮਣ ਹਾਵੀ ਹੋਇਆ ਤਾਂ ਰਣ ਭੂਮੀ ਵਿਚ ਟਾਕਰਾ ਕਰਦਿਆਂ ਸ਼ਹੀਦ ਹੋ ਜਾਣਾ। ਇਸ ਵਿਚ ਇੰਨੀ ਫੁਰਤੀ ਨਾਲ ਅੱਗੇ ਵਧਿਆ ਅਤੇ ਪਿੱਛੇ ਮੁੜਿਆ ਜਾਂਦਾ ਕਿ ਵੈਰੀ ਇਕ ਦਮ ਘਬਰਾ ਜਾਂਦਾ। ਇਸ ਤਰ੍ਹਾਂ ਦੀਆਂ ਅਚਾਨਕ ਚਾਲਾਂ

---

[226] ਸਿਮਰਜੀਤ ਸਿੰਘ (ਸੰਪਾ.), ਗੁਰਮਤਿ ਪ੍ਰਕਾਸ਼, ਅੰਕ 1, ਜਿਲਦ 56, ਅਪ੍ਰੈਲ 2012, ਪੰਨਾ 26.

[227] ਰਤਨ ਸਿੰਘ ਭੰਗੂ (ਸ਼ਹੀਦ), ਪ੍ਰਾਚੀਨ ਪੰਥ ਪ੍ਰਕਾਸ਼, ਭਾਈ ਵੀਰ ਸਿੰਘ (ਸੰਪਾ.), ਪੰਨਾ ੨੦੬.

[228] ਜਗਜੀਤ ਸਿੰਘ, ਸਿੱਖ ਇਨਕਲਾਬ, ਪੰਨੇ 212-213.

[229] ਅਮਰਨਾਥ ਸ਼ਰਮਾ ਪੰਡਿਤ ਅਤੇ ਹਰਬਖਸ਼ ਸਿੰਘ (ਸੰਪਾ.), ਪੰਜਾਬੀ ਮੁਹਾਵਰਾ ਕੋਸ਼, ਭਾਸ਼ਾ ਵਿਭਾਗ ਪੰਜਾਬ, ਦੂਜੀ ਵਾਰ, 2002, ਪੰਨਾ 148.

[230] ਮਹਿੰਦਰ ਕੌਰ ਗਿਲ (ਡਾ.), ਸੂਰਾ ਸੋ ਪਹਿਚਾਨੀਐ, ਪੰਨਾ 196.

ਦਾ ਇਕ ਹੋਰ ਢੰਗ ਵਿਰੋਧੀ ਨੂੰ ਨੇੜੇ ਹੀ ਲਗਾਤਾਰ ਮੁਠਭੇੜ ਵਿਚ ਉਲਝਾਈ ਰਖਣਾ ਹੁੰਦਾ ਸੀ। ਇਸ ਢੰਗ ਨੂੰ ਉਸ ਸਮੇਂ ਤੱਕ ਜਾਰੀ ਰਖਿਆ ਜਾਂਦਾ ਜਦੋਂ ਤੱਕ ਆਦਮੀ ਅਤੇ ਘੋੜਾ ਥੱਕ ਨਹੀਂ ਜਾਂਦੇ। ਉਸੇ ਸਮੇਂ ਹੀ ਅਗਲਾ ਹਿੱਸਾ (ਜਥਾ) ਪਿੱਛੇ ਆ ਜਾਂਦਾ ਅਤੇ ਉਨ੍ਹਾਂ ਦੀ ਥਾਂ ਹੋਰ ਸਿੰਘ ਅੱਗੇ ਆ ਜਾਂਦੇ।[231] ਸਵਰਨ ਸਿੰਘ ਅਨੁਸਾਰ ਢਾਈ ਫੱਟ ਤੋਂ ਭਾਵ ਹੈ ਕਿ ਈਨ ਮੰਨ ਕੇ ਵੈਰੀ ਨਾਲ ਮਿਲ ਜਾਣਾ, ਦੂਜਾ ਮੌਕਾ ਦੇਖ ਕੇ ਮੁੜ ਟਾਕਰਾ ਕਰਨ ਦੀ ਆਸ ਨਾਲ ਹਰਨ ਹੋ ਜਾਣਾ ਤੇ ਵੈਰੀ ਦੀ ਮਾਰ ਤੋਂ ਦੂਰ ਨਿਕਲ ਜਾਣਾ, ਅਤੇ ਅੱਧਾ ਫੱਟ ਹੈ ਕਿ ਵੈਰੀ ਨਾਲ ਲੜ੍ਹਦਿਆਂ ਸ਼ਹੀਦ ਹੋ ਜਾਣਾ।[232] ਇਸੇ ਤਰ੍ਹਾਂ ਪਹਿਲੇ ਫੱਟ ਵਿਚ ਦੁਸ਼ਮਣ ਦੀ ਕਮਜ਼ੋਰੀ ਲੱਭਦਿਆਂ ਵੱਧ ਤੋਂ ਵੱਧ ਨੁਕਸਾਨ ਕਰਨਾ, ਦੂਜੇ ਵਿਚ ਦੁਸ਼ਮਣ ਦੇ ਵੱਧ ਜਾਣ ਨਾਲ ਆਪਣੇ ਘੱਟੋ-ਘੱਟ ਬੰਦੇ ਮਰਵਾਉਣਾ ਅਤੇ ਅਖੀਰ ਮਰੋ ਜਾਂ ਮਾਰੋ ਦੀ ਸਥਿਤੀ ਬਣਦੀ ਹੈ।[233]

**ਜੰਗੀ ਭਾਸ਼ਾ:**

ਸ਼ਸਤਰ ਵਿੱਦਿਆ ਦੇ ਅਭਿਆਸ ਵਿਚ ਜੰਗੀ ਰਣਨੀਤੀ ਅਤੇ ਲੜਾਈ ਦੇ ਪੈਂਤੜਿਆਂ ਵਿਚ ਹੀ ਇਕ ਪੈਂਤੜਾ ਹੈ ਜੰਗ ਵਿਚ ਪ੍ਰਯੋਗ ਹੋਣ ਵਾਲੀ ਗੁਪਤ ਭਾਸ਼ਾ ਜਾਂ ਜੰਗੀ ਬੋਲੇ। ਜੰਗੀ ਬੋਲਿਆਂ ਬਾਰੇ ਅਸੀਂ ਉਪਰੋਕਤ ਵਿਚਾਰ ਕਰ ਆਏ ਹਾਂ।

### 4.8 ਜੰਗ ਦੇ ਮੈਦਾਨ ਵਿਚ ਨਿਹੰਗ ਸਿੰਘਾਂ ਦਾ ਆਚਰਣ:

ਗੁਰੂ ਹਰਿਗੋਬਿੰਦ ਸਾਹਿਬ ਨੇ ਜੰਗ ਦੇ ਨਿਯਮ ਬਣਾ ਕੇ ਸਿੱਖਾਂ ਨੂੰ ਮਰਯਾਦਿਤ ਕੀਤਾ ਕਿ, ਡਿੱਗੇ ਹੋਏ, ਹਥਿਆਰ ਹੀਣ (ਨਿਹੱਥਾ), ਬਾਲਕ, ਬਿਰਧ, ਰੋਗੀ, ਸ਼ਰਨਾਗਤ ਅਤੇ ਇਸਤ੍ਰੀ ਉੱਤੇ ਵਾਰ ਨਹੀਂ ਕਰਨਾ।[234] ਤ੍ਵਾਰੀਖੇ ਪੰਜਾਬ ਵਿਚ ਬੂਟੇਸ਼ਾਹ ਲਿਖਦਾ ਹੈ, "ਜੇ ਕਿਧਰੇ ਸਿੱਖ ਕਿਸੇ ਕਾਫਲੇ ਉਤੇ ਹੱਲਾ ਬੋਲਦੇ ਤਾਂ ਉਹ ਮਰਦ ਦੇ ਸਿਰੋਂ ਪਗੜੀ ਨਹੀਂ ਸੀ ਉਤਾਰਦੇ ਤੇ ਨਾ ਹੀ ਔਰਤਾਂ ਦੇ ਗਹਿਣੇ ਯਾ ਕੱਪੜਿਆਂ ਨੂੰ ਹੱਥ

---

231 ਐਲਫਰੇਡ ਡੇਵਿਡ (ਮੇਜਰ), ਭਾਰਤੀ ਯੁੱਧ ਕਲਾ, ਲੈਫਟੀਨੈਂਟ ਕਰਨਲ ਜਗਜੀਤ ਸਿੰਘ ਗੁਲੇਰੀਆ (ਅਨੁ.), ਪ੍ਰਕਾਸ਼ਨ ਤੇ ਵਿਕਰੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1976, ਪੰਨਾ 40.

232 ਸਵਰਨ ਸਿੰਘ, ਪਹਿਲਾ ਘੱਲੂਘਾਰਾ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਜੁਲਾਈ 2015, ਪੰਨਾ 52.

233 Gurbir Singh, Gagandeep Kaur, The Valiant Ones, Kesar Media Private Limited, Chandigarh & Lahore Books, Ludhiana, 2011, p.52.

234 ਸਤਿਬੀਰ ਸਿੰਘ, ਗੁਰ ਭਾਰੀ ਜੀਵਨੀ ਗੁਰੂ ਹਰਿਗੋਬਿੰਦ ਜੀ, ਪੰਨਾ 150.

ਪਾਉਂਦੇ ਹਨ।"[235] ਰਹਿਤਨਾਮਿਆਂ ਵਿਚ ਜ਼ਿਕਰ ਆਉਂਦਾ ਹੈ ਕਿ ਸ਼ਸਤਰ ਲੈ ਕੇ ਸਿੰਘ, ਦੂਜੇ ਸਿੰਘ ਉੱਪਰ ਵਾਰ ਨ ਕਰੇ:

ਸਿੰਘ ਸਿੰਘ ਪਰ ਸ਼ਸਤ੍ਰ ਨ ਕਰੇ। ਜਾਨ ਗੁਰੂ ਖਾਲਸੇ ਤੇ ਡਰੇ। [236]

ਸਿੰਘ ਹੋਇ ਕਰਿ ਹਥੀਆਰ ਆਪਸ ਤੇ ਜੁਦਾ ਨ ਕਰੈ।[237]

**4.9 ਘੋੜ ਸਵਾਰੀ:**

ਮੈਥਲੀ ਸ਼ਰਨ ਗੁਪਤ ਅਨੁਸਾਰ ਸਿੱਖ ਧਰਮ ਵਿਚ ਘੋੜਿਆਂ ਦਾ ਵਪਾਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ਼ੁਰੂ ਕਰਵਾਇਆ ਸੀ:

ਪ੍ਰਚਲਿਤ ਕਿਯਾ ਸਿਖੋ ਮੇਂ ਗੁਰੁ ਨੇ ਘੋੜੋਂ ਕਾ ਵਿਸਤ੍ਰਿਤ ਵਯਵਸਾਯ।

ਅਸ਼ਵਾਰੋਹੀ ਹੁਏ ਸਹਜ ਵੇ ਔਰ ਹੁਈ ਊਪਰ ਸੇ ਆਯ।[238]

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਘੋੜੇ ਨੂੰ 'ਜਾਨ ਭਾਈ' ਕਹਿ ਕੇ ਸੱਦਦੇ ਸਨ:

ਨਾਮ ਜਾਨ ਭਾਈ ਕਹਿ ਕਰਿ ਕੈ। ਤ੍ਰਿਣ ਦਾਨਾ ਅਚਵਹੁ ਹਿਤ ਧਰਿ ਕੈ।[239]

ਨਿਹੰਗ ਸਿੰਘ ਵੀ ਆਪਣੇ ਘੋੜਿਆਂ ਨੂੰ 'ਜਾਨ ਭਾਈ' ਕਹਿ ਕੇ ਸੱਦਦੇ ਹਨ। ਅਠਾਰ੍ਹਵੀਂ ਸਦੀ ਵਿਚ ਨਿਹੰਗ ਸਿੰਘਾਂ ਦੀ ਸਫਲਤਾ ਜ਼ਿਆਦਾਤਰ ਘੋੜਿਆਂ ਉੱਤੇ ਅਧਾਰਿਤ ਸੀ। ਉਨ੍ਹਾਂ ਦੇ ਘੋੜੇ ਇੰਨੀ ਚੰਗੀ ਤਰ੍ਹਾਂ ਸਿਖਾਏ ਹੋਏ ਸਨ ਕਿ ਉਹ ਆਪਣੇ ਮਾਲਕ ਦੀ ਅਵਾਜ਼, ਹੱਥਾਂ ਦੀ ਛੋਹ ਜਾਂ ਅੱਡੀ ਮਾਰਨ ਦੇ ਨਾਲ ਪੂਰਾ ਹੁੰਗਾਰਾ ਭਰਦੇ ਸਨ।[240] ਕੁਝ ਸਿੰਘਾਂ ਨੇ ਘੋੜੇ ਇੱਥੋਂ ਤੱਕ ਸਿਖਾਏ ਹੋਏ ਸਨ ਕਿ ਉਹ ਮਾਮੂਲੀ ਇਸ਼ਾਰੇ ਨਾਲ

---

235 ਉਧਰਿਤ, ਪਿਆਰਾ ਸਿੰਘ ਪਦਮ (ਪ੍ਰੋ.), ਸੰਖੇਪ ਸਿੱਖ ਇਤਿਹਾਸ (1469-1989), ਕਲਮ ਮੰਦਿਰ, ਪਟਿਆਲਾ, 1990, ਪੰਨਾ 132.

236 ਪਿਆਰਾ ਸਿੰਘ ਪਦਮ (ਸੰਪਾ.), ਰਹਿਤਨਾਮੇ, ਪੰਨਾ 130.

237 ਰਣਧੀਰ ਸਿੰਘ (ਸੰਪਾ.), ਗ੍ਰੰਥ ਪ੍ਰੇਮ ਸੁਮਾਰਗ ਅਰਥਾਤ ਖਾਲਸਈ ਜੀਵਨ ਜਾਚ, ਨਿਊ ਬੁਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ, ਦੂਜੀ ਵਾਰ, ਦਸੰਬਰ 1965, ਪੰਨਾ 11.

238 ਮੈਥਲੀ ਸ਼ਰਨ ਗੁਪਤ, ਗੁਰੂਕੁਲ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਮਾਰਚ 1962, ਪੰਨਾ ੧੪.

239 ਸੰਤੋਖ ਸਿੰਘ (ਭਾਈ), ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਅੱਠਵੀਂ, ਰਾਸਿ ੭, ਅੰਸੂ ੩੩, ਡਾ. ਭਾਈ ਵੀਰ ਸਿੰਘ (ਸੰਪਾ.), ਭਾਸ਼ਾ ਵਿਭਾਗ, ਪੰਜਾਬ, ਦੂਜੀ ਵਾਰ 2011, ਪੰਨਾ ੩੧੮੮.

240 ਐਲਫਰੇਡ ਡੇਵਿਡ (ਮੇਜਰ), ਭਾਰਤੀ ਯੁੱਧ ਕਲਾ, ਲੈਫਟੀਨੈਂਟ ਕਰਨਲ ਜਗਜੀਤ ਸਿੰਘ ਗੁਲੇਰੀਆ (ਅਨੁ.), ਪੰਨਾ 41.

ਹੀ ਭੱਜ ਪੈਂਦੇ ਅਤੇ ਪਰਤ ਕੇ ਆ ਜਾਂਦੇ।[241] ਹੁਣ ਵੀ ਚਕਰਵਰਤੀ ਵਿਚਰਨ ਵਾਲੇ ਨਿਹੰਗ ਸਿੰਘ ਆਪਣੇ ਘੋੜੇ ਦੇ ਕੋਲ ਹੀ ਆਸਣ (ਬਿਸਤਰਾ) ਰਖਦੇ ਹਨ। ਨਿਹੰਗ ਸਿੰਘ ਆਪਣੇ ਘੋੜੇ ਦੇ ਚੜਾਈ ਕਰ ਜਾਣ 'ਤੇ ਸਭ ਤੋਂ ਵੱਧ ਸ਼ੋਕ ਕਰਦੇ ਹਨ। ਘੋੜਿਆਂ ਨੂੰ ਖਰਖਰਾ ਕਰਨਾ, ਨਹਿਲਾਉਣਾ, ਘਾਹ ਪੱਠਾ ਪਾਉਣਾ ਨਿਹੰਗ ਸਿੰਘਾਂ ਦਾ ਨਿੱਤ ਦਾ ਕਰਮ ਹੁੰਦਾ ਹੈ। ਲਗਪਗ ਜਦੋਂ ਵੀ ਕਿਸੇ ਨਿਹੰਗ ਸਿੰਘ ਜਥੇਬੰਦੀ ਵਲੋਂ 'ਮਹੱਲਾ' ਕੱਢਿਆ ਜਾਂਦਾ ਹੈ ਤਾਂ ਸਮਾਪਤੀ ਵੇਲੇ ਘੋੜ ਦੌੜਾਂ ਜ਼ਰੂਰ ਕਰਵਾਈਆਂ ਜਾਂਦੀਆਂ ਹਨ। ਹੌਲੇ ਮਹੱਲੇ ਮੌਕੇ ਚਰਨ ਗੰਗਾ ਸਟੇਡੀਅਮ ਵਿਖੇ ਜਦੋਂ ਘੋੜ ਦੌੜਾਂ ਕਰਵਾਈਆਂ ਜਾਂਦੀਆਂ ਹਨ ਤਾਂ ਇਹ ਇਕ ਵਿਸ਼ੇਸ਼ ਆਕਰਸ਼ਣ ਦਾ ਕੇਂਦਰ ਹੁੰਦੀਆਂ ਹਨ। ਵੱਖ-ਵੱਖ ਦਲਾਂ ਦੇ ਨਿਹੰਗ ਸਿੰਘ ਦੋ ਦੋ, ਚਾਰ ਚਾਰ ਘੋੜਿਆਂ ਉੱਤੇ ਖੜੇ ਹੋ ਕੇ ਘੋੜੇ ਬਹੁਤ ਤੇਜ਼ ਰਫਤਾਰ ਵਿਚ ਘੋੜੇ ਦੁੜਾਉਂਦੇ ਹਨ ਜੋ ਕਿ ਇਕ ਵਿਸ਼ੇਸ਼ ਕਰਤੱਬ ਹੁੰਦਾ ਹੈ। ਤੇਜ਼ ਰਫ਼ਤਾਰ ਘੋੜਿਆਂ 'ਤੇ ਸਵਾਰ ਹੋ ਕੇ ਬਰਛੇ ਦੇ ਇਕੋ ਵਾਰ ਨਾਲ ਕਿੱਲਾ ਪੁੱਟਣ ਦੇ ਕਰਤਬ ਦਿਖਾਏ ਜਾਂਦੇ ਹਨ। ਇਹ ਬਹੁਤ ਜ਼ਿਆਦਾ ਅਭਿਆਸ ਅਤੇ ਘੋੜ ਸਵਾਰੀ ਵਿਚ ਪ੍ਰਬੀਨ ਵਿਅਕਤੀ ਹੀ ਕਰ ਸਕਦਾ ਹੈ। ਘੋੜ ਸਵਾਰੀ ਕਰਨ ਵਾਲਿਆਂ ਨਿਹੰਗ ਸਿੰਘਾਂ ਨੂੰ ਬੁੱਢਾ ਦਲ ਦੇ ਜਥੇਦਾਰ ਵਲੋਂ ਵਿਸ਼ੇਸ਼ ਸਨਮਾਨ ਦਿੱਤਾ ਜਾਂਦਾ ਹੈ ਤਾਂ ਕਿ ਘੋੜ ਸਵਾਰਾਂ ਨੂੰ ਹੋਰ ਉਤਸ਼ਾਹ ਮਿਲ ਸਕੇ।

**4.10 ਗੱਤਕਾ:**

ਅੱਜ ਦੇ ਸਮੇਂ ਵਿਚ ਸਿੱਖ ਸ਼ਸਤਰ ਵਿੱਦਿਆ ਨੂੰ 'ਗੱਤਕਾ' ਕਿਹਾ ਜਾਂਦਾ ਹੈ। ਗੱਤਕਾ 'ਕੁਤਕਾ' ਤੋਂ ਬਣਿਆ ਸ਼ਬਦ ਹੈ ਜਿਸ ਦਾ ਅਰਥ ਹੈ ਲੱਕੜ ਦਾ ਸੋਟਾ। This is the name of a sport played with a sturdy stick called Gatka, which is four feet in length. It is covered with a leather skin. It is held in the right hand and in the left is taken a "Fari" (a small shield). People learn the art of offence and defence through Gatka practice. This game is popular with the Skin ingeneral and Nihangs in particular.[242] ਭੰਗਾਣੀ ਦੇ ਯੁੱਧ ਵਿਚ ਗੁਰੂ

---

[241] ਹੰਸਰਾਜ ਰਹਿਬਰ, ਬੋਲੇ ਸੋ ਨਿਹਾਲ, ਅਮਰਜੀਤ ਕੌਰ (ਅਨੁਵਾਦਕ), ਸ੍ਰੀ ਪ੍ਰਕਾਸ਼ਨ, ਦਿੱਲੀ, 2007, ਪੰਨਾ 18.

[242] Ramesh Chander Dogra and Gobind Singh Mansukhani (Dr.), The Encyclopaedia of Sikh Religion and Culture, Vikas Publishing House Pvt Ltd, 1995, p. 155.

ਗੋਬਿੰਦ ਸਿੰਘ ਜੀ ਦੀ ਸਹਾਇਤਾ ਕਰਨ ਵਾਲੇ ਇਕ ਉਦਾਸੀ ਸਾਧੂ ਮਹੰਤ ਕ੍ਰਿਪਾਲ ਦਾਸ ਕੋਲ ਲੱਕੜ ਦਾ ਸੋਟਾ 'ਕੁਤਕਾ' ਸੀ:

ਕ੍ਰਿਪਾਲ ਕੋਪੀਯੰ ਕੁਤਕੋ ਸੰਭਾਰੀ। ਹਠੀ ਖ਼ਾਨ ਹੱਯਾਤ ਕੇ ਸੀਸ ਝਾਰੀ।[243]

ਕ੍ਰਿਪਾਨ ਚਲਾਉਣ ਦਾ ਅਭਿਆਸ ਲੱਕੜ ਦੀ ਸੋਟੀ ਦੁਆਰਾ ਕੀਤਾ ਜਾਂਦਾ ਹੈ ਜਿਸਨੂੰ 'ਗੱਤਕਾ' ਆਖਿਆ ਜਾਂਦਾ ਹੈ। ਇਹ ਸੋਟੀ ਵੱਡੀ ਕ੍ਰਿਪਾਨ ਜਿੰਨੀ ਹੀ ਲੰਮੀ ਹੁੰਦੀ ਹੈ। ਨਿਹੰਗ ਸਿੰਘ ਸ਼ਸਤਰ ਵਿੱਦਿਆ ਦਾ ਅਭਿਆਸ ਕਰਦੇ ਹੋਏ ਪੈਰਾਂ ਦੀ ਚਾਲ ਦੇ ਨਾਲ-ਨਾਲ ਜਾਪੁ ਸਾਹਿਬ, ਚੌਪਈ ਸਾਹਿਬ ਆਦਿ ਬਾਣੀਆਂ ਦਾ ਨਿੱਤਨੇਮ ਕਰ ਲੈਂਦੇ ਸਨ ਭਾਵ ਕਿ ਪੈਰਾਂ ਦੀ ਚਾਲ ਦੇ ਨਾਲ-ਨਾਲ ਬਾਣੀ ਪੜ੍ਹਦੇ ਸਨ। ਇਹ ਸ਼ਸਤਰ ਅਤੇ ਸ਼ਾਸਤਰ ਦੀ ਮਿਸਾਲ ਵੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗੱਤਕਾ ਡਾਇਰੈਕਟਰ ਡਾ. ਮਨਮੋਹਨ ਸਿੰਘ ਭਾਗੋਵਾਲੀਆ ਨੇ 'ਗੱਤਕਾ' ਦੇ ਅਰਥ ਕਰਦੇ ਹੋਏ ਲਿਖਿਆ ਹੈ ਕਿ, "'ਗ' ਅੱਖਰ ਤੋਂ ਗਤੀ/ ਰਫਤਾਰ, 'ਤ' ਅੱਖਰ ਤੋਂ ਤਾਲਮੇਲ ਅਤੇ 'ਕ' ਅੱਖਰ ਤੋਂ ਕਾਲ ਭਾਵ ਸਮਾਂ ਮੰਨਿਆ ਜਾਂਦਾ ਹੈ ਜਿਸਦਾ ਮਤਲਬ ਹੈ ਕਿ ਜਦੋਂ ਗੱਤਕਾ ਖੇਡਿਆ ਜਾਂਦਾ ਹੈ ਤਾਂ ਉਸ ਵੇਲੇ ਰਫਤਾਰ, ਸ਼ਸਤਰ ਦਾ ਪੈਂਤੜੇ ਨਾਲ ਤਾਲਮੇਲ ਅਤੇ ਰੋਕਣ ਅਤੇ ਠੋਕਣ ਵੇਲੇ ਸਹੀ ਸਮੇਂ ਦਾ ਖਿਆਲ ਰਖਣਾ ਬਹੁਤ ਹੀ ਜ਼ਰੂਰੀ ਹੈ।"[244] ਜਿਸ ਥਾਂ 'ਤੇ ਸ਼ਸਤਰ ਵਿੱਦਿਆ ਦਾ ਅਭਿਆਸ ਕੀਤਾ ਜਾਂਦਾ ਹੈ ਉਸ ਥਾਂ ਨੂੰ 'ਅਖਾੜਾ' ਆਖਿਆ ਜਾਂਦਾ ਹੈ। **The** word *akhara* as a signifier can be traced to the Hindu ascetic orders of sadhus. The history of the organized emergence of sadho ascetics dates back to the time of Shankaracharya in the eighth or ninth century (Ghurye 1953.) Since akhara essentially means

---

243 ਤਾਰਨ ਸਿੰਘ (ਡਾ.)(ਸੰਪਾ.), ਸ਼ਬਦਾਰਥ ਦਸਮ ਗ੍ਰੰਥ ਸਾਹਿਬ (ਪੋਥੀ ਪਹਿਲੀ), ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1973, ਪੰਨਾ 77.

244 ਮਨਮੋਹਨ ਸਿੰਘ ਭਾਗੋਵਾਲੀਆ (ਡਾ.), ਖ਼ਾਲਸਾ ਪੰਥ ਦੀ ਧਰਮ ਯੁੱਧ ਕਲਾ ਗਤਕਾ ਦਾ ਸਿਧਾਂਤ, ਪਰਿਭਾਸ਼ਾ, ਸਿਖਲਾਈ ਅਤੇ ਨਿਯਮਾਂਵਲੀ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਜੁਲਾਈ 2016, ਪੰਨਾ 19.

'wrestling arena', its origin in the vocabulary of sadhus is linked with their military and martial training.[245]

### 4.11 ਸਿੱਖ ਧਰਮ ਵਿਚ ਸ਼ਸਤਰ ਵਿੱਦਿਆ ਦਾ ਮੌਜੂਦਾ ਦੌਰ:

ਅੰਗਰੇਜ਼ ਸਰਕਾਰ ਦੇ ਰਾਜ ਦੌਰਾਨ 1935-36 ਵਿਚ ਕ੍ਰਿਪਾਨ ਦਾ ਵਿਵਾਦ ਗੰਭੀਰ ਰੂਪ ਧਾਰਨ ਕਰ ਗਿਆ ਸੀ। 26 ਅਗਸਤ 1935 ਈ: ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮੁਖੀਆਂ ਦੀ ਇਕ ਸਾਂਝੀ ਇਕੱਤਰਤਾ ਹੋਈ ਅਤੇ ਸਰਕਾਰ ਵੱਲੋਂ ਕ੍ਰਿਪਾਨਧਾਰੀ ਸਿੱਖਾਂ ਦੀਆਂ ਕੀਤੀਆਂ ਜਾ ਰਹੀਆਂ ਗ੍ਰਿਫਤਾਰੀਆਂ ਨੂੰ ਸਿੱਖ ਧਰਮ ਵਿਚ ਦਖ਼ਲ ਦੱਸਿਆ ਗਿਆ। ਸਰਕਾਰੀ ਕਾਰਵਾਈ ਨੂੰ ਚੁਣੌਤੀ ਦੇਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਦੇ ਸਕੱਤਰ ਈਸ਼ਰ ਸਿੰਘ ਦੁਆਰਾ ਨਵੰਬਰ 1935 ਵਿਚ ਇਹ ਪੋਸਟਰ ਪ੍ਰਕਾਸ਼ਿਤ ਕਰਵਾਇਆ ਗਿਆ:

"ਖ਼ਾਲਸਾ ਜੀ, ਪਿੰਡ ਪਿੰਡ ਜਥੇ ਬਣਾਓ ਅਤੇ ਬਾਕਾਇਦਾ ਸ਼ਸਤਰ ਅਭਿਆਸ ਸਿੱਖੋ"[246]

ਭਾਈ ਕਾਨ੍ਹ ਸਿੰਘ ਨਾਭਾ ਸ਼ਸਤਰ ਵਿੱਦਿਆ ਦੀ ਮਹੱਤਤਾ ਸੰਬੰਧੀ ਲਿਖਦੇ ਹਨ, "ਸ਼ੋਕ ਹੈ ਕਿ ਹੁਣ ਸਿੱਖਾਂ ਨੇ ਸ਼ਸਤਰ ਵਿਦਿਆ ਨੂੰ ਆਪਣੀ ਕੌਮੀ ਵਿੱਦਿਆ ਨਹੀਂ ਸਮਝਿਆ। ਸਿਰਫ ਫੌਜੀਆਂ ਦਾ ਕਰਤਵ ਮੰਨ ਲਿਆ ਹੈ। ਦਸਮੇਸ਼ ਜੀ ਦਾ ਉਪਦੇਸ਼ ਹੈ ਕਿ ਹਰੇਕ ਸਿੱਖ ਪੂਰਾ ਸਿਪਾਹੀ ਹੋਵੇ ਅਤੇ ਸ਼ਸਤਰ ਵਿੱਦਿਆ ਦਾ ਅਭਿਆਸ ਕਰੇ।"[247] ਗੱਤਕੇ ਦੇ ਵਿਗੜਦੇ ਸਰੂਪ ਨੂੰ ਦੇਖਦਿਆਂ ਹੋਇਆਂ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ 23 ਨਵੰਬਰ 2012 ਨੂੰ ਇਕ ਹੁਕਮਨਾਮਾ ਵੀ ਜਾਰੀ ਹੋਇਆ ਸੀ।[248]

ਬੁੱਢਾ ਦਲ ਵਿਚ ਮਾਸਟਰ ਗਿਆਨਾ ਸਿੰਘ ਜੀ 'ਸੁੰਤਤਰ' ਸ਼ਸਤਰ ਵਿੱਦਿਆ ਦੇ ਧਨੀ ਸਨ। ਇਸ ਸਮੇਂ ਬੁੱਢਾ ਦਲ ਵਿਚ ਉਨ੍ਹਾਂ ਦੇ ਸ਼ਗਿਰਦ ਜਥੇਦਾਰ ਪ੍ਰੀਤਮ ਸਿੰਘ ਜੀ, ਪਟਿਆਲਾ ਵਿਖੇ ਸ਼ਸਤਰ ਵਿੱਦਿਆ ਦੀ

---

[245] Pashaura Singh and Louis E French (Ed.), The Oxford Handbook of Sikhs Studies, Oxford University Press, 2014, p. 375.

[246] ਗੁਰਦੇਵ ਸਿੰਘ ਸਿੱਧੂ (ਡਾ.), ਤਾਜ ਬਨਾਮ ਕ੍ਰਿਪਾਨ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਮਾਰਚ, 2016, ਪੰਨੇ 97-98.

[247] ਉਧਰਿਤ, ਹਰਿਭਜਨ ਸਿੰਘ (ਪ੍ਰੋ.), ਗੁਰਮਤਿ ਵਿਆਖਿਆਨ, ਸਿੰਘ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ, ਜਨਵਰੀ 1974, ਪੰਨਾ 112

[248] ਮਨਮੋਹਨ ਸਿੰਘ ਭਾਗੋਵਾਲੀਆ (ਡਾ.), ਖ਼ਾਲਸਾ ਪੰਥ ਦੀ ਧਰਮ ਯੁੱਧ ਕਲਾ ਗਤਕਾ ਦਾ ਸਿਧਾਂਤ, ਪਰਿਭਾਸ਼ਾ, ਸਿਖਲਾਈ ਅਤੇ ਨਿਯਮਾਂਵਲੀ, ਪੰਨਾ 19.

ਸਿਖਲਾਈ ਦੇ ਰਹੇ ਹਨ। ਬੁੱਢਾ ਦਲ ਦੇ ਸਕੂਲਾਂ ਵਿਚ ਸ਼ਸਤਰ ਵਿੱਦਿਆ ਦਾ ਰੁਝਾਨ ਪੈਦਾ ਕਰਨ ਲਈ ਬਾਕਾਇਦਾ ਗੱਤਕਾ ਕੋਚ ਨਿਯੁਕਤ ਕੀਤੇ ਜਾਂਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼ਸਤਰ ਵਿੱਦਿਆ ਨੂੰ ਪ੍ਰਫੁਲਿਤ ਕਰਨ ਲਈ ਇਕ ਡਾਇਰੈਕਟੋਰੇਟ ਵੀ ਸਥਾਪਿਤ ਕੀਤਾ ਗਿਆ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ 'ਗੱਤਕਾ' ਖੇਡ ਨੂੰ ਬਾਕੀ ਖੇਡਾਂ ਵਾਂਗ ਮਾਨਤਾ ਦਿੱਤੀ ਗਈ ਹੈ। ਬੁੱਢਾ ਦਲ ਵਲੋਂ ਹਰ ਸਾਲ ਹੋਲੇ ਮਹੱਲੇ ਅਤੇ ਵਿਸਾਖੀ ਦੇ ਮੌਕੇ ਗੱਤਕਾ ਮੁਕਾਬਲੇ ਕਰਵਾਏ ਜਾਂਦੇ ਹਨ।

**0.4 ਸਾਰੰਸ਼:**

ਸਾਰੰਸ਼ ਵਜੋਂ ਕਹਿ ਸਕਦੇ ਹਾਂ ਕਿ ਖਾਲਸਈ ਬੋਲਿਆਂ ਨੇ ਪੰਜਾਬੀ ਸ਼ਬਦਾਵਲੀ ਨੂੰ ਇਕ ਅਮੋਲਕ ਸ਼ਬਦ ਭੰਡਾਰ ਦਿੱਤਾ ਹੈ। ਖਾਲਸੇ ਦੀ ਗੁਪਤ ਭਾਸ਼ਾ ਜਾਂ ਗੜਗੱਜ ਬੋਲਿਆਂ ਨੂੰ ਵੀ ਅੱਜ ਵਿਸਾਰਿਆ ਜਾਣ ਲੱਗ ਪਿਆ ਹੈ। ਇਸ ਨਾਲ ਬਹੁਤ ਸਾਰੇ ਬੋਲੇ ਅਲੋਪ ਹੋ ਗਏ ਹਨ ਜਾਂ ਸਿਰਫ ਗੁਰਦੁਆਰਿਆਂ ਅਤੇ ਲੰਗਰਾਂ ਵਿਚ ਹੀ ਬੋਲੇ ਜਾਂਦੇ ਹਨ। ਮੌਜੂਦਾ ਸਮੇਂ ਵਿਚ ਘੋੜ ਸਵਾਰੀ ਦਾ ਰੁਝਾਨ ਸਿਰਫ ਨਿਹੰਗ ਸਿੰਘਾਂ ਦੇ ਡੇਰਿਆਂ ਤੱਕ ਹੀ ਸੀਮਤ ਹੋ ਕੇ ਰਹਿ ਗਿਆ ਹੈ ਅਤੇ ਸ਼ਸਤਰ ਵਿੱਦਿਆ ਦਾ ਅਭਿਆਸ ਵੀ ਨਿਹੰਗ ਸਿੰਘ ਜਥੇਬੰਦੀ ਵਿਚ ਹੀ ਹੁੰਦਾ ਹੈ। ਨਿਹੰਗ ਸਿੰਘਾਂ ਦੇ ਦਲਾਂ ਵਿੱਚ ਜੋ ਘੋੜੇ, ਊਠ ਅਤੇ ਹਾਥੀ ਪਾਲਣ ਦੀ ਰਵਾਇਤ ਦੇਖਣ ਨੂੰ ਮਿਲਦੀ ਹੈ, ਇਹ ਸਭ ਪੁਰਾਤਨ ਰਵਾਇਤਾਂ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਹੀ ਨਿਹੰਗ ਸਿੰਘ ਜਥੇਬੰਦੀ ਵਿਚ ਚਲੀਆਂ ਆ ਰਹੀਆਂ ਹਨ।

## 0.5 ਭੂਮਿਕਾ:

ਇਸ ਅਧਿਆਇ ਵਿਚ ਨਿਹੰਗ ਸਿੰਘ ਜਥੇਬੰਦੀ ਵਲੋਂ ਸਿੱਖ ਧਰਮ ਦੇ ਪ੍ਰਚਾਰ ਲਈ ਸਾਹਿਤਿਕ, ਧਾਰਮਿਕ, ਸਮਾਜਿਕ ਅਤੇ ਵਿੱਦਿਅਕ ਖੇਤਰ ਵਿਚ ਪਾਏ ਯੋਗਦਾਨ ਦਾ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਦੇ ਨਾਲ ਹੀ ਨਿਹੰਗ ਸਿੰਘ ਜਥੇਬੰਦੀ ਦੀਆਂ ਪ੍ਰਮੁਖ ਸ਼ਖਸੀਅਤਾਂ ਬਾਰੇ ਜਾਣਕਾਰੀ ਅਤੇ ਵੱਖ-ਵੱਖ ਨਿਹੰਗ ਸਿੰਘ ਦਲਾਂ ਦੇ ਆਪਸੀ ਸੰਬੰਧਾਂ ਅਤੇ ਵੱਖ-ਵੱਖ ਵਿਦਵਾਨਾਂ ਦੁਆਰਾ ਨਿਹੰਗ ਸਿੰਘ ਜਥੇਬੰਦੀ ਵਿਚ ਆਏ ਨਿਘਾਰ ਸੰਬੰਧੀ ਸੁਝਾਵਾਂ ਬਾਰੇ ਵੀ ਅਧਿਐਨ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ।

ਆਪਣੇ ਰਚਨਾ ਕਾਲ ਦੀਆਂ ਘਟਨਾਵਾਂ ਨਾਲ ਸਾਹਿਤ ਦਾ ਸਿੱਧਾ ਸੰਬੰਧ ਹੁੰਦਾ ਹੈ। ਜਦੋਂ ਘਟਨਾਵਾਂ ਦਾ ਸੰਪਰਕ ਮਨੁੱਖੀ ਮਨ ਨਾਲ ਜੁੜਦਾ ਹੈ, ਤਾਂ ਉਸਦਾ ਪ੍ਰਤੀਕਰਮ ਵਿਸ਼ੇਸ਼ ਹਾਲਾਤਾਂ ਵਿਚ ਸਾਹਿਤਿਕ ਰਚਨਾ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ। ਵਿਸ਼ੇਸ਼ ਹਾਲਾਤਾਂ ਤੋਂ ਭਾਵ ਹੈ ਕਿ ਸਮਕਾਲੀ ਮਨੁੱਖ ਦੀ ਆਪਣੀ ਚੇਤਨਤਾ ਦਾ ਪੱਧਰ, ਦ੍ਰਿਸ਼ਟੀ ਦੀ ਵਿਸ਼ਾਲਤਾ, ਚਿੱਤ ਦੀ ਉਦਾਰਤਾ ਅਤੇ ਹਿਰਦੇ ਦੀ ਭਾਵੁਕਤਾ। ਇਸ ਲਈ ਜਿਸ ਕਾਲ ਵਿਚ ਕੋਈ ਸਾਹਿਤ ਸਿਰਜਿਆ ਗਿਆ ਹੋਵੇ, ਉਸ ਸਾਹਿਤ ਨੂੰ ਸਮਝਣ ਤੋਂ ਪਹਿਲਾਂ ਉਸ ਕਾਲ ਦੀਆਂ ਪ੍ਰਸਥਿਤੀਆਂ ਦੀ ਠੀਕ ਜਾਣਕਾਰੀ ਹੋਣੀ ਬਹੁਤ ਜ਼ਰੂਰੀ ਹੈ।[1]

ਅਕਸਰ ਇਹ ਕਿਹਾ ਜਾਂਦਾ ਹੈ ਕਿ ਨਿਹੰਗ ਸਿੰਘਾਂ ਨੇ ਇਤਿਹਾਸ ਬਣਾਇਆ ਹੈ ਪਰ ਲਿਖਿਆ ਨਹੀਂ। ਇਹ ਕਥਨ ਬਹੁਤ ਹੱਦ ਤੱਕ ਸੱਚ ਵੀ ਹੈ ਕਿਉਂਕਿ ਜੰਗਾਂ-ਯੁੱਧਾਂ ਵਿਚ ਰਹਿਣ ਕਾਰਨ ਨਿਹੰਗ ਸਿੰਘਾਂ ਨੂੰ ਸਾਹਿਤ ਲਿਖਣ ਦਾ ਸਮਾਂ ਨਹੀਂ ਮਿਲਿਆ। ਪਰ ਪੁਰਾਤਨ ਸਮੇਂ ਤੋਂ ਲੈ ਕੇ ਮੌਜੂਦਾ ਸਮੇਂ ਤੱਕ ਨਿਹੰਗ ਸਿੰਘਾਂ ਵਲੋਂ ਕਈ ਤਰ੍ਹਾਂ ਦੇ ਗੁਰਮਤਿ ਸੰਬੰਧੀ ਗ੍ਰੰਥ, ਗੁਰਬਾਣੀ ਦੀਆਂ ਪੋਥੀਆਂ, ਕਿਤਾਬਾਂ ਅਤੇ ਰਸਾਲੇ ਲਿਖੇ ਅਤੇ ਛਪਾਏ ਗਏ ਹਨ। 18-19 ਵੀਂ ਸਦੀ ਵਿਚ ਨਿਹੰਗ ਸਿੰਘਾਂ ਦੇ ਬੁੰਗੇ ਅਤੇ ਛਾਉਣੀਆਂ ਗੁਰਮਤਿ ਦੇ ਪ੍ਰਚਾਰ-ਪ੍ਰਸਾਰ ਦਾ ਕੇਂਦਰ ਹੁੰਦੇ ਸਨ, ਜਿੱਥੇ ਬੱਚਿਆਂ ਨੂੰ ਗੁਰਮਤਿ, ਘੋੜ ਸਵਾਰੀ ਅਤੇ ਸ਼ਸਤਰ ਵਿੱਦਿਆ ਦੀ ਸਿਖਲਾਈ ਦਿੱਤੀ ਜਾਂਦੀ ਸੀ। ਸਿੱਖ ਪਰਿਵਾਰ ਆਪਣੇ ਬੱਚਿਆਂ ਨੂੰ ਇਨ੍ਹਾਂ ਡੇਰਿਆਂ ਵਿਚ ਗੁਰਮਤਿ ਵਿੱਦਿਆ

---

[1] ਹਰਦੀਪ ਸਿੰਘ, ਸ੍ਰੀ ਗੁਰੂ ਤੇਗ਼ ਬਹਾਦਰ ਦਰਸ਼ਨ, ਭਾਸ਼ਾ ਵਿਭਾਗ, ਪੰਜਾਬ, 1971, ਪੰਨਾ ਭੂਮਿਕਾ.

ਲਈ ਭੇਜਦੇ ਸਨ।[2] ਨਿਹੰਗ ਸਿੰਘਾਂ ਵਲੋਂ ਸਾਹਿਤ ਦੇ ਖੇਤਰ ਵਿਚ ਪਾਏ ਯੋਗਦਾਨ ਦਾ ਵੇਰਵਾ ਦਿੱਤਾ ਜਾਣਾ ਬਹੁਤ ਜ਼ਰੂਰੀ ਹੈ।

### 5.1 ਨਿਹੰਗ ਸਿੰਘਾਂ ਦਾ ਸਾਹਿਤ ਦੇ ਖੇਤਰ ਵਿਚ ਯੋਗਦਾਨ:

ਭਾਈ ਮਨੀ ਸਿੰਘ ਜੀ ਨੇ 'ਗਿਆਨ ਰਤਨਾਵਲੀ' ਦੀ ਰਚਨਾ ਕੀਤੀ ਜਿਸ ਵਿਚ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦਾ ਟੀਕਾ ਕੀਤਾ ਗਿਆ।[3] ਇਸ ਤੋਂ ਇਲਾਵਾ ਭਾਈ ਮਨੀ ਸਿੰਘ ਜੀ ਨੇ 'ਭਗਤ ਰਤਨਾਵਲੀ' ਦੀ ਰਚਨਾ ਵੀ ਕੀਤੀ।[4] ਕੰਵਰ ਅਜੀਤ ਸਿੰਘ ਲਿਖਦੇ ਹਨ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਨਿੰਨ ਸਿੱਖ ਬਾਬਾ ਬਿਨੋਦ ਸਿੰਘ ਦੁਆਰਾ ਇਕ ਸ੍ਰੀ ਦਸਮ ਗ੍ਰੰਥ ਸਾਹਿਬ ਦੀ ਬੀੜ ਲਿਖੀ ਗਈ ਸੀ ਜੋ ਹੁਣ ਮਹਾਰਾਜਾ ਪਟਿਆਲਾ ਦੀ ਨਿੱਜੀ ਦੇਖ-ਰੇਖ ਵਿਚ ਹੈ।[5] ਬਾਬਾ ਦੀਪ ਸਿੰਘ ਜੀ ਨੇ ਦਮਦਮੀ ਬੀੜ ਤੋਂ ਚਾਰ ਉਤਾਰੇ ਕੀਤੇ ਸਨ। ਇਨ੍ਹਾਂ ਸਰੂਪਾਂ ਨੂੰ ਵੱਡੇ ਬਾਬੇ ਕਿਹਾ ਜਾਂਦਾ ਹੈ।[6] ਇਹ ਚਾਰ ਹੱਥ-ਲਿਖਤ ਸਰੂਪ ਚਾਰ ਤਖ਼ਤਾਂ ਉੱਤੇ ਭੇਜੇ ਗਏ: ਸ੍ਰੀ ਅਕਾਲ ਤਖ਼ਤ ਸਾਹਿਬ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਤਖ਼ਤ ਸ੍ਰੀ ਅਬਿਚਲ ਨਗਰ ਹਜ਼ੂਰ ਸਾਹਿਬ, ਨਾਂਦੇੜ।[7] ਗਿਆਨੀ ਗਿਆਨ ਸਿੰਘ ਅਨੁਸਾਰ, ਜੋ ਬੀੜ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਵਾਈ ਸੀ ਉਹ ਸਰੂਪ ਵੱਡੇ ਘੱਲੂਘਾਰੇ ਵਿਚ ਅਹਿਮਦ ਸ਼ਾਹ ਦੁਰਾਨੀ ਲੈ ਗਿਆ ਸੀ, ਜੋ ਕਿ ਹੁਣ ਕਾਬਲ ਵਿਚ ਬੜੀ ਧਰਮਸਾਲ ਵਿਖੇ ਹੈ ਜਿਸ ਦੇ ਪੁੰਨਿਆ ਨੂੰ ਦਰਸ਼ਨ ਕਰਵਾਏ ਜਾਂਦੇ ਹਨ।[8]

---

2 Kirpal Singh & Kharak Singh (Ed.), History of The Sikhs & Their Religion, Vol I, Shiromani Gurdwara Parbandhak Commiittee. Amritsar, Sri Amritsar, Feb 2004, p. 405.

3 ਭਾਈ ਮਨੀ ਸਿੰਘ ਜੀਵਨ ਤੇ ਰਚਨਾ, ਭਾਸ਼ਾ ਵਿਭਾਗ, ਪੰਜਾਬ, ਦੂਜੀ ਵਾਰ, 1996, ਪੰਨਾ 23.

4 ਉਹੀ, ਪੰਨਾ 31.

5 ਕੰਵਰ ਅਜੀਤ ਸਿੰਘ (ਸੰਪਾ.), ਸ੍ਰੀ ਦਸਮ ਗ੍ਰੰਥ ਸਾਹਿਬ ਦਾ ਇਤਿਹਾਸਕ ਅਤੇ ਅਧਿਆਤਮਿਕ ਪੱਖ, ਗੁਰਮਤਿ ਵਿਚਾਰ ਕੇਂਦਰ, ਸਿਉਨਾ ਰੋਡ, ਪਟਿਆਲਾ, ਦੂਸਰੀ ਵਾਰ, ਅਪ੍ਰੈਲ 2008, ਪੰਨਾ 37.

6 ਗਿਆਨ ਸਿੰਘ (ਗਿਆਨੀ), ਤਵਾਰੀਖ ਗੁਰੂ ਖਾਲਸਾ, ਭਾਗ ਪਹਿਲਾ, ਭਾਸ਼ਾ ਵਿਭਾਗ, ਪੰਜਾਬ, ਪੰਜਵੀਂ ਵਾਰ, 2011, ਪੰਨਾ 1084 (ਫੁਟਨੋਟ)

7 ਇਤਿਹਾਸ ਦਮਦਮੀ ਟਕਸਾਲ (ਸੰਖੇਪ), (ਪ੍ਰਕਾ.) ਦਮਦਮੀ ਟਕਸਾਲ ਜੱਥਾ ਭਿੰਡਰਾਂ (ਮਹਿਤਾ), ਅੰਮ੍ਰਿਤਸਰ, ਜੂਨ 1994, ਪੰਨਾ 44; ਠਾਕੁਰ ਸਿੰਘ (ਗਿਆਨੀ), ਗ੍ਰੰਥ ਸ੍ਰੀ ਗੁਰਦੁਆਰੇ ਦਰਸ਼ਨ, ਭਾਈ ਲਾਭ ਸਿੰਘ ਐਂਡ ਸਨਜ਼ ਪੁਸਤਕਾਂ ਵਾਲੇ, ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ, ਦਸੰਬਰ 1923, ਪੰਨਾ ੫੭੬; ਸੁਖਦਿਆਲ ਸਿੰਘ (ਡਾ.), ਸਿਰੀ ਅਕਾਲ ਤਖ਼ਤ ਸਾਹਿਬ (1606-1982), ਗੁਰਮੀਤ ਪ੍ਰਕਾਸ਼ਨ, ਨਵੀਨ ਸ਼ਾਹਦਰਾ, ਦਿੱਲੀ, 2002, ਪੰਨਾ 26.

8 ਗਿਆਨ ਸਿੰਘ (ਗਿਆਨੀ), ਤਵਾਰੀਖ ਗੁਰੂ ਖਾਲਸਾ, ਭਾਗ ਪਹਿਲਾ, ਪੰਨਾ 1084 (ਫੁਟਨੋਟ)

ਸ਼ਹੀਦ ਅਕਾਲੀ ਗੁਰਬਖਸ਼ ਸਿੰਘ ਜੀ ਨੇ ਇਕ ਸਰਬਲੋਹ ਗ੍ਰੰਥ ਦੀ ਬੀੜ ਦਾ ਉਤਾਰਾ ਵੀ ਕੀਤਾ ਸੀ ਜੋ ਕਿ 1920 ਈ. ਤੋਂ ਪਹਿਲਾਂ ਗੁ: ਸ਼ਹੀਦ ਗੰਜ ਅਕਾਲੀ ਬਾਬਾ ਗੁਰਬਖਸ਼ ਸਿੰਘ ਜੀ ਸ਼ਹੀਦ ਦੇ ਅਸਥਾਨ 'ਤੇ ਮੌਜੂਦ ਸੀ ਪਰ ਅਕਾਲੀ ਅੰਦੋਲਨ ਦੌਰਾਨ ਗੁ: ਸ਼ਹੀਦ ਗੰਜ ਵਿਖੇ ਸੇਵਾ ਕਰਨ ਵਾਲੀ ਪੁਜਾਰਨ ਮਾਈ ਪਾਸੋਂ ਇਹ ਸਰੂਪ ਕਿਧਰੇ ਗੁੰਮ ਹੋ ਗਿਆ।[9] ਗੁਰਦੁਆਰਾ ਬਾਬੇ ਕੀ ਬੇਰ, ਸਿਆਲਕੋਟ ਦਾ ਪ੍ਰਬੰਧ ਨਿਹੰਗ ਸਿੰਘ ਹੀ ਕਰਿਆ ਕਰਦੇ ਸਨ। ਉੱਥੇ ਹੀ ਮਹੰਤ ਪ੍ਰੇਮ ਸਿੰਘ ਜੀ ਕੋਲ ਰਹਿ ਕੇ ਗਿਆਨੀ ਗਿਆਨ ਸਿੰਘ ਨੇ 'ਤਵਾਰੀਖ ਗੁਰੂ ਖਾਲਸਾ' ਲਿਖੀ ਸੀ।[10] ਮੌਜੂਦਾ ਸਮੇਂ ਵਿਚ ਨਿਹੰਗ ਸਿੰਘਾਂ ਦੁਆਰਾ ਲਿਖਿਆ-ਛਪਿਆ ਪੁਰਾਤਨ ਅਤੇ ਨਵੀਨ ਸਾਹਿਤ ਮਿਲਦਾ ਹੈ, ਜਿਸ ਦੀ ਸੰਖੇਪ ਰੂਪ ਵਿਚ ਜਾਣਕਾਰੀ ਇਸ ਪ੍ਰਕਾਰ ਹੈ:

**ਸ਼੍ਰੋਮਣੀ ਸਟੀਕ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ:**

ਖਾਲਸਾ ਸਾਜਨਾ ਦਿਵਸ ਦੀ ਤੀਜੀ ਸ਼ਤਾਬਦੀ ਮੌਕੇ ਗਿਆਨੀ ਈਸ਼ਰ ਸਿੰਘ ਰਾਮਗੜ੍ਹੀਆ (ਰੋਪੜ) ਵਾਲਿਆਂ ਵਲੋਂ ਤਿਆਰ ਕੀਤਾ 'ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼੍ਰੋਮਣੀ ਸਟੀਕ' ਟੀਕਾ, ਬਾਬਾ ਤੇਜਾ ਸਿੰਘ ਨਿਹੰਗ ਸਿੰਘ, ਗੁਰਦੁਆਰਾ ਰਾਜਧਾਨੀ, ਬੁੰਗਾ ਨਿਹੰਗ ਸਿੰਘਾਂ, ਪਿੰਡ ਮਹਿਰੋਂ, ਜ਼ਿਲ੍ਹਾ ਮੋਗਾ ਵਲੋਂ ਪ੍ਰਕਾਸ਼ਿਤ ਕੀਤਾ ਗਿਆ।[11]

**ਸੰਪੂਰਨ ਸਟੀਕ ਸ੍ਰੀ ਸਰਬਲੋਹ ਗ੍ਰੰਥ ਸਾਹਿਬ ਜੀ (ਭਾਗ ਪਹਿਲਾ ਅਤੇ ਦੂਜਾ):**

ਬੁੱਢਾ ਦਲ ਦੇ ਤੇਰ੍ਹਵੇਂ ਜਥੇਦਾਰ ਬਾਬਾ ਸੰਤਾ ਸਿੰਘ ਨੇ ਸਰਬਲੋਹ ਗ੍ਰੰਥ ਸਾਹਿਬ ਦਾ ਟੀਕਾ, ਕਪੂਰਥਲੇ ਦੇ ਉਦਾਸੀ ਸੰਤ ਭਾਈ ਨੌਰੰਗ ਸਿੰਘ ਪਾਸੋਂ ਪੈਂਤੀ ਹਜ਼ਾਰ ਰੁਪਏ ਵਿਚ ਖਰੀਦਿਆ ਸੀ।[12] ਬਾਬਾ ਸੰਤਾ ਸਿੰਘ ਵਲੋਂ ਸਰਬਲੋਹ ਗ੍ਰੰਥ ਸਾਹਿਬ ਜੀ ਦੀ ਮੂਲ ਪਾਠ ਦੀ ਇਕ ਸੈਂਚੀ ਅਤੇ ਦੋ ਸੈਂਚੀਆਂ ਪ੍ਰਯਾਵਾਂ ਸਹਿਤ ਔਖੇ ਪਦਾਂ ਦੇ ਅਰਥਾਂ ਦੀਆਂ ਛਪਵਾਈਆਂ ਗਈਆਂ ਸਨ।[13] ਬਾਬਾ ਸੰਤਾ ਸਿੰਘ ਦੁਆਰਾ ਸੰਪੂਰਨ

---

[9] ਇਤਿਹਾਸ ਦਮਦਮੀ ਟਕਸਾਲ (ਸੰਖੇਪ), ਪੰਨਾ 54; ਸੰਪੂਰਨ ਸਟੀਕ ਸ੍ਰੀ ਸਰਬਲੋਹ ਗ੍ਰੰਥ ਸਾਹਿਬ ਜੀ, (ਪ੍ਰਕਾ.), ਸਿੰਘ ਸਾਹਿਬ ਬਾਬਾ ਸੰਤਾ ਸਿੰਘ ਜੀ ਜਥੇਦਾਰ ਛਿਆਨਵੇਂ ਕ੍ਰੋੜੀ, ਸ੍ਰੀ ਦਮਦਮਾ ਸਾਹਿਬ (ਸਾਬੋ ਕੀ ਤਲਵੰਡੀ), ਬਠਿੰਡਾ, 5 ਜੂਨ 2000, ਪੰਨਾ ਜ.

[10] ਗੁਰਬਖਸ਼ ਸਿੰਘ ਝੁਬਾਲੀਆ, ਸ਼ਮਸ਼ੇਰ, ਸ਼ਹੀਦੀ ਜੀਵਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਮਾਰਚ 1998, ਪੰਨਾ 34.

[11] ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਤੀਜਾ, ਗਰੇਸ਼ੀਅਸ ਬੁਕਸ, ਪਟਿਆਲਾ, 2014, ਪੰਨਾ 1082.

[12] ਬਲਵੰਤ ਸਿੰਘ ਸ੍ਰੀਮਾਨ 'ਸੰਤ ਖਾਲਸਾ', ਮਾਲਵਾ ਇਤਿਹਾਸ, ਜਿਲਦ ਚੌਥੀ, ਪੰਨਾ 424.

[13] ਕ੍ਰਿਪਾਲ ਸਿੰਘ ਵੜੈਚ (ਗਿਆਨੀ), ਦੋ ਗੁਰਸਿੱਖ ਨਿਰਮੋਲਕ ਹੀਰੇ, (ਪ੍ਰਕਾ.) ਲੇਖਕ ਆਪ, ਪਿੰਡ ਕੋਲ, ਡਾਕਖਾਨਾ ਰਾਜਗੜ੍ਹ, ਜ਼ਿਲਾ ਪਟਿਆਲਾ (ਪੰਜਾਬ), ਜੂਨ 1996, ਪੰਨਾ 254.

ਸਟੀਕ ਸ੍ਰੀ ਸਰਬਲੋਹ ਗ੍ਰੰਥ ਸਾਹਿਬ ਜੀ ਦੀਆਂ (ਪਹਿਲੇ ਅਤੇ ਦੂਜੇ ਭਾਗ) ਦੀਆਂ ਸੈਂਚੀਆਂ ਨੂੰ ਸ੍ਰੀ ਦਮਦਮਾ ਸਾਹਿਬ (ਸਾਬੋ ਕੀ ਤਲਵੰਡੀ), ਬਠਿੰਡਾ ਤੋਂ 5 ਜੂਨ 2000 ਨੂੰ ਪ੍ਰਕਾਸ਼ਿਤ ਕੀਤਾ ਗਿਆ। ਇਸ ਗ੍ਰੰਥ ਨੂੰ ਬੁੱਢਾ ਦਲ ਪ੍ਰਿੰਟਿੰਗ ਪ੍ਰੈੱਸ ਵਿਚ ਛਾਪਿਆ ਗਿਆ ਸੀ।

**ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ:**

ਇਸ ਗ੍ਰੰਥ ਨੂੰ ਕਵੀ ਪ੍ਰੇਮ ਸਿੰਘ (ਸੰਤ ਰੇਣ) ਨੇ ਸੰਪਾਦਿਤ ਕੀਤਾ ਸੀ। ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ ਸੰਬੰਧੀ ਕਵੀ ਪ੍ਰੇਮ ਸਿੰਘ ਨੇ ਇਸ ਗ੍ਰੰਥ ਦੀ ਭੂਮਿਕਾ ਵਿਚ ਲਿਖਿਆ ਹੈ ਕਿ, "ਇਹ ਇਤਿਹਾਸ ਸ੍ਰੀ ਗੁਰੂ ਅੰਗਦ ਸਾਹਿਬ ਜੀ ਦੀ ਬੰਸ ਤ੍ਰੈ ਕਾਲ ਦਰਸੀ ਸ੍ਰੀ ਬਾਬਾ ਬਿਨੋਦ ਸਿੰਘ ਜੀ ਦੇ ਹਸਤ ਕਮਲਾਂ ਦਾ ਸੰ: ਨਾ: ੨੪੦ ਦਾ ਲਿਖਿਆ ਹੋਇਆ ਹੈ।"[14] ਇਸ ਗ੍ਰੰਥ ਦੇ ਰਚਣ ਦੀ ਮਿਤੀ 'ਸੰਮਤ ਨਾਨਕਸ਼ਾਹੀ ੨੪੦' ਮੁਤਾਬਿਕ 1709 ਈ. ਬਣਦੀ ਹੈ। ਇਸ ਤਰ੍ਹਾਂ ਇਹ ਗ੍ਰੰਥ ਬੁੱਢਾ ਦਲ ਦੇ ਪਹਿਲੇ ਜਥੇਦਾਰ ਬਾਬਾ ਬਿਨੋਦ ਸਿੰਘ ਜੀ ਦਾ ਲਿਖਿਆ ਮੰਨ ਸਕਦੇ ਹਾਂ। ਕਵੀ ਪ੍ਰੇਮ ਸਿੰਘ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਰ੍ਹਵੀਂ ਅੰਸ-ਬੰਸ ਵਿਚੋਂ ਸਨ।[15] ਪਰ ਇਸ ਗ੍ਰੰਥ ਦੀ ਬਾਬਾ ਬਿਨੋਦ ਸਿੰਘ ਦੁਆਰਾ ਲਿਖੇ ਜਾਣ ਦੀ ਪ੍ਰਮਾਣਿਕਤਾ ਇਕ ਵੱਖਰੀ ਖੋਜ ਦਾ ਵਿਸ਼ਾ ਹੈ।

**ਪ੍ਰਾਚੀਨ ਪੰਥ ਪ੍ਰਕਾਸ਼ (ਦੋ ਭਾਗ):**

ਭਾਈ ਰਤਨ ਸਿੰਘ ਭੰਗੂ ਦੁਆਰਾ ਲਿਖਿਆ 'ਸ੍ਰੀ ਗੁਰ ਪੰਥ ਪ੍ਰਕਾਸ਼' ਅਠਾਰ੍ਹਵੀਂ ਸਦੀ ਦੇ ਸਿੱਖਾਂ ਦੀਆਂ ਕੁਰਬਾਨੀਆਂ ਅਤੇ ਸੰਘਰਸ਼ ਨੂੰ ਦਰਸਾਉਣ ਵਾਲਾ ਮੁੱਢਲਾ ਅਤੇ ਇਤਿਹਾਸਿਕ ਸ੍ਰੋਤ ਹੈ। ਇਸ ਗ੍ਰੰਥ ਨੂੰ 'ਪ੍ਰਾਚੀਨ ਪੰਥ ਪ੍ਰਕਾਸ਼' ਵੀ ਕਿਹਾ ਜਾਂਦਾ ਹੈ। ਇਹ ਗ੍ਰੰਥ ਭਾਈ ਰਤਨ ਸਿੰਘ ਭੰਗੂ ਨੇ 1841 ਈ. ਵਿਚ ਲਿਖਿਆ ਸੀ। ਜਥੇਦਾਰ ਬਾਬਾ ਸੰਤਾ ਸਿੰਘ ਨੇ ਪ੍ਰਾਚੀਨ ਪੰਥ ਪ੍ਰਕਾਸ਼ ਦੀ ਸਾਰੀ ਲੜੀਵਾਰ ਕਥਾ ਕੀਤੀ ਅਤੇ ਬਾਬਾ ਉਦੈ ਸਿੰਘ ਅਤੇ ਸੰਗਤਾਂ ਦੀ ਪ੍ਰੇਰਨਾ ਸਦਕਾ ਟੇਪ ਰੀਕਾਰਡ ਕਰਵਾਇਆ। ਇਸ ਰੀਕਾਰਡ ਕੀਤੀ ਕਥਾ ਨੂੰ ਗਿਆਨੀ ਰੇਸ਼ਮ ਸਿੰਘ ਜੀ (ਮੁਖ ਗ੍ਰੰਥੀ ਬਗੀਚੀ ਬਾਬਾ ਬੰਬਾ ਸਿੰਘ ਜੀ, ਪਟਿਆਲਾ) ਕੋਲੋਂ ਲਿਖਵਾਇਆ। ਇਸ ਲਿਖਤ ਨੂੰ ਦੋ ਭਾਗਾਂ ਵਿਚ ਸੋਧਣ ਅਤੇ ਪਰੂਫ ਪੜ੍ਹਨ ਦੀ ਸੇਵਾ ਸੰਤ ਲਾਲ ਸਿੰਘ ਨਿਹੰਗ

---

[14] ਪ੍ਰੇਮ ਸਿੰਘ (ਕਵੀ) (ਸੰਪਾ.), ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ, ਭਾਗ ਪਹਿਲਾ, (ਪ੍ਰਕਾ.) ਲੇਖਕ ਆਪ, ਅੰਮ੍ਰਿਤਸਰ, ਚੌਥੀ ਵਾਰ, ਮਿਤੀਹੀਨ, ਪੰਨਾ ਖ (ਭੂਮਿਕਾ)

[15] ਗੁਰਮੇਲ ਸਿੰਘ (ਸੰਪਾ.), ਗੁਰੂ ਅੰਗਦ ਦੇਵ ਸ੍ਰੋਤ ਪੁਸਤਕ, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, ਆਨੰਦਪੁਰ ਸਾਹਿਬ, 2006, ਪੰਨਾ 446.

ਸਿੰਘ, ਦੀਨਾ ਨਗਰ, ਗੁਰਦਾਸਪੁਰ ਵਾਲਿਆਂ ਨੂੰ ਸੌਂਪੀ ਗਈ ਸੀ।[16] ਇਸ ਲਿਖਤ ਨੂੰ ਦੋ ਭਾਗਾਂ ਵਿਚ ਬਾਬਾ ਦਿਆਲ ਸਿੰਘ ਲਿਖਾਰੀ ਦੇ ਪ੍ਰਬੰਧ ਹੇਠ ਛਾਪਿਆ ਗਿਆ। ਬੁੱਢਾ ਦਲ ਵਲੋਂ ਇਹ ਦੋਵੇਂ ਭਾਗ ਪ੍ਰਕਾਸ਼ਿਤ ਕੀਤੇ ਗਏ। ਪ੍ਰਾਚੀਨ ਪੰਥ ਪ੍ਰਕਾਸ਼ ਦੇ ਟੀਕੇ ਦੇ ਪਹਿਲੇ ਭਾਗ ਨੂੰ 5 ਜੂਨ 2000 ਈ. ਵਿਚ ਸ੍ਰੀ ਦਮਦਮਾ ਸਾਹਿਬ, ਸਾਬੋ ਕੀ ਤਲਵੰਡੀ, ਜ਼ਿਲ੍ਹਾ ਬਠਿੰਡਾ ਤੋਂ ਪ੍ਰਕਾਸ਼ਿਤ ਕੀਤਾ ਗਿਆ। ਇਸਦੇ ਦੂਜੇ ਭਾਗ ਨੂੰ 11 ਨਵੰਬਰ 2000 ਈ. ਨੂੰ ਕਤਕ ਸੁਦੀ ਪੂਰਨਮਾਸ਼ੀ ਵਾਲੇ ਦਿਨ ਸ੍ਰੀ ਦਮਦਮਾ ਸਾਹਿਬ, ਸਾਬੋ ਕੀ ਤਲਵੰਡੀ, ਜ਼ਿਲ੍ਹਾ ਬਠਿੰਡਾ ਤੋਂ ਪ੍ਰਕਾਸ਼ਿਤ ਕੀਤਾ ਗਿਆ।

**ਖਾਲਸਾ ਨਿੱਤਨੇਮ ਦੀ ਪੋਥੀ:**

ਬੁੱਢਾ ਦਲ ਵਲੋਂ ਖਾਲਸਾ ਨਿੱਤਨੇਮ ਦੀਆਂ ਪੋਥੀਆਂ ਅਤੇ ਸੁੰਦਰ ਗੁਟਕੇ ਛਪਵਾਏ ਗਏ ਸਨ। ਇਹ ਗੁਟਕੇ ਬੁੱਢਾ ਦਲ ਪ੍ਰਿੰਟਿੰਗ ਪ੍ਰੈੱਸ ਤੋਂ ਛਾਪੇ ਗਏ ਅਤੇ ਜਥੇਦਾਰ ਬਾਬਾ ਸੰਤਾ ਸਿੰਘ ਜੀ ਵਲੋਂ ਪ੍ਰਕਾਸ਼ਿਤ ਕੀਤੇ ਗਏ ਸਨ। ਇਨ੍ਹਾਂ ਗੁਟਕਿਆਂ ਵਿਚ ਪੰਜ ਬਾਣੀਆਂ ਤੋਂ ਇਲਾਵਾ ਚੰਡੀ ਦੀ ਵਾਰ, ਬ੍ਰਹਮ ਕਵਚ, ਚੰਡੀ ਚਰਿਤ੍ਰ, ਕਰਨੀ ਨਾਮਾ, ਦੇਗਾਂ ਦੇ ਸਲੋਕ, ਦੁਮਾਲੇ ਦੇ ਸਲੋਕ ਆਦਿ ਬਾਣੀਆਂ ਸ਼ਾਮਿਲ ਕੀਤੀਆਂ ਗਈਆਂ ਹਨ। ਇਨ੍ਹਾਂ ਗੁਟਕਿਆਂ ਦੇ ਆਰੰਭ ਵਿਚ ਬੁੱਢਾ ਦਲ ਵਲੋਂ ਨਿਭਾਈ ਜਾਂਦੀ ਰਹਿਤ ਮਰਯਾਦਾ ਦਾ ਵੇਰਵਾ ਦਿੱਤਾ ਗਿਆ ਹੈ।

**ਦੁਸਹਿਰਾ ਮਹਾਤਮ ਪੋਥੀ:**

ਬਾਬਾ ਹਰਨਾਮ ਸਿੰਘ ਜੀ 'ਵੈਦ' ਨੇ ਦੁਸਹਿਰਾ ਮਹਾਤਮ ਪੋਥੀ ਦਾ ਇਕ ਖਰੜਾ ਤਿਆਰ ਕੀਤਾ ਸੀ।[17] ਸਭ ਤੋਂ ਪਹਿਲਾਂ ਇਹ ਪੋਥੀ 1937-40 ਈ. ਵਿਚ ਬੁੱਢਾ ਦਲ ਦੇ ਲਿਖਾਰੀ ਗਿਆਨੀ ਕ੍ਰਿਪਾਲ ਸਿੰਘ ਦੁਆਰਾ ਲਿਖੀ ਗਈ ਪਰ ਇਹ ਪੋਥੀ ਗੁੰਮ ਹੋ ਗਈ ਸੀ।

ਦੂਜੀ ਵਾਰ ਇਸ ਪੋਥੀ ਨੂੰ ਦੁਬਾਰਾ ਲਿਖਣ ਦਾ ਕੰਮ ਪਿੰਡ ਗੋਂਦਲਾ ਵਾਲਾ (ਪੰਜਾਬ) 13 ਅਪ੍ਰੈਲ ਸੰਨ 1942 ਈ. ਨੂੰ ਸ਼ੁਰੂ ਕਰ ਕੇ ਪਿੰਡ ਮਤਾ ਵਿਖੇ 31 ਜਨਵਰੀ 1944 ਈ. ਦਿਨ ਵੀਰਵਾਰ ਨੂੰ ਸਮਾਪਤ ਹੋਇਆ ਸੀ। ਇਸ ਤਰ੍ਹਾਂ ਦੂਜੀ ਵਾਰ ਇਹ ਪੋਥੀ 31 ਜਨਵਰੀ 1944 ਈ. ਨੂੰ ਤਿਆਰ ਕੀਤੀ ਗਈ ਅਤੇ ਗੁ:

16 ਸੰਤਾ ਸਿੰਘ ਬਾਬਾ, ਅਕਾਲੀ (ਟੀਕਾਕਾਰ), ਪ੍ਰਾਚੀਨ ਪੰਥ ਪ੍ਰਕਾਸ਼ ਸਟੀਕ, ਭਾਗ ਪਹਿਲਾ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ, ਚਲਦਾ ਵਹੀਰ ਪੰਜਾਬ, ਸ੍ਰੀ ਦਮਦਮਾ ਸਾਹਿਬ, ਸਾਬੋ ਕੀ ਤਲਵੰਡੀ, ਬਠਿੰਡਾ, 5 ਜੂਨ 2000, ਪੰਨਾ 3.

17 ਕ੍ਰਿਪਾਲ ਸਿੰਘ ਵੜੈਚ (ਗਿਆਨੀ), ਦੋ ਗੁਰਸਿੱਖ ਨਿਰਮੋਲਕ ਹੀਰੇ, ਪੰਨਾ 755(ਫੁਟਨੋਟ)

ਮਾਤਾ ਸਾਹਿਬ ਕੌਰ ਜੀ ਦੇ ਅਸਥਾਨ ਉੱਤੇ ਪਹੁੰਚਾਈ ਗਈ। 22 ਫਰਵਰੀ 1980 ਈ. ਨੂੰ ਜਥੇਦਾਰ ਬਾਬਾ ਸੰਤਾ ਸਿੰਘ ਜੀ, ਗੁ. ਮਾਤਾ ਸਾਹਿਬ ਕੌਰ ਜੀ ਦੇ ਅਸਥਾਨ ਦੀ ਨਵੀਂ ਇਮਾਰਤ ਬਣਾਉਣ ਸਮੇਂ ਇਹ ਪੋਥੀ ਉਤਾਰਾ ਕਰਨ ਲਈ ਲੈ ਗਏ ਸਨ। ਇਸ ਪੋਥੀ ਦੀ ਸਹਾਇਤਾ ਨਾਲ ਹੀ ਦੁਸਹਿਰਾ ਮਹਾਤਮ ਪੋਥੀ ਛਾਪੀ ਗਈ।[18]

ਤੀਜੀ ਵਾਰ ਇਸ ਪੋਥੀ ਨੂੰ ਛਪਵਾਉਣ ਦਾ ਵਿਚਾਰ ਸ੍ਰੀ ਦਮਦਮਾ ਸਾਹਿਬ ਵਿਖੇ 13 ਅਪ੍ਰੈਲ 1978 ਈ. ਨੂੰ ਕੀਤਾ ਗਿਆ। ਇਸ ਪੋਥੀ ਦੀ ਸੁਧਾਈ ਲਈ ਪੰਜ ਸਿੰਘ ਮੁਕੱਰਰ ਕੀਤੇ ਗਏ: ਗਿਆਨੀ ਸੁਖਦੇਵ ਸਿੰਘ ਹੈੱਡਗ੍ਰੰਥੀ ਬੁੱਢਾ ਦਲ, ਸੰਤ ਦਯਾ ਸਿੰਘ ਬੁੱਢਾ ਦਲ, ਗਿਆਨੀ ਗੁਰਬਖਸ਼ ਸਿੰਘ ਜਥੇਦਾਰ ਗੁ. ਮਾਤਾ ਸਾਹਿਬ ਕੌਰ ਜੀ (ਨਾਂਦੇੜ), ਭਾਈ ਹਰਨਾਮ ਸਿੰਘ ਜੀ ਸਿੰਧੀ ਨਿਹੰਗ ਸਿੰਘ, ਗਿਆਨੀ ਕ੍ਰਿਪਾਲ ਸਿੰਘ ਬੁੱਢਾ ਦਲ। ਲਗਪਗ ਦੋ ਸਾਲ ਦੀ ਮਿਹਨਤ ਤੋਂ ਬਾਅਦ ਤੀਜੀ ਵਾਰ ਇਹ ਪੋਥੀ 13 ਅਪ੍ਰੈਲ 1980 ਈ. ਨੂੰ ਐਤਵਾਰ ਵਾਲੇ ਦਿਨ ਛਪ ਕੇ ਤਿਆਰ ਹੋਈ। ਇਸ ਪੋਥੀ ਦਾ ਇਕ ਉਤਾਰਾ ਬੁੱਢਾ ਦਲ ਦੇ ਜਥੇਦਾਰ ਬਾਬਾ ਸੰਤਾ ਸਿੰਘ ਜੀ ਵਲੋਂ ਕਰਵਾਇਆ ਗਿਆ ਸੀ। ਬੁੱਢਾ ਦਲ ਵਲੋਂ ਛਪੀ ਇਸ ਪੋਥੀ ਨੂੰ ਸੰਨ 2001 ਈ. ਨੂੰ ਦੁਬਾਰਾ ਤੋਂ ਲਿਖਾਰੀ ਕ੍ਰਿਪਾਲ ਸਿੰਘ ਵਲੋਂ ਲਿਖਿਆ ਗਿਆ ਸੀ।[19] ਪਰ ਹੁਣ ਇਹ ਪੋਥੀ ਦੁਰਲੱਭ ਹੈ ਅਤੇ ਸੌਖੇ ਹੀ ਪ੍ਰਾਪਤ ਨਹੀਂ ਹੁੰਦੀ।

**ਦੀਵਾਲੀ ਪਾਠ ਮਹਾਤਮ ਪੋਥੀ:**

ਇਹ ਪੋਥੀ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਵਲੋਂ 17 ਅਕਤੂਬਰ 2019 ਨੂੰ ਛਾਪੀ ਗਈ। ਇਸ ਪੋਥੀ ਦਾ ਪਾਠ ਦੀਵਾਲੀ ਦੇ ਦਿਨਾਂ ਵਿਚ ਕੀਤਾ ਜਾਂਦਾ ਹੈ। ਇਸ ਪੋਥੀ ਵਿਚ ਮੁਖ ਤੌਰ 'ਤੇ ਸ੍ਰੀ ਸਰਬਲੋਹ ਗ੍ਰੰਥ ਸਾਹਿਬ ਦੀਆਂ ਕਈ ਬਾਣੀਆਂ ਸ਼ਾਮਿਲ ਹਨ। ਇਸ ਪੋਥੀ ਵਿਚ ਸਰਬਲੋਹ ਕਵਚ, ਸਰਬਲੋਹ ਅਸਤੋਤ੍ਰ, ਬ੍ਰਹਮ ਕਵਚ, ਭਗਉਤੀ ਅਸਤੋਤ੍ਰ, ਖਾਲਸਾ ਮਹਿਮਾ ਅਤੇ ਆਰਤੀ ਸ੍ਰੀ ਸਰਬਲੋਹ ਜੀ ਕੀ ਸ਼ਾਮਿਲ ਹੈ। ਇਸ ਪੋਥੀ ਦੇ ਆਰੰਭ ਵਿਚ ਪਾਠ ਸੰਬੰਧੀ ਮਰਯਾਦਾ ਦਾ ਵਰਨਣ ਕੀਤਾ ਗਿਆ ਹੈ। ਇਸ ਪੋਥੀ

---

18 ਉਹੀ, ਪੰਨਾ 755(ਫੁਟਨੋਟ).

19 ਉਹੀ, ਪੰਨਾ 261.

ਨੂੰ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਪ੍ਰਚਾਰਕ ਗਿਆਨੀ ਗੁਰਵਿੰਦਰ ਸਿੰਘ ਨੰਗਲੀ ਵਲੋਂ ਤਿਆਰ ਕੀਤਾ ਗਿਆ ਹੈ।

**ਸਿੰਘ ਸਾਹਿਬ ਜਥੇਦਾਰ ਬਾਬਾ ਬਿਨੋਦ ਸਿੰਘ ਜੀ ਸੰਸਥਾਪਕ ਤਤ ਖਾਲਸਾ (ਬੁੱਢਾ ਦਲ):**

ਇਸ ਪੁਸਤਕ ਦੇ ਲੇਖਕ ਬੁੱਢਾ ਦਲ ਦੇ ਲਿਖਾਰੀ ਗਿਆਨੀ ਕ੍ਰਿਪਾਲ ਸਿੰਘ ਹਨ। ਇਹ ਪੁਸਤਕ ਬੁੱਢਾ ਦਲ ਦੇ ਪਹਿਲੇ ਜਥੇਦਾਰ ਬਾਬਾ ਬਿਨੋਦ ਸਿੰਘ ਦੇ ਜੀਵਨ ਨਾਲ ਸੰਬੰਧਿਤ ਹੈ। ਲਿਖਾਰੀ ਜੀ ਨੇ ਇਸ ਪੁਸਤਕ ਵਿਚ ਬਾਬਾ ਬਿਨੋਦ ਸਿੰਘ ਦੇ ਜੀਵਨ ਦੇ ਕਈ ਅਹਿਮ ਪੱਖਾਂ ਨੂੰ ਦਰਸਾਇਆ ਹੈ ਜਿਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਬਾਬਾ ਬਿਨੋਦ ਸਿੰਘ ਨੂੰ ਭਵਿੱਖ ਦੀ ਕਾਰਵਾਈ ਦਰਸਾਉਣੀ, ਬਾਬਾ ਬਿਨੋਦ ਸਿੰਘ ਜੀ ਦੀ ਸ਼ਹੀਦੀ ਦਾ ਜ਼ਿਕਰ ਆਦਿ। ਗੁਰੂ ਅੰਗਦ ਦੇਵ ਜੀ ਦੀ ਚੌਦਵੀਂ ਪੀੜ੍ਹੀ ਵਿਚੋਂ ਬਾਵਾ ਤੇਜਭਾਨ ਸਿੰਘ ਜੀ ਨੇ ਜਥੇਦਾਰ ਬਾਬਾ ਬਿਨੋਦ ਸਿੰਘ ਦਾ ਜੀਵਨ ਲਿਖਵਾਉਣ ਦੀ ਪ੍ਰੇਰਨਾ ਲਿਖਾਰੀ ਕ੍ਰਿਪਾਲ ਸਿੰਘ ਨੂੰ ਦਿੱਤੀ।[20] ਇਸ ਪੁਸਤਕ ਦੇ ਪ੍ਰਕਾਸ਼ਕ ਗੁਰਦੁਆਰਾ ਦਰਬਾਰ ਸ੍ਰੀ ਗੁਰੂ ਅੰਗਦ ਸਾਹਿਬ, ਸਰਹੰਦੀ ਗੇਟ, ਪਟਿਆਲਾ ਦੇ ਬਾਵਾ ਤੇਜਭਾਨ ਸਿੰਘ ਅਤੇ ਬਾਵਾ ਗੁਰਿੰਦਰ ਸਿੰਘ ਹਨ। ਇਸ ਪੁਸਤਕ ਲਈ ਜਥੇਦਾਰ ਬਾਬਾ ਸੰਤਾ ਸਿੰਘ ਅਤੇ ਬਾਬਾ ਉਦੈ ਸਿੰਘ ਨੇ ਵੀ ਸਹਿਯੋਗ ਦਿੱਤਾ ਸੀ।

**ਆਦਿ-ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠਾਂ ਦੀ ਸੰਖੇਪ ਮਰਯਾਦਾ:**

ਇਸ ਪੁਸਤਕ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਅਖੰਡ ਪਾਠ, ਸਹਿਜ ਪਾਠ, ਮ੍ਰਿਤਕ ਨਮਿੱਤ ਪਾਠਾਂ ਦੀ ਜਾਣਕਾਰੀ ਅਤੇ ਮਰਯਾਦਾ, ਕੜਾਹ ਪ੍ਰਸ਼ਾਦਿ, ਕ੍ਰਿਪਾਨ ਭੇਟ ਤੋਂ ਇਲਾਵਾ ਅਖੰਡ ਪਾਠ ਸਾਹਿਬ ਵਿਚ ਪ੍ਰਯੋਗ ਹੋਣ ਵਾਲੀ ਸਮੱਗਰੀ ਦਾ ਵਰਨਣ ਕੀਤਾ ਗਿਆ ਹੈ। ਇਸ ਲਘੂ ਪੁਸਤਕ ਦੇ ਲੇਖਕ ਅਤੇ ਪ੍ਰਕਾਸ਼ਕ ਬਾਬਾ ਤੇਜਾ ਸਿੰਘ ਨਿਹੰਗ ਸਿੰਘ ਹਨ ਜਿਨ੍ਹਾਂ ਨੇ ਇਹ ਪੁਸਤਕ ਗੁਰਦੁਆਰਾ ਰਾਜਧਾਨੀ ਬੁੰਗਾ ਨਿਹੰਗ ਸਿੰਘਾਂ, ਪਿੰਡ ਮਹਿਰੋਂ, ਜ਼ਿਲ੍ਹਾ ਮੋਗਾ (ਪੰਜਾਬ) ਤੋਂ ਜੁਲਾਈ 1998 ਈ. ਵਿਚ ਪ੍ਰਕਾਸ਼ਿਤ ਕੀਤੀ ਗਈ ਸੀ। ਇਸ ਪੁਸਤਕ ਦੀ ਛਪਾਈ ਬੰਦੀਛੋੜ ਕਲਗੀਧਰ ਪ੍ਰਿੰਟਿੰਗ ਪ੍ਰੈੱਸ ਮਹਿਰੋਂ (ਮੋਗਾ) ਤੋਂ ਕੀਤੀ ਗਈ।

---

[20] ਕ੍ਰਿਪਾਲ ਸਿੰਘ ਲਿਖਾਰੀ ਬੁੱਢਾ ਦਲ, ਸਿੰਘ ਸਾਹਿਬ ਜਥੇਦਾਰ ਬਾਬਾ ਬਿਨੋਦ ਸਿੰਘ ਜੀ ਸੰਸਥਾਪਕ ਤਤ ਖਾਲਸਾ (ਬੁੱਢਾ ਦਲ), (ਪ੍ਰਕਾ.) ਬਾਵਾ ਤੇਜਭਾਨ ਸਿੰਘ, ਗੁ. ਦਰਬਾਰ ਸ੍ਰੀ ਗੁਰੂ ਅੰਗਦ ਸਾਹਿਬ, ਸਰਹੰਦੀ ਗੇਟ, ਪਟਿਆਲਾ, ਮਿਤੀਹੀਨ, ਪੰਨਾ ਅ.

**ਗ੍ਰੰਥ ਲੋਹ ਪ੍ਰਕਾਸ਼:**

ਇਹ ਲਘੂ ਪੁਸਤਕ ਤਖ਼ਤ ਸਚਖੰਡ ਸ੍ਰੀ ਹਜੂਰ ਸਾਹਿਬ ਦੇ ਗ੍ਰੰਥੀ ਅਕਾਲੀ ਹਜੂਰਾ ਸਿੰਘ ਨਿਹੰਗ ਸਿੰਘ ਦੀ ਰਚਨਾ ਹੈ। ਅਕਾਲੀ ਹਜੂਰਾ ਸਿੰਘ, ਅਕਾਲੀ ਕੌਰ ਸਿੰਘ ਦੇ ਮਿੱਤਰ ਸਨ। ਇਸ ਪੁਸਤਕ ਵਿਚ ਅਕਾਲੀ ਹਜੂਰਾ ਸਿੰਘ ਨੇ ਸਰਬਲੋਹ ਗ੍ਰੰਥ ਵਿਚੋਂ ਖਾਲਸੇ ਦੀ ਉਪਮਾ ਦੀਆਂ ਚੋਣਵੀਆਂ ਪੰਕਤੀਆਂ ਨੂੰ ਦਰਜ ਕੀਤਾ ਹੈ। ਇਸ ਪੁਸਤਕ ਦੀ ਭੂਮਿਕਾ ਅਕਾਲੀ ਕੌਰ ਸਿੰਘ ਨਿਹੰਗ ਨੇ ਲਿਖੀ ਸੀ। 1925 ਵਿਚ ਛਪੀ ਇਸ ਪੁਸਤਕ ਦੇ ਪ੍ਰਕਾਸ਼ਕ ਭਾਈ ਪ੍ਰਤਾਪ ਸਿੰਘ ਸੁੰਦਰ ਸਿੰਘ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਵਾਲੇ ਸਨ।

**ਆਤਮ ਬੋਧ:**

ਇਸ ਪੁਸਤਕ ਦੇ ਕਰਤਾ ਸੰਤ ਧਰਮ ਸਿੰਘ ਜਥੇਦਾਰ 'ਆਦੀ ਤਰਨਾ ਦਲ ਕੋਠਾ ਗੁਰੂ' ਹਨ ਅਤੇ ਪ੍ਰਕਾਸ਼ਕ ਜਥੇਦਾਰ ਭਾਈ ਹਾਕਮ ਸਿੰਘ ਕੋਠਾ ਗੁਰੂ ਹਨ। ਇਸ ਪੁਸਤਕ ਨੂੰ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਨੇ ਸੰਪਾਦਿਤ ਕੀਤਾ ਸੀ। ਇਸ ਪੁਸਤਕ ਵਿਚ ਇਤਿਹਾਸ, ਮਿਥਿਹਾਸ, ਵੇਦਾਂਤ, ਨਯਾਯ, ਯੋਗ, ਗੁਰਮਤਿ, ਗੁਰਬਾਣੀ, ਅੰਮ੍ਰਿਤ ਸੰਚਾਰ ਆਦਿ ਬਾਰੇ ਗਿਆਨ ਭਰਪੂਰ ਵੇਰਵੇ ਦਿੱਤੇ ਗਏ ਹਨ। ਇਹ ਪੁਸਤਕ ਬੈਂਤਾਂ ਵਿਚ ਲਿਖੀ ਗਈ ਹੈ ਅਤੇ ਪਿੰਡ ਕੋਠਾ ਗੁਰੂ, ਜ਼ਿਲ੍ਹਾ ਬਠਿੰਡਾ ਤੋਂ ਦੂਜੀ ਵਾਰ 2005 ਵਿਚ ਪ੍ਰਕਾਸ਼ਿਤ ਕੀਤੀ ਗਈ।

**ਸਿਕਲੀਗ੍ਰੀ ਪ੍ਰਕਾਸ਼:**

ਕਵੀ ਹਰਨਾਮ ਸਿੰਘ ਨਿਹੰਗ ਸਿੰਘ ਬੁੱਢਾ ਦਲ, ਪਟਿਆਲਾ ਨੇ 'ਸਿਕਲੀਗ੍ਰੀ ਪ੍ਰਕਾਸ਼' ਦੀ ਰਚਨਾ ਕੀਤੀ ਗਈ ਜੋ ਭਾਈ ਚਰਨ ਸਿੰਘ ਐਂਡ ਸੰਨਜ਼, ਅਦਾਲਤ ਬਜ਼ਾਰ, ਪਟਿਆਲਾ ਨੇ 25 ਮੱਘਰ 1993 ਨੂੰ ਛਾਪੀ। ਇਸ ਗ੍ਰੰਥ ਵਿਚ ਸਿਕਲੀਗਰਾਂ ਬਾਰੇ ਜਾਣਕਾਰੀ ਤੋਂ ਇਲਾਵਾ ਕੱਚੇ ਅਤੇ ਪੱਕੇ ਲੋਹੇ ਦੇ ਸ਼ਸਤਰਾਂ ਬਾਰੇ ਜ਼ਿਕਰ ਕੀਤਾ ਗਿਆ ਹੈ।

**ਸੂਰਜ ਵੰਸ਼ੀਯ ਖਾਲਸਾ ਪੰਥ:**

ਇਹ ਪੁਸਤਕ ਨਿਹੰਗ ਸੰਪੂਰਣ ਸਿੰਘ ਦੀ ਰਚਨਾ ਹੈ। ਇਹ ਪੁਸਤਕ ਸਵਾਮੀ ਸੰਤੋਸ਼ਾਨੰਦ ਜੀ ਨੇ ਸ੍ਰੀ ਚੰਦ ਪ੍ਰੈੱਸ ਅੰਮ੍ਰਿਤਸਰ ਵਿਚ ਛਾਪ ਕੇ ਪ੍ਰਕਾਸ਼ਿਤ ਕੀਤੀ। ਲੇਖਕ ਨੇ ਮੁਖ ਪੰਨੇ 'ਤੇ ਲਿਖਿਆ ਹੈ ਕਿ ਇਹ ਪੁਸਤਕ 'ਸਵਾਮੀ ਸੰਤੋਸ਼ਾਨੰਦ ਜੀ ਨੇ ਸਨਾਤਨ ਮਰਯਾਦਾ ਕੇ ਪ੍ਰੇਮੀਓਂ ਕੇ ਲਾਭ ਕੇ ਲੀਏ' ਛਪਵਾਈ ਗਈ।

ਇਸ ਪੁਸਤਕ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਲਿਖਾਰੀ ਉੱਤੇ ਸਨਾਤਨੀ ਮੱਤ ਦਾ ਪ੍ਰਭਾਵ ਸੀ। ਇਸ ਪੁਸਤਕ ਦੇ ਅੰਦਰਲੇ ਪੰਨੇ ਉੱਤੇ ਲੇਖਕ ਨਿਹੰਗ ਸੰਪੂਰਣ ਸਿੰਘ ਦੀ ਤਸਵੀਰ ਛਪੀ ਹੋਈ ਹੈ।

**ਗੁਰੂ ਸ਼ਬਦ ਰਤਨ ਪ੍ਰਕਾਸ਼:**

ਇਹ ਪੁਸਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਤੁਕ ਤਤਕਰਾ ਹੈ। ਇਸ ਪੁਸਤਕ ਦੇ ਕਰਤਾ ਅਕਾਲੀ ਕੌਰ ਸਿੰਘ ਨਿਹੰਗ ਹਨ। ਅਕਾਲੀ ਜੀ ਨੇ 1907 ਈ. ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਤੁਕ ਤਤਕਰਾ ਬਣਾਉਣਾ ਸ਼ੁਰੂ ਕੀਤਾ ਜੋ ਕਿ 1920 ਈ. ਵਿਚ ਮੁਕੰਮਲ ਹੋਇਆ ਅਤੇ 1923 ਈ. ਵਿਚ 'ਗੁਰੂ ਸ਼ਬਦ ਰਤਨ ਪ੍ਰਕਾਸ਼' ਨਾਮ ਹੇਠ ਛਪਿਆ। ਇਹ ਰਚਨਾ ਅਕਾਲੀ ਜੀ ਦੀ ਲਗਭਗ ਵੀਹ ਸਾਲਾਂ ਦੀ ਮਿਹਨਤ ਸੀ। ਉਸ ਤੋਂ ਬਾਅਦ ਇਹ ਪੁਸਤਕ 30 ਅਪ੍ਰੈਲ 1963 ਈ. ਵਿਚ ਭਾਸ਼ਾ ਵਿਭਾਗ ਪੰਜਾਬ ਵਲੋਂ ਛਾਪੀ ਗਈ। ਇਸ ਪੁਸਤਕ ਦੀ ਭੂਮਿਕਾ ਵਿਚ ਅਕਾਲੀ ਜੀ ਨੇ 'ੴ ਸਤਿਗੁਰ ਪ੍ਰਸਾਦਿ' ਮੰਗਲਾਚਰਨ ਕੀਤਾ ਹੈ। ਇਸ ਗ੍ਰੰਥ ਦੇ ਮੁਖ ਬੰਧ ਵਿਚ ਭਾਈ ਕਾਨ੍ਹ ਸਿੰਘ ਨਾਭਾ ਨੇ ਲਿਖਿਆ ਹੈ ਕਿ ਅਕਾਲੀ ਕੌਰ ਸਿੰਘ ਨੇ 'ਅਕਾਲੀ' ਪਦਵੀ ਸਫਲ ਕਰਨ ਲਈ, ਅਕਾਲੀ ਬਾਣੀ ਦੀ ਇਹ ਮਹਾਨ ਸੇਵਾ ਕਰਕੇ ਸਿੱਖ ਕੌਮ ਦੀ ਲੋੜ ਪੂਰੀ ਕੀਤੀ ਹੈ।[21] ਸ੍ਰੀ ਹਜ਼ੂਰ ਸਾਹਿਬ ਜੀ ਦੇ ਹੈੱਡਗ੍ਰੰਥੀ ਅਕਾਲੀ ਹਜ਼ੂਰਾ ਸਿੰਘ ਜੀ ਨਿਹੰਗ ਸਿੰਘ ਨੇ ਵੀ ਇਸ ਤੁਕ ਤਤਕਰੇ ਨੂੰ ਤਿਆਰ ਕਰਨ ਵਿਚ ਅਕਾਲੀ ਕੌਰ ਸਿੰਘ ਜੀ ਨੂੰ ਸਹਿਯੋਗ ਦਿੱਤਾ ਸੀ।[22]

**ਹਜ਼ੂਰੀ ਸਾਥੀ:**

ਅਕਾਲੀ ਕੌਰ ਸਿੰਘ ਜੀ ਨੇ ਹਜ਼ੂਰੀ ਸਾਥੀ ਪੁਸਤਕ ਪੋਹ-ਮਾਘ 1986 ਬਿਕਰਮੀ ਮੁਤਾਬਿਕ 1929 ਈ. ਨੂੰ ਲਿਖੀ।[23] ਇਹ ਪੁਸਤਕ ਵਿਸਾਖ ਖਾਲਸਾ ਸੰਮਤ 236 ਮੁਤਾਬਿਕ 1991 ਅਨੁਸਾਰ 1934 ਈ. ਵਿਚ ਅਕਾਲੀ ਪੱਤ੍ਰਿਕਾ ਪ੍ਰੈੱਸ, ਲਾਹੌਰ ਤੋਂ ਪ੍ਰਕਾਸ਼ਿਤ ਕੀਤੀ ਗਈ। ਇਹ ਪੁਸਤਕ ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਇਤਿਹਾਸ, ਮਰਯਾਦਾ ਅਤੇ ਪ੍ਰਬੰਧਕੀ ਢਾਂਚੇ ਬਾਰੇ ਜਾਣਕਾਰੀ ਦਿੰਦੀ ਹੈ ਅਤੇ ਤਖ਼ਤ ਸਾਹਿਬ 'ਤੇ ਪਹੁੰਚਣ ਲਈ ਇਕ ਮਾਰਗ ਦਰਸ਼ਨ ਸਾਬਿਤ ਹੁੰਦੀ ਹੈ। ਭਾਵੇਂ ਵੇਖਣ ਨੂੰ ਇਹ ਪੁਸਤਕ ਇਕ

---

[21] ਕੌਰ ਸਿੰਘ ਅਕਾਲੀ, ਗੁਰੂ ਸ਼ਬਦ ਰਤਨ ਪ੍ਰਕਾਸ਼, ਭਾਸ਼ਾ ਵਿਭਾਗ ਪੰਜਾਬ, ਅਪ੍ਰੈਲ 1963, ਪੰਨਾ (ਮੁਖਬੰਧ)

[22] ਹਿੰਮਤ ਸਿੰਘ, ਅਕਾਲੀ ਕੌਰ ਸਿੰਘ, ਜੀਵਨ, ਵਿਅਕਤੀਤ੍ਵ ਤੇ ਸਾਹਿਤ ਰਚਨਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ, 2000, ਪੰਨਾ 65.

[23] ਉਹੀ, ਪੰਨਾ 73 (ਫੁਟਨੋਟ)

ਛੋਟੀ ਕਿਤਾਬ, ਟ੍ਰੈਕਟ ਜਾਂ ਕਿਤਾਬਚਾ ਲੱਗੇ ਪਰ ਇਸ ਪੁਸਤਕ ਵਿਚ ਸ੍ਰੀ ਹਜ਼ੂਰ ਸਾਹਿਬ ਦਾ ਲਗਭਗ ਸਮੁੱਚਾ ਇਤਿਹਾਸ ਦਰਜ ਹੈ। ਸ੍ਰੀ ਹਜ਼ੂਰ ਸਾਹਿਬ ਦੇ ਪ੍ਰਬੰਧਕੀ ਢਾਂਚੇ ਨਾਲ ਸੰਬੰਧਿਤ ਜ਼ੁੰਮੇਵਾਰ ਲੋਕਾਂ ਨੂੰ ਤਖ਼ਤ ਸਾਹਿਬ ਦੀ ਮਰਯਾਦਾ ਤੋਂ ਸੁਚੇਤ ਕਰਵਾ ਕੇ ਮਨਮਤਿ ਕਰਨ ਤੋਂ ਗੁਰੇਜ਼ ਕਰਨ ਲਈ ਇਹ ਪੁਸਤਕ ਲਾਹੇਵੰਦ ਹੈ।[24]

ਇਹ ਪੁਸਤਕ ਇਕ ਰਿਕਾਰਡ ਪੁਸਤਕ ਵੀ ਹੈ ਜੋ ਕਿ ਤਖ਼ਤ ਸਾਹਿਬ ਦੇ ਮੁਖ ਅਸਥਾਨ ਅਤੇ ਨਾਲ ਲਗਦੇ ਦੂਜੇ ਇਤਿਹਾਸਿਕ ਗੁਰਦੁਆਰਿਆਂ ਅਤੇ ਖਸਤਾ ਹਾਲਤ ਵਿਚ ਪਏ ਹੋਏ ਬੁੰਗਿਆਂ ਦੇ ਸਹੀ-ਸਹੀ ਹਵਾਲੇ ਬਾਰੇ ਜਾਣਕਾਰੀ ਦਰਸਾਉਂਦੀ ਹੈ। ਸ੍ਰੀ ਹਜ਼ੂਰ ਸਾਹਿਬ ਦੀ ਪਰੰਪਰਾਗਤ ਅਤੇ ਨਵੀਨ ਮਰਯਾਦਾ ਬਾਰੇ ਜਾਣਕਾਰੀ ਦੇਣ ਦਾ ਇਹ ਪਹਿਲਾ ਉਪਰਾਲਾ ਹੈ।[25] ਇਸ ਪੁਸਤਕ ਵਿਚ ਅਕਾਲੀ ਜੀ ਨੇ ਤਖ਼ਤ ਸਾਹਿਬ, ਗੁਰਦੁਆਰਾ ਹੀਰਾ ਘਾਟ, ਗੁਰਦੁਆਰਾ ਨਗੀਨਾ ਘਾਟ ਆਦਿਕ ਗੁਰਦੁਆਰਿਆਂ ਦੀਆਂ ਤਸਵੀਰਾਂ ਵੀ ਦਰਸਾਈਆਂ ਹਨ ਜੋ ਕਿ ਹੁਣ ਦੁਰਲੱਭ ਹਨ ਅਤੇ ਉਸ ਸਮੇਂ ਦੀਆਂ ਪੁਰਾਤਨ ਇਮਾਰਤਾਂ ਨੂੰ ਭਲੀ ਭਾਂਤ ਦਿਖਾਉਂਦੀਆਂ ਹਨ। ਇਹ ਪੁਸਤਕ ਬੁੱਢਾ ਦਲ ਅਤੇ ਨਾਂਦੇੜ ਵਿਖੇ ਰਹਿਣ ਵਾਲੇ ਨਿਹੰਗ ਸਿੰਘਾਂ ਬਾਰੇ ਜਾਣਕਾਰੀ ਪ੍ਰਦਾਨ ਕਰਨ ਵਾਲਾ ਸ੍ਰੋਤ ਵੀ ਹੈ। 'ਹਜ਼ੂਰੀ ਸਾਥੀ' ਵਿਚ ਬਹੁਤ ਵਿਸਥਾਰ ਵਿਚ ਤਖ਼ਤ ਸਾਹਿਬ ਦੇ ਜਥੇਦਾਰਾਂ ਦੇ ਕਾਰਜਕਾਲ ਦਾ ਵੇਰਵਾ ਦਿੱਤਾ ਗਿਆ ਹੈ।[26] ਅਕਾਲੀ ਜੀ ਦੇ ਸਮਕਾਲੀ ਵਿਦਵਾਨ ਅਤੇ ਉਨ੍ਹਾਂ ਦੇ ਮਿੱਤਰ ਭਾਈ ਕਾਨ੍ਹ ਸਿੰਘ ਨਾਭਾ ਨੇ ਹਰ ਸਿੱਖ ਨੂੰ ਇਹ ਪੁਸਤਕ ਆਪਣੇ ਕੋਲ ਰਖਣ ਦੀ ਸਲਾਹ ਦਿੱਤੀ ਸੀ।[27]

**ਅਕਾਲੀ ਕੌਰ ਸਿੰਘ ਨਿਹੰਗ ਦੀਆਂ ਹੋਰ ਰਚਨਾਵਾਂ:**

1925-26 ਈ. ਦੇ ਫੁਲਵਾੜੀ ਦੇ ਸਿੱਖ ਇਤਿਹਾਸ ਅੰਕ ਵਿਚ ਅਕਾਲੀ ਕੌਰ ਸਿੰਘ ਜੀ ਦੇ ਲੇਖ ਛਪੇ ਸਨ। ਅਕਾਲੀ ਕੌਰ ਸਿੰਘ ਜੀ ਦੁਆਰਾ ਸੰਪਾਦਿਤ 'ਸ੍ਰੀ ਗੁਰ ਸੋਭਾ' ਨੂੰ 1925 ਈ. ਵਿਚ ਪ੍ਰਕਾਸ਼ਿਤ ਕੀਤਾ ਗਿਆ। 1929 ਈ. ਵਿਚ 'ਵਾਰਾਂ ਭਾਈ ਗੁਰਦਾਸ ਜੀ (ਤੁਕ ਤਤਕਰਾ)' ਤਿਆਰ ਕੀਤਾ ਗਿਆ। ਇਸ

---

[24] ਉਹੀ, ਪੰਨੇ 73-74.

[25] ਉਹੀ, ਪੰਨੇ 77-78.

[26] ਕੌਰ ਸਿੰਘ ਨਿਹੰਗ (ਅਕਾਲੀ), ਹਜ਼ੂਰੀ ਸਾਥੀ, ਅਕਾਲੀ ਪਤ੍ਰਕਾ ਪ੍ਰੈਸ, ਲਾਹੌਰ, 1934, ਪੰਨਾ 14.

[27] ਉਹੀ, ਪੰਨਾ 5.

ਤੋਂ ਇਲਾਵਾ ਕੁਝ ਹੋਰ ਵੀ ਰਚਨਾਵਾਂ ਛਪੀਆਂ ਹਨ ਜਿਵੇਂ ਕਿ 'ਪ੍ਰਮਾਣਿਕ ਨਿੱਤਨੇਮ ਗੁਟਕਾ ਸਾਹਿਬ', 'ਬੁਧਿਬਾਰਧ ਹਿਤ-ਉਪਦੇਸ਼ ਰਤਨਾਕਾਰ' ਆਦਿ। ਇਸਤਰੀ ਸੁਧਾਰ ਲਈ 1925 ਈ. ਵਿਚ 'ਇਸਤਰੀ ਸੰਕਟ ਮੋਚਨ' ਦਾ ਪ੍ਰਕਾਸ਼ਨ ਕੀਤਾ।[28] ਅਕਾਲੀ ਜੀ ਨੇ ਇਕ ਸੰਸਕ੍ਰਿਤ ਰਚਨਾ 'ਪੰਚ ਤੰਤ੍ਰ' ਦਾ ਪੰਜਾਬੀ ਅਨੁਵਾਦ ਵੀ ਕੀਤਾ ਅਤੇ ਆਯੁਰਵੈਦਿਕ ਇਲਾਜ ਨਾਲ ਸੰਬੰਧਿਤ 'ਸੁਖ ਸਾਗਰ' ਨਾਂ ਦੀ ਪੁਸਤਕ ਵੀ ਛਾਪੀ।[29] ਅਕਾਲੀ ਕੌਰ ਸਿੰਘ ਜੀ ਨੇ 'ਆਸ਼੍ਰਮ ਸਮਾਚਾਰ' ਨਾਂ ਦਾ ਇਕ ਸੂਚਨਾ ਪੱਤਰ ਵੀ ਛਾਪਣਾ ਸ਼ੁਰੂ ਕੀਤਾ ਜਿਸਦਾ ਨਾਮ ਬਾਅਦ ਵਿਚ 'ਕਸ਼ਮੀਰ ਸਿੱਖ ਸਮਾਚਾਰ' ਰਖਿਆ ਗਿਆ।[30] ਅਕਾਲੀ ਜੀ ਨੇ ਕੁਝ ਪੁਰਾਤਨ ਸਰੂਪਾਂ ਬਾਰੇ ਵੀ ਵਡਮੁੱਲੀ ਜਾਣਕਾਰੀ ਦਿੱਤੀ ਹੈ।[31]

**ਖਾਲਸਾ ਪ੍ਰਕਾਸ਼ ਅਸਤੋਤ੍ਰ ਸੰਗ੍ਰਹਿ:**

ਇਸ ਪੁਸਤਕ ਦੇ ਪ੍ਰਕਾਸ਼ਕ ਜਥੇਦਾਰ ਬਾਬਾ ਸੰਤਾ ਸਿੰਘ ਹਨ। ਇਹ ਪੁਸਤਕ ਬੁੱਢਾ ਦਲ ਪ੍ਰਿੰਟਿੰਗ ਪ੍ਰੈੱਸ, ਗੁਰੂ ਕਾ ਬਾਗ, ਅਨੰਦਪੁਰ ਸਾਹਿਬ ਤੋਂ ਪ੍ਰਕਾਸ਼ਿਤ ਕੀਤੀ ਗਈ ਸੀ। ਇਸ ਪੁਸਤਕ ਵਿਚ ਬਚਿਤਰ ਨਾਟਕ, ਕ੍ਰਿਸ਼ਨਾਵਤਾਰ, ਸ਼ਸਤ੍ਰ ਨਾਮ ਮਾਲਾ, ਅਕਾਲ ਉਸਤਤਿ ਅਤੇ ਬ੍ਰਹਮ ਕਵਚ ਆਦਿ ਬਾਣੀਆਂ ਵਿਚੋਂ ਅਸਤੋਤ੍ਰ ਦਰਜ ਕੀਤੇ ਗਏ ਹਨ।

**ਸ਼ਸਤ੍ਰ ਵਿੱਦਿਆ:**

ਇਹ ਪੁਸਤਕ ਬੁੱਢਾ ਦਲ ਦੇ ਗੱਤਕਾ ਮਾਸਟਰ ਬਾਬਾ ਗਿਆਨ ਸਿੰਘ ਜੀ 'ਸੁੰਤਤਰ' ਨੇ ਲਿਖੀ ਹੈ। ਇਹ ਪੁਸਤਕ ਸ਼ਸਤਰਧਾਰੀ ਅਤੇ ਗੱਤਕਈ ਸਿੰਘਾਂ ਲਈ ਬਹੁਤ ਲਾਹੇਵੰਦ ਹੈ। ਇਸ ਪੁਸਤਕ ਦੇ ਪ੍ਰਕਾਸ਼ਕ ਜਥੇਦਾਰ ਬਾਬਾ ਸੰਤਾ ਸਿੰਘ ਹਨ। ਇਹ ਪੁਸਤਕ ਬੁੱਢਾ ਦਲ ਪ੍ਰਿੰਟਿੰਗ ਪ੍ਰੈੱਸ, ਲੋਇਰ ਮਾਲ ਰੋਡ, ਪਟਿਆਲਾ ਤੋਂ ਛਾਪੀ ਗਈ ਸੀ।

**ਖਾਲਸਾ ਗੁਰਮਤਿ ਖੋਜ ਪ੍ਰਕਾਸ਼:**

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪੁਰਾਤਨ ਬੀੜਾਂ ਸੰਬੰਧੀ ਇਹ ਦੁਰਲੱਭ ਪੁਸਤਕ ਹੈ। ਗੱਤਕਾ ਮਾਸਟਰ ਬਾਬਾ ਗਿਆਨ ਸਿੰਘ ਜੀ 'ਸੁਤੰਤਰ' ਨੇ ਇਸ ਪੁਸਤਕ ਵਿਚ ਪੁਰਾਤਨ ਬੀੜਾਂ ਦੇ ਪਾਠਾਂਤਰ ਭੇਦਾਂ

---

[28] ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਦੂਜਾ, ਗਰੇਸ਼ੀਅਸ ਬੁਕਸ, ਪਟਿਆਲਾ, 2014, ਪੰਨਾ 604.

[29] ਉਹੀ, ਪੰਨਾ 604-605.

[30] ਉਹੀ, 604.

[31] ਕੌਰ ਸਿੰਘ ਨਿਹੰਗ (ਅਕਾਲੀ), ਹਜ਼ੂਰੀ ਸਾਥੀ, ਪੰਨਾ 144.

ਨੂੰ ਖੋਜ ਕਰ ਕੇ ਲਿਖਿਆ ਹੈ। ਇਹ ਪੁਸਤਕ ਜਥੇਦਾਰ ਬਾਬਾ ਸੰਤਾ ਸਿੰਘ ਦੁਆਰਾ ਬੁੱਢਾ ਦਲ ਪ੍ਰਿੰਟਿੰਗ ਪ੍ਰੈੱਸ, ਲੋਇਰ ਮਾਲ ਰੋਡ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤੀ ਗਈ ਸੀ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ-ਭੇਦਾਂ ਦੀ ਸੂਚੀ (ਭਾਗ ਪਹਿਲਾ):**

ਇਸ ਪੁਸਤਕ ਦਾ ਪੂਰਾ ਨਾਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸੰਥਾ-ਸੈਂਚੀਆਂ ਅਤੇ ਪੁਰਾਤਨ ਹੱਥ ਲਿਖਤ ਪਾਵਨ ਬੀੜਾਂ ਦੇ ਪਰਸਪਰ ਪਾਠ-ਭੇਦਾਂ ਦੀ ਸੂਚੀ' ਹੈ। ਇਸ ਪੁਸਤਕ ਨੂੰ ਗਿਆਨ ਸਿੰਘ 'ਸੁਤੰਤਰ' ਨਿਹੰਗ ਸਿੰਘ, ਸ: ਰਣਧੀਰ ਸਿੰਘ ਅਤੇ ਗਿਆਨੀ ਕੁੰਦਨ ਸਿੰਘ ਨੇ ਸੰਪਾਦਿਤ ਕੀਤਾ। ਇਸ ਪੁਸਤਕ ਦਾ ਮੁਖ ਬੰਧ ਸ੍ਰੀ ਦਰਬਾਰ ਸਾਹਿਬ ਦੇ ਹੈੱਡਗ੍ਰੰਥੀ ਗਿਆਨੀ ਕਿਰਪਾਲ ਸਿੰਘ ਜੀ ਨੇ ਲਿਖਿਆ ਹੈ ਜਿਸ ਵਿਚ ਇਸ ਪੁਸਤਕ ਨੂੰ ਲਿਖਣ ਦੀ ਲੋੜ ਬਾਰੇ ਲਿਖਿਆ ਹੈ ਕਿ ਪੁਰਾਤਨ ਅਤੇ ਹੱਥ ਲਿਖਤ ਬੀੜਾਂ ਵਿਚਲੇ ਪਾਠ-ਭੇਦਾਂ ਪ੍ਰਤੀ ਵਿਦਵਾਨਾਂ ਵਿਚ ਸ਼ੰਕਿਆਂ ਦੇ ਨਿਵਾਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵਲੋਂ ਇਕ ਸਬ-ਕਮੇਟੀ ਬਣਾਈ ਜਿਸ ਵਿਚ ਉਪਰੋਕਤ ਤਿੰਨੋਂ ਵਿਦਵਾਨ ਸ਼ਾਮਿਲ ਸਨ। ਇਨ੍ਹਾਂ ਤਿੰਨਾਂ ਵਿਦਵਾਨਾਂ ਨੇ ਸਿੱਖ ਰੈਫਰੈਂਸ ਲਾਇਬ੍ਰੇਰੀ ਵਿਚ ਸੁਰੱਖਿਅਤ ਲਗਭਗ ਪੰਜ ਸੌ ਪੁਰਾਤਨ ਹੱਥ ਲਿਖਤ ਬੀੜਾਂ ਦਾ ਅਧਿਐਨ ਕਰਕੇ ਸੂਚੀ ਤਿਆਰ ਕੀਤੀ ਜੋ ਕਿ ਇਸ ਪੁਸਤਕ ਦੇ ਰੂਪ ਵਿਚ ਬਣਾਈ ਗਈ।[32] ਇਹ ਪੁਸਤਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵਲੋਂ ਜਨਵਰੀ 1977 ਨੂੰ ਪ੍ਰਕਾਸ਼ਿਤ ਕੀਤੀ ਗਈ ਸੀ। ਇਸ ਪੁਸਤਕ ਦੀ ਇਕ ਨਕਲ ਗਿਆਨੀ ਗੁਰਜੰਟ ਸਿੰਘ (ਮੁਖੀ, ਪੁਰਾਤਨ ਸਾਹਿਤ ਸੰਭਾਲ ਸੇਵਾ ਸੁਸਾਇਟੀ, ਪਟਿਆਲਾ) ਕੋਲ ਮੌਜੂਦ ਹੈ।

**ਖਾਲਸਈ ਬੋਲੇ:**

ਖਾਲਸਈ ਬੋਲਿਆਂ ਨਾਲ ਸੰਬੰਧਿਤ ਇਕ ਲਘੂ ਪੁਸਤਕ ਜਥੇਦਾਰ ਬਾਬਾ ਸੰਤਾ ਸਿੰਘ ਜੀ ਵਲੋਂ ਪ੍ਰਕਾਸ਼ਿਤ ਕੀਤੀ ਗਈ ਸੀ। ਇਸ ਪੁਸਤਕ ਵਿਚ ਖਾਲਸਈ ਬੋਲਿਆਂ ਦਾ ਵਿਸਥਾਰ ਵਿਚ ਵਰਨਣ ਕੀਤਾ ਗਿਆ ਹੈ। ਇਸ ਪੁਸਤਕ ਦੀ ਸ਼ਬਦਾਵਲੀ ਪਿਆਰਾ ਸਿੰਘ ਪਦਮ ਦੀ ਪੁਸਤਕ 'ਖਾਲਸਈ ਬੋਲੇ' ਨਾਲ ਮੇਲ ਖਾਂਦੀ ਹੈ।

---

[32] ਰਣਧੀਰ ਸਿੰਘ, ਕੁੰਦਨ ਸਿੰਘ ਗਿਆਨੀ ਅਤੇ ਗਿਆਨ ਸਿੰਘ ਨਿਹੰਗ (ਭਾਈ) (ਸੰਪਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਸੰਥਾ-ਸੈਂਚੀਆਂ ਅਤੇ ਪੁਰਾਤਨ ਹੱਥ ਲਿਖਿਤ ਪਾਵਨ ਬੀੜਾਂ ਦੇ ਪਰਸਪਰ ਪਾਠ-ਭੇਦਾਂ ਦੀ ਸੂਚੀ, ਭਾਗ ਪਹਿਲਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਜਨਵਰੀ 1977, ਪੰਨਾ ੲ (ਮੁਖਬੰਧ)

**ਵਿਰਾਸਤ ਖਾਲਸਾ ਪੰਥ ਬੁੱਢਾ ਦਲ ਪੰਜਵਾਂ ਤਖ਼ਤ**:

ਇਸ ਪੁਸਤਕ ਦੇ ਸੰਪਾਦਕ ਦਿਲਜੀਤ ਸਿੰਘ ਬੇਦੀ ਹਨ। ਇਹ ਪੁਸਤਕ ਬੁੱਢਾ ਦਲ ਦੇ ਮੌਜੂਦਾ ਜਥੇਦਾਰ ਬਾਬਾ ਬਲਬੀਰ ਸਿੰਘ ਵਲੋਂ ਦਸੰਬਰ 2019 ਵਿਚ ਪ੍ਰਕਾਸ਼ਿਤ ਕੀਤੀ ਗਈ। ਇਸ ਪੁਸਤਕ ਵਿਚ ਬੁੱਢਾ ਦਲ ਦੇ ਜਥੇਦਾਰਾਂ ਸੰਬੰਧੀ ਜਾਣਕਾਰੀ ਅਤੇ ਨਿਹੰਗ ਸਿੰਘਾਂ ਵਲੋਂ ਪੜ੍ਹੀ ਜਾਂਦੀ ਜੰਗੀ ਬਾਣੀ ਦਾ ਜ਼ਿਕਰ ਕੀਤਾ ਗਿਆ ਹੈ।

**ਖਾਲਸੇ ਦੀ ਮਾਤਾ, ਮਾਤਾ ਸਾਹਿਬ ਦੇਵਾਂ ਜੀ**:

ਇਹ ਪੁਸਤਕ ਸੰਤ ਗਿਆਨੀ ਸੁਰਜੀਤ ਸਿੰਘ ਮਹਿਰੋਂ ਵਾਲਿਆਂ ਦੀ ਰਚਨਾ ਹੈ। ਇਹ ਪੁਸਤਕ 'ਗੁਰਦੁਆਰਾ ਮਾਤਾ ਸਾਹਿਬ ਦੇਵਾਂ ਜੀ ਸ੍ਰੀ ਹਜ਼ੂਰ ਸਾਹਿਬ, ਨਾਂਦੇੜ ਦੇ ਮੁਖੀ ਅਤੇ ਸਮੂਹ ਪ੍ਰਬੰਧਕੀ ਜਥੇ ਵਲੋਂ ਪਹਿਲੀ ਵਾਰ ਅਕਤੂਬਰ 2014 ਈ. ਵਿਚ ਪ੍ਰਕਾਸ਼ਿਤ ਕੀਤੀ ਗਈ। ਇਸ ਪੁਸਤਕ ਵਿਚ ਮਾਤਾ ਸਾਹਿਬ ਕੌਰ ਜੀ ਦੇ ਬਚਪਨ ਤੋਂ ਲੈ ਕੇ ਸਚਖੰਡ ਗਵਨ ਤੱਕ ਦੇ ਜੀਵਨ ਸੰਬੰਧੀ ਵੱਡਮੁੱਲੀ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ।

**ਦੋ ਗੁਰਸਿੱਖ ਨਿਰਮੋਲਕ ਹੀਰੇ**:

ਇਹ ਪੁਸਤਕ ਬੁੱਢਾ ਦਲ ਦੇ ਲਿਖਾਰੀ ਗਿਆਨੀ ਕ੍ਰਿਪਾਲ ਸਿੰਘ ਵੜੈਚ ਦੁਆਰਾ ਲਿਖੀ ਗਈ ਅਤੇ ਜੂਨ 1996 ਈ. ਵਿਚ ਲੇਖਕ ਵਲੋਂ ਪ੍ਰਕਾਸ਼ਿਤ ਕੀਤੀ ਗਈ ਸੀ। ਲਿਖਾਰੀ ਕ੍ਰਿਪਾਲ ਸਿੰਘ, ਪਿੰਡ ਕੌਲ, ਨਾਭਾ, ਜ਼ਿਲ੍ਹਾ ਪਟਿਆਲਾ ਦੇ ਰਹਿਣ ਵਾਲੇ ਸਨ। ਇਹ ਪੁਸਤਕ ਬੁੱਢਾ ਦਲ ਦੇ ਦੋ ਮਹਾਨ ਮਹਾਂਪੁਰਖ ਬ੍ਰਹਮ ਗਿਆਨੀ ਬਾਬਾ ਮਿੱਤ ਸਿੰਘ ਜੀ ਅਤੇ ਬਾਬਾ ਧਰਮ ਸਿੰਘ ਜੀ ਦੇ ਜੀਵਨ ਉੱਪਰ ਅਧਾਰਿਤ ਹੈ। ਇਸ ਪੁਸਤਕ ਵਿਚ ਬਾਬਾ ਮਿੱਤ ਸਿੰਘ ਅਤੇ ਬਾਬਾ ਧਰਮ ਸਿੰਘ ਜੀ ਦੇ ਬਚਪਨ, ਉਨ੍ਹਾਂ ਦੁਆਰਾ ਪੰਜਾਬ ਤੋਂ ਨੰਗੇ ਪੈਰੀਂ ਪੈਦਲ ਤੁਰ ਕੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਜਾਣ ਦਾ ਜ਼ਿਕਰ ਅਤੇ ਨਾਂਦੇੜ ਵਿਖੇ ਮਾਤਾ ਸਹਿਬ ਕੌਰ ਜੀ ਦੇ ਅਸਥਾਨ ਦੀ ਸੇਵਾ ਦਾ ਵਿਸਥਾਰ ਵਿਚ ਵਰਨਣ ਕੀਤਾ ਗਿਆ ਹੈ। ਇਹ ਪੁਸਤਕ ਬੁੱਢਾ ਦਲ ਦੇ ਜਥੇਦਾਰ ਬਾਬਾ ਹਨੂਮਾਨ ਸਿੰਘ, ਜਥੇਦਾਰ ਬਾਬਾ ਪ੍ਰਹਿਲਾਦ ਸਿੰਘ, ਜਥੇਦਾਰ ਬਾਬਾ ਗਿਆਨਾ ਸਿੰਘ, ਜਥੇਦਾਰ ਬਾਬਾ ਤੇਜਾ ਸਿੰਘ, ਜਥੇਦਾਰ ਬਾਬਾ ਸਾਹਿਬ ਸਿੰਘ ਕਲਾਧਾਰੀ ਦੇ ਜੀਵਨ ਅਤੇ ਉਸ ਸਮੇਂ ਦੀਆਂ ਘਟਨਾਵਾਂ ਨੂੰ ਦਰਸਾਉਂਦੀ ਹੈ।

**ਤਰਨਾ ਦਲ ਸ੍ਰੀ ਮਿਸਲ ਸ਼ਹੀਦਾਂ ਦਾ ਬੰਸਾਵਲੀ ਨਾਮਹ ਅਤੇ ਇਤਿਹਾਸਕ ਰਚਨਾ:**

ਇਸ ਪੁਸਤਕ ਦੇ ਸੰਪਾਦਕ ਜਥੇਦਾਰ ਬਾਬਾ ਗੱਜਣ ਸਿੰਘ ਜੀ ਹਨ। ਇਹ ਪੁਸਤਕ ਜੂਨ 2015 ਵਿਚ ਜਥੇਦਾਰ ਬਾਬਾ ਮੱਖਣ ਸਿੰਘ ਜੀ, ਚੌਦਵੇਂ ਮੁਖੀ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਬਾਬਾ ਬਕਾਲਾ ਸਾਹਿਬ ਵਲੋਂ ਪ੍ਰਕਾਸ਼ਿਤ ਕੀਤੀ ਗਈ ਸੀ। ਇਸ ਪੁਸਤਕ ਵਿਚ ਬਾਬਾ ਦੀਪ ਸਿੰਘ ਜੀ ਤੋਂ ਲੈ ਕੇ ਬਾਬਾ ਮੱਖਣ ਸਿੰਘ ਜੀ ਤੱਕ ਤਰਨਾ ਦਲ ਦੇ ਸਮੂਹ ਜਥੇਦਾਰਾਂ ਦੇ ਜੀਵਨ-ਇਤਿਹਾਸ ਦੀ ਵਿਸਥਾਰ ਵਿਚ ਜਾਣਕਾਰੀ ਦਿੱਤੀ ਗਈ ਹੈ।

**ਪੰਥਕ ਸੰਪਰਦਾਈ ਗੁਰਬਾਣੀ ਉੱਚਾਰਣ ਬੋਧ (ਭਾਗ ਪਹਿਲਾ):**

ਇਸ ਦੇ ਲੇਖਕ ਗਿਆਨੀ ਗੁਰਵਿੰਦਰ ਸਿੰਘ ਨੰਗਲੀ ਹਨ। ਇਸ ਪੁਸਤਕ ਦੇ ਸੰਪਾਦਕ ਗਿਆਨੀ ਮਹਿਤਾਬ ਸਿੰਘ ਭੰਬੋਈ ਅਤੇ ਗਿਆਨੀ ਤਰਲੋਚਨ ਸਿੰਘ ਮਹੰਤ ਹਨ। ਇਹ ਪੁਸਤਕ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਪੰਦਰ੍ਹਵੇਂ ਅਤੇ ਮੌਜੂਦਾ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਗੱਜਣ ਸਿੰਘ ਜੀ ਵਲੋਂ ਦਸੰਬਰ 2017 ਵਿਚ ਪ੍ਰਕਾਸ਼ਿਤ ਕੀਤੀ ਗਈ। ਇਸ ਪੁਸਤਕ ਦੇ 25 ਸਕੰਧ ਹਨ। ਇਸ ਪੁਸਤਕ ਵਿਚ ਗੁਰਮੁਖੀ ਵਰਣਮਾਲਾ, ਮੁਹਾਰਨੀ, ਨਿਹੰਗ ਸਿੰਘਾਂ ਬਾਰੇ ਫੁਟਕਲ ਜਾਣਕਾਰੀ ਅਤੇ ਗੁਰਬਾਣੀ ਦੇ ਸੰਪਰਦਾਈ ਉਚਾਰਣਾਂ ਨੂੰ ਦਰਸਾਇਆ ਗਿਆ ਹੈ।

**ਭਗਉਤੀ ਬ੍ਰਹਮ ਕਵਚ ਅਤੇ ਭਗਉਤੀ ਅਸਤੋਤ੍ਰ:**

ਇਹ ਪੁਸਤਕ ਸਿੰਘ ਸਾਹਿਬ ਜਥੇਦਾਰ ਬਾਬਾ ਗੱਜਣ ਸਿੰਘ ਜੀ, ਪੰਦਰ੍ਹਵੇਂ ਮੁਖੀ ਤਰਨਾ ਦਲ ਸ੍ਰੀ ਮਿਸਲ ਸ਼ਹੀਦਾਂ, ਸ੍ਰੀ ਬਾਬਾ ਬਕਾਲਾ ਸਾਹਿਬ ਵਲੋਂ ਸਤੰਬਰ 2018 ਵਿਚ ਪ੍ਰਕਾਸ਼ਿਤ ਕੀਤੀ ਗਈ। ਇਸ ਪੁਸਤਕ ਵਿਚ ਦਰਜ ਬਾਣੀਆਂ (ਭਗਉਤੀ ਬ੍ਰਹਮ ਕਵਚ ਅਤੇ ਭਗਉਤੀ ਅਸਤੋਤ੍ਰ) ਦਾ ਟੀਕਾ ਗਿਆਨੀ ਗੁਰਵਿੰਦਰ ਸਿੰਘ ਨੰਗਲੀ ਨੇ ਕੀਤਾ। ਇਸ ਪੁਸਤਕ ਦੇ ਲੇਖਕ ਗਿਆਨੀ ਜਸਵੀਰ ਸਿੰਘ ਕੋਹਾਲਾ ਹਨ। ਇਸ ਪੁਸਤਕ ਵਿਚ ਬਾਬਾ ਪਾਲਾ ਸਿੰਘ ਗਊਆਂ ਵਾਲਿਆਂ ਦਾ ਜੀਵਨ ਵੀ ਦਰਜ ਕੀਤਾ ਗਿਆ ਹੈ।

**ਤਵਾਰੀਖ਼ਿ ਨਿਹੰਗ ਸਿੰਘਾਂ (ਭਾਗ ਪਹਿਲਾ):**

ਇਹ ਪੁਸਤਕ ਤਰਨਾ ਦਲ ਦੇ ਪ੍ਰਚਾਰਕ ਗਿਆਨੀ ਗੁਰਵਿੰਦਰ ਸਿੰਘ ਨੰਗਲੀ ਵਲੋਂ ਲਿਖੀ ਗਈ ਹੈ। ਇਸ ਪੁਸਤਕ ਵਿਚ ਤਰਨਾ ਦਲ ਮਿਸਲ ਸ਼ਹੀਦਾਂ ਦੇ ਪਹਿਲੇ ਜਥੇਦਾਰ ਬਾਬਾ ਦੀਪ ਸਿੰਘ ਜੀ ਤੋਂ ਲੈ ਕੇ

ਪੰਦਰ੍ਹਵੇਂ ਮੁਖੀ ਜਥੇਦਾਰ ਬਾਬਾ ਗੱਜਣ ਸਿੰਘ ਜੀ ਦੇ ਜੀਵਨ ਨੂੰ ਦਰਸਾਇਆ ਗਿਆ ਹੈ। ਇਸ ਪੁਸਤਕ ਦੇ ਪ੍ਰਕਾਸ਼ਕ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਜਥੇਦਾਰ ਬਾਬਾ ਗੱਜਣ ਸਿੰਘ ਜੀ ਹਨ। ਇਹ ਪੁਸਤਕ ਫਰਵਰੀ 2020 ਵਿਚ ਪ੍ਰਕਾਸ਼ਿਤ ਕੀਤੀ ਗਈ।

**ਦਯਾ ਸਾਗਰ ਜੀਵਨ:**

ਇਸ ਪੁਸਤਕ ਦੇ ਲੇਖਕ ਦਲ ਬਾਬਾ ਬਿਧੀ ਚੰਦ ਦੇ ਕਥਾ ਵਾਚਕ ਗਿਆਨੀ ਸੁਖਦੇਵ ਸਿੰਘ ਹਨ। ਇਹ ਪੁਸਤਕ 19 ਜਨਵਰੀ 2020 ਈ. ਵਿਚ ਸੰਪਰਦਾਇ ਦਲ ਬਾਬਾ ਬਿਧੀ ਚੰਦ ਜੀ, ਸੁਰ ਸਿੰਘ, ਜ਼ਿਲ੍ਹਾ ਤਰਨਤਾਰਨ ਤੋਂ ਪ੍ਰਕਾਸ਼ਿਤ ਕੀਤੀ ਗਈ ਹੈ। ਇਸ ਪੁਸਤਕ ਵਿਚ ਦਲ ਬਾਬਾ ਬਿਧੀ ਚੰਦ ਦੇ ਜਥੇਦਾਰਾਂ ਬਾਰੇ ਜਾਣਕਾਰੀ ਅਤੇ ਜਥੇਦਾਰ ਬਾਬਾ ਦਯਾ ਸਿੰਘ ਜੀ ਦੇ ਜੀਵਨ ਦਾ ਵਿਸਥਾਰ ਵਿਚ ਵਰਨਣ ਕੀਤਾ ਗਿਆ ਹੈ।

**ਗੁਰੂ ਕਾ ਸੀਨਾ:**

ਇਸ ਪੁਸਤਕ ਦੇ ਲੇਖਕ ਦਲ ਬਾਬਾ ਬਿਧੀ ਚੰਦ ਦੇ ਹਜ਼ੂਰੀ ਕਵੀਸ਼ਰ ਗੁਰਜੰਟ ਸਿੰਘ ਬੈਂਕਾ ਹਨ। ਇਹ ਪੁਸਤਕ ਜੀਵਨ ਪਬਲਿਸ਼ਰਜ਼, ਅੰਮ੍ਰਿਤਸਰ ਵਲੋਂ ਸਤੰਬਰ 2018 ਈ. ਵਿਚ ਪ੍ਰਕਾਸ਼ਿਤ ਹੋਈ ਸੀ। ਇਸ ਪੁਸਤਕ ਵਿਚ ਭਾਈ ਬਿਧੀ ਚੰਦ ਜੀ ਦੇ ਜੀਵਨ ਨਾਲ ਸੰਬੰਧਿਤ ਕਈ ਕਵਿਤਾਵਾਂ ਦਾ ਸੰਗ੍ਰਹਿ ਕੀਤਾ ਗਿਆ ਹੈ।

**ਸੰਤਾਂ ਦੀ ਮਹਿਮਾ:**

ਇਹ ਪੁਸਤਕ ਦਲ ਬਾਬਾ ਬਿਧੀ ਚੰਦ ਜੀ ਦੇ ਹਜ਼ੂਰੀ ਕਵੀਸ਼ਰ ਗੁਰਜੰਟ ਸਿੰਘ ਬੈਂਕਾ ਵਲੋਂ ਲਿਖੀ ਗਈ। ਇਹ ਪੁਸਤਕ ਭਾਈ ਬਿਧੀ ਚੰਦ ਜੀ ਦੇ ਜੀਵਨ ਨਾਲ ਸੰਬੰਧਿਤ ਕਵੀਸ਼ਰੀ ਕਵਿਤਾਵਾਂ ਦਾ ਸੰਗ੍ਰਹਿ ਹੈ।

**ਨਿਹੰਗ ਸਿੰਘ ਸੰਦੇਸ਼ ਮਾਸਿਕ ਪੱਤ੍ਰਿਕਾ:**

ਬੁੱਢਾ ਦਲ ਦੇ ਬਾਰ੍ਹਵੇਂ ਜਥੇਦਾਰ ਬਾਬਾ ਚੇਤ ਸਿੰਘ ਜੀ ਨੇ ਕਈ ਵਾਰ ਪੰਥ ਦੀ ਨਿੱਜੀ ਪ੍ਰੈੱਸ ਲਗਾਉਣ ਦਾ ਵਿਚਾਰ ਕੀਤਾ ਅਤੇ ਕੁਝ ਸਮਾਂ ਹਫ਼ਤਾਵਰੀ ਨਿਹੰਗ ਸਿੰਘ ਸੰਦੇਸ਼ ਪੱਤਰ ਵੀ ਜਾਰੀ ਕੀਤਾ ਪਰ ਲੋੜੀਂਦਾ ਸਹਿਯੋਗ ਨਾ ਮਿਲਣ ਕਾਰਨ ਕੁਝ ਦੇਰ ਹੀ ਪੱਤਰ ਜਾਰੀ ਰਿਹਾ।[33] ਦੁਬਾਰਾ ਨਿਹੰਗ ਸਿੰਘ ਸੰਦੇਸ਼

[33] ਦਿਆਲ ਸਿੰਘ ਲਿਖਾਰੀ (ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 5, ਸਾਲ 4, ਗੁਰੂ ਕਾ ਬਾਗ, ਅਨੰਦਪੁਰ ਸਾਹਿਬ, ਮਈ 1975, ਪੰਨਾ 42.

13 ਅਪ੍ਰੈਲ 1972 ਈ. ਨੂੰ ਸ਼ੁਰੂ ਕੀਤਾ ਗਿਆ ਜਿਸਦੇ ਪਹਿਲੇ ਸੰਪਾਦਕ ਪ੍ਰੋ. ਸਤਵੰਤ ਸਿੰਘ ਢਿਲੋਂ ਸੀ। ਇਸ ਤੋਂ ਬਾਅਦ ਜਨਵਰੀ 1975 ਤੋਂ 'ਨਿਹੰਗ ਸਿੰਘ ਸੰਦੇਸ਼' ਦੇ ਸੰਪਾਦਕ ਬਾਬਾ ਦਿਆਲ ਸਿੰਘ ਲਿਖਾਰੀ ਰਹੇ। ਉਨ੍ਹਾਂ ਤੋਂ ਬਾਅਦ ਜੂਨ 1977 ਤੋਂ ਸੰਪਾਦਕ ਉਦੈ ਸਿੰਘ ਰਹੇ ਅਤੇ ਲਗਭਗ ਅਕਤੂਬਰ 1993 ਤੋਂ ਲੈ ਕੇ ਦਸੰਬਰ 1994 ਤਕ ਬਾਬਾ ਬਲਬੀਰ ਸਿੰਘ ਹੀ ਸੰਪਾਦਕ ਰਹੇ। ਸਤੰਬਰ 1996 ਈ. ਤੋਂ ਜਥੇਦਾਰ ਦਿਆਲ ਸਿੰਘ ਲਿਖਾਰੀ ਬੁੱਢਾ ਦਲ ਮੁਖਤਿਆਰੇ ਆਮ ਸੰਪਾਦਕ ਰਹੇ। ਨਿਹੰਗ ਸਿੰਘ ਸੰਦੇਸ਼ ਮਾਸਿਕ ਪੱਤ੍ਰਿਕਾ ਇਨ੍ਹਾਂ ਉਦੇਸ਼ਾਂ ਦੀ ਪੂਰਤੀ ਲਈ ਸ਼ੁਰੂ ਕੀਤਾ ਗਿਆ ਸੀ:

1) "'ਨਿਹੰਗ ਸਿੰਘ ਸੰਦੇਸ਼' ਸਮੂਹ ਨਿਹੰਗ ਸਿੰਘਾਂ ਦੀ ਇਕ ਅਵਾਜ਼ ਬਣ ਕੇ ਉਨ੍ਹਾਂ ਦੇ ਧਾਰਮਿਕ ਅਤੇ ਪੰਥਕ ਨਿਸ਼ਾਨਿਆਂ ਦੀ ਪੂਰਤੀ ਲਈ ਜੱਦੋ ਜਹਿਦ ਕਰੇਗਾ।

2) ਇਸ ਪੱਤ੍ਰਿਕਾ ਦਾ ਨਿਸ਼ਾਨਾ ਗੁਰਮਤਿ ਇਤਿਹਾਸ ਅਤੇ ਨਿਰੋਲ ਧਾਰਮਿਕ ਪ੍ਰਚਾਰ ਹੋਵੇਗਾ।

3) ਧਰਮ ਅਤੇ ਰਾਜਨੀਤਕ ਖੇਤਰਾਂ ਵਿਚ ਵਿਸ਼ਵਾਸ ਰਖਦਾ ਹੋਇਆ ਪੰਥ ਵਿਰੋਧੀ ਪ੍ਰਚਾਰ ਦਾ ਪੂਰਨ ਤੌਰ 'ਤੇ ਨਿਰਭੈ ਉੱਤਰ ਲਿਖੇਗਾ।

4) ਧੜੇਬੰਦੀਆਂ ਅਤੇ ਗੁਟਬੰਦੀਆਂ ਤੋਂ ਨਿਆਰਾ ਰਹਿ ਕੇ ਧਰਮ ਪ੍ਰਚਾਰ ਕਰਨ ਵਾਲੀਆਂ ਸਭ ਸੰਸਥਾਵਾਂ ਦੀ ਹਮਾਇਤ ਕਰੇਗਾ।

5) ਮਾਰਕਿਟ ਵਿਚ ਗੁਰਬਾਣੀ ਦੀ ਤਜਾਰਤ ਦਾ ਵਿਰੋਧ ਕਰਦਾ ਹੋਇਆ ਬਿਨਾਂ ਕੀਮਤ ਤੋਂ ਗੁਰਬਾਣੀ ਸੰਗਤਾਂ ਤੱਕ ਪਹੁੰਚਾਉਣ ਲਈ ਯਤਨ ਕਰੇਗਾ।

6) ਗੁਰਮਤਿ ਵਿੱਦਿਆ ਦੀ ਘਾਟ ਨੂੰ ਮਹਿਸੂਸ ਕਰਦਾ ਹੈ।

7) ਖਾਲਸਾ ਯੂਨੀਵਰਸਿਟੀ ਦੀ ਘਾਟ ਨੂੰ ਬੜੀ ਸੰਜੀਦਗੀ ਨਾਲ ਮਹਿਸੂਸ ਕਰਦਾ ਹੈ ਅਤੇ ਖਾਲਸਾ ਯੂਨੀਵਰਸਿਟੀ ਦੀ ਸਥਾਪਨਾ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਰਵਾਉਣ ਲਈ ਪੂਰੀ ਜੱਦੋ-ਜਹਿਦ ਕਰੇਗਾ।

8) ਵਿਸ਼ਵ ਖਾਲਸਾ ਸਾਹਿਤ ਅਕਾਦਮੀ ਦੀ ਸਥਾਪਨਾ ਦੇ ਵਿਚਾਰਾਂ ਦਾ ਪ੍ਰਚਾਰ ਕਰੇਗਾ।

9) ਖਾਲਸਾ ਸਾਹਿਤ ਰਚਨਾ ਦੀ ਇਕ ਲਹਿਰ ਪੈਦਾ ਕਰੇਗਾ ਅਤੇ ਖਾਲਸਾ ਸਾਹਿਤ ਰਚਨਾਵਾਂ ਕਰਨ ਵਾਲੇ ਸਾਹਿਤਕਾਰਾਂ ਨੂੰ ਸਨਮਾਨ ਦੇਵੇਗਾ।

10) ਨਾਸਤਿਕਤਾ ਅਤੇ ਪਤਿਤਪੁਣੇ ਵਿਰੁੱਧ ਇਕ ਲਹਿਰ ਉਤਪੰਨ ਕਰ ਕੇ ਪੰਥਕ ਏਕਤਾ ਅਤੇ ਪੰਥ ਦੀ ਚੜ੍ਹਦੀ ਕਲਾ ਲਈ ਹਮੇਸ਼ਾ ਤਤਪਰ ਰਹੇਗਾ।

11) ਨਿਹੰਗ ਸਿੰਘ ਸੰਦੇਸ਼ ਦੇ ਕਾਲਮ ਧਾਰਮਿਕ ਸੁੰਦਰ ਕਿਰਤਾਂ ਨਾਲ ਸ਼ਿੰਗਾਰੇ ਜਾਣਗੇ।

12) ਅਸੀਂ ਪੰਥ ਦਰਦੀਆਂ ਨੂੰ ਪੰਥਕ ਪ੍ਰਚਾਰ ਦੇ ਦ੍ਰਿਸ਼ਟੀਕੋਣ ਤੋਂ ਠੋਸ ਲੇਖ ਲਿਖਣ ਦਾ ਸੱਦਾ ਦਿੰਦੇ ਹਾਂ।"[34]

ਇਨ੍ਹਾਂ ਉਦੇਸ਼ਾਂ ਤੋਂ ਬੁੱਢਾ ਦਲ ਦੁਆਰਾ ਸਾਹਿਤਿਕ ਅਤੇ ਵਿੱਦਿਅਕ ਖੇਤਰ ਪ੍ਰਤੀ ਸੁਹਿਰਦਤਾ ਦਾ ਪਤਾ ਲੱਗਦਾ ਹੈ ਕਿ ਬੁੱਢਾ ਦਲ ਦੁਆਰਾ ਖਾਲਸਾ ਯੂਨੀਵਰਸਿਟੀ ਸਥਾਪਿਤ ਕਰਨ, ਵਿਸ਼ਵ ਖਾਲਸਾ ਸਾਹਿਤ ਅਕਾਦਮੀ ਬਣਾਉਣ ਅਤੇ ਵੱਧ ਤੋਂ ਵੱਧ ਸਾਹਿਤ ਰਚਨਾ ਕਰਨ ਦੀ ਲੋੜ ਮਹਿਸੂਸ ਕੀਤੀ ਗਈ ਸੀ। ਬਾਬਾ ਸੰਤਾ ਸਿੰਘ ਜੀ ਨੇ ਨਿਹੰਗ ਸਿੰਘ ਸੰਦੇਸ਼ ਦੇ ਜੂਨ 2001 ਈ. ਦੇ ਮਾਸਿਕ ਅੰਕ ਤੋਂ ਸ੍ਰੀ ਗੁਰ ਪੰਥ ਪ੍ਰਕਾਸ਼ ਦੀ ਲੜੀਵਾਰ ਕਥਾ ਛਪਵਾਈ ਸੀ। ਮੌਜੂਦਾ ਜਥੇਦਾਰ ਬਾਬਾ ਬਲਬੀਰ ਸਿੰਘ ਵਲੋਂ ਵੀ 'ਨਿਹੰਗ ਸਿੰਘ ਸੰਦੇਸ਼' ਦੇ ਅੰਕ ਛਪਵਾਏ ਜਾਂਦੇ ਹਨ

ਭਾਈ ਅਵਤਾਰ ਸਿੰਘ ਵਹੀਰੀਏ ਵਲੋਂ ਲਿਖੇ ਗ੍ਰੰਥ 'ਖਾਲਸਾ ਧਰਮ ਸ਼ਾਸਤ੍ਰ' ਨੂੰ ਬਾਬਾ ਧਰਮ ਸਿੰਘ ਕੋਠਾ ਗੁਰੂ (ਜਥੇਦਾਰ ਆਦੀ ਤਰਨਾ ਦਲ ਨਿਹੰਗ ਸਿੰਘਾਂ) ਨੇ ਸੋਧਿਆ ਸੀ।[35] ਬੁੱਢਾ ਦਲ ਵਲੋਂ 2018 ਵਿਚ ਬਾਬਾ ਜੱਸਾ ਸਿੰਘ ਆਹਲੂਵਾਲੀਆ ਦੀ ਤੀਜੀ ਜਨਮ ਸ਼ਤਾਬਦੀ ਵੇਲੇ ਵਿਸ਼ੇਸ਼ ਸੋਵੀਨਰ ਵੀ ਪ੍ਰਕਾਸ਼ਿਤ ਕੀਤਾ ਗਿਆ ਸੀ। ਇਸ ਤੋਂ ਇਲਾਵਾ ਬੁੱਢਾ ਦਲ ਵਲੋਂ ਸਮੂਹ ਛਾਉਣੀਆਂ ਦੀ ਸਚਿੱਤਰ ਪੁਸਤਕ ਤਿਆਰ ਕੀਤੀ ਜਾ ਰਹੀ ਹੈ।

ਬੁੱਢਾ ਦਲ ਤੋਂ ਇਲਾਵਾ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਵਲੋਂ ਧਾਰਮਿਕ ਅਤੇ ਇਤਿਹਾਸਿਕ ਸਾਹਿਤ ਅਤੇ ਗੁਰਬਾਣੀ ਦੀਆਂ ਪੋਥੀਆਂ ਦੀ ਛਪਾਈ ਕੀਤੀ ਜਾਂਦੀ ਹੈ। ਤਰਨਾ ਦਲ ਵਲੋਂ ਸੁੰਦਰ ਗੁਟਕਾ ਸਾਹਿਬ, ਰਹਿਰਾਸ ਸਾਹਿਬ, ਆਰਤੀ ਆਰਤਾ ਅਤੇ ਸੋਹਿਲਾ ਸਾਹਿਬ ਦਾ ਗੁਟਕਾ ਸਾਹਿਬ, ਬਾਬਾ ਬਿਸ਼ਨ

---

[34] ਸਤਵੰਤ ਸਿੰਘ ਢਿਲੋਂ (ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 1, ਸਾਲ 2, ਗੁਰੂ ਕਾ ਬਾਗ, ਸ੍ਰੀ ਅਨੰਦਪੁਰ ਸਾਹਿਬ, ਰੋਪੜ, ਅਪ੍ਰੈਲ 1973, ਪੰਨੇ 12-14.

[35] ਧਰਮ ਸਿੰਘ ਕੋਠਾ ਗੁਰੂ (ਸੰਤ), ਆਤਮ ਬੋਧ, ਬਲਵੰਤ ਸਿੰਘ ਕੋਠਾ ਗੁਰੂ (ਸੰਪਾ.), (ਪ੍ਰਕਾ.) ਜਥੇਦਾਰ ਭਾਈ ਹਾਕਮ ਸਿੰਘ ਕੋਠਾ ਗੁਰੂ, ਪਿੰਡ ਕੋਠਾ ਗੁਰੂ, ਜ਼ਿਲਾ ਬਠਿੰਡਾ, ਦੂਜੀ ਵਾਰ 2005, ਪੰਨਾ ੨੪.

ਸਿੰਘ ਜੀ ਦੁਆਰਾ ਪ੍ਰਕਾਸ਼ਿਤ ਆਰਤੀ ਆਰਤਾ, ਗੰਜ ਨਾਮਹ ਭਾਈ ਨੰਦ ਲਾਲ ਜੀ, ਇਤਿਹਾਸ ਬਾਬਾ ਸੁਧਾ ਸਿੰਘ ਜੀ, ਪੰਥਕ ਸੰਪ੍ਰਦਾਈ ਗੁਰਬਾਣੀ ਉਚਾਰਨ ਬੋਧ ਭਾਗ ਪਹਿਲਾ, ਕਾਵਿ ਪ੍ਰਕਾਸ਼ (ਰੂਪ ਦੀਪ ਪਿੰਗਲ ਦਾ ਸਟੀਕ), ਬਾਬਾ ਕੀਰਤਨ ਸਿੰਘ, ਬਾਬਾ ਬਿਸ਼ਨ ਸਿੰਘ, ਬਾਬਾ ਗੁਰਮੁਖ ਸਿੰਘ ਜੀ ਦੇ ਜੀਵਨ ਦਾ ਟ੍ਰੈਕਟ ਛਾਪਿਆ ਗਿਆ ਹੈ।

ਗੁਰਦੁਆਰਾ ਰਾਜਧਾਨੀ ਬੁੰਗਾ ਨਿਹੰਗ ਸਿੰਘਾਂ, ਪਿੰਡ ਮਹਿਰੋਂ, ਜ਼ਿਲ੍ਹਾ ਮੋਗਾ ਤੋਂ ਵੀ ਕਈ ਪ੍ਰਕਾਸ਼ਨਾਵਾਂ ਛਪੀਆਂ ਹਨ ਜਿਵੇਂ: ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ, ਪੋਥੀ ਦਸ ਗ੍ਰੰਥੀ, ਕਰਨੀ ਨਾਮਾ, ਦਸਮੇਸ਼ ਬਾਣੀ ਪਾਠ ਦਰਸ਼ਨ, ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ ਆਦਿ।

## 5.2 ਧਾਰਮਿਕ ਖੇਤਰ ਵਿਚ ਯੋਗਦਾਨ:

ਜਥੇਦਾਰ ਬਾਬਾ ਸੰਤਾ ਸਿੰਘ ਪ੍ਰਾਚੀਨ ਪੰਥ ਪ੍ਰਕਾਸ਼ ਦੇ ਟੀਕੇ ਵਿਚ ਲਿਖਦੇ ਹਨ ਕਿ, "ਪ੍ਰਾਚੀਨ ਸਿੰਘਾਂ ਨੇ ਖਤਰਨਾਕ ਸਮੇਂ ਵਿਚ ਤੇਗਾਂ ਮਾਰੀਆਂ। ਲਗਭਗ ਇਕ ਸਦੀ ਤੱਕ ਜੋ ਨੰਗੇ ਪਿੰਡੇ ਵਿਚਰੇ, ਨੰਗੇ ਸ਼ਸਤਰ ਹੱਥਾਂ ਵਿਚ ਲੈ ਕੇ ਲੜੇ। ਇਹ ਵਿਸਾਹ ਵੀ ਨਹੀਂ ਸੀ ਕਿ ਮਿਆਨ ਵਿਚੋਂ ਤੇਗ ਖਿੱਚਣ ਨੂੰ ਮਿਲ ਜਾਵੇਗੀ ਜਾਂ ਨਹੀਂ। ਇਸ ਲਈ ਤੇਗਾਂ ਹੱਥਾਂ ਵਿਚ ਹੀ ਰਖਦੇ ਸਨ।"[36] ਬੁੱਢਾ ਦਲ ਅਤੇ ਤਰਨਾ ਦਲ ਵਲੋਂ ਸਿੱਖ ਧਰਮ ਦੀ ਉੱਨਤੀ ਅਤੇ ਰਾਖੀ ਲਈ ਕੀਤੇ ਸੰਘਰਸ਼ ਦਾ ਵਰਨਣ ਦੂਜੇ ਅਧਿਆਇ ਵਿਚ ਕਰ ਆਏ ਹਾਂ। ਨਿਹੰਗ ਸਿੰਘਾਂ ਨੇ ਜਿੱਥੇ ਕੁਰਬਾਨੀਆਂ ਦਿੱਤੀਆਂ ਉੱਥੇ ਅਹਿਮ ਕਾਰਜ ਇਹ ਵੀ ਕੀਤਾ ਕਿ ਗੁਰੂ ਸਾਹਿਬਾਨ ਨਾਲ ਸੰਬੰਧਿਤ ਅਸਥਾਨਾਂ ਦੀ ਖੋਜ ਕਰਕੇ ਗੁਰੂ ਘਰਾਂ ਦੀ ਉਸਾਰੀ ਕਰਵਾਈ। ਗੁਰਦੁਆਰਿਆਂ ਦੀ ਸੇਵਾ ਸੰਭਾਲ ਹੀ ਨਿਹੰਗ ਸਿੰਘਾਂ ਦਾ ਮਕਸਦ ਹੁੰਦਾ ਸੀ। ਅਠਾਰ੍ਹਵੀਂ ਸਦੀ ਵਿਚ ਬਾਬਾ ਬਘੇਲ ਸਿੰਘ ਵਲੋਂ ਦਿੱਲੀ ਵਿਚ ਕਈ ਗੁਰਧਾਮ ਉਸਾਰੇ ਗਏ: ਗੁਰਦੁਆਰਾ ਸੀਸ ਗੰਜ ਸਾਹਿਬ, ਗੁਰਦੁਆਰਾ ਰਕਾਬ ਗੰਜ ਸਾਹਿਬ, ਗੁ. ਮਜਨੂੰ ਟਿੱਲਾ, ਗੁ: ਬੰਗਲਾ ਸਾਹਿਬ, ਗੁ: ਬਾਲਾ ਸਾਹਿਬ, ਗੁ. ਮੋਤੀ ਬਾਗ, ਗੁ: ਦਮਦਮਾ ਸਾਹਿਬ, ਗੁਰਦੁਆਰਾ ਨਾਨਕ ਪਿਆਓ, ਗੁ: ਮਾਤਾ ਸੁੰਦਰੀ ਜੀ।[37] ਸ. ਹਰੀ ਸਿੰਘ ਨਲਵੇ ਨੇ ਪੰਜਾ ਸਾਹਿਬ ਗੁਰਦੁਆਰੇ ਦੀ ਸੁਰੱਖਿਆ ਲਈ ਭਾਈ ਸਾਧੂ ਸਿੰਘ ਨਿਹੰਗ ਨੂੰ ਆਪਣੇ ਜਥੇ ਸਹਿਤ ਨਿਯੁਕਤ ਕੀਤਾ ਅਤੇ

---

[36] ਸੰਤਾ ਸਿੰਘ ਬਾਬਾ, ਅਕਾਲੀ (ਟੀਕਾਕਾਰ), ਪ੍ਰਾਚੀਨ ਪੰਥ ਪ੍ਰਕਾਸ਼ ਸਟੀਕ, ਪੰਨਾ 7.

[37] ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਤੀਜਾ, ਪੰਨੇ 1111-1114.

ਉਨ੍ਹਾਂ ਦੇ ਖਰਚੇ ਲਈ ਵੱਖਰੀ ਜਗੀਰ ਵੀ ਲਾਈ ਗਈ ਸੀ।[38] 1905 ਈ. ਵਿਚ ਬਜ਼ੁਰਗ ਨਿਹੰਗ ਸਿੰਘ ਹਰਦਿੱਤ ਸਿੰਘ ਕੈਰੋਂ ਨੇ ਕਰਮ ਸਿੰਘ ਹਿਸਟੋਰੀਅਨ ਨੂੰ ਸਿੱਖ ਫੋਜ ਦੇ ਅਟਕ ਪਾਰ ਕਰਨ ਦਾ ਸਾਰਾ ਹਾਲ ਸੁਣਾਇਆ ਸੀ।[39] ਕਰਮ ਸਿੰਘ ਹਿਸਟੋਰੀਅਨ, ਨਿਹੰਗ ਸਿੰਘਾਂ ਦੇ ਸਿਦਕ ਦੀ ਇਕ ਉਦਾਰਹਣ ਦਿੰਦੇ ਹੋਏ ਲਿਖਦੇ ਹਨ ਕਿ ਜਮਰੌਦ ਦੇ ਕਿਲ੍ਹੇ ਕੋਲ ਇਕ ਪਾਣੀ ਦਾ ਨਾਲਾ ਸੀ ਜੋ ਸਿੰਘਾਂ ਦੇ ਕਬਜ਼ੇ ਵਿਚ ਸੀ ਪਰ ਅੰਗਰੇਜ਼ਾਂ ਨੇ ਉਸ ਵਿਚ ਗਊਆਂ ਵੱਢ ਕੇ ਸੁੱਟ ਦਿੱਤੀਆਂ ਸਨ ਅਤੇ ਖ਼ੂਨ ਨਾਲ ਸਾਰਾ ਪਾਣੀ ਲਾਲ ਹੋ ਗਿਆ ਸੀ। ਸਾਰੇ ਸਿੰਘ ਪਾਣੀ ਪੀਣ ਤੋਂ ਔਖੇ ਹੋਣ ਲੱਗੇ। ਇਕ ਨਿਹੰਗ ਸਿੰਘ ਉਸ ਵੇਲੇ ਸ਼ਾਮ ਤੱਕ ਜਾਪ ਕਰਦਾ ਰਿਹਾ। ਜਦੋਂ ਉਹ ਜਾਪ ਕਰਕੇ ਉੱਠਿਆ ਤਾਂ ਆਕਾਸ਼ ਵੱਲ ਦੇਖਕੇ ਆਖਿਆ ਕਿ 'ਇੰਦਰ ਨੂੰ ਹੁਕਮ ਕਰ ਦਿੱਤਾ ਹੈ, ਹੁਣ ਬੇਖਬਰ ਰਹੋ।' ਉਸ ਤੋਂ ਕੁਝ ਸਮੇਂ ਬਾਅਦ ਹੀ ਮੋਹਲੇਧਾਰ ਮੀਂਹ ਵਰ੍ਹਿਆ। ਸਾਰਾ ਗੰਦਾ ਪਾਣੀ ਵੀ ਨਿਕਲ ਗਿਆ ਅਤੇ ਲੋਕਾਂ ਨੇ ਤੰਬੂਆਂ ਦੇ ਅੰਦਰੋਂ ਹੀ ਕੌਲੇ ਭਰ-ਭਰ ਕੇ ਪਾਣੀ ਪੀਤਾ।[40] ਬਾਬੂ ਤੇਜਾ ਸਿੰਘ ਭਸੌੜ ਦਾ ਜਨਮ ਸੰਸਕਾਰ ਪਿੰਡ ਭਸੌੜ ਦੇ ਬਾਹਰਵਾਰ ਇਕ ਨਿਹੰਗ ਸਿੰਘ ਬਾਬਾ ਫਤਿਹ ਸਿੰਘ ਵਿਰੱਕਤ ਦੇ ਡੇਰੇ ਵਿਚ ਹੋਇਆ। ਬਾਬਾ ਜੀ ਨੇ ਹੀ ਤੇਜਾ ਸਿੰਘ ਭਸੌੜ ਦਾ ਨਾਮ 'ਨਾਰਾਇਣ ਸਿੰਘ' ਰਖਿਆ ਸੀ।[41] ਗੁਰਦੁਆਰਾ ਤੰਬੂ ਸਾਹਿਬ ਪਾ: ੧(ਪਾਕਿਸਤਾਨ) ਦੀ ਉਸਾਰੀ ਨਿਹੰਗ ਸਿੰਘਾਂ ਵਲੋਂ ਕੀਤੀ ਗਈ ਸੀ।[42] ਗੁਰਦੁਆਰਾ ਰਕਾਬ ਗੰਜ ਸਾਹਿਬ ਦੇ ਮਾਮਲੇ ਵਿਚ ਵੀ ਨਿਹੰਗ ਸਿੰਘਾਂ ਨੇ ਸ਼ਹੀਦੀ ਜਥੇ ਵਿਚ ਵਧ ਚੜ੍ਹ ਕੇ ਹਿੱਸਾ ਲਿਆ ਸੀ। ਸਾਕਾ ਨੀਲਾ ਤਾਰਾ ਵਿਚ ਸ਼ਹੀਦ ਹੋਣ ਵਾਲੇ ਕੁਲਵੰਤ ਸਿੰਘ ਨਾਗੋਕੇ, ਸੁਖਦੇਵ ਸਿੰਘ ਬੱਬਰ ਨਿਹੰਗ ਸਿੰਘਾਂ ਦੇ ਬਾਣੇ ਵਿਚ ਹੀ ਰਹਿੰਦੇ ਸਨ। ਨਿਹੰਗ ਸਿੰਘਾਂ ਦੀਆਂ ਛਾਉਣੀਆਂ ਵਿਚ ਗੁਰਮਤਿ ਦੀ ਵਿੱਦਿਆ ਅਤੇ ਗੁਰਬਾਣੀ ਸੰਥਿਆ ਦਿੱਤੀ ਜਾਂਦੀ ਸੀ। ਜਿੱਥੇ ਵੀ ਪੜਾਅ ਲਗਦਾ ਉੱਥੇ ਹੀ ਅੰਮ੍ਰਿਤ ਸੰਚਾਰ ਕੀਤਾ ਜਾਂਦਾ ਹੈ।

---

[38] ਉਹੀ, ਪੰਨਾ 1323.

[39] ਹੀਰਾ ਸਿੰਘ 'ਦਰਦ' (ਸੰਪਾ.), ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਕ ਖੋਜ, (ਸਿੱਖ ਰਾਜ ਪੂਰਬਲਾ ਸਮਾਂ), ਭਾਗ ਦੂਜਾ, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਅਗਸਤ 2014, ਪੰਨਾ ੫੭.

[40] ਉਹੀ, ਪੰਨਾ ੭੬.

[41] ਸ਼ਮਸ਼ੇਰ ਸਿੰਘ ਅਸ਼ੋਕ, ਪੰਥ ਰਤਨ ਬਾਬੂ ਤੇਜਾ ਸਿੰਘ ਜੀ, (ਟਾਈਪਡ ਖਰੜਾ), ਫਾਈਲ ਨੰ. 356, (ਡਾ. ਗੰਡਾ ਸਿੰਘ ਰੈਫਰੈਂਸ ਲਾਇਬ੍ਰੇਰੀ, ਪਟਿਆਲਾ), ਪੰਨਾ 2.

[42] ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਦੂਜਾ, ਪੰਨਾ 1009.

### 5.2.1 ਨਿਹੰਗ ਸਿੰਘਾਂ ਦੁਆਰਾ ਕ੍ਰਿਪਾਨ ਸਬੰਧੀ ਮੋਰਚੇ ਵਿਚ ਕੁਰਬਾਨੀਆਂ:

ਅੰਗਰੇਜ਼ੀ ਸ਼ਾਸਨ ਕਾਲ ਸਮੇਂ ਨਿਹੰਗ ਸਿੰਘਾਂ ਨੇ ਕ੍ਰਿਪਾਨ ਉੱਤੇ ਲੱਗੀ ਪਾਬੰਦੀ ਹਟਵਾਉਣ ਲਈ ਕਈ ਕੁਰਬਾਨੀਆਂ ਕੀਤੀਆਂ। ਖਾਲਸਾ ਪੰਥ ਦੀ ਸਿਰਜਣਾ ਦੇ ਦਿਨ ਤੋਂ ਹੀ ਕ੍ਰਿਪਾਨ, ਪੰਜ ਕਕਾਰਾਂ ਵਿੱਚੋਂ ਇਕ ਹੋਣ ਕਾਰਨ ਸਿੱਖਾਂ ਦੁਆਰਾ ਇਕ ਹਥਿਆਰ ਵਜੋਂ ਨਹੀਂ ਸਗੋਂ ਧਾਰਮਿਕ ਚਿੰਨ੍ਹ ਦੇ ਰੂਪ ਵਿਚ ਧਾਰਨ ਕੀਤੀ ਜਾਂਦੀ ਹੈ। ਜੰਗਾਂ-ਜੁੱਧਾਂ ਵਿਚ ਰੁੱਝੇ ਰਹਿਣ ਕਾਰਨ ਸਿੱਖ, ਖ਼ਾਸ ਕਰਕੇ ਨਿਹੰਗ ਸਿੰਘ, ਕ੍ਰਿਪਾਨ ਦੇ ਨਾਲ-ਨਾਲ ਕੁਝ ਹੋਰ ਹਥਿਆਰ ਵੀ ਰਖਦੇ ਹਨ ਜਿਵੇਂ ਖੰਡਾ, ਗਜਗਾਹ, ਬਰਛੀ, ਕਮੰਦ ਕੋਰੜਾ ਆਦਿ। ਅੰਗਰੇਜ਼ ਸਰਕਾਰ ਨੇ ਇੰਡੀਅਨ ਆਰਮਜ਼ ਐਕਟ-1878 ਦੁਆਰਾ ਜਿਹੜੇ ਹਥਿਆਰਾਂ ਨੂੰ ਬਿਨਾਂ ਲਾਇਸੰਸ ਰਖਣ ਦੀ ਮਨਾਹੀ ਕੀਤੀ, ਉਨ੍ਹਾਂ ਵਿਚ ਬਰਛੀ, ਬਰਛੀ ਦਾ ਫਲ, ਤੀਰ ਕਮਾਨ ਆਦਿ ਵੀ ਸ਼ਾਮਲ ਸਨ। ਜਿਸ ਦੇ ਸਿੱਟੇ ਵਜੋਂ ਸਿੱਖਾਂ, ਵਿਸ਼ੇਸ਼ ਕਰਕੇ ਨਿਹੰਗ ਸਿੰਘਾਂ ਲਈ ਇਨ੍ਹਾਂ ਰਵਾਇਤੀ ਹਥਿਆਰਾਂ ਨੂੰ ਆਪਣੇ ਕੋਲ ਰਖਣਾ ਗੈਰ ਕਾਨੂੰਨੀ ਬਣ ਗਿਆ ਸੀ।[43] ਅੰਗਰੇਜ਼ ਸਰਕਾਰ ਨੇ ਇਕ ਕਾਨੂੰਨ- ਇੰਡੀਅਨ ਆਰਮਜ਼ ਐਕਟ, ਪਹਿਲੀ ਅਕਤੂਬਰ, 1878 ਈ. ਤੋਂ ਲਾਗੂ ਕੀਤਾ। ਇਸ ਕਾਨੂੰਨ ਦੀਆਂ ਕਈ ਧਾਰਾਵਾਂ ਸਨ ਜਿਵੇਂ ਬਿਨਾਂ ਲਾਇਸੰਸ ਦੇ ਹਥਿਆਰਾ ਦੀ ਵਿਕਰੀ, ਹਥਿਆਰ ਬਣਾਉਣਾ, ਤਬਦੀਲੀ ਉੱਤੇ ਰੋਕ, ਬਿਨਾਂ ਲਾਇਸੰਸ ਦੇ ਹਥਿਆਰ ਰਖਣ ਉੱਤੇ ਰੋਕ ਆਦਿ।[44] ਇਸ ਸੰਬੰਧ ਵਿਚ ਕਈ ਨਿਹੰਗ ਸਿੰਘਾਂ ਦੀਆਂ ਗ੍ਰਿਫਤਾਰੀਆਂ ਹੋਈਆਂ ਅਤੇ ਮੁਕੱਦਮੇ ਚਲੇ।

1912-13 ਈ. ਵਿਚ ਅੰਮ੍ਰਿਤਸਰ ਪੁਲਿਸ ਨੇ ਪਿੰਡ ਕੋਹਾੜਕਾ, ਤਹਿਸੀਲ ਤਰਨਤਾਰਨ, ਜ਼ਿਲ੍ਹਾ ਅੰਮ੍ਰਿਤਸਰ ਦੇ ਵਸਨੀਕ ਨਿਹੰਗ ਨਿਹਾਲ ਸਿੰਘ ਨੂੰ ਵੱਡੀ ਕ੍ਰਿਪਾਨ ਸਮੇਤ ਇੰਡੀਅਨ ਆਰਮਜ਼ ਐਕਟ-1878 ਦੀ ਧਾਰਾ 19 ਦੀ ਉਲੰਘਣਾ ਦੇ ਦੋਸ਼ ਵਿਚ ਫੜ੍ਹ ਲਿਆ। ਨਿਹੰਗ ਨਿਹਾਲ ਸਿੰਘ ਦੀ ਦਲੀਲ ਸੀ ਕਿ ਇਹ ਕ੍ਰਿਪਾਨ ਐਕਟ ਵਿਚ ਦਰਜ ਵਰਜਿਤ ਹਥਿਆਰ ਤਲਵਾਰ ਨਹੀਂ, ਉਸ ਦਾ ਧਾਰਮਿਕ ਚਿੰਨ੍ਹ ਕ੍ਰਿਪਾਨ ਹੈ, ਜੋ ਧਾਰਮਿਕ ਰਹੁ-ਰੀਤੀ ਅਨੁਸਾਰ ਹਮੇਸ਼ਾ ਕੋਲ ਰਖਣਾ ਲਾਜ਼ਮੀ ਹੈ। ਲਾਲਾ ਦੀਨਾ ਨਾਥ, ਐਡੀਸ਼ਨਲ

---

[43] ਗੁਰਦੇਵ ਸਿੰਘ ਸਿੱਧੂ (ਡਾ.), ਤਾਜ ਬਨਾਮ ਕ੍ਰਿਪਾਨ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਮਾਰਚ 2016, ਪੰਨਾ 154.

[44] ਉਹੀ, ਪੰਨਾ 14.

ਜ਼ਿਲ੍ਹਾ ਮੈਜਿਸਟ੍ਰੇਟ, ਅੰਮ੍ਰਿਤਸਰ ਨੇ ਨਿਹੰਗ ਨਿਹਾਲ ਸਿੰਘ ਦੀ ਦਲੀਲ ਪ੍ਰਵਾਨ ਕਰਦਿਆਂ 7 ਮਾਰਚ 1913 ਨੂੰ ਸੁਣਾਏ ਅਦਾਲਤੀ ਫ਼ੈਸਲੇ ਅਨੁਸਾਰ ਉਸ ਨੂੰ ਬਾ-ਇੱਜ਼ਤ ਬਰੀ ਕਰ ਦਿੱਤਾ।[45]

ਅਗਸਤ 1913 ਵਿਚ ਰੇਲਵੇ ਪੁਲਿਸ ਨੇ ਜ਼ਿਲ੍ਹਾ ਸ਼ਾਹਪੁਰ ਵਿਖੇ ਇਕ ਨਿਹੰਗ ਸਿੰਘ ਨੂੰ ਬਰਛਾ ਰਖਣ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਸੀ।[46] ਇਸੇ ਤਰ੍ਹਾਂ ਜ਼ਿਲ੍ਹਾ ਗੁਰਦਾਸਪੁਰ ਦੇ ਕਾਦੀਆਂ ਵਿਖੇ ਗੁਰਦੁਆਰਾ ਅਕਾਲਗੜ੍ਹ ਦੇ ਗ੍ਰੰਥੀ ਨਿਹੰਗ ਸਿੰਘ ਨੂੰ ਬਰਛਾ ਰਖਣ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ ਸੀ।[47] ਬਰਛਾ ਰਖਣ ਕਾਰਨ ਹੀ ਸਰਹਾਲੀ, ਜ਼ਿਲ੍ਹਾ ਅੰਮ੍ਰਿਤਸਰ ਨੇੜੇ ਗੁਰਦੁਆਰਾ ਸਾਹਿਬ ਦੇ ਬਿਰਧ ਗ੍ਰੰਥੀ ਚੰਦਾ ਸਿੰਘ ਨਿਹੰਗ ਨੂੰ ਮੁਕੱਦਮਾ ਭੁਗਤਣਾ ਪਿਆ ਸੀ।[48] 8 ਜੁਲਾਈ 1932 ਨੂੰ ਬਟਾਲੇ ਤੋਂ ਅੰਮ੍ਰਿਤਸਰ ਜਾਣ ਵਾਲੀਆਂ ਬੱਸਾਂ ਦੇ ਅੱਡੇ ਵਿਚੋਂ ਇਕ ਨਿਹੰਗ ਜਗਤ ਸਿੰਘ ਨੂੰ ਬਰਛਾ ਰਖਣ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ ਸੀ।[49] ਗ੍ਰੰਥੀ ਨਿਹੰਗ ਹਜ਼ੂਰਾ ਸਿੰਘ, ਗ੍ਰੰਥੀ ਮਾਨ ਸਿੰਘ ਵਲੋਂ ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਵਲੋਂ ਅੱਸੂ 20, ਨਾਨਕਸ਼ਾਹੀ 444 (1913 ਈ.) ਵਿਚ ਕ੍ਰਿਪਾਨ ਦੀ ਲੰਬਾਈ ਸੰਬੰਧੀ ਇਕ ਹੁਕਮਨਾਮਾ ਜਾਰੀ ਕੀਤਾ ਜਿਸ ਵਿਚ ਦਰਸਾਇਆ ਗਿਆ ਕਮਰਕੱਸੇ ਵਿਚ ਰਖਣ ਵਾਲੀ ਕ੍ਰਿਪਾਨ ਦੀ ਲੰਬਾਈ ਇਕ ਫੁੱਟ ਤੋਂ ਘੱਟ ਨਾ ਹੋਵੇ।[50]

17 ਮਾਰਚ 2015 ਨੂੰ ਕੁਝ ਕੁ ਨਿਹੰਗ ਸਿੰਘਾਂ ਨੂੰ ਵਾਹਗਾ ਸਰਹੱਦ 'ਤੇ ਝੰਡਾ ਉਤਾਰਨ ਦੀ ਰਸਮ ਦੇਖਣ ਤੋਂ ਰੋਕਿਆ ਗਿਆ ਸੀ ਕਿ ਉਹ ਵੱਡੀ ਕ੍ਰਿਪਾਨ ਉਤਾਰ ਕੇ ਆਉਣ। ਇਸ ਗੱਲ ਨੂੰ ਜਥੇਦਾਰ ਅਵਤਾਰ ਸਿੰਘ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੰਦਭਾਗਾ ਕਰਾਰ ਦਿੱਤਾ ਸੀ।[51] ਨਿਹੰਗ ਸਿੰਘਾਂ ਨੇ ਜਿੱਥੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਕੀਤੀ, ਉੱਥੇ ਗੁਰਧਾਮਾਂ ਦੀ ਰਾਖੀ ਲਈ ਸ਼ਹੀਦੀਆਂ ਵੀ ਪਾਈਆਂ ਜਿਸਦੀ ਮਿਸਾਲ ਗੁ: ਪਾਉਂਟਾ ਸਾਹਿਬ ਦਾ ਖ਼ੂਨੀ ਸਾਕਾ ਹੈ ਜਿਸ ਦਾ ਜ਼ਿਕਰ ਕਰਨਾ ਅਤਿ ਜ਼ਰੂਰੀ ਹੈ।

---

45 ਉਹੀ, ਪੰਨਾ 25.

46 ਉਹੀ, ਪੰਨਾ 30

47 ਉਹੀ, ਪੰਨਾ 155.

48 ਉਹੀ, ਪੰਨਾ 157.

49 ਉਹੀ, ਪੰਨਾ 156.

50 ਸਤਿਬੀਰ ਸਿੰਘ, ਆਦਿ ਸਿੱਖ ਤੇ ਆਦਿ ਸਾਖੀਆਂ, ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ, ਪੰਜਵੀਂ ਵਾਰ, 2014, ਪੰਨਾ 251.

51 ਸਿਮਰਜੀਤ ਸਿੰਘ (ਸੰਪਾ.), ਗੁਰਮਤਿ ਪ੍ਰਕਾਸ਼, ਜਿਲਦ 59, ਅੰਕ 1, ਧਰਮ ਪ੍ਰਚਾਰ ਕਮੇਟੀ, ਅੰਮ੍ਰਿਤਸਰ, ਅਪ੍ਰੈਲ 2015, ਪੰਨਾ ੯੬.

### 5.2.2 ਗੁ: ਪਾਉਂਟਾ ਸਾਹਿਬ ਦਾ ਖ਼ੂਨੀ ਸਾਕਾ:

ਮਹੰਤ ਲਹਿਣਾ ਸਿੰਘ ਦੀ ਮੌਤ ਤੋਂ ਬਾਅਦ ਉਸਦੇ ਪੁੱਤਰ ਗੁਰਦਿਆਲ ਸਿੰਘ ਨੇ ਗੁ: ਪਾਉਂਟਾ ਸਾਹਿਬ ਵਿਖੇ ਕਬਜ਼ਾ ਕਰ ਕੇ ਮਨ ਮਰਜ਼ੀ ਕਰਨੀ ਸ਼ੁਰੂ ਕਰ ਦਿੱਤੀ। ਉਸਨੇ ਆਪਣੇ ਇਕ ਰਿਸ਼ਤੇਦਾਰ ਮੂਲਾ ਸਿੰਘ ਰਾਹੀਂ ਲੀਡਰਾਂ ਤੱਕ ਪਹੁੰਚ ਬਣਾ ਲਈ ਸੀ ਅਤੇ ਸਰਕਾਰੀ ਸ਼ਹਿ 'ਤੇ ਹੀ ਮਨਮਤੀਆਂ ਕਰਦਾ ਸੀ। ਗੁਰਦੁਆਰੇ ਦੇ ਪ੍ਰਬੰਧ ਨੂੰ ਲੈ ਕੇ ਸੰਗਤਾਂ ਵਿਚ ਭਾਰੀ ਰੋਸ ਸੀ। ਸੰਗਤ ਦੇ ਰੋਹ ਨੂੰ ਦੇਖਦਿਆਂ ਗੁਰਦਿਆਲ ਸਿੰਘ ਨੇ ਬੁੱਢਾ ਦਲ ਦੇ ਮੁਖੀ ਬਾਬਾ ਚੇਤ ਸਿੰਘ ਤੋਂ ਮਾਫ਼ੀ ਮੰਗੀ ਅਤੇ ਅੰਮ੍ਰਿਤ ਛਕ ਲਿਆ। ਜਦੋਂ ਬਾਬਾ ਚੇਤ ਸਿੰਘ ਜੀ ਵਾਪਿਸ ਆ ਗਏ ਤਾਂ ਮਹੰਤ ਫਿਰ ਤੋਂ ਮਨਮਤੀਆਂ ਕਰਨ ਲੱਗ ਗਿਆ। ਸੰਗਤਾਂ ਦੁਆਰਾ ਇਸ ਕਾਰੇ ਦੀ ਖਬਰ ਤਰਨਾ ਦਲ ਹਰੀਆਂ ਵੇਲਾਂ ਨੂੰ ਦਿੱਤੀ ਗਈ। ਦੁਆਬਾ ਦੇ ਇਤਿਹਾਸਿਕ ਪਿੰਡ ਗੁ. ਹਰੀਆਂ ਵੇਲਾਂ (ਹੁਸ਼ਿਆਰਪੁਰ) ਤੋਂ ਤਰਨਾ ਦਲ ਜਥੇਦਾਰ ਬਾਬਾ ਹਰਭਜਨ ਸਿੰਘ ਜੀ ਦੀ ਅਗਵਾਈ ਵਿਚ ਇਕ ਜਥਾ 10 ਮਾਰਚ 1964 ਈ. ਨੂੰ ਪਾਉਂਟਾ ਸਾਹਿਬ ਪਹੁੰਚਿਆ ਅਤੇ ਅਖੰਡ ਪਾਠ ਸਾਹਿਬ ਆਰੰਭ ਕਰ ਦਿੱਤੇ। ਇਹ ਸਭ ਦੇਖ ਕੇ ਮਹੰਤ ਘਬਰਾ ਗਿਆ ਅਤੇ ਪੁਲਿਸ ਪ੍ਰਬੰਧ ਅਤੇ ਭਾੜੇ ਦੇ ਬਦਮਾਸ਼ ਬੁਲਾ ਕੇ ਹਥੋਪਾਈ ਕਰਨ ਲੱਗਾ। ਹਿਮਾਚਲ ਪ੍ਰਦੇਸ਼ ਪ੍ਰਸ਼ਾਸਨ ਨੇ ਬਾਬਾ ਹਰਿਭਜਨ ਸਿੰਘ ਜੀ ਨੂੰ ਗੈਸਟ ਹਾਊਸ ਵਿਚ ਬੁਲਾ ਕੇ ਸਮਝੌਤੇ ਦੇ ਬਹਾਨੇ ਗ੍ਰਿਫਤਾਰ ਕਰ ਲਿਆ ਅਤੇ ਪੁਲਿਸ ਕਮਿਸ਼ਨਰ ਆਰ. ਕੇ. ਚੰਡੋਲ ਦੀ ਅਗਵਾਈ ਹੇਠ ਸਪੀਕਰ ਰਾਹੀਂ ਅਖੰਡ ਪਾਠ ਬੰਦ ਕਰਕੇ ਬਾਹਰ ਆਉਣ ਦੀ ਚਿਤਾਵਨੀ ਦਿੱਤੀ। ਇਸ ਤੋਂ ਬਾਅਦ ਪੁਲਿਸ ਨੇ ਅੰਦਰ ਦਾਖਿਲ ਹੋ ਕੇ ਗੋਲੀਆਂ ਦੀ ਬੁਛਾੜ ਕਰ ਦਿੱਤੀ, ਜਿਸ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਕਰਦੇ ਨਿਹੰਗ ਸਿੰਘਾਂ ਨੂੰ ਵੀ ਗੋਲੀਆਂ ਲੱਗੀਆਂ। ਇਸ ਗੋਲੀਬਾਰੀ ਵਿਚ ਬਾਬਾ ਨਿਹਾਲ ਸਿੰਘ ਜੀ ਨੂੰ ਵੀ ਗੋਲੀ ਲੱਗੀ ਜਿਸ ਨਾਲ ਉਹ ਗੰਭੀਰ ਰੂਪ ਵਿਚ ਜਖ਼ਮੀ ਹੋ ਗਏ ਸਨ। ਪੁਲਿਸ, ਗੁਰਦੁਆਰਾ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਸਤਰ, ਇਕ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਅਤੇ ਇਕ ਦਸਮ ਗ੍ਰੰਥ ਸਾਹਿਬ ਦੀ ਬੀੜ ਆਪਣੇ ਨਾਲ ਲੈ ਗਈ। ਇਸ ਭਿਆਨਕ ਕਤਲੇਆਮ ਵਿਚ ਗਿਆਰ੍ਹਾਂ ਨਿਹੰਗ ਸਿੰਘਾਂ ਦੀ ਸ਼ਹਾਦਤ ਹੋਈ।[52] ਕਈ ਨਿਹੰਗ ਸਿੰਘ ਫੱਟੜ ਹੋਏ ਸਨ। ਅੰਤ ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ

---

[52] ਚਮਕੌਰ ਸਿੰਘ (ਸੰਪਾ.), ਗੁਰਮਤਿ ਪ੍ਰਕਾਸ਼, ਜਿਲਦ ੪੭, ਅੰਕ ੧, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਅਪ੍ਰੈਲ 2003, ਪੰਨੇ ੭੬-੭੮.

ਵੇਲਾਂ ਦੇ ਨਿਹੰਗ ਸਿੰਘਾਂ ਨੇ 22 ਮਈ 1964 ਈ. ਨੂੰ ਗੁਰਦੁਆਰਾ ਪਾਉਂਟਾ ਸਾਹਿਬ ਨੂੰ ਮਹੰਤਾਂ ਤੋਂ ਆਜ਼ਾਦ ਕਰਵਾਇਆ।

ਸ਼ਹੀਦ ਹੋਏ ਨਿਹੰਗ ਸਿੰਘਾਂ ਦੀ ਯਾਦ ਵਿਚ ਗੁ: ਸ੍ਰੀ ਪਾਉਂਟਾ ਸਾਹਿਬ ਵਿਖੇ, ਨਿਸ਼ਾਨ ਸਾਹਿਬ 'ਤੇ ਲੱਗੀ ਸਿੱਲ 'ਤੇ ਇਹ ਇਬਾਰਤ ਦਰਜ ਹੈ: "ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਵੇਲਾਂ ਜਥੇਬੰਦੀ ਨਿਹੰਗ ਸਿੰਘਾਂ ਵਲੋਂ ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਜੀ ਨੂੰ ਪਤਿਤ ਮਹੰਤਾਂ ਪਾਸੋਂ ਆਜ਼ਾਦ ਕਰਵਾਉਣ ਲਈ ਚਲ ਰਹੀ ਲੜੀ ਇਕ ਸੌ ਇਕ ਸ੍ਰੀ ਅਖੰਡ ਪਾਠਾਂ ਨੂੰ ਅਖੰਡ ਰਖਣ ਲਈ ਹੇਠ ਲਿਖੇ ਗਿਆਰ੍ਹਾਂ ਨਿਹੰਗ ਸਿੰਘਾਂ ਨੇ 22 ਮਈ ਸੰਨ 1964 ਈ. ਦਿਨ ਮੰਗਲਵਾਰ ਨੂੰ ਸ਼ਹੀਦੀਆਂ ਪ੍ਰਾਪਤ ਕਰਕੇ ਗੁ. ਸਾਹਿਬ ਨੂੰ ਪਤਿਤ ਮਹੰਤਾਂ ਪਾਸੋਂ ਅਜ਼ਾਦ ਕਰਵਾ ਕੇ ਪਵਿੱਤਰਤਾ ਕਾਇਮ ਕੀਤੀ।" ਗੁ: ਸ੍ਰੀ ਪਾਉਂਟਾ ਸਾਹਿਬ ਦੇ ਸਾਕੇ ਵਿਚ ਸ਼ਹੀਦ ਹੋਏ ਸਿੰਘਾਂ ਦੇ ਨਾਮ ਇਸ ਪ੍ਰਕਾਰ ਹਨ:

1) ਸ਼ਹੀਦ ਪ੍ਰੀਤਮ ਸਿੰਘ ਨਿਹੰਗ ਸਿੰਘ, ਪਿੰਡ ਫਤਹਿਪੁਰ ਕੋਠੀ ਜ਼ਿਲ੍ਹਾ ਹੁਸ਼ਿਆਰਪੁਰ
2) ਸ਼ਹੀਦ ਮੰਗਲ ਸਿੰਘ ਨਿਹੰਗ ਸਿੰਘ, ਪਿੰਡ ਬਜਰੌਰ ਜ਼ਿਲ੍ਹਾ ਹੁਸ਼ਿਆਰਪੁਰ
3) ਸ਼ਹੀਦ ਹਰਭਜਨ ਸਿੰਘ ਨਿਹੰਗ ਸਿੰਘ, ਪਿੰਡ ਚੌਹੜਾ ਜ਼ਿਲ੍ਹਾ ਹੁਸ਼ਿਆਰਪੁਰ
4) ਸ਼ਹੀਦ ਦਲੀਪ ਸਿੰਘ ਨਿਹੰਗ ਸਿੰਘ, ਜ਼ਿਲ੍ਹਾ ਕਾਂਗੜਾ
5) ਸ਼ਹੀਦ ਉਦੈ ਸਿੰਘ ਨਿਹੰਗ ਸਿੰਘ, ਪਿੰਡ ਮੱਤੇਵਾਲ ਜ਼ਿਲ੍ਹਾ ਅੰਮ੍ਰਿਤਸਰ
6) ਸ਼ਹੀਦ ਸੰਤੋਖ ਨਿਹੰਗ ਸਿੰਘ, ਜ਼ਿਲ੍ਹਾ ਅੰਮ੍ਰਿਤਸਰ
7) ਸ਼ਹੀਦ ਲਾਭ ਨਿਹੰਗ ਸਿੰਘ, ਜ਼ਿਲ੍ਹਾ ਫਿਰੋਜ਼ਪੁਰ
8) ਸ਼ਹੀਦ ਧੰਨਾ ਨਿਹੰਗ ਸਿੰਘ, ਪਿੰਡ ਭਦੌੜ, ਜ਼ਿਲ੍ਹਾ ਸੰਗਰੂਰ
9) ਸ਼ਹੀਦ ਸੂਬੇਦਾਰ ਸਿੰਘ ਜੀ
10) ਸ਼ਹੀਦ ਬਾਬਾ ਨਾਮਧਾਰੀਆ ਜੀ
11) ਸ਼ਹੀਦ ਬਾਬਾ ਯਾਤਰੂ ਸਿੰਘ ਜੀ

ਇਸ ਹਮਲੇ ਵਿਚ ਗੋਲੀ ਲੱਗਣ ਕਾਰਨ ਜ਼ਖ਼ਮੀ ਹੋਏ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਵਾਲਿਆਂ ਨੂੰ ਮਾਰਚ 2016 ਦੇ ਹੋਲੇ ਮਹੱਲੇ ਮੌਕੇ ਸਮੂਹ ਦਲਾਂ-ਪੰਥਾਂ ਵਲੋਂ 'ਜਿੰਦਾ ਸ਼ਹੀਦ' ਦਾ ਖਿਤਾਬ ਦਿੱਤਾ ਗਿਆ

ਸੀ।[53] ਨਿਹੰਗ ਸਿੰਘ ਜਥੇਬੰਦੀ ਨੇ ਧਾਰਮਿਕ ਪ੍ਰਚਾਰ ਲਈ ਕਈ ਸ਼ਲਾਘਾਯੋਗ ਕਾਰਜ ਕੀਤੇ ਹਨ ਜਿਵੇਂ ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਦੀ ਯਾਤਰਾ ਕੀਤੀ ਅਤੇ ਗੁ: ਮਾਤਾ ਸਾਹਿਬ ਕੌਰ ਜੀ ਨਾਂਦੇੜ ਦੀ ਇਮਾਰਤ ਦਾ ਨੀਂਹ ਪੱਥਰ ਰਖਿਆ ਗਿਆ। ਗਵਾਲੀਅਰ ਵਿਖੇ ਬਾਬਾ ਬੁੱਢਾ ਜੀ ਦੇ ਨਾਂ 'ਤੇ ਛਾਉਣੀ ਤਿਆਰ ਕਰਵਾਈ।[54] ਬੁੱਢਾ ਦਲ ਵਲੋਂ ਪਟਿਆਲਾ ਵਿਖੇ ਸ਼ਸਤਰਾਂ ਦੀ ਫੈਕਟਰੀ ਲਗਵਾਈ ਗਈ।[55]

**ਸ੍ਰੀ ਸਰਬਲੋਹ ਗ੍ਰੰਥ ਸਾਹਿਬ ਦੇ ਪਾਠ ਬਾਰੇ ਨਿਯਮਾਂਵਲੀ:**

ਨਿਹੰਗ ਸਿੰਘ ਜਥੇਬੰਦੀ ਵਿਚ ਸਰਬਲੋਹ ਗ੍ਰੰਥ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਤ ਸਮਝ ਕੇ ਸਤਿਕਾਰ ਕੀਤਾ ਜਾਂਦਾ ਹੈ ਅਤੇ ਅਖੰਡ ਪਾਠ ਕੀਤੇ ਜਾਂਦੇ ਹਨ। ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ, ਨਾਂਦੇੜ ਦੇ ਹੈੱਡਗ੍ਰੰਥੀ ਅਕਾਲੀ ਹਜ਼ੂਰਾ ਸਿੰਘ ਨਿਹੰਗ ਸਿੰਘ ਨੇ ਸਰਬ ਲੋਹ ਬੁੰਗੇ ਵਿਚ ਸਰਬ ਲੋਹ ਗ੍ਰੰਥ ਦਾ ਪ੍ਰਕਾਸ਼ ਕਰਵਾਇਆ ਸੀ।[56] ਸ੍ਰੀ ਹਜ਼ੂਰ ਸਾਹਿਬ ਵਿਖੇ ਇਕ ਲਾਇਬ੍ਰੇਰੀ ਵੀ ਹੈ ਜੋ ਕਿ ਅਕਾਲੀ ਹਜ਼ੂਰਾ ਸਿੰਘ ਜੀ ਨਿਹੰਗ ਸਿੰਘ ਨੇ ਸਥਾਪਿਤ ਕੀਤੀ ਸੀ।[57] ਜਥੇਦਾਰ ਬਾਬਾ ਸੰਤਾ ਸਿੰਘ ਜੀ ਨੇ ਸ੍ਰੀ ਸਰਬਲੋਹ ਗ੍ਰੰਥ ਬਾਰੇ ਜਾਣਕਾਰੀ ਦਿੱਤੀ ਸੀ ਕਿ ਸ੍ਰੀ ਹਜੂਰ ਸਾਹਿਬ ਵਿਖੇ ੧੨੧੬ ਅੰਗਾਂ ਦਾ ਰਚਿਆ ਹੋਇਆ ਸਰਬਲੋਹ ਗ੍ਰੰਥ ਦਾ ਪਾਠ 48 ਘੰਟਿਆਂ ਵਿਚ ਹੀ ਕੀਤਾ ਜਾਏ। ਬੁੱਢਾ ਦਲ ਵਲੋਂ ਸ੍ਰੀ ਸਰਬ ਲੋਹ ਗ੍ਰੰਥ ਜੀ ਦਾ ਪਹਿਲਾ ਅਖੰਡ ਪਾਠ 13 ਫਰਵਰੀ 2004 ਤੋਂ 15 ਫਰਵਰੀ 2004 ਈ. ਤੱਕ ਗੁ. ਮਾਤਾ ਸਾਹਿਬ ਕੌਰ ਜੀ, ਨਾਂਦੇੜ ਵਿਖੇ ਕੀਤਾ ਗਿਆ ਸੀ।[58] ਮਿਸਲ ਸ਼ਹੀਦਾਂ ਤਰਨਾ ਦਲ ਦੇ ਜਥੇਦਾਰ ਬਾਬਾ ਮੱਖਣ ਸਿੰਘ ਜੀ ਦੇ ਸਮੇਂ ਸਰਬਲੋਹ ਗ੍ਰੰਥ ਸਾਹਿਬ ਦਾ ਪਹਿਲਾ ਪਾਠ ਬੋਧ ਸਮਾਗਮ ਕੀਤਾ ਗਿਆ ਸੀ।

---

53 ਬਰਿੰਦਰਜੀਤ ਸਿੰਘ ਢਿਲੋਂ (ਸੰਪਾ.), ਨਿਹੰਗ ਸਿੰਘ ਸੰਦੇਸ਼, ਬਗੀਚੀ ਬਾਬਾ ਬੰਬਾ ਸਿੰਘ ਜੀ, ਪਟਿਆਲਾ, ਮਾਰਚ 2016, ਪੰਨਾ 35.

54 ਬਲਵੰਤ ਸਿੰਘ ਸ੍ਰੀਮਾਨ (ਸੰਤ ਖਾਲਸਾ), ਮਾਲਵਾ ਇਤਿਹਾਸ, ਜਿਲਦ ਚੌਥੀ, ਪੰਨਾ 425.

55 ਉਜਾਗਰ ਸਿੰਘ, ਪਟਿਆਲਾ ਵਿਰਾਸਤ ਦੇ ਰੰਗ, ਪੰਨਾ 132.

56 ਕੌਰ ਸਿੰਘ ਨਿਹੰਗ (ਅਕਾਲੀ), ਹਜ਼ੂਰੀ ਸਾਥੀ, ਅਕਾਲੀ ਪਤ੍ਰਕਾ ਪ੍ਰੈਸ, ਲਾਹੌਰ, 1934, ਪੰਨਾ 72.

57 ਉਹੀ, ਪੰਨਾ 135.

58 ਕ੍ਰਿਪਾਲ ਸਿੰਘ ਲਿਖਾਰੀ ਬੁੱਢਾ ਦਲ (ਗਿਆਨੀ), ਸਿੰਘ ਸਾਹਿਬ ਜਥੇਦਾਰ ਬਾਬਾ ਬਿਨੋਦ ਸਿੰਘ ਜੀ ਸੰਸਥਾਪਕ ਤਤ ਖਾਲਸਾ (ਬੁੱਢਾ ਦਲ), ਪੰਨਾ 49 (ਫੁਟਨੋਟ)

ਬਾਬਾ ਸੰਤਾ ਸਿੰਘ ਜੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸ਼ਹੀਦੀ ਪੁਰਬ ਹਰੇਕ ਛਾਉਣੀ ਵਿਚ ਖਾਸ ਤੌਰ 'ਤੇ ਮਨਾਉਣ ਦੀ ਹਦਾਇਤ ਦਿੰਦੇ ਸਨ।[59] ਬਾਬਾ ਸੰਤਾ ਸਿੰਘ ਜੀ ਨੇ 10 ਮਈ 1977 ਈ. ਨੂੰ ਜ਼ਿਲ੍ਹਾ ਪਟਿਆਲਾ ਤੋਂ ਪੰਜਾਂ ਪਿਆਰਿਆਂ ਦੀ ਛਤਰ ਛਾਇਆ ਹੇਠ ਨਿਹੰਗ ਸਿੰਘਾਂ ਨੂੰ ਇਕ ਹੁਕਮਨਾਮਾ ਜਾਰੀ ਕੀਤਾ ਜਿਸ ਵਿਚ ਨਿੱਤਨੇਮ ਦੀ ਪ੍ਰਪੱਕਤਾ ਸੰਬੰਧੀ, ਗੁਰਦੁਆਰਿਆਂ ਅਤੇ ਛਾਉਣੀਆਂ ਦੇ ਲੇਖੇ-ਜੋਖੇ ਸੰਬੰਧੀ ਅਤੇ ਨਿਹੰਗ ਸਿੰਘਾਂ ਦੀ ਸ਼ਖਸੀ ਰਹਿਤ ਮਰਯਾਦਾ ਬਾਰੇ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ।[60]

ਬਾਬਾ ਸੰਤਾ ਸਿੰਘ ਜੀ ਨੇ ਜ਼ੀਰਕਪੁਰ ਵਿਖੇ ਛਾਉਣੀ ਤੋਂ ਇਕ ਸਮਾਗਮ ਵਿਚ ਸਟੇਜ ਸਕੱਤਰ ਭਾਈ ਗੁਰਦੇਵ ਸਿੰਘ ਤੋਂ ਐਲਾਨ ਕਰਵਾਇਆ ਕਿ ਕੋਈ ਵੀ ਸਿੰਘ ਸ਼ਰਾਬ ਨਾ ਪੀਵੇ, ਇਸ ਨਾਲ ਬਾਣੇ ਨੂੰ ਲਾਜ ਲਗਦੀ ਹੈ।[61]

**ਜੋੜ ਮੇਲ ਅਤੇ ਗੁਰਪੁਰਬਾਂ ਮੌਕੇ ਵਿਚਾਰ:**

ਬਾਬਾ ਸੰਤਾ ਸਿੰਘ ਨੇ 2002 ਵਿਚ ਸਮੂਹ ਨਿਹੰਗ ਸਿੰਘ ਦਲਾਂ-ਪੰਥਾਂ ਨੂੰ ਇਕੱਤਰ ਕਰਕੇ ਕੁਝ ਮਤੇ ਸਾਂਝੇ ਕੀਤੇ ਸਨ। ਹੋਲੇ ਮਹੱਲੇ ਮੌਕੇ ਸਮੂਹ ਨਿਹੰਗ ਸਿੰਘ ਦਲਾਂ ਦੇ ਜਥੇਦਾਰਾਂ ਨਾਲ ਮੀਟਿੰਗ ਹੋਈ ਜਿਸ ਵਿਚ ਬਾਬਾ ਸੰਤਾ ਸਿੰਘ ਨੇ ਨਿਹੰਗ ਸਿੰਘਾਂ ਵਿਚ ਵਧੇਰੇ ਅਨੁਸ਼ਾਸਨ ਲਿਆਉਣ ਲਈ ਹੇਠ ਲਿਖੇ ਮਤੇ ਵਿਚਾਰੇ ਸਨ:

1) "ਹਰ ਜੋੜ ਮੇਲੇ ਉਪਰ ਨਿਹੰਗ ਸਿੰਘ ਜਥੇਬੰਦੀ ਦੇ ਸਾਰੇ ਦਲ ਇਕੋ ਸਮੇਂ ਹੀ ਮਹੱਲੇ 'ਤੇ ਚੜ੍ਹਿਆ ਕਰਨਗੇ। ਸਾਰੇ ਘੋੜੇ, ਨਗਾਰੇ, ਨਿਸ਼ਾਨ ਸਾਹਿਬ ਅਤੇ ਖੁੱਲੀ ਫੌਜ ਨੂੰ ਤਰਤੀਬ ਬਧ ਤਰੀਕੇ ਨਾਲ ਸ਼ਾਮਿਲ ਕੀਤਾ ਜਾਵੇਗਾ।

2) ਸਭ ਤੋਂ ਅੱਗੇ ਜਥੇਦਾਰ ਬਾਬਾ ਬੁੱਢਾ ਦਲ ਦੇ ਜਥੇਦਾਰ, ਉਪਰੰਤ ਜਥੇਦਾਰ ਤਰਨਾ ਦਲ ਬਿਧੀ ਚੰਦ ਜੀ, ਜ. ਬਾਬਾ ਨਿਹਾਲ ਸਿੰਘ ਜੀ ਹਰੀਆਂ ਵੇਲਾਂ, ਤਰਨਾ ਦਲ ਬਾਬਾ ਬਕਾਲਾ ਆਦਿ ਕ੍ਰਮਵਾਰ ਚਲਣਗੇ।

---

[59] ਉਦੈ ਸਿੰਘ (ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 10, ਸਾਲ 4, ਗੁਰੂ ਕਾ ਬਾਗ, ਸ੍ਰੀ ਅਨੰਦਪੁਰ ਸਾਹਿਬ, ਰੋਪੜ, ਅਕਤੂਬਰ 1975, ਪੰਨਾ 38.

[60] ਉਹੀ, ਅੰਕ 6, ਸਾਲ 6, ਗੁਰੂ ਕਾ ਬਾਗ, ਸ੍ਰੀ ਅਨੰਦਪੁਰ ਸਾਹਿਬ, ਰੋਪੜ, ਜੂਨ 1977, ਪੰਨੇ 18-19.

[61] ਦਿਆਲ ਸਿੰਘ ਲਿਖਾਰੀ, ਮੁਖਤਿਆਰੇ ਆਮ (ਮੁਖ ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 11, ਸਾਲ 28, ਬਗੀਚੀ ਬਾਬਾ ਬੰਬਾ ਸਿੰਘ ਜੀ, ਲੋਇਰ ਮਾਲ ਰੋਡ, ਪਟਿਆਲਾ, ਨਵੰਬਰ 1996, ਪੰਨਾ 21.

3) ਕੋਈ ਵੀ ਨਿਹੰਗ ਸਿੰਘਾਂ ਦੇ ਬਾਣੇ ਵਿਚ ਉਗਰਾਹੀ ਕਰਦਾ ਹੋਇਆ ਜਾਂ ਕਿਸੇ ਗੁਰਧਾਮ ਆਦਿ ਵਿਚ ਕਿਸੇ ਵੀ ਪ੍ਰਕਾਰ ਦੀ ਮੰਗ ਕਰਦਾ ਫੜਿਆ ਗਿਆ ਤਾਂ ਉਸ ਨੂੰ ਸਖ਼ਤ ਸਜ਼ਾ ਦਿੱਤੀ ਜਾਵੇਗੀ।

4) ਕੋਈ ਵੀ ਨਿਹੰਗ ਸਿੰਘ ਦੇ ਸਰੂਪ ਵਿਚ ਸ਼ਰਦਾਈ, ਸੁੱਖਾ, ਭੰਗ ਦੇ ਪਕੌੜੇ, ਟਿੱਕੀਆਂ ਜਾਂ ਕਿਸੇ ਹੋਰ ਰੂਪ ਵਿਚ ਸੁੱਖੇ ਨੂੰ ਵੇਚੇਗਾ ਤਾਂ ਉਸ ਵਿਰੁੱਧ ਸਖ਼ਤ ਕਾਰਵਾਈ ਹੋਵੇਗੀ।

5) ਸੁੱਖਾ, ਸ਼ਰਦਾਈ ਕੇਵਲ ਛਾਉਣੀਆਂ, ਪੜਾਓ ਜਾਂ ਵਿਅਕਤੀਗਤ ਨਿਹੰਗ ਸਿੰਘ ਮਰਯਾਦਾ ਅਨੁਸਾਰ ਹੀ ਬਣਾ ਕੇ ਛਕ ਸਕਦਾ ਹੈ, ਵੇਚ ਨਹੀਂ ਸਕਦਾ।

6) ਫਰਲੇ ਵਰਗੀ ਪਦਵੀ ਪ੍ਰਾਪਤ ਕਰਨ ਹਿੱਤ ਸਿੰਘਾਂ ਨੂੰ ਬੁੱਢਾ ਦਲ ਪਾਸੋਂ ਹੀ ਪ੍ਰਵਾਨਗੀ ਲੈਣੀ ਪਵੇਗੀ। ਫਰਰਾ ਪੂਰਨ  ਗੁਰਸਿੱਖ, ਰਹਿਤਵਾਨ, ਨਿੱਤਨੇਮੀ ਅਤੇ ਵੈਰ ਵਿਰੋਧ ਤੋਂ ਰਹਿਤ ਸਿੰਘਾਂ ਨੂੰ ਹੀ ਪ੍ਰਾਪਤ ਹੋਇਆ ਕਰੇਗਾ।

7) ਹਰ ਇਕ ਜੋੜ ਮੇਲੇ ਉੱਪਰ ਸਾਰੇ ਦਲਾਂ ਦੇ ਮੁਖੀ ਸਾਹਿਬਾਨ ਬੁੱਢਾ ਦਲ ਦੀ ਮੀਟਿੰਗ ਵਿਚ ਪੂਰੀ ਤਨ-ਦੇਹੀ ਨਾਲ ਸ਼ਮੂਲੀਅਤ ਕਰਨਗੇ।"[62]

### 5.3 ਸਮਾਜਿਕ ਅਤੇ ਵਿੱਦਿਅਕ ਖੇਤਰ ਵਿਚ ਯੋਗਦਾਨ:

ਨਿਹੰਗ ਸਿੰਘਾਂ ਨੇ ਸਮਾਜ ਭਲਾਈ ਦੇ ਕਾਰਜਾਂ ਵਿਚ ਸ਼ੁਰੂ ਤੋਂ ਹੀ ਹਿੱਸਾ ਪਾਇਆ ਹੈ। ਬਾਬਾ ਬੰਦਾ ਸਿੰਘ ਬਹਾਦਰ ਦੀ ਭੂਮੀ ਨੀਤੀ ਅਤੇ ਮਿਸਲਾਂ ਦੇ ਰਾਖੀ ਪ੍ਰਬੰਧ ਨੇ ਗਰੀਬ ਕਿਸਾਨਾਂ ਨੂੰ ਭੂਮੀ ਦੇ ਮਾਲਿਕ ਅਤੇ ਨਿਡਰ ਬਣਾ ਦਿੱਤਾ ਸੀ। 1947 ਈ. ਨੂੰ ਦੇਸ਼ ਦੀ ਵੰਡ ਸਮੇਂ ਨਿਹੰਗ ਸਿੰਘਾਂ ਦੇ ਦਲਾਂ ਵਲੋਂ ਵੱਖੋ-ਵੱਖ ਹੁਕਮਨਾਮੇ ਜਾਰੀ ਕੀਤੇ ਗਏ ਜਿਸ ਵਿਚ ਤੁਰਕ ਅਤੇ ਤੁਰਕਣੀਆਂ ਨੂੰ ਅੰਮ੍ਰਿਤ ਪਾਨ ਨਾ ਕਰਵਾਉਣ ਸੰਬੰਧੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ। ਅਜਿਹਾ ਹੀ ਇਕ ਹੁਕਮਨਾਮਾ ਆਦੀ ਤਰਨਾ ਦਲ ਚਲਦਾ ਵਹੀਰ ਪੰਜਵਾਂ ਤਖਤ ਨਿਹੰਗ ਸਿੰਘਾਂ, ਕੋਠਾ ਗੁਰੂ ਵਲੋਂ ਜਾਰੀ ਕੀਤਾ ਗਿਆ ਸੀ।[63] ਬੁੱਢਾ ਦਲ ਵਲੋਂ ਪਦਮ ਭੂਸ਼ਨ ਡਾ. ਭਾਈ ਜੋਧ ਸਿੰਘ ਜੀ, ਸ. ਬਿਸ਼ਨ ਸਿੰਘ ਸਮੁੰਦਰੀ, ਵਾਇਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਡਾ. ਗੰਡਾ ਸਿੰਘ, ਕਵੀ ਵਿਧਾਤਾ ਸਿੰਘ ਤੀਰ ਵਰਗੀਆਂ ਮਹਾਨ ਸ਼ਖਸੀਅਤਾਂ

[62] ਉਹੀ, ਅੰਕ 5-6, ਸਾਲ 32, ਬਗੀਚੀ ਬਾਬਾ ਬੰਬਾ ਸਿੰਘ ਜੀ, ਲੋਇਰ ਮਾਲ ਰੋਡ, ਪਟਿਆਲਾ, ਮਈ ਜੂਨ 2002, ਪੰਨਾ 35.

[63] ਧਰਮ ਸਿੰਘ ਕੋਠਾ ਗੁਰੂ (ਸੰਤ), ਆਤਮ ਬੋਧ, ਬਲਵੰਤ ਸਿੰਘ ਕੋਠਾ ਗੁਰੂ (ਸੰਪਾ.), ਪੰਨਾ ੧੩.

ਨੂੰ ਸਨਮਾਨਿਤ ਕੀਤਾ ਗਿਆ ਸੀ।[64] ਬੁੱਢਾ ਦਲ ਨੇ 29 ਜੁਲਾਈ 1972 ਈ. ਨੂੰ ਗਿਆਨੀ ਸ਼ਾਦੀ ਸਿੰਘ ਜੀ ਅਕਾਲੀ ਪੱਤ੍ਰਿਕਾ ਦੇ ਚੀਫ ਐਡੀਟਰ ਨੂੰ ਸਨਮਾਨਿਤ ਕੀਤਾ ਸੀ।

ਬੁੱਢਾ ਦਲ ਵਲੋਂ ਲੋਕ ਭਲਾਈ ਦੇ ਕਾਰਜ ਵਜੋਂ ਹਰ ਸਾਲ ਪੰਥ ਦੇ ਇਕ ਗਰੀਬ ਸਾਹਿਤਕਾਰ ਨੂੰ ਮਹੀਨਾ ਵਾਰ ਪੈਨਸ਼ਨ ਦੇਣੀ ਆਰੰਭ ਕੀਤੀ ਗਈ ਸੀ। ਇਸੇ ਕਾਰਜ ਅਧੀਨ 1972 ਈ. ਵਿਚ ਵਾਰ-ਕਵੀ ਸ. ਹਰਸਾ ਸਿੰਘ 'ਚਾਤਰ' ਨੂੰ ਪੈਨਸ਼ਨ ਦੇਣੀ ਸ਼ੁਰੂ ਕੀਤੀ ਗਈ ਸੀ।[65]

### 5.3.1 ਦੇਸ਼ ਦੀ ਅਖੰਡਤਾ ਲਈ ਐਲਾਨ:

ਕਾਰਗਿਲ ਦੀ ਜੰਗ ਵਿਚ ਭਾਰਤ ਦੀ ਏਕਤਾ ਅਤੇ ਅਖੰਡਤਾ ਨੂੰ ਬਣਾਈ ਰਖਣ ਲਈ ਬੁੱਢਾ ਦਲ ਵਲੋਂ ਪੂਰਨ ਸਹਿਯੋਗ ਦਾ ਐਲਾਨ ਕੀਤਾ ਗਿਆ ਸੀ।[66] ਦਲ ਬਾਬਾ ਬਿਧੀ ਚੰਦ ਦੇ ਦਸਵੇਂ ਜਥੇਦਾਰ ਬਾਬਾ ਸੋਹਨ ਸਿੰਘ ਜੀ 1965 ਅਤੇ 1971 ਦੀ ਜੰਗ ਵਿਚ ਗੱਡੇ ਉੱਤੇ ਲੰਗਰ ਰਖਵਾ ਕੇ, ਇਕ ਸੇਵਾਦਾਰ ਨੂੰ ਨਾਲ ਲੈ ਕੇ ਫੌਜੀਆਂ ਨੂੰ ਮੋਰਚਿਆਂ ਵਿਚ ਜਾ ਕੇ ਲੰਗਰ ਛਕਾਉਂਦੇ ਰਹੇ ਸਨ।[67]

### 5.3.2 ਭੇਖੀ ਬਾਣੇ ਵਾਲੇ ਅਤੇ ਸ਼ਰਾਰਤੀ ਅਨਸਰਾਂ ਨੂੰ ਤਾੜਨਾ:

ਸਮਾਜ ਵਿਚ ਇਕਸਾਰਤਾ ਲਈ ਬੁੱਢਾ ਦਲ ਵਲੋਂ ਕਿਸੇ ਵੀ ਨਿਹੰਗ ਸਿੰਘ ਨੂੰ ਚੋਰੀ, ਦੰਗਾ, ਬੱਸਾਂ-ਗੱਡੀਆਂ ਵਿਚ ਬਗੈਰ ਟਿਕਟ ਸਫ਼ਰ ਕਰਨ ਦੀ ਆਗਿਆ ਨਹੀਂ ਸੀ ਅਤੇ ਨਾ ਹੀ ਕਿਸੇ ਵੀ ਗੁਰਦੁਆਰਾ ਪ੍ਰਬੰਧ ਵਿਚ ਵਿਗਾੜ ਪੈਦਾ ਕਰਨ ਦੀ ਆਗਿਆ ਸੀ।[68] 23 ਨਵੰਬਰ 1969 ਈ. ਨੂੰ ਜਥੇਦਾਰ ਬਾਬਾ ਸੰਤਾ ਸਿੰਘ ਜੀ ਨੇ ਨਿਹੰਗ ਸਿੰਘਾਂ ਪ੍ਰਤੀ ਹੁਕਮਨਾਮਾ (ਇਸ਼ਤਿਹਾਰ) ਜਾਰੀ ਕੀਤਾ ਸੀ ਕਿ ਬੁੱਢਾ ਦਲ ਦੀ ਆਗਿਆ ਬਗੈਰ ਜੇਕਰ ਕੋਈ ਮਨ-ਮਤੀਆ ਸ਼ਖ਼ਸ ਨਿਹੰਗ ਸਿੰਘਾਂ ਦਾ ਬਾਣਾ ਧਾਰ ਕੇ ਥਾਂ-ਥਾਂ ਉਗਰਾਹੀ ਨਹੀਂ ਕਰ

---

[64] ਸਤਵੰਤ ਸਿੰਘ ਢਿਲੋ, (ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 1, ਸਾਲ 2, ਗੁਰੂ ਕਾ ਬਾਗ, ਸ੍ਰੀ ਅਨੰਦਪੁਰ ਸਾਹਿਬ, ਰੋਪੜ, ਅਪ੍ਰੈਲ 1973, ਪੰਨਾ 12.

[65] ਉਹੀ, ਅੰਕ 6, ਸਾਲ 1, ਅਨੰਦਪੁਰ ਸਾਹਿਬ, ਸਤੰਬਰ 1972, ਪੰਨਾ 52.

[66] ਉਹੀ, ਅੰਕ 8-9, ਸਾਲ 31, ਬਗੀਚੀ ਬਾਬਾ ਬੰਬਾ ਸਿੰਘ ਜੀ, ਲੋਇਰ ਮਾਲ ਰੋਡ, ਪਟਿਆਲਾ, ਜੁਲਾਈ 1999, ਪੰਨਾ 8.

[67] ਸਿਮਰਜੀਤ ਸਿੰਘ (ਸੰਪਾ.), ਗੁਰਮਤਿ ਪ੍ਰਕਾਸ਼, ਜਿਲਦ 61, ਅੰਕ 7, ਧਰਮ ਪ੍ਰਚਾਰ ਕਮੇਟੀ, ਅੰਮ੍ਰਿਤਸਰ, ਅਕਤੂਬਰ 2017, ਪੰਨਾ ੭੦.

[68] ਦਿਆਲ ਸਿੰਘ ਲਿਖਾਰੀ, ਮੁਖਤਿਆਰੇ ਆਮ (ਮੁਖ ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 4-5, ਸਾਲ 30, ਬਗੀਚੀ ਬਾਬਾ ਬੰਬਾ ਸਿੰਘ ਜੀ, ਲੋਇਰ ਮਾਲ ਰੋਡ, ਪਟਿਆਲਾ, ਅਪ੍ਰੈਲ-ਮਈ 1999, ਪੰਨਾ 36.

ਸਕਦਾ।[69] ਕਿਉਂਕਿ ਉਸ ਸਮੇਂ ਕਈ ਲੋਕ ਨਿਹੰਗ ਸਿੰਘਾਂ ਦਾ ਬਾਣਾ ਪਾ ਕੇ ਭੀਖ ਮੰਗਦੇ, ਉਗਰਾਹੀ ਕਰਦੇ ਅਤੇ ਲੁੱਟਾਂ ਖੋਹਾਂ ਕਰਦੇ ਸਨ। ਅਜਿਹਾ ਕਰਨ ਨਾਲ ਸਾਰੇ ਨਿਹੰਗ ਸਿੰਘਾਂ ਦਾ ਅਕਸ ਖਰਾਬ ਹੁੰਦਾ ਸੀ। ਬੁੱਢਾ ਦਲ ਵਲੋਂ ਵਿਹਲੇ ਬੈਠਣ ਵਾਲੇ ਨਿਹੰਗ ਸਿੰਘਾਂ ਨੂੰ ਕਿਰਤ ਅਤੇ ਸੇਵਾ ਵਿਚ ਜੁਟ ਜਾਣ ਦੀ ਹਦਾਇਤ ਵੀ ਦਿੱਤੀ ਗਈ ਸੀ।[70] ਕਿਉਂਕਿ ਦਸਾਂ ਨਹੁੰਆਂ ਦੀ ਕਿਰਤ ਕਰਨਾ ਸਿੱਖ ਦਾ ਪਹਿਲਾ ਫ਼ਰਜ਼ ਹੈ।

ਨਿਹੰਗ ਸਿੰਘਾਂ ਨੇ ਸਮੇਂ-ਸਮੇਂ 'ਤੇ ਸਮਾਜ ਵਿਚ ਵਿਚਰਦੇ ਸ਼ਰਾਰਤੀ ਅਨਸਰਾਂ ਨੂੰ ਵੀ ਨਕੇਲ ਪਾਈ ਹੈ। ਸਮਾਜ ਲਈ ਘਾਤਕ ਅਤੇ ਨਿਹੰਗ ਸਿੰਘਾਂ ਦੇ ਬਾਣੇ ਦੇ ਵਿਚ ਫਿਰਨ ਵਾਲੇ ਅਜੀਤ ਸਿੰਘ ਪੂਹਲਾ ਨੂੰ ਤਰਨਾ ਦਲ ਮਿਸਲ ਸ਼ਹੀਦਾਂ ਦੇ ਜਥੇਦਾਰ ਬਾਬਾ ਦੀਪ ਸਿੰਘ ਅਤੇ ਉਨ੍ਹਾਂ ਦੇ ਜਵਾਈ ਬਾਬਾ ਸਵਰਨਜੀਤ ਸਿੰਘ ਨੇ ਨੱਥ ਪਾ ਕੇ ਉਸਦੀਆਂ ਸਮਾਜ ਵਿਰੋਧੀ ਕਰਤੂਤਾਂ ਨੂੰ ਨੰਗਿਆਂ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ।[71] ਇਸ ਤਰ੍ਹਾਂ ਦੇ ਅਨਸਰਾਂ ਨੂੰ ਨਿਹੰਗ ਸਿੰਘਾਂ ਨੇ ਹੀ ਸਮਾਜ ਦੇ ਸਾਹਮਣੇ ਨਸ਼ਰ ਕੀਤਾ ਜੋ ਗੁਰੂ ਸਾਹਿਬ ਵਲੋਂ ਬਖਸ਼ੇ ਬਾਣੇ ਨੂੰ ਦਾਗ ਲਗਾਉਂਦੇ ਹਨ।

### 5.3.3 ਨਿਹੰਗ ਸਿੰਘ ਜਥੇਬੰਦੀ ਦੁਆਰਾ ਲਗਵਾਈਆਂ ਪ੍ਰਿੰਟਿੰਗ ਪ੍ਰੈੱਸਾਂ:

ਸ੍ਰੀ ਅਨੰਦਪੁਰ ਸਾਹਿਬ ਵਿਖੇ ਬੁੱਢਾ ਦਲ ਦੀ ਛਾਉਣੀ ਗੁਰੂ ਕਾ ਬਾਗ ਵਿਖੇ ਬਾਬਾ ਸੰਤਾ ਸਿੰਘ ਜੀ ਨੇ ਸਾਢੇ ਪੰਜ ਲੱਖ ਰੁਪਏ ਦੀ ਲਾਗਤ ਨਾਲ 'ਬੁੱਢਾ ਦਲ ਪ੍ਰਿੰਟਿੰਗ ਪ੍ਰੈੱਸ' ਲਗਵਾ ਕੇ ਸ੍ਰੀ ਸਰਬਲੋਹ ਗ੍ਰੰਥ ਸਾਹਿਬ ਨੂੰ ਛਪਵਾਇਆ ਅਤੇ ਸੰਗਤਾਂ ਵਿਚ ਬਿਨਾਂ ਮੋਖ ਤੋਂ ਵੰਡਿਆ।[72] ਇਸ ਤੋਂ ਇਲਾਵਾ ਸਰਬਲੋਹ ਗ੍ਰੰਥ ਸਾਹਿਬ ਦੇ ਸਟੀਕ (ਦੋ ਭਾਗ) ਵੀ ਛਪਵਾਏ। ਬਾਅਦ ਵਿਚ ਬੁੱਢਾ ਦਲ ਦੀ ਪ੍ਰੈੱਸ ਬਦਲ ਕੇ ਪਟਿਆਲਾ ਵਿਖੇ ਛਾਉਣੀ ਬਾਬਾ ਬੰਬਾ ਸਿੰਘ ਜੀ ਵਿਖੇ ਲਗਵਾਈ ਗਈ।[73] ਜਥੇਦਾਰ ਬਾਬਾ ਚੇਤ ਸਿੰਘ ਜੀ ਦੇ ਫੁਰਨੇ ਨੂੰ ਸਾਕਾਰ ਕਰਦੇ ਹੋਏ, ਜਥੇਦਾਰ ਬਾਬਾ ਸੰਤਾ ਸਿੰਘ ਨੇ ਨਿਰੋਲ ਧਾਰਮਿਕ ਮਾਸਿਕ ਪੱਤਰ 'ਨਿਹੰਗ ਸਿੰਘ

---

[69] ਸਤਵੰਤ ਸਿੰਘ ਢਿਲੋ (ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 12, ਸਾਲ 2, ਗੁਰੂ ਕਾ ਬਾਗ, ਸ੍ਰੀ ਅਨੰਦਪੁਰ ਸਾਹਿਬ, ਮਾਰਚ, 1974, ਪੰਨਾ (ਇਸ਼ਤਿਹਾਰ).

[70] ਦਿਆਲ ਸਿੰਘ ਲਿਖਾਰੀ, ਮੁਖਤਿਆਰੇ ਆਮ (ਮੁਖ ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 5, ਸਾਲ 4, ਬਗੀਚੀ ਬਾਬਾ ਬੰਬਾ ਸਿੰਘ ਜੀ, ਲੋਇਰ ਮਾਲ ਰੋਡ, ਪਟਿਆਲਾ, ਅਪ੍ਰੈਲ 1976, ਪੰਨਾ 16.

[71] ਸੁਖਪ੍ਰੀਤ ਸਿੰਘ ਉਦੋਕੇ (ਡਾ.), ਅੱਤ ਦਾ ਅੰਤ, ਇੰਸਟੀਚੀਊਟ ਫਾਰ ਟਰੇਨਿੰਗ ਆਈਡੋਲੋਜੀ ਹੈਰੀਟੇਜ ਐਂਡ ਆਰਟਫੈਕਟਸ ਆਫ ਸਿੱਖੀਜ਼ਮ, ਛੇਵੀਂ ਵਾਰ, ਅਕਤੂਬਰ 2012, ਪੰਨਾ 10.

[72] ਬਲਬੀਰ ਸਿੰਘ ਅਕਾਲੀ, ਬਾਬਾ (ਮੁਖ ਸੰਪਾ.), ਨਿਹੰਗ ਸਿੰਘ ਸੰਦੇਸ਼, ਬਗੀਚੀ ਬਾਬਾ ਬੰਬਾ ਸਿੰਘ ਜੀ, ਲੋਅਰ ਮਾਲ ਰੋਡ, ਪਟਿਆਲਾ, ਮਈ-ਜੂਨ 2014, ਪੰਨਾ 21.

[73] ਬਲਵੰਤ ਸਿੰਘ ਸ੍ਰੀਮਾਨ (ਸੰਤ ਖਾਲਸਾ), ਮਾਲਵਾ ਇਤਿਹਾਸ, ਜਿਲਦ ਚੌਥੀ, ਪੰਨਾ 424.

ਸੰਦੇਸ਼' ਸ਼ੁਰੂ ਕੀਤਾ ਸੀ।[74] ਬਾਬਾ ਸੰਤਾ ਸਿੰਘ ਨੇ ਨਿਹੰਗ ਸਿੰਘਾਂ ਵਿਚ ਅਲੋਪ ਹੋ ਰਹੀ ਪੁਰਾਤਨ ਰਵਾਇਤ ਨੂੰ ਸੁਰਜੀਤ ਕਰਨ ਲਈ ਦੁਸਹਿਰਾ ਮਹਾਤਮ ਪੋਥੀ ਛਪਵਾਈ।[75] ਇਸ ਤੋਂ ਇਲਾਵਾ ਬੁੱਢਾ ਦਲ ਦੇ ਸੰਤ ਬਾਬਾ ਤੇਜਾ ਸਿੰਘ ਜੀ ਨਿਹੰਗ ਸਿੰਘ ਨੇ ਵੀ 'ਬੰਦੀ ਛੋੜ ਕਲਗੀਧਰ ਪ੍ਰਿੰਟਿੰਗ ਪ੍ਰੈੱਸ' ਗੁ. ਰਾਜਧਾਨੀ ਬੁੰਗਾ ਨਿਹੰਗ ਸਿੰਘਾਂ ਪਿੰਡ ਤੇ ਡਾਕਘਰ ਮਹਿਰੋਂ ਜ਼ਿਲ੍ਹਾ ਮੋਗਾ ਵਿਖੇ ਲਗਵਾਈ। ਇਸ ਪ੍ਰੈੱਸ ਤੋਂ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਸਰੂਪ ਛਾਪੇ ਜਾਂਦੇ ਹਨ।

### 5.3.4 ਕਾਲਜ, ਸਕੂਲ ਅਤੇ ਗੁਰਮਤਿ ਵਿਦਿਆਲਿਆਂ ਦੀ ਸਥਾਪਨਾ:

ਨਿਹੰਗ ਸ਼ਮਸ਼ੇਰ ਸਿੰਘ ਜੀ ਨੇ 1921 ਵਿਚ ਸ੍ਰੀ ਗੁਰੂ ਹਰਿਗੋਬਿੰਦ ਖਾਲਸਾ ਕਾਲਜ ਗੁਰੂਸਰ ਸੁਧਾਰ ਦੀ ਨੀਂਹ ਰਖੀ ਸੀ। ਅਕਾਲੀ ਕੌਰ ਸਿੰਘ ਨਿਹੰਗ ਨੇ 1928 ਈ. ਵਿਚ ਚਕਾਰ ਵਿਚ 'ਗੁਰੂ ਨਾਨਕ ਆਸ਼੍ਰਮ' ਦੀ ਸਥਾਪਨਾ ਕਰਕੇ ਬੱਚਿਆਂ ਵਿਚ ਸਿੱਖੀ ਦਾ ਪ੍ਰਚਾਰ ਆਰੰਭ ਕੀਤਾ ਅਤੇ ਬੱਚਿਆਂ ਲਈ 'ਚਕਾਰ' ਵਿਚ ਹੀ ਬੋਰਡਿੰਗ ਹਾਊਸ ਬਣਾਇਆ ਸੀ।[76] ਇਸ ਦੇ ਨਾਲ ਹੀ ਗੁਰੂ ਕਾ ਬਾਗ ਵਿਖੇ ਇਕ ਗੁਰਮਤਿ ਵਿਦਿਆਲਾ ਖੋਲ੍ਹਿਆ ਗਿਆ ਸੀ ਜਿੱਥੇ ਵਿਦਿਆਰਥੀਆਂ ਨੂੰ ਵਿੱਦਿਆ ਪੜ੍ਹਾਉਣ ਲਈ ਪ੍ਰੋ. ਪ੍ਰੇਮ ਸਿੰਘ ਖੜਗ 'ਅਨੰਦਪੁਰੀ' ਨਿਯੁਕਤ ਕੀਤੇ ਗਏ ਸਨ।[77] 1984 ਈ. ਨੂੰ ਬੁੱਢਾ ਦਲ ਸਕੂਲ ਪਟਿਆਲਾ ਦਾ ਨੀਂਹ ਪੱਥਰ ਜਥੇਦਾਰ ਬਾਬਾ ਸੰਤਾ ਸਿੰਘ ਜੀ ਦੁਆਰਾ ਰਖਿਆ ਗਿਆ।[78] ਬੁੱਢਾ ਦਲ ਸਕੂਲ ਦੇ ਚੇਅਰਮੈਨ ਖੁਦ ਬਾਬਾ ਸੰਤਾ ਸਿੰਘ ਜੀ ਸਨ, ਸਕੂਲ ਦੇ ਪ੍ਰਧਾਨ ਗਿਆਨੀ ਭਗਤ ਸਿੰਘ, ਮੀਤ ਪ੍ਰਧਾਨ ਜਥੇਦਾਰ ਉਦੈ ਸਿੰਘ, ਸਕੱਤਰ ਸ. ਰਣਜੋਧ ਸਿੰਘ ਸਨ।[79] ਮੌਜੂਦਾ ਸਮੇਂ ਬੁੱਢਾ ਦਲ ਦੇ ਤਿੰਨ ਸਕੂਲ ਪਟਿਆਲਾ, ਸਮਾਣਾ ਅਤੇ ਜ਼ੀਰਕਪੁਰ ਵਿਖੇ ਚਲਾਏ ਜਾ ਰਹੇ ਹਨ। ਸੀ.ਬੀ.ਐਸ.ਈ. ਤੋਂ ਮਨਜ਼ੂਰ ਸ਼ੁਦਾ ਇਨ੍ਹਾਂ ਸਕੂਲਾਂ ਵਿਚ ਨਿਹੰਗ ਸਿੰਘਾਂ ਦੇ ਬੱਚਿਆਂ ਨੂੰ ਮੁਫ਼ਤ ਵਿੱਦਿਆ ਦਿੱਤੀ ਜਾਂਦੀ ਹੈ। ਜਥੇਦਾਰ ਬਾਬਾ ਸੰਤਾ ਸਿੰਘ ਨੇ ਬੁੱਢਾ ਦਲ ਦੀ ਇਕ ਵੈਬਸਾਈਟ ਵੀ ਤਿਆਰ

---

74 ਸਤਵੰਤ ਸਿੰਘ ਢਿਲੋ, (ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 12, ਸਾਲ 1, ਮਾਰਚ 1973, ਪੰਨਾ 40.

75 ਕ੍ਰਿਪਾਲ ਸਿੰਘ ਵੜੈਚ (ਗਿਆਨੀ), ਦੋ ਗੁਰਸਿਖ ਨਿਰਮੋਲਕ ਹੀਰੇ, ਪੰਨਾ 755 (ਫੁਟਨੋਟ).

76 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਦੂਜਾ, ਪੰਨਾ 604.

77 ਦਿਆਲ ਸਿੰਘ ਲਿਖਾਰੀ, ਮੁਖਤਿਆਰੇ ਆਮ (ਮੁਖ ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 2, ਸਾਲ 5, ਬਗੀਚੀ ਬਾਬਾ ਬੰਬਾ ਸਿੰਘ ਜੀ, ਲੋਇਰ ਮਾਲ ਰੋਡ, ਪਟਿਆਲਾ, ਫਰਵਰੀ 1976, ਪੰਨਾ 11.

78 ਸਤਵੰਤ ਸਿੰਘ ਢਿਲੋ, (ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 12, ਸਾਲ 1, ਮਾਰਚ 1973, ਪੰਨਾ 4.

79 ਦਿਆਲ ਸਿੰਘ ਲਿਖਾਰੀ, ਮੁਖਤਿਆਰੇ ਆਮ (ਮੁਖ ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 2, ਸਾਲ 28, ਬਗੀਚੀ ਬਾਬਾ ਬੰਬਾ ਸਿੰਘ ਜੀ, ਲੋਇਰ ਮਾਲ ਰੋਡ, ਪਟਿਆਲਾ, ਫਰਵਰੀ 1997, ਪੰਨਾ 37.

ਕਰਵਾਈ ਸੀ ਜਿਸ ਦਾ ਨਾਮ www.Budha Dal.com ਹੈ।[80] ਜਥੇਦਾਰ ਬਾਬਾ ਨਿਹਾਲ ਸਿੰਘ ਹਰੀਆ ਵੇਲਾਂ ਵਾਲਿਆਂ ਵਲੋਂ ਸ੍ਰੀ ਗੁਰੂ ਹਰਿ ਰਾਇ ਸਾਹਿਬ ਗਰਲਜ਼ ਕਾਲਜ, ਚੱਬੇਵਾਲ, ਹੁਸ਼ਿਆਰਪੁਰ ਵਿਖੇ ਚਲਾਇਆ ਜਾ ਰਿਹਾ ਹੈ ਜਿਸ ਵਿਚ ਲੜਕੀਆਂ ਨੂੰ ਉਚੇਰੀ ਸਿੱਖਿਆ ਦਿੱਤੀ ਜਾਂਦੀ ਹੈ। ਮਿਸਲ ਸ਼ਹੀਦਾਂ ਤਰਨਾ ਦਲ ਵਲੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਪਬਲਿਕ ਸਕੂਲ, ਪਿੰਡ ਮੱਲੀਆਂ, ਨੇੜੇ ਜੰਡਿਆਲਾ ਗੁਰੂ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਚਲਾਇਆ ਜਾ ਰਿਹਾ ਹੈ। ਨਿਹੰਗ ਸਿੰਘ ਜਥੇਬੰਦੀ ਵਲੋਂ ਸਕੂਲਾਂ ਤੋਂ ਇਲਾਵਾ ਕਈ ਗੁਰਮਤਿ ਵਿਦਿਆਲੇ ਵੀ ਸਥਾਪਿਤ ਕੀਤੇ ਗਏ ਹਨ:

- ਗਿਆਨੀ ਇੰਦਰਜੀਤ ਸਿੰਘ ਰਕਬਾ ਵਲੋਂ 'ਨਿਰਮਲ ਬੁੰਗਾ ਸ੍ਰੀ ਚੇਤਨ ਬਿਲਾਸ ਹਰੀ', ਪਿੰਡ ਸਹੌੜਾ (ਮੋਹਾਲੀ)
- ਗੁ: ਯਾਦਗਾਰ ਜਥੇਦਾਰ ਬਾਬਾ ਸੰਤਾ ਸਿੰਘ ਜੀ, ਬਗੀਚੀ ਅਗੰਮਗੜ (ਪਟਿਆਲਾ) ਵਿਖੇ ਵੀ ਗੁਰਬਾਣੀ ਸੰਥਿਆ ਦਿੱਤੀ ਜਾਂਦੀ ਹੈ।
- ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਹੈੱਡ ਕੁਆਰਟਰ ਬਾਬਾ ਬਕਾਲਾ ਸਾਹਿਬ ਵਿਖੇ ਹੈੱਡਗ੍ਰੰਥੀ ਬਾਬਾ ਜੱਸਾ ਸਿੰਘ ਜੀ ਦੀ ਅਗਵਾਈ ਵਿਚ ਵਿੱਦਿਅਕ ਟਕਸਾਲ ਚਲਾਈ ਜਾ ਰਹੀ ਹੈ।
- ਗੁ. ਅਕਾਲ ਬੁੰਗਾ ਭੰਬੋਈ ਵਿਖੇ ਗਿਆਨੀ ਮਹਿਤਾਬ ਸਿੰਘ ਵਲੋਂ ਗੁਰਮਤਿ ਵਿੱਦਿਆ ਅਤੇ ਸ਼ਸਤਰ ਵਿੱਦਿਆ ਦਾ ਅਖਾੜਾ ਚਲਾਇਆ ਜਾ ਰਿਹਾ ਹੈ।
- ਗੁ. ਗੁਫਾ ਸਾਹਿਬ ਪਾਤਸ਼ਾਹੀ ਛੇਵੀਂ, ਔਲਖਾ ਵਿਚ ਵੀ ਗਿਆਨੀ ਰੂੜ ਸਿੰਘ ਵਲੋਂ ਗੁਰਮਤਿ ਵਿੱਦਿਆ ਦਿੱਤੀ ਜਾ ਰਹੀ ਹੈ।
- ਬੋਲੇਵਾਲ ਨਗਰ ਵਿਚ ਗਿਆਨੀ ਪ੍ਰੇਮ ਸਿੰਘ ਵਲੋਂ ਵੀ ਇਕ ਗੁਰਮਤਿ ਟਕਸਾਲ ਚਲਾਈ ਜਾ ਰਹੀ ਹੈ।
- ਗੁਰਦੁਆਰਾ ਬਾਬਾ ਗੁਰਦਿੱਤਾ ਜੀ (ਤਿੰਮੋਵਾਲ) ਦੇ ਅਸਥਾਨ ਤੇ ਗਿਆਨੀ ਇੰਦਰਜੀਤ ਸਿੰਘ ਜੀ ਗੁਰਮਤਿ ਦੀ ਵਿੱਦਿਆ ਦੇ ਰਹੇ ਹਨ।

---

80 ਸੰਤਾ ਸਿੰਘ ਬਾਬਾ, ਅਕਾਲੀ (ਟੀਕਾਕਾਰ), ਪ੍ਰਾਚੀਨ ਪੰਥ ਪ੍ਰਕਾਸ਼ ਸਟੀਕ, ਭਾਗ ਪਹਿਲਾ, ਪੰਨਾ ੪.

- ਗੁਰਦੁਆਰਾ ਮੱਲ ਅਖਾੜਾ ਖਡੂਰ ਸਾਹਿਬ ਵਿਖੇ ਬਾਬਾ ਅਜੀਤ ਸਿੰਘ ਜੀ ਦੁਆਰਾ ਮਾਤਾ ਖੀਵੀ ਸੰਗੀਤ ਵਿੱਦਿਆਲਾ ਚਲਾਇਆ ਜਾ ਰਿਹਾ ਹੈ।
- ਗੁਰਦੁਆਰਾ ਫਲਾਹ ਸਾਹਿਬ (ਮੱਲ੍ਹੀਆਂ) ਵਿਖੇ ਜਥੇਦਾਰ ਬਾਬਾ ਗੱਜਣ ਸਿੰਘ ਜੀ ਗੁਰਮਤਿ ਟਕਸਾਲ ਦੇ ਨਾਲ ਨਾਲ ਸਕੂਲੀ ਵਿੱਦਿਆ ਵੀ ਪ੍ਰਦਾਨ ਕਰਵਾ ਰਹੇ ਹਨ।
- ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਹੈੱਡਗ੍ਰੰਥੀ ਗਿਆਨੀ ਤ੍ਰਿਲੋਚਨ ਸਿੰਘ ਜੀ (ਮਹੰਤ) ਵਲੋਂ ਵਿਚਰਕੇ ਚਲਦੀ ਫਿਰਦੀ ਟਕਸਾਲ ਚਲਾਈ ਜਾ ਰਹੀ ਹੈ।
- ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਬਾਬਾ ਬਕਾਲਾ ਦੇ ਪ੍ਰਚਾਰਕ ਗਿਆਨੀ ਗੁਰਵਿੰਦਰ ਸਿੰਘ ਨੰਗਲੀ ਵਲੋਂ ਭਾਈ ਨੰਦ ਲਾਲ ਗੁਰਮਤਿ ਵਿਦਿਆਲਾ ਸ੍ਰੀ ਸਰਬਲੋਹ ਬੁੰਗਾ ਨੰਗਲੀ, ਸਮਾਧਾ ਬਾਬਾ ਨੌਧ ਸਿੰਘ ਪਿੰਡ ਚੱਬਾ ਅਤੇ ਮੀਰੀ ਪੀਰੀ ਅਕੈਡਮੀ ਛੇਹਰਟਾ ਵਿਖੇ ਚਲਾਈ ਜਾ ਰਹੀ ਹੈ।
- ਦਲ ਬਾਬਾ ਬਿਧੀ ਚੰਦ ਜੀ ਵਲੋਂ ਗੁਰਮਤਿ ਸੰਗੀਤ ਵਿਦਿਆਲਿਆ, ਸਰਹੰਦ ਵਿਖੇ ਚਲਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਦਲ ਬਾਬਾ ਬਿਧੀ ਚੰਦ ਜੀ ਵਲੋਂ ਸੁਰ ਸਿੰਘ (ਫਿਰੋਜ਼ਪੁਰ), ਸੁਰ ਸਿੰਘ (ਤਰਨਤਾਰਨ) ਅਤੇ ਸੁਲਤਾਨਪੁਰ ਲੋਧੀ ਵਿਖੇ ਵੀ ਗੁਰਮਤਿ ਵਿਦਿਆਲੇ ਚਲਾਏ ਜਾ ਰਹੇ ਹਨ।
- ਬੁੱਢਾ ਦਲ ਦੇ ਪ੍ਰਚਾਰਕ ਗਿਆਨੀ ਸ਼ੇਰ ਸਿੰਘ ਵਲੋਂ ਅੰਬਾਲਾ ਵਿਖੇ ਗੁਰਬਾਣੀ ਬ੍ਰਹਮ ਵਿਦਿਆ ਕੇਂਦਰ ਚਲਾਇਆ ਜਾ ਰਿਹਾ ਹੈ ਜਿਸ ਵਿਚ ਸਿਖਿਆਰਥੀਆਂ ਨੂੰ ਗੁਰਬਾਣੀ ਸੰਥਿਆ, ਗੁਰਬਾਣੀ ਕਥਾ ਅਤੇ ਵੇਦਾਂਤ ਦੇ ਗ੍ਰੰਥਾਂ ਦੀ ਵਿੱਦਿਆ ਦਿੱਤੀ ਜਾਂਦੀ ਹੈ।
- ਗੁ: ਸ਼ਹੀਦੀ ਬਾਗ, ਸ੍ਰੀ ਅਨੰਦਪੁਰ ਸਾਹਿਬ ਵਿਖੇ ਸੰਤ ਬਾਬਾ ਗੁਰਦੇਵ ਸਿੰਘ ਜੀ ਦੀ ਹਜ਼ੂਰੀ ਵਿਚ ਗਿਆਨੀ ਬੀਰਬਲ ਸਿੰਘ ਜੀ (ਹੈੱਡਗ੍ਰੰਥੀ ਗੁ. ਸ਼ਹੀਦੀ ਬਾਗ) ਵਲੋਂ ਗੁਰਮਤਿ ਟਕਸਾਲ ਅਤੇ ਗੱਤਕੇ ਦਾ ਅਖਾੜਾ ਚਲਾਇਆ ਜਾ ਰਿਹਾ ਹੈ।

ਗੁਰਦੁਆਰਾ ਸ਼ਹੀਦੀ ਬਾਗ ਇਕ ਇਤਿਹਾਸਿਕ ਅਸਥਾਨ ਦੇ ਨਾਲ-ਨਾਲ ਮਿਸਲ ਸ਼ਹੀਦਾਂ ਤਰਨਾ ਦਲ ਦੀ ਛਾਉਣੀ ਵੀ ਹੈ। ਕਿਲ੍ਹਾ ਅਨੰਦਗੜ੍ਹ ਸਾਹਿਬ ਦੀ ਦੱਖਣੀ ਬਾਹੀ ਵੱਲ ਸਥਿਤ ਗੁਰਦੁਆਰਾ ਸ਼ਹੀਦੀ

ਬਾਗ ਉਹ ਅਸਥਾਨ ਹੈ, ਜਿੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਸੁੰਦਰ ਤੇ ਸੁਗੰਧਿਤ ਫੁੱਲਾਂ ਦਾ ਬਾਗ਼ ਹੁੰਦਾ ਸੀ। ਇਸ ਬਾਗ਼ ਵਿਚ ਹਮੇਸ਼ਾ ਨਿਹੰਗ ਸਿੰਘ ਫ਼ੌਜਾਂ ਦਾ ਉਤਾਰਾ ਹੁੰਦਾ ਸੀ। ਕਿਲ੍ਹਾ ਅਨੰਦਗੜ੍ਹ ਸਾਹਿਬ ਵਿਖੇ ਮੁਗ਼ਲ ਫ਼ੌਜਾਂ ਨਾਲ ਲੜਾਈ ਵੇਲੇ ਸ਼ਹੀਦ ਹੋਏ ਸਿੰਘਾਂ ਦਾ ਸੰਸਕਾਰ ਇਸੇ ਅਸਥਾਨ 'ਤੇ ਕੀਤਾ ਗਿਆ ਸੀ। ਇਸ ਅਸਥਾਨ ਨੂੰ ਤਰਨਾ ਦਲ ਦੇ ਜਥੇਦਾਰ ਬਾਬਾ ਸਾਧੂ ਸਿੰਘ ਅਤੇ ਬਾਬਾ ਜਵਾਲਾ ਸਿੰਘ ਹਰਖੋਵਾਲ ਵਾਲਿਆਂ ਨੇ ਪ੍ਰਗਟ ਕੀਤਾ ਸੀ। ਵੀਹਵੀਂ ਸਦੀ ਦੀ ਸ਼ੁਰੂਆਤ ਵਿਚ 'ਹੋਲੇ ਮਹੱਲੇ' ਮੌਕੇ ਸਾਰੀਆਂ ਸਿੱਖ ਜਥੇਬੰਦੀਆਂ ਤੇ ਸੰਪਰਦਾਵਾਂ ਦਾ ਉਤਾਰਾ ਇਸੇ ਅਸਥਾਨ 'ਤੇ ਹੁੰਦਾ ਰਿਹਾ ਸੀ। ਗੁਰਦੁਆਰਾ ਸ਼ਹੀਦੀ ਬਾਗ, ਨਿਹੰਗ ਸਿੰਘਾਂ ਦੀ ਆਦਰਸ਼ਕ ਮਰਯਾਦਾ ਵਾਲਾ ਅਸਥਾਨ ਮੰਨਿਆ ਜਾਂਦਾ ਹੈ।[81] ਇੱਥੇ ਹੀ ਭਾਈ ਨੰਦ ਲਾਲ ਜੀ ਦਾ ਖੂਹ ਹੈ ਅਤੇ ਉਹ ਦਰੱਖਤ ਹੈ ਜਿਸ ਨਾਲ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਸਾਦੀ ਹਾਥੀ ਬੱਝਦਾ ਸੀ।

ਨਿਹੰਗ ਸਿੰਘ ਜਥੇਬੰਦੀ ਵਿਚ ਸਿਖਿਆਰਥੀ ਨੂੰ ਮੁੱਢ ਤੋਂ ਪੈਂਤੀ ਅੱਖਰੀ, ਮੁਹਾਰਨੀ, ਉਚਾਰਨ ਬੋਧ, ਪੰਜ ਗ੍ਰੰਥੀ, ਬਾਈ ਵਾਰਾਂ, ਭਗਤਾਂ ਕੀ ਬਾਣੀ ਦੀਆਂ ਪੋਥੀਆਂ ਦੀ ਸੰਥਿਆ ਦੇ ਕੇ ਫੇਰ ਭਾਈ ਗੁਰਦਾਸ ਜੀ ਦੀਆਂ ਵਾਰਾਂ, ਕੱਬਿਤ ਸ੍ਵਯੇ ਭਾਈ ਗੁਰਦਾਸ ਜੀ ਪੜ੍ਹਾਏ ਜਾਂਦੇ ਹਨ। ਇਸ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਦਿੱਤੀ ਜਾਂਦੀ ਹੈ। ਹੋਰ ਅੱਗੇ ਪੜ੍ਹਨ ਵਾਲੇ ਵਿਦਿਆਰਥੀ ਨੂੰ ਦਸ ਗ੍ਰੰਥੀ, ਗੰਜ ਨਾਮਾ ਭਾਈ ਨੰਦ ਲਾਲ ਜੀ, ਭਾਈ ਨੰਦ ਲਾਲ ਜੀ ਦੀਆਂ ਗਜ਼ਲਾਂ ਅਤੇ ਫੇਰ ਸ੍ਰੀ ਦਸਮ ਗ੍ਰੰਥ ਸਾਹਿਬ ਅਤੇ ਸਰਬਲੋਹ ਗ੍ਰੰਥ ਜੀ ਦੀ ਸੰਥਿਆ ਕਰਵਾਈ ਜਾਂਦੀ ਹੈ।

ਇਸ ਤੋਂ ਇਲਾਵਾ ਕਥਾ ਵਖਿਆਨ ਵਿਚ ਰੁਚੀ ਰਖਣ ਵਾਲੇ ਵਿਦਿਆਰਥੀਆਂ ਨੂੰ ਨਾਨਕ ਪ੍ਰਕਾਸ਼, ਰਹਿਤਨਾਮੇ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਮੁੱਖ ਤੌਰ 'ਤੇ ਪੜ੍ਹਾਏ ਜਾਂਦੇ ਹਨ। ਵੇਦਾਂਤ ਦੀ ਕਥਾ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਸਾਰਕੁਤਾਵਲੀ, ਭਾਵਰਸਮ੍ਰਿਤ, ਵਿਚਾਰ ਮਾਲਾ, ਅਧਿਆਤਮਪ੍ਰਕਾਸ਼, ਚਾਣਕਿਆ ਨੀਤੀ, ਵੈਰਾਗ ਸ਼ੱਤਕ, ਪ੍ਰਬੋਧ ਚੰਦਰ ਨਾਟਕ, ਵਿਚਾਰ ਸਾਗਰ, ਰੂਪ ਦੀਪ ਪਿੰਗਲ ਆਦਿ ਗ੍ਰੰਥ ਪੜ੍ਹਾਏ ਜਾਂਦੇ ਹਨ।[82] ਇਸ ਦੇ ਨਾਲ ਹੀ ਵਿਦਿਆਰਥੀ ਦੀ ਰੁਚੀ ਅਨੁਸਾਰ ਕੀਰਤਨ, ਢਾਡੀ, ਕਵੀਸ਼ਰੀ, ਗੱਤਕਾ ਅਤੇ ਘੋੜ ਸਵਾਰੀ ਦੀ ਵਿੱਦਿਆ ਸਿਖਲਾਈ ਨਾਲ-ਨਾਲ ਦਿੱਤੀ ਜਾਂਦੀ ਹੈ।

---

81 ਦਿਲਜੀਤ ਸਿੰਘ ਬੇਦੀ (ਸੰਪਾ.), ਸ੍ਰੀ ਅਨੰਦਪੁਰ ਸਾਹਿਬ ਦੇ 350 ਸਾਲਾ ਸਥਾਪਨਾ ਦਿਵਸ ਨੂੰ ਸਮਰਪਿਤ ਸੋਵੀਨਰ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 19 ਜੂਨ 2015, ਪੰਨਾ 152.

82 ਇਹ ਜਾਣਕਾਰੀ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਪ੍ਰਚਾਰਕ ਗਿਆਨੀ ਗੁਰਵਿੰਦਰ ਸਿੰਘ ਨੰਗਲੀ ਪਾਸੋਂ, ਅੰਮ੍ਰਿਤਸਰ ਵਿਖੇ 23 ਜਨਵਰੀ 2020 ਨੂੰ ਵੀਡਿਓ ਰਿਕਾਰਡਿੰਗ ਰਾਹੀਂ ਇੰਟਰਵਿਊ ਵਿਚ ਇੱਕਤਰ ਕੀਤੀ ਗਈ।

ਇਸ ਪ੍ਰਕਾਰ ਨਿਹੰਗ ਸਿੰਘ ਜਥੇਬੰਦੀ ਵਲੋਂ ਖਾਲਸਾ ਯੂਨੀਵਰਸਿਟੀ ਖੋਲ੍ਹਣ ਦਾ ਵੀਚਾਰ, ਪ੍ਰਿੰਟਿੰਗ ਪ੍ਰੈੱਸਾਂ ਚਾਲੂ ਕਰਨ, ਸਾਹਿਤ ਰਚਨਾ ਕਰਨ, ਉਚੇਰੀ ਵਿੱਦਿਆ ਲਈ ਸਕੂਲ ਖੋਲ੍ਹਣ, ਸ਼ਰਾਬ ਦੀ ਵਰਤੋਂ ਵਰਜਿਤ, ਨਿਹੰਗ ਸਿੰਘਾਂ ਦੇ ਬਾਣੇ ਵਿਚ ਉਗਰਾਹੀ ਕਰਨ ਦੀ ਮਨਾਹੀ, ਨਿਹੰਗ ਸਿੰਘਾਂ ਵਿਚ ਅਨੁਸ਼ਾਸਨ, ਨਿੱਤਨੇਮ ਅਤੇ ਅੰਮ੍ਰਿਤ ਵੇਲੇ ਦੀ ਸੰਭਾਲ ਸੰਬੰਧੀ ਪ੍ਰੇਰਿਤ ਕਰਨ, ਜੋੜ ਮੇਲਿਆਂ ਮੌਕੇ ਤਰਤੀਬ ਬੱਧ ਤਰੀਕੇ ਨਾਲ ਮਹੱਲਾ ਕੱਢਣ, ਸ਼ਸਤਰ ਵਿੱਦਿਆ ਸਿੱਖਣ, ਭੰਗ ਨੂੰ ਨਾ ਵੇਚਣ ਅਤੇ ਮਰਯਾਦਾ ਅਨੁਸਾਰ ਵਰਤੋਂ, ਕਿਰਤ ਕਰਨ, ਉੱਘੀਆਂ ਸ਼ਖਸੀਅਤਾਂ ਨੂੰ ਸਨਮਾਨਿਤ ਕਰਨ, ਗਰੀਬ ਸਾਹਿਤਕਾਰਾਂ ਨੂੰ ਪੈਨਸ਼ਨ ਦੇਣ ਦੇ ਉਪਰਾਲੇ ਕਰ ਕੇ ਵਿੱਦਿਅਕ ਅਤੇ ਸਮਾਜਿਕ ਖੇਤਰ ਵਿਚ ਉੱਘਾ ਯੋਗਦਾਨ ਪਾਇਆ ਜਾ ਰਿਹਾ ਹੈ।

### 5.4 ਨਿਹੰਗ ਸਿੰਘਾਂ ਨਾਲ ਸੰਬੰਧਿਤ ਪੁਰਾਤਨ ਧਰਮਸ਼ਾਲਾਵਾਂ ਦਾ ਵੇਰਵਾ:

ਨਿਹੰਗ ਸਿੰਘਾਂ ਨੇ ਕਦੇ ਵੀ ਆਪਣੇ ਲਈ ਕੋਈ ਜ਼ਮੀਨ-ਜਾਇਦਾਦ ਨਹੀਂ ਬਣਾਈ, ਪਰ ਬੁੰਗਿਆਂ ਅਤੇ ਛਾਉਣੀਆਂ ਦੇ ਰੂਪ ਵਿਚ ਗੁਰਮਤਿ ਕੇਂਦਰ ਜ਼ਰੂਰ ਸਥਾਪਿਤ ਕੀਤੇ ਹਨ। ਗਿਆਨੀ ਗਿਆਨ ਸਿੰਘ ਨੇ ਨਿਹੰਗ ਸਿੰਘਾਂ ਨਾਲ ਸੰਬੰਧਿਤ ਪੁਰਾਤਨ ਧਰਮਸ਼ਾਲਾਵਾਂ ਅਤੇ ਬੁੰਗਿਆਂ ਦਾ ਵੇਰਵਾ ਦਿੱਤਾ ਹੈ: ਬੁੰਗਾ ਮਜ਼੍ਹਬੀਆਂ (ਸ਼ਹੀਦ ਗੰਜ) ਜੋ 1842 ਬਿ: ਵਿਚ ਬਣਿਆ, ਸ਼ਹੀਦ ਗੰਜ ਨੈਣਾ ਸਿੰਘ ਨਿਹੰਗ ਜੋ ਕਟੜਾ ਦਲ ਸਿੰਘ ਵਿਚ ਹੈ, ਸ਼ਹੀਦ ਬੁੰਗਾ, ਸ਼ਹੀਦ ਗੰਜ (ਗੁਰੂ ਕਾ ਬਾਗ)[83] ਧਰਮਸ਼ਾਲਾ ਸ਼ੇਰ ਸਿੰਘ ਛਾਉਣੀ ਨਿਹੰਗਾਂ ਜੋ 1893 ਬਿ: ਵਿਚ ਬਣੀ, ਧਰਮਸ਼ਾਲਾ ਭਾਈ ਕਨਈਆ ਸਿੰਘ, ਛਾਉਣੀ ਨਿਹੰਗ 1872 ਬਿ: ਨੂੰ ਬਣੀ, ਧਰਮਸ਼ਾਲਾ ਭਾਈ ਕਰਮ ਸਿੰਘ ਛਾਉਣੀ ਨਿਹੰਗ ਸਿੰਘਾਂ 1890 ਬਿ: ਵਿਚ ਬਣੀ, ਧਰਮਸ਼ਾਲਾ ਬ੍ਰਹਮ ਸਿੰਘ ਛਾਉਣੀ ਨਿਹੰਗਾਂ 1887 ਬਿ: ਨੂੰ ਬਣੀ, ਧਰਮਸ਼ਾਲਾ ਪੰਜਾਬ ਸਿੰਘ ਛਾਉਣੀ ਨਿਹੰਗਾਂ, ਧਰਮਸ਼ਾਲਾ ਨਿਹਾਲ ਸਿੰਘ ਛਾਉਣੀ ਨਿਹੰਗਾਂ, ਧਰਮਸ਼ਾਲਾ ਫਤੇ ਸਿੰਘ ਅਯੁੱਧਿਆ ਬਾਸੀ ਛਾਉਣੀ ਨਿਹੰਗਾਂ, ਧਰਮਸ਼ਾਲਾ ਖੰਡੂਰੀਆਂ ਛਾਉਣੀ ਨਿਹੰਗਾਂ, ਧਰਮਸ਼ਾਲਾ ਨਾਮਧਾਰੀਆਂ ਵਾਲੀ ਛਾਉਣੀ ਨਿਹੰਗਾਂ, ਧਰਮਸ਼ਾਲਾ ਰਾਗੀ ਲੋਕ ਸਿੰਘ ਵਾਲੀ ਛਾਉਣੀ ਨਿਹੰਗਾਂ, ਧਰਮਸ਼ਾਲਾ ਵਰਿਆਮ ਸਿੰਘ ਛਾਉਣੀ ਨਿਹੰਗਾਂ।[84] ਮੌਜੂਦਾ ਸਮੇਂ ਨਿਹੰਗ ਸਿੰਘਾਂ ਦੀਆਂ ਪ੍ਰਮੁਖ ਛਾਉਣੀਆਂ ਬੇਰ ਸਾਹਿਬ, ਸ੍ਰੀ ਦਮਦਮਾ ਸਾਹਿਬ (ਬਠਿੰਡਾ), ਬਗੀਚੀ ਬਾਬਾ ਬੰਬਾ ਸਿੰਘ ਜੀ

---

83 ਗਿਆਨ ਸਿੰਘ (ਗਿਆਨੀ), ਤਵਾਰੀਖ ਸ੍ਰੀ ਅੰਮ੍ਰਿਤਸਰ, (ਪ੍ਰਕਾ.), ਕੇਂਦਰੀ ਸਿੰਘ ਸਭਾ ਅਕੈਡਮੀ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਦਿਆ ਕੇਂਦਰ, ਚੰਡੀਗੜ੍ਹ, (ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ), ਮਿਤੀਹੀਨ, ਪੰਨਾ ੮੩-੮੪.

84 ਉਹੀ, ਪੰਨਾ ੯੩.

(ਪਟਿਆਲਾ), ਸਰਬਲੋਹ ਬੁੰਗਾ (ਨਾਂਦੇੜ), ਗੁ: ਮਾਤਾ ਸਾਹਿਬ ਕੌਰ ਜੀ (ਨਾਂਦੇੜ), ਸੁਰ ਸਿੰਘ (ਤਰਨਤਾਰਨ), ਸਮਾਧਾ ਬਾਬਾ ਨੌਧ ਸਿੰਘ (ਪਿੰਡ ਚੱਬਾ), ਬਾਬਾ ਬਕਾਲਾ ਸਾਹਿਬ, ਹਰੀਆਂ ਵੇਲਾਂ (ਹੁਸ਼ਿਆਰਪੁਰ) ਆਦਿ ਹਨ। ਅੰਮ੍ਰਿਤਸਰ ਦੇ ਕਈ ਹਿੱਸਿਆਂ ਵਿਚ ਨਿਹੰਗ ਸਿੰਘਾਂ ਦੇ ਦਲਾਂ ਦੀਆਂ ਛਾਉਣੀਆਂ ਹਨ।

### 5.5 ਨਿਹੰਗ ਸਿੰਘ ਜਥੇਬੰਦੀ ਦੇ ਪ੍ਰਮੁਖ ਦਲਾਂ ਦਾ ਵੇਰਵਾ:

ਬੁੱਢਾ ਦਲ ਅਤੇ ਤਰਨਾ ਦਲ ਦਾ ਵਿਸਥਾਰ ਪੂਰਵਕ ਵਰਨਣ ਦੂਜੇ ਅਧਿਆਇ ਵਿਚ ਦਿੱਤਾ ਜਾ ਚੁੱਕਾ ਹੈ। ਨਿਹੰਗ ਸਿੰਘ ਜਥੇਬੰਦੀ ਦੇ ਹੋਰ ਪ੍ਰਮੁਖ ਦਲਾਂ ਬਾਰੇ ਜਾਣਕਾਰੀ ਇਸ ਪ੍ਰਕਾਰ ਹੈ:

**ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਵੇਲਾਂ:**

1651 ਈ. ਵਿਚ ਕੀਰਤਪੁਰ ਸਾਹਿਬ ਵਲ ਜਾਂਦਿਆਂ ਹੋਇਆਂ ਗੁਰੂ ਹਰਿਰਾਇ ਸਾਹਿਬ ਜੀ ਇਸ ਸਥਾਨ (ਹਰੀਆਂ ਵੇਲਾਂ) ਉੱਤੇ ਆ ਕੇ ਠਹਿਰੇ ਸਨ। ਉਨ੍ਹਾਂ ਦਿਨਾਂ ਵਿਚ ਇਸ ਇਲਾਕੇ ਵਿਚ ਸੋਕਾ ਪਿਆ ਹੋਇਆ ਸੀ। ਗੁਰੂ ਜੀ ਦਾ ਪਰਜਾਪਤ ਨਾਮੀ ਸਿੱਖ, ਗੁਰੂ ਜੀ ਦੇ ਘੋੜਿਆਂ ਲਈ ਸੁੱਕੀਆਂ ਵੇਲਾਂ ਲੈ ਕੇ ਆਇਆ। ਗੁਰੂ ਜੀ ਦੇ ਬਚਨ ਨਾਲ ਉਹ ਸੁੱਕੀਆਂ ਹੋਈਆਂ ਵੇਲਾਂ, ਹਰੀਆਂ ਹੋ ਗਈਆਂ ਜਿਸ ਕਰਕੇ ਇਸ ਅਸਥਾਨ ਦਾ ਨਾਂ 'ਹਰੀਆਂ ਵੇਲਾਂ' ਪੈ ਗਿਆ। ਇੱਥੇ ਹੀ ਬਜਰੌੜ ਦੇ ਰੰਘੜਾਂ ਅਤੇ ਗੁੱਜਰਾਂ ਨਾਲ ਲੜਦੇ ਕਈ ਸ਼ਹੀਦ ਹੋਏ ਜਿਨ੍ਹਾਂ ਦਾ ਅੰਗੀਠਾ ਬਣਿਆ ਹੋਇਆ ਹੈ। ਇਸੇ ਪਿੰਡ ਵਿਚ ਮਾਤਾ ਸੁੰਦਰੀ ਜੀ ਦਾ ਜਨਮ ਅਸਥਾਨ ਵੀ ਹੈ।[85] ਤਰਨਾ ਦਲ ਹਰੀਆ ਵੇਲਾਂ ਦੇ ਮੌਜੂਦਾ ਜਥੇਦਾਰ ਬਾਬਾ ਨਿਹਾਲ ਸਿੰਘ ਨੇ ਸੰਨ 1974 ਵਿਚ ਜਲੰਧਰ ਦੇ ਬੰਗਾ ਦੇ ਦੱਖਣ ਪੂਰਬ ਵਲ 8 ਕਿ ਮੀ. ਦੀ ਵਿੱਥ ਉੱਤੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਹਰਿ ਰਾਇ ਸਾਹਿਬ ਜੀ ਦੇ ਅਸਥਾਨ ਦੀ ਇਮਾਰਤ ਬਣਵਾਈ ਸੀ।[86] ਇਸ ਦਲ ਨੇ ਗੁ: ਪਾਉਂਟਾ ਸਾਹਿਬ ਨੂੰ ਮਹੰਤਾਂ ਦੇ ਕਬਜ਼ੇ ਵਿਚੋਂ ਆਜ਼ਾਦ ਕਰਵਾਇਆ ਸੀ।

**ਦਲ ਬਾਬਾ ਬਿਧੀ ਚੰਦ ਜੀ, ਸੁਰ ਸਿੰਘ:**

ਭਾਈ ਬਿਧੀ ਚੰਦ ਜੀ ਦਾ ਜਨਮ ਸੰਨ 1579 ਈ. ਵਿਚ ਪਿੰਡ ਸਰਹਾਲੀ, ਜ਼ਿਲਾ ਅੰਮ੍ਰਿਤਸਰ ਵਿਚ ਹੋਇਆ। ਭਾਈ ਬਿਧੀ ਚੰਦ ਜੀ ਦੇ ਦਾਦਾ ਭਿੱਖੀ ਅਤੇ ਪਿਤਾ ਵੱਸਣ ਜੀ, ਪਿੰਡ ਸੁਰ ਸਿੰਘ, ਜ਼ਿਲ੍ਹਾ ਅੰਮ੍ਰਿਤਸਰ

---

[85] ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਦੂਜਾ, ਪੰਨਾ 486.

[86] ਉਹੀ, ਪੰਨਾ 451.

ਦੇ ਵਸਨੀਕ ਸਨ। ਬਾਬਾ ਬਿਧੀ ਚੰਦ ਜੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਭਾਈ ਅਦਲੀ ਦੀ ਸ਼ਖਸੀਅਤ ਤੋਂ ਪ੍ਰਭਾਵਿਤ ਹੋ ਕੇ ਗੁਰੂ ਚਰਨਾਂ ਵਿਚ ਆਏ ਸਨ। ਭਾਈ ਬਿਧੀ ਚੰਦ ਜੀ ਪਹਿਲਾਂ ਡਾਕੇ ਮਾਰਦੇ ਸਨ। ਗੁਰੂ ਸਾਹਿਬ ਕੋਲ ਆ ਕੇ ਸੱਚੋ-ਸੱਚ ਆਪਣਾ ਪੇਸ਼ਾ ਦਸ ਦਿੱਤਾ। ਗੁਰੂ ਜੀ ਨੇ ਉਸ ਨੂੰ ਆਪਣਾ 'ਚੋਰ ਸਿੱਖ' ਹੀ ਬਣਾ ਲਿਆ ਪਰ ਕਿਸੇ ਵੀ ਤਰ੍ਹਾਂ ਦੇ ਮਾੜੇ ਕੰਮ ਤੋਂ ਵਰਜ ਕੇ ਸੱਚ 'ਤੇ ਚਲਣ ਦੀ ਤਾਗੀਦ ਵੀ ਕੀਤੀ।[87] ਜਦੋਂ ਗੁਰੂ ਹਰਿਗੋਬਿੰਦ ਜੀ ਨੇ ਸਿੱਖਾਂ ਨੂੰ ਜਥੇਬੰਦ ਹੋਣ ਲਈ ਪ੍ਰੇਰਿਤ ਕੀਤਾ ਤਾਂ ਬਿਧੀ ਚੰਦ ਜੀ ਬਵੰਜਾ ਨੌਜਵਾਨਾਂ ਅਤੇ ਦੋ ਢਾਡੀਆਂ ਨੂੰ ਨਾਲ ਲੈਕੇ ਅੰਮ੍ਰਿਤਸਰ ਲੈ ਕੇ ਆਏ।[88] ਭਾਈ ਬਿਧੀ ਚੰਦ ਜੀ ਕੋਲ ਗੁਰੂ ਹਰਿਗੋਬਿੰਦ ਸਾਹਿਬ ਜੀ ਦੁਆਰਾ ਤਿਆਰ ਕੀਤੀ ਫੌਜ ਦੀ ਇਕ ਟੁਕੜੀ ਦੀ ਕਮਾਂਡ ਸੀ।[89] ਕਾਬਲ ਤੋਂ ਸਿੱਖ ਸ਼ਰਧਾਲੂ ਕਰੋੜੀ ਮਲ ਵਧੀਆ ਨਸਲ ਦੇ ਦੋ ਘੋੜੇ 'ਦਿਲਬਾਗ' ਅਤੇ 'ਗੁਲਬਾਗ' ਗੁਰੂ ਦਰਬਾਰ ਵਿਚ ਭੇਟਾ ਵਜੋਂ ਲੈ ਕੇ ਆ ਰਿਹਾ ਸੀ ਜਿਨ੍ਹਾਂ ਨੂੰ ਰਸਤੇ ਵਿਚ ਹੀ ਅਨਾਇਤ ਉੱਲਾ ਨੇ ਖੋਹ ਲਿਆ ਸੀ। ਭਾਈ ਬਿਧੀ ਚੰਦ ਜੀ ਨੇ ਬਹੁਤ ਹੀ ਬਹਾਦਰੀ ਅਤੇ ਸਿਆਣਪ ਨਾਲ 'ਘਾਹੀ' ਅਤੇ 'ਨਜੂਮੀ' ਬਣ ਕੇ ਦੋਨੋਂ ਘੋੜੇ ਲਿਆ ਕੇ ਗੁਰੂ ਦਰਬਾਰ ਵਿਚ ਪੇਸ਼ ਕੀਤੇ।

ਭਾਈ ਬਿਧੀ ਚੰਦ ਜੀ ਨੇ ਸੁੰਦਰ ਸ਼ਾਹ ਨਾਲ ਕੀਤੇ ਬਚਨ ਅਨੁਸਾਰ ਉੱਤਰ ਪ੍ਰਦੇਸ਼ ਵਿਚ ਅਯੁੱਧਿਆ ਦੇ ਨੇੜੇ 'ਦੇਉ' ਨਗਰ ਵਿਖੇ ਸਰੀਰ ਤਿਆਗਿਆ।[90] ਭਾਈ ਬਿਧੀ ਚੰਦ ਜੀ ਅਗਸਤ 1638 ਈ. ਵਿਚ ਦੇਉ ਨਗਰ ਵਿਚ ਗੁਰਪੁਰੀ ਸਿਧਾਰ ਗਏ ਸਨ। ਬਾਬਾ ਬਿਧੀ ਚੰਦ ਜੀ ਦੇ ਅੰਸ-ਬੰਸ ਦੇ ਮਹਾਂ ਪੁਰਖਾਂ ਦੇ ਪਰਿਵਾਰ ਵਿਚ ਇਕ ਮਾਤਾ 'ਬੀਬੀ ਲੱਖਾਂ' ਨੇ ਭਾਈ ਬਿਧੀ ਚੰਦ ਜੀ ਦੇ ਸਚਖੰਡ ਗਵਨ ਵਾਲੇ ਅਸਥਾਨ ਤੋਂ ਧੂੜ ਲਿਆ ਕੇ ਸੁਰ ਸਿੰਘ ਵਿਖੇ ਅਸਥਾਨ ਸਥਾਪਿਤ ਕੀਤਾ।[91]

ਦਲ ਬਾਬਾ ਬਿਧੀ ਚੰਦ ਦੇ ਦਸਵੇਂ ਜਥੇਦਾਰ ਬਾਬਾ ਸੋਹਨ ਸਿੰਘ ਜੀ ਘੋੜਿਆਂ ਦੀ ਸੇਵਾ ਬਹੁਤ ਪਿਆਰ ਨਾਲ ਕਰਦੇ ਸਨ। ਬਾਬਾ ਜੀ ਨੇ 1929 ਈ. ਵਿਚ ਤਿਆਰ ਬਰ ਤਿਆਰ ਸਿੰਘਾਂ ਨਾਲ ਸ੍ਰੀ ਗੁਰੂ

---

87 ਰੂਪ ਸਿੰਘ (ਸੰਪਾ.), ਪ੍ਰਮੁੱਖ ਸਿੱਖ ਸ਼ਖਸੀਅਤਾਂ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰਜਵੀਂ ਵਾਰ, ਨਵੰਬਰ 2010, ਪੰਨਾ 91.

88 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਚੌਥਾ, ਗਰੇਸ਼ੀਅਸ ਬੁਕਸ, ਪਟਿਆਲਾ, 2014, ਪੰਨਾ 1447.

89 ਰੂਪ ਸਿੰਘ (ਸੰਪਾ.), ਪ੍ਰਮੁੱਖ ਸਿੱਖ ਸ਼ਖਸੀਅਤਾਂ, ਪੰਨਾ 91.

90 ਸੁਖਦੇਵ ਸਿੰਘ (ਗਿਆਨੀ) (ਕਥਾਵਾਚਕ ਦਲ ਬਾਬਾ ਬਿਧੀ ਚੰਦ ਜੀ), ਦਯਾ ਸਾਗਰ ਜੀਵਨ, ਸੰਪ੍ਰਦਾਇ ਦਲ ਬਾਬਾ ਬਿਧੀ ਚੰਦ ਜੀ, ਸੁਰ ਸਿੰਘ, ਤਰਨਤਾਰਨ, ਜਨਵਰੀ 2020, ਪੰਨਾ ੨੫੦.

91 ਉਹੀ, ਪੰਨਾ ੨੫੦.

ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਲਈ ਸ੍ਰੀ ਨਨਕਾਣਾ ਸਾਹਿਬ ਦੀ ਯਾਤਰਾ ਕੀਤੀ। ਇਸ ਤੋਂ ਖੁਸ਼ ਹੋ ਕੇ ਬੁੱਢਾ ਦਲ ਵਲੋਂ ਨਿਸ਼ਾਨ-ਨਗਾਰੇ ਦਿੱਤੇ ਗਏ ਅਤੇ ਬਾਬਾ ਬਿਧੀ ਚੰਦ ਜੀ ਦੇ ਨਾਂ 'ਤੇ ਦਲ-ਪੰਥ ਚਲਾਇਆ।

ਦਲ ਬਾਬਾ ਬਿਧੀ ਚੰਦ ਜੀ ਦੇ ਹੁਣ ਤੱਕ ਬਾਰ੍ਹਾਂ ਜਥੇਦਾਰ ਹੋਏ ਹਨ: ਜਥੇਦਾਰ ਬਾਬਾ ਬਿਧੀ ਚੰਦ ਜੀ, ਦੂਜੇ ਜਥੇਦਾਰ ਬਾਬਾ ਲਾਲ ਚੰਦ ਜੀ, ਤੀਜੇ ਜਥੇਦਾਰ ਬਾਬਾ ਗੁਰਦਿਆਲ ਜੀ, ਚੌਥੇ ਜਥੇਦਾਰ ਬਾਬਾ ਹੁਕਮ ਚੰਦ ਜੀ, ਪੰਜਵੇਂ ਜਥੇਦਾਰ ਬਾਬਾ ਜਿਊਣ ਸਿੰਘ ਜੀ, ਛੇਵੇਂ ਜਥੇਦਾਰ ਬਾਬਾ ਜਸਪਤ ਰਾਇ, ਸੱਤਵੇਂ ਜਥੇਦਾਰ ਬਾਬਾ ਭਾਗ ਸਿੰਘ ਜੀ, ਅੱਠਵੇਂ ਜਥੇਦਾਰ ਬਾਬਾ ਲਾਭ ਸਿੰਘ ਜੀ, ਨੌਵੇਂ ਜਥੇਦਾਰ ਬਾਬਾ ਨੱਥਾ ਸਿੰਘ ਜੀ, ਦਸਵੇਂ ਜਥੇਦਾਰ ਬਾਬਾ ਸੋਹਣ ਸਿੰਘ ਜੀ, ਗਿਆਰਵੇਂ ਜਥੇਦਾਰ ਬਾਬਾ ਦਯਾ ਸਿੰਘ ਜੀ, ਬਾਰ੍ਹਵੇਂ ਅਤੇ ਮੌਜੂਦਾ ਜਥੇਦਾਰ ਬਾਬਾ ਅਵਤਾਰ ਸਿੰਘ ਜੀ।

ਗੁਰੂ ਹਰਿਗੋਬਿੰਦ ਜੀ ਨੇ ਆਪਣੇ ਹੱਥੀਂ ਬਾਬਾ ਲਾਲ ਚੰਦ ਜੀ (ਦੂਜੇ ਜਥੇਦਾਰ ਦਲ ਬਾਬਾ ਬਿਧੀ ਚੰਦ ਜੀ) ਦੇ ਸੀਸ ਦਸਤਾਰ ਸਜਾਈ ਅਤੇ ਸੁਰ ਸਿੰਘ ਪਿੰਡ ਵਿਖੇ ਸਿੱਖੀ ਪ੍ਰਚਾਰ ਕਰਨ ਲਈ ਭੇਜਿਆ।[92] ਇਸ ਤੋਂ ਅੱਗੇ ਬਾਬਾ ਬਿਧੀ ਚੰਦ ਜੀ ਦਾ ਦਲ ਚਲਦਾ ਗਿਆ।

**ਗੁਰੂ ਨਾਨਕ ਦਲ ਮੜ੍ਹੀਆਂ ਵਾਲਾ**:

ਗੁਰੂ ਨਾਨਕ ਦਲ ਮੜ੍ਹੀਆ ਵਾਲਾ ਦੇ ਮੌਜੂਦਾ ਜਥੇਦਾਰ ਬਾਬਾ ਮਾਨ ਸਿੰਘ ਜੀ ਹਨ। ਬਾਬਾ ਜੀ ਦੇ ਪਿਤਾ ਸ. ਕੇਹਰ ਸਿੰਘ ਜੀ ਸਨ। ਜਥੇਦਾਰ ਬਾਬਾ ਮਾਨ ਸਿੰਘ ਜੀ ਨੇ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਬਾਰ੍ਹਵੇਂ ਜਥੇਦਾਰ ਬਾਬਾ ਬਿਸ਼ਨ ਸਿੰਘ ਜੀ ਤੋਂ ਬਟਾਲਾ ਵਿਖੇ ਅੰਮ੍ਰਿਤ ਛਕਿਆ ਸੀ। ਬਾਬਾ ਕਰਮ ਸਿੰਘ ਜੀ ਡੰਡਿਆਂ ਵਾਲਿਆਂ ਨੇ ਬਾਬਾ ਕੇਹਰ ਸਿੰਘ ਜੀ ਨੂੰ ਗੁਰੂ ਨਾਨਕ ਦੇਵ ਜੀ ਦੇ ਨਾਂ ਉੱਤੇ ਦਲ ਚਲਾਉਣ ਲਈ ਆਖਿਆ ਸੀ ਅਤੇ ਦਲ ਦਾ ਨਾਮ 'ਗੁਰੂ ਨਾਨਕ ਦਲ' ਵੀ ਬਾਬਾ ਕਰਮ ਸਿੰਘ ਜੀ ਨੇ ਹੀ ਰਖਿਆ ਸੀ।

1966 ਈ. ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਜਨਮ ਸ਼ਤਾਬਦੀ ਮੌਕੇ ਗੁਰੂ ਨਾਨਕ ਦਲ ਮੜ੍ਹੀਆ ਵਾਲਾ ਦਲ ਨੇ ਤਖ਼ਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ ਵਿਖੇ ਜਾ ਕੇ ਗੁਰੂ ਕੇ ਬਾਗ ਵਿਚ ਉਤਾਰਾ ਕੀਤਾ ਅਤੇ ਪਹਿਲੀ ਰਸਦ ਲਈ ਸੀ। 1966 ਈ. ਤੋਂ ਗੁਰੂ ਨਾਨਕ ਦਲ ਮੜ੍ਹੀਆਂ ਵਾਲਾ ਦਲ ਲਗਭਗ ਤਿੰਨ ਸਾਲ

---

[92] ਉਹੀ, ਪੰਨਾ ੪੫.

ਚਕਰਵਰਤੀ ਵਿਚਰਦਾ ਰਿਹਾ। 1970 ਈ. ਵਿਚ ਬੁੱਢਾ ਦਲ ਦੇ ਜਥੇਦਾਰ ਬਾਬਾ ਸੰਤਾ ਸਿੰਘ ਜੀ ਨੇ ਗੁਰੂ ਨਾਨਕ ਦਲ ਨੂੰ ਨਿਸ਼ਾਨ-ਨਗਾਰੇ ਪ੍ਰਦਾਨ ਕੀਤੇ ਸਨ। ਗੁਰੂ ਨਾਨਕ ਦਲ ਮੜ੍ਹੀਆਂ ਵਾਲੇ ਦੇ ਹੁਣ ਤੱਕ ਦੋ ਜਥੇਦਾਰ ਹੋਏ ਹਨ: ਜਥੇਦਾਰ ਬਾਬਾ ਕੇਹਰ ਸਿੰਘ, ਮੌਜੂਦਾ ਜਥੇਦਾਰ ਬਾਬਾ ਮਾਨ ਸਿੰਘ ਜੀ (ਮੌਜੂਦਾ ਜਥੇਦਾਰ) ਅਤੇ ਮੀਤ ਜਥੇਦਾਰ ਬਾਬਾ ਵਰਿਆਮ ਸਿੰਘ ਜੀ ਦਲ ਚਲਾ ਰਹੇ ਹਨ।

**ਸ਼੍ਰੋਮਣੀ ਪੰਥ ਅਕਾਲੀ ਦਸਮੇਸ਼ ਤਰਨਾ ਦਲ**

'ਸ਼੍ਰੋਮਣੀ ਪੰਥ ਅਕਾਲੀ ਦਸਮੇਸ਼ ਤਰਨਾ ਦਲ, ਸੰਪਰਦਾਇ ਸ਼ਹੀਦ ਬਾਬਾ ਜੀਵਨ ਸਿੰਘ ਜੀ ਰੰਘਰੇਟੇ ਗੁਰੂ ਕੇ ਬੇਟੇ, ਮਿਸਲ ਬਾਬਾ ਬੀਰ ਜੀ 1300 ਘੋੜਸਵਾਰ' ਦਾ ਦਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਨਿੰਨ ਸਿੱਖ ਬਾਬਾ ਜੀਵਨ ਸਿੰਘ ਜੀ ਸ਼ਹੀਦ ਨੂੰ ਆਪਣੇ ਦਲ ਦਾ ਪਹਿਲਾ ਜਥੇਦਾਰ ਮੰਨਦੇ ਹਨ। ਇਸ ਤੋਂ ਬਾਅਦ ਗੁਰੂ ਸਾਹਿਬ ਦੇ ਸਮੇਂ ਹੋਏ ਬਾਬਾ ਬੀਰ ਸਿੰਘ, ਧੀਰ ਸਿੰਘ ਜੀ ਸ਼ਹੀਦ ਨੂੰ ਅਗਲੇ ਜਥੇਦਾਰ ਮੰਨਦੇ ਹਨ। ਇਸ ਤੋਂ ਅਗਲੇ ਜਥੇਦਾਰ ਬਾਬਾ ਮਹਿੰਦਰ ਸਿੰਘ ਜੀ ਨਨਕਾਣਾ ਸਾਹਿਬ ਵਾਲੇ, ਬਾਬਾ ਮਹਾਂਬੀਰ ਸਿੰਘ ਜੀ, ਬਾਬਾ ਦਰਸ਼ਨ ਸਿੰਘ ਜੀ ਅਤੇ ਬਾਬਾ ਮੇਜਰ ਸਿੰਘ ਜੀ ਮੌਜੂਦਾ ਜਥੇਦਾਰ ਦੇ ਰੂਪ ਵਿਚ ਦਲ ਨੂੰ ਚਲਾ ਰਹੇ ਹਨ। ਇਸ ਦਲ ਦਾ ਹੈੱਡ ਕੁਆਟਰ ਗੁ. ਸ਼ਹੀਦ ਬਾਬਾ ਜੀਵਨ ਸਿੰਘ ਜੀ ਬਾਬਾ ਸੰਗਤ ਸਿੰਘ ਜੀ ਛਾਉਣੀ ਨਿਹੰਗ ਸਿੰਘਾਂ, ਝਬਾਲ ਰੋਡ, ਬਾਹਰਵਾਰ ਖਜ਼ਾਨਾ ਗੇਟ, ਅੰਮ੍ਰਿਤਸਰ ਵਿਖੇ ਸਥਿਤ ਹੈ। ਇਸ ਜਥੇਬੰਦੀ ਵਿਚ ਬਾਬਾ ਬੀਰ ਸਿੰਘ, ਬਾਬਾ ਧੀਰ ਸਿੰਘ, ਬਾਬਾ ਨਿਭਾਹੂ ਸਿੰਘ, ਬਾਬਾ ਗਰਜਾ ਸਿੰਘ ਵਰਗੇ ਅਨੇਕਾਂ ਯੋਧੇ ਹੋਏ ਹਨ। ਨਨਕਾਣਾ ਸਾਹਿਬ ਵਾਲੇ ਬਾਬਾ ਮਹਿੰਦਰ ਸਿੰਘ ਜੀ ਤੋਂ ਬਾਅਦ ਉਨ੍ਹਾਂ ਦੇ ਇਕਲੌਤੇ ਸਪੁੱਤਰ ਬਾਬਾ ਮਹਾਂਬੀਰ ਸਿੰਘ ਜਥੇਦਾਰ ਬਣੇ। ਬਾਬਾ ਮਹਾਂਬੀਰ ਸਿੰਘ ਜੀ ਨੇ ਆਪਣੇ ਤੋਂ ਬਾਅਦ 31 ਦਸੰਬਰ 1988 ਈ. ਨੂੰ ਬਾਬਾ ਦਰਸ਼ਨ ਸਿੰਘ ਜੀ ਨੂੰ ਇਸ ਜਥੇਬੰਦੀ ਦੀ ਜ਼ੁੰਮੇਵਾਰੀ ਸੌਂਪੀ।

ਉਪਰੋਕਤ ਦਲਾਂ ਤੋਂ ਇਲਾਵਾ ਮਿਸਲ ਸ਼ਹੀਦਾਂ ਤਰਨਾ ਦਲ ਭਿਖੀ ਵਿੰਡੀਏ ਦਾ ਹੈੱਡ ਕੁਆਰਟਰ ਭਿੱਖੀ ਵਿੰਡ, ਗੁ: ਡੇਹਰਾ ਸਾਹਿਬ ਵਿਖੇ ਹੈ। ਪੰਥ ਅਕਾਲੀ ਤਰਨਾ ਦਲ ਪੰਜਵਾਂ ਨਿਸ਼ਾਨ (ਹੈੱਡ ਕੁਆਰਟਰ ਗੁ: ਅਮਰ ਸ਼ਹੀਦ ਬਾਬਾ ਜੀਵਨ ਸਿੰਘ ਜੀ, ਛਾਉਣੀ ਨਿਹੰਗ ਸਿੰਘਾਂ, ਸਲੇਮ ਟਾਬਰੀ, ਲੁਧਿਆਣਾ), ਪੰਥ ਅਕਾਲੀ ਤਰਨਾ ਦਲ ਮਿਸਲ ਬਾਬਾ ਮਹਾਂ ਸਿੰਘ (ਗੁ: ਹਰਿਗੋਬਿੰਦ ਸਾਹਿਬ ਜੀ, ਛਾਉਣੀ ਨਿਹੰਗ ਸਿੰਘਾਂ, ਮਜੀਠਾ ਰੋਡ ਬਾਈਪਾਸ, ਅੰਮਿਤਸਰ), ਪੰਥ ਅਕਾਲੀ ਦਲ ਖਾਲਸਾ ਨਿਹੰਗ ਸਿੰਘਾਂ (ਗੁ: ਹਰਿਗੋਬਿੰਦ

ਸਾਹਿਬ ਜੀ, ਖਿਆਲਾ ਚੌਂਕ, ਅੰਮ੍ਰਿਤਸਰ), ਮਾਲਵਾ ਤਰਨਾ ਦਲ (ਗੁ: ਚਾਨਣ ਸਾਹਿਬ, ਪਿੰਡ ਫੱਤੋਵਾਲ, ਕਪੂਰਥਲਾ), ਪੰਥ ਅਕਾਲੀ ਦਸ਼ਮੇਸ਼ ਤਰਨਾ ਦਲ, ਇੰਟਰਨੈਸ਼ਨਲ ਮਾਲਵਾ ਤਰਨਾ ਦਲ, ਤਰਨਾ ਦਲ ਮਹਿਤਾ ਚੌਂਕ, ਮਿਸਲ ਸ਼ਹੀਦਾਂ ਤਰਨਾ ਦਲ ਸ਼੍ਰੋਮਣੀ ਜਰਨੈਲ ਹਰੀ ਸਿੰਘ ਨਲੂਆ ਮਿਸਲ ਦਾ ਹੈੱਡ ਕੁਆਰਟਰ ਗੁ: ਫਲਾਹੀ ਸਾਹਿਬ, ਵਡਾਲਾ ਗ੍ਰੰਥੀਆਂ, ਗੁਰਦਾਸਪੁਰ ਵਿਖੇ ਹੈ ਜਿਸਦੇ ਮੌਜੂਦਾ ਜਥੇਦਾਰ ਬਾਬਾ ਹਰੀ ਸਿੰਘ ਹਨ। ਸ਼੍ਰੋਮਣੀ ਜਰਨੈਲ ਸਾਹਿਬਜਾਦਾ ਬਾਬਾ ਜੁਝਾਰ ਸਿੰਘ ਬਾਬਾ ਜੀਵਨ ਸਿੰਘ ਨਿਹੰਗ ਸਿੰਘ ਖਾਲਸਾ ਦਲ ਦਾ ਹੈੱਡ ਕੁਆਰਟਰ ਸ਼ਹੀਦ ਗੰਜ ਸਹਿਬਜਾਦਾ ਬਾਬਾ ਜੁਝਾਰ ਸਿੰਘ ਛਾਉਣੀ ਨਿਹੰਗ ਸਿੰਘਾਂ, ਪਿੰਡ ਚੌਤਾ ਕਲਾਂ ਸ੍ਰੀ ਚਮਕੌਰ ਸਾਹਿਬ ਵਿਖੇ ਹੈ। ਪੰਥ ਅਕਾਲੀ ਨਿਰਵੈਰ ਖਾਲਸਾ ਉੱਡਣਾ ਦਲ ਦਾ ਮੁੱਖ ਹੈੱਡ ਕੁਆਰਟਰ ਮੋਇਆਂ ਦੀ ਮੰਡੀ, ਪਿੰਡ ਹਰਪਾਲਪੁਰ, ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਹੈ ਜਿਸਦੇ ਮੌਜੂਦਾ ਜਥੇਦਾਰ ਬਾਬਾ ਬਲਵਿੰਦਰ ਸਿੰਘ ਹਨ। ਮਿਸਲ ਸ੍ਰੀ ਹਰਿਕ੍ਰਿਸ਼ਨ ਸਾਹਿਬ ਤਰਨਾ ਦਲ ਦੇ ਜਥੇਦਾਰ ਬਾਬਾ ਰਘਬੀਰ ਸਿੰਘ ਹਨ। ਇਸ ਦਲ ਦਾ ਹੈੱਡ ਕੁਆਰਟਰ ਚੋਗਾਵਾਂ ਪਿੰਡ ਖਿਆਲਾ ਸ੍ਰੀ ਅੰਮ੍ਰਿਤਸਰ ਹੈ। ਸ਼੍ਰੋਮਣੀ ਪੰਥ ਅਕਾਲੀ ਦਲ ਖਾਲਸਾ ਨਿਹੰਗ ਸਿੰਘਾਂ ਦਾ ਹੈੱਡ ਆਫਿਸ ਗੁ: ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨਗਰ ਖਿਆਲਾ ਚੌਂਕ ਅੰਮ੍ਰਿਤਸਰ ਵਿਖੇ ਹੈ। ਇਹ ਦਲ ਬਾਬਾ ਸੁੱਖਾ ਸਿੰਘ ਅਤੇ ਮਹਿਤਾਬ ਸਿੰਘ ਭੰਗੂ ਨੂੰ ਆਪਣਾ ਜਥੇਦਾਰ ਮੰਨਦੇ ਹਨ। ਇਸ ਦਲ ਦੇ ਮੌਜੂਦਾ ਜਥੇਦਾਰ ਬਾਬਾ ਤਰਲੋਕ ਸਿੰਘ ਭੰਗੂ ਹਨ। ਇਸ ਤੋਂ ਇਲਾਵਾ ਤਰਨਾ ਦਲ ਆਦੀ ਵਹੀਰ ਪੰਜਵਾਂ ਤਖਤ ਨਿਹੰਗ ਸਿੰਘਾਂ ਦਾ ਦਲ ਪਿੰਡ ਕੋਠਾ ਗੁਰੂ ਜਿਸਦੇ ਜਥੇਦਾਰ ਸੰਤ ਧਰਮ ਸਿੰਘ ਜੀ ਸਨ।[93] ਨਵਾਬ ਕਪੂਰ ਸਿੰਘ ਜੀ ਦੇ ਸਮੇਂ ਪੰਜ ਤਰਨਾ ਦਲ ਬਣਾਏ ਗਏ ਸਨ। ਬਾਅਦ ਵਿਚ ਸਮੇਂ-ਸਮੇਂ 'ਤੇ ਤਰਨਾ ਦਲ ਦੇ ਜਥਿਆਂ ਦੀ ਗਿਣਤੀ ਵਿਚ ਵਾਧਾ ਹੁੰਦਾ ਗਿਆ।

### 5.6 ਵੱਖ-ਵੱਖ ਦਲਾਂ-ਪੰਥਾਂ ਦਾ ਆਪਸੀ ਪਿਆਰ:

ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਤਰਨਾ ਦਲ ਦੇ ਗਿਆਰ੍ਹਵੇਂ ਜਥੇਦਾਰ ਬਾਬਾ ਸਾਧੂ ਸਿੰਘ ਜੀ ਅਤੇ ਬੁੱਢਾ ਦਲ ਦੇ ਛੇਵੇਂ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ ਨੇ ਇਕੱਠੇ ਹੀ ਕਈ ਜੰਗੀ ਮੁਹਿੰਮਾਂ ਵਿਚ ਹਿੱਸਾ ਲਿਆ ਜਿਸ ਵਿਚ ਕਸੂਰ, ਮੁਲਤਾਨ, ਕਸ਼ਮੀਰ ਅਤੇ ਨੌਸ਼ਹਿਰਾ ਦੀ ਮੁਹਿੰਮਾਂ ਸ਼ਾਮਿਲ ਸਨ।[94] ਜਦੋਂ ਅੰਗਰੇਜ਼ ਹਕੂਮਤ ਵਲੋਂ ਦੁਆਰਾ ਬੁੱਢਾ ਦਲ ਦੇ ਜਥੇਦਾਰ ਬਾਬਾ ਸਾਹਿਬ ਸਿੰਘ ਕਲਾਧਾਰੀ ਸਮੇਤ ਬੁੱਢੇ

---

[93] ਧਰਮ ਸਿੰਘ ਕੋਠਾ ਗੁਰੂ (ਸੰਤ), ਆਤਮ ਬੋਧ, ਬਲਵੰਤ ਸਿੰਘ ਕੋਠਾ ਗੁਰੂ (ਸੰਪਾ.), ਪੰਨਾ ੮.

[94] S.J.S. 'Pall', The Beloved Forces of the Guru, B. Chattar Singh Jiwan Singh, Amritsar, 2007, p.63.

ਦਲ ਨੂੰ ਗ੍ਰਿਫਤਾਰ ਕਰਕੇ ਲਾਹੌਰ ਵਿਖੇ ਜ਼ੇਲ ਵਿਚ ਬੰਦ ਕਰ ਦਿੱਤਾ ਤਾਂ ਬਾਬਾ ਬਿਧੀ ਚੰਦ ਦਲ ਦੇ ਬਾਬਾ ਸੋਹਣ ਸਿੰਘ ਜੀ ਲਾਹੌਰ ਜਾ ਕੇ ਤਾਰੀਖਾਂ ਭੁਗਤਦੇ ਅਤੇ ਸਿੰਘਾਂ ਲਈ ਰਸਦ ਪਾਣੀ ਦਾ ਇੰਤਜ਼ਾਮ ਕਰਦੇ। ਅੰਤ ਜਦੋਂ ਬੁੱਢਾ ਦਲ ਰਿਹਾਅ ਹੋਇਆ ਤਾਂ ਬਾਬਾ ਸੋਹਣ ਸਿੰਘ ਜੀ ਸੁਰ ਸਿੰਘ ਪਿੰਡ ਵਿਚ ਆਏ ਸਨ।[95]

ਆਦੀ ਤਰਨਾ ਦਲ ਦੇ ਮੁਖੀ ਬਾਬਾ ਧਰਮ ਸਿੰਘ ਕੋਠਾ ਗੁਰੂ ਨੇ ਬਾਬਾ ਸੋਹਨ ਸਿੰਘ ਭਿੱਖੀਵਿੰਡ ਵਾਲਿਆਂ ਨੂੰ ਪੰਥ ਤਰਨਾ ਦਲ ਦੇ ਵਹੀਰ ਦਾ ਜਥੇਦਾਰ ਨਿਯੁਕਤ ਕੀਤਾ ਸੀ। ਦਲ ਬਾਬਾ ਬਿਧੀ ਚੰਦ ਦੇ ਨੌਵੇਂ ਮੁਖੀ ਜਥੇਦਾਰ ਬਾਬਾ ਨੱਥਾ ਸਿੰਘ ਨੂੰ ਬਾਬਾ ਧਰਮ ਸਿੰਘ ਕੋਠਾ ਗੁਰੂ ਨੇ ਹੀ ਅੰਮ੍ਰਿਤ ਛਕਾਇਆ ਸੀ।[96] ਜਥੇਦਾਰ ਬਾਬਾ ਮਾਨ ਸਿੰਘ ਜੀ ਨੇ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਬਾਰ੍ਹਵੇਂ ਜਥੇਦਾਰ ਬਾਬਾ ਬਿਸ਼ਨ ਸਿੰਘ ਜੀ ਤੋਂ ਬਟਾਲਾ ਵਿਖੇ ਅੰਮ੍ਰਿਤ ਛਕਿਆ ਸੀ। 1970 ਈ. ਵਿਚ ਬੁੱਢਾ ਦਲ ਦੇ ਜਥੇਦਾਰ ਬਾਬਾ ਸੰਤਾ ਸਿੰਘ ਜੀ ਨੇ ਗੁਰੂ ਨਾਨਕ ਦਲ ਮੜ੍ਹੀਆਂ ਵਾਲਾ ਨੂੰ ਨਿਸ਼ਾਨ-ਨਗਾਰੇ ਪ੍ਰਦਾਨ ਕੀਤੇ ਸਨ। ਇਸ ਤਰ੍ਹਾਂ ਵੱਖ-ਵੱਖ ਦਲ ਹੋਣ ਦੇ ਬਾਵਜੂਦ ਸਾਰੀ ਨਿਹੰਗ ਸਿੰਘ ਜਥੇਬੰਦੀ ਬੁੱਢਾ ਦਲ ਦੀ ਤਾਬਿਆ ਹੇਠ ਚਲਦੀ ਹੈ ਅਤੇ ਹੋਲੇ ਮਹੱਲੇ ਮੌਕੇ ਸਮੂਹਿਕ ਰੂਪ ਵਿਚ ਮਹੱਲਾ ਕੱਢਿਆ ਜਾਂਦਾ ਹੈ। ਸਾਰੇ ਦਲਾਂ ਦਾ ਆਪਸੀ ਪਿਆਰ ਅਤੇ ਮਿਲਵਰਤਨ ਹੈ। ਬੁੱਢਾ ਦਲ ਵਲੋਂ ਛੋਟੇ ਦਲਾਂ ਨੂੰ ਮਾਇਕ ਸਹਾਇਤਾ ਵੀ ਪ੍ਰਦਾਨ ਕੀਤੀ ਜਾਂਦੀ ਹੈ।

### 5.7 ਨਿਹੰਗ ਸਿੰਘ ਜਥੇਬੰਦੀ ਦੀਆਂ ਉੱਘੀਆਂ ਸ਼ਖਸੀਅਤਾਂ:

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਅਤੇ ਬਾਅਦ ਵਿਚ ਜ਼ਿਆਦਾਤਰ ਗੁਰਦੁਆਰਿਆਂ ਦੀ ਸੇਵਾ ਸੰਭਾਲ ਉੱਚ ਜੀਵਨ ਵਾਲੇ, ਸੇਵਾ-ਸਿਮਰਨ ਅਤੇ ਭਗਤੀ ਭਾਵ ਵਾਲੇ ਗੁਰਸਿੱਖਾਂ ਨੇ ਕੀਤੀ ਅਤੇ ਇਸ ਸਮੁੱਚੇ ਪ੍ਰਬੰਧ ਦਾ ਅਧਿਕਾਰ ਸੰਗਤ ਨੂੰ ਸੌਂਪਿਆ ਗਿਆ ਜਿਨ੍ਹਾਂ ਵਿਚ ਅਨੰਦਪੁਰ ਸਾਹਿਬ ਦੀ ਸੇਵਾ ਭਾਈ ਗੁਰਬਖਸ਼ ਸਿੰਘ, ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀ ਸੇਵਾ ਭਾਈ ਸੰਤੋਖ ਸਿੰਘ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੀ ਸੇਵਾ ਸੰਭਾਲ ਭਾਈ ਮਨੀ ਸਿੰਘ ਜੀ ਅਤੇ ਦਮਦਮਾ ਸਾਹਿਬ, ਤਲਵੰਡੀ ਸਾਬੋ ਦੀ ਸੇਵਾ ਬਾਬਾ ਦੀਪ ਸਿੰਘ ਜੀ ਨੂੰ ਦਿੱਤੀ ਗਈ।[97] ਗਿਆਨੀ ਗੁਰਬਚਨ ਸਿੰਘ ਖਾਲਸਾ ਲਿਖਦੇ ਹਨ:

---

[95] ਸੁਖਦੇਵ ਸਿੰਘ (ਗਿਆਨੀ) (ਕਥਾਵਾਚਕ ਦਲ ਬਾਬਾ ਬਿਧੀ ਚੰਦ ਜੀ), ਦਯਾ ਸਾਗਰ ਜੀਵਨ, ਪੰਨੇ ੬੫-੬੭.

[96] ਧਰਮ ਸਿੰਘ ਕੋਠਾ ਗੁਰੂ (ਸੰਤ), ਆਤਮ ਬੋਧ, ਬਲਵੰਤ ਸਿੰਘ ਕੋਠਾ ਗੁਰੂ (ਸੰਪਾ.), ਪੰਨਾ ੨੪.

[97] ਗੁਰਜਿੰਦਰ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ: ਹੋਂਦ, ਬਣਤਰ ਤੇ ਕਾਰਜ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2013, ਪੰਨਾ 25.

ਮਨੀ ਸਿੰਘ ਹਰੀ ਮੰਦਰ ਸੇਵਾ ਕਰੇ ਜਾਇ ਕਰ, ਦੀਪ ਸਿੰਘ ਦਮਦਮੇ ਜਾਵੈ ਮਨ ਲੀਨ ਹੈ।

ਗੁਰਬਖਸ਼ ਸਿੰਘ ਸ੍ਰੀ ਆਨੰਦ ਪੁਰੀ ਰਹੈ, ਭਾਈ ਸੰਤੋਖ ਸਿੰਘ ਅਬਚਲ ਕੀਨ ਹੈ।[98]

ਨਿਹੰਗ ਸਿੰਘ ਜਥੇਬੰਦੀ ਵਿਚ ਕਈ ਹਠੀ ਤਪੀ ਨਾਮ ਬਾਣੀ ਦੇ ਰਸੀਏ ਅਤੇ ਯੋਧੇ ਹੋਏ ਹਨ। ਬਾਬਾ ਦੀਪ ਸਿੰਘ, ਬਾਬਾ ਗੁਰਬਖਸ਼ ਸਿੰਘ ਸ਼ਹੀਦ ਆਦਿ ਬਾਰੇ ਜਾਣਕਾਰੀ ਪਹਿਲਾਂ ਦੇ ਆਏ ਹਾਂ। ਵਿਸ਼ੇ ਦੀ ਸੰਖੇਪਤਾ ਨੂੰ ਦੇਖਦਿਆਂ ਸਾਰਿਆਂ ਦਾ ਜ਼ਿਕਰ ਕਰਨਾ ਸੰਭਵ ਨਹੀਂ। ਇਸ ਜਥੇਬੰਦੀ ਦੀਆਂ ਉੱਘੀਆਂ ਸ਼ਖਸੀਅਤਾਂ ਦਾ ਵੇਰਵਾ ਇਸ ਪ੍ਰਕਾਰ ਹੈ:

**ਸ਼ਹੀਦ ਭਾਈ ਮਨੀ ਸਿੰਘ ਜੀ:**

ਭਾਈ ਮਨੀ ਸਿੰਘ ਜੀ ਦਾ ਜਨਮ 1701 ਬਿਕ੍ਰਮੀ ਦਾ ਹੈ। ਭਾਈ ਮਨੀ ਸਿੰਘ ਜੀ ਤੇਰ੍ਹਾਂ ਸਾਲ ਦੀ ਉਮਰ ਵਿਚ ਗੁਰੂ ਹਰਿ ਰਾਇ ਜੀ ਦੀ ਸੰਗਤ ਵਿਚ ਕੀਰਤਪੁਰ ਸਾਹਿਬ ਆਏ। ਆਪ ਜੀ ਦਾ ਵਿਆਹ ਖੈਰਪੁਰ ਦੇ ਯਾਦਵ ਬੰਸੀ, ਲਖੀ ਰਾਇ ਦੀ ਧੀ ਬੀਬੀ ਸਤੋ ਨਾਲ ਹੋਇਆ।[99] ਡਾ. ਸੁਖਦਿਆਲ ਸਿੰਘ ਅਨੁਸਾਰ, ਭਾਈ ਮਨੀ ਸਿੰਘ ਜੀ ਨੇ ਭੰਗਾਣੀ ਦੀ ਲੜਾਈ ਵਿਚ ਗੁਰੂ ਜੀ ਦਾ ਪੂਰਾ ਸਾਥ ਦਿੱਤਾ ਸੀ।[100] 1691 ਈ. ਵਿਚ ਨਾਦੌਣ ਦੀ ਲੜਾਈ ਮਗਰੋਂ ਭਾਈ ਮਨੀ ਸਿੰਘ ਜੀ ਨੂੰ 'ਦੀਵਾਨ' ਦੀ ਪਦਵੀ ਬਖ਼ਸ਼ੀ ਗਈ।[101] ਸਤਿਬੀਰ ਸਿੰਘ ਅਨੁਸਾਰ ਭਾਈ ਮਨੀ ਸਿੰਘ ਜੀ ਨੀਲਾ ਬਾਣਾ ਪਹਿਨਦੇ ਸਨ।[102]

ਪਾਂਚ ਚੁਲੀ ਮੱਧ ਆਂਖਨ ਡਾਰ ਕੈ, ਪਾਂਚ ਚੁਲੀ ਵਿਚ ਕੇਸਨ ਪਾਯੋ।

ਸੇਵਾ ਹਰੀ ਨੀਲੰਬਰ ਸ੍ਰੀ ਗੁਰ, ਤਨ ਮਨੀ ਸਿੰਘ ਜੂ ਕੇ ਸਜਾਯੋ।[103]

---

98 ਗੁਰਬਚਨ ਸਿੰਘ ਖਾਲਸਾ, ਗੁਰਮੁਖ ਪ੍ਰਕਾਸ਼, ਅਧਿਆਇ ਯਾਰ੍ਹਵਾਂ, ਦਮਦਮੀ ਟਕਸਾਲ ਜਥਾ ਭਿੰਡਰਾਂ, ਮਹਿਤਾ, ਦੂਜੀ ਵਾਰ, ਸਤੰਬਰ 1997, ਪੰਨਾ 102.

99 ਰੂਪ ਸਿੰਘ (ਸੰਪਾ.), ਪ੍ਰਮੁੱਖ ਸਿੱਖ ਸ਼ਖਸੀਅਤਾਂ, ਪੰਨਾ 99.

100 ਸੁਖਦਿਆਲ ਸਿੰਘ (ਡਾ.), ਸਿਰੀ ਅਕਾਲ ਤਖ਼ਤ ਸਾਹਿਬ (1606-1982), ਪੰਨਾ 25.

101 ਉਹੀ ਲੇਖਕ, ਖਾਲਸਾ ਪੰਥ ਦੇ ਪੰਜ ਤਖ਼ਤ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ, 2002, ਪੰਨਾ 25; ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦਸੰਬਰ 1968, ਪੰਨਾ ੩.

102 ਸਤਿਬੀਰ ਸਿੰਘ, ਆਦਿ ਸਿੱਖ ਤੇ ਆਦਿ ਸਾਖੀਆਂ, ਪੰਨਾ 244.

103 ਸੇਵਾ ਸਿੰਘ (ਕਵੀ), ਸ਼ਹੀਦ ਬਿਲਾਸ ਭਾਈ ਮਨੀ ਸਿੰਘ ਜੀ, ਗਿਆਨੀ ਗਰਜਾ ਸਿਘ (ਸੰਪਾ.), ਪੰਜਾਬੀ ਸਾਹਿਤ ਅਕੈਡਮੀ, ਪੰਜਾਬੀ ਭਵਨ, ਲੁਧਿਆਣਾ, ਦੂਜੀ ਵਾਰ, 2007, ਪੰਨਾ 63.

ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਨੂੰ ਸ੍ਰੀ ਦਰਬਾਰ ਸਾਹਿਬ ਦਾ ਮੁਖ ਗ੍ਰੰਥੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਬਣਾ ਕੇ ਭੇਜਿਆ ਸੀ। ਗੁਰੂ ਜੀ ਨੇ ਆਪ ਜੀ ਦੇ ਨਾਲ ਪੰਜ ਸਿੰਘ ਅਤੇ ਇਕ ਗੁਰੂ ਗ੍ਰੰਥ ਸਾਹਿਬ ਦੀ ਬੀੜ ਅਤੇ ਇਕ ਨਿਸ਼ਾਨ ਸਾਹਿਬ ਵੀ ਦਿੱਤਾ ਸੀ।[104] ਭਾਈ ਮਨੀ ਸਿੰਘ ਜੀ ਆਪਣੀ ਸ਼ਹਾਦਤ ਤੱਕ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਰਹੇ। ਆਪ ਜੀ ਨੇ ਸ਼ਰਧਾਲੂਆਂ ਦੀ ਗਿਣਤੀ ਵਧ ਜਾਣ ਕਾਰਨ ਅਤੇ ਵਿੱਦਿਆ ਸਿੱਖਣ ਵਾਲੇ ਜਗਿਆਸੂਆਂ ਕਾਰਨ ਗਿਆਨੀਆਂ ਦੀ ਸੰਪਰਦਾ ਚਲਾਈ।[105] ਭਾਈ ਮਨੀ ਸਿੰਘ ਜੀ ਵਲੋਂ ਲਿਖਿਆ ਸਾਹਿਤ ਉਪਰੋਕਤ ਦਰਸਾ ਆਏ ਹਾਂ। ਜ਼ਕਰੀਆ ਖਾਂ ਨੇ 1738 ਈ. ਵਿਚ ਭਾਈ ਮਨੀ ਸਿੰਘ ਜੀ ਨੂੰ 1738 ਈ. ਵਿਚ ਬੰਦ-ਬੰਦ ਕੱਟ ਕੇ ਸ਼ਹੀਦ ਕੀਤਾ ਗਿਆ ਸੀ।[106]

**ਸ਼ਹੀਦ ਭਾਈ ਮਾਨ ਸਿੰਘ ਨਿਸ਼ਾਨਚੀ ਸਿੰਘ:**

ਭਾਈ ਮਾਨ ਸਿੰਘ ਜੀ ਅਨੰਦਪੁਰ ਸਾਹਿਬ ਵਿਖੇ ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਜੀ ਦੇ ਖਿਡਾਵੇ ਮੁਕੱਰਰ ਸਨ।[107] ਭਾਈ ਮਾਨ ਸਿੰਘ ਦਾ ਜਨਮ ਪਿੰਡ ਭੜੀ (ਜ਼ਿਲ੍ਹਾ ਅੰਬਾਲਾ) ਨਿਵਾਸੀ ਭਾਈ ਰਤਨ ਚੰਦ ਦੇ ਘਰ, ਮਾਈ ਰੱਜੀ ਦੀ ਕੁਖੋਂ ਬਿ. ਸੰ: ੧੭੩੫ ਮਿਤੀ ੧੧ ਕੱਤਕ ਬੁੱਧਵਾਰ ਨੂੰ ਹੋਇਆ। ਭਾਈ ਮਾਨ ਸਿੰਘ ਜੀ ਨੇ ਕਲਗੀਧਰ ਜੀ ਤੋਂ ਅੰਮ੍ਰਿਤ ਛਕਿਆ ਅਤੇ ਕਈ ਯੁੱਧਾਂ ਵਿਚ ਬੀਰਤਾ ਦਿਖਾਈ। ਚਮਕੌਰ ਦੀ ਗੜ੍ਹੀ ਵਿਚੋਂ ਭਾਈ ਮਾਨ ਸਿੰਘ ਜੀ ਵੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਹੀ ਨਿਕਲੇ ਸਨ। ਢਿਲਵੇਂ ਪਿੰਡ ਵਿਚ ਗੁਰੂ ਜੀ ਵਲੋਂ ਨੀਲਾ ਬਾਣਾ ਸਾੜਨ ਸਮੇਂ ਭਾਈ ਮਾਨ ਸਿੰਘ ਜੀ ਵਲੋਂ ਲੀਰ ਮੰਗਣ 'ਤੇ ਨਿਹੰਗ ਪੰਥ ਚਲਣ ਦਾ ਵਰ ਮਿਲਿਆ। ਭਾਈ ਮਾਨ ਸਿੰਘ ਦੀ ਸ਼ਹੀਦੀ ਸੰਬੰਧੀ ਪੰਡਿਤ ਤਾਰਾ ਹਰਿ ਨਰੋਤਮ ਲਿਖਦੇ ਹਨ: "ਸੰਮਤ 1764 ਮੇਂ ਗੁਰੂ ਜੀ ਚਤੌੜ ਕੇ ਸਮੀਪ ਜਾਇ ਮਿਲੇ। ਚਤੌੜ ਕੇ ਪਾਸ ਮਾਨ ਸਿੰਘ ਗੁਰੂ ਕਾ ਪਰਮ ਪ੍ਰੇਮੀ ਨਿਹੰਗੋ ਸਿੰਘੋਂ ਕੇ ਪੰਥ ਕਾ ਮਾਲਕ ਬੰਦੂਕ ਕੀ ਗੋਲੀ ਲਗ ਪਰਲੋਕ ਪਧਾਰਾ। ਗੁਰੂ ਜੀ ਨੇ ਤਿਸਕਾ ਬੜਾ ਸੋਗ ਕੀਆ।[108]

---

[104] ਸੁਖਦਿਆਲ ਸਿੰਘ (ਡਾ.), ਖਾਲਸਾ ਪੰਥ ਦੇ ਪੰਜ ਤਖ਼ਤ, ਪੰਨਾ 15.

[105] ਭਾਈ ਮਨੀ ਸਿੰਘ ਜੀਵਨ ਤੇ ਰਚਨਾ, ਪੰਨਾ 10.

[106] ਸਤਿਬੀਰ ਸਿੰਘ ਪ੍ਰਿੰਸੀਪਲ, ਅਠਾਰਵੀਂ ਸਦੀ ਵਿਚ ਬੀਰ ਪਰੰਪਰਾ ਦਾ ਵਿਕਾਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987, ਪੰਨਾ 122.

[107] ਕੌਰ ਸਿੰਘ ਨਿਹੰਗ (ਅਕਾਲੀ), ਹਜ਼ੂਰੀ ਸਾਥੀ, ਪੰਨਾ 146.

[108] ਤਾਰਾ ਹਰਿ ਨਰੋਤਮ, ਸ੍ਰੀ ਗੁਰੁ ਤੀਰਥ ਸੰਗ੍ਰਹਿ, (ਪ੍ਰਕਾ.) ਮਹੰਤ ਸੁੱਚਾ ਸਿੰਘ ਜੀ ਸ੍ਰੀ ਨਿਰਮਲ ਪੰਚਾਇਤੀ ਅਖਾੜਾ, ਹਰਿਦਵਾਰ (ਕਨਖਲ), ਦੂਜੀ ਵਾਰ, ਮਈ 1975, ਪੰਨਾ 196.

**ਸ਼ਹੀਦ ਭਾਈ ਤਾਰਾ ਸਿੰਘ 'ਵਾਂ':**

ਭਾਈ ਤਾਰਾ ਸਿੰਘ ਜ਼ਿਲ੍ਹਾ ਅੰਮ੍ਰਿਤਸਰ ਦੀ ਤਹਿਸੀਲ ਪੱਟੀ ਦੇ ਵਾਂ ਪਿੰਡ ਦੇ ਰਹਿਣ ਵਾਲੇ ਸਨ। ਤਾਰਾ ਸਿੰਘ ਵਾਂ ਦਾ ਜਨਮ 1702 ਈ. ਵਿਚ ਪਿਤਾ ਗੁਰਦਾਸ ਦੇ ਘਰ ਹੋਇਆ। ਤਾਰਾ ਸਿੰਘ ਨੇ ਵੱਡਾ ਹੋ ਕੇ ਭਾਈ ਮਨੀ ਸਿੰਘ ਜੀ ਤੋਂ ਅੰਮ੍ਰਿਤ ਛਕਿਆ ਸੀ।[109] ਉਹ ਬਹੁਤ ਹਠੀ ਜਪੀ ਤਪੀ ਅਤੇ ਗੁਰਬਾਣੀ ਨਾਲ ਹਿਤ ਕਰਨ ਵਾਲਾ ਸੀ।[110] ਤਾਰਾ ਸਿੰਘ ਵਾਂ ਦਾ ਪਹਿਰਾਵਾ ਨਿਹੰਗ ਸਿੰਘਾਂ ਵਾਲਾ ਸੀ। ਇਸ ਸੰਬੰਧੀ ਭਾਈ ਰਤਨ ਸਿੰਘ ਭੰਗੂ ਲਿਖਦੇ ਹਨ:

ਨੀਲ ਬਸਤ੍ਰੀ ਸਿਰ ਚੱਕ੍ਰ ਸਜਾਵੈ। ਰਹਿਤ ਭੁਜੰਗੀ ਰੀਤ ਰਖਾਵੈ।
ਪੜ੍ਹੈ ਬਾਣੀ ਅਰਦਾਸ ਕਰੈ। ਦੰਗਯੋਂ ਫੰਗਯੋਂ ਨਹਿਂ ਸੋ ਟਰੈ।[111]

ਗਿਆਨੀ ਪ੍ਰਤਾਪ ਸਿੰਘ ਅਨੁਸਾਰ, ਭਾਈ ਤਾਰਾ ਸਿੰਘ ਜੀ ਨੀਲੇ ਬਸਤ੍ਰ ਧਾਰਨ ਕਰਦੇ ਅਤੇ ਸ਼ਸਤਰ ਸਜਾ ਕੇ ਰਖਦੇ ਸਨ।[112] ਜ਼ਕਰੀਆ ਖਾਂ ਵਲੋਂ ਮੋਮਨ ਖਾਂ ਨੂੰ ਭੇਜਿਆ ਗਿਆ। ਮੋਮਨ ਖਾਂ ਦੇ ਸਾਥੀ ਤਕੀ ਬੇਗ ਨੇ ਤਾਰਾ ਸਿੰਘ ਵਲ ਤੀਰ ਛੱਡਿਆ ਜੋ ਤਾਰਾ ਸਿੰਘ ਦੇ ਦੁਮਾਲੇ ਦੇ ਫਰਲੇ[113] ਵਿਚ ਲੱਗਾ।[114] ਅੰਤ ਨੂੰ ਲੜ੍ਹਦੇ-ਲੜ੍ਹਦੇ ਤਾਰਾ ਸਿੰਘ ਵਾਂ ਵੀ ਸ਼ਹੀਦ ਹੋ ਗਏ।

**ਸ਼ਹੀਦ ਭਾਈ ਤਾਰੂ ਸਿੰਘ ਜੀ:**

ਭਾਈ ਤਾਰੂ ਸਿੰਘ ਜੀ ਅੰਮ੍ਰਿਤਸਰ ਦੇ ਪੂਹਲੇ ਪਿੰਡ ਦਾ ਰਹਿਣ ਵਾਲਾ ਸੀ ਅਤੇ ਹਠੀ ਤਪੀ ਨਿਹੰਗ ਸਿੰਘ ਸੀ:

ਜੋ ਮਾਝੈ ਮੈਂ ਬਸਤ ਥੇ ਭਲੇ ਸੁ ਪੂਲੇ ਗ੍ਰਾਮ।
ਹਠੀ ਤਪੀ ਸਾਚੋ ਸਤੀ ਨਿਹੰਗ ਤਾਰੂ ਸਿੰਘ ਨਾਮ।[115]

---

109 ਰੂਪ ਸਿੰਘ (ਸੰਪਾ.), ਪ੍ਰਮੁੱਖ ਸਿੱਖ ਸ਼ਖਸੀਅਤਾਂ, ਪੰਨਾ 108.

110 ਹਰਿਬੰਸ ਸਿੰਘ ਚਾਵਲਾ (ਡਾ.), ਹਰਿਮੰਦਰ ਸਾਹਿਬ ਦੀ ਕਲਾ, ਮਨਪ੍ਰੀਤ ਪ੍ਰਕਾਸ਼ਨ, ਦਿੱਲੀ, 2011, ਪੰਨਾ 246.

111 ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਡਾ. ਬਲਵੰਤ ਸਿੰਘ ਢਿਲੋਂ (ਸੰਪਾ.), ਪੰਨਾ 158.

112 ਪ੍ਰਤਾਪ ਸਿੰਘ ਗਿਆਨੀ (ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ), ਇਤਿਹਾਸਕ ਲੈਕਚਰ, ਹਰਨਾਮ ਦਾਸ ਜੁਗਿੰਦਰ ਸਿੰਘ ਪੁਸਤਕਾਂ ਵਾਲੇ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, ਸਤੰਬਰ 1945, ਪੰਨਾ 101.

113 ਭਾਈ ਤਾਰਾ ਸਿੰਘ ਵਾਂ ਨਿਹੰਗ ਸਿੰਘ ਸਨ ਅਤੇ ਦੁਮਾਲੇ 'ਤੇ ਫਰਲਾ ਸਜਾਉਂਦੇ ਸਨ

114 ਸੋਹਣ ਸਿੰਘ ਸੀਤਲ (ਗਿਆਨੀ), ਸਿੱਖ ਰਾਜ ਕਿਵੇਂ ਬਣਿਆ?, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2015, ਪੰਨਾ 41.

115 ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਡਾ. ਬਲਵੰਤ ਸਿੰਘ ਢਿਲੋਂ (ਸੰਪਾ.), ਪੰਨਾ 256.

ਭਾਈ ਤਾਰੂ ਸਿੰਘ ਜੀ ਅਤਿ ਬਿਪਤਾ ਦੇ ਸਮੇਂ ਵਿਚ ਲੰਗਰ ਤਿਆਰ ਕਰਕੇ ਸਿੰਘਾਂ ਤਾਈਂ ਪਹੁੰਚਾਉਂਦੇ ਸਨ। ਹਰਿਭਗਤ ਨਿਰੰਜਨੀਏ ਨੇ ਜ਼ਕਰੀਆ ਖਾਂ ਨੂੰ ਭਾਈ ਤਾਰੂ ਸਿੰਘ ਜੀ ਦੀ ਸ਼ਿਕਾਇਤ ਕਰ ਦਿੱਤੀ। ਜਿਸ ਕਾਰਨ ਜ਼ਕਰੀਆ ਖਾਂ ਨੇ ਭਾਈ ਤਾਰੂ ਸਿੰਘ ਜੀ ਦੀ ਖੋਪੜੀ ਉਤਰਵਾ ਕੇ ਜੁਲਾਈ 1745 ਈ. ਨੂੰ ਸ਼ਹੀਦ ਕਰ ਦਿੱਤਾ ਸੀ।[116]

**ਸ਼ਹੀਦ ਭਾਈ ਸੁਬੇਗ ਸਿੰਘ, ਸ਼ਾਹਬਾਜ਼ ਸਿੰਘ:**

ਸੁਬੇਗ ਸਿੰਘ, ਜੰਬਰ ਪਿੰਡ ਦਾ ਰਹਿਣ ਵਾਲਾ ਸੀ ਅਤੇ ਲਾਹੌਰ ਰਿਆਸਤ ਦਾ ਇਕ ਸ਼ਾਹੀ ਨੌਕਰ ਸੀ। ਸੁਬੇਗ ਸਿੰਘ ਜ਼ਕਰੀਆ ਖਾਂ ਕੋਲ ਨੌਕਰੀ ਕਰਦਾ ਸੀ। ਇਹ ਲਾਹੌਰ ਦਾ ਕੋਤਵਾਲ ਵੀ ਰਿਹਾ। ਇਸਦਾ ਪੁੱਤਰ ਸ਼ਾਹਬਾਜ਼ ਸਿੰਘ ਸੀ। ਯਾਹੀਆ ਖਾਂ ਨੇ ਫਰਵਰੀ 1746 ਈ. ਵਿਚ ਭਾਈ ਸੁਬੇਗ ਸਿੰਘ ਅਤੇ ਸ਼ਾਹਬਾਜ਼ ਸਿੰਘ ਨੂੰ ਚਰਖੜੀ ਉਤੇ ਚਾੜ ਕੇ ਸ਼ਹੀਦ ਕਰ ਦਿੱਤਾ ਸੀ।[117]

**ਮੱਸੇ ਰੰਘੜ ਦਾ ਸਿਰ ਵੱਢਣ ਵਾਲੇ ਭਾਈ ਸੁੱਖਾ ਸਿੰਘ ਅਤੇ ਮਹਿਤਾਬ ਸਿੰਘ:**

ਸੁੱਖਾ ਸਿੰਘ ਕੰਬੋ ਕੀ ਮਾੜੀ ਨਾਮਕ ਪਿੰਡ, ਜ਼ਿਲ੍ਹਾ ਲਾਹੌਰ ਦੇ ਰਹਿਣ ਵਾਲੇ ਤਰਖਾਣ ਵੰਸ਼ ਦੀ ਕਲਸੀ ਗੋਤ ਵਿਚੋਂ ਸਨ।[118] ਭਾਈ ਮਹਿਤਾਬ ਸਿੰਘ ਦਾ ਪਿੰਡ ਮੀਰਾਂਕੋਟ ਸੀ। ਗੰਗਾਨਗਰ ਕੋਲ ਬੁੱਢਾ ਜੌਹੜ ਦੇ ਸਥਾਨ ਤੋਂ ਚਲ ਕੇ ਇਨ੍ਹਾਂ ਦੋਹਾਂ ਸੂਰਮਿਆਂ ਨੇ ਮੱਸੇ ਰੰਘੜ ਦਾ ਸਿਰ ਵੱਢਿਆ ਸੀ।[119] ਸੁੱਖਾ ਸਿੰਘ ਦੀ ਸ਼ਹੀਦੀ ਰਾਵੀ ਦਰਿਆ ਦੇ ਕੋਲ ਗਿਲਜਿਆਂ ਨਾਲ ਇਕ ਝੜਪ ਵਿਚ ਹੋਈ ਸੀ।[120] ਭਾਈ ਮਹਿਤਾਬ ਸਿੰਘ ਨੂੰ ਜ਼ਕਰੀਆ ਖਾਂ ਨੇ ਚਰਖੜੀ 'ਤੇ ਚਾੜ ਕੇ ਸ਼ਹੀਦ ਕਰ ਦਿੱਤਾ ਸੀ।

**ਸ਼ਹੀਦ ਬਾਬਾ ਗਰਜਾ ਸਿੰਘ ਅਤੇ ਬੋਤਾ ਸਿੰਘ:**

ਜ਼ਕਰੀਆ ਖਾਂ ਦੇ ਐਲਾਨ ਤੋਂ ਬਾਅਦ ਆਪਣੀ ਹੋਂਦ ਨੂੰ ਦਰਸਾਉਣ ਲਈ ਬਾਬਾ ਬੋਤਾ ਸਿੰਘ ਅਤੇ ਗਰਜਾ ਸਿੰਘ ਨੇ ਨੂਰਦੀਨ ਦੀ ਸਰਾਂ ਦੀ ਸ਼ਾਹੀ ਸੜਕ 'ਤੇ ਚੁੰਗੀ ਲਗਾ ਕੇ ਟੈਕਸ ਉਗਰਾਹੁਣਾ ਸ਼ੁਰੂ ਕਰ ਦਿੱਤਾ। ਬਾਬਾ ਬੋਤਾ ਸਿੰਘ ਨੇ ਇਕ ਚਿੱਠੀ ਲਿਖ ਕੇ ਜ਼ਕਰੀਆ ਖਾਂ ਵੱਲ ਤੋਰੀ ਜਿਸਦੇ ਬੋਲ ਹਨ:

---

116 ਰੂਪ ਸਿੰਘ (ਸੰਪਾ.), ਪ੍ਰਮੁੱਖ ਸਿੱਖ ਸ਼ਖਸੀਅਤਾਂ, ਪੰਨਾ 116.

117 ਸਰਬਜਿੰਦਰ ਸਿੰਘ (ਡਾ.), ਮਰਣੁ ਕਬੂਲਿ, ਪੰਨਾ 74; ਪਿਆਰਾ ਸਿੰਘ ਪਦਮ (ਪ੍ਰੋ.), ਸੰਖੇਪ ਸਿੱਖ ਇਤਿਹਾਸ (1469-1989), ਪੰਨਾ 80.

118 ਜੁਗਿੰਦਰ ਸਿੰਘ, ਗਰੀਬੀ ਗਦਾ ਹਮਾਰੀ, ਲਾਹੌਰ ਬੁਕ ਸ਼ਾਪ, ਲੁਧਿਆਣਾ, ਸਤੰਬਰ 1979, ਪੰਨਾ 47.

119 ਉਹੀ, ਪੰਨਾ 49.

120 ਰਤਨ ਸਿੰਘ ਭੰਗੂ (ਸ਼ਹੀਦ), ਪ੍ਰਾਚੀਨ ਪੰਥ ਪ੍ਰਕਾਸ਼, ਭਾਈ ਵੀਰ ਸਿੰਘ (ਸੰਪਾ.), ਪੰਨਾ ੨੯੮.

ਚਿੱਠੀ ਲਿਖੈ ਯੋਂ ਸਿੰਘ ਬੋਤਾ। ਹਥ ਹੈ ਸੋਟਾ, ਵਿਚ ਰਾਹ ਖੜੋਤਾ।

ਆਨਾ ਲਾਯਾ ਗੱਡੇ ਨੂੰ ਪੈਸਾ ਲਾਯਾ ਖੋਤਾ। ਆਖ ਭਾਬੀ ਖਾਨੋਂ ਨੂੰ ਯੋਂ ਆਖੈ ਸਿੰਘ ਬੋਤਾ।[121]

ਇਹ ਚਿੱਠੀ ਪੜ੍ਹ ਕੇ ਜ਼ਕਰੀਆ ਖਾਂ ਨੇ ਫੌਜਦਾਰ ਜਲਾਲਦੀਨ ਨੂੰ ਸੌ ਸਵਾਰ ਦੇ ਕੇ ਭੇਜਿਆ। ਦੋਵੇਂ ਸਿੰਘ ਲੱਕੜ ਦੇ ਸੋਟਿਆਂ ਨਾਲ ਹੀ ਤੁਰਕਾਂ ਦੀ ਫੌਜ ਦਾ ਮੁਕਾਬਲਾ ਕਰਦਿਆਂ ਸ਼ਹੀਦ ਹੋ ਗਏ।[122]

**ਸ਼ਹੀਦ ਬਾਬਾ ਮਿੱਤ ਸਿੰਘ ਜੀ ਦੰਗਈ:**

ਬਾਬਾ ਮਿੱਤ ਸਿੰਘ ਜੀ ਦਾ ਜਨਮ 1715 ਈ. ਵਿਚ ਹੋਇਆ। ਬਾਬਾ ਜੀ ਦਾ ਨਿੱਝਰ ਗੋਤ ਦੇ ਸਨ। ਬਾਬਾ ਜੀ ਦੇ ਪਿਤਾ ਦਾ ਨਾਂ ਸ. ਮਹਿਤਾਬ ਸਿੰਘ ਸੀ।[123] ਇਨ੍ਹਾਂ ਦਾ ਜਨਮ ਸਰਹਾਲ ਦਾ ਸੀ।[124] ਬਾਬਾ ਮਿੱਤ ਸਿੰਘ ਜੀ ਨੂੰ ਸਾਰਾ ਪੰਥ 'ਦੰਗਈ' ਕਹਿ ਕੇ ਬੁਲਾਉਂਦਾ ਸੀ।[125] ਰੁਹੇਲਿਆਂ ਨਾਲ ਲੜ੍ਹਦੇ ਹੋਏ ਬਾਬਾ ਜੀ ਫੂਲ ਨਗਰ ਦੇ ਨੇੜੇ ਸ਼ਹੀਦ ਹੋ ਗਏ ਸਨ।[126] ਇਸ ਲੜਾਈ ਵਿਚ ਬਾਬਾ ਮਿੱਤ ਸਿੰਘ ਜੀ ਅਤੇ ਛੇ ਹਜ਼ਾਰ ਸਿੰਘ ਸ਼ਹੀਦ ਹੋਏ। ਇਹ ਘਟਨਾ 19 ਮਈ 1767 ਈ. ਦੀ ਹੈ। 20 ਮਈ ਨੂੰ ਨਜੀਬੁੱਦੀਨ ਦਉਲਾ ਨੇ ਸ਼ਹੀਦ ਸਿੰਘਾਂ ਦੇ ਸਿਰ ਕਟਵਾ ਕੇ ਅਠਾਰ੍ਹਾਂ ਗੱਡੇ ਲਦਵਾ ਕੇ ਪੰਜਾਬ ਵੱਲ ਤੋਰੇ। ਇਹ ਗੱਡੇ ਗਿਆਰ੍ਹਾਂ ਮੀਲ ਦੂਰ ਜਦੋਂ ਅੰਬਾਲਾ ਤੋਂ ਅੱਗੇ ਘੱਗਰ ਸਰਾਇ ਕੋਲ ਪਹੁੰਚੇ ਤਾਂ ਜੱਸਾ ਸਿੰਘ ਆਹਲੂਵਾਲੀਆ ਨੇ ਹਮਲਾ ਕਰ ਕੇ ਗੱਡੇ ਖੋਹ ਲਏ ਅਤੇ ਸ਼ਹੀਦ ਸਿੰਘਾਂ ਦਾ ਸੰਸਕਾਰ ਕੀਤਾ। ਇਹ ਘਟਨਾ 23 ਮਈ 1767 ਈ. ਦੀ ਹੈ। ਸ਼ਹੀਦ ਗੰਜ ਦੀ ਸੇਵਾ, ਸ਼ਹੀਦੀ ਘਟਨਾ ਤੋਂ ਸਤਾਈ ਸਾਲ ਬਾਅਦ ਬੀਬੀ ਸਾਹਿਬ ਕੌਰ (ਮਹਾਰਾਜਾ ਸਾਹਿਬ ਸਿੰਘ ਦੀ ਭੈਣ) ਨੇ ਲਖਮੀ ਰਾਉ ਮਰਹੱਟਾ ਨੂੰ ਮਾਤ ਦੇਣ ਤੋਂ ਬਾਅਦ ਕਰਵਾਈ ਸੀ। ਮਹਾਰਾਜਾ ਕਰਮ ਸਿੰਘ ਪਟਿਆਲਾ ਦੀ ਪਤਨੀ ਮਹਾਰਾਣੀ ਰੂਪ ਕੌਰ (ਕਰਮ ਕੌਰ) ਹਰ ਦਸਵੀਂ ਨੂੰ ਇਸ ਅਸਥਾਨ 'ਤੇ ਆਉਂਦੀ ਸੀ।[127]

---

121 ਉਹੀ, ਪੰਨਾ ੧੯੩.

122 ਸੋਹਣ ਸਿੰਘ ਸੀਤਲ (ਗਿਆਨੀ), ਸਿੱਖ ਰਾਜ ਕਿਵੇਂ ਬਣਿਆ?, ਪੰਨੇ 62-63.

123 ਪਿਆਰਾ ਸਿੰਘ ਪਦਮ (ਪ੍ਰੋ.), ਪੰਜਾਬ ਦੀ ਗੌਰਵ ਗਾਥਾ, ਕਲਗੀਧਰ ਕਲਮ ਫਾਊਂਡੇਸ਼ਨ, ਕਲਮ ਮੰਦਿਰ, ਲੋਯਰ ਮਾਲ, ਪਟਿਆਲਾ, 2000, ਪੰਨੇ 40-41.

124 ਨਾਹਰ ਸਿੰਘ ਐਮ.ਏ, (ਉੱਲਥਾਕਾਰ), ਰਿਆਸਤ ਪਟਿਆਲਾ ਦਾ ਇਤਿਹਾਸ ਕ੍ਰਿਤ ਸਰ ਲੈਪਲ ਹੈਨਰੀ ਗ੍ਰਿਫਨ, ਭਾਗ ਪਹਿਲਾ, ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ, ਮਈ 1944, ਪੰਨੇ 119-120 (ਫੁਟਨੋਟ)

125 ਗੁਰਮੁਖ ਸਿੰਘ (ਸੰਪਾ.), ਗਿਆਨੀ ਗਰਜਾ ਸਿੰਘ ਦੀ ਇਤਿਹਾਸਕ ਖੋਜ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਜੁਲਾਈ 2010, ਪੰਨਾ 309.

126 ਪਿਆਰਾ ਸਿੰਘ ਪਦਮ (ਪ੍ਰੋ.), ਪੰਜਾਬ ਦੀ ਗੌਰਵ ਗਾਥਾ, ਪੰਨੇ 40-41.

127 ਗੁਰਮੁਖ ਸਿੰਘ (ਸੰਪਾ.), ਗਿਆਨੀ ਗਰਜਾ ਸਿੰਘ ਦੀ ਇਤਿਹਾਸਕ ਖੋਜ, ਪੰਨੇ 316-319.

**ਬ੍ਰਹਮ ਗਿਆਨੀ ਬਾਬਾ ਮਿੱਤ ਸਿੰਘ ਜੀ:**

ਬਾਬਾ ਜੀ ਦਾ ਜਨਮ 1892-93 ਈ. ਨੂੰ ਪਿਤਾ ਕਰਮ ਸਿੰਘ ਅਤੇ ਮਾਤਾ ਕਰਮ ਕੌਰ ਦੇ ਗ੍ਰਹਿ ਵਿਖੇ ਹੋਇਆ। 1901 ਈ. ਵਿਚ ਪਲੇਗ ਦੀ ਬਿਮਾਰੀ ਫੈਲੀ ਤਾਂ ਪਿਤਾ ਸ: ਕਰਮ ਸਿੰਘ ਘਰਾਂ ਵਿਚ ਜਾ ਕੇ ਮੁਰਦਿਆਂ ਨੂੰ ਪਿੱਠ 'ਤੇ ਚੁੱਕ ਕੇ ਮੁਰਦਾ ਘਾਟ ਪਹੁੰਚਾਉਂਦੇ ਅਤੇ ਬਾਬਾ ਮਿੱਤ ਸਿੰਘ ਜੀ ਮੁਰਦਿਆਂ ਦੀ ਰਖਵਾਲੀ ਕਰਦੇ। ਸ਼ਾਮ ਨੂੰ ਸਾਰੇ ਮੁਰਦਿਆਂ ਦਾ ਸੰਸਕਾਰ ਕਰ ਦਿੰਦੇ ਸਨ।[128] ਮਾਤਾ ਕਰਮ ਕੌਰ ਜੀ ਲੰਗਰ ਪਕਾਉਣ ਦੀ ਸੇਵਾ ਕਰਦੇ, ਪਰ ਸੇਵਾ ਕਰਦਿਆਂ ਹੋਇਆਂ ਹੀ ਮਾਤਾ ਜੀ ਵੀ ਇਸ ਪਲੇਗ ਦੀ ਲਪੇਟ ਵਿਚ ਆ ਗਏ ਅਤੇ ਅਕਾਲ ਚਲਾਣਾ ਕਰ ਗਏ।[129]

ਬਾਬਾ ਮਿੱਤ ਸਿੰਘ ਜੀ ਆਪਣੇ ਪਿਤਾ ਦੇ ਖੂਹ ਦੇ ਨੇੜ੍ਹੇ ਜਿਥੇ ਸੰਘਣੇ ਬਰੋਟੇ ਦੇ ਦਰਖਤਾਂ ਉੱਤੇ ਚੜ੍ਹ ਕੇ ਭਗਤੀ ਕਰਦੇ।[130] ਬਾਬਾ ਜੀ ਨੇ ਬੁੱਢਾ ਦਲ ਵਿਚ ਸ਼ਾਮਿਲ ਹੋ ਕੇ ਦਲ-ਪੰਥ ਵਿਚ ਦੁਬਾਰਾ 'ਸਰਬਲੋਹ ਦੇ ਲੰਗਰ' ਦੀ ਮਰਯਾਦਾ ਚਲਾਈ ਸੀ। ਅੰਮ੍ਰਿਤ ਵੇਲੇ ਸਭ ਸਿੰਘਾਂ ਤੋਂ ਪਹਿਲਾਂ ਕ੍ਰਿਆ ਸੋਧ ਕੇ, ਦੁਮਾਲਾ ਸਜਾ ਕੇ ਸੇਵਾ ਵਿਚ ਲੱਗ ਜਾਂਦੇ।[131] ਬਾਬਾ ਮਿੱਤ ਸਿੰਘ ਜੀ ਨੇ ਪੰਜਾਬ ਤੋਂ ਨੰਗੇ ਪੈਰੀਂ ਪੈਦਲ ਚਲ ਕੇ ਸ੍ਰੀ ਹਜ਼ੂਰ ਸਾਹਿਬ ਦੀ ਯਾਤਰਾ ਕੀਤੀ। ਲਗਪਗ ਸੱਤ ਮਹੀਨਿਆਂ ਦਾ ਸਫ਼ਰ ਮੁਕਾ ਕੇ (15 ਅਪ੍ਰੈਲ 1918 ਤੋਂ 13 ਨਵੰਬਰ 1918) ਤਖ਼ਤ ਸ੍ਰੀ ਹਜ਼ੂਰ ਸਾਹਿਬ ਪੁੱਜੇ ਸਨ।[132] ਬਾਬਾ ਮਿੱਤ ਸਿੰਘ ਜੀ ਨੇ ਨਾਂਦੇੜ ਵਿਖੇ ਗੁ: ਮਾਤਾ ਸਾਹਿਬ ਕੌਰ ਜੀ ਦੇ ਅਸਥਾਨ ਦੀ ਸੇਵਾ ਕੀਤੀ ਜਦੋਂ ਉਸ ਵੇਲੇ ਉਸ ਅਸਥਾਨ 'ਤੇ ਸਿਰਫ ਇਕ ਟੀਨ ਦਾ ਛੱਪਰ ਹੀ ਸੀ। ਬਾਬਾ ਮਿੱਤ ਸਿੰਘ ਜੀ ਤੋਂ ਬੁੱਢਾ ਦਲ ਦੇ ਜਥੇਦਾਰ ਬਾਬਾ ਸੰਤਾ ਸਿੰਘ ਜੀ ਨੇ 1936-37 ਵਿਚ ਸੰਥਿਆ ਲਈ ਸੀ। ਬਾਬਾ ਮਿੱਤ ਸਿੰਘ ਜੀ ਨੇ ਦੁਸਹਿਰਾ ਮਹਾਤਮ ਦੀ ਪੋਥੀ ਵੀ ਲਿਖਵਾਈ ਸੀ। ਬੁੱਢਾ ਦਲ ਵਿਚ ਬਾਬਾ ਜੀ ਦਾ ਬਹੁਤ ਸਤਿਕਾਰ ਸੀ।

**ਬਾਬਾ ਧਰਮ ਸਿੰਘ ਜੀ:**

ਬਾਬਾ ਧਰਮ ਸਿੰਘ ਜੀ ਅਤੇ ਬਾਬਾ ਮਿੱਤ ਸਿੰਘ ਜੀ ਪਰਮ ਮਿੱਤਰ ਸੀ। ਬਾਬਾ ਧਰਮ ਸਿੰਘ ਜੀ ਦੇ ਪਿਤਾ ਸ. ਸੇਵਾ ਸਿੰਘ ਸੀ। ਬਾਬਾ ਜੀ ਦੀ ਗੋਤ ਧਾਂਦੀ ਅਤੇ ਪਿੰਡ ਅਬਿਆਣਾ, ਜ਼ਿਲ੍ਹਾ ਰੋਪੜ ਸੀ। ਬਾਬਾ ਜੀ

---

[128] ਕ੍ਰਿਪਾਲ ਸਿੰਘ ਵੜੈਚ (ਗਿਆਨੀ), ਦੋ ਗੁਰਸਿੱਖ ਨਿਰਮੋਲਕ ਹੀਰੇ, ਪੰਨਾ 13.

[129] ਉਹੀ, ਪੰਨਾ 13.

[130] ਉਹੀ, ਪੰਨਾ 43.

[131] ਉਹੀ, ਪੰਨਾ 95.

[132] ਉਹੀ, ਪੰਨਾ 182.

ਦੀ ਕੁਲ ਉਮਰ 125 ਸਾਲ ਸੀ।[133] ਬਾਬਾ ਧਰਮ ਸਿੰਘ ਜੀ, ਬਾਬਾ ਮਿੱਤ ਸਿੰਘ ਜੀ ਦੇ ਨਾਲ ਹੀ ਪੰਜਾਬ ਤੋਂ ਨੰਗੇ ਪੈਰੀਂ ਪੈਦਲ ਚਲ ਕੇ ਸ੍ਰੀ ਹਜ਼ੂਰ ਸਾਹਿਬ ਪਹੁੰਚੇ ਸਨ। ਬਾਬਾ ਮਿੱਤ ਸਿੰਘ ਜੀ ਤੋਂ ਬਾਅਦ ਬਾਬਾ ਧਰਮ ਸਿੰਘ ਜੀ ਨੇ ਹੀ ਗੁ: ਮਾਤਾ ਸਾਹਿਬ ਕੌਰ ਜੀ ਦੇ ਅਸਥਾਨ ਦੀ ਸੇਵਾ ਸੰਭਾਲੀ ਸੀ। ਬਾਬਾ ਧਰਮ ਸਿੰਘ ਜੀ ਨੇ 125 ਸਾਲ ਦੀ ਉਮਰ ਵਿਚ 1957 ਈ. ਵਿਚ ਅਕਾਲ ਚਲਾਣਾ ਕੀਤਾ।

**ਬਾਬਾ ਨੱਥਾ ਸਿੰਘ ਨਿਹੰਗ ਸਿੰਘ:**

ਬਾਬਾ ਨੱਥਾ ਸਿੰਘ ਦਾ ਜੀਵਨ ਕਾਲ ਉਨ੍ਹੀਵੀਂ ਸਦੀ ਦੇ ਸ਼ੁਰੂ ਦਾ ਹੈ। ਇਨਾਂ ਨੂੰ ਬਾਬਾ ਨਾਥਾ ਸਿੰਘ ਵੀ ਕਿਹਾ ਜਾਂਦਾ ਸੀ। ਨਾਭਾ ਅਤੇ ਪਟਿਆਲਾ ਦੇ ਰਾਜ ਘਰਾਣਿਆਂ ਵਿਚ ਬਾਬਾ ਜੀ ਦਾ ਬਹੁਤ ਸਤਿਕਾਰ ਸੀ। ਬਾਬਾ ਨੱਥਾ ਸਿੰਘ ਜੀ ਨੇ ਅਮਲੋਹ ਨਗਰ ਤੋਂ ਲਗਪਗ ਪੰਦਰ੍ਹਾਂ ਕਿ.ਮੀ. ਦੂਰ ਕਪੂਰਗੜ੍ਹ ਕਸਬੇ ਵਿਚ ਆਪਣਾ ਡੇਰਾ ਬਣਾਇਆ ਸੀ।[134] ਉੱਥੇ ਗੁਰਦੁਆਰਾ ਸਾਹਿਬ ਵੀ ਬਣਿਆ ਹੈ ਜਿਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਸਤਰ ਮੌਜੂਦ ਹਨ।[135]

**ਅਕਾਲੀ ਕੌਰ ਸਿੰਘ ਨਿਹੰਗ:**

ਅਕਾਲੀ ਕੌਰ ਸਿੰਘ ਜੀ ਦਾ ਜਨਮ 16 ਹਾੜ 1943 ਬਿਕਰਮੀ ਮੁਤਾਬਕ 1886 ਈ. ਨੂੰ ਮਾਤਾ ਕਰਮ ਕੌਰ ਜੀ ਦੀ ਕੁਖੋਂ ਹੋਇਆ।[136] ਅਕਾਲੀ ਕੌਰ ਸਿੰਘ ਜੀ ਦਾ ਪਰਿਵਾਰਕ ਪਿਛੋਕੜ ਕਸ਼ਮੀਰ ਦੇ ਉਨ੍ਹਾਂ ਦੁਖੀ ਪੰਡਿਤਾਂ ਨਾਲ ਜਾ ਜੁੜਦਾ ਹੈ ਜਿਹੜੇ ਪੰਡਿਤ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਦਰਬਾਰ ਵਿਚ ਫਰਿਆਦੀ ਬਣ ਕੇ ਸ੍ਰੀ ਅਨੰਦਪੁਰ ਸਾਹਿਬ ਆਏ ਸਨ। ਅਕਾਲੀ ਜੀ ਨੇ ਮਹਾਰਾਜਾ ਫਰੀਦਕੋਟ ਦੇ ਹਜ਼ੂਰੀ ਗ੍ਰੰਥੀ ਭਾਈ ਲੱਧਾ ਸਿੰਘ ਪੁਣਛੀ ਨਾਲ ਸ੍ਰੀ ਅੰਮ੍ਰਿਤਸਰ ਤੋਂ ਸ੍ਰੀ ਹਜ਼ੂਰ ਸਾਹਿਬ ਦੀ ਯਾਤਰਾ ਕੀਤੀ। ਅਕਾਲੀ ਹਜ਼ੂਰਾ ਸਿੰਘ ਜੀ ਅਤੇ ਅਕਾਲੀ ਕੌਰ ਸਿੰਘ ਜੀ (ਪੂਰਨ ਸਿੰਘ) ਨੇ ਇੱਕਠਿਆਂ ਅੰਮ੍ਰਿਤਪਾਨ ਕੀਤਾ ਅਤੇ 'ਨਿਹੰਗ ਸਿੰਘ' ਸਜੇ। ਅਕਾਲੀ ਪਹਿਰਾਵਾ ਹਜ਼ੂਰ ਸਾਹਿਬ ਵਿਖੇ ਜਾ ਕੇ ਧਾਰਨ ਕੀਤਾ। ਨਿਹੰਗ ਸਿੰਘ ਸਜਣ ਤੋਂ ਬਾਅਦ ਆਪ ਕਾਲੇ ਸੁਰਮਈ ਰੰਗ ਦਾ ਬਾਣਾ ਧਾਰਨ ਕਰਦੇ ਸਨ।[137] ਅਕਾਲੀ ਜੀ ਨੇ 1910-12 ਈ. ਤੋਂ

---

133 ਕ੍ਰਿਪਾਲ ਸਿੰਘ ਵੜੈਚ (ਗਿਆਨੀ), ਦੋ ਗੁਰਸਿੱਖ ਨਿਰਮੋਲਕ ਹੀਰੇ, ਪੰਨਾ 717.

134 ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਤੀਜਾ, ਪੰਨਾ 1154.

135 ਉਹੀ, ਭਾਗ ਦੂਜਾ, ਪੰਨਾ 1003.

136 ਹਿੰਮਤ ਸਿੰਘ, ਅਕਾਲੀ ਕੌਰ ਸਿੰਘ, ਜੀਵਨ, ਵਿਅਕਤੀਤ੍ਵ ਤੇ ਸਾਹਿਤ ਰਚਨਾ, ਪੰਨਾ 4.

137 ਉਹੀ, ਪੰਨਾ 30.

ਬਾਅਦ ਆਪਣੇ ਨਾਮ ਨਾਲ 'ਨਿਹੰਗ' ਲਿਖਣਾ ਸ਼ੁਰੂ ਕੀਤਾ। ਪੁਸਤਕਾਂ ਵਿਚ ਅਕਾਲੀ ਕੰਵਰ ਸਿੰਘ ਦੀ ਥਾਂ ਆਪ 'ਅਕਾਲੀ ਕੌਰ ਸਿੰਘ ਨਿਹੰਗ' ਲਿਖਦੇ ਹਨ।

ਅਕਾਲੀ ਜੀ ਆਪਣੇ ਹੱਥੀਂ ਲੰਗਰ ਤਿਆਰ ਕਰਦੇ ਅਤੇ ਸਰਬਲੋਹ ਦੇ ਬਰਤਨਾਂ ਵਿਚ ਭੋਜਨ ਛਕਦੇ ਸਨ। ਬਿਬੇਕ ਦੀ ਕਰੜਾਈ ਦੇ ਪਿਛੇ ਨਿਹੰਗ ਸਿੰਘਾਂ ਵਾਲਾ ਪ੍ਰਭਾਵ ਸੀ ਜੋ ਬੇ-ਅੰਮ੍ਰਿਤੀਏ ਅਤੇ ਪਤਿਤ ਲੋਕਾਂ ਨਾਲ ਨਹੀਂ ਵਰਤਦੇ ਸਨ।[138] ਲੰਗਰ ਤਿਆਰ ਕਰਨ ਤੋਂ ਬਾਅਦ ਆਪ ਜੀ ਦਾ ਉੱਚੀ ਸੁਰ ਵਿਚ ਆਵਾਜ਼ ਦੇਣਾ, 'ਆਓ ਗੁਰੂ ਕੇ ਪਿਆਰਿਓ, ਪ੍ਰਸ਼ਾਦ ਤਿਆਰ ਹੈ, ਗੱਫੇ ਲਗਾਓ' ਕਹਿਣਾ ਪੁਰਾਤਨ ਨਿਹੰਗ ਸਿੰਘਾਂ ਦੀ ਲੰਗਰ ਦੀ ਮਰਯਾਦਾ ਨੂੰ ਭਲੀ ਭਾਂਤ ਦਰਸਾਉਂਦਾ ਹੈ।[139] ਅਕਾਲੀ ਜੀ ਦਾ ਦੇਹਾਂਤ 23 ਜਨਵਰੀ 1953 ਈ. ਨੂੰ ਪਟਿਆਲਾ ਸ਼ਹਿਰ ਦੇ ਰਾਜਿੰਦਰਾ ਹਸਪਤਾਲ ਵਿਚ ਹੋਇਆ।[140] ਆਪ ਜੀ ਦਾ ਅੰਤਿਮ ਸਸਕਾਰ ਪਟਿਆਲਾ ਦੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਦੇ ਪਿਛਲੇ ਪਾਸੇ ਇਕ ਵਿਸ਼ੇਸ਼ ਥਾਂ ਵਿਖੇ ਹੋਇਆ।[141] ਅਕਾਲੀ ਕੌਰ ਸਿੰਘ ਜੀ ਦੇ ਨਾਂ 'ਤੇ ਗੁ: ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਇਕ ਲਾਇਬ੍ਰੇਰੀ ਸਥਾਪਿਤ ਕੀਤੀ ਗਈ ਹੈ।

**ਸ਼ਮਸ਼ੇਰ ਸਿੰਘ ਨਿਹੰਗ ਸਿੰਘ:**

ਬਾਬਾ ਸ਼ਮਸ਼ੇਰ ਸਿੰਘ ਜੀ 1861 ਈ. ਵਿਚ ਪੈਦਾ ਹੋਏ। ਬਾਬਾ ਜੀ ਦੇ ਪਿਤਾ ਦਾ ਨਾਮ ਮਹਿਤਾਬ ਸਿੰਘ ਅਤੇ ਮਾਤਾ ਦਾ ਨਾਮ ਚੰਦ ਕੌਰ ਜੋ ਕਿ ਰਾਇਕੋਟ ਦੇ ਰਹਿਣ ਵਾਲੇ ਸਨ। ਬਾਬਾ ਜੀ ਨੇ ਛੋਟੀ ਉਮਰ ਵਿਚ ਹੀ ਬੁੱਢਾ ਦਲ ਵਿਚ ਪ੍ਰਵੇਸ਼ ਕਰਕੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀ ਯਾਤਰਾ ਕੀਤੀ। ਬਾਬਾ ਜੀ ਦਾ ਪਹਿਲਾ ਨਾਂ ਬੀਰ ਸਿੰਘ ਸੀ। ਸ੍ਰੀ ਹਜ਼ੂਰ ਸਾਹਿਬ ਤੋਂ ਅੰਮ੍ਰਿਤ ਛਕਣ ਉਪਰੰਤ ਆਪ ਦਾ ਨਾਂ ਸ਼ਮਸ਼ੇਰ ਸਿੰਘ ਰਖਿਆ ਗਿਆ। ਉੱਥੇ ਕੁਝ ਸਮਾਂ ਹੈਦਾਰਾਬਾਦ ਦੇ ਨਵਾਬ ਦੀ ਨੌਕਰੀ ਕੀਤੀ। ਪੰਜਾਬ ਆ ਕੇ ਬਾਬਾ ਜੀ ਨੇ ਰਾਇਕੋਟ ਵਿਖੇ ਗੁਰਦੁਆਰਾ ਗੁਰੂਸਰ ਸੁਧਾਰ ਅਤੇ ਸ੍ਰੀ ਗੁਰੂ ਹਰਿਗੋਬਿੰਦ ਖਾਲਸਾ ਕਾਲਜ ਬਣਾਇਆ। ਇਨ੍ਹਾਂ ਦਾ ਦੇਹਾਂਤ 26 ਮਾਰਚ 1930 ਈ. ਵਿਚ ਹੋਇਆ।[142]

---

[138] ਉਹੀ, ਪੰਨਾ 31.

[139] ਉਹੀ, ਪੰਨਾ 32.

[140] ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਭਾਗ ਦੂਜਾ, ਪੰਨਾ 605.

[141] ਹਿੰਮਤ ਸਿੰਘ, ਅਕਾਲੀ ਕੌਰ ਸਿੰਘ, ਜੀਵਨ, ਵਿਅਕਤੀਤ੍ਵ ਤੇ ਸਾਹਿਤ ਰਚਨਾ, ਪੰਨਾ 24.

[142] Kirpal Singh & Kharak Singh (Ed.), History of The Sikhs & Their Religion, Vol I, p. 414.

**ਬਾਬਾ ਅਮੀਰ ਸਿੰਘ ਨਿਹੰਗ ਸਿੰਘ ਮੁਰਾਲੇ ਵਾਲੇ:**

ਬਾਬਾ ਅਮੀਰ ਸਿੰਘ ਨਿਹੰਗ ਸਿੰਘ ਮੁਰਾਲੇ ਵਾਲੇ ਬੜੇ ਹਠੀ ਤਪੀ ਮਹਾਂਪੁਰਖ ਸਨ। ਬਾਬਾ ਅਮੀਰ ਸਿੰਘ ਮੁਰਾਲੇ ਵਾਲੇ ਨਿਹੰਗ ਸਿੰਘਾਂ ਵਾਲਾ ਬਾਣਾ ਧਾਰਨ ਕਰਕੇ ਰਖਦੇ ਸਨ। ਬਾਬਾ ਜੀ ਮੁਰਾਲੇ ਪਿੰਡ ਦੇ ਗੁਰਦੁਆਰਾ ਸਾਹਿਬ ਦੇ ਜਥੇਦਾਰ ਸਨ। ਬਾਬਾ ਜੀ ਰਹਿਤ ਮਰਯਾਦਾ ਦੇ ਪੱਕੇ ਧਾਰਨੀ ਸਨ:

ਬਾਬਾ ਸਿੰਘ ਅਮੀਰ ਜੀ, ਬੀਚ ਮੁਰਾਲੇ ਬਾਸ।
ਜੋਗੀ ਪੁਰਖ ਨਿਹੰਗ ਸਿੰਘ, ਜਪੈ ਨਾਮ ਸੁਖ ਰਾਸ।[143]

**ਬਾਬਾ ਲੱਧਾ ਸਿੰਘ ਜੀ ਨਿਹੰਗ ਸਿੰਘ (ਜਥੇਦਾਰ ਛਾਉਣੀ ਸਰਬਲੋਹ ਬੁੰਗਾ, ਨਾਂਦੇੜ):**

ਬਾਬਾ ਲੱਧਾ ਸਿੰਘ ਜੀ ਪਿੰਡ ਦੌਣ ਕਲਾਂ ਜ਼ਿਲ੍ਹਾ ਪਟਿਆਲਾ ਦੇ ਰਹਿਣ ਵਾਲੇ ਸਨ ਪਰ ਤਿਆਗੀ ਬਿਰਤੀ ਹੋਣ ਕਾਰਨ ਘਰ ਦਾ ਮੋਹ ਛੱਡ ਕੇ ਸ੍ਰੀ ਹਜ਼ੂਰ ਸਾਹਿਬ ਚਲੇ ਗਏ ਅਤੇ ਨਿਹੰਗ ਸਿੰਘਾਂ ਦੇ ਸਰਬਲੋਹ ਬੁੰਗੇ ਦੀ ਸੇਵਾ ਕਰਨ ਲੱਗ ਪਏ। ਸਮਾਂ ਪਾ ਕੇ ਬਾਬਾ ਜੀ ਛਾਉਣੀ ਸਰਬਲੋਹ ਬੁੰਗਾ ਨਿਹੰਗ ਸਿੰਘਾਂ ਦੇ ਜਥੇਦਾਰ ਰਹੇ ਅਤੇ ਲਗਪਗ ਪੰਜਾਹ ਸਾਲ ਸੇਵਾ ਕੀਤੀ। ਬਾਬਾ ਲੱਧਾ ਸਿੰਘ ਜੀ ਫਰਲਾਧਾਰੀ (ਮਹਾਂਕਾਲ) ਸਿੰਘ ਸਨ। ਬਾਬਾ ਧਰਮ ਸਿੰਘ ਨਿਹੰਗ ਸਿੰਘ ਦੇ ਸਮੇਂ ਬਾਬਾ ਲੱਧਾ ਸਿੰਘ 30 ਮਾਰਚ 1956 ਈ. ਨੂੰ ਗੁਰਪੁਰੀ ਸਿਧਾਰ ਗਏ ਸਨ। ਬਾਬਾ ਲੱਧਾ ਸਿੰਘ ਜੀ ਦੇ ਦੁਸਹਿਰਾ ਭੋਗ ਤੇ ਬੁੱਢਾ ਦਲ ਦੇ ਜਥੇਦਾਰ ਬਾਬਾ ਚੇਤ ਸਿੰਘ ਜੀ ਨੇ ਛਾਉਣੀ ਦੀ ਸੇਵਾ ਲਈ ਭਾਈ ਕਰਤਾਰ ਸਿੰਘ ਤੀਲਾ ਦੀ ਦਸਤਾਰ ਬੰਦੀ ਕੀਤੀ ਗਈ।[144] ਬਾਬਾ ਲੱਧਾ ਸਿੰਘ ਨਿਹੰਗ ਸਿੰਘ ਦੇ ਨਾਂ 'ਤੇ ਛਾਉਣੀ ਸਰਬਲੋਹ ਬੁੰਗਾ ਵਿਖੇ ਇਕ ਨਿਸ਼ਾਨ ਸਾਹਿਬ ਵੀ ਲੱਗਾ ਹੋਇਆ ਹੈ।

**ਬਾਬਾ ਕਰਮ ਸਿੰਘ ਡੰਡਿਆਂ ਵਾਲੇ:**

"ਕਰਮ ਸਿੰਘ ਡੰਡਿਆਂ ਵਾਲੇ ਚੱਕਰਾਂ ਦਾ ਗੁੱਛਾ ਆਪਣੇ ਮੋਢੇ 'ਤੇ ਪਾ ਕੇ ਰਖਦੇ। ਹੱਥ ਵਿਚ ਬਰਛਾ ਅਤੇ ਇਕ ਡੰਡਾ ਰਖਦੇ। ਇਸ ਕਰਕੇ ਉਨ੍ਹਾਂ ਨੂੰ 'ਡੰਡਿਆਂ ਵਾਲੇ' ਕਿਹਾ ਜਾਂਦਾ ਸੀ। ਬਾਬਾ ਕਰਮ ਸਿੰਘ ਜੀ ਨੇ ਸੱਠ ਸਾਲ ਬੁੱਢਾ ਦਲ ਦੇ ਲੰਗਰਾਂ ਵਿਚ ਸੇਵਾ ਕੀਤੀ। ਬਾਬਾ ਸਾਹਿਬ ਸਿੰਘ ਕਲਾਧਾਰੀ ਜੀ ਨੇ ਬਾਬਾ ਕਰਮ

---

143 ਗੁਰਬਚਨ ਸਿੰਘ ਖਾਲਸਾ, ਗੁਰਮੁਖ ਪ੍ਰਕਾਸ਼, ਅਧਿਆਇ ਉਨ੍ਹੀਵਾਂ, ਪੰਨਾ 167.

144 ਕ੍ਰਿਪਾਲ ਸਿੰਘ ਵੜੈਚ (ਗਿਆਨੀ), ਦੋ ਗੁਰਸਿੱਖ ਨਿਰਮੋਲਕ ਹੀਰੇ, ਪੰਨਾ 748.

ਸਿੰਘ ਡੰਡਿਆਂ ਵਾਲਿਆਂ ਨੂੰ ਫਰਲਾ ਦਿੱਤਾ। ਬਾਬਾ ਸਾਹਿਬ ਸਿੰਘ ਜੀ ਨੇ ਆਪਣੇ ਜੀਉਂਦੇ ਜੀਅ ਬਾਬਾ ਕਰਮ ਸਿੰਘ ਜੀ ਨੂੰ ਜਥੇਦਾਰੀ ਸੌਂਪ ਦਿੱਤੀ ਸੀ।"[145] ਬਾਬਾ ਸਾਹਿਬ ਸਿੰਘ ਕਲਾਧਾਰੀ ਜੀ ਤੋਂ ਬਾਬਾ ਕਰਮ ਸਿੰਘ ਜੀ ਡੰਡਿਆਂ ਵਾਲੇ ਮੁਖ ਜਥੇਦਾਰ ਥਾਪੇ ਗਏ ਸਨ। ਬਾਬਾ ਕਰਮ ਸਿੰਘ ਜੀ ਡੰਡਿਆਂ ਵਾਲਿਆਂ ਨੇ ਬਾਬਾ ਕੇਹਰ ਸਿੰਘ ਜੀ ਨੂੰ ਗੁਰੂ ਨਾਨਕ ਦੇਵ ਜੀ ਦੇ ਨਾਂ 'ਤੇ ਦਲ ਚਲਾਉਣ ਲਈ ਆਖਿਆ ਸੀ ਅਤੇ ਦਲ ਦਾ ਨਾਮ 'ਗੁਰੂ ਨਾਨਕ ਦਲ' ਵੀ ਬਾਬਾ ਕਰਮ ਸਿੰਘ ਜੀ ਨੇ ਹੀ ਰਖਿਆ ਸੀ।

**ਬਾਬਾ ਦਿਆਲ ਸਿੰਘ ਮੁਖਤਿਆਰੇ ਆਮ:**

ਬਾਬਾ ਦਿਆਲ ਸਿੰਘ ਜੀ ਨੂੰ ਬੁੱਢਾ ਦਲ ਦੇ ਲਿਖਾਰੀ ਅਤੇ ਮੁਖਤਿਆਰੇ ਆਮ ਹੋਣ ਦਾ ਮਾਣ ਪ੍ਰਾਪਤ ਹੈ। ਬਾਬਾ ਦਿਆਲ ਸਿੰਘ ਜੀ ਦਾ ਜਨਮ 1938 ਈ. ਦਾ ਹੈ। ਬਾਬਾ ਦਿਆਲ ਸਿੰਘ ਜੀ ਦੇ ਪਿਤਾ ਕੋਟਕਪੂਰੇ ਵਿਖੇ ਕਲਰਕ ਸਨ। ਬਾਬਾ ਦਿਆਲ ਸਿੰਘ ਜੀ ਬਾਰ੍ਹਾਂ ਸਾਲ ਦੀ ਉਮਰ ਵਿਚ ਘਰ-ਬਰ ਤਿਆਗ ਕੇ ਬਾਬਾ ਚੇਤ ਸਿੰਘ ਜੀ ਦੀ ਸੰਗਤ ਵਿਚ ਆਏ। ਬਾਬਾ ਚੇਤ ਸਿੰਘ ਜੀ ਤੋਂ ਹੀ ਗੁਰਮਤਿ ਦੀ ਵਿੱਦਿਆ ਹਾਸਿਲ ਕੀਤੀ। ਕੁਝ ਸਮਾਂ ਬਾਬਾ ਜੀ ਲੱਖੀ ਜੰਗਲ ਰਹੇ। ਬਾਬਾ ਦਿਆਲ ਸਿੰਘ ਜੀ ਨੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਜਾ ਕੇ ਹਰਨਾਮ ਸਿੰਘ ਪੁਜਾਰੀ ਪਾਸੋਂ ਅੰਮ੍ਰਿਤ ਛਕਿਆ। 1971 ਤੋਂ ਲਗਭਗ 2007 ਤੱਕ ਬਾਬਾ ਦਿਆਲ ਸਿੰਘ ਜੀ ਬੁੱਢਾ ਦਲ ਦੇ ਮੁਖਤਿਆਰੇ ਆਮ ਰਹੇ ਹਨ।[146] ਬਾਬਾ ਜੀ ਕੁਝ ਸਮਾਂ ਬੁੱਢਾ ਦਲ ਦੇ ਲਿਖਾਰੀ ਅਤੇ ਬੁੱਢਾ ਦਲ ਵਲੋਂ ਛਾਪੀ ਜਾਂਦੀ ਮਾਸਿਕ ਪੱਤ੍ਰਿਕਾ 'ਨਿਹੰਗ ਸਿੰਘ ਸੰਦੇਸ਼' ਦੇ ਮੁਖ ਸੰਪਾਦਕ ਵੀ ਰਹੇ ਹਨ। ਜਥੇਦਾਰ ਬਾਬਾ ਸੰਤਾ ਸਿੰਘ ਜੀ ਨੇ ਬਾਬਾ ਦਿਆਲ ਸਿੰਘ ਜੀ ਨੂੰ 'ਫਰਲੇ' ਦੀ ਬਖਸ਼ਿਸ਼ ਕੀਤੀ। ਮੌਜੂਦਾ ਸਮੇਂ ਬਾਬਾ ਦਿਆਲ ਸਿੰਘ ਜੀ ਪਟਿਆਲਾ ਵਿਖੇ ਨਿਰਮਲ ਸੰਪਰਦਾ ਦੇ ਧਰਮਧੁਜਾ ਅਖਾੜੇ ਵਿਚ ਰਹਿ ਰਹੇ ਹਨ।

---

[145] ਇਹ ਜਾਣਕਾਰੀ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਹੈਡ ਗ੍ਰੰਥੀ ਮਹੰਤ ਤ੍ਰਿਲੋਚਨ ਸਿੰਘ ਜੀ ਪਾਸੋਂ ਬੁੱਢਾ ਦਲ ਦੀ ਛਾਉਣੀ 'ਸ਼ਹੀਦ ਬਾਬਾ ਮਿੱਤ ਸਿੰਘ ਜੀ ਅਤੇ ਛੇ ਹਜ਼ਾਰ ਨਿਹੰਗ ਸਿੰਘਾਂ' ਸ਼ੰਭੂ, ਵਿਖੇ ਮਿਤੀ 20-5-2018 ਨੂੰ ਵੀਡਿਉ ਰਿਕਾਰਡਿੰਗ ਰਾਹੀਂ ਇੰਟਰਵਿਊ ਵਿਚ ਇੱਕਤਰ ਕੀਤੀ ਗਈ।

[146] ਇਹ ਜਾਣਕਾਰੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 'ਮੁਖਤਿਆਰੇ ਆਮ' ਬਾਬਾ ਦਿਆਲ ਸਿੰਘ ਜੀ ਪਾਸੋਂ, ਸ੍ਰੀ ਨਿਰਮਲ ਪੰਚਾਇਤੀ ਅਖਾੜਾ ਡੇਰਾ ਧਰਮਧੱਜਾ, ਪਟਿਆਲਾ ਵਿਖੇ ਮਿਤੀ 9 ਮਾਰਚ 2019 ਨੂੰ ਵੀਡਿਉ ਰਿਕਾਰਡਿੰਗ ਰਾਹੀਂ ਇੰਟਰਵਿਊ ਵਿਚ ਇੱਕਤਰ ਕੀਤੀ ਗਈ।

**ਲਿਖਾਰੀ ਕ੍ਰਿਪਾਲ ਸਿੰਘ ਵੜੈਚ:**

ਲਿਖਾਰੀ ਕ੍ਰਿਪਾਲ ਸਿੰਘ ਦਾ ਪਹਿਲਾ ਨਾਂ ਕਰਤਾਰ ਸਿੰਘ ਸੀ। ਲਿਖਾਰੀ ਕ੍ਰਿਪਾਲ ਸਿੰਘ ਜੀ ਦੇ ਪਿਤਾ ਜੀ ਦਾ ਨਾਮ ਸ. ਕਿਰਪਾ ਸਿੰਘ ਸੀ।[147] ਲਿਖਾਰੀ ਜੀ ਨੇ 1934 ਈ. ਵਿਚ ਬਾਬਾ ਸਾਹਿਬ ਸਿੰਘ ਜੀ ਕਲਾਧਾਰੀ ਪਾਸੋਂ ਅੰਮ੍ਰਿਤ ਛਕਿਆ ਸੀ। ਗਿਆਨੀ ਕ੍ਰਿਪਾਲ ਸਿੰਘ ਵੜੈਚ 1936 ਤੋਂ 1940 ਈ. ਤਕ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਰਹੇ ਅਤੇ ਦੁਸਹਿਰਾ ਮਹਾਤਮ ਪੋਥੀ ਲਿਖੀ। ਲਿਖਾਰੀ ਜੀ ਨੇ 1965 ਈ. ਵਿਚ ਦੁਬਾਰਾ ਸ੍ਰੀ ਹਜੂਰ ਸਾਹਿਬ ਦੀ ਯਾਤਰਾ ਕੀਤੀ ਸੀ। ਗਿਆਨੀ ਕ੍ਰਿਪਾਲ ਸਿੰਘ ਜੀ ਨੂੰ ਬਾਬਾ ਸਾਹਿਬ ਸਿੰਘ ਜੀ ਕਲਾਧਾਰੀ ਤੋਂ 'ਲਿਖਾਰੀ' ਦੀ ਪਦਵੀ ਦਾ ਮਾਣ ਮਿਲਿਆ।[148]

**ਬਾਬਾ ਪ੍ਰੇਮ ਸਿੰਘ ਜੀ (ਜਥੇਦਾਰ ਗੁ: ਮਾਤਾ ਸਾਹਿਬ ਕੌਰ ਜੀ, ਨਾਂਦੇੜ):**

ਬਾਬਾ ਜੀ ਦਾ ਜਨਮ ਪਿਤਾ ਨੱਥਾ ਸਿੰਘ ਜੀ ਦੇ ਘਰ ਮਾਤਾ ਗੁਰਨਾਮ ਕੌਰ ਜੀ ਕੁਖੋਂ ਮਿਤੀ 7 ਜੂਨ 1948 ਈ. ਨੂੰ ਪਿੰਡ ਰੋੜੀ ਕਪੂਠਾ, ਜ਼ਿਲ੍ਹਾ ਫਰੀਦਕੋਟ (ਜੈਤੋਂ ਨੇੜੇ) ਹੋਇਆ। ਬਾਬਾ ਜੀ ਗਿਆਰ੍ਹਾਂ ਜਮਾਤਾਂ ਪੜ੍ਹੇ ਹੋਏ ਸਨ। ਬਾਬਾ ਜੀ ਦਾ ਪਹਿਲਾ ਨਾਂ ਹਰਜਿੰਦਰ ਸਿੰਘ ਸੀ। ਕਾਰ ਸੇਵਾ ਵਾਲਿਆਂ ਤੋਂ ਅੰਮ੍ਰਿਤਪਾਨ ਕਰਨ ਤੋਂ ਬਾਅਦ ਨਾਮ ਲਛਮਣ ਸਿੰਘ ਹੋਇਆ। ਉਸ ਤੋਂ ਬਾਅਦ ਦੁਬਾਰਾ ਸੁਧਾਈ ਕਰਵਾਉਣ ਸਮੇਂ ਸੰਨ 1976 ਈ. ਵਿਚ ਬੁੱਢਾ ਦਲ ਪਾਸੋਂ ਅੰਮ੍ਰਿਤ ਛਕਿਆ ਤਾਂ ਨਾਮ ਪ੍ਰੇਮ ਸਿੰਘ ਪਿਆ। ਵੈਰਾਗੀ ਮਨ ਹੋਣ ਕਾਰਨ ਆਪ ਘਰੋਂ ਨਿਕਲ ਕੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਆ ਗਏ। ਬੰਦਾ ਘਾਟ ਆ ਕੇ ਸੰਤ ਸਤਿਨਾਮ ਸਿੰਘ ਜੀ ਕੋਲ 9-10 ਮਹੀਨੇ ਮਿੱਟੀ ਢੋਣ ਦੀ ਸੇਵਾ ਕਰਦੇ ਰਹੇ। ਮੈਨੇਜਰ ਵਲੋਂ ਤਨਖਾਹ ਦੀ ਪੇਸ਼ਕਸ਼ ਕਰਨ 'ਤੇ ਮਾਇਆ ਲੈਣ ਲਈ ਨਾਂਹ ਕਰ ਦਿੱਤੀ। ਫੇਰ ਮਾਤਾ ਸਾਹਿਬ ਕੌਰ ਜੀ ਦੇ ਅਸਥਾਨ 'ਤੇ ਖੇਤੀਬਾੜੀ ਲਈ ਟਰੈਕਟਰ ਚਲਾਉਣ ਦੀ ਸੇਵਾ ਕਰਨ ਲੱਗੇ। ਆਪ ਮਾਤਾ ਜੀ ਦੇ ਅਸਥਾਨ ਉੱਤੇ ਜਥੇਦਾਰ ਸੇਵਾ ਸਿੰਘ ਨਿਹੰਗ ਸਿੰਘ ਦੇ ਅਧੀਨ ਸੇਵਾ ਕਰਦੇ ਸਨ। ਜਥੇਦਾਰ ਬਾਬਾ ਸੰਤਾ ਸਿੰਘ ਨੇ ਬਾਬਾ ਪ੍ਰੇਮ ਸਿੰਘ ਨੂੰ ਗੁ: ਮਾਤਾ ਸਾਹਿਬ ਕੌਰ ਜੀ ਦੇ ਅਸਥਾਨ 'ਤੇ ਨਿਯੁਕਤ ਕੀਤਾ।[149]

---

[147] ਕ੍ਰਿਪਾਲ ਸਿੰਘ ਵੜੈਚ (ਗਿਆਨੀ), ਦੋ ਗੁਰਸਿੱਖ ਨਿਰਮੋਲਕ ਹੀਰੇ, ਪੰਨਾ 617(ਫੁਟਨੋਟ).

[148] ਉਹੀ ਲੇਖਕ, ਸਿੰਘ ਸਾਹਿਬ ਜਥੇਦਾਰ ਬਾਬਾ ਬਿਨੋਦ ਸਿੰਘ ਜੀ ਸੰਸਥਾਪਕ ਤੱਤ ਖਾਲਸਾ (ਬੁੱਢਾ ਦਲ), ਪੰਨਾ (ਅਸੀਸ ਵਿਚੋਂ)

[149] ਕ੍ਰਿਪਾਲ ਸਿੰਘ ਵੜੈਚ (ਗਿਆਨੀ), ਦੋ ਗੁਰਸਿੱਖ ਨਿਰਮੋਲਕ ਹੀਰੇ, ਪੰਨੇ 780-781.

**ਬਾਬਾ ਪਾਲਾ ਸਿੰਘ ਜੀ ਗਊਆਂ ਵਾਲੇ:**

ਬਾਬਾ ਪਾਲਾ ਸਿੰਘ ਜੀ ਦਾ ਜਨਮ 1963 ਈ. ਵਿਚ ਲੋਹਗੜ੍ਹ ਨਗਰ, ਬਾਬਾ ਬਕਾਲਾ ਸਾਹਿਬ ਵਿਖੇ ਪਿਤਾ ਗੁਰਬਖਸ਼ ਸਿੰਘ ਅਤੇ ਮਾਤਾ ਨਿਰੰਜਨ ਕੌਰ ਦੇ ਘਰ ਹੋਇਆ। ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਵਿਚ ਭਰਤੀ ਹੋਣ ਤੋਂ ਬਾਅਦ ਦਲ ਦੇ ਮੁਖੀ ਜਥੇਦਾਰ ਬਾਬਾ ਬਿਸ਼ਨ ਸਿੰਘ ਜੀ ਨੇ ਬਾਬਾ ਜੀ ਨੂੰ ਗਊਆਂ ਸਾਂਭਣ ਦੀ ਸੇਵਾ ਦਿੱਤੀ।[150] ਬਾਬਾ ਪਾਲਾ ਸਿੰਘ ਜੀ ਬੜੇ ਪ੍ਰੇਮ ਨਾਲ ਗਊਆਂ ਦੀ ਪਾਲਣਾ ਕਰਦੇ ਸਨ। ਬਾਬਾ ਜੀ ਕੋਲ ਲਗਪਗ ਅੱਠ ਹਜ਼ਾਰ ਗਊਆਂ ਸਨ। ਨਾਲ ਹੀ ਪੰਦਰ੍ਹਾਂ ਸੌ ਬੱਕਰੀਆਂ, ਇਕ ਹਜ਼ਾਰ ਮੱਝਾਂ, ਊਠ, ਕੁੱਤੇ, ਛੋਟੇ ਆਦਿਕ ਜਾਨਵਰ ਸਨ।[151] ਗਊਆਂ ਚਾਰਨ ਦੀ ਸੇਵਾ ਕਰਦੇ ਹੋਏ ਸਰੀਰ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਬਾਬਾ ਜੀ ਦੀ ਲੱਤਾਂ ਵਿਚ ਕੀੜੇ ਚਲਣ ਲੱਗ ਪਏ ਸਨ। ਜਿਹੜੀ ਫਸਲ ਵਿਚੋਂ ਬਾਬਾ ਜੀ ਗਊਆਂ ਲੈ ਕੇ ਲੰਘ ਜਾਂਦੇ ਉਹ ਫਸਲ ਦੁੱਗਣੀ ਹੋ ਜਾਂਦੀ ਸੀ।[152] ਬਾਬਾ ਜੀ 11 ਸਤੰਬਰ 2018 ਈ. ਨੂੰ ਅਕਾਲ ਚਲਾਣਾ ਕਰ ਗਏ ਸਨ।

**ਬਾਬਾ ਤੇਜਾ ਸਿੰਘ ਮਹਿਰੋਂ ਵਾਲੇ:**

ਬਾਬਾ ਤੇਜਾ ਸਿੰਘ ਜੀ ਮਹਿਰੋਂ ਵਾਲਿਆਂ ਨੇ ਪੰਥ ਨੂੰ ਵੱਡੀ ਦੇਣ ਦਿੱਤੀ ਕਿ ਦਸਮ ਗ੍ਰੰਥ ਸਾਹਿਬ ਜੀ ਦੇ ਸਰੂਪ, ਦਸ ਗ੍ਰੰਥੀ ਅਤੇ ਹੋਰ ਵੀ ਗੁਰਮਤਿ ਸਾਹਿਤ ਦੇ ਗ੍ਰੰਥ ਛਾਪ ਕੇ ਬਿਨਾਂ ਭੇਟਾ ਦੇ ਪ੍ਰਚਾਰ ਹਿਤ ਵੰਡੇ। ਬਾਬਾ ਤੇਜਾ ਸਿੰਘ ਜੀ ਸਾਦਾ ਜੀਵਨ, ਮੋਹ ਮਮਤਾ ਤੋਂ ਨਿਰਲੇਪ, ਬਿਹੰਗਮੀ ਪਹਿਰਾ, ਭੂਮਿ ਆਸਣ ਲਗਾ ਕੇ ਜੀਵਨ ਬਤੀਤ ਕਰਦੇ ਸਨ। ਬਾਬਾ ਤੇਜਾ ਸਿੰਘ ਜੀ ਨਿਹੰਗ ਸਿੰਘ ਜੀ ਨੇ ਬੁੱਢਾ ਦਲ ਨੇ 'ਬੰਦੀ ਛੋੜ ਕਲਗੀਧਰ ਪ੍ਰਿੰਟਿੰਗ ਪ੍ਰੈੱਸ' ਗੁ. ਰਾਜਧਾਨੀ ਬੁੰਗਾ ਨਿਹੰਗ ਸਿੰਘਾਂ ਪਿੰਡ ਤੇ ਡਾਕਘਰ ਮਹਿਰੋਂ ਜ਼ਿਲ੍ਹਾ ਮੋਗਾ ਵਿਖੇ ਲਗਵਾਈ ਜਿੱਥੇ ਦਸਮ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਛਪਾਈ ਹੁੰਦੀ ਹੈ। ਬਾਬਾ ਜੀ ਗੁਰਮਤਿ ਵਿਦਿਆਲਾ ਹਰਪਾਲਪੁਰ, ਪਟਿਆਲਾ ਦੇ ਮੁਖੀ ਸਲਾਹਕਾਰ ਵੀ ਸਨ।[153] ਬਾਬਾ ਤੇਜਾ ਸਿੰਘ ਜੀ ਮਹਿਰੋਂ

---

150 ਜਸਵੀਰ ਸਿੰਘ ਕੋਹਾਲਾ (ਗਿਆਨੀ) (ਲੇਖਕ), ਗੁਰਵਿੰਦਰ ਸਿੰਘ ਨੰਗਲੀ (ਗਿਆਨੀ)(ਟੀਕਾਕਾਰ), ਦਸਮ ਬਾਣੀ ਦਾ (ਪੰਥਕ ਸੰਪ੍ਰਦਾਈ ਸ਼੍ਰੋਮਣੀ ਟੀਕਾ) ਭਗਉਤੀ ਬ੍ਰਹਮ ਕਵਚ ਭਗਉਤੀ ਅਸਤੋਤ੍ਰ ਅਤੇ (ਜੀਵਨ ਬਾਬਾ ਪਾਲਾ ਸਿੰਘ ਜੀ ਗਊਆਂ ਵਾਲੇ), ਪੰਨਾ 16.

151 ਉਹੀ, ਪੰਨਾ 11.

152 ਉਹੀ, ਪੰਨਾ 18.

153 ਦਿਆਲ ਸਿੰਘ ਲਿਖਾਰੀ, ਮੁਖਤਿਆਰੇ ਆਮ (ਮੁਖ ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 1, ਸਾਲ 34, ਬਗੀਚੀ ਬਾਬਾ ਬੰਬਾ ਸਿੰਘ ਜੀ, ਲੋਇਰ ਮਾਲ ਰੋਡ, ਪਟਿਆਲਾ, ਜਨਵਰੀ 2003, ਪੰਨੇ 32-33.

ਵਾਲੇ 17 ਦਸੰਬਰ 2002 ਈ. ਨੂੰ ਅਕਾਲ ਚਲਾਣਾ ਕਰ ਗਏ ਸਨ। ਹੁਣ ਬਾਬਾ ਸੁਰਜੀਤ ਸਿੰਘ ਜੀ ਮਹਿਰੋਂ ਵਾਲੇ ਸੇਵਾ ਕਰ ਰਹੇ ਹਨ।

**ਬਾਬਾ ਤਪਾ ਸਿੰਘ ਜੀ ਨਿਹੰਗ ਸਿੰਘ:**

ਬਾਬਾ ਤਪਾ ਸਿੰਘ ਜੀ ਬੜੇ ਆਦਰਸ਼ਕ ਪੁਰਸ਼ ਸਨ। ਮੁਕਤਸਰ ਦੇ ਇਕ ਮਜ਼ਬੀ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਆਂਦੀ ਅਤੇ ਨਿਹੰਗ ਸਿੰਘਾਂ ਦੇ ਦੀਵਾਨ ਵਿਚ ਹਾਜ਼ਰ ਹੋ ਕੇ ਕਿਹਾ, "ਮੈਂ ਇਕ ਬੀੜ ਭੇਟ ਕਰਦਾ ਹਾਂ, ਦੂਜਾ ਮੇਰੀ ਲੜਕੀ ਵਰ ਦੇ ਯੋਗ ਹੋ ਗਈ ਹੈ, ਉਸ ਦਾ ਅਨੰਦ ਕਾਰਜ ਕਿਸੇ ਸਿੰਘ ਨਾਲ ਕਰਨਾ ਚਾਹੁੰਦਾ ਹਾਂ।" ਸਿੰਘਾਂ ਨੇ ਬੀੜ ਤਾਂ ਪ੍ਰਾਪਤ ਕਰ ਲਈ ਪਰ ਕੋਈ ਵੀ ਉਸ ਮਜ਼ਬੀ ਸਿੰਘ ਦੀ ਲੜਕੀ ਨਾਲ ਵਿਆਹ ਕਰਨ ਨੂੰ ਤਿਆਰ ਨਾ ਹੋਇਆ। ਇਹ ਦੇਖ ਕੇ ਬਾਬਾ ਤਪਾ ਸਿੰਘ ਨੇ ਉਸ ਮਜ਼ਬੀ ਸਿੰਘ ਦੀ ਲੜਕੀ ਨਾਲ ਅਨੰਦ ਕਾਰਜ ਕਰਕੇ ਜਾਤ-ਪਾਤ ਦੇ ਵਖਰੇਵੇਂ ਨੂੰ ਦੂਰ ਕੀਤਾ।[154]

**ਬਾਬਾ ਪ੍ਰੇਮ ਸਿੰਘ ਵਹੀਰੀਆ:**

ਬਾਬਾ ਪ੍ਰੇਮ ਸਿੰਘ ਵਹੀਰੀਆ ਭਾਟੜਾ ਬਰਾਦਰੀ ਵਿਚੋਂ ਪਤਿਵਾਲ ਵੰਸ਼ੀ ਅਤੇ ਪਿੰਡ ਡਸਕਾ ਜ਼ਿਲ੍ਹਾ ਸਿਆਲਕੋਟ ਦੇ ਵਸਨੀਕ ਸਨ। ਇਨ੍ਹਾਂ ਨੇ ਲਗਪਗ ਬਾਰ੍ਹਾਂ ਸਾਲ ਬੁੱਢਾ ਦਲ ਨੂੰ ਵਹੀਰ ਦੇ ਰੂਪ ਵਿਚ ਤੋਰਿਆ ਸੀ। 1911 ਵਿਚ ਜਾਰਜ ਪੰਚਮ ਦੇ ਦਿੱਲੀ ਦਰਬਾਰ ਸਮੇਂ ਰਿਆਸਤ ਪਟਿਆਲਾ ਵਲੋਂ ਬਾਬਾ ਜੀ ਨੂੰ ਸ੍ਰੀ ਸਾਹਿਬ ਦਾ ਸਨਮਾਨ ਦਿੱਤਾ ਗਿਆ। ਬੁੱਢਾ ਦਲ ਦੇ ਪੰਜਵੇਂ ਜਥੇਦਾਰ ਬਾਬਾ ਨੈਣਾ ਸਿੰਘ ਦੀ ਸਮਾਧ ਬਾਬਾ ਪ੍ਰੇਮ ਸਿੰਘ ਨੇ ਬਣਵਾਈ ਸੀ।

**ਗਿਆਨੀ ਸ਼ੇਰ ਸਿੰਘ ਜੀ ਅੰਬਾਲਾ:**

ਗਿਆਨੀ ਸ਼ੇਰ ਸਿੰਘ ਜੀ ਅੰਬਾਲਾ ਬੁੱਢਾ ਦਲ ਦੇ ਮੁਖ ਪ੍ਰਚਾਰਕ ਹਨ। ਗਿਆਨੀ ਜੀ ਨੇ ਬਾਬਾ ਲਾਲ ਸਿੰਘ ਜੀ ਤੋਂ ਪੈਂਤੀ ਅੱਖਰੀ ਅਤੇ ਮੁਹਾਰਨੀ ਪੜ੍ਹੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਥਿਆ ਆਪਣੇ ਨਾਨਾ ਗਿਆਨੀ ਨਿਹਾਲ ਸਿੰਘ ਜੀ ਤੋਂ ਲਈ ਜੋ ਨਨਕਾਣਾ ਸਾਹਿਬ ਦੇ ਗ੍ਰੰਥੀ ਸਿੰਘ ਸਨ। ਜਥੇਦਾਰ ਬਾਬਾ ਸੰਤਾ ਸਿੰਘ ਜੀ ਤੋਂ ਦਸਮ ਬਾਣੀ ਦੀ ਸੰਥਿਆ ਹਾਸਿਲ ਕੀਤੀ। ਗਿਆਨੀ ਸ਼ੇਰ ਸਿੰਘ ਜੀ ਨੇ ਵੇਦਾਂਤ ਦੇ ਗ੍ਰੰਥਾਂ ਦੀ ਸੰਥਿਆ ਉਦਾਸੀ ਸੰਪਰਦਾ ਦੇ ਮਹਾਤਮਾ ਸੁਆਮੀ ਪੰਚਮ ਪ੍ਰਕਾਸ਼ ਜੀ ਤੋਂ ਲਈ। ਗਿਆਨੀ ਜੀ ਨੇ ਲਗਪਗ

---

[154] ਦਾਨ ਸਿੰਘ ਕੋਮਲ, ਮਰਜੀਵੜਾ ਖ਼ਾਲਸਾ ਪੰਥ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਅਗਸਤ 2003, ਪੰਨਾ 120.

1992 ਤੋਂ 2015 ਤੱਕ ਲੰਮਾ ਸਮਾਂ ਗੁ: ਮੰਜੀ ਸਾਹਿਬ ਅੰਬਾਲਾ ਵਿਖੇ ਗੁਰਬਾਣੀ ਅਤੇ ਸਿੱਖ ਇਤਿਹਾਸ ਦੀ ਕਥਾ ਕੀਤੀ ਅਤੇ ਬੁੱਢਾ ਦਲ ਦੇ ਮੁਖ ਪ੍ਰਚਾਰਕ ਵੀ ਰਹੇ। ਮੌਜੂਦਾ ਸਮੇਂ ਵਿਚ ਗਿਆਨੀ ਸ਼ੇਰ ਸਿੰਘ ਜੀ ਅਮਰੀਕਾ ਵਿਚ ਕਥਾਵਾਚਕ ਦੀ ਸੇਵਾ ਨਿਭਾਅ ਰਹੇ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਕਈ ਨਿਹੰਗ ਸਿੰਘ ਸੇਵਾ ਨਿਭਾਅ ਰਹੇ ਹਨ ਜਿਨ੍ਹਾਂ ਵਿਚੋਂ ਗਿਆਨੀ ਪ੍ਰਿਤਪਾਲ ਸਿੰਘ ਜੀ 24 ਅਪ੍ਰੈਲ 2003 ਤੋਂ ਹੁਣ ਤੱਕ ਗੁ: ਦੂਖ ਨਿਵਾਰਨ ਸਾਹਿਬ, ਪਟਿਆਲਾ ਵਿਖੇ ਸੇਵਾ ਨਿਭਾਅ ਰਹੇ ਹਨ। ਇਸ ਤੋਂ ਇਲਾਵਾ ਗਿਆਨੀ ਮਨਜੀਤ ਸਿੰਘ ਜੀ, ਬਾਬਾ ਬਕਾਲਾ ਸਾਹਿਬ ਵਿਖੇ, ਗਿਆਨੀ ਹਰਸਿਮਰਨ ਸਿੰਘ ਗੁ: ਮੰਜੀ ਸਾਹਿਬ, ਅੰਬਾਲਾ ਵਿਖੇ ਬਤੌਰ ਕਥਾਵਾਚਕ, ਗਿਆਨੀ ਬਲਵਿੰਦਰ ਸਿੰਘ ਗੁ: ਪਾਉਂਟਾ ਸਾਹਿਬ ਵਿਖੇ ਹੈੱਡਗ੍ਰੰਥੀ ਦੀ ਸੇਵਾ ਕਰ ਰਹੇ ਹਨ। ਇਸ ਤੋਂ ਇਲਾਵਾ ਡਾ. ਕਮਲਰੂਪ ਸਿੰਘ ਅਤੇ ਕਥਾਵਾਚਕ ਗਿਆਨੀ ਸੁੱਖਾ ਸਿੰਘ ਇੰਗਲੈਂਡ ਵਾਲੇ, ਵਿਦੇਸ਼ਾਂ ਵਿਚ ਨਿਹੰਗ ਸਿੰਘਾਂ ਦੇ ਬਾਣੇ ਵਿਚ ਪ੍ਰਚਾਰ ਕਰ ਰਹੇ ਹਨ। ਗਿਆਨੀ ਤਰਸੇਮ ਸਿੰਘ ਮੋਰਾਂਵਾਲੀ ਢਾਡੀ ਵਾਰਾਂ ਦੀ, ਗਿਆਨੀ ਮਹਿਲ ਸਿੰਘ ਚੰਡੀਗੜ੍ਹ ਵਾਲੇ ਕਵੀਸ਼ਰੀ ਦੀ ਅਤੇ ਅਕਾਲੀ ਬਾਹੂਲਿਵਲੀਨ ਸਿੰਘ ਜੀ ਤੰਤੀ ਸਾਜ਼ਾਂ ਨਾਲ ਕੀਰਤਨ ਦੀ ਸੇਵਾ ਕਰ ਰਹੇ ਹਨ।

### 5.8 ਨਿਹੰਗ ਸਿੰਘ ਜਥੇਬੰਦੀ ਵਿਚ ਆਏ ਨਿਘਾਰ ਦੇ ਕਾਰਨ:

ਮਰਯਾਦਾ ਦੀ ਕਠੋਰਤਾ, ਉੱਚ ਇਖ਼ਲਾਕ, ਨੈਤਿਕ ਕਦਰਾਂ-ਕੀਮਤਾਂ ਆਦਿ ਗੱਲਾਂ ਕਿਸੇ ਵੀ ਜਥੇਬੰਦੀ ਨੂੰ ਸੁਚਾਰੂ ਰੂਪ ਵਿਚ ਚਲਾਉਣ ਲਈ ਜ਼ਰੂਰੀ ਹੁੰਦੀਆਂ ਹਨ। ਸਮੇਂ ਦੀ ਚਾਲ ਨਾਲ ਲਗਪਗ ਹਰ ਸੰਪਰਦਾ ਜਾਂ ਜਥੇਬੰਦੀ ਅੰਦਰ ਕੁਝ ਨਿਘਾਰ ਆਉਣਾ ਸੁਭਾਵਿਕ ਹੈ। ਸੰਤ ਇੰਦਰ ਸਿੰਘ ਚਕਰਵਰਤੀ ਅਨੁਸਾਰ 1872 ਈ. ਤਕ ਨਿਰਮਲੇ ਮਹਾਂਪੁਰਖ ਅਤੇ ਨਿਹੰਗ ਸਿੰਘ ਸਾਰੇ ਮਿਲ ਕੇ ਰਹਿੰਦੇ ਸਨ।[155] ਗਿਆਨੀ ਗਿਆਨ ਸਿੰਘ 'ਪੰਥ ਪ੍ਰਕਾਸ਼' ਦੇ ਅਖ਼ੀਰ ਵਿਚ ਪੰਥ ਦੇ ਆਪਸੀ ਪਿਆਰ ਬਾਰੇ ਲਿਖਦੇ ਹਨ:

> ਸਿੰਘ ਨਾਮ ਵਾਰੇ ਕੇ ਪਯਾਰੇ ਥੇ ਉਘਾਰੇ ਭਾਰੇ ਜਾਨ ਮਾਲ ਵਾਰੇਥੇ ਸੰਭਾਰੇ ਸਮ ਨੈਨ ਥੇ।
> ਤਾਸੋ ਮਿਲ ਖੈਹੈਂ ਥੇ ਖੁਲੈਹੈਂ ਨਾ ਸੰਗੈ ਹੈਂ ਜਰਾ ਨਿਰਮਲੇ ਨਿਹੰਗ ਸਿੰਘ ਏਕ ਮੇਕ ਐਨ ਥੇ।

---

[155] ਗਿਆਨ ਸਿੰਘ (ਗਿਆਨੀ), ਨਿਰਮਲ ਪੰਥ ਪ੍ਰਦੀਪਕਾ, ਸੰਤ ਇੰਦਰ ਸਿੰਘ ਚਕ੍ਰਵਰਤੀ (ਸੰਪਾ.), ਨਿਰਮਲ ਪੰਚੈਤੀ ਅਖਾੜਾ, ਕਨਖਲ, ਸਹਾਰਨਪੁਰ, ਸਤੰਬਰ 1962, ਪੰਨਾ ੮੧.

ਇਖਲਾਕ ਇਤਫਾਕ ਪਾਕ ਸਾਫ ਥੇ ਰਖਾਤੇ ਮੀਠੇ ਸਾਚੇ ਬੋਲਕੈ ਬਢਾਤੇ ਬਡ ਚੈਨ ਥੇ।

ਸੰਤ ਥੇ ਮਹੰਤ ਥੇ ਪਛਾਨੂ ਪ੍ਰੇਮ ਤੰਤ ਥੇ ਸਰੂਪ ਭਗਵੰਤ ਥੇ ਸੋ ਮਾਨੋ ਆਏ ਗੈਨ ਥੇ।[156]

ਵਿਸਾਖਾ ਸਿੰਘ, ਨਿਹੰਗ ਸਿੰਘਾਂ ਵਿਚ ਆਈ ਗਿਰਾਵਟ ਦੇ ਕਾਰਨਾਂ ਬਾਰੇ ਲਿਖਦੇ ਹਨ ਕਿ ਪਹਿਲਾ ਕਾਰਨ ਇਹ ਸੀ ਕਿ ਆਪਣੇ ਅਸੂਲਾਂ ਤੋਂ ਡਿੱਗਣ ਵਾਲੇ ਰਾਜਿਆਂ ਨੇ ਸਿਆਸਤ ਵਰਤ ਕੇ ਆਪਣੇ ਖਿਆਲਾਂ ਦੇ ਬੰਦਿਆਂ ਨੂੰ ਨਿਹੰਗ ਸਿੰਘਾਂ ਦੇ ਭੇਸ ਵਿਚ ਦਲਾਂ-ਪੰਥਾਂ ਵਿਚ ਸ਼ਾਮਿਲ ਕਰਵਾ ਦਿੱਤੇ। ਦੂਜਾ ਕਾਰਨ ਇਹ ਕਿ ਜਦੋਂ ਦਲ ਰਿਆਸਤਾਂ ਵਿਚ ਆਉਂਦਾ ਤਾਂ ਲੰਗਰ ਲਈ ਰਾਸ਼ਨ ਅਤੇ ਰਸਦਾਂ ਆਦਿ ਰਾਜਿਆਂ ਵਲੋਂ ਦਿੱਤਾ ਜਾਂਦਾ ਜਿਸਦੇ ਨਾਲ ਸੁੱਖਾ ਅਤੇ ਅਫੀਮ ਦੇ ਖੁੱਲ੍ਹੇ ਗੱਫੇ ਦਿੱਤੇ ਜਾਂਦੇ। ਸਰਕਾਰਾਂ ਵਲੋਂ ਦਲਾਂ ਵਿਚ ਸ਼ਾਮਿਲ ਕੀਤੇ ਭੇਖੀ ਨਿਹੰਗ ਸਿੰਘ, ਬਾਕੀ ਨਿਹੰਗ ਸਿੰਘਾਂ ਤੋਂ ਇਲਾਵਾ ਘੋੜਿਆਂ ਨੂੰ ਵੀ ਨਸ਼ਾ ਛਕਾਉਣ ਲੱਗੇ। ਜਿਸ ਕਾਰਨ ਘੋੜੇ ਵੀ ਨਸ਼ਿਆਂ ਦੇ ਅਧੀਨ ਕਰ ਦਿੱਤੇ। ਰਾਜੇ-ਮਹਾਰਾਜੇ, ਸਿੱਖ ਰਿਆਸਤਾਂ ਦਾ ਪੈਸਾ ਰੰਗਰਲੀਆਂ ਲਈ ਵਰਤਣ ਲੱਗੇ। ਇਸ ਪ੍ਰਕਾਰ ਨਿਹੰਗ ਸਿੰਘਾਂ ਵਿਚ ਨਸ਼ਿਆਂ ਦਾ ਰੁਝਾਨ ਵਧਿਆ।[157]

ਹੋਰ ਕਾਰਨ ਇਹ ਵੀ ਸੀ ਕਿ ਦਲ ਵਿਚ ਫੁੱਟ ਪਾਉਣ ਲਈ ਅੰਗਰੇਜ਼ਾਂ ਨੇ ਆਪਣੇ ਤਨਖਾਹਦਾਰ ਬੰਦੇ ਵਹੀਰ ਵਿਚ ਭਰਤੀ ਕਰਵਾ ਦਿੱਤੇ ਸਨ ਜਿਨ੍ਹਾਂ ਨੇ ਸਿੰਘਾਂ ਵਿਚ ਮਾਝੇ-ਮਾਲਵੇ ਦਾ ਫ਼ਰਕ ਖੜਾ ਕਰਕੇ ਭਾਈਚਾਰੇ ਨੂੰ ਤੋੜਨ ਦਾ ਯਤਨ ਕੀਤਾ। ਸਿੱਖ ਸੰਗਤਾਂ ਵਿਚ ਨਿਹੰਗ ਸਿੰਘਾਂ ਵਿਰੁੱਧ ਗਲਤ ਅਤੇ ਭੰਡੀ ਪ੍ਰਚਾਰ ਕੀਤਾ ਅਤੇ ਨਿਹੰਗ ਸਿੰਘਾਂ ਨਾਲ ਕਈ ਪ੍ਰਕਾਰ ਦੀਆਂ ਗਲਤ ਰਵਾਇਤਾਂ ਜੋੜਨ ਦੀ ਕੋਸ਼ਿਸ਼ ਕੀਤੀ ਗਈ।[158] ਇਸ ਤਰ੍ਹਾਂ ਹੁਣ ਤੱਕ ਸਮਾਜ ਵਿਚ ਨਿਹੰਗ ਸਿੰਘਾਂ ਸੰਬੰਧੀ ਵਿਚ ਗਲਤ ਧਾਰਨਾਵਾਂ ਦੇਖਣ ਨੂੰ ਮਿਲਦੀਆਂ ਹਨ ਅਤੇ ਕਈ ਅਸਥਾਨ ਨਿਹੰਗ ਸਿੰਘਾਂ ਤੋਂ ਖੋਹ ਲਏ ਗਏ। ਡਾ. ਸੁਖਪ੍ਰੀਤ ਸਿੰਘ ਉਦੋਕੇ ਅਨੁਸਾਰ, ਨਿਹੰਗ ਸਿੰਘਾਂ ਦੇ ਫਿਰਕੇ ਨੇ ਕੌਮੀ ਗੈਰਤ ਦੇ ਉੱਪਰ ਹੋ ਰਹੇ ਮਾਰੂ ਹਮਲਿਆਂ ਵਿਰੁੱਧ ਨਿਡਰ ਹੋ ਕੇ ਜੂਝਣਾ ਸੀ, ਅੱਜ ਉਹ ਖੁਦ ਇਕ ਪੰਥ-ਵਿਰੋਧੀ ਸਾਜਿਸ਼ ਦਾ ਹਿੱਸਾ ਬਣ ਚੁੱਕਾ ਹੈ।[159]

---

156 ਉਹੀ ਲੇਖਕ, ਪੰਥ ਪ੍ਰਕਾਸ਼, ਭਾਸ਼ਾ ਵਿਭਾਗ, 1987, ਪੰਨਾ 1307.

157 ਵਿਸਾਖਾ ਸਿੰਘ (ਸੰਤ ਸਿਪਾਹੀ ਜਨੇਤ ਪੁਰਾ), ਮਾਲਵਾ ਇਤਿਹਾਸ, ਗੁਰਮਤ ਪ੍ਰਚਾਰਕ ਸਿੰਘ ਸਭਾ, ਇਲਾਕਾ ਤਿਹਾੜਾ, ਫੀਰੋਜ਼ਪੁਰ, ਪੰਜਾਬ, ਸਤੰਬਰ 1954, ਪੰਨਾ ੪੪੧.

158 ਦਿਆਲ ਸਿੰਘ ਲਿਖਾਰੀ, ਮੁਖਤਿਆਰੇ ਆਮ (ਮੁਖ ਸੰਪਾ.), ਨਿਹੰਗ ਸਿੰਘ ਸੰਦੇਸ਼, ਅੰਕ 7, ਸਾਲ 31, ਬਗੀਚੀ ਬਾਬਾ ਬੰਬਾ ਸਿੰਘ ਜੀ, ਲੋਇਰ ਮਾਲ ਰੋਡ, ਪਟਿਆਲਾ, ਜੁਲਾਈ 1999, ਪੰਨਾ 9.

159 ਚਮਕੌਰ ਸਿੰਘ (ਸੰਪਾ.), ਗੁਰਮਤਿ ਪ੍ਰਕਾਸ਼, ਜਿਲਦ 45, ਅੰਕ 5, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਅਗਸਤ 2001, ਪੰਨਾ 84

ਇਨ੍ਹਾਂ ਕੋਝੀਆਂ ਚਾਲਾਂ ਸੰਬੰਧੀ ਅਕਾਲੀ ਕੌਰ ਸਿੰਘ ਲਿਖਦੇ ਹਨ ਕਿ, "ਇਹ ਉਹ ਪੰਥ ਦਾ ਜੀਂਵਦਾ ਜਾਗਦਾ ਅੰਗ ਹੈ ਜਿਸ ਦੀ ਜਾਗਰਤ, ਹੁਸ਼ਿਆਰੀ ਤੇ ਬੇਦਾਰੀ ਨਾ ਬਰਦਾਸ਼ਤ ਕਰਕੇ ਸਮੇਂ ਦੀ ਸੁਚੇਤ ਚਾਲਾਕ ਤੇ ਕੁਟਲ ਨੀਤੱਗ ਸਜਣਾਂ ਨੇ ਇਨ੍ਹਾਂ ਨੂੰ ਗੁਪਤ ਕਪਟੀ ਚਾਲ ਚਲਕੇ ਮੌਜੂਦਾ ਹਾਸੋ ਹੀਣੀ ਅਵਸਥਾ ਦੇ ਖੂਹ ਵਿਚ ਸੁੱਟ ਦਿਤਾ ਹੈ।"[160] ਹੰਨੇ-ਹੰਨੇ ਦੀ ਬਾਦਸ਼ਾਹੀ ਭੋਗਣ ਵਾਲੇ ਨਿਹੰਗ ਸਿੰਘਾਂ ਦੇ ਨਿਘਾਰ ਦੀ ਦਸ਼ਾ ਸੰਬੰਧੀ ਗਿਆਨੀ ਗਿਆਨ ਸਿੰਘ ਲਿਖਦੇ ਹਨ ਕਿ:

ਸੂਰਮੇ ਅਪਾਰ ਥੇ ਉਦਾਰ ਤਬ ਸਿੰਘ ਸਾਰੇ ਰਾਜ ਸਾਜਾ ਪਾਇਕੈ ਨ ਹੋਏ ਅਭਿਮਾਨੀ ਥੇ।
ਹੋਮ ਜਗ ਕਰਵਾਤੇ ਪਰਸਾਦ ਬਟਵਾਤੇ ਰੌਣਕ ਰਖਾਤੇ ਗਾਤੇ ਸਬਦ ਜਬਾਨੀ ਥੇ।
ਦੇਤੇ ਜੋ ਕਿਸਾਨ ਆਨ ਲੇਤੇ ਸੋਊ ਮੋਦ ਮਾਨ, ਹੱਨੇ ਹੱਨੇ ਬਾਦਸ਼ਾਹੀ ਭੋਗਤੇ ਮਹਾਨੀ ਥੇ।
ਦਾਨੀ ਥੇ ਗੁਮਾਨੀ ਥੇ ਇਮਾਨੀ ਥੇ ਜਹਾਨੀ ਬੀਰ, ਦੇਵ ਗਮ ਸਾਨੀ ਥੇ ਬਦੇਹ ਸਮ ਗਿਆਨੀ ਥੇ।[161]

ਬੁੱਢਾ ਦਲ ਜਿੱਥੇ ਹਠ ਅਤੇ ਜਪ-ਤਪ ਦਾ ਧਾਰਨੀ ਸੀ ਉੱਥੇ ਅੱਜ ਦਿਆਂ ਸੁਖ ਸਾਧਨਾਂ ਨੇ ਸੁੱਖ ਰਹਿਣੇ ਬਣਾ ਦਿੱਤਾ ਹੈ।[162] ਬਾਬਾ ਸੰਤਾ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਤਨਖਾਹੀਆ ਕਰਾਰ ਦਿੱਤਾ ਜਾਣਾ, ਅਜੀਤ ਸਿੰਘ ਪੂਹਲੇ ਦੁਆਰਾ ਲੋਕਾਂ ਦੀ ਜ਼ਮੀਨ ਉਤੇ ਕਬਜ਼ਾ, ਨਜਾਇਜ਼ ਹਥਿਆਰ ਰਖਣ ਅਤੇ ਅਗਵਾ ਕਰਨ ਦੀਆਂ ਕਾਰਵਾਈਆਂ, 2007 ਈ. ਵਿਚ ਬੁੱਢਾ ਦਲ ਦੀ ਗੱਦੀ ਨੂੰ ਲੈ ਕੇ ਮੌਜੂਦਾ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ਜੀ ਦੇ ਪਰਿਵਾਰ ਦੇ ਚਾਰ ਮੈਂਬਰਾਂ ਦਾ ਕਤਲ, 12 ਅਪ੍ਰੈਲ 2020 ਨੂੰ ਪਟਿਆਲਾ ਦੇ ਸਨੌਰ ਦੀ ਸਬਜ਼ੀ ਮੰਡੀ ਵਿਖੇ ਨਿਹੰਗ ਬਾਣਾ ਪਹਿਨੇ ਕੁਝ ਵਿਅਕਤੀਆਂ ਵਲੋਂ ਪੁਲਿਸ ਮੁਲਾਜ਼ਮਾਂ ਉਤੇ ਜਾਨਲੇਵਾ ਹਮਲਾ ਕਰਨ ਵਰਗੀਆਂ ਘਟਨਾਵਾਂ ਨਾਲ ਨਿਹੰਗ ਸਿੰਘਾਂ ਦਾ ਅਕਸ ਘਟਦਾ ਜਾ ਰਿਹਾ ਹੈ ਜਿਸ ਨਾਲ ਸਮਾਜ ਨਾਲੋਂ ਵਖਰੇਵਾਂ ਵਧ ਰਿਹਾ ਹੈ।

ਜੇਕਰ ਇਹ ਕਿਹਾ ਜਾਵੇ ਕਿ ਨਿਹੰਗ ਸਿੰਘ ਜਥੇਬੰਦੀ ਰਾਜਨੀਤਿਕ ਪ੍ਰਭਾਵ ਕਬੂਲਦੀ ਹੈ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ। ਅੱਜ ਨਿਹੰਗ ਸਿੰਘ ਜਥੇਬੰਦੀ ਖੇਰੂੰ-ਖੇਰੂੰ ਹੋ ਰਹੀ ਹੈ ਕਿਉਂਕਿ ਜਦੋਂ ਦਲ ਵਿਚ ਕਿਸੇ ਸਿੰਘ ਦਾ ਕਿਸੇ ਨਾਲ ਮਨ-ਮੁਟਾਵ ਹੋ ਜਾਂਦਾ ਹੈ ਤਾਂ ਉਹ ਆਪਣੇ ਸਾਥੀਆਂ ਨੂੰ ਲੈ ਕੇ

---

160 ਸੂਬਾ ਸਿੰਘ (ਮੁਖ ਸੰਪਾ.), ਰੋਜ਼ਾਨਾ 'ਪ੍ਰਕਾਸ਼', ਜਿਲਦ ੬, ਪਟਿਆਲਾ,ਸੋਮਵਾਰ, 19 ਅਕਤੂਬਰ 1953, ਪੰਨਾ 2.

161 ਗਿਆਨ ਸਿੰਘ (ਗਿਆਨੀ), ਪੰਥ ਪ੍ਰਕਾਸ਼, ਪੰਨੇ 1306-1307.

162 ਕ੍ਰਿਪਾਲ ਸਿੰਘ ਵੜੈਚ (ਗਿਆਨੀ), ਦੋ ਗੁਰਸਿੱਖ ਨਿਰਮੋਲਕ ਹੀਰੇ, ਪੰਨਾ 91.

ਆਪਣਾ ਵੱਖਰਾ ਧੜਾ ਬਣਾ ਲੈਂਦਾ ਹੈ। ਮੌਜੂਦਾ ਸਮੇਂ ਵਿਚ ਨਿਹੰਗ ਸਿੰਘਾਂ ਅੰਦਰ ਪੁਰਾਣੇ ਸਿੰਘਾਂ ਵਰਗੀ ਚੜ੍ਹਦੀ ਕਲਾ ਅਤੇ ਰਹਿਣੀ-ਬਹਿਣੀ ਦੇਖਣ ਨੂੰ ਨਹੀਂ ਮਿਲਦੀ।

### 5.9 ਵੱਖ-ਵੱਖ ਵਿਦਵਾਨਾਂ ਦੁਆਰਾ ਨਿਹੰਗ ਸਿੰਘ ਜਥੇਬੰਦੀ ਸੰਬੰਧੀ ਸੁਝਾਅ:

ਡਾ. ਗੁਰਸ਼ਰਨ ਜੀਤ ਸਿੰਘ ਲਿਖਦੇ ਹਨ ਕਿ ਨਿਹੰਗ ਸਿੰਘ ਜਥੇਬੰਦੀ ਨੂੰ ਆਪਣੀਆਂ ਫ਼ੌਜਾਂ ਦੀ ਵਰਤੋਂ ਪੰਥਕ ਭਲੇ ਲਈ ਕਰਨ ਦੀਆਂ ਵਿਉਂਤਾਂ ਬਣਾਉਣ ਦੀ ਲੋੜ ਹੈ ਤਾਂ ਜੋ ਬਦਨਾਮ ਹੁੰਦੀ ਜਾ ਰਹੀ ਇਸ ਜਥੇਬੰਦੀ ਦੀ ਸਾਰਥਿਕਤਾ ਕਾਇਮ ਰਹੇ। ਚੰਗਾ ਹੋਵੇ ਜੇ ਨਿਹੰਗ ਸਿੰਘਾਂ ਦੇ ਦਲ, ਸਿੱਖ ਨੌਜਵਾਨਾਂ ਨੂੰ ਘੋੜ ਸਵਾਰੀ ਅਤੇ ਸ਼ਸਤਰ ਵਿੱਦਿਆ ਸਿਖਾਉਣ ਲਈ ਕੁਝ ਕੇਂਦਰ ਖੋਲ੍ਹਣ।[163]

ਡਾ. ਅਜਮੇਰ ਸਿੰਘ ਅਨੁਸਾਰ ਇਸ ਸੰਪਰਦਾਇ ਨੂੰ ਪੁਰਾਤਨ ਦਸਮ ਗ੍ਰੰਥ ਆਦਿ ਪ੍ਰਕਾਸ਼ਿਤ ਕਰਨੇ ਚਾਹੀਦੇ ਹਨ। ਇਸ ਸੰਪਰਦਾਇ ਵਿਚ ਸੁੱਖਾ ਪੀਣ ਦੀ ਜੋ ਕਮਜ਼ੋਰੀ ਆ ਗਈ ਹੈ ਉਹ ਅੰਦਰਲੇ ਵਿਰੋਧ ਨਾਲ ਦੂਰ ਹੋਣੀ ਚਾਹੀਦੀ ਹੈ।[164] ਭਾਈ ਵੀਰ ਸਿੰਘ ਅਨੁਸਾਰ, ਨਿਹੰਗ ਸਿੰਘਾਂ ਦੀ ਸੰਪਰਦਾ ਨੂੰ ਤਬਾਹ ਹੋ ਜਾਣ ਦੇਣਾ ਸਿੱਖਾਂ ਲਈ ਭਾਰੇ ਘਾਟੇਵੰਦ ਹੋਵੇਗਾ ਤੇ ਨਵੇਂ ਅਕਾਲੀਆਂ ਨੂੰ ਪੁਰਾਤਨ ਅਕਾਲੀ ਆਦਰਸ਼ ਤੇ ਨਾ ਲਿਆਉਣਾ ਪੰਥ ਲਈ ਬਹੁਤ ਹਾਨੀਕਾਰਕ ਹੈ।[165] ਅਕਾਲੀ ਕੌਰ ਸਿੰਘ ਨਿਹੰਗ ਨੇ ਨਿਹੰਗ ਸਿੰਘਾਂ ਨੂੰ ਉਨ੍ਹਾਂ ਦੇ ਫਰਜ਼ ਅਤੇ ਪੰਥ ਦੀਆਂ ਜ਼ੁੰਮੇਵਾਰੀਆਂ ਪ੍ਰਤੀ ਸੁਚੇਤ ਕਰਵਾਉਂਦੇ ਹੋਏ 19 ਅਕਤੂਬਰ 1953 ਈ. ਨੂੰ 'ਰੋਜ਼ਾਨਾ ਪ੍ਰਕਾਸ਼' ਵਿਚ ਇਕ ਲੇਖ ਪ੍ਰਕਾਸ਼ਿਤ ਕਰਵਾਇਆ ਸੀ ਜਿਸ ਵਿਚ ਉਨ੍ਹਾਂ ਨੇ ਨਿਹੰਗ ਸਿੰਘਾਂ ਨੂੰ ਛਤ੍ਰਧਾਰਾ (ਅਫੀਮ) ਅਤੇ ਸੁਖ ਨਿਧਾਨ (ਸੁੱਖਾ) ਦੀ ਵਰਤੋਂ ਤੋਂ ਵਰਜਿਆ ਸੀ।[166] ਇਸ ਲੇਖ ਵਿਚ ਨਿਹੰਗ ਸਿੰਘਾਂ ਦੇ ਸੁਧਾਰ ਲਈ ਹੇਠ ਲਿਖੇ ਸੁਝਾਅ ਦਿੱਤੇ ਗਏ ਸਨ:

- ਬਿਰਧ ਨਿਹੰਗ ਸਿੰਘਾਂ ਨੂੰ ਉਨ੍ਹਾਂ ਦੀ ਯੋਗਤਾ ਅਨੁਸਾਰ ਵਹੀਰੀ ਦਲ ਨਾਲ ਸੇਵਾ ਸਤਿਸੰਗ ਗੁਰਮਤਿ ਪ੍ਰਚਾਰ ਲਈ ਵਿਚਰਨ ਦਾ ਮੌਕਾ ਦਿੱਤਾ ਜਾਏ।

---

163 ਗੁਰਸ਼ਰਨ ਜੀਤ ਸਿੰਘ (ਡਾ.), ਗੁਰਮਤ ਨਿਰਣਯ ਕੋਸ਼, ਗੁਰਨਿਧੀ ਪ੍ਰਕਾਸ਼ਨ, ਅੰਮ੍ਰਿਤਸਰ, ਦੂਜੀ ਵਾਰ, ਫਰਵਰੀ 2005, ਪੰਨਾ 122.

164 ਅਜਮੇਰ ਸਿੰਘ (ਡਾ.)(ਸੰਪਾ.), ਖੋਜ ਪਤ੍ਰਿਕਾ (ਪ੍ਰਗਟਯੋ ਖ਼ਾਲਸਾ ਵਿਸ਼ੇਸ਼ ਅੰਕ), ਸਤੰਬਰ 1998, ਅੰਕ 48, ਸਾਲ 32ਵਾਂ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998, ਪੰਨਾ 134.

165 ਵੀਰ ਸਿੰਘ (ਭਾਈ), ਸਤਵੰਤ ਕੌਰ, ਭਾਈ ਵੀਰ ਸਿੰਘ ਸਾਹਿਤ ਸਦਨ, ਗੋਲ ਮਾਰਕਿਟ, ਨਵੀਂ ਦਿੱਲੀ, 27ਵੀਂ ਵਾਰ, ਅਪ੍ਰੈਲ 2015, ਪੰਨਾ 211

166 ਸੂਬਾ ਸਿੰਘ (ਮੁਖ ਸੰਪਾ.), ਰੋਜ਼ਾਨਾ 'ਪ੍ਰਕਾਸ਼', ਜਿਲਦ ੬, ਪੰਨਾ 2.

- ਬੁੱਢਾ ਦਲ ਵਹੀਰ ਵਿਚ ਆਮਦਨ ਖਰਚ ਦਾ ਗੁਰਮਤੇ ਨਾਲ ਪ੍ਰਬੰਧ ਰਖਿਆ ਜਾਵੇ।
- ਕੋਈ ਵੀ ਨਿਹੰਗ ਸਿੰਘ ਵਿਹਲਾ, ਭੁੱਖਾ, ਨੰਗਾ ਤੇ ਸਵਾਲੀ ਕਿਧਰੇ ਦਿਖਾਈ ਨਾ ਦੇਵੇ ਅਤੇ 'ਆਏ ਨੀ ਨਿਹੰਗ ਬੂਹਾ ਖੋਲ ਦੇ ਨਿਸੰਗ' ਦੀਆਂ ਅਵਾਜ਼ਾਂ ਹੀ ਸੁਣਾਈ ਦੇਣ।
- ਨਿਹੰਗ ਸਿੰਘਾਂ ਦਾ ਫਰਜ਼ ਬਣਦਾ ਹੈ ਕਿ ਉਹ ਸੁੱਖੇ ਦੀ ਵਰਤੋਂ ਤੋਂ ਦੂਰ ਰਹਿ ਕੇ ਨਿਹੰਗ ਬਾਣਾ ਪਾਉਣ ਤਾਂ ਕਿ ਪੰਥ ਵਿਚ ਦੁਬਾਰਾ ਨਿਹੰਗ ਬਾਣੇ ਦੀ ਇੱਜ਼ਤ ਬਹਾਲ ਹੋ ਸਕੇ।
- ਪੰਥ ਦਰਦੀਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਹੇਠ ਨਿਹੰਗ ਸਿੰਘਾਂ ਦੇ ਸੁਧਾਰ ਲਈ ਲਹਿਰ ਚਲਾਉਣੀ ਚਾਹੀਦੀ ਹੈ।
- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਨਿਹੰਗ ਸਿੰਘਾਂ ਦੇ ਬੱਚਿਆਂ ਨੂੰ ਸਕੂਲਾਂ ਵਿਚ ਪੜ੍ਹਾਉਣ ਲਈ ਪ੍ਰੇਰਨਾ ਦੇਣੀ ਚਾਹੀਦੀ ਹੈ। ਗਰੀਬ ਨਿਹੰਗ ਸਿੰਘਾਂ ਦੇ ਬੱਚਿਆਂ ਨੂੰ ਪੜ੍ਹਨ ਲਈ ਆਰਥਿਕ ਸਹਾਇਤਾ ਦੇਣੀ ਚਾਹੀਦੀ ਹੈ।
- ਸਿੱਖ ਧਰਮ ਦੇ ਪ੍ਰਚਾਰਕਾਂ ਨੂੰ ਨਿਹੰਗ ਸਿੰਘਾਂ ਵਾਲਾ ਬਾਣਾ ਪਹਿਨ ਕੇ ਪ੍ਰਚਾਰ ਕਰਨਾ ਚਾਹੀਦਾ ਹੈ।[167]
- ਨਿਹੰਗ ਸਿੰਘ ਜਥੇਬੰਦੀ ਨੂੰ ਸਰਬੱਤ ਦੇ ਭਲੇ ਲਈ ਸਾਧਨ ਜੁਟਾਉਣੇ ਚਾਹੀਦੇ ਹਨ।
- ਵਰਤਮਾਨ ਸਮੇਂ ਵਿਸ਼ਵ ਅੰਦਰ ਕਿਧਰੇ ਵੀ ਹੋ ਰਹੇ ਜ਼ੁਲਮ ਵਿਰੁੱਧ ਆਵਾਜ਼ ਉਠਾਉਣੀ ਚਾਹੀਦੀ ਹੈ।
- ਕੁਦਰਤੀ ਆਫਤਾਂ ਜਾਂ ਮੁਸ਼ਕਿਲ ਦੇ ਸਮੇਂ ਸਮਾਜ ਅਤੇ ਲੋਕ ਭਲਾਈ ਦੇ ਕਾਰਜਾਂ ਲਈ ਅੱਗੇ ਆਉਣਾ ਚਾਹੀਦਾ ਹੈ।
- ਸਮਾਜ ਵਿਚ ਸੇਵਾ ਭਾਵ ਨਾਲ ਵਿਚਰਨ ਦਾ ਯਤਨ ਕਰਨਾ ਚਾਹੀਦਾ ਹੈ ਤਾਂ ਜੋ ਆਪਣੇ ਆਪ ਨੂੰ ਸਮਾਜ ਅਤੇ ਵਿਸ਼ਵ ਨਾਲ ਇਕਸੁਰ ਕੀਤਾ ਜਾ ਸਕੇ।

ਇਸ ਪ੍ਰਕਾਰ ਨਿਹੰਗ ਸਿੰਘਾਂ ਦੇ ਭੇਸ ਵਿਚ ਗਲਤ ਅਨਸਰਾਂ ਦਾ ਵਿਚਰਨਾ, ਰਿਆਸਤਾਂ ਵਲੋਂ ਸੁੱਖੇ-ਅਫੀਮ ਦੇ ਖੁੱਲੇ ਗੱਫੇ ਮਿਲਣੇ, ਨਿਰਮਲਿਆਂ-ਨਿਹੰਗਾਂ ਨੂੰ ਆਪਸ ਵਿਚ ਲੜਾਉਣ ਦੇ ਯਤਨ, ਸੁਖ ਸਾਧਨਾਂ

---

[167] ਉਹੀ, ਪੰਨਾ 6.

ਕਰਕੇ ਆਲਸ ਦੀ ਬਿਰਤੀ ਦੇ ਧਾਰਨੀ, ਰਾਜਨੀਤਿਕ ਪ੍ਰਭਾਵ, ਧੜੇਬੰਦੀ, ਆਚਰਣ ਦਾ ਨੀਵਾਂ ਪੱਧਰ ਅਤੇ ਉਸਾਰੂ ਸੋਚ ਦੀ ਘਾਟ ਹੋਣ ਨਾਲ ਵੀ ਇਸ ਜਥੇਬੰਦੀ ਨੂੰ ਘਾਟਾ ਪੈ ਰਿਹਾ ਹੈ। ਭਾਵੇਂ ਇਹ ਕਾਰਨ ਸਮੁੱਚੇ ਰੂਪ ਵਿਚ ਕੁਝ ਪ੍ਰਤੀਸ਼ਤ ਹਨ ਪਰ ਇਨ੍ਹਾਂ ਕਾਰਨਾਂ ਕਰ ਕੇ ਸਾਰੀ ਨਿਹੰਗ ਸਿੰਘ ਜਥੇਬੰਦੀ ਅਤੇ ਸਮਾਜ ਪ੍ਰਭਾਵਿਤ ਹੁੰਦਾ ਹੈ। ਉਪਰੋਕਤ ਦਿੱਤੇ ਵਿਦਵਾਨਾਂ ਦੇ ਸੁਝਾਵਾਂ ਉੱਤੇ ਅਮਲ ਕਰ ਕੇ ਅਤੇ ਛਾਉਣੀਆਂ ਵਿਚ ਬਾਣੀ, ਕਥਾ ਕੀਰਤਨ ਦੇ ਪ੍ਰਵਾਹ ਚਲਾ ਕੇ, ਸ਼ਸਤਰ ਵਿੱਦਿਆ ਅਤੇ ਘੋੜ ਸਵਾਰੀ ਦੀ ਸਿਖਲਾਈ ਆਦਿ ਤਰੀਕਿਆਂ ਨਾਲ ਨਿਹੰਗ ਸਿੰਘ ਜਥੇਬੰਦੀ ਦਾ ਮਾਣਮੱਤਾ ਰੁਤਬਾ ਪੰਥ ਵਿਚ ਹੋਰ ਵੀ ਵਧੇਰੇ ਚਮਕ ਸਕਦਾ ਹੈ।

## 0.5 ਸਾਰੰਸ਼:

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਨਿਹੰਗ ਸਿੰਘ ਜਥੇਬੰਦੀ ਨੇ ਸਾਹਿਤ, ਵਿੱਦਿਆ ਅਤੇ ਸਮਾਜਿਕ ਖੇਤਰ ਵਿਚ ਯੋਗਦਾਨ ਪਾਉਣ ਦੇ ਨਾਲ-ਨਾਲ ਗੁਰਦੁਆਰਿਆਂ ਦੀ ਰਾਖੀ ਲਈ ਆਪਣੀਆਂ ਕੁਰਬਾਨੀਆਂ ਵੀ ਦਿੱਤੀਆਂ। ਇਸ ਜਥੇਬੰਦੀ ਵਿਚ ਮਹਾਨ ਸ਼ਖਸੀਅਤਾਂ ਹੋਈਆ ਜਿਨ੍ਹਾਂ ਨੇ ਸਿੱਖੀ ਦੀ ਚੜ੍ਹਦੀ ਕਲਾ ਲਈ ਅਹਿਮ ਕਾਰਜ ਕੀਤੇ।

# ਸਾਰ ਅਤੇ ਸਥਾਪਨਾਵਾਂ

**ਨਿਹੰਗ ਸਿੰਘ ਜਥੇਬੰਦੀ: ਸਿਧਾਂਤ ਅਤੇ ਅਮਲ** ਵਿਸ਼ੇ ਉੱਤੇ ਆਧਾਰਿਤ ਹੋਣ ਕਰ ਕੇ ਸਾਡਾ ਇਹ ਖੋਜ ਕਾਰਜ ਇਕ ਤਰ੍ਹਾਂ ਨਾਲ ਨਿਹੰਗ ਸਿੰਘ ਜਥੇਬੰਦੀ ਦਾ ਸਰਬਪੱਖੀ ਅਧਿਐਨ ਹੋ ਨਿਬੜਿਆ ਹੈ। ਮਨੁੱਖੀ ਗਿਆਨ ਦੇ ਸੀਮਾਬੱਧ ਹੋਣ ਕਾਰਨ ਕਿਸੇ ਵੀ ਵਿਚਾਰ ਦਾ ਅੰਤਿਮ ਸੱਚ ਹੋ ਜਾਣਾ ਸੰਭਵ ਨਹੀਂ ਹੁੰਦਾ। ਇਸ ਖੋਜ ਕਾਰਜ ਲਈ ਅਸੀਂ ਕਿਤਾਬੀ ਖੋਜ ਅਤੇ ਖੇਤਰੀ ਖੋਜ ਦੀ ਵਰਤੋਂ ਕੀਤੀ ਹੈ। ਕਿਤਾਬੀ ਖੋਜ ਸਾਹਿਤ ਦੇ ਆਸਰੇ ਚਲਦੀ ਹੈ ਅਤੇ ਖੇਤਰੀ ਖੋਜ, ਖੇਤਰ ਵਿਚ ਜਾ ਕੇ ਆਧਾਰ ਸਮੱਗਰੀ ਇਕੱਠੀ ਕਰਨ ਨਾਲ ਕੀਤੀ ਜਾਂਦੀ ਹੈ।

ਖੋਜ-ਪ੍ਰਬੰਧ ਦੇ ਪੰਜ ਅਧਿਆਇ ਹਨ। **ਪਹਿਲਾ ਅਧਿਆਇ** 'ਨਿਹੰਗ' ਸ਼ਬਦ ਦੇ ਅਰਥ, ਪਰਿਭਾਸ਼ਾ ਅਤੇ ਸਰੂਪ ਨਾਲ ਸੰਬੰਧਿਤ ਹੈ। ਗੁਰਬਾਣੀ ਦੀ ਵਿਚਾਰਧਾਰਾ ਉੱਤੇ ਪਹਿਰਾ ਦੇਣ ਵਾਲੇ ਨਿਹੰਗ ਸਿੰਘ, ਖਾਲਸਾ ਪੰਥ ਦਾ ਹੀ ਸਰੂਪ ਹਨ। ਅਕਾਲੀ, ਭੁਜੰਗ, ਸਿੰਘ, ਖਾਲਸਾ ਅਤੇ ਨਿਹੰਗ, ਵੱਖ-ਵੱਖ ਨਹੀਂ ਸਗੋਂ ਸਮਾਨਾਰਥਕ ਸ਼ਬਦ ਹੀ ਹਨ। ਦਾਨੀ ਬਿਰਤੀ, ਸਾਧੂ ਸੁਭਾਅ ਅਤੇ ਸ਼ਾਂਤਮਈ ਸ਼ਸਤਰਧਾਰੀ ਸਰੂਪ ਗੁਰੂ ਸਾਹਿਬਾਨ ਦੇ ਸੰਤ-ਸਿਪਾਹੀ ਫਲਸਫੇ ਨੂੰ ਉਜਾਗਰ ਕਰਦਾ ਹੈ।

**ਦੂਜੇ ਅਧਿਆਇ** ਵਿਚ ਨਿਹੰਗ ਸਿੰਘਾਂ ਦਾ ਆਰੰਭ, ਇਤਿਹਾਸ ਅਤੇ ਇਸ ਜਥੇਬੰਦੀ ਦੇ ਜਥੇਦਾਰਾਂ ਦਾ ਇਤਿਹਾਸ ਵਰਨਣ ਕੀਤਾ ਗਿਆ ਹੈ। ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਜੀ ਤੋਂ ਨਿਹੰਗ ਸਿੰਘਾਂ ਦੀ ਆਰੰਭਤਾ ਹੁੰਦੀ ਹੈ ਅਤੇ ਨਵਾਬ ਕਪੂਰ ਸਿੰਘ ਦੇ ਸਮੇਂ ਬਣੇ ਬੁੱਢਾ ਦਲ ਅਤੇ ਤਰਨਾ ਦਲ ਦੇ ਸੰਗਠਿਤ ਹੋ ਕੇ ਜਥੇਬੰਦੀ ਦੇ ਰੂਪ ਵਿਚ ਉੱਭਰਕੇ ਸਾਹਮਣੇ ਆਉਂਦੀ ਹੈ। ਖੋਜ ਪ੍ਰਬੰਧ ਦੇ ਇਸ ਭਾਗ ਵਿਚ ਗੁਰੂ ਕਾਲ ਤੋਂ ਲੈ ਕੇ ਮਿਸਲਾਂ ਦੇ ਸਮੇਂ ਤੱਕ ਅਤੇ ਅੰਗਰੇਜ਼ੀ ਸ਼ਾਸਨ ਕਾਲ ਤੋਂ ਮੌਜੂਦਾ ਸਮੇਂ ਤੱਕ ਦੇ ਨਿਹੰਗ ਸਿੰਘਾਂ ਦੇ ਸੰਘਰਸ਼ਮਈ ਇਤਿਹਾਸ ਨੂੰ ਵਰਨਣ ਕੀਤਾ ਗਿਆ ਹੈ। ਨਿਹੰਗ ਸਿੰਘਾਂ ਨੂੰ ਦੇਖਦਿਆਂ ਹੀ ਗੋਲੀ ਮਾਰਨ ਦੇ ਹੁਕਮ, ਦੇਸੀ ਰਿਆਸਤਾਂ ਦੁਆਰਾ ਨਿਹੰਗ ਸਿੰਘਾਂ ਨਾਲ ਈਰਖਾ, ਕ੍ਰਿਪਾਨ ਦਾ ਮੋਰਚਾ, ਜ਼ੇਲ੍ਹਾਂ ਵਿਚ ਭੁੱਖ ਹੜਤਾਲ ਆਦਿ ਪੱਖਾਂ ਨੂੰ ਇਸ ਅਧਿਆਇ ਵਿਚ ਦਰਸਾਇਆ ਗਿਆ ਹੈ। ਇਸ ਭਾਗ ਵਿਚ ਬੁੱਢਾ ਦਲ ਅਤੇ ਤਰਨਾ ਦਲ ਦੇ ਸਮੂਹ ਜਥੇਦਾਰਾਂ ਦਾ ਜੀਵਨ ਵੀ ਦਰਸਾਇਆ ਗਿਆ ਹੈ, ਜਿਸ ਵਿਚ ਬੁੱਢਾ ਦਲ ਦੇ ਪਹਿਲੇ

ਜਥੇਦਾਰ ਬਾਬਾ ਬਿਨੋਦ ਸਿੰਘ ਜੀ ਤੋਂ ਲੈ ਕੇ ਚੌਦਵੇਂ ਜਥੇਦਾਰ ਬਾਬਾ ਬਲਬੀਰ ਸਿੰਘ ਜੀ ਤੱਕ ਦਾ ਇਤਿਹਾਸ ਲਿਖਣ ਦੀ ਪਹਿਲ ਕੀਤੀ ਗਈ ਹੈ ਜਦੋਂ ਕਿ ਨਿਹੰਗ ਸਿੰਘਾਂ ਬਾਰੇ ਲਿਖਣ ਵਾਲੇ ਲਿਖਾਰੀ, ਅਕਾਲੀ ਬਾਬਾ ਫੂਲਾ ਸਿੰਘ ਜੀ ਤੋਂ ਮਗਰੋਂ ਚੁੱਪ ਹੋ ਜਾਂਦੇ ਹਨ। ਬੁੱਢਾ ਦਲ ਦੇ ਪਹਿਲੇ ਦੋ ਜਥੇਦਾਰ, ਫੇਰ ਅਕਾਲੀ ਬਾਬਾ ਨੈਣਾ ਸਿੰਘ ਜੀ ਦਾ ਇਤਿਹਾਸ ਵੀ ਬਹੁਤ ਘੱਟ ਲਿਖਤਾਂ ਵਿਚ ਮਿਲਦਾ ਹੈ। ਇਸ ਅਧਿਆਇ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਨਿਹੰਗ ਸਿੰਘ ਜਥੇਬੰਦੀ ਦਾ ਇਤਿਹਾਸ ਕੁਰਬਾਨੀਆਂ ਅਤੇ ਜੱਦੋ-ਜਹਿਦ ਨਾਲ ਭਰਪੂਰ ਰਿਹਾ ਹੈ।

**ਤੀਜੇ ਅਧਿਆਇ** ਵਿਚ ਨਿਹੰਗ ਸਿੰਘਾਂ ਦੀਆਂ ਰਵਾਇਤਾਂ ਸੰਬੰਧੀ ਵਿਚ ਬਹੁਤ ਵਿਸਥਾਰ ਵਿਚ ਜਾਣਕਾਰੀ ਦਿੱਤੀ ਹੈ। ਨਿਹੰਗ ਸਿੰਘਾਂ ਦੇ ਸਿਧਾਂਤਾਂ ਉੱਤੇ ਵਿਸਤ੍ਰਿਤ ਵਿਚਾਰ ਕੀਤੀ ਗਈ ਹੈ। ਨਿਹੰਗ ਸਿੰਘਾਂ ਦੀਆਂ ਰਵਾਇਤਾਂ ਬਾਰੇ ਅਧਿਐਨ ਕਰਦਿਆਂ ਅਸੀਂ ਇਹ ਸਪਸ਼ਟ ਕੀਤਾ ਹੈ ਕਿ ਇਸ ਜਥੇਬੰਦੀ ਵਲੋਂ ਅਮਲ ਵਿਚ ਲਿਆਂਦੀ ਜਾਂਦੀ ਕੋਈ ਵੀ ਰਵਾਇਤ, ਨਿਰਮੂਲ ਜਾਂ ਗੁਰੂ ਸਾਹਿਬਾਨ ਤੋਂ ਮਗਰੋਂ ਕਿਸੇ ਇਨਸਾਨ ਦੀ ਘਾੜਤ ਨਹੀਂ ਸਗੋਂ ਇਹ ਰਵਾਇਤਾਂ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਹੀ ਨਿਹੰਗ ਸਿੰਘਾਂ ਵਿਚ ਪ੍ਰਚਲਿਤ ਸਨ ਅਤੇ ਨਿਹੰਗ ਸਿੰਘਾਂ ਨੇ ਜਿਉਂ ਦਾ ਤਿਉਂ ਇਨ੍ਹਾਂ ਰਵਾਇਤਾਂ ਨੂੰ ਸੰਭਾਲ ਕੇ ਰਖਿਆ ਹੋਇਆ ਹੈ। ਨਿਹੰਗ ਸਿੰਘ ਜਥੇਬੰਦੀ ਵਲੋਂ ਪ੍ਰਯੋਗ ਕੀਤੇ ਜਾਂਦੇ ਛਿਆਨਵੇਂ ਕਰੋੜੀ ਅਤੇ ਪੰਜਵਾਂ ਤਖ਼ਤ ਜਿਹੇ ਲਕਬ, ਕੱਢੇ ਜਾਂਦੇ ਮਹੱਲੇ, ਜੰਗੀ ਬਾਣਾ, ਜਥੇਦਾਰੀ ਪਦ, ਚਲਦਾ ਵਹੀਰ ਆਦਿ ਸਿਧਾਂਤਾਂ ਦਾ ਅਮਲੀ ਪੱਖ ਵਰਨਣ ਕੀਤਾ ਗਿਆ ਹੈ। ਫਰਲੇ ਦੀ ਮਰਯਾਦਾ ਬਾਰੇ ਵਿਸਥਾਰ ਵਿਚ ਵਰਨਣ ਕੀਤਾ ਗਿਆ ਹੈ। ਸ਼ਹੀਦੀ ਦੇਗ, ਮੁਰੀਦੀ ਦੇਗ ਅਤੇ ਸ਼ਰਦਾਈਆਂ ਬਾਰੇ ਵਰਨਣ ਕਰਦਿਆਂ ਹੋਇਆਂ ਭੰਗ ਅਤੇ ਸੁੱਖੇ ਵਿਚ ਅੰਤਰ ਸਪਸ਼ਟ ਕੀਤਾ ਗਿਆ ਹੈ।

ਖੋਜ-ਪ੍ਰਬੰਧ ਦੇ **ਚੌਥੇ ਅਧਿਆਇ** ਦਾ ਵਿਸ਼ਾ ਖਾਲਸਈ ਬੋਲੇ ਅਤੇ ਸ਼ਸਤਰ ਵਿੱਦਿਆ ਹੈ। ਇਸ ਅਧਿਆਇ ਵਿਚ ਨਿਹੰਗ ਸਿੰਘਾਂ ਵਲੋਂ ਅਤਿ ਬਿਪਤਾ ਦੇ ਸਮੇਂ ਰਚੇ ਗਏ ਗੁਪਤ ਬੋਲਿਆਂ ਬਾਰੇ ਵਿਸ਼ਲੇਸ਼ਣ ਕੀਤਾ ਗਿਆ ਹੈ। ਖਾਲਸਈ ਬੋਲਿਆਂ ਦੇ ਰਚਨ ਕਾਲ, ਗਿਣਤੀ, ਸ਼ੈਲੀ ਅਤੇ ਰਚੇ ਜਾਣ ਦੇ ਕਾਰਨ ਆਦਿ ਪੱਖਾਂ ਨੂੰ ਇਸ ਅਧਿਆਇ ਵਿਚ ਸ਼ਾਮਿਲ ਕੀਤਾ ਗਿਆ ਹੈ। ਇਹ ਸ਼ਬਦਾਵਲੀ ਜਿੱਥੇ ਜੰਗੀ ਰਣਨੀਤੀ ਦਾ ਹਿੱਸਾ ਸੀ ਉੱਥੇ ਖਾਲਸੇ ਦੀ ਚੜ੍ਹਦੀ ਕਲਾ ਦਾ ਸੂਚਕ ਵੀ ਸੀ। ਇਸੇ ਭਾਗ ਵਿਚ ਨਿਹੰਗ ਸਿੰਘਾਂ ਦੇ ਜੰਗੀ

ਸਰੂਪ ਦੀ ਤਰਜਮਾਨੀ ਕਰਦੀ ਉਨ੍ਹਾਂ ਦੀ ਬੇਮਿਸਾਲ ਸ਼ਸਤਰ ਵਿੱਦਿਆ, ਗੁਰੀਲਾ ਪੈਂਤੜੇ ਅਤੇ ਘੋੜ ਸਵਾਰੀ ਦਾ ਵਰਨਣ ਕੀਤਾ ਗਿਆ ਹੈ। ਇਸੇ ਸ਼ਸਤਰ ਵਿੱਦਿਆ ਦੀ ਬਦੌਲਤ ਖਾਲਸਾ ਰਾਜ ਕਾਇਮ ਹੋ ਸਕਿਆ ਕਿਉਂਕਿ ਖਾਲਸੇ ਦੀ ਸ਼ਸਤਰ ਵਿੱਦਿਆ ਦੀ ਧਾਕ ਕਾਬਲ-ਕੰਧਾਰ ਤੱਕ ਪੈਂਦੀ ਸੀ।

**ਪੰਜਵੇਂ ਅਧਿਆਇ** ਦਾ ਵਿਸ਼ਾ ਨਿਹੰਗ ਸਿੰਘ ਜਥੇਬੰਦੀ: ਯੋਗਦਾਨ ਅਤੇ ਵਰਤਮਾਨ ਸਥਿਤੀ ਹੈ। ਨਿਹੰਗ ਸਿੰਘ ਜਥੇਬੰਦੀ ਦੁਆਰਾ ਧਾਰਮਿਕ ਖੇਤਰ, ਸਾਹਿਤਿਕ, ਸਮਾਜਿਕ ਅਤੇ ਵਿੱਦਿਅਕ ਖੇਤਰ ਵਿਚ ਯੋਗਦਾਨ ਬਾਰੇ ਵਿਚਾਰ ਕਰਦਿਆਂ ਇਨ੍ਹਾਂ ਸੰਤ-ਸਿਪਾਹੀਆਂ ਦੁਆਰਾ ਰਚਿਤ ਸਾਹਿਤ ਦੀ ਜਾਣਕਾਰੀ ਦਿੱਤੀ ਗਈ ਹੈ। ਨਿਹੰਗ ਸਿੰਘ ਜਥੇਬੰਦੀ ਵਲੋਂ ਦੁਸਿਹਰਾ ਮਹਾਤਮ ਪੋਥੀ ਅਤੇ ਨਿਹੰਗ ਸਿੰਘ ਸੰਦੇਸ਼ ਪੱਤ੍ਰਿਕਾ ਬਾਰੇ ਮੁਖ ਰੂਪ ਵਿਚ ਜਾਣਕਾਰੀ ਦਿੱਤੀ ਗਈ ਹੈ। ਬੁੱਢਾ ਦਲ ਵਲੋਂ ਲਗਾਈਆਂ ਪ੍ਰਿੰਟਿੰਗ ਪ੍ਰੈੱਸਾਂ ਤੋਂ ਇਲਾਵਾ ਸਕੂਲਾਂ, ਕਾਲਜਾਂ ਅਤੇ ਗੁਰਮਤਿ ਵਿਦਿਆਲਿਆਂ ਦੀ ਜਾਣਕਾਰੀ ਦਿੱਤੀ ਗਈ ਹੈ। ਇਸ ਜਥੇਬੰਦੀ ਦੀ ਪੰਜਾਬੀ ਸਾਹਿਤ ਨੂੰ ਵੱਡਮੁੱਲੀ ਦੇਣ ਹੈ। ਇਸ ਤੋਂ ਇਹ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਇਨ੍ਹਾਂ ਯੋਧਿਆਂ ਨੇ ਸਿੱਖ ਧਰਮ ਦੇ ਹਰ ਖੇਤਰ ਜਿਵੇਂ ਬਾਣੀ-ਬਾਣਾ, ਧਰਮ ਦੀ ਰੱਖਿਆ ਲਈ ਸ਼ਹੀਦੀ, ਗੁਰਮਤਿ ਵਿੱਦਿਆ ਪੜ੍ਹਾਉਣੀ, ਗੁਰਮਤਿ ਪ੍ਰਚਾਰ, ਮੀਰੀ-ਪੀਰੀ, ਸ਼ਸਤਰਾਂ ਦੀ ਸਿਖਲਾਈ ਅਤੇ ਸਾਹਿਤ ਦੇ ਖੇਤਰ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਨਿਹੰਗ ਸਿੰਘਾਂ ਦੀਆਂ ਕ੍ਰਿਪਾਨ ਸੰਬੰਧੀ ਮੋਰਚੇ ਵਿਚ ਹੋਈਆਂ ਗ੍ਰਿਫਤਾਰੀਆਂ ਦਾ ਜ਼ਿਕਰ ਅਤੇ ਗੁ: ਪਾਉਂਟਾ ਸਾਹਿਬ ਦੇ ਖੂਨੀ ਸਾਕੇ ਦਾ ਵਰਨਣ ਕੀਤਾ ਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਸੇਵਾ ਨਿਭਾਉਣ ਵਾਲੇ ਨਿਹੰਗ ਸਿੰਘਾਂ ਦੀ ਜਾਣਕਾਰੀ ਦਿੱਤੀ ਗਈ ਹੈ। ਅੰਗਰੇਜਾਂ ਅਤੇ ਦੇਸੀ ਰਿਆਸਤਾਂ ਦੁਆਰਾ ਨਿਹੰਗ ਸਿੰਘਾਂ ਵਿਚ ਨਿਘਾਰ ਦੇ ਕਾਰਨਾਂ ਦਾ ਪਤਾ ਲਗਾਇਆ ਗਿਆ ਹੈ। ਇਸ ਅਧਿਆਇ ਵਿਚ ਨਿਹੰਗ ਸਿੰਘ ਜਥੇਬੰਦੀ ਦੀਆਂ ਉੱਘੀਆਂ ਸ਼ਖਸੀਅਤਾਂ ਬਾਰੇ ਵੀ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ। ਨਾਲ ਹੀ ਇਸ ਜਥੇਬੰਦੀ ਦੇ ਹੋਰ ਵੱਖ-ਵੱਖ ਦਲਾਂ ਬਾਰੇ ਵੇਰਵਾ ਦਿੱਤਾ ਗਿਆ ਹੈ। ਅੰਤ ਵਿਚ ਇਸ ਜਥੇਬੰਦੀ ਵਿਚ ਆਏ ਨਿਘਾਰ ਦੇ ਕਾਰਨਾਂ ਦਾ ਵਰਨਣ ਕਰ ਕੇ ਇਸ ਜਥੇਬੰਦੀ ਸੰਬੰਧੀ ਵੱਖ-ਵੱਖ ਵਿਦਵਾਨਾਂ ਦੀ ਰਾਇ ਅਤੇ ਸੁਝਾਵਾਂ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ।

ਸਾਰ ਅਤੇ ਸਥਾਪਨਾਵਾਂ ਨੂੰ ਦਰਸਾ ਕੇ ਅੰਤ ਵਿਚ ਤੱਥਗਤ ਜਾਣਕਾਰੀ ਹਿਤ ਅੰਤਿਕਾਵਾਂ ਅਤੇ ਖੋਜ-ਪ੍ਰਬੰਧ ਲਈ ਸਹਾਇਕ ਹਵਾਲਾ ਗ੍ਰੰਥਾਂ/ਪੁਸਤਕਾਂ ਦੀ ਪੁਸਤਕ ਸੂਚੀ ਦਰਜ ਕੀਤੀ ਗਈ ਹੈ। ਖੋਜ-

ਪ੍ਰਬੰਧ ਨੂੰ ਸੰਪੂਰਨ ਕਰਨ ਤੋਂ ਬਾਅਦ ਇਸ ਖੋਜ ਕਾਰਜ ਦੀਆਂ ਉਪਲਬਧੀਆਂ ਨੂੰ ਨਿਮਨ ਲਿਖਿਤ ਪੱਖਾਂ ਤੋਂ ਵਾਚਿਆ ਜਾ ਸਕਦਾ ਹੈ:

1. ਇਸ ਖੋਜ ਕਾਰਜ ਰਾਹੀਂ ਵਿਸ਼ੇ ਨਾਲ ਸੰਬੰਧਿਤ ਸਮੱਗਰੀ ਇਕ ਥਾਂ ਇਕੱਠੀ ਕੀਤੀ ਗਈ ਹੈ।
2. ਇਸ ਖੋਜ ਕਾਰਜ ਵਿਚ ਅਸੀ ਸਿਰਫ ਨਿਹੰਗ ਸਿੰਘ ਜਥੇਬੰਦੀ ਦੇ ਸਿਧਾਂਤਾਂ ਤੱਕ ਹੀ ਸੀਮਿਤ ਨਹੀਂ ਰਹੇ ਸਗੋਂ ਇਸ ਜਥੇਬੰਦੀ ਦੇ ਅਮਲੀ ਪ੍ਰਗਟਾਅ ਅਤੇ ਇਤਿਹਾਸਿਕ ਪੱਖਾਂ ਨੂੰ ਵੀ ਵਿਚਾਰਨ ਦੇ ਯਤਨ ਕੀਤੇ ਗਏ ਹਨ।
3. ਨਿਹੰਗ ਸਿੰਘ ਜਥੇਬੰਦੀ ਨਾਲ ਸੰਬੰਧਿਤ ਵਿਭਿੰਨ ਪਹਿਲੂਆਂ ਨੂੰ ਅਕਾਦਮਿਕ ਪੱਧਰ 'ਤੇ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ।
4. ਇਸ ਖੋਜ ਕਾਰਜ ਵਿਚ ਨਿਹੰਗ ਸਿੰਘ ਜਥੇਬੰਦੀ ਵਲੋਂ ਰਚੇ ਗਏ ਸਾਹਿਤ ਨੂੰ ਉਜਾਗਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।
5. ਇਸ ਖੋਜ ਕਾਰਜ ਵਿਚ ਅਸੀਂ ਖਾਲਸਈ ਬੋਲਿਆਂ ਦੇ ਸਰੂਪ, ਰਚਨ ਕਾਲ, ਗਿਣਤੀ, ਸ਼ੈਲੀ ਆਦਿ ਵੱਖ-ਵੱਖ ਪੱਖਾਂ ਤੋਂ ਵਿਸ਼ਲੇਸ਼ਣ ਕੀਤਾ ਗਿਆ ਹੈ।
6. ਸ਼ਸਤਰ ਵਿੱਦਿਆ, ਗੁਰੀਲਾ ਰਣ ਨੀਤੀ, ਢਾਈ ਫੱਟ, ਗੱਤਕਾ ਅਤੇ ਘੋੜ ਸਵਾਰੀ ਦੇ ਵੱਖ-ਵੱਖ ਪਹਿਲੂਆਂ ਉੱਤੇ ਚਾਨਣਾ ਪਾਇਆ ਗਿਆ ਹੈ।
7. ਇਸ ਖੋਜ ਕਾਰਜ ਵਿਚ ਨਿਹੰਗ ਸਿੰਘ ਜਥੇਬੰਦੀ ਦੇ ਇਤਿਹਾਸ ਸੰਬੰਧੀ ਅਧਿਆਇ ਵਿਚ ਅਸੀਂ ਨਿਹੰਗ ਸਿੰਘਾਂ ਦੇ ਗੁਰੂ ਕਾਲ ਦੇ ਸਮੇਂ ਤੋਂ ਲੈ ਕੇ ਮੌਜੂਦਾ ਸਮੇਂ ਤੱਕ ਦੇ ਹਾਲਾਤ ਨੂੰ ਦਰਸਾਉਣ ਦਾ ਯਤਨ ਕੀਤਾ ਹੈ।
8. ਨਿਹੰਗ ਸਿੰਘਾਂ ਦਾ ਇਤਿਹਾਸ ਵਧੇਰੇ ਮੌਖਿਕ ਹੋਣ ਕਰਕੇ ਇਸ ਜਥੇਬੰਦੀ ਦੀਆਂ ਨਾਮਵਰ ਸ਼ਖਸੀਅਤਾਂ ਦੀ ਇੰਟਰਵਿਊ ਲੈ ਕੇ ਜਾਣਕਾਰੀ ਇਕੱਤਰ ਕਰਨ ਦਾ ਯਤਨ ਕੀਤਾ ਗਿਆ ਹੈ।
9. ਇਸ ਖੋਜ ਕਾਰਜ ਵਿਚ ਪਰੰਪਰਾ, ਸੰਪਰਦਾ, ਸੰਸਥਾ ਅਤੇ ਜਥੇਬੰਦੀ ਦੇ ਅਰਥ ਦਸਣ ਦੇ ਯਤਨ ਕੀਤੇ ਹਨ ਅਤੇ ਸਿੱਖ ਧਰਮ ਦੀਆਂ ਗੁਰੂ ਕਾਲ ਤੋਂ ਚਲੀਆਂ ਆ ਰਹੀਆਂ ਬਾਕੀ ਸੰਪਰਦਾਵਾਂ ਬਾਰੇ ਵੀ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਹੈ।

10. ਇਸ ਖੋਜ ਕਾਰਜ ਵਿਚ ਬੁੱਢਾ ਦਲ ਅਤੇ ਤਰਨਾ ਦਲ ਦੇ ਸਮੂਹ ਜਥੇਦਾਰਾਂ ਦੇ ਜੀਵਨ ਉੱਤੇ ਚਾਨਣਾ ਪਾ ਕੇ ਅਹਿਮ ਤੱਥਾਂ ਦੀ ਖੋਜ ਕੀਤੀ ਗਈ ਹੈ ਜਿਸ ਵਿਚ ਬਾਬਾ ਬਿਨੋਦ ਸਿੰਘ ਦੀ ਸ਼ਹੀਦੀ, ਬਾਬਾ ਹਨੂਮਾਨ ਸਿੰਘ ਜੀ ਨਾਲ ਸ਼ਹੀਦ ਹੋਣ ਵਾਲੇ ਸਿੰਘਾਂ ਦੇ ਅਸਥਾਨ ਆਦਿ।

11. ਇਸ ਖੋਜ ਕਾਰਜ ਵਿਚ ਨਿਹੰਗ ਸਿੰਘ ਜਥੇਬੰਦੀ ਦੁਆਰਾ ਸਾਹਿਤਿਕ, ਧਾਰਮਿਕ, ਸਮਾਜਿਕ ਅਤੇ ਵਿੱਦਿਅਕ ਯੋਗਦਾਨ ਬਾਰੇ ਜਾਣਕਾਰੀ ਦਿੱਤੀ ਗਈ ਹੈ।

12. ਨਿਹੰਗ ਸਿੰਘਾਂ ਬਾਰੇ ਫੈਲੀਆਂ ਗਲਤ ਧਾਰਨਾਵਾਂ ਜਿਵੇਂ ਮੁਫਤ ਸਫਰ ਕਰਨਾ, ਭੰਗ ਜਾਂ ਸ਼ਰਾਬ ਪੀਣਾ, ਉਗਰਾਹੀ ਕਰਨ ਆਦਿ ਨੂੰ ਸਪਸ਼ਟ ਕਰਨ ਦਾ ਯਤਨ ਕੀਤਾ ਗਿਆ ਹੈ ਅਤੇ ਨਿਹੰਗ ਬਾਣੇ ਦੇ ਭੇਖ ਵਿਚ ਛੁਪੇ ਗਲਤ ਅਨਸਰਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ ਹੈ। ਇਸਦੇ ਨਾਲ ਹੀ ਇਸ ਜਥੇਬੰਦੀ ਵਲੋਂ ਅਜਿਹੇ ਭੇਖੀ ਅਨਸਰਾਂ ਨੂੰ ਤਾੜਨਾ ਕਰਨ ਲਈ ਚੁੱਕੇ ਸ਼ਲਾਘਾਯੋਗ ਕਦਮਾਂ ਬਾਰੇ ਦਸਣ ਦੇ ਯਤਨ ਕੀਤੇ ਗਏ ਹਨ।

13. ਅੰਗਰੇਜ਼ਾਂ ਅਤੇ ਦੇਸੀ ਰਿਆਸਤਾਂ ਦੁਆਰਾ ਇਸ ਜਥੇਬੰਦੀ ਵਿਚ ਪੈਦਾ ਕੀਤੇ ਨਿਘਾਰ ਦੇ ਕਾਰਨਾਂ ਦਾ ਪਤਾ ਲਾਇਆ ਗਿਆ ਹੈ।

14. ਨਿਹੰਗ ਸਿੰਘਾਂ ਦੁਆਰਾ ਲਿਖੇ ਸਾਹਿਤ, ਖਰੜਿਆਂ ਅਤੇ ਲੇਖਾਂ ਨੂੰ ਇਕੱਠੇ ਕਰ ਕੇ ਉਨ੍ਹਾਂ ਵਿਚਲੀ ਸਮੱਗਰੀ ਨੂੰ ਇਕ ਜਗ੍ਹਾ ਇਕੱਠਾ ਕਰਨ ਦਾ ਉਪਰਾਲਾ ਕੀਤਾ ਗਿਆ ਹੈ ਤਾਂ ਜੋ ਭਵਿੱਖ ਵਿਚ ਖੋਜ ਲਈ ਸਾਰੀ ਸਮੱਗਰੀ ਇਕ ਜਗ੍ਹਾ ਹੀ ਪ੍ਰਾਪਤ ਹੋ ਜਾਵੇ।

ਆਪਣੇ ਖੋਜ ਕਾਰਜ ਦੇ ਅਧਿਐਨ ਤੋਂ ਬਾਅਦ ਇਹ ਕਿਹਾ ਜਾ ਸਕਦਾ ਹੈ ਕਿ ਇਹ ਕਲਗੀਧਰ ਪਾਤਸ਼ਾਹ ਦਾ ਸਾਜਿਆ ਹੋਇਆ ਪੰਥ ਹੈ। ਨਿਹੰਗ ਸਿੰਘਾਂ ਦੀਆਂ ਕੁਰਬਾਨੀਆਂ ਅਤੇ ਅਣਗੌਲੇ ਇਤਿਹਾਸ ਨੂੰ ਦੇਖਦਿਆਂ ਹੋਇਆਂ ਸਮਾਜ ਵਿਚ ਇਨ੍ਹਾਂ ਨੂੰ ਸਤਿਕਾਰ ਦੀ ਦ੍ਰਿਸ਼ਟੀ ਨਾਲ ਦੇਖਿਆ ਜਾਣਾ ਚਾਹੀਦਾ ਹੈ। ਉਮੀਦ ਹੈ ਕਿ ਇਹ ਖੋਜ ਕਾਰਜ ਨਿਹੰਗ ਸਿੰਘ ਜਥੇਬੰਦੀ ਦੁਆਰਾ ਸਿੱਖ ਇਤਿਹਾਸ, ਸਾਹਿਤ, ਧਾਰਮਿਕ ਅਤੇ ਵਿੱਦਿਅਕ ਖੇਤਰ ਵਿਚ ਪਾਏ ਯੋਗਦਾਨ ਨੂੰ ਦਰਸਾਉਣ ਵਿਚ ਸਹਾਈ ਸਿੱਧ ਹੋਵੇਗਾ ਅਤੇ ਇਸ ਵਿਸ਼ੇ ਬਾਰੇ ਭਵਿੱਖ ਵਿਚ ਹੋਣ ਵਾਲੀ ਖੋਜ ਲਈ ਸਹਾਇਕ ਬਣੇਗਾ।

# ਘੋਸ਼ਣਾ ਪੱਤਰ

ਮੈਂ ਬਿਆਨ ਕਰਦਾ ਹਾਂ ਕਿ **ਨਿਹੰਗ ਸਿੰਘ ਜਥੇਬੰਦੀ: ਸਿਧਾਂਤ ਅਤੇ ਅਮਲ** ਵਿਸ਼ੇ ਉੱਤੇ ਲਿਖੇ ਇਸ ਖੋਜ-ਪ੍ਰਬੰਧ ਵਿਚਲਾ ਖੋਜ ਕਾਰਜ ਮੁਕੰਮਲ ਤੌਰ 'ਤੇ ਮੇਰਾ ਆਪਣਾ ਹੈ। ਇਸ ਖੋਜ-ਪ੍ਰਬੰਧ ਵਿਚ ਕੋਈ ਵੀ ਅਜਿਹਾ ਖੋਜ ਕਾਰਜ ਸ਼ਾਮਿਲ ਨਹੀਂ, ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿੱਤਾ ਗਿਆ ਹੋਵੇ।

ਮਿਤੀ ੦੫-੦੭- 2021

**ਨਿਗਰਾਨ:**

**ਮੁਹੰਮਦ ਹਬੀਬ (ਡਾ.)**
ਮੁਖੀ, ਗੁਰੂ ਗੋਬਿੰਦ ਸਿੰਘ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

**ਖੋਜਾਰਥੀ:**

ਮਨਿੰਦਰ ਸਿੰਘ

**ਮਨਿੰਦਰ ਸਿੰਘ**

**ਸਹਿ ਨਿਗਰਾਨ:**

**ਗੁਰਨਾਇਬ ਸਿੰਘ (ਡਾ.)**
ਪ੍ਰੋਫ਼ੈਸਰ (ਰਿਟਾ),
ਪੰਜਾਬੀ ਸਾਹਿਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ।

**LIST OF PUBLICATION**

**ਪ੍ਰਕਾਸ਼ਨਾਵਾਂ ਦੀ ਸੂਚੀ**

- ਗੁਰੂ ਤੇਗ ਬਹਾਦਰ ਜੀ ਦੀ ਪਟਿਆਲਾ ਫੇਰੀ, Guru Teg Bahadur Journal of Religious Studies (A Referred Journal of Religious Studies), Volume III, Issue: I, Shri Guru Teg Bahadur Khalsa College, Sri Anandpur Sahib, March 2018, ISSN : 2454-8995
- ਖਾਲਸਈ ਬੋਲੇ : ਇਕ ਅਧਿਐਨ, International Journal of Professional Development, Vol 7, No.2, July-Dec.2018, ISSN:2277-517X(Print),2279-0659(Online)
- Edited a Book ਤਵਾਰੀਖ਼ਿ ਨਿਹੰਗ ਸਿੰਘਾਂ ਅਤੇ ਤਰਨਾ ਦਲ ਮਿਸਲ ਸ਼ਹੀਦਾਂ ਦੇ ਮੁਖੀ ਸਿੰਘ ਸਾਹਿਬਾਨ (ਭਾਗ ਪਹਿਲਾ), (ਲੇਖਕ) ਗਿਆਨੀ ਗੁਰਵਿੰਦਰ ਸਿੰਘ ਨੰਗਲੀ, (ਪ੍ਰਕਾਸ਼ਕ) ਸਿੰਘ ਸਾਹਿਬ ਜਥੇਦਾਰ ਬਾਬਾ ਗੱਜਣ ਸਿੰਘ ਜੀ 15ਵੇਂ ਮੁਖੀ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ, ਸ੍ਰੀ ਬਾਬਾ ਬਕਾਲਾ ਸਾਹਿਬ, ਫਰਵਰੀ 2020

# ਨਿਹੰਗ ਸਿੰਘ ਜਥੇਬੰਦੀ : ਸਿਧਾਂਤ ਅਤੇ ਅਮਲ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ
ਸੋਸ਼ਲ ਸਾਇੰਸਿਜ਼ ਫ਼ੈਕਲਟੀ ਅਧੀਨ
ਪੀਐੱਚ.ਡੀ. ਦੀ ਡਿਗਰੀ ਲਈ ਪੇਸ਼

**ਖੋਜ-ਪ੍ਰਬੰਧ**

**(2021)**


**ਨਿਗਰਾਨ:**

**ਡਾ. ਮੁਹੰਮਦ ਹਬੀਬ**
ਮੁਖੀ,
ਧਰਮ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਸਹਿ ਨਿਗਰਾਨ:**

**ਡਾ. ਗੁਰਨਾਇਬ ਸਿੰਘ**
ਪ੍ਰੋਫ਼ੈਸਰ (ਰਿਟਾ),
ਪੰਜਾਬੀ ਸਾਹਿਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਖੋਜਾਰਥੀ:**

**ਮਨਿੰਦਰ ਸਿੰਘ**


**ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ**
**ਪੰਜਾਬੀ ਯੂਨੀਵਰਸਿਟੀ, ਪਟਿਆਲਾ।**

# ਸਾਰ ਅਤੇ ਸਥਾਪਨਾਵਾਂ

**ਨਿਹੰਗ ਸਿੰਘ ਜਥੇਬੰਦੀ: ਸਿਧਾਂਤ ਅਤੇ ਅਮਲ** ਵਿਸ਼ੇ ਉੱਤੇ ਆਧਾਰਿਤ ਹੋਣ ਕਰ ਕੇ ਸਾਡਾ ਇਹ ਖੋਜ ਕਾਰਜ ਇਕ ਤਰ੍ਹਾਂ ਨਾਲ ਨਿਹੰਗ ਸਿੰਘ ਜਥੇਬੰਦੀ ਦਾ ਸਰਬਪੱਖੀ ਅਧਿਐਨ ਹੋ ਨਿਬੜਿਆ ਹੈ। ਮਨੁੱਖੀ ਗਿਆਨ ਦੇ ਸੀਮਾਬੱਧ ਹੋਣ ਕਾਰਨ ਕਿਸੇ ਵੀ ਵਿਚਾਰ ਦਾ ਅੰਤਿਮ ਸੱਚ ਹੋ ਜਾਣਾ ਸੰਭਵ ਨਹੀਂ ਹੁੰਦਾ। ਇਸ ਖੋਜ ਕਾਰਜ ਲਈ ਅਸੀਂ ਕਿਤਾਬੀ ਖੋਜ ਅਤੇ ਖੇਤਰੀ ਖੋਜ ਦੀ ਵਰਤੋਂ ਕੀਤੀ ਹੈ। ਕਿਤਾਬੀ ਖੋਜ ਸਾਹਿਤ ਦੇ ਆਸਰੇ ਚਲਦੀ ਹੈ ਅਤੇ ਖੇਤਰੀ ਖੋਜ, ਖੇਤਰ ਵਿਚ ਜਾ ਕੇ ਆਧਾਰ ਸਮੱਗਰੀ ਇਕੱਠੀ ਕਰਨ ਨਾਲ ਕੀਤੀ ਜਾਂਦੀ ਹੈ।

ਖੋਜ-ਪ੍ਰਬੰਧ ਦੇ ਪੰਜ ਅਧਿਆਇ ਹਨ। **ਪਹਿਲਾ ਅਧਿਆਇ** 'ਨਿਹੰਗ' ਸ਼ਬਦ ਦੇ ਅਰਥ, ਪਰਿਭਾਸ਼ਾ ਅਤੇ ਸਰੂਪ ਨਾਲ ਸੰਬੰਧਿਤ ਹੈ। ਗੁਰਬਾਣੀ ਦੀ ਵਿਚਾਰਧਾਰਾ ਉੱਤੇ ਪਹਿਰਾ ਦੇਣ ਵਾਲੇ ਨਿਹੰਗ ਸਿੰਘ, ਖਾਲਸਾ ਪੰਥ ਦਾ ਹੀ ਸਰੂਪ ਹਨ। ਅਕਾਲੀ, ਭੁਜੰਗ, ਸਿੰਘ, ਖਾਲਸਾ ਅਤੇ ਨਿਹੰਗ, ਵੱਖ-ਵੱਖ ਨਹੀਂ ਸਗੋਂ ਸਮਾਨਾਰਥਕ ਸ਼ਬਦ ਹੀ ਹਨ। ਦਾਨੀ ਬਿਰਤੀ, ਸਾਧੂ ਸੁਭਾਅ ਅਤੇ ਸ਼ਾਂਤਮਈ ਸ਼ਸਤਰਧਾਰੀ ਸਰੂਪ ਗੁਰੂ ਸਾਹਿਬਾਨ ਦੇ ਸੰਤ-ਸਿਪਾਹੀ ਫਲਸਫੇ ਨੂੰ ਉਜਾਗਰ ਕਰਦਾ ਹੈ।

**ਦੂਜੇ ਅਧਿਆਇ** ਵਿਚ ਨਿਹੰਗ ਸਿੰਘਾਂ ਦਾ ਆਰੰਭ, ਇਤਿਹਾਸ ਅਤੇ ਇਸ ਜਥੇਬੰਦੀ ਦੇ ਜਥੇਦਾਰਾਂ ਦਾ ਇਤਿਹਾਸ ਵਰਨਣ ਕੀਤਾ ਗਿਆ ਹੈ। ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਜੀ ਤੋਂ ਨਿਹੰਗ ਸਿੰਘਾਂ ਦੀ ਆਰੰਭਤਾ ਹੁੰਦੀ ਹੈ ਅਤੇ ਨਵਾਬ ਕਪੂਰ ਸਿੰਘ ਦੇ ਸਮੇਂ ਬਣੇ ਬੁੱਢਾ ਦਲ ਅਤੇ ਤਰਨਾ ਦਲ ਦੇ ਸੰਗਠਿਤ ਹੋ ਕੇ ਜਥੇਬੰਦੀ ਦੇ ਰੂਪ ਵਿਚ ਉੱਭਰਕੇ ਸਾਹਮਣੇ ਆਉਂਦੀ ਹੈ। ਖੋਜ ਪ੍ਰਬੰਧ ਦੇ ਇਸ ਭਾਗ ਵਿਚ ਗੁਰੂ ਕਾਲ ਤੋਂ ਲੈ ਕੇ ਮਿਸਲਾਂ ਦੇ ਸਮੇਂ ਤੱਕ ਅਤੇ ਅੰਗਰੇਜ਼ੀ ਸ਼ਾਸਨ ਕਾਲ ਤੋਂ ਮੌਜੂਦਾ ਸਮੇਂ ਤੱਕ ਦੇ ਨਿਹੰਗ ਸਿੰਘਾਂ ਦੇ ਸੰਘਰਸ਼ਮਈ ਇਤਿਹਾਸ ਨੂੰ ਵਰਨਣ ਕੀਤਾ ਗਿਆ ਹੈ। ਨਿਹੰਗ ਸਿੰਘਾਂ ਨੂੰ ਦੇਖਦਿਆਂ ਹੀ ਗੋਲੀ ਮਾਰਨ ਦੇ ਹੁਕਮ, ਦੇਸੀ ਰਿਆਸਤਾਂ ਦੁਆਰਾ ਨਿਹੰਗ ਸਿੰਘਾਂ ਨਾਲ ਈਰਖਾ, ਕ੍ਰਿਪਾਨ ਦਾ ਮੋਰਚਾ, ਜ਼ੇਲ੍ਹਾਂ ਵਿਚ ਭੁੱਖ ਹੜਤਾਲ ਆਦਿ ਪੱਖਾਂ ਨੂੰ ਇਸ ਅਧਿਆਇ ਵਿਚ ਦਰਸਾਇਆ ਗਿਆ ਹੈ। ਇਸ ਭਾਗ ਵਿਚ ਬੁੱਢਾ ਦਲ ਅਤੇ ਤਰਨਾ ਦਲ ਦੇ ਸਮੂਹ ਜਥੇਦਾਰਾਂ ਦਾ ਜੀਵਨ ਵੀ ਦਰਸਾਇਆ ਗਿਆ ਹੈ, ਜਿਸ ਵਿਚ ਬੁੱਢਾ ਦਲ ਦੇ ਪਹਿਲੇ

ਜਥੇਦਾਰ ਬਾਬਾ ਬਿਨੋਦ ਸਿੰਘ ਜੀ ਤੋਂ ਲੈ ਕੇ ਚੌਦਵੇਂ ਜਥੇਦਾਰ ਬਾਬਾ ਬਲਬੀਰ ਸਿੰਘ ਜੀ ਤੱਕ ਦਾ ਇਤਿਹਾਸ ਲਿਖਣ ਦੀ ਪਹਿਲ ਕੀਤੀ ਗਈ ਹੈ ਜਦੋਂ ਕਿ ਨਿਹੰਗ ਸਿੰਘਾਂ ਬਾਰੇ ਲਿਖਣ ਵਾਲੇ ਲਿਖਾਰੀ, ਅਕਾਲੀ ਬਾਬਾ ਫੂਲਾ ਸਿੰਘ ਜੀ ਤੋਂ ਮਗਰੋਂ ਚੁੱਪ ਹੋ ਜਾਂਦੇ ਹਨ। ਬੁੱਢਾ ਦਲ ਦੇ ਪਹਿਲੇ ਦੋ ਜਥੇਦਾਰ, ਫੇਰ ਅਕਾਲੀ ਬਾਬਾ ਨੈਣਾ ਸਿੰਘ ਜੀ ਦਾ ਇਤਿਹਾਸ ਵੀ ਬਹੁਤ ਘੱਟ ਲਿਖਤਾਂ ਵਿਚ ਮਿਲਦਾ ਹੈ। ਇਸ ਅਧਿਆਇ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਨਿਹੰਗ ਸਿੰਘ ਜਥੇਬੰਦੀ ਦਾ ਇਤਿਹਾਸ ਕੁਰਬਾਨੀਆਂ ਅਤੇ ਜੱਦੋ-ਜਹਿਦ ਨਾਲ ਭਰਪੂਰ ਰਿਹਾ ਹੈ।

**ਤੀਜੇ ਅਧਿਆਇ** ਵਿਚ ਨਿਹੰਗ ਸਿੰਘਾਂ ਦੀਆਂ ਰਵਾਇਤਾਂ ਸੰਬੰਧੀ ਵਿਚ ਬਹੁਤ ਵਿਸਥਾਰ ਵਿਚ ਜਾਣਕਾਰੀ ਦਿੱਤੀ ਹੈ। ਨਿਹੰਗ ਸਿੰਘਾਂ ਦੇ ਸਿਧਾਂਤਾਂ ਉੱਤੇ ਵਿਸਤ੍ਰਿਤ ਵਿਚਾਰ ਕੀਤੀ ਗਈ ਹੈ। ਨਿਹੰਗ ਸਿੰਘਾਂ ਦੀਆਂ ਰਵਾਇਤਾਂ ਬਾਰੇ ਅਧਿਐਨ ਕਰਦਿਆਂ ਅਸੀਂ ਇਹ ਸਪਸ਼ਟ ਕੀਤਾ ਹੈ ਕਿ ਇਸ ਜਥੇਬੰਦੀ ਵਲੋਂ ਅਮਲ ਵਿਚ ਲਿਆਂਦੀ ਜਾਂਦੀ ਕੋਈ ਵੀ ਰਵਾਇਤ, ਨਿਰਮੂਲ ਜਾਂ ਗੁਰੂ ਸਾਹਿਬਾਨ ਤੋਂ ਮਗਰੋਂ ਕਿਸੇ ਇਨਸਾਨ ਦੀ ਘਾੜਤ ਨਹੀਂ ਸਗੋਂ ਇਹ ਰਵਾਇਤਾਂ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਹੀ ਨਿਹੰਗ ਸਿੰਘਾਂ ਵਿਚ ਪ੍ਰਚਲਿਤ ਸਨ ਅਤੇ ਨਿਹੰਗ ਸਿੰਘਾਂ ਨੇ ਜਿਉਂ ਦਾ ਤਿਉਂ ਇਨ੍ਹਾਂ ਰਵਾਇਤਾਂ ਨੂੰ ਸੰਭਾਲ ਕੇ ਰਖਿਆ ਹੋਇਆ ਹੈ। ਨਿਹੰਗ ਸਿੰਘ ਜਥੇਬੰਦੀ ਵਲੋਂ ਪ੍ਰਯੋਗ ਕੀਤੇ ਜਾਂਦੇ ਛਿਆਨਵੇਂ ਕਰੋੜੀ ਅਤੇ ਪੰਜਵਾਂ ਤਖ਼ਤ ਜਿਹੇ ਲਕਬ, ਕੱਢੇ ਜਾਂਦੇ ਮਹੱਲੇ, ਜੰਗੀ ਬਾਣਾ, ਜਥੇਦਾਰੀ ਪਦ, ਚਲਦਾ ਵਹੀਰ ਆਦਿ ਸਿਧਾਂਤਾਂ ਦਾ ਅਮਲੀ ਪੱਖ ਵਰਨਣ ਕੀਤਾ ਗਿਆ ਹੈ। ਫਰਲੇ ਦੀ ਮਰਯਾਦਾ ਬਾਰੇ ਵਿਸਥਾਰ ਵਿਚ ਵਰਨਣ ਕੀਤਾ ਗਿਆ ਹੈ। ਸ਼ਹੀਦੀ ਦੇਗ, ਮੁਰੀਦੀ ਦੇਗ ਅਤੇ ਸ਼ਰਦਾਈਆਂ ਬਾਰੇ ਵਰਨਣ ਕਰਦਿਆਂ ਹੋਇਆਂ ਭੰਗ ਅਤੇ ਸੁੱਖੇ ਵਿਚ ਅੰਤਰ ਸਪਸ਼ਟ ਕੀਤਾ ਗਿਆ ਹੈ।

ਖੋਜ-ਪ੍ਰਬੰਧ ਦੇ **ਚੌਥੇ ਅਧਿਆਇ** ਦਾ ਵਿਸ਼ਾ ਖਾਲਸਈ ਬੋਲੇ ਅਤੇ ਸ਼ਸਤਰ ਵਿੱਦਿਆ ਹੈ। ਇਸ ਅਧਿਆਇ ਵਿਚ ਨਿਹੰਗ ਸਿੰਘਾਂ ਵਲੋਂ ਅਤਿ ਬਿਪਤਾ ਦੇ ਸਮੇਂ ਰਚੇ ਗਏ ਗੁਪਤ ਬੋਲਿਆਂ ਬਾਰੇ ਵਿਸ਼ਲੇਸ਼ਣ ਕੀਤਾ ਗਿਆ ਹੈ। ਖਾਲਸਈ ਬੋਲਿਆਂ ਦੇ ਰਚਨ ਕਾਲ, ਗਿਣਤੀ, ਸ਼ੈਲੀ ਅਤੇ ਰਚੇ ਜਾਣ ਦੇ ਕਾਰਨ ਆਦਿ ਪੱਖਾਂ ਨੂੰ ਇਸ ਅਧਿਆਇ ਵਿਚ ਸ਼ਾਮਿਲ ਕੀਤਾ ਗਿਆ ਹੈ। ਇਹ ਸ਼ਬਦਾਵਲੀ ਜਿੱਥੇ ਜੰਗੀ ਰਣਨੀਤੀ ਦਾ ਹਿੱਸਾ ਸੀ ਉੱਥੇ ਖਾਲਸੇ ਦੀ ਚੜ੍ਹਦੀ ਕਲਾ ਦਾ ਸੂਚਕ ਵੀ ਸੀ। ਇਸੇ ਭਾਗ ਵਿਚ ਨਿਹੰਗ ਸਿੰਘਾਂ ਦੇ ਜੰਗੀ

ਸਰੂਪ ਦੀ ਤਰਜਮਾਨੀ ਕਰਦੀ ਉਨ੍ਹਾਂ ਦੀ ਬੇਮਿਸਾਲ ਸ਼ਸਤਰ ਵਿੱਦਿਆ, ਗੁਰੀਲਾ ਪੈਂਤੜੇ ਅਤੇ ਘੋੜ ਸਵਾਰੀ ਦਾ ਵਰਨਣ ਕੀਤਾ ਗਿਆ ਹੈ। ਇਸੇ ਸ਼ਸਤਰ ਵਿੱਦਿਆ ਦੀ ਬਦੌਲਤ ਖਾਲਸਾ ਰਾਜ ਕਾਇਮ ਹੋ ਸਕਿਆ ਕਿਉਂਕਿ ਖਾਲਸੇ ਦੀ ਸ਼ਸਤਰ ਵਿੱਦਿਆ ਦੀ ਧਾਕ ਕਾਬਲ-ਕੰਧਾਰ ਤੱਕ ਪੈਂਦੀ ਸੀ।

**ਪੰਜਵੇਂ ਅਧਿਆਇ** ਦਾ ਵਿਸ਼ਾ ਨਿਹੰਗ ਸਿੰਘ ਜਥੇਬੰਦੀ: ਯੋਗਦਾਨ ਅਤੇ ਵਰਤਮਾਨ ਸਥਿਤੀ ਹੈ। ਨਿਹੰਗ ਸਿੰਘ ਜਥੇਬੰਦੀ ਦੁਆਰਾ ਧਾਰਮਿਕ ਖੇਤਰ, ਸਾਹਿਤਿਕ, ਸਮਾਜਿਕ ਅਤੇ ਵਿੱਦਿਅਕ ਖੇਤਰ ਵਿਚ ਯੋਗਦਾਨ ਬਾਰੇ ਵਿਚਾਰ ਕਰਦਿਆਂ ਇਨ੍ਹਾਂ ਸੰਤ-ਸਿਪਾਹੀਆਂ ਦੁਆਰਾ ਰਚਿਤ ਸਾਹਿਤ ਦੀ ਜਾਣਕਾਰੀ ਦਿੱਤੀ ਗਈ ਹੈ। ਨਿਹੰਗ ਸਿੰਘ ਜਥੇਬੰਦੀ ਵਲੋਂ ਦੁਸਿਹਰਾ ਮਹਾਤਮ ਪੋਥੀ ਅਤੇ ਨਿਹੰਗ ਸਿੰਘ ਸੰਦੇਸ਼ ਪੱਤ੍ਰਿਕਾ ਬਾਰੇ ਮੁਖ ਰੂਪ ਵਿਚ ਜਾਣਕਾਰੀ ਦਿੱਤੀ ਗਈ ਹੈ। ਬੁੱਢਾ ਦਲ ਵਲੋਂ ਲਗਾਈਆਂ ਪ੍ਰਿੰਟਿੰਗ ਪ੍ਰੈੱਸਾਂ ਤੋਂ ਇਲਾਵਾ ਸਕੂਲਾਂ, ਕਾਲਜਾਂ ਅਤੇ ਗੁਰਮਤਿ ਵਿਦਿਆਲਿਆਂ ਦੀ ਜਾਣਕਾਰੀ ਦਿੱਤੀ ਗਈ ਹੈ। ਇਸ ਜਥੇਬੰਦੀ ਦੀ ਪੰਜਾਬੀ ਸਾਹਿਤ ਨੂੰ ਵੱਡਮੁੱਲੀ ਦੇਣ ਹੈ। ਇਸ ਤੋਂ ਇਹ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਇਨ੍ਹਾਂ ਯੋਧਿਆਂ ਨੇ ਸਿੱਖ ਧਰਮ ਦੇ ਹਰ ਖੇਤਰ ਜਿਵੇਂ ਬਾਣੀ-ਬਾਣਾ, ਧਰਮ ਦੀ ਰੱਖਿਆ ਲਈ ਸ਼ਹੀਦੀ, ਗੁਰਮਤਿ ਵਿੱਦਿਆ ਪੜ੍ਹਾਉਣੀ, ਗੁਰਮਤਿ ਪ੍ਰਚਾਰ, ਮੀਰੀ-ਪੀਰੀ, ਸ਼ਸਤਰਾਂ ਦੀ ਸਿਖਲਾਈ ਅਤੇ ਸਾਹਿਤ ਦੇ ਖੇਤਰ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਨਿਹੰਗ ਸਿੰਘਾਂ ਦੀਆਂ ਕ੍ਰਿਪਾਨ ਸੰਬੰਧੀ ਮੋਰਚੇ ਵਿਚ ਹੋਈਆਂ ਗ੍ਰਿਫਤਾਰੀਆਂ ਦਾ ਜ਼ਿਕਰ ਅਤੇ ਗੁ: ਪਾਉਂਟਾ ਸਾਹਿਬ ਦੇ ਖੂਨੀ ਸਾਕੇ ਦਾ ਵਰਨਣ ਕੀਤਾ ਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਸੇਵਾ ਨਿਭਾਉਣ ਵਾਲੇ ਨਿਹੰਗ ਸਿੰਘਾਂ ਦੀ ਜਾਣਕਾਰੀ ਦਿੱਤੀ ਗਈ ਹੈ। ਅੰਗਰੇਜਾਂ ਅਤੇ ਦੇਸੀ ਰਿਆਸਤਾਂ ਦੁਆਰਾ ਨਿਹੰਗ ਸਿੰਘਾਂ ਵਿਚ ਨਿਘਾਰ ਦੇ ਕਾਰਨਾਂ ਦਾ ਪਤਾ ਲਗਾਇਆ ਗਿਆ ਹੈ। ਇਸ ਅਧਿਆਇ ਵਿਚ ਨਿਹੰਗ ਸਿੰਘ ਜਥੇਬੰਦੀ ਦੀਆਂ ਉੱਘੀਆਂ ਸ਼ਖਸੀਅਤਾਂ ਬਾਰੇ ਵੀ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ। ਨਾਲ ਹੀ ਇਸ ਜਥੇਬੰਦੀ ਦੇ ਹੋਰ ਵੱਖ-ਵੱਖ ਦਲਾਂ ਬਾਰੇ ਵੇਰਵਾ ਦਿੱਤਾ ਗਿਆ ਹੈ। ਅੰਤ ਵਿਚ ਇਸ ਜਥੇਬੰਦੀ ਵਿਚ ਆਏ ਨਿਘਾਰ ਦੇ ਕਾਰਨਾਂ ਦਾ ਵਰਨਣ ਕਰ ਕੇ ਇਸ ਜਥੇਬੰਦੀ ਸੰਬੰਧੀ ਵੱਖ-ਵੱਖ ਵਿਦਵਾਨਾਂ ਦੀ ਰਾਇ ਅਤੇ ਸੁਝਾਵਾਂ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ।

ਸਾਰ ਅਤੇ ਸਥਾਪਨਾਵਾਂ ਨੂੰ ਦਰਸਾ ਕੇ ਅੰਤ ਵਿਚ ਤੱਥਗਤ ਜਾਣਕਾਰੀ ਹਿਤ ਅੰਤਿਕਾਵਾਂ ਅਤੇ ਖੋਜ-ਪ੍ਰਬੰਧ ਲਈ ਸਹਾਇਕ ਹਵਾਲਾ ਗ੍ਰੰਥਾਂ/ਪੁਸਤਕਾਂ ਦੀ ਪੁਸਤਕ ਸੂਚੀ ਦਰਜ ਕੀਤੀ ਗਈ ਹੈ। ਖੋਜ-

ਪ੍ਰਬੰਧ ਨੂੰ ਸੰਪੂਰਨ ਕਰਨ ਤੋਂ ਬਾਅਦ ਇਸ ਖੋਜ ਕਾਰਜ ਦੀਆਂ ਉਪਲਬਧੀਆਂ ਨੂੰ ਨਿਮਨ ਲਿਖਿਤ ਪੱਖਾਂ ਤੋਂ ਵਾਚਿਆ ਜਾ ਸਕਦਾ ਹੈ:

1. ਇਸ ਖੋਜ ਕਾਰਜ ਰਾਹੀਂ ਵਿਸ਼ੇ ਨਾਲ ਸੰਬੰਧਿਤ ਸਮੱਗਰੀ ਇਕ ਥਾਂ ਇਕੱਠੀ ਕੀਤੀ ਗਈ ਹੈ।
2. ਇਸ ਖੋਜ ਕਾਰਜ ਵਿਚ ਅਸੀ ਸਿਰਫ ਨਿਹੰਗ ਸਿੰਘ ਜਥੇਬੰਦੀ ਦੇ ਸਿਧਾਂਤਾਂ ਤੱਕ ਹੀ ਸੀਮਿਤ ਨਹੀਂ ਰਹੇ ਸਗੋਂ ਇਸ ਜਥੇਬੰਦੀ ਦੇ ਅਮਲੀ ਪ੍ਰਗਟਾਅ ਅਤੇ ਇਤਿਹਾਸਿਕ ਪੱਖਾਂ ਨੂੰ ਵੀ ਵਿਚਾਰਨ ਦੇ ਯਤਨ ਕੀਤੇ ਗਏ ਹਨ।
3. ਨਿਹੰਗ ਸਿੰਘ ਜਥੇਬੰਦੀ ਨਾਲ ਸੰਬੰਧਿਤ ਵਿਭਿੰਨ ਪਹਿਲੂਆਂ ਨੂੰ ਅਕਾਦਮਿਕ ਪੱਧਰ 'ਤੇ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ।
4. ਇਸ ਖੋਜ ਕਾਰਜ ਵਿਚ ਨਿਹੰਗ ਸਿੰਘ ਜਥੇਬੰਦੀ ਵਲੋਂ ਰਚੇ ਗਏ ਸਾਹਿਤ ਨੂੰ ਉਜਾਗਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।
5. ਇਸ ਖੋਜ ਕਾਰਜ ਵਿਚ ਅਸੀਂ ਖਾਲਸਈ ਬੋਲਿਆਂ ਦੇ ਸਰੂਪ, ਰਚਨ ਕਾਲ, ਗਿਣਤੀ, ਸ਼ੈਲੀ ਆਦਿ ਵੱਖ-ਵੱਖ ਪੱਖਾਂ ਤੋਂ ਵਿਸ਼ਲੇਸ਼ਣ ਕੀਤਾ ਗਿਆ ਹੈ।
6. ਸ਼ਸਤਰ ਵਿੱਦਿਆ, ਗੁਰੀਲਾ ਰਣ ਨੀਤੀ, ਢਾਈ ਫੱਟ, ਗੱਤਕਾ ਅਤੇ ਘੋੜ ਸਵਾਰੀ ਦੇ ਵੱਖ-ਵੱਖ ਪਹਿਲੂਆਂ ਉੱਤੇ ਚਾਨਣਾ ਪਾਇਆ ਗਿਆ ਹੈ।
7. ਇਸ ਖੋਜ ਕਾਰਜ ਵਿਚ ਨਿਹੰਗ ਸਿੰਘ ਜਥੇਬੰਦੀ ਦੇ ਇਤਿਹਾਸ ਸੰਬੰਧੀ ਅਧਿਆਇ ਵਿਚ ਅਸੀਂ ਨਿਹੰਗ ਸਿੰਘਾਂ ਦੇ ਗੁਰੂ ਕਾਲ ਦੇ ਸਮੇਂ ਤੋਂ ਲੈ ਕੇ ਮੌਜੂਦਾ ਸਮੇਂ ਤੱਕ ਦੇ ਹਾਲਾਤ ਨੂੰ ਦਰਸਾਉਣ ਦਾ ਯਤਨ ਕੀਤਾ ਹੈ।
8. ਨਿਹੰਗ ਸਿੰਘਾਂ ਦਾ ਇਤਿਹਾਸ ਵਧੇਰੇ ਮੌਖਿਕ ਹੋਣ ਕਰਕੇ ਇਸ ਜਥੇਬੰਦੀ ਦੀਆਂ ਨਾਮਵਰ ਸ਼ਖਸੀਅਤਾਂ ਦੀ ਇੰਟਰਵਿਊ ਲੈ ਕੇ ਜਾਣਕਾਰੀ ਇਕੱਤਰ ਕਰਨ ਦਾ ਯਤਨ ਕੀਤਾ ਗਿਆ ਹੈ।
9. ਇਸ ਖੋਜ ਕਾਰਜ ਵਿਚ ਪਰੰਪਰਾ, ਸੰਪਰਦਾ, ਸੰਸਥਾ ਅਤੇ ਜਥੇਬੰਦੀ ਦੇ ਅਰਥ ਦਸਣ ਦੇ ਯਤਨ ਕੀਤੇ ਹਨ ਅਤੇ ਸਿੱਖ ਧਰਮ ਦੀਆਂ ਗੁਰੂ ਕਾਲ ਤੋਂ ਚਲੀਆਂ ਆ ਰਹੀਆਂ ਬਾਕੀ ਸੰਪਰਦਾਵਾਂ ਬਾਰੇ ਵੀ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਹੈ।

10. ਇਸ ਖੋਜ ਕਾਰਜ ਵਿਚ ਬੁੱਢਾ ਦਲ ਅਤੇ ਤਰਨਾ ਦਲ ਦੇ ਸਮੂਹ ਜਥੇਦਾਰਾਂ ਦੇ ਜੀਵਨ ਉੱਤੇ ਚਾਨਣਾ ਪਾ ਕੇ ਅਹਿਮ ਤੱਥਾਂ ਦੀ ਖੋਜ ਕੀਤੀ ਗਈ ਹੈ ਜਿਸ ਵਿਚ ਬਾਬਾ ਬਿਨੋਦ ਸਿੰਘ ਦੀ ਸ਼ਹੀਦੀ, ਬਾਬਾ ਹਨੂਮਾਨ ਸਿੰਘ ਜੀ ਨਾਲ ਸ਼ਹੀਦ ਹੋਣ ਵਾਲੇ ਸਿੰਘਾਂ ਦੇ ਅਸਥਾਨ ਆਦਿ।

11. ਇਸ ਖੋਜ ਕਾਰਜ ਵਿਚ ਨਿਹੰਗ ਸਿੰਘ ਜਥੇਬੰਦੀ ਦੁਆਰਾ ਸਾਹਿਤਿਕ, ਧਾਰਮਿਕ, ਸਮਾਜਿਕ ਅਤੇ ਵਿੱਦਿਅਕ ਯੋਗਦਾਨ ਬਾਰੇ ਜਾਣਕਾਰੀ ਦਿੱਤੀ ਗਈ ਹੈ।

12. ਨਿਹੰਗ ਸਿੰਘਾਂ ਬਾਰੇ ਫੈਲੀਆਂ ਗਲਤ ਧਾਰਨਾਵਾਂ ਜਿਵੇਂ ਮੁਫਤ ਸਫਰ ਕਰਨਾ, ਭੰਗ ਜਾਂ ਸ਼ਰਾਬ ਪੀਣਾ, ਉਗਰਾਹੀ ਕਰਨ ਆਦਿ ਨੂੰ ਸਪਸ਼ਟ ਕਰਨ ਦਾ ਯਤਨ ਕੀਤਾ ਗਿਆ ਹੈ ਅਤੇ ਨਿਹੰਗ ਬਾਣੇ ਦੇ ਭੇਖ ਵਿਚ ਛੁਪੇ ਗਲਤ ਅਨਸਰਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ ਹੈ। ਇਸਦੇ ਨਾਲ ਹੀ ਇਸ ਜਥੇਬੰਦੀ ਵਲੋਂ ਅਜਿਹੇ ਭੇਖੀ ਅਨਸਰਾਂ ਨੂੰ ਤਾੜਨਾ ਕਰਨ ਲਈ ਚੁੱਕੇ ਸ਼ਲਾਘਾਯੋਗ ਕਦਮਾਂ ਬਾਰੇ ਦਸਣ ਦੇ ਯਤਨ ਕੀਤੇ ਗਏ ਹਨ।

13. ਅੰਗਰੇਜ਼ਾਂ ਅਤੇ ਦੇਸੀ ਰਿਆਸਤਾਂ ਦੁਆਰਾ ਇਸ ਜਥੇਬੰਦੀ ਵਿਚ ਪੈਦਾ ਕੀਤੇ ਨਿਘਾਰ ਦੇ ਕਾਰਨਾਂ ਦਾ ਪਤਾ ਲਾਇਆ ਗਿਆ ਹੈ।

14. ਨਿਹੰਗ ਸਿੰਘਾਂ ਦੁਆਰਾ ਲਿਖੇ ਸਾਹਿਤ, ਖਰੜਿਆਂ ਅਤੇ ਲੇਖਾਂ ਨੂੰ ਇਕੱਠੇ ਕਰ ਕੇ ਉਨ੍ਹਾਂ ਵਿਚਲੀ ਸਮੱਗਰੀ ਨੂੰ ਇਕ ਜਗ੍ਹਾ ਇਕੱਠਾ ਕਰਨ ਦਾ ਉਪਰਾਲਾ ਕੀਤਾ ਗਿਆ ਹੈ ਤਾਂ ਜੋ ਭਵਿੱਖ ਵਿਚ ਖੋਜ ਲਈ ਸਾਰੀ ਸਮੱਗਰੀ ਇਕ ਜਗ੍ਹਾ ਹੀ ਪ੍ਰਾਪਤ ਹੋ ਜਾਵੇ।

ਆਪਣੇ ਖੋਜ ਕਾਰਜ ਦੇ ਅਧਿਐਨ ਤੋਂ ਬਾਅਦ ਇਹ ਕਿਹਾ ਜਾ ਸਕਦਾ ਹੈ ਕਿ ਇਹ ਕਲਗੀਧਰ ਪਾਤਸ਼ਾਹ ਦਾ ਸਾਜਿਆ ਹੋਇਆ ਪੰਥ ਹੈ। ਨਿਹੰਗ ਸਿੰਘਾਂ ਦੀਆਂ ਕੁਰਬਾਨੀਆਂ ਅਤੇ ਅਣਗੌਲੇ ਇਤਿਹਾਸ ਨੂੰ ਦੇਖਦਿਆਂ ਹੋਇਆਂ ਸਮਾਜ ਵਿਚ ਇਨ੍ਹਾਂ ਨੂੰ ਸਤਿਕਾਰ ਦੀ ਦ੍ਰਿਸ਼ਟੀ ਨਾਲ ਦੇਖਿਆ ਜਾਣਾ ਚਾਹੀਦਾ ਹੈ। ਉਮੀਦ ਹੈ ਕਿ ਇਹ ਖੋਜ ਕਾਰਜ ਨਿਹੰਗ ਸਿੰਘ ਜਥੇਬੰਦੀ ਦੁਆਰਾ ਸਿੱਖ ਇਤਿਹਾਸ, ਸਾਹਿਤ, ਧਾਰਮਿਕ ਅਤੇ ਵਿੱਦਿਅਕ ਖੇਤਰ ਵਿਚ ਪਾਏ ਯੋਗਦਾਨ ਨੂੰ ਦਰਸਾਉਣ ਵਿਚ ਸਹਾਈ ਸਿੱਧ ਹੋਵੇਗਾ ਅਤੇ ਇਸ ਵਿਸ਼ੇ ਬਾਰੇ ਭਵਿੱਖ ਵਿਚ ਹੋਣ ਵਾਲੀ ਖੋਜ ਲਈ ਸਹਾਇਕ ਬਣੇਗਾ।

# ABSTRACT

**Topic** : Nihang Singh Jathebandi: Sidhant ate Amal
**Researcher** : Maninder Singh
**Supervisor** : Dr. Mohammad Habib
**Co- Supervisor** : Dr. Gurnaib Singh
**Key technical words:** Practical aspects, Historical, Literature, Concept, Analysis

With the blessings of Guru Gobind Singh, the Nihang cult which was started by Sahibzada Baba Fateh Singh Ji, reflecting the war traditions of the Sikh world. In response to the peaceful martyrdom of the Sikh Gurus and the oppressive policy of the time, Guru Gobind Singh ji organized the armed Khalsa into the Nihang Singhs, the original form of the Khalsa. This research effort seeks to consider the principles and practical aspects of this organization.

An attempt has been made to trace the history of the Jathedars of the Budha Dal and Tarna Dal from the Guru's time to the present. The organization seeks to highlight literature, religious, social and educational contribution. This research work aims to put the spotlight on the analysis of code language, war traditions and Gorilla warfare. An attempt has been made to clear up the misconceptions about Nihang Singhs. The cause of the decline in this organization caused by the British and the native states have been ascertained. Many topics indirectly related to this research work such as authenticity of Sri Dasam Granth Sahib, authenticity of Sri Gur Pur Parkash Granth written by Baba Binod Singh, betrayal or loyalty of Baba Binod Singh etc, are not in the scope of our research but one are the subject of separate research.

# ਐਬਸਟ੍ਰੈਕਟ (ਤੱਤ-ਸਾਰ)

ਸਿਰਲੇਖ: **ਨਿਹੰਗ ਸਿੰਘ ਜਥੇਬੰਦੀ: ਸਿਧਾਂਤ ਅਤੇ ਅਮਲ**

ਖੋਜਾਰਥੀ: ਮਨਿੰਦਰ ਸਿੰਘ

ਨਿਗਰਾਨ: ਡਾ. ਮੁਹੰਮਦ ਹਬੀਬ

ਸਹਿ ਨਿਗਰਾਨ: ਡਾ. ਗੁਰਨਾਇਬ ਸਿੰਘ

ਪ੍ਰਮੁਖ ਤਕਨੀਕੀ ਸ਼ਬਦ: ਅਮਲ, ਇਤਿਹਾਸਿਕ, ਸਾਹਿਤ, ਸ਼ਸਤਰ, ਸਿਧਾਂਤ, ਜਥਾ, ਜਥੇਦਾਰ, ਵਿੱਦਿਅਕ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਰਦਾਨ ਦੁਆਰਾ ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਜੀ ਤੋਂ ਸ਼ੁਰੂ ਹੋਈ ਨਿਹੰਗ ਸਿੰਘ ਜਥੇਬੰਦੀ ਸਿੱਖ ਜਗਤ ਦੀਆਂ ਜੰਗੀ ਰਵਾਇਤਾਂ ਨੂੰ ਦਰਸਾਉਂਦੀ ਅਹਿਮ ਜਥੇਬੰਦੀ ਹੈ। ਸਿੱਖ ਗੁਰੂ ਸਾਹਿਬਾਨ ਦੀ ਸ਼ਾਂਤਮਈ ਸ਼ਹਾਦਤ ਅਤੇ ਸਮੇਂ ਦੀ ਜ਼ਾਬਰਾਨਾ ਨੀਤੀ ਦੇ ਪ੍ਰਤਿਕਰਮ ਦੇ ਰੂਪ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਸਤਰਧਾਰੀ ਖਾਲਸੇ ਨੂੰ 'ਨਿਹੰਗ ਸਿੰਘਾਂ' ਦੇ ਰੂਪ ਵਿਚ ਸੰਗਠਿਤ ਕੀਤਾ ਜੋ ਕਿ ਖਾਲਸੇ ਦਾ ਮੌਲਿਕ ਸਰੂਪ ਹੈ। ਇਸ ਖੋਜ ਕਾਰਜ ਵਿਚ ਇਸ ਜਥੇਬੰਦੀ ਦੇ ਸਿਧਾਂਤਾਂ ਅਤੇ ਵਿਵਹਾਰਿਕ ਪੱਖ ਨੂੰ ਵਿਚਾਰਨ ਦਾ ਯਤਨ ਕੀਤਾ ਹੈ। ਗੁਰੂ ਕਾਲ ਤੋਂ ਲੈ ਕੇ ਮੌਜੂਦਾ ਸਮੇਂ ਤੱਕ ਦੇ ਹਾਲਾਤ ਨੂੰ ਦਰਸਾ ਕੇ ਬੁੱਢਾ ਦਲ ਅਤੇ ਤਰਨਾ ਦਲ ਦੇ ਜਥੇਦਾਰਾਂ ਦੇ ਇਤਿਹਾਸ ਨੂੰ ਦਰਸਾਉਣ ਦਾ ਯਤਨ ਕੀਤਾ ਗਿਆ ਹੈ। ਇਸ ਜਥੇਬੰਦੀ ਵਲੋਂ ਰਚੇ ਗਏ ਸਾਹਿਤ, ਖਰੜੇ, ਲੇਖ ਅਤੇ ਧਾਰਮਿਕ, ਸਮਾਜਿਕ ਅਤੇ ਵਿੱਦਿਅਕ ਯੋਗਦਾਨ ਨੂੰ ਉਜਾਗਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਖਾਲਸਈ ਬੋਲਿਆਂ ਦਾ ਵੱਖ-ਵੱਖ ਪੱਖਾਂ ਤੋਂ ਵਿਸ਼ਲੇਸ਼ਣ ਕੀਤਾ ਗਿਆ ਹੈ ਅਤੇ ਸ਼ਸਤਰ ਵਿੱਦਿਆ, ਗੁਰੀਲਾ ਰਣ ਨੀਤੀ ਅਤੇ ਘੋੜ ਸਵਾਰੀ ਦੇ ਵੱਖ-ਵੱਖ ਪਹਿਲੂਆਂ ਉੱਤੇ ਚਾਨਣਾ ਪਾਇਆ ਗਿਆ ਹੈ। ਨਿਹੰਗ ਸਿੰਘਾਂ ਬਾਰੇ ਫੈਲੀਆਂ ਗਲਤ ਧਾਰਨਾਵਾਂ ਨੂੰ ਸਪਸ਼ਟ ਕਰਨ ਦਾ ਯਤਨ ਕੀਤਾ ਗਿਆ ਹੈ। ਅੰਗਰੇਜ਼ਾਂ ਅਤੇ ਦੇਸੀ ਰਿਆਸਤਾਂ ਦੁਆਰਾ ਇਸ ਜਥੇਬੰਦੀ ਵਿਚ ਪੈਦਾ ਕੀਤੇ ਨਿਘਾਰ ਦੇ ਕਾਰਨਾਂ ਦਾ ਪਤਾ ਲਾਇਆ ਗਿਆ ਹੈ। ਇਸ ਖੋਜ ਕਾਰਜ ਨਾਲ ਅਸਿੱਧੇ ਰੂਪ ਵਿਚ ਜੁੜੇ ਕਈ ਵਿਸ਼ੇ ਜਿਵੇਂ: ਸ੍ਰੀ ਦਸਮ ਗ੍ਰੰਥ ਸਾਹਿਬ ਅਤੇ ਸਰਬਲੋਹ ਗ੍ਰੰਥ ਦੀ ਪ੍ਰਮਾਣਿਕਤਾ, ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ ਦੇ ਬਾਬਾ ਬਿਨੋਦ ਸਿੰਘ ਦੁਆਰਾ ਲਿਖੇ ਜਾਣ ਦੀ ਪ੍ਰਮਾਣਿਕਤਾ, ਬਾਬਾ ਬਿਨੋਦ ਸਿੰਘ ਦੀ ਗੱਦਾਰੀ ਜਾਂ ਵਫ਼ਾਦਾਰੀ ਆਦਿ ਵਿਸ਼ੇ ਸਾਡੀ ਖੋਜ ਦੇ ਘੇਰੇ ਵਿਚ ਨਹੀਂ, ਸਗੋਂ ਇਕ ਵੱਖਰੀ ਖੋਜ ਦਾ ਵਿਸ਼ਾ ਹਨ।

# ਅੰਤਿਕਾ 1

**ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਅਤੇ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਬਾਬਾ ਬਕਾਲਾ ਸਾਹਿਬ ਤੋਂ ਇਲਾਵਾ ਨਿਹੰਗ ਸਿੰਘ ਜਥੇਬੰਦੀ ਦੇ ਪ੍ਰਮੁਖ ਦਲਾਂ-ਪੰਥਾਂ ਦਾ ਸੂਚੀ**

- ਇੰਟਰਨੈਸ਼ਨਲ ਮਾਲਵਾ ਤਰਨਾ ਦਲ, ਗੁ: ਪਾਉ ਸਾਹਿਬ, ਪਿੰਡ ਕੜੈਲ, ਮੂਣਕ, ਸੰਗਰੂਰ
- ਸਾਹਿਬਜਾਦਾ ਬਾਬਾ ਫ਼ਤਿਹ ਸਿੰਘ ਜੀ ਤਰਨਾ ਦਲ ਹੁਸ਼ਿਆਰਪੁਰ
- ਸ਼੍ਰੋਮਣੀ ਜਰਨੈਲ ਸਾਹਿਬਜਾਦਾ ਬਾਬਾ ਜੁਝਾਰ ਸਿੰਘ ਬਾਬਾ ਜੀਵਨ ਸਿੰਘ ਨਿਹੰਗ ਸਿੰਘ ਖਾਲਸਾ ਦਲ, ਗੁ: ਸ਼ਹੀਦ ਗੰਜ ਸਾਹਿਬਜਾਦਾ ਬਾਬਾ ਜੁਝਾਰ ਸਿੰਘ, ਛਾਉਣੀ ਨਿਹੰਗ ਸਿੰਘਾਂ, ਚੌਂਤਾ ਕਲਾ, ਸ੍ਰੀ ਚਮਕੌਰ ਸਾਹਿਬ
- ਸ਼੍ਰੋਮਣੀ ਜਰਨੈਲ ਹਰੀ ਸਿੰਘ ਨਲੂਆ, ਗੁ: ਫਲਾਹੀ ਸਾਹਿਬ, ਵਡਾਲਾ ਗ੍ਰੰਥੀਆਂ, ਗੁਰਦਾਸਪੁਰ
- ਸ਼੍ਰੋਮਣੀ ਪੰਥ ਅਕਾਲੀ ਦਸਮੇਸ਼ ਤਰਨਾ ਦਲ, ਪੰਜਵਾਂ ਨਿਸ਼ਾਨ ਮਿਸਲ 1300 ਘੋੜ ਸਵਾਰ ਬਾਬਾ ਬੀਰ ਸਿੰਘ ਰੰਘਰੇਟਾ, ਬਿਜਲੀ ਘਰ ਮੁਸਤਫਾਬਾਦ, ਬਟਾਲਾ ਰੋਡ, ਅੰਮ੍ਰਿਤਸਰ
- ਗੁਰੂ ਨਾਨਕ ਦਲ ਮੜ੍ਹੀਆਂ ਵਾਲਾ, ਬਟਾਲਾ
- ਤਰਨਾ ਦਲ ਮਿਸਲ ਸ਼ਹੀਦਾਂ, ਗੁ: ਡੇਹਰਾ ਸਾਹਿਬ, ਭਿੱਖੀਵਿੰਡ
- ਦਸ਼ਮੇਸ਼ ਤਰਨਾ ਦਲ ਸ਼ਹੀਦ ਬਾਬਾ ਜੀਵਨ ਸਿੰਘ ਜੀ ਰੰਘਰੇਟੇ, ਖਜਾਨਾ ਗੇਟ, ਝਬਾਲ ਰੋਡ, ਅੰਮ੍ਰਿਤਸਰ
- ਦਲ ਪੰਥ ਮਿਸਲ ਸ਼ਹੀਦ ਬਾਬ ਸੰਗਤ ਸਿੰਘ ਅਰਬਾਂ ਖਰਬਾਂ, ਸੰਗਰੂਰ
- ਦਲ ਬਾਬਾ ਬਿਧੀ ਚੰਦ ਜੀ, ਸੁਰ ਸਿੰਘ, ਤਰਨਤਾਰਨ
- ਪੰਥ ਅਕਾਲੀ ਤਰਨਾ ਦਲ ਮਿਸਲ ਬਾਬਾ ਮਹਾਂ ਸਿੰਘ, ਗੁ: ਪਾ: ੬, ਮਜੀਠਾ ਬਾਈਪਾਸ ਰੋਡ, ਅੰਮ੍ਰਿਤਸਰ
- ਪੰਥ ਅਕਾਲੀ ਦਸਮੇਸ਼ ਤਰਨਾ ਦਲ ਮਿਸਲ ਬਾਬਾ ਨਿਬਾਹੂ ਸਿੰਘ, ਪਿੰਡ ਮੁਸਤਰਾਪੁਰ, ਜ਼ਿਲ੍ਹਾ ਗੁਰਦਾਸਪੁਰ

- ਪੰਥ ਅਕਾਲੀ ਦਲ ਖਾਲਸਾ ਨਿਹੰਗ ਸਿੰਘਾਂ, ਗੁ: ਗੁਰੂ ਹਰਿਗੋਬਿੰਦ ਸਾਹਿਬ, ਚੌਂਕ ਖਿਆਲਾ, ਅੰਮ੍ਰਿਤਸਰ
- ਪੰਥ ਅਕਾਲੀ ਨਿਰਵੈਰ ਉੱਡਣਾ ਦਲ, ਮੋਇਆਂ ਦੀ ਮੰਡੀ, ਹਰਪਾਲਪੁਰ, ਸ੍ਰੀ ਫਤਿਹਗੜ੍ਹ ਸਾਹਿਬ
- ਮਾਲਵਾ ਤਰਨਾ ਦਲ, ਗੁ: ਚਾਨਣ ਸਾਹਿਬ, ਪਿੰਡ ਫੱਤੋਵਾਲ, ਕਪੂਰਥਲਾ
- ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਵੇਲਾਂ, ਜ਼ਿਲ੍ਹਾ ਹੁਸ਼ਿਆਰਪੁਰ
- ਮਿਸਲ ਸ਼ਹੀਦਾਂ ਤਰਨਾ ਦਲ ਕੰਗਣੀਵਾਲ, ਜਲੰਧਰ
- ਮਿਸਲ ਸ੍ਰੀ ਹਰਿਕ੍ਰਿਸ਼ਨ ਸਾਹਿਬ ਤਰਨਾ ਦਲ, ਚੌਗਾਵਾਂ ਪਿੰਡ ਖਿਆਲਾ, ਅੰਮ੍ਰਿਤਸਰ
- ਮਿਸਲ ਗੁਰੂ ਹਰਿਗੋਬਿੰਦ ਸਾਹਿਬ ਤਰਨਾ ਦਲ ਮਹਿਤਾ ਚੌਂਕ, ਅੰਮ੍ਰਿਤਸਰ

# ਅੰਤਿਕਾ 2

**ਚੋਣਵੇਂ ਗੁਰਦੁਆਰੇ**

- ਸਰਬਲੋਹ ਬੁੰਗਾ ਛਾਉਣੀ ਨਿਹੰਗ ਸਿੰਘਾਂ, ਨਾਂਦੇੜ, ਮਹਾਂਰਾਸ਼ਟਰ
- ਗੁ: ਅਮਰ ਸ਼ਹੀਦ ਬਾਬਾ ਜੀਵਨ ਸਿੰਘ ਜੀ, ਬਟਾਲਾ ਰੋਡ, ਅੰਮ੍ਰਿਤਸਰ
- ਗੁ: ਸ਼ਹੀਦੀ ਬਾਗ, ਅਨੰਦਪੁਰ ਸਾਹਿਬ
- ਗੁ: ਸਮਾਧਾ ਬਾਬਾ ਨੌਧ ਸਿੰਘ, ਚੱਬਾ, ਅੰਮ੍ਰਿਤਸਰ-ਤਰਨਤਾਰਨ ਰੋਡ
- ਗੁ: ਸ੍ਰੀ ਹਰੀਆਂ ਵੇਲਾਂ ਪਾ: ੭, ਹਰੀਆਂ ਵੇਲਾਂ, ਹੁਸ਼ਿਆਰਪੁਰ
- ਗੁ: ਤਾੜੀ ਸਾਹਿਬ, ਸ੍ਰੀ ਚਮਕੌਰ ਸਾਹਿਬ
- ਗੁ: ਪਾ: ੬ ਸੁਰ ਸਿੰਘ, ਤਹਿਸੀਲ ਪੱਟੀ, ਤਰਨਤਾਰਨ
- ਗੁ: ਪਾ: ੬ ਬਾਬਾ ਬਕਾਲਾ ਸਾਹਿਬ
- ਗੁ: ਬਗੀਚੀ ਬਾਬਾ ਬੰਬਾ ਸਿੰਘ ਜੀ ਛਾਉਣੀ ਬੁੱਢਾ ਦਲ, ਪਟਿਆਲਾ
- ਗੁ: ਬਿਬਾਨਗੜ੍ਹ ਸਾਹਿਬ, ਸ੍ਰੀ ਫਤਿਹਗੜ੍ਹ ਸਾਹਿਬ
- ਗੁ: ਬੇਰ ਸਾਹਿਬ ਛਾਉਣੀ ਬੁੱਢਾ ਦਲ, ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ, ਬਠਿੰਡਾ
- ਗੁ: ਮਾਤਾ ਸਾਹਿਬ ਕੌਰ ਜੀ, ਨਾਂਦੇੜ, ਮਹਾਂਰਾਸ਼ਟਰ
- ਗੁ: ਮਿੱਠਾਸਰ ਸਾਹਿਬ ਪਾ: ੬, ਅਨੰਦਪੁਰ ਸਾਹਿਬ
- ਬੁਰਜ ਅਕਾਲੀ ਫੂਲਾ ਸਿੰਘ ਜੀ, ਘੀ ਮੰਡੀ, ਅੰਮ੍ਰਿਤਸਰ

## ਅੰਤਿਕਾ 3

**ਪ੍ਰਮੁਖ ਕਾਲਜ, ਸਕੂਲ ਅਤੇ ਵਿਦਿਆਲੇ:**

- ਸ੍ਰੀ ਗੁਰੂ ਹਰਿ ਰਾਇ ਸਾਹਿਬ ਕਾਲਜ (ਲੜਕੀਆਂ) ਚੱਬੇਵਾਲ, ਹੁਸ਼ਿਆਰਪੁਰ (ਪੰਜਾਬ ਯੂਨੀਵਰਸਿਟੀ ਨਾਲ ਸੰਬੰਧਿਤ)
- ਸ੍ਰੀ ਗੁਰੂ ਹਰਿਗੋਬਿੰਦ ਖਾਲਸਾ ਕਾਲਜ ਗੁਰੂਸਰ ਸੁਧਾਰ, ਲੁਧਿਆਣਾ (ਇਸ ਕਾਲਜ ਦੀ ਨੀਂਹ ਨਿਹੰਗ ਸ਼ਮਸ਼ੇਰ ਸਿੰਘ ਨੇ 1921 ਵਿਚ ਨੀਂਹ ਰਖੀ ਸੀ)
- ਬੁੱਢਾ ਦਲ ਪਬਲਿਕ ਸਕੂਲ, ਪਟਿਆਲਾ (ਸੀ. ਬੀ. ਐਸ. ਈ)
- ਬੁੱਢਾ ਦਲ ਪਬਲਿਕ ਸਕੂਲ, ਜ਼ੀਰਕਪੁਰ (ਸੀ. ਬੀ. ਐਸ. ਈ)
- ਬੁੱਢਾ ਦਲ ਪਬਲਿਕ ਸਕੂਲ, ਸਮਾਣਾ (ਸੀ. ਬੀ. ਐਸ. ਈ)
- ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਪਬਲਿਕ ਸਕੂਲ, ਪਿੰਡ ਮੱਲੀਆਂ, ਨੇੜੇ ਜੰਡਿਆਲਾ ਗੁਰੂ, ਜ਼ਿਲ੍ਹਾ ਅੰਮ੍ਰਿਤਸਰ (ਸੀ.ਬੀ. ਐਸ. ਈ)
- ਟਕਸਾਲ ਭਾਈ ਨੰਦ ਲਾਲ ਜੀ, ਸਰਬਲੋਹ ਬੁੰਗਾ ਨੰਗਲੀ, ਅੰਮ੍ਰਿਤਸਰ
- ਗੁਰਮਤਿ ਵਿਦਿਆਲਾ ਸਮਾਧਾ ਬਾਬਾ ਨੌਧ ਸਿੰਘ ਜੀ, ਚੱਬਾ, ਅੰਮ੍ਰਿਤਸਰ-ਤਰਨਤਾਰਨ ਰੋਡ
- ਮੀਰੀ ਪੀਰੀ ਅਕੈਡਮੀ, ਛੇਹਰਟਾ ਸਾਹਿਬ, ਅੰਮ੍ਰਿਤਸਰ
- ਸਾਹਿਬਜਾਦਾ ਬਾਬਾ ਜੋਰਾਵਰ ਸਿੰਘ ਬਾਬਾ ਫਤਿਹ ਸਿੰਘ ਗੁਰਮਤਿ ਸੰਗੀਤ ਵਿਦਿਆਲਾ, ਸਰਹੰਦ
- ਗੁਰਬਾਣੀ ਬ੍ਰਹਮ ਵਿੱਦਿਆ ਕੇਂਦਰ, ਅੰਬਾਲਾ
- ਗੁਰਮਤਿ ਵਿਦਿਆਲਾ, ਗੁ: ਸ਼ਹੀਦੀ ਬਾਗ, ਅਨੰਦਪੁਰ ਸਾਹਿਬ
- ਯਾਦਗਾਰ ਬਾਬਾ ਸੰਤਾ ਸਿੰਘ ਜੀ, ਬਗੀਚੀ ਅਗੰਮਗੜ੍ਹ, ਪਟਿਆਲਾ
- ਮਾਤਾ ਖੀਵੀ ਸੰਗੀਤ ਵਿਦਿਆਲਾ, ਗੁ: ਮੱਲ ਅਖਾੜਾ ਖਡੂਰ ਸਾਹਿਬ, ਤਰਨਤਾਰਨ

# ਅੰਤਿਕਾ 4

**ਸਤਿਕਾਰਯੋਗ ਅਤੇ ਉੱਘੀਆਂ ਸ਼ਖਸੀਅਤਾਂ (ਵੀਹਵੀਂ ਸਦੀ):**

ਅਠਾਰ੍ਹਵੀਂ ਅਤੇ ਉੱਨੀਵੀਂ ਸਦੀ ਦੇ ਲਗਪਗ ਸਾਰੇ ਹੀ ਨਿਹੰਗ ਸਿੰਘ ਸਤਿਕਾਰਯੋਗ ਹਨ। ਇੱਥੇ ਵੀਹਵੀਂ ਸਦੀ ਦੀਆਂ ਮੌਜੂਦਾ ਉੱਘੀਆਂ ਸ਼ਖਸੀਅਤਾਂ ਦਾ ਨਾਂ ਦਿੱਤਾ ਗਿਆ ਹੈ।

- ਅਕਾਲੀ ਕੌਰ ਸਿੰਘ ਜੀ ਨਿਹੰਗ (1886-1953)
- ਸੰਤ ਸੁਰਜੀਤ ਸਿੰਘ ਮਹਿਰੋਂ ਵਾਲੇ, ਸੰਚਾਲਕ ਬੰਦੀਛੋੜ ਕਲਗੀਧਰ ਪ੍ਰਿੰਟਿੰਗ ਪ੍ਰੈੱਸ, ਰਾਜਧਾਨੀ ਬੁੰਗਾ ਮਹਿਰੋਂ, ਮੋਗਾ
- ਸੰਤ ਨਿਹਾਲ ਸਿੰਘ ਹਰੀਆਂ ਵੇਲਾਂ, ਜਥੇਦਾਰ ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਵੇਲਾਂ (ਜਿੰਦਾ ਸ਼ਹੀਦ)
- ਗਿਆਨੀ ਸ਼ੇਰ ਸਿੰਘ ਅੰਬਾਲਾ, ਕਥਾਵਾਚਕ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ
- ਜਥੇਦਾਰ ਬਾਬਾ ਸੰਤਾ ਸਿੰਘ ਜੀ ਤੇਰ੍ਹਵੇਂ ਜਥੇਦਾਰ ਬੁੱਢਾ ਦਲ (1928-2007)
- ਬਾਬਾ ਕੀਰਤਨ ਸਿੰਘ ਜੀ, ਤੇਰ੍ਹਵੇਂ ਜਥੇਦਾਰ ਮਿਸਲ ਸ਼ਹੀਦਾਂ ਤਰਨਾ ਦਲ (1914-2001)
- ਬਾਬਾ ਦਯਾ ਸਿੰਘ ਜੀ, ਗਿਆਰ੍ਹਵੇਂ ਜਥੇਦਾਰ ਦਲ ਬਾਬਾ ਬਿਧੀ ਚੰਦ ਜੀ (1927-2013)
- ਬਾਬਾ ਬਿਸ਼ਨ ਸਿੰਘ ਜੀ, ਬਾਰ੍ਹਵੇਂ ਜਥੇਦਾਰ ਮਿਸਲ ਸ਼ਹੀਦਾਂ ਤਰਨਾ ਦਲ (1892-1994)
- ਬਾਬਾ ਲੱਧਾ ਸਿੰਘ ਜੀ, ਜਥੇਦਾਰ ਛਾਉਣੀ ਸਰਬਲੋਹ ਬੁੰਗਾ, ਨਾਂਦੇੜ, ਪਿੰਡ ਦੌਣ ਕਲਾਂ, ਜ਼ਿਲ੍ਹਾ ਪਟਿਆਲਾ (ਅਕਾਲ ਚਲਾਣਾ 30 ਮਾਰਚ 1956)
- ਬ੍ਰਹਮ ਗਿਆਨੀ ਬਾਬਾ ਮਿੱਤ ਸਿੰਘ ਜੀ, ਜਥੇਦਾਰ ਗੁ: ਮਾਤਾ ਸਾਹਿਬ ਕੌਰ ਜੀ, ਨਾਂਦੇੜ, ਮਹਾਂਰਾਸ਼ਟਰ
- ਮਹੰਤ ਤ੍ਰਿਲੋਚਨ ਸਿੰਘ ਜੀ ਖਡੂਰ ਸਾਹਿਬ, ਹੈੱਡਗ੍ਰੰਥੀ ਤਰਨਾ ਦਲ ਬਾਬਾ ਬਕਾਲਾ ਸਾਹਿਬ

# ਪੁਸਤਕ ਸੂਚੀ

**ਪੁਸਤਕਾਂ:**


- ਉਜਾਗਰ ਸਿੰਘ, ***ਪਟਿਆਲਾ ਵਿਰਾਸਤ ਦੇ ਰੰਗ***, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2014.
- ਅਗਰਾ, ***ਵਾਰ ਹਕੀਕਤ ਰਾਇ***, ਤੇਜ ਕੌਰ ਵਿਗ (ਸੰਪਾ.), ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, ਜੂਨ 1966.
- ਅਮਰ ਸਿੰਘ (ਗਿਆਨੀ), ***ਅਣਖੀਲੇ ਬਹਾਦਰ***, ਗੁਰੂ ਨਾਨਕ ਕਿਤਾਬ ਘਰ, ਸਰਾਏ ਗੁਰੂ ਰਾਮਦਾਸ, ਸ੍ਰੀ ਅੰਮ੍ਰਿਤਸਰ, ਦੂਜੀ ਵਾਰ, 1962.
- ਅਮਰ ਸਿੰਘ ਚਾਕਰ (ਸੰਪਾ.), ***ਵਾਰਾਂ ਗਿਆਨ ਰਤਨਾਵਲੀ ਭਾਈ ਗੁਰਦਾਸ ਜੀ***, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਤੀਜੀ ਵਾਰ, ਫਰਵਰੀ 1981.
- ਅਮਰਜੀਤ ਸਿੰਘ (ਡਾ.), ***ਇਤਿਹਾਸ ਤਖ਼ਤ ਸ੍ਰੀ ਦਮਦਮਾ ਸਾਹਿਬ***, ਤਲਵੰਡੀ ਸਾਬੋ, ਬਠਿੰਡਾ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਜੂਨ 2007.
- ਅਮਰਜੀਤ ਕੌਰ ਬਮਰ੍ਹਾ (ਡਾ.), ***ਗੁਰੂ ਪੰਥ ਵਿੱਚ ਵਾਪਸੀ ਬਾਬਾ ਵਡਭਾਗ ਸਿੰਘ ਜੀ***, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਫਰਵਰੀ 2018.
- ਅਲੀ ਰਾਜਪੁਰਾ, ***ਵੱਡਾ ਘੱਲੂਘਾਰਾ 1762 ਸ਼ਹੀਦੀ ਸਾਕਾ***, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2014.
- ਅਵਤਾਰ ਸਿੰਘ, ***ਗੱਤਕਾ-ਸਿਖਲਾਈ ਅਤੇ ਨਿਯਮਾਵਲੀ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.
- ***ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ (ਫਰੀਦਕੋਟ ਵਾਲਾ ਟੀਕਾ)***, ਭਾਸ਼ਾ ਵਿਭਾਗ, ਪੰਜਾਬ 1970.
- ਐਚ. ਐਸ. ਚੋਪੜਾ, ***ਤਰਨਤਾਰਨ ਬਹੁਪੱਖੀ ਸਰਵੇਖਣ***, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2006.

- ਐਚ. ਬੀ. ਸਿੰਘ (ਡਾ.), ***ਅਣਖੀਲਾ ਜਰਨੈਲ ਅਕਾਲੀ ਫੂਲਾ ਸਿੰਘ***, (ਪ੍ਰਕਾ.) ਸ: ਆਵਤ ਸਿੰਘ, ਨਵੀਂ ਦਿੱਲੀ, ਜਨਵਰੀ 1988.
- ਐਮ. ਐਸ. ਚਾਂਦਲਾ, ***ਬੰਦਾ ਬਹਾਦਰ,*** ਪਰਮਜੀਤ ਸਿੰਘ ਸ਼ਾਹੀ (ਅਨੁ.), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਤੀਜੀ ਵਾਰ, 2015.
- ਐਲਫਰੇਡ ਡੇਵਿਡ (ਮੇਜਰ), ***ਭਾਰਤੀ ਯੁੱਧ ਕਲਾ***, ਲੈਫ਼ਟੀਨੈਂਟ ਕਰਨਲ ਜਗਜੀਤ ਸਿੰਘ ਗੁਲੇਰੀਆ (ਅਨੁ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਤੀਜੀ ਵਾਰ, 1992
- ***ਇਤਿਹਾਸ ਦਮਦਮੀ ਟਕਸਾਲ*** (ਸੰਖੇਪ), (ਪ੍ਰਕਾ.) ਦਮਦਮੀ ਟਕਸਾਲ ਜੱਥਾ ਭਿੰਡਰਾਂ (ਮਹਿਤਾ), ਅੰਮ੍ਰਿਤਸਰ, ਜੂਨ 1994.
- ਇੰਦੂਭੂਸ਼ਨ ਬੈਨਰਜੀ, ***ਖਾਲਸੇ ਦੀ ਉਤਪਤੀ***, ਦੋ ਜਿਲਦਾਂ, ਪ੍ਰੀਤਪਾਲ ਸਿੰਘ (ਅਨੁ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009.
- ਈਸ਼ਰ ਸਿੰਘ ਨਾਰਾ (ਗਿਆਨੀ), ***ਪੰਜਾਬ ਸਿੱਖ ਪੰਥ ਤੇ ਮਹਾਰਾਸ਼ਟਰ ਦੀ ਸਾਂਝ***, (ਪ੍ਰਕਾ.) ਲੇਖਕ ਆਪ, ਦੇਹਲੀ ਗੇਟ ਬਾਜ਼ਾਰ, ਨਵੀਂ ਦਿੱਲੀ, 1983-84.
- ਈਸ਼ਰ ਸਿੰਘ ਰਾਮਗੜ੍ਹੀਆ (ਟੀਕਾਕਾਰ), ***ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਸ੍ਰੋਮਣੀ ਸਟੀਕ***, ਭਾਗ ਪਹਿਲਾ, ਬਾਬਾ ਤੇਜਾ ਸਿੰਘ ਜੀ ਨਿਹੰਗ ਸਿੰਘ ਮਹਿਰੋਂ ਵਾਲੇ, ਪਿੰਡ ਮਹਿਰੋਂ, ਜਿਲ੍ਹਾ ਮੋਗਾ, ਪੰਜਾਬ, ਅਪ੍ਰੈਲ, 1999.
- ਸੰਗਤ ਸਿੰਘ, ***ਇਤਿਹਾਸ 'ਚ ਸਿੱਖ***, ਵਿਸ਼ੇਸ਼ ਪੁਸਤਕਾਂ, ਨਵੀਂ ਦਿੱਲੀ, 1999.
- ਸਤਨਾਮ ਸਿੰਘ ਖਾਲਸਾ, ***ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ ਅਤੇ 500 ਸਾਲਾਂ ਦੀ ਇਤਿਹਾਸਕ ਡਾਇਰੈਕਟਰੀ***, ਮਿਤੀਹੀਨ.
- ਸੰਤਾ ਸਿੰਘ ਤਾਤਲੇ, ***ਖ਼ਾਲਸਈ ਵਚਿੱਤਰਤਾ***, (ਪ੍ਰਕਾ.) ਲੇਖਕ ਆਪ, ਸਾਲਟਨ ਰੋਡ, ਕੈਨੇਡਾ, ਜੂਨ 1998.

- ਸੰਤਾ ਸਿੰਘ ਬਾਬਾ, ਅਕਾਲੀ, (ਟੀਕਾਕਾਰ), ***ਪ੍ਰਾਚੀਨ ਪੰਥ ਪ੍ਰਕਾਸ਼ ਸਟੀਕ,*** ਦੋ ਭਾਗ, (ਪ੍ਰਕਾ.) ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ, ਲੋਇਰ ਮਾਲ ਰੋਡ, ਪਟਿਆਲਾ, 5 ਜੂਨ 2000.
- ______________, ***ਖਾਲਸਈ ਬੋਲੇ,*** ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ, ਪੰਜਵਾਂ ਤਖਤ, ਚਲਦਾ ਵਹੀਰ, ਪੰਜਾਬ, ਮਿਤੀਹੀਨ.
- ਸਤਿਬੀਰ ਸਿੰਘ (ਪ੍ਰਿੰ.), ***ਅਠਾਰਵੀਂ ਸਦੀ ਵਿਚ ਬੀਰ ਪਰੰਪਰਾ ਦਾ ਵਿਕਾਸ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987.
- ______________, ***ਆਦਿ ਸਿੱਖ ਤੇ ਆਦਿ ਸਾਖੀਆਂ***, ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ, ਪੰਜਵੀਂ ਵਾਰ, 2014.
- ______________, ***ਸੌ ਸਵਾਲ***, ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ, ਤੇਰ੍ਹਵੀਂ ਵਾਰ, 2011.
- ______________, ***ਗੁਰ ਭਾਰੀ ਜੀਵਨੀ ਗੁਰੂ ਹਰਿਗੋਬਿੰਦ ਜੀ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ, 2015.
- ______________, ***ਗੁਰੂ ਹਰਿਗੋਬਿੰਦ***, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1968.
- ਸੰਤੋਖ ਸਿੰਘ (ਭਾਈ), ***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,*** ਚੌਦਾਂ ਜਿਲਦਾਂ, ਡਾ. ਭਾਈ ਵੀਰ ਸਿੰਘ (ਸੰਪਾ.), ਭਾਸ਼ਾ ਵਿਭਾਗ, ਪੰਜਾਬ, 2011.
- ਸੰਪੂਰਣ ਸਿੰਘ ਨਿਹੰਗ, ***ਸੂਰਜ ਵੰਸ਼ੀਯ ਖਾਲਸਾ ਪੰਥ***, (ਪ੍ਰਕਾ.) ਸ੍ਵਾਮੀ ਸੰਤੋਸ਼ਾਨੰਦ, ਸ਼੍ਰੀਚੰਦ ਪ੍ਰੈਸ, ਅੰਮ੍ਰਿਤਸਰ, ਮਿਤੀਹੀਨ.
- ***ਸੰਪੂਰਨ ਸਟੀਕ ਸ੍ਰੀ ਸਰਬਲੋਹ ਗ੍ਰੰਥ ਸਾਹਿਬ ਜੀ,*** ਦੋ ਭਾਗ, (ਪ੍ਰਕਾ.), ਸਿੰਘ ਸਾਹਿਬ ਬਾਬਾ ਸੰਤਾ ਸਿੰਘ ਜੀ ਜਥੇਦਾਰ ਛਿਆਨਵੇਂ ਕ੍ਰੋੜੀ, ਸ੍ਰੀ ਦਮਦਮਾ ਸਾਹਿਬ (ਸਾਬੋ ਕੀ ਤਲਵੰਡੀ), ਬਠਿੰਡਾ, 5 ਜੂਨ 2000.

- ਸੰਪੂਰਨ ਸਿੰਘ (ਸੰਤ), ***ਸੁਧਰਮ ਮਾਰਗ ਗ੍ਰੰਥ ਗੋਸਟਿ***, ਭਾਈ ਰਲਾ ਸਿੰਘ ਐਂਡ ਸਨਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, ਮਿਤੀਹੀਨ.
- ***ਸੰਪੂਰਨ ਸ੍ਰੀ ਸਰਬਲੋਹ ਗ੍ਰੰਥ ਸਾਹਿਬ ਜੀ, ਪੋਥੀ ਭਾਗ ਦੂਜਾ***, (ਪ੍ਰਕਾ.) ਸਿੰਘ ਸਾਹਿਬ ਬਾਬਾ ਸੰਤਾ ਸਿੰਘ ਜੀ ਜਥੇਦਾਰ ਛਿਆਨਵੇਂ ਕ੍ਰੋੜੀ, ਸ਼ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ (ਚਕ੍ਰਵਰਤੀ) ਹਿੰਦੁਸਤਾਨ (ਪੰਜਾਬ), ਗੁਰੂ ਕਾ ਬਾਗ, ਸ੍ਰੀ ਅਨੰਦਪੁਰ ਸਾਹਿਬ (ਰੋਪੜ), ਮਿਤੀਹੀਨ.
- ***ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਚਾਰ ਭਾਗ,*** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਦਸੰਬਰ, 1979.
- ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ***ਅਠਾਰ੍ਹਵੀਂ ਸਦੀ ਦਾ ਪੰਜਾਬ***, ਭਾਸ਼ਾ ਵਿਭਾਗ ਪੰਜਾਬ, 1996.
- _______________, ***ਇਤਿਹਾਸ ਤਖ਼ਤ ਸ੍ਰੀ ਦਮਦਮਾ ਸਾਹਿਬ***, ਤਲਵੰਡੀ ਸਾਬੋ, ਬਠਿੰਡਾ, ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਮਿਤੀਹੀਨ.
- _______________, ***ਸਿੱਖੀ ਤੇ ਸਿੱਖ ਇਤਿਹਾਸ***, ਲਾਹੌਰ ਬੁਕ ਸ਼ਾਪ, ਘੰਟਾ ਘਰ, ਲੁਧਿਆਣਾ, ਸਤੰਬਰ, 1951.
- _______________, ***ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ (ਸੰਨ 1926 ਤੋਂ 1976 ਤੱਕ)***, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਚੌਥੀ ਵਾਰ, ਮਾਰਚ 2017.
- _______________, ***ਪੰਜਾਬੀ ਵੀਰ ਪੰਰਪਰਾ ਸਤਾਰ੍ਹਵੀਂ ਸਦੀ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ, 1988.
- _______________, ***ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਕੀ***, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1969.
- _______________, ***ਪ੍ਰਾਚੀਨ ਜੰਗਨਾਮੇ***, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1950.

- _______________, ***ਪ੍ਰਾਚੀਨ ਵਾਰਾਂ ਤੇ ਜੰਗ-ਨਾਮੇ***, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਤੀਜੀ ਵਾਰ 1983.
- _______________, ***ਮਜ਼ਬੀ ਸਿੱਖਾਂ ਦਾ ਇਤਿਹਾਸ***, ਬਾਬਾ ਜੀਵਨ ਸਿੰਘ ਮੈਮੋਰੀਅਲ ਐਂਡ ਰੀਸਰਚ ਟ੍ਰਸਟ, ਲੰਡਨ, ਸਤੰਬਰ 1987.
- _______________, ***ਵਾਰਾਂ ਗਿਆਨ ਰਤਨਾਵਲੀ ਭਾਈ ਗੁਰਦਾਸ ਜੀ***, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਤੀਸਰੀ ਵਾਰ, ਫਰਵਰੀ 1981.
- ਸ਼ਰਧਾ ਰਾਮ ਫਿਲੌਰੀ (ਪੰਡਿਤ), ***ਸਿੱਖਾਂ ਦੇ ਰਾਜ ਦੀ ਵਿਥਿਆ***, ਪ੍ਰੋ. ਪ੍ਰੀਤਮ ਸਿੰਘ (ਸੰਪਾ.), ਹਿੰਦ ਪਬਲਿਸ਼ਰਜ਼ ਲਿਮਿਟਿਡ, ਅੱਡਾ ਹੁਸ਼ਿਆਰਪੁਰ, ਜਲੰਧਰ, 1956.
- ਸਰਬਜਿੰਦਰ ਸਿੰਘ (ਡਾ.)(ਸੰਪਾ.), ***ਧੁਰ ਕੀ ਬਾਣੀ ਸੰਪਾਦਨ ਜੁਗਤ***, ਸਿੱਖ ਫਾਊਂਡੇਸ਼ਨ, ਨਵੀਂ ਦਿੱਲੀ, ਮਿਤੀਹੀਨ.
- _______________, ***ਮਰਣੁ ਕਬੂਲਿ***, ਸਿੱਖ ਫਾਊਂਡੇਸ਼ਨ, ਨਵੀਂ ਦਿੱਲੀ, ਦਸੰਬਰ 2004.
- _______________, ***ਵਿਸ਼ਵ ਧਰਮ ਬਾਨੀ, ਗ੍ਰੰਥ, ਸੰਪਰਦਾਇ ਅਤੇ ਚਿੰਤਕ***, ਭਾਗ ਤੀਜਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007.
- ਸਰੂਪ ਸਿੰਘ ਅਲੱਗ (ਡਾ.), ***ਹਰਿਮੰਦਰ ਦਰਸ਼ਨ***, (ਪ੍ਰਕਾ.) ਲੇਖਕ ਆਪ, ਫੋਕਲ ਪੁਆਇੰਟ, ਲੁਧਿਆਣਾ, 29ਵੀਂ ਵਾਰ, ਅਗਸਤ 2001.
- ਸਰੂਪ ਦਾਸ ਭੱਲਾ, ***ਗੁਰੂ ਨਾਨਕ ਮਹਿਮਾ ਅਰਥਾਤ ਮਹਿਮਾ ਪ੍ਰਕਾਸ਼***, ਭਾਗ ਪਹਿਲਾ, ਡਾ. ਉਤਮ ਸਿੰਘ ਭਾਟੀਆ (ਸੰਪਾ.), ਭਾਸ਼ਾ ਵਿਭਾਗ, ਪੰਜਾਬ 1999.
- _______________, ***ਮਹਿਮਾ ਪ੍ਰਕਾਸ਼,*** ਭਾਗ ਦੂਜਾ, (ਖੰਡ-1), ਭਾਸ਼ਾ ਵਿਭਾਗ, ਪੰਜਾਬ, ਤੀਜੀ ਵਾਰ, 1999.
- _______________, ***ਮਹਿਮਾ ਪ੍ਰਕਾਸ਼***, ਭਾਗ ਦੂਜਾ, (ਖੰਡ-2), ਡਾ. ਉਤਮ ਸਿੰਘ ਭਾਟੀਆ (ਸੰਪਾ.), ਭਾਸ਼ਾ ਵਿਭਾਗ, ਪੰਜਾਬ, ਦੂਜੀ ਵਾਰ 2003.

- ਸਵਰਨ ਸਿੰਘ, ***ਅਬਦਾਲੀ, ਸਿੱਖ ਤੇ ਵੱਡਾ ਘੱਲੂਘਾਰਾ***, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਜੁਲਾਈ 2016.
- ______________, ***ਪਹਿਲਾ ਘੱਲੂਘਾਰਾ***, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਜੁਲਾਈ 2015.
- ਸ਼ਾਹ ਮੁਹੰਮਦ, ***ਜੰਗਨਾਮਾ ਸਿੰਘਾਂ ਤੇ ਫ਼ਰੰਗੀਆਂ,*** ਪਿਆਰਾ ਸਿੰਘ ਪਦਮ (ਸੰਪਾ.), ਸਿੰਘ ਬ੍ਰਦਰਜ਼, ਅੰਮ੍ਰਿਤਸਰ, ਚੌਥੀ ਵਾਰ, ਜੂਨ 2006.
- ਸਾਹਿਬ ਸਿੰਘ ਅਰਸ਼ (ਡਾ.), ***ਅਠਾਰ੍ਹਵੀਂ ਸਦੀ ਦਾ ਸਿੱਖ ਇਤਿਹਾਸ***, ਅਰੋੜਾ ਪਬਲਿਸ਼ਰਜ਼, ਚੰਡੀਗੜ੍ਹ, ਦੂਜੀ ਵਾਰ, 1998.
- ***ਸਿੱਖ ਰਹਿਤ ਮਰਯਾਦਾ***, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਮਈ 2018.
- ਸਿਰਦਾਰ ਕਪੂਰ ਸਿੰਘ, ***ਸਾਚੀ ਸਾਖੀ,*** ਗੁਰਮਤਿ ਪੁਸਤਕ ਭੰਡਾਰ, ਅੰਮ੍ਰਿਤਸਰ, 1972.
- ਸੁਖਦਿਆਲ ਸਿੰਘ (ਡਾ.), ***ਸਿਰੀ ਅਕਾਲ ਤਖ਼ਤ ਸਾਹਿਬ (1606-1982)***, ਗੁਰਮੀਤ ਪ੍ਰਕਾਸ਼ਨ, ਨਵੀਨ ਸ਼ਾਹਦਰਾ, ਦਿੱਲੀ, 2002.
- ______________, ***ਖਾਲਸਾ ਪੰਥ ਦੇ ਪੰਜ ਤਖ਼ਤ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ, 2002.
- ______________, ***ਗੁਰੂ ਹਰਿਗੋਬਿੰਦ ਸਾਹਿਬ: ਜੀਵਨ ਯੁੱਧ ਅਤੇ ਯਾਤਰਾਵਾਂ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998.
- ______________, ***ਪੰਜਾਬ ਦਾ ਇਤਿਹਾਸ ਗੁਰੂ ਕਾਲ 1469-1708***, ਜਿਲਦ ਪੰਜਵੀਂ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.
- ਸੁਖਦੇਵ ਸਿੰਘ (ਗਿਆਨੀ) (ਕਥਾਵਾਚਕ ਦਲ ਬਾਬਾ ਬਿਧੀ ਚੰਦ ਜੀ), ***ਦਯਾ ਸਾਗਰ ਜੀਵਨ***, ਸੰਪ੍ਰਦਾਇ ਦਲ ਬਾਬਾ ਬਿਧੀ ਚੰਦ ਜੀ, ਸੁਰ ਸਿੰਘ, ਤਰਨਤਾਰਨ, ਜਨਵਰੀ 2020.

- ਸੁਖਦੇਵ ਸਿੰਘ (ਗਿਆਨੀ) (ਕਥਾਵਾਚਕ ਚੰਡੀਗੜ੍ਹ ਵਾਲੇ), ***ਖਾਲਸਾ ਪੰਥ ਦੇ ਮਾਤਾ ਮਾਤਾ ਸਾਹਿਬ ਕੌਰ ਜੀ***, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਨਵੰਬਰ 2009.
- ਸੁਖਪ੍ਰੀਤ ਸਿੰਘ ਉਦੋਕੇ (ਡਾ.), ***ਅੱਤ ਦਾ ਅੰਤ,*** ਇੰਸਟੀਚੀਊਟ ਫਾਰ ਟਰੇਨਿੰਗ ਆਈਡੋਲੋਜੀ ਹੈਰੀਟੇਜ ਐਂਡ ਆਰਟਫੈਕਟਸ ਆਫ ਸਿੱਖੀਜ਼ਮ, ਛੇਵੀਂ ਵਾਰ, ਅਕਤੂਬਰ 2012.
- ਸੁਖਬੀਰ ਸਿੰਘ, ***ਤੇਜ ਧਾਰਕ ਗੁਰੂ ਖਾਲਸਾ ਪੰਥ***, ਗੁਰੁ ਦੀਪਕ ਪ੍ਰਕਾਸ਼ਨ, ਪਟਿਆਲਾ, ਜਨਵਰੀ 1986.
- ਸੁਖਵਿੰਦਰ ਸਿੰਘ (ਡਾ.), ***ਸਾਹਿਤ, ਭਾਸ਼ਾ ਅਤੇ ਭਾਸ਼ਾ ਵਿਗਿਆਨ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003.
- ਸੁੱਖਾ ਸਿੰਘ (ਭਾਈ), ***ਗੁਰ ਬਿਲਾਸ ਪਾਤਿਸਾਹੀ*** ੧੦, ਭਾਸ਼ਾ ਵਿਭਾਗ, ਪੰਜਾਬ, ਦੂਜੀ ਵਾਰ, 1989.
- ***ਸੁੰਦਰ ਗੁਟਕਾ***, ਮਿਸਲ ਸ਼ਹੀਦਾਂ ਤਰਨਾ ਦਲ.
- ਸੁਮੇਰ ਸਿੰਘ (ਬਾਬਾ), ***ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼***, ਡਾ. ਅੱਛਰ ਸਿੰਘ ਕਾਹਲੋਂ (ਸੰਪਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000.
- ਸੁਰਜੀਤ ਸਿੰਘ ਪਾਂਧੀ, ***ਅਨੰਦਪੁਰ ਸਾਹਿਬ ਦੀ ਕਹਾਣੀ***, ਭਾਸ਼ਾ ਵਿਭਾਗ, ਪੰਜਾਬ, 1979.
- ਸੁਰਜੀਤ ਸਿੰਘ ਮਹਿਰੋਂ, ***ਖਾਲਸੇ ਦੀ ਮਾਤਾ, ਮਾਤਾ ਸਾਹਿਬ ਦੇਵਾਂ ਜੀ***, ਮੁਖੀ ਅਤੇ ਸਮੂਹ ਪ੍ਰਬੰਧਕ ਜੱਥਾ, ਗੁ: ਮਾਤਾ ਸਾਹਿਬ ਦੇਵਾਂ ਜੀ ਸ੍ਰੀ ਹਜੂਰ ਸਾਹਿਬ, ਨਾਂਦੇੜ, ਅਕਤੂਬਰ 2014.
- ਸੁਰਜੀਤ ਖ਼ੁਰਸ਼ੀਦੀ, ***ਪੰਜਾਬੀ ਸ਼ਬਦਾਰਥ ਦੀ ਰੂਪ ਰੇਖਾ***, ਪ੍ਰਾਗਰੈਸਿਵ ਬੁਕ ਸੈਂਟਰ, ਜਲੰਧਰ, ਫਰਵਰੀ, 1973.
- ਸੁਰਿੰਦਰ ਸਿੰਘ ਕੋਹਲੀ (ਡਾ.)(ਸੰਪਾ.), ***ਗੁਰੂ ਗੋਬਿੰਦ ਸਿੰਘ ਜੀਵਨ ਤੇ ਰਚਨਾ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996.
- _______________, ***ਬਾਵਾ ਬੁੱਧ ਸਿੰਘ ਰਚਨਾਵਲੀ (ਆਲੋਚਨਾ)***, ਜਿਲਦ ਪਹਿਲੀ, ਭਾਸ਼ਾ ਵਿਭਾਗ, ਪੰਜਾਬ, 1982.

- ਸ਼ੇਰ ਸਿੰਘ (ਡਾ.), ***ਗੁਰਮਤਿ ਦਰਸ਼ਨ***, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਸੱਤਵੀਂ ਵਾਰ, 1998.
- ਸੇਵਾ ਸਿੰਘ (ਕਵੀ), ***ਸ਼ਹੀਦ ਬਿਲਾਸ ਭਾਈ ਮਨੀ ਸਿੰਘ ਜੀ***, ਗਿਆਨੀ ਗਰਜਾ ਸਿੰਘ (ਸੰਪਾ.), ਪੰਜਾਬੀ ਸਾਹਿਤ ਅਕੈਡਮੀ, ਪੰਜਾਬੀ ਭਵਨ, ਲੁਧਿਆਣਾ, ਦੂਜੀ ਵਾਰ 2007.
- ਸੇਵਾ ਸਿੰਘ, ਭਾਈ (ਸੰਪਾ.), ***ਕਬਿੱਤ ਸਵੱਯੇ ਭਾਈ ਗੁਰਦਾਸ ਜੀ ਸਟੀਕ***, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਤੀਜੀ ਵਾਰ, ਮਈ 2001.
- ਸੈਨਾਪਤਿ (ਕਵੀ), ***ਸ੍ਰੀ ਗੁਰ ਸੋਭਾ***, ਗੰਡਾ ਸਿੰਘ (ਸੰਪਾ.), ਦੂਜੀ ਵਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1980.
- ਸੋਹਣ ਸਿੰਘ ਸੀਤਲ, ***ਸਿੱਖ ਮਿਸਲਾਂ***, ਸੀਤਲ ਪੁਸਤਕ ਭੰਡਾਰ, ਲੁਧਿਆਣਾ, ਤੀਜੀ ਵਾਰ, ਮਈ 1969.
- ______________, ***ਸਿੱਖ ਰਾਜ ਕਿਵੇਂ ਬਣਿਆ?***, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2015.
- ਸ੍ਵਰੂਪ ਸਿੰਘ ਕੋਸ਼ਿਸ਼, ***ਗੁਰੂ ਕੀਆਂ ਸਾਖੀਆਂ ,*** ਪ੍ਰੋ. ਪਿਆਰਾ ਸਿੰਘ ਪਦਮ (ਸੰਪਾ.) ਅਤੇ ਗਿਆਨੀ ਗਰਜਾ ਸਿੰਘ (ਸੰਪਾ.), ਕਲਮ ਮੰਦਿਰ, ਲੋਅਰ ਮਾਲ, ਪਟਿਆਲਾ, 1986.
- ਹੰਸਰਾਜ ਰਹਿਬਰ, ***ਬੋਲੇ ਸੋ ਨਿਹਾਲ*** , ਅਮਰਜੀਤ ਕੌਰ (ਅਨੁਵਾਦਕ), ਸ੍ਰੀ ਪ੍ਰਕਾਸ਼ਨ, ਦਿੱਲੀ, 2007.
- ਹਰਜਿੰਦਰ ਸਿੰਘ ਦਿਲਗੀਰ (ਡਾ.), ***ਸਿੱਖ ਕਲਚਰ***, (ਪ੍ਰਕਾ.) ਲੇਖਕ ਆਪ, ਡੈਨਮਾਰਕ, 1994.
- ______________, ***ਸਿੱਖ ਤਵਾਰੀਖ਼ 'ਚ ਤਖ਼ਤ ਸਾਹਿਬ ਦਾ ਰੋਲ***, ਸਿੱਖ ਯੂਨੀਵਰਸਿਟੀ ਪ੍ਰੈੱਸ, ਬੈਲਜੀਅਮ, ਪੰਜਵੀਂ ਐਡੀਸ਼ਨ, 2005.
- ਹਰਦੀਪ ਸਿੰਘ, ***ਸ੍ਰੀ ਗੁਰੁ ਤੇਗ਼ ਬਹਾਦਰ ਦਰਸ਼ਨ***, ਭਾਸ਼ਾ ਵਿਭਾਗ, ਪੰਜਾਬ, 1971.
- ਹਰਨਾਮ ਸਿੰਘ ਸ਼ਾਨ (ਡਾ.), ***ਚੜ੍ਹਦੀ ਕਲਾ ਅਤੇ ਚੜ੍ਹਦੀ ਕਲਾ ਦੇ ਪੁੰਜ***, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2001.

- ਹਰਨਾਮ ਦਾਸ ਉਦਾਸੀ, ***ਅਕਾਲੀ ਫੂਲਾ ਸਿੰਘ***, ਦੀਪਕ ਪਬਲਿਸ਼ਰਜ਼, ਮਾਈ ਹੀਰਾਂ ਗੇਟ, ਜਲੰਧਰ, 1997.
- _______________, ***ਸਿੱਖ ਸ਼ਹਾਦਤ ਦਾ ਸੰਕਲਪ ਤੇ ਪਰੰਪਰਾ***, ਮਨਪ੍ਰੀਤ ਪ੍ਰਕਾਸ਼ਨ, 2013.
- _______________, ***ਗਗਨ ਦਮਾਮਾ ਬਾਜਿਓ***, ਸਵੇਰਾ ਪ੍ਰਕਾਸ਼ਨ, ਅੰਦਰੂਨ ਮਾਈ ਹੀਰਾਂ ਗੇਟ, ਜਲੰਧਰ, ਜਨਵਰੀ, 1996.
- _______________, ***ਮੱਸਾ ਰੰਘੜ***, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2007.
- _______________, ***ਲਾਡਲੀਆਂ ਫੌਜਾਂ***, ਸਿੱਖ ਇਤਿਹਾਸ ਕੇਂਦਰ, ਜਲੰਧਰ, 1992.
- ਹਰਬੰਸ ਕੌਰ ਸਾਗੂ (ਡਾ.), ***ਬਾਬਾ ਜੱਸਾ ਸਿੰਘ ਆਹਲੂਵਾਲੀਆ***, ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:) ਅੰਮ੍ਰਿਤਸਰ, ਮਾਰਚ 2019.
- ਹਰਿਸਿਮਰਨ ਸਿੰਘ, ***ਮਹਾਂਪੁਰਸ਼ ਖ਼ਾਲਸਾ ਪੰਥ ਦਾ ਨੀਤੀ ਸ਼ਾਸਤਰ***, ਜਿਲਦ ਤੀਜੀ, ਗਿਆਨ ਆਸ਼ਰਮ ਪ੍ਰਕਾਸ਼ਨ, ਸ੍ਰੀ ਆਨੰਦਪੁਰ ਸਾਹਿਬ, 1999.
- ਹਰਿੰਦਰ ਸਿੰਘ ਮਹਿਬੂਬ, ***ਸਹਿਜੇ ਰਚਿਓ ਖਾਲਸਾ***, (ਪ੍ਰਕਾ.) ਲੇਖਕ ਆਪ, ਖਾਲਸਾ ਕਾਲਜ, ਗੜ੍ਹਦੀਵਾਲਾ, ਹੁਸ਼ਿਆਰਪੁਰ, 1988.
- ਹਰਿਬੰਸ ਸਿੰਘ ਗਿਆਨੀ (ਟੀਕਾਕਾਰ), ***ਵਾਰ ਸ੍ਰੀ ਭਗਉਤੀ ਜੀ ਕੀ (ਚੰਡੀ ਦੀ ਵਾਰ)***, ਸੁੰਦਰ ਬੁਕ ਡਿਪੋ, ਮਾਈ ਹੀਰਾਂ ਗੇਟ, ਜਲੰਧਰ, ਦੂਜੀ ਵਾਰ, 1974.
- ਹਰਿਬੰਸ ਸਿੰਘ ਚਾਵਲਾ (ਡਾ.), ***ਹਰਿਮੰਦਰ ਸਾਹਿਬ ਦੀ ਕਲਾ***, ਮਨਪ੍ਰੀਤ ਪ੍ਰਕਾਸ਼ਨ, ਦਿੱਲੀ, 2011.
- ਹਰਿਭਜਨ ਸਿੰਘ (ਅਨੁਵਾਦਕ), ***ਸਾਚੀ ਪ੍ਰੀਤਿ ਗਜ਼ਲਾਂ ਭਾਈ ਨੰਦ ਲਾਲ ਜੀ ਸਟੀਕ***, ਸਿੰਘ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ, ਦੂਜੀ ਵਾਰ, 1975.
- ਹਰਿਭਜਨ ਸਿੰਘ (ਪ੍ਰਿੰ.), ***ਗੁਰਮਤਿ ਵਿਆਖਿਆਨ,*** ਸਿੰਘ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ, ਜਨਵਰੀ 1974.

- ਹਰੀ ਸਿੰਘ (ਗਿਆਨੀ) (ਸੰਪਾ.), ***ਮਾਤਾ ਸਾਹਿਬ ਕੌਰ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011.
- ਹਰੀ ਸਿੰਘ (ਵੈਦ ਰਾਜ), ***ਨਿਰਮਲ ਭੇਖ ਦਾ ਸੰਖੇਪ ਇਤਿਹਾਸ ਅਤੇ ਸੰਪ੍ਰਦਾਇਕ ਬੰਸਾਵਲੀ***, (ਪ੍ਰਕਾ.) ਲੇਖਕ ਆਪ, ਰੀਪਬਲਿਕ ਪ੍ਰੈੱਸ, ਬਜ਼ਾਰ ਸਰਾਂ ਗੁਰੂ ਰਾਮਦਾਸ, ਅੰਮ੍ਰਿਤਸਰ, 1961.
- ਹਿੰਮਤ ਸਿੰਘ, ***ਅਕਾਲੀ ਕੌਰ ਸਿੰਘ, ਜੀਵਨ, ਵਿਅਕਤੀਤ੍ਵ ਤੇ ਸਾਹਿਤ ਰਚਨਾ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ, 2000.
- ਹੀਰਾ ਸਿੰਘ 'ਦਰਦ' (ਸੰਪਾ.), ***ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਕ ਖੋਜ, (ਸਿੱਖ ਰਾਜ ਪੂਰਬਲਾ ਸਮਾਂ),*** ਭਾਗ ਪਹਿਲਾ, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਜਨਵਰੀ 2014.
- ______________, ***ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਕ ਖੋਜ, (ਸਿੱਖ ਰਾਜ ਪੂਰਬਲਾ ਸਮਾਂ),*** ਭਾਗ ਦੂਜਾ, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਅਗਸਤ 2014.
- ______________, ***ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਕ ਖੋਜ, (ਸਿੱਖ ਰਾਜ ਪੂਰਬਲਾ ਸਮਾਂ)***, ਭਾਗ ਤੀਜਾ, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਜੁਲਾਈ 2014.
- ਕੰਕਣ (ਕਵੀ), ***ਸੰਛੇਪ ਦਸ ਗੁਰ ਕਥਾ,*** ਡਾ. ਗੁਰਮੁਖ ਸਿੰਘ (ਸੰਪਾ.), ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, 1991.
- ਕਨ੍ਹੱਈਆ ਲਾਲ, ***ਤਾਰੀਖ਼-ਇ-ਪੰਜਾਬ,*** ਜੀਤ ਸਿੰਘ ਸੀਤਲ (ਅਨੁ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜਨਵਰੀ 1968.
- ਕਰਮ ਸਿੰਘ ਹਿਸਟੋਰੀਅਨ, ***ਬੰਦਾ ਬਹਾਦਰ ਅਤੇ ਬੰਦਾ ਬਹਾਦਰ ਕੌਣ ਸੀ?,*** ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਦਸੰਬਰ 1998.

- _______________, ***ਬਾਬਾ ਆਲਾ ਸਿੰਘ***, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2006.
- ਕਰਮ ਸਿੰਘ ਰਾਜੂ, ***ਦਸਮੇਸ਼ ਪਿਆਰ***, ਰਤਨਾ ਮੈਮੋਰੀਅਲ ਟਰੱਸਟ, 35-ਏ, ਚੰਡੀਗੜ੍ਹ, ਦੂਜੀ ਵਾਰ, 1993.
- ਕੰਵਰ ਅਜੀਤ ਸਿੰਘ (ਸੰਪਾ.), ***ਸ੍ਰੀ ਦਸਮ ਗ੍ਰੰਥ ਸਾਹਿਬ ਦਾ ਇਤਿਹਾਸਕ ਅਤੇ ਅਧਿਆਤਮਿਕ ਪੱਖ***, ਗੁਰਮਤਿ ਵਿਚਾਰ ਕੇਂਦਰ, ਸਿਉਨਾ ਰੋਡ, ਪਟਿਆਲਾ, ਦੂਸਰੀ ਵਾਰ, ਅਪ੍ਰੈਲ 2008.
- ਕਾਨ੍ਹ ਸਿੰਘ ਨਾਭਾ (ਭਾਈ), ***ਗੁਰਮਤ ਸੁਧਾਕਰ***, ਸ੍ਰੀ ਗੁਰੁਮਤ ਪ੍ਰੈਸ, ਸ੍ਰੀ ਅੰਮ੍ਰਿਤਸਰ, ਤੀਜੀ ਵਾਰ, 1922.
- _______________, ***ਗੁਰੁਮਤ ਮਾਰਤੰਡ, ਭਾਗ ਪਹਿਲਾ ਅਤੇ ਦੂਜਾ***, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਜਨਵਰੀ, 2014.
- ਕਾਲਾ ਸਿੰਘ ਬੇਦੀ (ਡਾ.), ***ਪੰਜਾਬੀ ਭਾਸ਼ਾ ਵਿਗਿਆਨ***, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਫਰਵਰੀ 1971.
- ਕਿਰਪਾਲ ਸਿੰਘ (ਗਿਆਨੀ)(ਸਿੰਘ ਸਾਹਿਬ), ***ਸ੍ਰੀ ਹਰਿਮੰਦਰ ਸਾਹਿਬ ਦਾ ਸੁਨਿਹਰੀ ਇਤਿਹਾਸ***, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਅਗਸਤ 2010.
- ਕੁਇਰ ਸਿੰਘ, ***ਗੁਰ ਬਿਲਾਸ ਪਾਤਸ਼ਾਹੀ*** ੧੦, ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦਸੰਬਰ 1968.
- ਕੁਲਬੀਰ ਸਿੰਘ ਸਿੱਧੂ, ***ਬਾਬਾ ਬੰਦਾ ਸਿੰਘ ਬਹਾਦਰ***, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010.
- ਕੁਲਵੰਤ ਸਿੰਘ (ਡਾ.)(ਸੰਪਾ.), ***ਮੱਕੇ ਮਦੀਨੇ ਦੀ ਗੋਸ਼ਟਿ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨਵਰਸਿਟੀ, ਪਟਿਆਲਾ, ਤੀਜੀ ਵਾਰ, 2013.
- ਕੁਲਵਿੰਦਰ ਸਿੰਘ (ਡਾ.), ***ਨਿਰਮਲ ਪੰਥ ਦਾ ਸਮਾਜ ਨੂੰ ਬਹੁਪੱਖੀ ਯੋਗਦਾਨ***, (ਪ੍ਰਕਾ.) ਸੰਤ ਜੋਧ ਸਿੰਘ, ਨਿਰਮਲ ਆਸ਼ਰਮ ਰਿਸ਼ੀਕੇਸ਼, ਉੱਤਰਾਖੰਡ, ਜੁਲਾਈ 2013.

- ਕੁਲਵਿੰਦਰ ਸਿੰਘ ਬਾਜਵਾ (ਡਾ.)(ਸੰਪਾ.), ***ਮਹਿਮਾ ਪ੍ਰਕਾਸ਼ (ਵਾਰਤਕ)***, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਜਨਵਰੀ 2004.
- ਕੇਸਰ ਸਿੰਘ ਛਿੱਬਰ, ***ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,*** ਡਾ. ਰਾਏਜਸਬੀਰ ਸਿੰਘ (ਸੰਪਾ.), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ, 2001.
- ਕੇਹਰ ਸਿੰਘ ਮਠਾਰੂ, ***ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ***, ਲਾਹੌਰ ਬੁੱਕਸ, ਲੁਧਿਆਣਾ, 2016.
- ਕੌਰ ਸਿੰਘ ਅਕਾਲੀ, ***ਹਜ਼ੂਰੀ ਸਾਥੀ,*** ਅਕਾਲੀ ਪਤ੍ਰਕਾ ਪ੍ਰੈਸ, ਬ੍ਰਾਂਡਰਥ ਰੋਡ, ਲਾਹੌਰ, 1934.
- _______________, ***ਗੁਰੂ ਸ਼ਬਦ ਰਤਨ ਪ੍ਰਕਾਸ਼***, ਭਾਸ਼ਾ ਵਿਭਾਗ ਪੰਜਾਬ, ਅਪ੍ਰੈਲ 1963.
- ਕ੍ਰਿਪਾਲ ਸਿੰਘ ਗਿਆਨੀ (ਸਿੰਘ ਸਾਹਿਬ), ***ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਜਥੇਦਾਰ ਸਾਹਿਬਾਨ,*** ਦੂਜੀ ਵਾਰ, ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ 2008.
- ਕ੍ਰਿਪਾਲ ਸਿੰਘ ਲਿਖਾਰੀ ਬੁੱਢਾ ਦਲ (ਗਿਆਨੀ), ***ਸਿੰਘ ਸਾਹਿਬ ਜਥੇਦਾਰ ਬਾਬਾ ਬਿਨੋਦ ਸਿੰਘ ਜੀ ਸੰਸਥਾਪਕ ਤਤ ਖਾਲਸਾ (ਬੁੱਢਾ ਦਲ)***, (ਪ੍ਰਕਾ.) ਬਾਵਾ ਤੇਜਭਾਨ ਸਿੰਘ, ਬਾਵਾ ਗੁਰਿੰਦਰ ਸਿੰਘ, ਗੁ. ਦਰਬਾਰ ਸ੍ਰੀ ਗੁਰੂ ਅੰਗਦ ਸਾਹਿਬ, ਸਰਹੰਦੀ ਗੇਟ, ਪਟਿਆਲਾ, ਮਿਤੀਹੀਨ.
- _______________, ***ਦੋ ਗੁਰਸਿੱਖ ਨਿਰਮੋਲਕ ਹੀਰੇ***, (ਪ੍ਰਕਾ.) ਲੇਖਕ ਆਪ, ਪਿੰਡ ਕੌਲ, ਡਾਕਖਾਨਾ ਰਾਜਗੜ੍ਹ, ਜ਼ਿਲਾ ਪਟਿਆਲਾ (ਪੰਜਾਬ), ਜੂਨ 1996.
- ***ਖ਼ਾਲਸਾ ਨਿਤਨੇਮ ਸੁੰਦਰ ਗੁਟਕਾ***, ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਬਖ਼ਸ਼ਿਸ਼ ਦੇ ਪਾਤਰ ਬਾਬਾ ਬਿਧੀ ਚੰਦ ਜੀ ਦੀ ਅੰਸ ਬੰਸ ਦੇ ਗਿਆਰ੍ਹਵੇਂ ਜਥੇਦਾਰ ਸੰਤ ਬਾਬਾ ਦਯਾ ਸਿੰਘ ਜੀ, ਮੁਖੀ ਸੰਪ੍ਰਦਾਇ ਦਲ ਬਾਬਾ ਬਿਧੀ ਚੰਦ ਜੀ, ਸੁਰ ਸਿੰਘ, ਜ਼ਿਲਾ ਤਰਨਤਾਰਨ
- ***ਖਾਲਸਾ ਨਿੱਤਨੇਮ***, (ਪ੍ਰਕਾ.) ਸਿੰਘ ਸਾਹਿਬ ਜਥੇਦਾਰ ਬਾਬਾ ਸੰਤਾ ਸਿੰਘ ਜੀ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ, ਪੰਜਾਬ, ਮਿਤੀਹੀਨ.

- ਖੁਸ਼ਵੰਤ ਸਿੰਘ, ***ਸਿੱਖ ਹਿਸਟਰੀ***, ਨਵਯੁਗ ਪਬਲਿਸ਼ਰਜ਼, 2003.
- ਗੰਗਾ ਸਿੰਘ (ਪ੍ਰਿੰ.)(ਫਿਲਾਸਫਰ), ***ਸਿੱਖ ਧਰਮ ਫ਼ਿਲਾਸਫ਼ੀ***, ਭਾਈ ਮੇਹਰ ਸਿੰਘ ਐਂਡ ਸਨਜ਼, ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ, ਚੌਥੀ ਵਾਰ, ਜਨਵਰੀ, 1988.
- ਗੱਜਣ ਸਿੰਘ (ਜਥੇਦਾਰ ਬਾਬਾ) (ਸੰਪਾ.), ***ਤਰਨਾ ਦਲ ਸ੍ਰੀ ਮਿਸਲ ਸ਼ਹੀਦਾਂ ਦਾ ਬੰਸਾਵਲੀ ਨਾਮਹ ਅਤੇ ਇਤਿਹਾਸਕ ਰਚਨਾ***, (ਪ੍ਰਕਾ.) ਸਿੰਘ ਸਾਹਿਬ ਜਥੇਦਾਰ ਬਾਬਾ ਮੱਖਣ ਸਿੰਘ ਜੀ, ਮੌਜੂਦਾ ਚੌਦਵੇਂ ਮੁਖੀ ਤਰਨਾ ਦਲ ਸ੍ਰੀ ਮਿਸਲ ਸ਼ਹੀਦਾਂ, ਸ੍ਰੀ ਬਾਬਾ ਬਕਾਲਾ ਸਾਹਿਬ, ਜੂਨ 2015.
- ਗੰਡਾ ਸਿੰਘ (ਸੰਪਾ.), ***ਅਮਰਨਾਮਾ ਫਾਰਸੀ ਮੂਲ ਪੰਜਾਬੀ ਉਤਾਰਾ ਤੇ ਅਰਥ***, ਸਿਖ ਹਿਸਟਰੀ ਸੋਸਾਇਟੀ, ਅੰਮ੍ਰਿਤਸਰ, ਪਟਿਆਲਾ, 1953.
- ______________, ***ਭਾਈ ਨੰਦ ਲਾਲ ਗ੍ਰੰਥਾਵਲੀ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪੰਜਵੀਂ ਐਡੀਸ਼ਨ, 2016.
- ______________, ***ਹੁਕਮਨਾਮੇ, ਗੁਰੂ ਸਾਹਿਬਾਨ, ਮਾਤਾ ਸਾਹਿਬਾਨ, ਬੰਦਾ ਸਿੰਘ ਅਤੇ ਖਾਲਸਾ ਜੀ ਦੇ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ, 2013.
- ______________, ***ਕਵੀ ਸੈਨਾਪਤਿ ਰਚਿਤ ਸ੍ਰੀ ਗੁਰ ਸੋਭਾ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਚੌਥੀ ਵਾਰ, 2017.
- ______________, ***ਸਿੱਖ ਇਤਿਹਾਸ ਦੇ ਕੁਝ ਇਤਿਹਾਸਿਕ ਪੱਤਰੇ***, ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ, 1998.
- ______________, ***ਸਿੱਖ ਇਤਿਹਾਸ ਵਲ***, ਹਿੰਦ ਪਬਲਿਸ਼ਰਜ਼ ਲਿਮਿਟਿਡ, 34 ਨਿਸਬਤ ਰੋਡ, ਲਾਹੌਰ, 1946.
- ______________, ***ਬੰਦਾ ਸਿੰਘ ਬਹਾਦਰ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990.

- ______________, ***ਮਹਾਰਾਜਾ ਕੌੜਾ ਮੱਲ ਬਹਾਦੁਰ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ, 2000.
- ਗਣੇਸ਼ ਦਾਸ, ***ਫ਼ਤਿਹ ਨਾਮਾ ਗੁਰੂ ਖ਼ਾਲਸਾ ਜੀ ਕਾ***, ਸੀਤਾ ਰਾਮ ਕੋਹਲੀ (ਸੰਪਾ.), ਮਹਿਕਮਾ ਪੰਜਾਬੀ, ਪਟਿਆਲਾ, 1952.
- ਗਣੇਸ਼ਾ ਸਿੰਘ ਬੇਦੀ (ਬਾਬਾ), ***ਗੁਰੂ ਨਾਨਕ ਸੂਰਜੋਦੇ ਜਨਮਸਾਖੀ***, ਡਾ. ਰਾਮ ਸਿੰਘ ਸੈਣੀ (ਸੰਪਾ.), ਭਾਸ਼ਾ ਵਿਭਾਗ ਪੰਜਾਬ, 1990.
- ਗਣੇਸ਼ਾ ਸਿੰਘ ਮਹੰਤ, ***ਭਾਰਤ ਮਤ ਦਰਪਣ***, ਭਾ.ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਦੂਜੀ ਵਾਰ, ਸਤੰਬਰ 1992.
- ਗਿਆਨ ਸਿੰਘ (ਗਿਆਨੀ), ***ਸ੍ਰੀ ਗੁਰ ਪੰਥ ਪ੍ਰਕਾਸ਼***, ਭਾਗ ਚੌਥਾ, ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ (ਸੰਪਾ.), (ਪ੍ਰਕਾ.) ਮਨਮੋਹਨ ਸਿੰਘ 'ਬਰਾੜ', ਗਲੀ ਸ਼ਹੀਦ ਬੁੰਗਾ, ਸ੍ਰੀ ਅੰਮ੍ਰਿਤਸਰ, ਫਰਵਰੀ ੧੯੭੪.
- ______________, ***ਤਵਾਰੀਖ ਸ੍ਰੀ ਅੰਮ੍ਰਿਤਸਰ***, (ਪ੍ਰਕਾ.) ਕੇਂਦਰੀ ਸਿੰਘ ਸਭਾ ਅਕੈਡਮੀ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਦਿਆ ਕੇਂਦਰ, ਚੰਡੀਗੜ੍ਹ, (ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ), ਮਿਤੀਹੀਨ.
- ______________, ***ਤਵਾਰੀਖ ਗੁਰੂ ਖਾਲਸਾ ਅਰਥਾਤ ਸ਼ਮਸ਼ੇਰ ਖਾਲਸਾ***, ਹਿੱਸਾ ਦੂਜਾ, ਭਾਸ਼ਾ ਵਿਭਾਗ, ਪੰਜਾਬ, 1970.
- ______________, ***ਤਵਾਰੀਖ ਗੁਰੂ ਖਾਲਸਾ***, ਭਾਗ ਪਹਿਲਾ, ਭਾਸ਼ਾ ਵਿਭਾਗ, ਪੰਜਾਬ, ਪੰਜਵੀਂ ਵਾਰ, 2011.
- ______________, ***ਨਿਰਮਲ ਪੰਥ ਪ੍ਰਦੀਪਕਾ***, ਸੰਤ ਇੰਦਰ ਸਿੰਘ ਚਕ੍ਰਵਰਤੀ (ਸੰਪਾ.), ਨਿਰਮਲ ਪੰਚੈਤੀ ਅਖਾੜਾ, ਕਨਖਲ, ਜ਼ਿਲ੍ਹਾ ਸਹਾਰਨਪੁਰ, 1962.
- ______________, ***ਪੰਥ ਪ੍ਰਕਾਸ਼,*** ਭਾਸ਼ਾ ਵਿਭਾਗ, ਪੰਜਾਬ, 1987.
- ***ਗੁਰ ਬਿਲਾਸ ਪਾਤਸ਼ਾਹੀ ਛੇਵੀਂ***, ਭਾਸ਼ਾ ਵਿਭਾਗ, ਪੰਜਾਬ, ਸਤੰਬਰ, 1970.

- ਗੁਰਚਰਨ ਸਿੰਘ ਔਲਖ (ਡਾ.), ***ਖਾਲਸੇ ਦੀ ਸਿਰਜਣਾ ਸੰਕਲਪ, ਸਰੂਪ ਤੇ ਸਿਧਾਂਤ***, ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਜਨਵਰੀ, 1999.
- ਗੁਰਜਿੰਦਰ ਸਿੰਘ, ***ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ: ਹੋਂਦ, ਬਣਤਰ ਤੇ ਕਾਰਜ***, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2013.
- ਗੁਰਦਿਤ ਸਿੰਘ (ਗਿਆਨੀ)(ਸੰਪਾ.), ***ਸਿੱਖ ਜਥੇਬੰਦੀ***, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਅਕਤੂਬਰ, 2012.
- ਗੁਰਦੇਵ ਸਿੰਘ ਸਿੱਧੂ (ਡਾ.), ***ਤਾਜ ਬਨਾਮ ਕ੍ਰਿਪਾਨ***, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਮਾਰਚ, 2016.
- ਗੁਰਨਾਮ ਸਿੰਘ ਰਾਏ (ਪ੍ਰੋ.), ***ਜੱਸਾ ਸਿੰਘ ਰਾਮਗੜ੍ਹੀਆ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.
- ਗੁਰਨਾਮ ਕੌਰ (ਡਾ.)(ਸੰਪਾ.), ***ਉਦਾਸੀ ਸੰਪਰਦਾ ਦਾ ਅਕਾਦਮਿਕ ਪਰਿਪੇਖ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995.
- ***ਗੁਰਪੁਰਬਾਂ ਦੀ ਕਥਾ***, ਕਰਤਾ 'ਸ੍ਰੀ ਗੁਰਪੁਰ ਪ੍ਰਕਾਸ਼', ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ, ਨਾਨਕਸ਼ਾਹੀ ਸੰਮਤ 453 (1932).
- ਗੁਰਬਖਸ਼ ਸਿੰਘ (ਅਨੁ.), ***ਤਾਰੀਖ਼-ਏ-ਪੰਜਾਬ, ਅਹਮਦ ਸ਼ਾਹ ਬਟਾਲਵੀ ਰਚਿਤ 'ਕਿਤਾਬ-ਏ-ਹਿੰਦ' ਵਿਚੋਂ***, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969.
- ਗੁਰਬਖਸ਼ ਸਿੰਘ ਸ਼ਹੀਦ, ***ਗੁਰ ਸਾਗਰ ਰਤਨ ਪ੍ਰਕਾਸ਼ ਅਰਥਾਤ ਜੇਬੀ ਸੂਰਜ ਪ੍ਰਕਾਸ਼***, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਮਾਰਚ 1999.
- ਗੁਰਬਖਸ਼ ਸਿੰਘ ਝੁਬਾਲੀਆ, ਸ਼ਮਸ਼ੇਰ, ***ਸ਼ਹੀਦੀ ਜੀਵਨ***, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਮਾਰਚ 1998.
- ਗੁਰਬਚਨ ਸਿੰਘ ਖਾਲਸਾ, ***ਸ੍ਰੀ ਗੁਰਮੁਖ ਪ੍ਰਕਾਸ਼***, ਦਮਦਮੀ ਟਕਸਾਲ, ਜਥਾ ਭਿੰਡਰਾਂ, ਮਹਿਤਾ, ਦੂਜੀ ਵਾਰ ਸਤੰਬਰ, 1997.

- _______________, ***ਗੁਰਬਾਣੀ ਪਾਠ ਦਰਪਣ***, ਦਮਦਮੀ ਟਕਸਾਲ (ਜਥਾ ਭਿੰਡਰਾਂ) ਮਹਿਤਾ, ਅੱਠਵੀਂ ਵਾਰ, ਮਾਰਚ 2013.
- ਗੁਰਬਚਨ ਸਿੰਘ ਨਈਅਰ (ਡਾ.)(ਸੰਪਾ.), ***ਗੁਰ ਰਤਨ ਮਾਲ ਸੌ ਸਾਖੀ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਤੀਜੀ ਵਾਰ, 1995.
- _______________, ***ਮੌਖਿਕ ਇਤਿਹਾਸ-ਮੁੱਢਲੀਆਂ ਸਿੱਖ ਲਿਖਤਾਂ ਦੇ ਸੰਦਰਭ ਵਿਚ***, ਨੈਸ਼ਨਲ ਬੁੱਕ ਆਰਗਨਾਈਜੇਸ਼ਨ, 1990.
- ਗੁਰਮੁਖ ਸਿੰਘ (ਸੰਪਾ.), ***ਗਿਆਨੀ ਗਰਜਾ ਸਿੰਘ ਦੀ ਇਤਿਹਾਸਕ ਖੋਜ***, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਜੁਲਾਈ 2010.
- _______________, ***ਸੇਵਾ ਪੰਥੀਆਂ ਦੀ ਪੰਜਾਬੀ ਸਾਹਿਤ ਨੂੰ ਦੇਣ***, ਭਾਸ਼ਾ ਵਿਭਾਗ, ਪੰਜਾਬ, 2012.
- ਗੁਰਮੇਲ ਸਿੰਘ (ਸੰਪਾ.), ***ਗੁਰੂ ਅੰਗਦ ਦੇਵ ਸ੍ਰੋਤ ਪੁਸਤਕ***, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, ਆਨੰਦਪੁਰ ਸਾਹਿਬ, 2006.
- ਗੁਰਵਿੰਦਰ ਸਿੰਘ ਨੰਗਲੀ, ***ਤਵਾਰੀਖ਼ਿ ਨਿਹੰਗ ਸਿੰਘਾਂ, ਭਾਗ ਪਹਿਲਾ***, (ਪ੍ਰਕਾ.) ਸਿੰਘ ਸਾਹਿਬ ਜਥੇਦਾਰ ਬਾਬਾ ਗੱਜਣ ਸਿੰਘ ਜੀ, 15ਵੇਂ ਮੁਖੀ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ, ਸ੍ਰੀ ਬਾਬਾ ਬਕਾਲਾ ਸਾਹਿਬ, ਫਰਵਰੀ 2020.
- _______________, ***ਪੰਥਕ ਸੰਪ੍ਰਦਾਈ ਗੁਰਬਾਣੀ ਉਚਾਰਣ ਬੋਧ***, ਭਾਗ ਪਹਿਲਾ, ਸਿੰਘ ਸਾਹਿਬ ਜਥੇਦਾਰ ਬਾਬਾ ਗੱਜਣ ਸਿੰਘ ਜੀ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ, ਦਸੰਬਰ 2017.
- ਗੋਕਲ ਚੰਦ ਨਾਰੰਗ, ***ਸਿੱਖ ਮਤ ਦਾ ਪਰਿਵਰਤਨ***, ਗੁਰਚਰਨ ਸਿੰਘ (ਅਨੁ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, ਨਵੰਬਰ 1973.
- ਚਰਨ ਸਿੰਘ (ਡਾ.), ***ਮਦਯ ਮਦ ਭੰਜਨ, ਮਿਤ੍ਰ ਮਨ ਰੰਜਨ ਸ੍ਰੀ ਮਹਾਂਰਾਣੀ ਸ਼ਰਾਬ ਕੌਰ***, (ਪ੍ਰਕਾ.) ਬਲਬੀਰ ਸਿੰਘ ਪੀਐਚ.ਡੀ ਲੰਡਨ, ਸ੍ਰੀ ਅੰਮ੍ਰਿਤਸਰ, ਮਾਰਚ, 1953.

- ਜਸਪਾਲ ਸਿੰਘ (ਡਾ.), ***ਸਿੱਖ ਵਿਰਾਸਤ ਸਿਧਾਂਤ ਤੇ ਵਿਹਾਰ***, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 2010.
- ______________, ***ਰਾਜ ਦਾ ਸਿੱਖ ਸੰਕਲਪ***, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 2009.
- ਜਸਪਾਲ ਸਿੰਘ ਸਿੱਧੂ, ***ਜੂਨ 84 ਦੀ ਪੱਤਰਕਾਰੀ***, ਦੂਸਰੀ ਵਾਰ, ਸਿੰਘ ਬ੍ਰਦਰਜ਼, ਜੁਲਾਈ 2017.
- ਜਸਵੰਤ ਸਿੰਘ ਨੇਕੀ, ***ਗੁਰਮਤਿ ਮਨੋਵਿਗਿਆਨ,*** ਸਿੰਘ ਬ੍ਰਦਰਜ਼, ਅੰਮ੍ਰਿਤਸਰ, ਤੀਜੀ ਵਾਰ, ਜੁਲਾਈ 2016.
- ਜਸਵਿੰਦਰ ਸਿੰਘ (ਡਾ.)(ਸਟੇਟ ਅਵਾਰਡੀ), ***ਸਿੱਖ ਗੁਰਦੁਆਰਾ ਐਕਟ, 1925***, ਚਾਵਲਾ ਪਬਲੀਕੇਸ਼ਨਜ਼, ਸੈਕਟਰ 17-ਬੀ, ਚੰਡੀਗੜ੍ਹ, 2009.
- ਜਸਵੀਰ ਸਿੰਘ ਕੋਹਾਲਾ (ਗਿਆਨੀ) (ਲੇਖਕ), ਗੁਰਵਿੰਦਰ ਸਿੰਘ ਨੰਗਲੀ (ਗਿਆਨੀ)(ਟੀਕਾਕਾਰ), ***ਦਸਮ ਬਾਣੀ ਦਾ (ਪੰਥਕ ਸੰਪ੍ਰਦਾਈ ਸ਼੍ਰੋਮਣੀ ਟੀਕਾ) ਭਗਉਤੀ ਬ੍ਰਹਮ ਕਵਚ ਭਗਉਤੀ ਅਸਤੋਤ੍ਰ ਅਤੇ (ਜੀਵਨ ਬਾਬਾ ਪਾਲਾ ਸਿੰਘ ਜੀ ਗਊਆਂ ਵਾਲੇ),*** (ਪ੍ਰਕਾ.) ਸਿੰਘ ਸਾਹਿਬ ਜਥੇਦਾਰ ਬਾਬਾ ਗੱਜਣ ਸਿੰਘ ਜੀ 15ਵੇਂ ਮੁਖੀ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ, ਬਾਬਾ ਬਕਾਲਾ ਸਾਹਿਬ, ਸਤੰਬਰ 2018.
- ਜੰਗ ਸਿੰਘ (ਗਿਆਨੀ), ***ਅੰਮ੍ਰਿਤਸਰੁ ਸਿਫਤੀ ਦਾ ਘਰੁ***, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1977.
- ______________, ***ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮਹਾਨ ਜਥੇਦਾਰ ਮੋਹਨ ਸਿੰਘ ਜੀ (ਜੀਵਨ ਤੇ ਪੰਥਕ ਸੇਵਾ),*** ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ, ਲੁਧਿਆਣਾ, 2004.
- ਜਗਜੀਤ ਸਿੰਘ, ***ਸਿੱਖ ਇਨਕਲਾਬ***, ਬਾਹਰੀ ਪਬਲੀਕੇਸ਼ਨਜ਼ ਪ੍ਰਾਈਵੇਟ ਲਿਮਿਟਿਡ, ਨਵੀਂ ਦਿੱਲੀ, ਅਪ੍ਰੈਲ 1982.
- ਜਗਜੀਵਨ ਮੋਹਨ ਵਾਲੀਆ, ***ਬਾਬਾ ਆਲਾ ਸਿੰਘ***, ਭਾਸ਼ਾ ਵਿਭਾਗ, ਪੰਜਾਬ, 1989.

- ਜਗਿੰਦਰ ਸਿੰਘ, ਸੰਤ ਬਾਬਾ (ਹੈਡ ਪੁਜਾਰੀ ਜਥੇਦਾਰ), ***ਸ੍ਰੀ ਹਜ਼ੂਰੀ ਮ੍ਰਿਯਾਦਾ ਪ੍ਰਬੋਧ***, ਸ੍ਰੀ ਤਖਤ ਅਬਿਚਲ ਨਗਰ ਸੱਚਖੰਡ ਹਜ਼ੂਰ ਸਾਹਿਬ, ਨਾਂਦੇੜ, ਮਹਾਂਰਾਸ਼ਟਰ, ਮਿਤੀਹੀਨ.
- ਜੀਤ ਸਿੰਘ ਸੀਤਲ, ***ਬੁਲ੍ਹੇ ਸ਼ਾਹ ਜੀਵਨ ਤੇ ਰਚਨਾ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.
- ਜੁਗਿੰਦਰ ਸਿੰਘ, ***ਗਰੀਬੀ ਗਦਾ ਹਮਾਰੀ***, ਲਾਹੌਰ ਬੁਕ ਸ਼ਾਪ, ਲੁਧਿਆਣਾ, ਸਤੰਬਰ 1979.
- ਜੇ. ਐਸ. ਗਰੇਵਾਲ, ਇੰਦੂ ਬਾਂਗਾ (ਸੰਪਾ.), ਜਗਬੀਰ ਸਿੰਘ (ਅਨੁਵਾਦਕ), ***ਖ਼ਾਲਸਾ ਇਤਿਹਾਸ ਅਤੇ ਵਿਚਾਰਧਾਰਾ***, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2002.
- ਜੋਗਿੰਦਰ ਸਿੰਘ (ਪ੍ਰੋ.), ***ਖਾਲਸੇ ਦਾ ਦਰਸ਼ਨ***, ਪ੍ਰੀਤ ਪ੍ਰਕਾਸ਼ਨ, ਨਵੀਂ ਦਿੱਲੀ, ਅਪ੍ਰੈਲ 1980.
- ______________, ***ਗੁਰੂ ਗੋਬਿੰਦ ਸਿੰਘ: ਮੂਰਤਿ ਤੇ ਮੁਹਰ,*** ਪ੍ਰੀਤ ਪ੍ਰਕਾਸ਼ਨ, ਨਵੀਂ ਦਿੱਲੀ, 1973.
- ______________, ***ਗੁਰੂ ਜੋਤਿ ਪ੍ਰਕਾਸ਼ (ਧਰਮ ਤੋਂ ਤਖ਼ਤ ਤਕ)***, ਸੁੰਦਰ ਸਰੂਪ ਪ੍ਰਕਾਸ਼ਨ, ਨਵੀਂ ਦਿੱਲੀ, ਜੂਨ 1991.
- ਜੋਧ ਸਿੰਘ (ਡਾ.), ***ਸਿੱਖ ਸਿਧਾਂਤ: ਸਰੂਪ ਤੇ ਸਮਰੱਥਾ***, ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, ਸਤੰਬਰ 1991.
- ਜੋਧ ਸਿੰਘ (ਭਾਈ), ***ਗੁਰਮਤਿ ਨਿਰਣਯ***, ਭਾਸ਼ਾ ਵਿਭਾਗ, ਪੰਜਾਬ, ਦੂਜੀ ਵਾਰ, 1990.
- ਠਾਕੁਰ ਸਿੰਘ (ਗਿਆਨੀ), ***ਸ਼ਹੀਦ ਬਿਲਾਸ ਬਾਬਾ ਦੀਪ ਸਿੰਘ ਜੀ ਸ਼ਹੀਦ***, ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਮਿਤੀਹੀਨ.
- ______________, ***ਗਿਆਨੀ ਮਨੀ ਸਿੰਘ ਜੀ ਸ਼ਹੀਦ ਦਾ ਜੀਵਨ ਬ੍ਰਿਤਾਂਤ***, ਸਿਦਕ ਜੀਵਨ, ਸ੍ਰੀ ਗੁਰਮਤ ਪ੍ਰੈਸ, ਅੰਮ੍ਰਿਤਸਰ, ਚੌਥੀ ਵਾਰ, ਮਾਰਚ 1933.
- ਠਾਕੁਰ ਸਿੰਘ (ਗਿਆਨੀ), ***ਗ੍ਰੰਥ ਸ੍ਰੀ ਗੁਰਦੁਆਰੇ ਦਰਸ਼ਨ***, ਭਾਈ ਲਾਭ ਸਿੰਘ ਐਂਡ ਸਨਜ਼ ਪੁਸਤਕਾਂ ਵਾਲੇ, ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ, 1923.

- ਤਰਸੇਮ ਸ਼ਰਮਾ (ਡਾ.)(ਸੰਪਾ.), ***ਮਾਲਵਾ ਦਾ ਸਾਹਿਤਕ ਪਰਿਪੇਖ***, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2014.
- ਤਰਲੋਚਨ ਸਿੰਘ ਬਾਸੀ (ਡਾ.), ***ਪੰਜਾਬੀ ਨਾਵਲ ਦਾ ਮਨੋਵਿਗਿਆਨਿਕ ਅਧਿਐਨ (1947-1975)***, ਭਾਸ਼ਾ ਵਿਭਾਗ, ਪੰਜਾਬ, 1989.
- ਤਾਰਨ ਸਿੰਘ (ਡਾ.)(ਸੰਪਾ.), ***ਸ਼ਬਦਾਰਥ ਦਸਮ ਗ੍ਰੰਥ ਸਾਹਿਬ,*** ਪਹਿਲੀ ਪੋਥੀ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1973.
- _______________, ***ਸਿੱਖ, ਸਿੱਖੀ ਅਤੇ ਸਿਧਾਂਤ***, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਦੂਜੀ ਵਾਰ, ਮਈ 1998.
- _______________, ***ਦਸਮੇਸ਼ ਦਰਪਣ***, ਫਕੀਰ ਸਿੰਘ ਐਂਡ ਸਨਜ਼, ਘੰਟਾ ਘਰ, ਅੰਮ੍ਰਿਤਸਰ, 1967.
- _______________, ***ਭਗਤੀ ਤੇ ਸ਼ਕਤੀ***, ਭਾਈ ਫ਼ਕੀਰ ਸਿੰਘ ਐਂਡ ਸਨਜ਼, ਅੰਮ੍ਰਿਤਸਰ, 1962.
- ਤਾਰਾ ਹਰਿ ਨਰੋਤਮ, ***ਸ੍ਰੀ ਗੁਰ ਤੀਰਥ ਸੰਗ੍ਰਹਿ***, (ਪ੍ਰਕਾ.) ਸ੍ਰੀ ਮਹੰਤ ਸੁੱਚਾ ਸਿੰਘ ਜੀ, ਸ੍ਰੀ ਨਿਰਮਲ ਪੰਚਾਇਤੀ ਅਖਾੜਾ, ਹਰਿਦਵਾਰ (ਕਨਖਲ), ਦੂਜੀ ਵਾਰ, ਮਈ 1975.
- ਤੇਜਾ ਸਿੰਘ (ਪ੍ਰਿੰ.) ਅਤੇ ਗੰਡਾ ਸਿੰਘ (ਡਾ.), ***ਸਿੱਖ ਇਤਿਹਾਸ (1469-1765)***, ਡਾ. ਭਗਤ ਸਿੰਘ (ਅਨੁ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013.
- ਤੇਜਾ ਸਿੰਘ (ਪ੍ਰਿੰ.), ***ਸਿੱਖ ਧਰਮ***, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਜੂਨ 1983.
- ਤੇਜਾ ਸਿੰਘ ਕੋਹਲੀ, ***ਸਿੰਘਾਂ ਦਾ ਪੰਥ ਨਿਆਰਾ,*** ਵਜ਼ੀਰ ਹਿੰਦ ਪ੍ਰੈਸ, ਸ੍ਰੀ ਅੰਮ੍ਰਿਤਸਰ, ਵਿਸਾਖੀ ਖਾਲਸਾ ਸੰਮਤ 202 (1901).
- ਤੋਲਾ ਸਿੰਘ ਭੱਲਾ (ਬਾਬਾ), ***ਗੁਰਰਤਨਾਵਲੀ***, ਡਾ. ਮਨਵਿੰਦਰ ਸਿੰਘ (ਸੰਪਾ.), ਲਾਕਟ ਪ੍ਰਿੰਟਰਜ਼, ਚੌਂਕ ਬਾਬਾ ਭੋੜੀ, ਅੰਮ੍ਰਿਤਸਰ, 1995.

- ਤ੍ਰਿਲੋਕ ਸਿੰਘ (ਗਿਆਨੀ), ***ਇਤਿਹਾਸ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਅੰਮ੍ਰਿਤ ਸਰੋਵਰ***, ਖਾਲਸਾ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ, ਫਰਵਰੀ 1980.
- ਤ੍ਰਿਲੋਚਨ ਸਿੰਘ (ਡਾ.), ***ਸੰਖੇਪ ਜੀਵਨ ਗੁਰੂ ਗੋਬਿੰਦ ਸਿੰਘ***, ਗੁਰਦੁਆਰਾ ਪ੍ਰਬੰਧਕ ਕਮੇਟੀ, ਸੀਸ ਗੰਜ, ਚਾਂਦਨੀ ਚੌਕ, ਦਿੱਲੀ, 1968.
- ***ਦਸਮ ਸ੍ਰੀ ਗੁਰੂ ਗੁਰੂ ਗ੍ਰੰਥ ਸਾਹਿਬ ਜੀ,*** ਸੈਂਚੀ ਪਹਿਲੀ ਅਤੇ ਦੂਜੀ, (ਪ੍ਰਕਾ.) ਬਾਬਾ ਤੇਜਾ ਸਿੰਘ ਜੀ ਨਿਹੰਗ ਸਿੰਘ ਮਹਿਰੋਂ ਵਾਲੇ, ਗੁਰਦੁਆਰਾ ਰਾਜਧਾਨੀ ਬੁੰਗਾ ਨਿਹੰਗ ਸਿੰਘਾਂ, ਪਿੰਡ ਮਹਿਰੋਂ, ਜ਼ਿਲ੍ਹਾ ਮੋਗਾ, 2011.
- ਦਾਨ ਸਿੰਘ ਕੋਮਲ, ***ਮਰਜੀਵੜਾ ਖ਼ਾਲਸਾ ਪੰਥ***, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਅਗਸਤ 2003.
- ਦਿਲਜੀਤ ਸਿੰਘ ਬੇਦੀ (ਸੰਪਾ.), ***ਸ੍ਰੀ ਅਨੰਦਪੁਰ ਸਾਹਿਬ ਦੇ 350 ਸਾਲਾ ਸਥਾਪਨਾ ਦਿਵਸ ਨੂੰ ਸਮਰਪਿਤ ਸੋਵੀਨਰ,*** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਜੂਨ 2015.
- ______________, ***ਸ੍ਰੀ ਅਨੰਦਪੁਰ ਸਾਹਿਬ ਬਹੁਪੱਖੀ ਦਰਸ਼ਨ,*** ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਸਤੰਬਰ 2015.
- ______________, ***ਵਿਰਾਸਤ ਖ਼ਾਲਸਾ ਪੰਥ ਬੁੱਢਾ ਦਲ ਪੰਜਵਾਂ ਤਖ਼ਤ***, (ਪ੍ਰਕਾ.) ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ ੯੬ ਕਰੋੜੀ, ਪੰਜਵਾਂ ਤਖ਼ਤ ਚਲਦਾ ਵਹੀਰ ਚਕ੍ਰਵਰਤੀ ਨਿਹੰਗ ਸਿੰਘਾਂ ਪੰਜਾਬ ਭਾਰਤ (ਵਿਸ਼ਵ), ਦਸੰਬਰ 2019.
- ਦਿਲਜੀਤ ਸਿੰਘ ਬੇਦੀ (ਬਾਬਾ), ***ਬਾਬਾ ਸ੍ਰੀਚੰਦ***, ਭਾਸ਼ਾ ਵਿਭਾਗ, ਪੰਜਾਬ, 2013.
- ਦੀਪਿੰਦ੍ਰ ਸਿੰਘ, ***ਮੋਹਿ ਮਰਨੇ ਕਾ ਚਾਉ***, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਮਿਤੀਹੀਨ.
- ਦੀਵਾਨ ਸਿੰਘ (ਪ੍ਰੋ.), ***ਦਸਮ ਗੁਰੂ ਜੀਵਨ ਤੇ ਸ਼ਖਸੀਅਤ***, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਦੂਜੀ ਵਾਰ, ਜੁਲਾਈ 1968.

- ਦੇਬੀ ਪ੍ਰਸਾਦ (ਪੰਡਿਤ), ***ਗੁਲਸ਼ਨ-ਏ-ਪੰਜਾਬ ਅਰਥਾਤ ਤਾਰੀਖ਼-ਇ-ਪੰਜਾਬ,*** ਡਾ. ਫ਼ੌਜਾ ਸਿੰਘ ਅਤੇ ਹਰਮਿੰਦਰ ਸਿੰਘ ਕੋਹਲੀ (ਅਨੁ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003.
- ਦੇਵਿੰਦਰ ਸਿੰਘ ਵਿਦਿਆਰਥੀ (ਸੰਪਾ.), ***ਸ੍ਰੀ ਗੁਰੂ ਗੋਬਿੰਦ ਸਿੰਘ ਅਭਿਨੰਦਨ***, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1983.
- ਧਰਮ ਸਿੰਘ ਕੋਠਾ ਗੁਰੂ (ਸੰਤ), ***ਆਤਮ ਬੋਧ***, ਬਲਵੰਤ ਸਿੰਘ ਕੋਠਾ ਗੁਰੂ (ਸੰਪਾ.), (ਪ੍ਰਕਾ.) ਜਥੇਦਾਰ ਭਾਈ ਹਾਕਮ ਸਿੰਘ, ਪਿੰਡ ਕੋਠਾ ਗੁਰੂ, ਜ਼ਿਲ੍ਹਾ ਬਠਿੰਡਾ, ਦੂਜੀ ਵਾਰ 2005.
- ਨਰਾਇਣ ਸਿੰਘ, ***ਸਰਬੱਤ ਖ਼ਾਲਸਾ***, ਅਕਾਲ ਫ਼ੈਡਰੇਸ਼ਨ ਤੇ ਸ਼੍ਰੋਮਣੀ ਸਿੱਖ ਕੌਂਸਲ ਇੰਟਰਨੈਸ਼ਨਲ, 2018.
- ਨਰਿੰਜਨ ਸਿੰਘ ਸਰਲ, ***ਝਟਕਾ ਪ੍ਰਕਾਸ਼***, ਅਕਾਲ ਸਹਾਇ ਚੈਰੀਟੇਬਲ ਟ੍ਰਸਟ, ਚੰਡੀਗੜ੍ਹ, ਦੂਜੀ ਵਾਰ, ਮਈ 2008.
- ਨਰਿੰਜਨ ਸਿੰਘ ਸਾਥੀ, ***ਚਰਨ ਚਲਉ ਮਾਰਗਿ ਗੋਬਿੰਦ***, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2010.
- ਨਰੈਣ ਸਿੰਘ ਗਿਆਨੀ (ਟੀਕਾਕਾਰ), ਅਜੀਤ ਸਿੰਘ ਔਲਖ (ਡਾ.)(ਸੋਧਕ), ***ਸ੍ਰੀ ਦਸਮ ਗ੍ਰੰਥ ਸਾਹਿਬ ਜੀ ਸਟੀਕ,*** ਭਾਗ ਚੌਥਾ, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਚੌਥੀ ਵਾਰ, ਜੁਲਾਈ, 2004.
- ______________, ***ਸ੍ਰੀ ਦਸਮ ਗ੍ਰੰਥ ਸਾਹਿਬ ਜੀ ਸਟੀਕ***, ਸੈਂਚੀ ਅੱਠਵੀਂ, ਭਾ. ਚਤਰ ਸਿੰਘ ਜੀਵਨ ਸਿੰਘ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, ਜੁਲਾਈ 1994.
- ਨਰੈਣ ਸਿੰਘ, ***ਸਿੱਖ ਧਰਮ ਦੀਆਂ ਬੁਨਿਆਦਾਂ***, (ਪ੍ਰਕਾ.) ਡਾ. ਇੰਦਰਜੀਤ ਕੌਰ, ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ, ਅੰਮ੍ਰਿਤਸਰ, 2011.
- ______________, ***ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ*** (੧੯੨੦-੧੯੨੫), ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਮਈ 2007.

- ਨਿਹਾਲ ਸਿੰਘ (ਸੰਤ), ***ਨ੍ਰਿਮਲ ਪ੍ਰਭਾਕਰ ਅਤੇ ਸਿਖੀ ਪ੍ਰਭਾਕਰ***, (ਪ੍ਰਕਾ.) ਲਾਲਾ ਸ਼ਾਮ ਦਾਸ ਜੀ ਨਰੂਲਾ ਅਤੇ ਲਾਲਾ ਗੰਗਾ ਬਿਸ਼ਨ ਸਾਹਿਬ, ਖਾਲਸਾ ਪ੍ਰੈਸ ਲਾਹੌਰ, 1902.
- ਨਿਹਾਲ ਸਿੰਘ (ਭਾਈ), ***ਗ੍ਰੰਥ ਭਵ ਸਾਗਰ ਸੇਤੁ***, ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ, 1907.
- ਨਿਹਾਲ ਸਿੰਘ 'ਰੱਸ'(ਪ੍ਰਿੰ.), ***ਨਿਰਭੈ ਜਥੇਦਾਰ ਅਕਾਲੀ ਫੂਲਾ ਸਿੰਘ ਜੀ***, ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਦੂਜੀ ਵਾਰ, 2010.
- ਨਿਧਾਨ ਸਿੰਘ ਆਲਿਮ (ਸੰਤ), ***ਨਾਮਧਾਰੀ ਸਿਧਾਂਤ ਪ੍ਰਦਰਸ਼ਨ***, (ਪ੍ਰਕਾ.) ਟਿੱਕਾ ਤਿਰਲੋਚਨ ਸਿੰਘ, ਪੰਜਾਬੀ ਬਾਗ, ਆਲਿਮ ਨਿਵਾਸ, ਪਟਿਆਲਾ, ਮਿਤੀਹੀਨ.
- ***ਪਰਚੀਆਂ ਸੇਵਾ ਦਾਸ***, ਭਾਸ਼ਾ ਵਿਭਾਗ, ਪੰਜਾਬ, ਦੂਜੀ ਵਾਰ, 1978.
- ਪਰਮਜੀਤ ਸਿੰਘ ਮਾਨਸਾ (ਡਾ.)(ਸੰਪਾ.), ***ਨਿਰਮਲ ਪੰਥ ਦਾ ਇਤਿਹਾਸ***, ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਮਾਰਚ 2009.
- ਪਿਆਰਾ ਸਿੰਘ ਦਾਤਾ, ***ਸਿੱਖ ਇਤਿਹਾਸ ਦੇ ਖ਼ੂਨੀ ਪੱਤਰੇ***, ਦਿੱਲੀ ਐਜੂਕੇਸ਼ਨ ਪਬਲਿਸ਼ਰਜ਼, 1951.
- ਪਿਆਰਾ ਸਿੰਘ ਪਦਮ (ਸੰਪਾ.), ***ਰਹਿਤਨਾਮੇ***, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਦਸਵੀਂ ਵਾਰ, ਅਗਸਤ 2015.
- ______________, ***ਸੰਖੇਪ ਸਿੱਖ ਇਤਿਹਾਸ (1469-1989)***, ਕਲਮ ਮੰਦਿਰ, ਪਟਿਆਲਾ, 1990.
- ______________, ***ਸਿੱਖ ਸੰਪ੍ਰਦਾਵਲੀ***, ਕਲਗੀਧਰ ਕਲਮ ਫਾਉਂਡੇਸ਼ਨ, ਕਲਮ ਮੰਦਿਰ, ਪਟਿਆਲਾ, 2000.
- ______________, ***ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ***, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1979.
- ______________, ***ਖਾਲਸਈ ਬੋਲੇ***, ਕਲਮ ਮੰਦਿਰ, ਲੋਅਰ ਮਾਲ, ਪਟਿਆਲਾ, 1997.
- ______________, ***ਗੁਰੂ ਘਰ***, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1997.

- ______________, ***ਗੋਬਿੰਦ ਸਾਗਰ***, ਸਰਦਾਰ ਸਾਹਿਤ ਭਵਨ, ਕਲਮ ਮੰਦਿਰ, ਲੋਇਰ ਮਾਲ, ਪਟਿਆਲਾ, 1967.
- ______________, ***ਚਾਰ ਸਾਹਿਬਜ਼ਾਦੇ***, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਦਸਵੀਂ ਵਾਰ, ਅਗਸਤ 2015.
- ______________, ***ਪੰਜਾਬ ਦੀ ਗੌਰਵ ਗਾਥਾ***, ਕਲਗੀਧਰ ਕਲਮ ਫਾਉਂਡੇਸ਼ਨ, ਕਲਮ ਮੰਦਿਰ, ਲੋਯਰ ਮਾਲ, ਪਟਿਆਲਾ, 2000.
- ______________, ***ਪੰਥ ਅਤੇ ਪੰਥ ਦਾ ਵਾੱਲੀ***, ਕਲਗੀਧਰ ਕਲਮ ਫਾਉਂਡੇਸ਼ਨ, ਕਲਮ ਮੰਦਿਰ, ਪਟਿਆਲਾ, 1999.
- ਪੂਰਨ ਸਿੰਘ (ਪ੍ਰੋ.), ***ਦਸ ਗੁਰ ਦਰਸ਼ਨ***, ਕਿਰਪਾਲ ਸਿੰਘ ਕਸੇਲ (ਅਨੁ.), ਵਿਉਂਤ ਵਿਕਾਸ ਵਿਭਾਗ, ਪੰਜਾਬ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸਤੰਬਰ 1972.
- ______________, ***ਜਿਨ ਕੇ ਚੋਲੇ ਰੱਤੜੇ***, ਡਾ. ਕਰਮ ਸਿੰਘ ਕਪੂਰ (ਅਨੁ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2006.
- ਪ੍ਰਤਾਪ ਸਿੰਘ ਗਿਆਨੀ (ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ), ***ਇਤਿਹਾਸਕ ਲੈਕਚਰ***, ਹਰਨਾਮ ਦਾਸ ਜੁਗਿੰਦਰ ਸਿੰਘ ਪੁਸਤਕਾਂ ਵਾਲੇ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, ਸਤੰਬਰ 1945.
- ਪ੍ਰਤਾਪ ਸਿੰਘ (ਗਿਆਨੀ), ***ਗੁਰਮਤਿ ਫ਼ਿਲਾਸਫ਼ੀ***, ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੰਪਨੀ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, ਤੀਜੀ ਵਾਰ, ਸਤੰਬਰ 1963.
- ਪ੍ਰਿਥੀਪਾਲ ਸਿੰਘ ਕਪੂਰ (ਸੰਪਾ.), ***ਅਕਾਲੀ ਦਰਸ਼ਨ***, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਮਈ 2015.
- ਪ੍ਰੀਤਮ ਸਿੰਘ (ਪ੍ਰੋ.), ***ਸਿੱਖ ਵੀਚਾਰ-ਧਾਰਾ***, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਚੌਥੀ ਵਾਰ, ਨਵੰਬਰ 1989.
- ਪ੍ਰੀਤਮ ਸਿੰਘ ਤੇ ਕ੍ਰਿਸ਼ਣ ਲਾਲ (ਸੰਪਾ.), ***ਗੁਰੂ ਮਹਿਮਾ ਰਤਨਾਵਲੀ***, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1984.

- ਪ੍ਰੇਮ ਸਿੰਘ ਹੋਤੀ (ਬਾਬਾ), ***ਜੀਵਨ ਬ੍ਰਿਤਾਤ ਨਵਾਬ ਕਪੂਰ ਸਿੰਘ***, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2017.
- _______________, ***ਮਹਾਰਾਜਾ ਰਣਜੀਤ ਸਿੰਘ***, (ਪ੍ਰਕਾ.) ਲੇਖਕ ਆਪ, ਪੰਜਵੀਂ ਵਾਰ, ਮਾਰਚ 1938.
- ਪ੍ਰੇਮ ਸਿੰਘ (ਕਵੀ) (ਸੰਪਾ.), ***ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ,*** ਚਾਰ ਭਾਗ, (ਪ੍ਰਕਾ.) ਲੇਖਕ ਆਪ, ਅੰਮ੍ਰਿਤਸਰ, ਚੌਥੀ ਵਾਰ, ਮਿਤੀਹੀਨ.
- ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ (ਡਾ.), ***ਸਿਧਾਂਤਕ ਭਾਸ਼ਾ ਵਿਗਿਆਨ,*** ਮਦਾਨ ਪਬਲੀਕੇਸ਼ਨਜ਼, ਪਟਿਆਲਾ, 2001.
- ਬਸੰਤ ਕੁਮਾਰੀ ਸਿੰਘ, ***ਪੂਰਨ ਸਿੰਘ ਦੀਆਂ ਯਾਦਾਂ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1984.
- ਬਲਬੀਰ ਸਿੰਘ (ਡਾ.), ***ਸ੍ਰੀ ਚਰਣਹਰਿ ਵਿਸਥਾਰ, ਸੈਂਚੀ ਪਹਿਲੀ ਅਤੇ ਦੂਜੀ***, ਖਾਲਸਾ ਸਮਾਚਾਰ, ਹਾਲ ਬਾਜ਼ਾਰ, ਅੰਮ੍ਰਿਤਸਰ, ਅਕਤੂਬਰ 1942.
- ਬਲਬੀਰ ਸਿੰਘ ਨੰਦਾ, ***ਪੁਰਾਤਨ ਸਿਖ ਸੰਪ੍ਰਦਾਇ***, ਜਸਲੀਨ ਪ੍ਰਕਾਸ਼ਨ, ਚੰਡੀਗੜ੍ਹ, ਦਸੰਬਰ 1984.
- ਬਲਵੰਤ ਸਿੰਘ (ਸੰਤ ਖਾਲਸਾ), ***ਮਾਲਵਾ ਇਤਿਹਾਸ,*** ਚੌਥੀ ਜਿਲਦ, (ਪ੍ਰਕਾ.) ਲੇਖਕ ਆਪ, ਸਿੱਧਸਰ ਸਿਹੌੜਾ ਸਾਹਿਬ, ਲੁਧਿਆਣਾ, ਦਸੰਬਰ, 1996.
- ਬਲਵੰਤ ਸਿੰਘ ਕੋਠਾ ਗੁਰੂ (ਸੰਪਾ.), ***ਨਿਰਮਲ ਪੰਥ ਦੀ ਗੌਰਵ ਗਾਥਾ***, (ਪ੍ਰਕਾ.) ਸ੍ਰੀਮਾਨ ਮਹੰਤ ਬਲਵੰਤ ਸਿੰਘ ਸੈਕਟਰੀ, ਸੁਕਦੇਵ ਕੁਟੀ-ਰਤਨ ਬਾਗ ਕਨਖਲ, ਹਰਿਦੁਆਰ, ਉਤਰਾਂਚਲ, 2009.

- ਬਲਵਿੰਦਰ ਸਿੰਘ ਜੌੜ ਸਿੰਘਾ (ਪ੍ਰੋ.) (ਸੰਪਾ.), ***ਸਿੱਖ ਇਤਿਹਾਸ ਦੇ ਸੂਰਬੀਰ ਯੋਧੇ ਚਾਰ ਸਾਹਿਬਜ਼ਾਦੇ***, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਦਸੰਬਰ 2005.
- ਬਾਬੂ ਰਾਮ ਸਕਸੈਨਾ, ***ਭਾਸ਼ਾ ਵਿਗਿਆਨ***, ਭਾਸ਼ਾ ਵਿਭਾਗ ਪੰਜਾਬ, 1970.
- ਬਿਸ਼ਨ ਸਿੰਘ (ਗਿਆਨੀ), ***ਦਸਮ ਗੁਰੂ ਖਾਲਸਾ ਪ੍ਰਕਾਸ਼***, ਦੂਸਰਾ ਹਿੱਸਾ, (ਪ੍ਰਕਾ.) ਸ੍ਰੀ ਮਾਨ ਖਾਲਸਾ ਕਾਲਜ ਦੇ ਪ੍ਰੋਫੈਸਰ ਸਾਹਿਬਾਨ, 11 ਮਈ 1928.
- ਬ੍ਰਹਮ ਦੇਵ ਉਦਾਸੀ (ਸਵਾਮੀ), ***ਸ੍ਰੀ ਦਸਮ ਗ੍ਰੰਥ ਸਾਹਿਬ ਅਤੇ ਚਰਿੱਤ੍ਰੋਪਖਿਆਨ***, ਸੰਗਮ ਪਬਲੀਕੇਸ਼ਨਜ਼, ਸਮਾਣਾ, ਦੂਜੀ ਵਾਰ, 2008.
- ਭਗਵਾਨ ਸਿੰਘ (ਭਾਈ), ***ਖਾਲਸਾ ਮਤ ਹੁਲਾਸ***, (ਪ੍ਰਕਾ.) ਭਾਈ ਅਮਰ ਸਿੰਘ, ਮੈਨੇਜਰ ਖਾਲਸਾ ਏਜੰਸੀ, ਬਜਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ, ਸੰਮਤ ਨਾਨਕਸ਼ਾਹੀ ੪੪੦(1909).
- ***ਭਾਈ ਮਨੀ ਸਿੰਘ ਜੀਵਨ ਤੇ ਰਚਨਾ***, ਭਾਸ਼ਾ ਵਿਭਾਗ, ਪੰਜਾਬ, ਦੂਜੀ ਵਾਰ, 1996.
- ਮਹਾਂ ਸਿੰਘ (ਗਿਆਨੀ), ***ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦਾ ਗੁਰਮੁਖ ਜੀਵਨ***, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 1997.
- ਮਹਿੰਦਰ ਕੌਰ ਗਿਲ (ਡਾ.), ***ਸੂਰਾ ਸੋ ਪਹਿਚਾਨੀਐ,*** ਸ਼ਿਲਾਲੇਖ, ਦਿੱਲੀ, 2012.
- ਮਨਮੋਹਨ ਸਿੰਘ ਭਾਗੋਵਾਲੀਆ (ਡਾ.), ***ਖ਼ਾਲਸਾ ਪੰਥ ਦੀ ਧਰਮ ਯੁੱਧ ਕਲਾ ਗਤਕਾ ਦਾ ਸਿਧਾਂਤ, ਪਰਿਭਾਸ਼ਾ, ਸਿਖਲਾਈ ਅਤੇ ਨਿਯਮਾਂਵਲੀ***, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਜੁਲਾਈ 2016.
- ਮਾਨ ਸਿੰਘ, ***ਨਿਆਰਾ ਖਾਲਸਾ***, ਅੰਮ੍ਰਿਤ ਪਬਲੀਕੇਸ਼ਨਜ਼, ਨਵੀਂ ਦਿੱਲੀ, 1954.
- ਮੁਖਤਾਰ ਸਿੰਘ ਗੁਰਾਇਆ, ***ਸੰਖੇਪ ਜੀਵਨ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ***, (ਪ੍ਰਕਾ.) ਡਾ. ਇੰਦਰਜੀਤ ਕੌਰ, ਪ੍ਰਧਾਨ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ, ਅੰਮ੍ਰਿਤਸਰ, ਅਗਸਤ 2018.

- ਮੁਖਤਿਆਰ ਸਿੰਘ 'ਸਾਰੰਗ', ***ਗੁ: ਸ੍ਰੀ ਭੱਠਾ ਸਾਹਿਬ ਦੀ ਬਹੁ ਪੱਖੀ ਇਤਿਹਾਸਕ ਖੋਜ***, (ਪ੍ਰਕਾ.) ਭਾਈ ਜਗਸੀਰ ਸਿੰਘ ਗਿਆਨੀ, ਤਹਿਸੀਲ ਮਾਨਸਾ, ਜ਼ਿਲ੍ਹਾ ਬਠਿੰਡਾ, 1989.
- ਮੈਕਸ ਆਰਥਰ ਮੈਕਾਲਿਫ, ***ਸਿੱਖ ਧਰਮ, ਗੁਰੂ ਸਾਹਿਬਾਨ, ਪਵਿੱਤਰ ਰਚਨਾਵਾਂ ਤੇ ਰਚਨਾਕਾਰ,*** ਜਿਲਦ ਪੰਜਵੀਂ, ਡਾ. ਧਰਮ ਸਿੰਘ (ਸੰਪਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.
- ਮੈਥਲੀ ਸ਼ਰਨ ਗੁਪਤ, ***ਗੁਰੂਕੁਲ***, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਮਾਰਚ 1962.
- ਰਣਧੀਰ ਸਿੰਘ (ਸੰਪਾ.), ***ਸ਼ਬਦਾਰਥ ਦਸਮ ਗ੍ਰੰਥ ਸਾਹਿਬ, ਪੋਥੀ ਤੀਜੀ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਤੀਜੀ ਵਾਰ, 1995.
- ______________, ***ਗ੍ਰੰਥ ਪ੍ਰੇਮ ਸੁਮਾਰਗ ਅਰਥਾਤ ਖਾਲਸਈ ਜੀਵਨ ਜਾਚ,*** ਨਿਊ ਬੁਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ, ਦੂਜੀ ਵਾਰ, ਦਸੰਬਰ 1965.
- ਰਣਧੀਰ ਸਿੰਘ (ਭਾਈ ਸਾਹਿਬ), ***ਦਰਸ਼ਨ ਝਲਕਾਂ***, ਗਿਆਨੀ ਨਾਹਰ ਸਿੰਘ (ਸੰਪਾ.), (ਪ੍ਰਕਾ.) ਨਾਹਰ ਸਿੰਘ ਗੁਜਰਵਾਲ, ਚੌਥੀ ਵਾਰ, ਜੁਲਾਈ 1971.
- ਰਤਨ ਸਿੰਘ ਜੱਗੀ (ਡਾ.) ਅਤੇ ਗੁਰਸ਼ਰਨ ਕੌਰ ਜੱਗੀ (ਡਾ.), ***ਸ੍ਰੀ ਦਸਮ ਗ੍ਰੰਥ ਸਾਹਿਬ, ਪਾਠ ਸੰਪਾਦਨ ਅਤੇ ਵਿਆਖਿਆ***, ਭਾਗ ਪੰਜਵਾਂ, ਗੋਬਿੰਦ ਸਦਨ, ਮਹਿਰੋਲੀ, ਨਵੀਂ ਦਿੱਲੀ, ਅਪ੍ਰੈਲ 1999.
- ਰਤਨ ਸਿੰਘ ਜੱਗੀ (ਡਾ.), ***ਭਾਵ ਪ੍ਰਬੋਧਨੀ ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ,*** ਭਾਗ ਤੀਜਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013.
- ਰਤਨ ਸਿੰਘ ਭੰਗੂ (ਸ਼ਹੀਦ), ***ਪ੍ਰਾਚੀਨ ਪੰਥ ਪ੍ਰਕਾਸ਼,*** ਭਾਈ ਵੀਰ ਸਿੰਘ (ਸੰਪਾ.), ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, ਅੱਠਵੀਂ ਵਾਰ, ਫਰਵਰੀ 2008.
- ______________, ***ਸ੍ਰੀ ਗੁਰ ਪੰਥ ਪ੍ਰਕਾਸ਼***, ਡਾ. ਜੀਤ ਸਿੰਘ ਸੀਤਲ (ਸੰਪਾ.), ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰਜਵੀਂ ਵਾਰ, ਸਤੰਬਰ 2014.

- ______________, ***ਸ੍ਰੀ ਗੁਰ ਪੰਥ ਪ੍ਰਕਾਸ਼,*** ਬਲਵੰਤ ਸਿੰਘ ਢਿਲੋਂ (ਡਾ.) (ਸੰਪਾ.), ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, ਅਪ੍ਰੈਲ 2004.
- ਰਾਏਜਸਬੀਰ ਸਿੰਘ (ਡਾ.)(ਸੰਪਾ.), ***ਗੁਰੂ ਪੰਥ ਖ਼ਾਲਸੇ ਕੇ ਹੁਕਮਨਾਮੇ***, ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2009.
- ਰਾਮ ਸਿੰਘ (ਗਿਆਨੀ), ***ਸ਼ਬਦ ਚਮਤਕਾਰ ਅਰਥਾਤ ਭਾਸ਼ਾ ਵਿਗਿਆਨ***, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਦੂਜੀ ਵਾਰ, ਫਰਵਰੀ 1950.
- ਰਾਮਨਰੈਣ ਸਿੰਘ ਸੋਢੀ (ਟਿੱਕਾ ਸਾਹਿਬ), ***ਸਿੱਖ ਧਰਮ ਖਾਲਸਾ ਪੰਥ ਦੀ ਬਿਵਸਥਾ ਅਰਥਾਤ ਖਾਲਸਾ ਧਰਮ ਸ਼ਾਸਤ੍ਰ ਦੀ ਪੂਰਬ ਮਿਮਾਂਸਾ***, ਸ੍ਰੀ ਗੁਰਮਤ ਪ੍ਰਕਾਸ਼ਕ, 1914.
- ਰੂਪ ਸਿੰਘ (ਸੰਪਾ.), ***ਸਿੱਖ ਸੰਕਲਪ ਸਿਧਾਂਤ ਤੇ ਸੰਸਥਾਵਾਂ***, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਜਨਵਰੀ 2015.
- ______________, ***ਪ੍ਰਮੁੱਖ ਸਿੱਖ ਸ਼ਖਸੀਅਤਾਂ***, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰਜਵੀਂ ਵਾਰ, ਨਵੰਬਰ 2010.
- ਲਾਲ ਸਿੰਘ 'ਸੰਗਰੂਰ' (ਗਿਆਨੀ), ***ਗੁਰਦਾਸ ਦਰਸ਼ਨ***, (ਪ੍ਰਕਾ.) ਲੇਖਕ ਆਪ, ਭਦੌੜ ਹਾਊਸ, ਲੁਧਿਆਣਾ, ਅਕਤੂਬਰ, 1950.
- ______________, ***ਗੁਰੂ ਬੰਸਾਵਲੀ ਤੇ ਪੰਥਕ ਪ੍ਰਸਿੱਧ ਹਸਤੀਆਂ***, ਮਾਲਵਾ ਧਾਰਮਕ ਸਭਾ, ਸਿੰਘਾਪੁਰ, ਜੂਨ 1939.
- ਲਾਲ ਸਿੰਘ, ***ਗੁਰਮਤਿ ਸਿਧਾਂਤ ਤੇ ਕੌਮਾਂਤਰੀ ਵਿਚਾਰ ਧਾਰਾ***, ਨਿਊ ਬੁਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ, 1966.
- ਲੈਪਲ ਹੈਨਰੀ ਗ੍ਰਿਫਨ (ਸਰ), ***ਰਿਆਸਤ ਪਟਿਆਲਾ ਦਾ ਇਤਿਹਾਸ,*** ਭਾਗ ਪਹਿਲਾ, ਨਾਹਰ ਸਿੰਘ ਐਮ.ਏ, (ਉੱਲਥਾਕਾਰ), ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ, ਮਈ 1944.
- ਵਜੀਰ ਸਿੰਘ (ਸੰਪਾ.), ***ਗੜ੍ਹਗੱਜ ਬੋਲੇ***, ਖਾਲਸਾ ਟ੍ਰੈਕਟ ਸੁਸਾਇਟੀ, ਵਜੀਰ ਹਿੰਦ ਪ੍ਰੈਸ, ਅੰਮ੍ਰਿਤਸਰ, 1960.

- ਵਿਸ਼ਵਨਾਥ ਤਿਵਾੜੀ, ***ਨਾ ਕੋ ਹਿੰਦੂ ਨਾ ਮੁਸਲਮਾਨ,*** ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ, ਚੰਡੀਗੜ੍ਹ, ਨਵੰਬਰ 1971.
- ਵਿਸਾਖਾ ਸਿੰਘ (ਸੰਤ ਸਿਪਾਹੀ ਜਨੇਤ ਪੁਰਾ), ***ਮਾਲਵਾ ਇਤਿਹਾਸ***, ਗੁਰਮਤ ਪ੍ਰਚਾਰਕ ਸਿੰਘ ਸਭਾ, ਇਲਾਕਾ ਤਿਹਾੜਾ, ਫੀਰੋਜ਼ਪੁਰ, ਪੰਜਾਬ, ਸਤੰਬਰ 1954.
- ਵੀਰ ਸਿੰਘ (ਭਾਈ), ***ਅਮਰ ਲੇਖ, ਭਾਗ ਪਹਿਲਾ***, ਭਾਈ ਵੀਰ ਸਿੰਘ ਸਾਹਿਤ ਸਦਨ, ਭਾਈ ਵੀਰ ਸਿੰਘ ਮਾਰਗ, ਨਵੀਂ ਦਿੱਲੀ, ਛੇਵੀਂ ਵਾਰ, ਜੁਲਾਈ 2011.
- _______________, ***ਸਤਵੰਤ ਕੌਰ***, ਭਾਈ ਵੀਰ ਸਿੰਘ ਸਾਹਿਤ ਸਦਨ, ਗੋਲ ਮਾਰਕਿਟ, ਨਵੀਂ ਦਿੱਲੀ, 26ਵੀਂ ਵਾਰ, ਜਨਵਰੀ 2015.
- ਵੀਰ ਸਿੰਘ ਬਲ (ਕਵੀ), ***ਗੁਰਕੀਰਤ ਪ੍ਰਕਾਸ਼***, ਡਾ. ਗੁਰਬਚਨ ਕੌਰ (ਸੰਪਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986.
- _______________, ***ਸਿੰਘ ਸਾਗਰ***, ਕ੍ਰਿਸ਼ਨਾ ਕੁਮਾਰੀ ਬਾਂਸਲ (ਸੰਪਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ, 1998.

**ਹਿੰਦੀ ਪੁਸਤਕਾਂ**

- तारा हरि नरोत्तम, श्री मोक्ष पंथ प्रकाश कृत पंडित श्री गुलाब सिंह जी, श्री निर्मल पंचायती अखाडा, कनखल, हरिद्वार, 19 जनवरी 1977.

**ਅੰਗਰੇਜ਼ੀ ਪੁਸਤਕਾਂ**

- Balwant Gargi (Ed.), ***Nihangs: Knight Errants of the Guru***, Punjab Tourism Dept, Chandigarh, Undated.
- Gurbir Singh & Gagandeep Kaur, ***The Valiant Ones***, Kesar Media Private Limited, Chandigarh & Lahore Books, Ludhiana, 2011.
- Harbans Singh, Editor-in-Chief, ***ENCYCLOPAEDIA OF SIKHISM,*** Vol III, second edition, Punjabi University, Patiala, 2002.

- Harjinder Singh Dilgeer (Dr.), ***The Sikh Reference book***, The Sikh educational trust, Canada, 1997.
- Jaspal Singh Mayell (Dr.), ***University of the Sikh Religion***, Mayell Publishers Stamford, Ct USA, 2006.
- K.Natwar Singh, ***The Magnificent Maharaja, (The Life and Times of Maharaja Bhupinder Singh of Patiala 1891-1938***), Rupa.Co, New Delhi, 2005.
- Kirpal Singh & Kharak Singh (Ed.), ***History of The Sikhs & Their Religion***, Vol. I, Shiromani Gurdwara Prabandhak Committee, Sri Amritsar, Feb 2004.
- Kirpal Singh, ***Life of Maharaja Ala Singh of Patiala And His Times***, Sikh History Research Department, Khalsa College, Amritsar, Dec 1954.
- Neeti Singh, ***BHAI JAITA'S SRI GUR KATHA***, Singh Brothers, Amritsar, August 2015.
- Nidar Singh Nihang & Parmjit Singh, ***In the Master's Presence The Sikhs of Hazoor Sahib***, Volume 1, Kashi House, London, 2008.
- Pashaura Singh and Louis E French (Ed.), ***The Oxford Handbook of Sikhs Studies***, Oxford University Press, 2014.
- Ramesh Chander Dogra & Gobind Singh Mansukhani (Dr.), ***Encyclopaedia of Sikh Religion and Culture***, VIkas Publishing house pvt.Ltd, 1995.

- S.J.S. 'Pall', ***The Beloved Forces of the Guru***, B. Chattar Singh Jiwan Singh, Amritsar, 2007.
- _______________, ***The Masters & The Word Divine***, B. Chattar Singh Jiwan Singh, Amritsar, Aug 1999.
- Teja Singh, ***The Gurdwara Reform And The Sikh Awakening***, Shiromani Gurdwara Parbandhak Committee, Amritsar, January 1984.
- W. Owen Cole and Piara Singh Sambhi, ***A Popular Dictionary of Sikhism***, Rupa.Co, 1990.


**ਕੋਸ਼**


- ਅਮਰਨਾਥ ਸ਼ਰਮਾ ਪੰਡਿਤ ਅਤੇ ਹਰਬਖਸ਼ ਸਿੰਘ (ਸੰਪਾ.), ***ਪੰਜਾਬੀ ਮੁਹਾਵਰਾ ਕੋਸ਼***, ਭਾਸ਼ਾ ਵਿਭਾਗ ਪੰਜਾਬ, ਦੂਜੀ ਵਾਰ, 2002.
- ਅਮਰਵੰਤ ਸਿੰਘ (ਡਾ.) (ਸੰਕਲਨਕਰਤਾ), ***ਅਰਬੀ ਫ਼ਾਰਸੀ ਵਿਚੋਂ ਉਤਪੰਨ ਪੰਜਾਬੀ ਸ਼ਬਦਾਵਲੀ (ਸਰੋਤ ਤੇ ਵਿਆਖਿਆ ਸਹਿਤ***), ਪੰਜਾਬੀ ਭਾਸ਼ਾ ਵਿਕਾਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ, 2016.
- ਇੰਦਰਮੋਹਨ ਸਿੰਘ (ਪ੍ਰੋ.)(ਸੰਪਾ.), ***ਪੰਜਾਬੀ ਯੂਨੀਵਰਸਿਟੀ ਪੰਜਾਬੀ-ਸੰਸਕ੍ਰਿਤੀ ਕੋਸ਼***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2017.
- ਹਰਦੇਵ ਬਾਹਰੀ (ਡਾ.), ***ਲਹਿੰਦੀ ਕੋਸ਼***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005.
- ਹਰਭਜਨ ਸਿੰਘ (ਡਾ.)(ਸੰਪਾ.), ***ਸ੍ਰੀ ਗੁਰੂ ਗ੍ਰੰਥ ਕੋਸ਼*** ਕ੍ਰਿਤ ਸ੍ਰੀ ਮਹਿਤ ਪੰਡਿਤ ਗਿਆਨੀ ਹਜ਼ਾਰਾ ਸਿੰਘ, ਦੂਜੀ ਜਿਲਦ, (ਪ੍ਰਕਾ.) ਡਾ. ਬਲਬੀਰ ਸਿੰਘ ਸਾਹਿਤ ਕੇਂਦਰ ਦੇਹਰਾਦੂਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦਸੰਬਰ 2008.

- ਕਾਨ੍ਹ ਸਿੰਘ ਨਾਭਾ (ਭਾਈ), ***ਗੁਰੁ ਸ਼ਬਦ ਰਤਨਾਕਰ ਮਹਾਨ ਕੋਸ਼***, ਭਾਸ਼ਾ ਵਿਭਾਗ, ਪੰਜਾਬ, ਛੇਵੀਂ ਵਾਰ, 1999.
- ਗੁਰਸ਼ਰਨ ਜੀਤ ਸਿੰਘ (ਡਾ.), ***ਗੁਰਮਤ ਨਿਰਣਯ ਕੋਸ਼***, ਗੁਰਨਿਧੀ ਪ੍ਰਕਾਸ਼ਨ, ਅੰਮ੍ਰਿਤਸਰ, ਦੂਜੀ ਐਡੀਸ਼ਨ, ਫਰਵਰੀ 2005.
- ____________, ***ਗੁਰਮਤ ਨਿਰਣਯ ਕੋਸ਼***, ਗੁਰਨਿਧੀ ਪ੍ਰਕਾਸ਼ਨ, ਅੰਮ੍ਰਿਤਸਰ, ਚੌਥੀ ਵਾਰ, ਮਈ 2018.
- ਗੁਰਚਰਨ ਸਿੰਘ (ਡਾ.) (ਸੰਪਾ.), ***ਸ੍ਰੀ ਗੁਰੂ ਗ੍ਰੰਥ ਕੋਸ਼***, ਜਿਲਦ ਦੂਜੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.
- ***ਪੰਜਾਬੀ ਕੋਸ਼***, ਜਿਲਦ ਤੀਜੀ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਮਾਰਚ 1967.
- ਪਿਆਰਾ ਸਿੰਘ ਪਦਮ, ***ਗੁਰਬਾਣੀ ਕੋਸ਼***, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਜਨਵਰੀ, 1960.
- ਪ੍ਰੇਮ ਪ੍ਰਕਾਸ਼ ਸਿੰਘ (ਡਾ.)(ਸੰਪਾ.), ***ਪੰਜਾਬੀ ਯੂਨੀਵਰਸਿਟੀ ਸੰਸਕ੍ਰਿਤ ਪੰਜਾਬੀ ਕੋਸ਼,*** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2001.
- ਬਲਵੰਤ ਸਿੰਘ ਕੋਠਾਗੁਰੂ (ਸੰਪਾ.), ***ਗ੍ਰੰਥ ਗੁਰ ਗਿਰਾਰਥ ਕੋਸ਼*** ਕ੍ਰਿਤ ਪੰਡਿਤ ਤਾਰਾ ਸਿੰਘ ਨਰੋਤਮ, ਸੁਕਦੇਵ ਕੁਟੀਆ, ਰਤਨ ਬਾਗ, ਕਨਖਲ (ਹਰਿਦੁਆਰ), ਦੂਸਰੀ ਵਾਰ, 2012.
- ਰਛਪਾਲ ਸਿੰਘ ਗਿੱਲ (ਸੰਪਾ.), ***ਪੰਜਾਬ ਕੋਸ਼***, ਜਿਲਦ ਦੂਜੀ, ਭਾਸ਼ਾ ਵਿਭਾਗ, ਪੰਜਾਬ, 2004.
- ਰਤਨ ਸਿੰਘ ਜੱਗੀ (ਡਾ.), ***ਸਿੱਖ ਪੰਥ ਵਿਸ਼ਵਕੋਸ਼,*** ਚਾਰ ਭਾਗ, ਗਰੇਸ਼ੀਅਸ ਬੁਕਸ, ਪਟਿਆਲਾ, 2014.
- ਰਾਜਿੰਦਰ ਸਿੰਘ ਲਾਂਬਾ (ਡਾ.)(ਸੰਪਾ.), ***ਪੰਜਾਬੀ ਯੂਨੀਵਰਸਿਟੀ ਫ਼ਾਰਸੀ-ਪੰਜਾਬੀ ਕੋਸ਼***, ਪੰਜਾਬੀ ਸਾਹਿਤ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ, 2016.
- ਵੀਰ ਸਿੰਘ (ਭਾਈ), ***ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼***, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਸਤਵੀਂ ਐਡੀਸ਼ਨ, ਅਪ੍ਰੈਲ, 2003.

## ਰਸਾਲੇ ਅਤੇ ਪੱਤ੍ਰਿਕਾਵਾਂ

**ਖੋਜ ਪਤ੍ਰਿਕਾ (ਪੰਜਾਬੀ ਯੂਨੀਵਰਸਿਟੀ, ਪਟਿਆਲਾ)**

(ਪ੍ਰਗਟਯੋ ਖ਼ਾਲਸਾ ਵਿਸ਼ੇਸ਼ ਅੰਕ) 1998; (ਮਹਾਰਾਜਾ ਰਣਜੀਤ ਸਿੰਘ ਸਮ੍ਰਿਤੀ ਅੰਕ) 2004; 2007.

**ਨਾਨਕ ਪ੍ਰਕਾਸ਼ ਪੱਤ੍ਰਿਕਾ (ਪੰਜਾਬੀ ਯੂਨੀਵਰਸਿਟੀ, ਪਟਿਆਲਾ)**

1995; (ਖਾਲਸਾ ਸਥਾਪਨਾ ਵਿਸ਼ੇਸ਼ ਅੰਕ) ਦਸੰਬਰ 1999; ਦਸੰਬਰ 2000; (ਧਰਮ ਸੰਪ੍ਰਦਾਇ ਵਿਸ਼ੇਸ਼ ਅੰਕ) ਦਸੰਬਰ 2005; (ਭਗਤ ਰਵਿਦਾਸ ਵਿਸ਼ੇਸ਼ ਅੰਕ) 2014; (ਗੋਲਡਨ ਜੁਬਲੀ ਵਿਸ਼ੇਸ਼ ਅੰਕ) 2015; 2016.

**ਗੁਰਮਤਿ ਪ੍ਰਕਾਸ਼ (ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ)**

ਅਕਤੂਬਰ 2009; ਨਵੰਬਰ 2011; ਅਪ੍ਰੈਲ 2015; ਅਕਤੂਬਰ 2017; ਜੁਲਾਈ 2018; ਅਪ੍ਰੈਲ 2003; ਫਰਵਰੀ 2000; ਅਗਸਤ 2001; ਜੁਲਾਈ 1985.

**ਨਿਹੰਗ ਸਿੰਘ ਸੰਦੇਸ਼ (ਗੁਰੂ ਕਾ ਬਾਗ, ਸ੍ਰੀ ਅਨੰਦਪੁਰ ਸਾਹਿਬ, ਰੋਪੜ)**

ਅਕਤੂਬਰ 1975; ਅਪ੍ਰੈਲ 1973; ਮਾਰਚ, 1974; ਨਵੰਬਰ 1972; ਸਤੰਬਰ 1972; ਅਕਤੂਬਰ 1974; ਮਈ 1973; ਅਪ੍ਰੈਲ 1975; ਅਪ੍ਰੈਲ 1974; ਅਕਤੂਬਰ, 1975; ਮਈ 1975; (ਦਿਵਾਲੀ ਅੰਕ) ਅਕਤੂਬਰ 1976; (ਮਾਘੀ ਅੰਕ) ਸਤੰਬਰ ਅਕਤੂਬਰ 1996; ਅਗਸਤ-ਸਤੰਬਰ 1975; ਫਰਵਰੀ 1997; ਜੁਲਾਈ 1999; ਨਵੰਬਰ 1998; ਅਪ੍ਰੈਲ-ਮਈ 1999; ਫਰਵਰੀ 1997; ਜੁਲਾਈ 1999; ਅਪ੍ਰੈਲ-ਮਈ 1997; ਨਵੰਬਰ 1975; ਮਾਰਚ 2004; ਅਕਤੂਬਰ 1975; ਨਵੰਬਰ 1996; ਅਪ੍ਰੈਲ-ਮਈ 1999; ਅਪ੍ਰੈਲ 1976; ਫਰਵਰੀ 1976; ਫਰਵਰੀ 1997; ਜੁਲਾਈ 1999; ਜਨਵਰੀ 2003; ਅਪ੍ਰੈਲ 1976; ਮਾਰਚ 2016; ਮਾਰਚ 2016; ਮਈ-ਜੂਨ 2014; ਜਨਵਰੀ-ਫਰਵਰੀ 1994; ਅਕਤੂਬਰ-ਨਵੰਬਰ, 1993; ਅਗਸਤ 1993; ਮਈ 1996; ਜਨਵਰੀ 1996; ਅਕਤੂਬਰ-ਨਵੰਬਰ 1993; ਅਪ੍ਰੈਲ 1993; ਜਨਵਰੀ 1996

**ਜਨ ਸਾਹਿਤ (ਭਾਸ਼ਾ ਵਿਭਾਗ, ਪੰਜਾਬ)**

(ਬਾਬਾ ਬੰਦਾ ਸਿੰਘ ਬਹਾਦਰ ਵਿਸ਼ੇਸ਼ ਅੰਕ) ਸਤੰਬਰ-ਅਕਤੂਬਰ 2011.

**ਗੁਰਮਤਿ ਰਹਿਣੀ (ਸ਼ੇਰਪੁਰ ਬਾਈਪਾਸ, ਲੁਧਿਆਣਾ)**

(ਰਹਿਤ ਅੰਕ) ਸਤੰਬਰ 1975.

**ਫਾਈਲਾਂ ਅਤੇ ਅਖਬਾਰ**

- ***The Nihangs***, File no. 110 (Typed), Dr. Ganda Singh Reference Library, Punjabi University, Patiala, Undated.
- ਸ਼ਮਸ਼ੇਰ ਸਿੰਘ ਅਸ਼ੋਕ, ***ਪੰਥ ਰਤਨ ਬਾਬੂ ਤੇਜਾ ਸਿੰਘ ਜੀ***, (ਟਾਈਪਡ ਖਰੜਾ), ਫਾਈਲ ਨੰ. 356, (ਡਾ. ਗੰਡਾ ਸਿੰਘ ਰੈਫਰੈਂਸ ਲਾਇਬ੍ਰੇਰੀ, ਪਟਿਆਲਾ)
- ਸਾਹਿਬ ਸਿੰਘ ਅਰਸ਼ੀ (ਡਾ.), ***ਅਠਾਰਵੀਂ ਸਦੀ ਦੇ ਸਿੱਖਾਂ ਦਾ ਇਤਿਹਾਸ***, (ਗੰਡਾ ਸਿੰਘ ਕੁਲੈਕਸ਼ਨ, ਗੰਡਾ ਸਿੰਘ ਰੈਫਰੈਂਸ ਲਾਇਬ੍ਰੇਰੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ), ਫਾਈਲ ਨੰ:9.
- ***ਸੌ ਸਾਖੀ ਖਰੜਾ***, (ਗੰਡਾ ਸਿੰਘ ਕੁਲੈਕਸ਼ਨ, ਡਾ. ਗੰਡਾ ਸਿੰਘ ਰੈਫਰੈਂਸ ਲਾਇਬ੍ਰੇਰੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ), ਫਾਈਲ ਨੰ. 214.
- ਕ੍ਰਿਪਾਲ ਸਿੰਘ ਲਿਖਾਰੀ, ਬੁੱਢਾ ਦਲ, ਲੇਖ- ***ਨਿਹੰਗ ਸਿੰਘ***, ਬਗੀਚੀ ਬੁੱਢਾ ਦਲ ਨਿਹੰਗ ਸਿੰਘਾਂ, ਪਟਿਆਲਾ, ਸਤੰਬਰ 1983, (ਗੰਡਾ ਸਿੰਘ ਰੈਫਰੈਂਸ ਲਾਇਬ੍ਰੇਰੀ, ਪਟਿਆਲਾ), File No. (GS). 677.
- ***ਜੰਗਨਾਮਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ***, ਕੰਵਲ ਬੁਕ ਡੀਪੋ, ਚੌਂਕ ਘੰਟਾ ਘਰ, ਅੰਮ੍ਰਿਤਸਰ, ਮਿਤੀਹੀਨ, (GS\Pamph, Q-: 22J, 153 Jo)

**ਅਖਬਾਰ**

- ***ਜਗਬਾਣੀ,*** ਲੁਧਿਆਣਾ, ਸੋਮਵਾਰ, 18 ਮਾਰਚ 2019

- ***ਜਗਬਾਣੀ***, ਜਲੰਧਰ, ਸਮੋਵਾਰ, 17 ਦਸੰਬਰ 2018.
- ***ਰੋਜ਼ਾਨਾ 'ਪ੍ਰਕਾਸ਼'***, ਜਿਲਦ ੬, ਪਟਿਆਲਾ, ਸੋਮਵਾਰ, 19 ਅਕਤੂਬਰ 1953.

**ਇੰਟਰਵਿਊਜ਼:**

- ਸੰਤ ਗਿਆਨੀ ਇੰਦਰਜੀਤ ਸਿੰਘ ਜੀ ਰਕਬੇ ਵਾਲੇ ਪਾਸੋਂ ਨਿਰਮਲ ਬੁੰਗਾ ਚੇਤਨ ਬਿਲਾਸ ਹਰੀ, ਸਹੌੜਾ ਪਿੰਡ, ਮੋਹਾਲੀ ਵਿਖੇ ਮਿਤੀ 11 ਫਰਵਰੀ 2019 ਨੂੰ ਵੀਡਿਉ ਰਿਕਾਰਡਿੰਗ ਰਾਹੀਂ ਇੰਟਰਵਿਊ ਕੀਤੀ ਗਈ।
- ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਪ੍ਰਚਾਰਕ ਗਿਆਨੀ ਗੁਰਵਿੰਦਰ ਸਿੰਘ ਨੰਗਲੀ ਦੀ ਅੰਮ੍ਰਿਤਸਰ ਵਿਖੇ 23 ਜਨਵਰੀ 2020 ਨੂੰ ਵੀਡਿਉ ਰਿਕਾਰਡਿੰਗ ਰਾਹੀਂ ਇੰਟਰਵਿਊ ਕੀਤੀ ਗਈ।
- ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 'ਮੁਖਤਿਆਰੇ ਆਮ' ਬਾਬਾ ਦਿਆਲ ਸਿੰਘ ਜੀ ਦੀ, ਸ੍ਰੀ ਨਿਰਮਲ ਪੰਚਾਇਤੀ ਅਖਾੜਾ ਡੇਰਾ ਧਰਮਧੱਜਾ, ਪਟਿਆਲਾ ਵਿਖੇ ਮਿਤੀ 9 ਮਾਰਚ 2019 ਨੂੰ ਵੀਡਿਉ ਰਿਕਾਰਡਿੰਗ ਰਾਹੀਂ ਇੰਟਰਵਿਊ ਕੀਤੀ ਗਈ।
- ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਹੈੱਡ ਗ੍ਰੰਥੀ ਬਾਬਾ ਮੱਘਰ ਸਿੰਘ ਅਤੇ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਹੈੱਡ ਗ੍ਰੰਥੀ ਮਹੰਤ ਤ੍ਰਿਲੋਚਨ ਸਿੰਘ ਜੀ ਦੀ ਬੁੱਢਾ ਦਲ ਦੀ ਛਾਉਣੀ 'ਗੁ: ਸ਼ਹੀਦ ਬਾਬਾ ਮਿੱਤ ਸਿੰਘ ਜੀ ਅਤੇ ਛੇ ਹਜ਼ਾਰ ਨਿਹੰਗ ਸਿੰਘਾਂ' ਸ਼ੰਭੂ, ਪਟਿਆਲਾ ਵਿਖੇ ਮਿਤੀ 19 ਅਤੇ 20 ਮਈ 2018 ਨੂੰ ਵੀਡਿਉ ਰਿਕਾਰਡਿੰਗ ਰਾਹੀਂ ਇੰਟਰਵਿਊ ਕੀਤੀ ਗਈ।
- ਤਖ਼ਤ ਸ੍ਰੀ ਅਬਿਚਲ ਨਗਰ ਹਜ਼ੂਰ ਸਾਹਿਬ, ਨਾਂਦੇੜ ਬੋਰਡ ਦੇ ਮੈਂਬਰ ਅਤੇ ਝਟਕਈ ਰਜਿੰਦਰ ਸਿੰਘ ਪੁਜਾਰੀ ਜੀ ਦੀ ਤਖ਼ਤ ਸ੍ਰੀ ਅਬਿਚਲ ਨਗਰ ਹਜ਼ੂਰ ਸਾਹਿਬ, ਨਾਂਦੇੜ ਕੰਪਲੈਕਸ ਵਿਖੇ, ਦੁਸਿਹਰੇ ਮੌਕੇ 30 ਸਤੰਬਰ 2017 ਨੂੰ ਵੀਡਿਉ ਰਿਕਾਰਡਿੰਗ ਰਾਹੀਂ ਇੰਟਰਵਿਊ ਵਿਚ ਇਕੱਤਰ ਕੀਤੀ ਗਈ।

# ਅਧਿਆਇ ਪਹਿਲਾ

## ਨਿਹੰਗ : ਅਰਥ, ਪਰਿਭਾਸ਼ਾ ਅਤੇ ਸਰੂਪ

# ਅਧਿਆਇ ਦੂਜਾ

# ਨਿਹੰਗ ਸਿੰਘ ਜਥੇਬੰਦੀ: ਆਰੰਭ ਅਤੇ ਇਤਿਹਾਸ

# ਅਧਿਆਇ ਤੀਜਾ

# ਨਿਹੰਗ ਸਿੰਘ ਜਥੇਬੰਦੀ: ਸਿਧਾਂਤ ਅਤੇ ਅਮਲ

# ਅਧਿਆਇ ਚੌਥਾ

# ਨਿਹੰਗ ਸਿੰਘਾਂ ਦੇ ਬੋਲੇ ਅਤੇ ਸ਼ਸਤਰ ਵਿੱਦਿਆ

# ਅਧਿਆਇ ਪੰਜਵਾਂ

# ਨਿਹੰਗ ਸਿੰਘ ਜਥੇਬੰਦੀ: ਯੋਗਦਾਨ ਅਤੇ ਵਰਤਮਾਨ

# ਸਾਰ ਅਤੇ ਸਥਾਪਨਾਵਾਂ

# ਅੰਤਿਕਾਵਾਂ

# ਪੁਸਤਕ ਸੂਚੀ